# ਪੰਜਾਬੀ ਲਿਖਾਰੀ ਕੋਸ਼

ਸੰਪਾਦਕ
ਜੋਗਿੰਦਰ ਸਿੰਘ ਰਮਦੇਵ

ਨਿਊ ਬੁੱਕ ਕੰਪਨੀ
ਜਲੰਧਰ

**ਮੀਤ ਸੰਪਾਦਕ**

ਹਰਚਰਨ ਸਿੰਘ ਨਿਰਮਾਣ

**ਛਾਪਕ**

ਮਹਿੰਦਰਜੀਤ ਸਿੰਘ
ਹਮਦਰਦ ਕੋਆਪ੍ਰੇਟਿਵ ਪ੍ਰੈਸ, ਜਲੰਧਰ
(ਪੰਨਾ ੫--੧੨, ੭੩ ਤੋਂ ਅੰਤ ਤਕ) ਅਤੇ

ਵਿਜੇ ਕੁਮਾਰ
ਹਿੰਦੀ ਪ੍ਰੈਸ,
ਪੱਕਾ ਬਾਗ਼, ਜਲੰਧਰ
(ਪੰਨਾ ੧੩—੭੨)

**ਪ੍ਰਕਾਸ਼ਕ**

ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ ਜਲੰਧਰ

**ਕੀਮਤ**

੨੫ ਰੁਪਏ

**ਐਡੀਸ਼ਨ**

ਪਹਿਲੀ—ਦਸੰਬਰ, ੧੯੬੪

# ੯੯੪ ਤੋਂ ੧੯੯੪ ਈਸਵੀ ਤਕ ਦੇ
# ਪੰਜਾਬੀ ਸਾਹਿਤਕਾਰਾਂ
# ਦੀਆਂ ਜੀਵਨੀਆਂ ਤੇ ਰਚਨਾਵਾਂ
# ਦਾ ਅਧਿਅਨ

# ਸਮਰਪਨ


ਸ੍ਰੀ ਐਮ. ਐਸ. ਰੰਧਾਵਾ

ਨੂੰ

ਜਿਨ੍ਹਾਂ ਦੀ ਸ਼ਖਸੀਅਤ

ਪੰਜਾਬੀ ਕਲਚਰ

ਦੀ ਪਰੀਭਾਸ਼ਾ ਹੈ



ਸ੍ਰੀ ਐਮ. ਐਸ. ਰੰਧਾਵਾ

# ਮੁਖ ਬੰਧ

''ਪੰਜਾਬੀ ਲਿਖਾਰੀ ਕੋਸ਼'' ਨੂੰ ਤਿਆਰ ਕਰਕੇ ਸ: ਜੋਗਿੰਦਰ ਸਿੰਘ ਰਮਦੇਵ ਨੇ ਪਜਾਬੀ ਸਾਹਿਤ ਦੇ ਖੇਤਰ ਵਿਚ ਇਕ ਸ਼ਲਾਘਾ-ਯੋਗ ਉਦਮ ਕੀਤਾ ਹੈ। ਇਸ ਪਹਿਲ ਲਈ ਉਹ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਦੀ ਇਸ ਰਚਨਾ ਰਾਹੀਂ ਪੰਜਾਬੀ ਦੇ ਹਰ ਪ੍ਰਕਾਰ ਦੇ ਲਿਖਾਰੀਆਂ ਅਤੇ ਉਨ੍ਹਾਂ ਦੀਆਂ ਲਿਖਤਾਂ ਬਾਰੇ ਸੰਖੇਪ ਜਿਹਾ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਬੋਲੀ ਅਤੇ ਸਾਹਿਤ ਦੇ ਵਾਧੇ ਨਾਲ ਇਹੋ ਜਿਹੇ ਕੋਸ਼ਾਂ ਦੀ ਲੋੜ ਅਨੁਭਵ ਕੀਤੀ ਜਾਂਦੀ ਹੈ ਅਤੇ ਸ: ਰਮਦੇਵ ਨੇ ਇਸ ਕਾਰਜ ਰਾਹੀਂ ਪੰਜਾਬੀ ਦੀ ਇਸ ਲੋੜ ਨੂੰ ਪੂਰਿਆਂ ਕਰਨ ਦਾ ਸਫਲਤਾ ਪੂਰਵਕ ਜਤਨ ਕੀਤਾ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਉਨ੍ਹਾਂ ਨੂੰ ਕਈ ਸਾਲ ਮਿਹਨਤ ਕਰਨੀ ਪਈ ਹੈ। ਭਾਸ਼ਾ ਵਿਭਾਗ, ਪੰਜਾਬ ਨੇ ਇਸ ਕੰਮ ਦੀ ਛਪਵਾਈ ਲਈ ਮਾਲੀ ਸਹਾਇਤਾ ਦੇ ਕੇ ਲਿਖਾਰੀ ਨੂੰ ਬਹੁਤ ਉਤਸ਼ਾਹ ਦਿਤਾ ਹੈ। ਸਾਨੂੰ ਆਸ ਹੈ ਜੋ ਇਸ ਕੰਮੋਂ ਵਿਹਲੇ ਹੋ ਕੇ ਸ: ਰਮਦੇਵ ਪੰਜਾਬੀ ਦੇ ਹੋਰ ਇਹੋ ਜਿਹੇ ਕਈ ਕੋਸ਼ ਜਾਂ ਤਾਂ ਆਪ ਤਿਆਰ ਕਰਨਗੇ ਜਾਂ ਹੋਰ ਸਜਣਾਂ ਨੂੰ ਉਤਸ਼ਾਹ ਦੇ ਕੇ ਕਰਵਾਉਣਗੇ।

ਸ: ਜੋਗਿੰਦਰ ਸਿੰਘ ਰਮਦੇਵ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੁਸਤਕਾਲੇ ਦੇ ਅਸਿਸਟੈਂਟ ਲਾਇਬਰੇਰੀਅਨ ਹਨ। ਉਹ ਲਾਇਬਰੇਰੀ ਦੇ ਡਿਪਲੋਮਾ ਕੋਰਸ ਦੇ ਅਧਿਆਪਕ ਵੀ ਹਨ। ਨਾਲ ਹੀ ਪੰਜਾਬੀ ਤੇ ਉਰਦੂ ਦੇ ਐਮ. ਏ. ਵੀ ਹਨ। ਇਨ੍ਹਾਂ ਸਭ ਗੁਣਾਂ ਦੇ ਹੁੰਦਿਆਂ ਉਹ ਲਿਖਾਰੀ ਕੋਸ਼, ਪੁਸਤਕ-ਕੋਸ਼ ਅਤੇ ਵਿਸ਼ੇਸ਼ ਸੂਚੀਆਂ ਤਿਆਰ ਕਰਨ ਅਤੇ ਕਰਵਾਉਣ ਲਈ ਇਕ ਯੋਗ ਸੱਜਣ ਹਨ। ਇਸ ਹੱਥ ਵਿਚਲੀ ਪੁਸਤਕ ਵਿਚ ਉਨ੍ਹਾਂ ਨੇ ਕੋਸ਼ਕਾਰੀ ਦੀ ਤਕਨੀਕ ਅਨੁਸਾਰ ਕਰਮਵਾਰ ਲਿਖਾਰੀ ਦਾ ਨਾਂ ਦੇ ਕੇ, ਉਸਦੇ ਜਨਮ ਜਾਂ ਜਨਮ-ਮਰਨ ਦੀਆਂ ਤਾਰੀਖ਼ਾਂ ਦਿਤੀਆਂ ਹਨ—ਫਿਰ ਸੰਖੇਪ ਜਿਹੇ ਜੀਵਨ ਹਾਲਾਤ ਦੇ ਕੇ ਰਚਨਾਵਾਂ ਦਾ ਵੇਰਵਾ ਦਿਤਾ ਹੈ। ਇਹ ਕਾਰਜ ਪਥ-ਦਰਸਾਊ ਹੈ। ਕਈ ਨੌਜਵਾਨਾਂ ਨੂੰ ਇਸ ਕਾਰਜ ਤੋਂ ਢੇਰ ਉਤਸ਼ਾਹ ਮਿਲੇਗਾ।

ਆਸ ਹੈ ਕਿ ਪੰਜਾਬੀ ਬੋਲੀ ਅਤੇ ਸਾਹਿੱਤ ਦੇ ਪ੍ਰੇਮੀ ਇਸ ਰਚਨਾ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

ਸੁਰਿੰਦਰ ਸਿੰਘ ਕੋਹਲੀ (ਪ੍ਰੋਫ਼ੈਸਰ)
ਮੁਖੀ, ਪੰਜਾਬੀ ਵਿਭਾਗ,

ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ
੪--੧੦--੧੯੬੪

# ਸੰਪਾਦਕ ਵਲੋਂ

ਇਹ ਪੁਸਤਕ ਪੰਜਾਬੀ ਸਾਹਿਤ ਦੇ ਖੇਤਰ ਵਿਚ ਆਪਣੇ ਕਿਸਮ ਦਾ ਪਹਿਲਾ ਯਤਨ ਹੈ, ਇਸੇ ਕਰਕੇ ਇਸਦੀ ਪੂਰਨਤਾ ਬਾਰੇ ਸੋਚਣ ਵੇਲੇ ਅਸ਼ਾਂਤ ਹੋਣਾ ਪੈਂਦਾ ਹੈ।

ਪਿਛਲੇ ਹਜ਼ਾਰ ਸਾਲ (੯੬੪--੧੯੬੪) ਦੇ ਪੰਜਾਬੀ ਸਾਹਿਤ ਦਾ ਇਤਿਹਾਸ ਇਸ ਪੁਸਤਕ ਵਿਚ ਲੇਖਕਾਂ ਦੇ ਨਾਵਾਂ ਦੀ ਅੱਖਰਬੰਦੀ ਵਿਚ ਤਰਤੀਬਿਆ ਗਿਆ ਹੈ ਅਤੇ ਹਰ ਲੇਖਕ ਦੀ ਜੀਵਨੀ ਅਤੇ ਰਚਨਾ ਸਬੰਧੀ ਸੰਖੇਪ ਜਾਣਕਾਰੀ ਦਿਤੀ ਗਈ ਹੈ। ਪਰ ਬਹੁਤ ਸਾਰੇ ਸੰਕੇਤ ਅਜਿਹੇ ਵੀ ਮਿਲਣਗੇ ਜਿਨ੍ਹਾਂ ਵਿਚਲੀ ਜਾਣਕਾਰੀ ਅਪੂਰਨ ਹੋਵੇਗੀ। ਅਸਲ ਵਿਚ ਕਰਤਾ ਕੋਲ ਕੋਈ ਵੀ ਸੋਮਾ ਅਜਿਹਾ ਨਹੀਂ ਸੀ ਜਿਥੋਂ ਕਿ ਇਨ੍ਹਾਂ ਬਾਰੇ ਹੋਰ ਸੂਚਨਾ ਮਿਲ ਸਕਦੀ । ਤਕਰੀਬਨ ੮੦ ਫੀਸਦੀ ਜੀਉਂਦੇ ਪੰਜਾਬੀ ਲੇਖਕਾਂ ਨੇ ਕਰਤਾ ਦੀ ਬੇਨਤੀ ਉਤੇ ਆਪਣੀ ਜੀਵਨੀ ਤੇ ਰਚਨਾ ਦੇ ਵਿਸਤਾਰ ਭੇਜ ਦਿਤੇ, ਪਰ ੨੦ ਫੀਸਦੀ ਲੇਖਕਾਂ ਨੇ ਸਹਿਯੋਗ ਦੇਣ ਵਿਚ ਅਸਮਰਥਾ ਵਿਖਾਈ, ਸੋ ਕੁਦਰਤੀ ਤੌਰ ਉਤੇ ਇਹ ਘੱਟ ਗਿਣਤੀ ਇਸ ਪੁਸਤਕ ਵਿਚ ਪੂਰੀ ਪ੍ਰਤੀਨਿਧਤਾ ਨਹੀਂ ਪ੍ਰਾਪਤ ਕਰ ਸਕੀ ਇਸ ਵਿਚ ਸੰਪਾਦਕ ਨਿਰਦੋਸ਼ ਹੈ। ਉਹ ਇਸ ਪੁਸਤਕ ਦੀ ਅਪੂਰਨਤਾ ਬਾਰੇ ਲਾਜ਼ਾਰ ਤੌਰ ਉਤੇ ਜਾਗ੍ਰਤ ਹੈ। ਅਗਲੀ ਐਡੀਸ਼ਨ ਹੀ ਇਹ ਪੱਖ ਕਜ ਸਕਦੀ ਹੈ।

ਸਾਧਾਰਨ ਪਤਰਕਾਰਾਂ, ਪੁੰਗਰਦੇ ਲੇਖਕਾਂ, ਸੂਚਨਾਕਾਰਾਂ ਅਤੇ ਤਕਨੀਕੀ ਲੇਖਕਾਂ ਨੂੰ ਵੀ ਇਸ ਪੁਸਤਕ ਵਿਚ ਥਾਂ ਦਿਤੀ ਗਈ ਹੈ ਤਾਂ ਕਿ ਬੋਲੀ ਦੇ ਪਖੋਂ, ਇਹ ਪੁਸਤਕ ਵਿਸ਼ਾਲ ਪੰਜਾਬੀ ਲੇਖਣ ਨੂੰ ਸੰਕੇਤ-ਵਲਗਣ ਵਿਚ ਲਿਆ ਸਕੇ।

ਭਾਸ਼ਾ ਵਿਭਾਗ, ਪੰਜਾਬ ਨੇ ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਯੋਗ ਮਾਇਕ ਸਹਾਇਤਾ ਦੇ ਕੇ ਸੰਪਾਦਕ ਸਿਰ ਵਡਾ ਅਹਿਸਾਨ ਕੀਤਾ ਹੈ।

ਇਹ ਪੁਸਤਕ ਇਹ ਰੂਪ ਨਾ ਧਾਰਨ ਕਰ ਸਕਦੀ ਜੇ ਪੰਜਾਬ ਯੂਨੀਵਰਸਿਟੀ ਲਾਇਬਰੇਰੀ, ਚੰਡੀਗੜ੍ਹ ਦੇ ਵਿਦਵਾਨ ਲਾਇਬਰੇਰੀਅਨ ਡਾਕਟਰ ਜਗਦੀਸ਼ ਸਰਨ ਸ਼ਰਮਾ ਤੋਂ ਰਚਨਾ ਦੀ ਮੂਲ ਪਰੇਰਨਾ ਨਾ ਮਿਲਦੀ। ਕਰਤਾ ਉਨ੍ਹਾਂ ਦਾ ਅਤੀ ਧੰਨਵਾਦੀ ਹੈ।

ਕਰਤਾ ਸ੍ਰੀ ਐਮ. ਐਸ. ਰੰਧਾਵਾ ਦਾ ਧੰਨਵਾਦ ਭਰਿਆ ਵਰਨਣ ਕਰਨਾ ਜ਼ਰੂਰੀ ਸਮਝਦਾ ਹੈ ਕਿਉਂ ਕਿ ਆਪਨੇ ਪੁਸਤਕ ਦਾ ਸਮਰਪਨ ਕਬੂਲ ਕੀਤਾ ਹੈ।

ਡਾਕਟਰ ਸੁਰਿੰਦਰ ਸਿੰਘ ਕੋਹਲੀ ਦਾ ਮੁਖ ਬੰਧ ਵੀ ਕਰਤਾ ਨੂੰ ਧੰਨਵਾਦ ਥਲੇ ਲਿਆਉਂਦਾ ਹੈ।

ਕਰਤਾ ਆਪਣੀ ਛੋਟੀ ਭੈਣ ਜਸਬੀਰ ਕੌਰ, ਬਲਜੀਤ ਸਿੰਘ ਬੱਲੀ, ਸ: ਰਣਧੀਰ ਸਿੰਘ, ਪ੍ਰੋ: ਸ. ਸ. ਅਮੋਲ, ਪ੍ਰੋ: ਭਰਪੂਰ ਸਿੰਘ, ਪ੍ਰੋ: ਕਰਤਾਰ ਸਿੰਘ ਸੂਰੀ, ਸ਼੍ਰੀ ਮਦਨ ਜਸਪਾਲ ਆਦਿ ਦਾ ਵੀ ਧੰਨਵਾਦੀ ਹੈ ਜਿਨ੍ਹਾਂ ਵਖੋ ਵਖ ਪੱਖਾਂ ਤੋਂ ਇਸ ਪੁਸਤਕ ਦੀ ਸਾਜਨਾ ਵਿਚ ਹਿੱਸਾ ਪਾਇਆ ਹੈ।

ਸੰਪਾਦਕ ਸ: ਹਰਚਰਨ ਸਿੰਘ ਨਿਰਮਾਣ ਦਾ ਵਿਸ਼ੇਸ਼ ਧੰਨਵਾਦੀ ਹੈ ਜਿਨ੍ਹਾਂ ਦਾ ਸਹਿਯੋਗ ਕਰਤਾ ਲਈ ਅਤਿਅੰਤ ਕੀਮਤੀ ਰਿਹਾ ਹੈ।

ਪੰਜਾਬ ਯੂਨੀਵਰਸਿਟੀ ਲਾਇਬਰੇਰੀ ਚੰਡੀਗੜ੍ਹ
੧੦ ਸਤੰਬਰ, ੧੯੬੪

ਜੋਗਿੰਦਰ ਸਿੰਘ ਰਮਦੇਵ
ਅਸਿਸਟੈਂਟ ਲਾਇਬਰੇਰੀਅਨ

# ਇਸ ਪੁਸਤਕ ਨੂੰ ਵਰਤਣ ਦਾ ਢੰਗ

ਇਸ ਪੁਸਤਕ ਨੂੰ ਪੰਜਾਬੀ ਅੱਖਰ-ਕਰਮ ਅਨੁਸਾਰ ਤਰਤੀਬਿਆ ਗਿਆ ਹੈ । ਇਸ ਤਰਤੀਬ ਨੂੰ ਵਰਤਣਾ ਅੰਗਰੇਜ਼ੀ ਅੱਖਰਬੰਦੀ (alphabeticalisation) ਵਾਂਗ ਹੀ ਆਸਾਨ ਹੈ, ਕਿਉਂਕਿ ਲਗਾਂ ਮਾਤਰਾਂ ਨੂੰ ਬਿਲਕੁਲ ਵਿਸਾਰਿਆ ਗਿਆ ਹੈ ਅਤੇ ਸਿਰਫ ਅੱਖਰਾਂ ਨੂੰ ਹੀ ਮੁਖ ਰਖਿਆ ਗਿਆ ਹੈ । ਪਾਠਕ ''ਚਰਨ ਸਿੰਘ ਸ਼ਹੀਦ'' ਦੀ ਭਾਲ ਕਰਨ ਲਈ ''ਚਰਨ ਸਘ ਸ਼ਹਦ'' ਦੇ ਅੱਖਰ ਹੀ ਧਿਆਨ ਵਿਚ ਰਖਣ, ਅਰਥਾਤ ਲਗਾਂ ਮਾਤਰਾਂ ਦਾ ਖ਼ਿਆਲ ਨਾ ਕਰਨ ।

ਇਸ ਪੁਸਤਕ ਵਿਚ ''ਆਪ'' ਅਤੇ ''ਉਹ'' ਪੜਨਾਵਾਂ ਦੇ ਉਚੇਚੇ ਅਰਥ ਹਨ, ''ਆਪ'' ਤੋਂ ਭਾਵ ਉਸ ਲੇਖਕ ਤੋਂ ਹੈ, ਜਿਸ ਬਾਰੇ ਕਿ ਕੋਈ ਵਿਸ਼ੇਸ਼ ਸੰਕੇਤ ਦਿਤਾ ਗਿਆ ਹੈ । ਗੁਰੂ ਗੋਬਿੰਦ ਸਿੰਘ ਵਾਲੇ ਸੰਕੇਤ ਵਿਚ ''ਆਪ'' ਦਾ ਸਬੰਧ ਗੁਰੂ ਗੋਬਿੰਦਸਿੰਘ ਨਾਲ ਹੀ ਹੋਵੇਗਾ । ਇਸੇ ਸੰਕੇਤ ਵਿਚ ''ਉਹ'' ਪੜਨਾਂਵ ਦੀ ਵਰਤੋਂ ਨਹੀਂ ਕੀਤੀ ਗਈ ਹੋਵੇਗੀ ਅਤੇ ਇਸੇ ਤਰ੍ਹਾਂ ਹੀ ਸਾਰੇ ਸੰਕੇਤਾਂ ਵਿਚ ਹੈ ।

''ਸ: ਕਰਤਾਰ ਸਿੰਘ ਦੁੱਗਲ'' ਨੂੰ ਲਭਣ ਲਈ ''ਦੁੱਗਲ, ਕਰਤਾਰ ਸਿੰਘ'' ਦਾ ਸੰਕੇਤ ਵੇਖਣਾ ਚਾਹੀਦਾ ਹੈ, ਕਿਉਂ ਕਿ ਇਸ ਪੁਸਤਕ ਦੀ ਤਰਤੀਬ ਵਿਚ ਲੇਖਕਾਂ ਦੀਆਂ ਜ਼ਾਤਾਂ ਨੂੰ ਨਾਂ ਤੋਂ ਪਹਿਲਾਂ ਦਿਤਾ ਗਿਆ ਹੈ । ਪਰ ਲਾਲ ਸਿੰਘ ਕਮਲਾ ਅਕਾਲੀ ਲਭਣ ਲਈ ''ਕਮਲਾ ਅਕਾਲੀ, ਲਾਲ ਸਿੰਘ'' ਵਲ ਜਾਣ ਦੀ ਕੋਈ ਲੋੜ ਨਹੀਂ ਕਿਉਂਕਿ ''ਕਮਲਾ ਅਕਾਲੀ'' ਤਖੱਲਸ ਹੈ, ਜ਼ਾਤ ਨਹੀਂ । ਤਖੱਲਸ ਦੀ ਹਾਲਤ ਵਿਚ ਅਸਲੀ ਨਾਂ ਪਹਿਲਾਂ ਤੇ ਤਖੱਲਸ ਪਿਛੋਂ ਦਿਤਾ ਗਿਆ ਹੈ ।

ਪਰ ਫਰਜ਼ ਕਰੋ, ਪਾਠਕ ਨੂੰ ''ਸੰਤ ਸਿੰਘ ਸੇਖੋਂ'' ਦਾ ਪੂਰਾ ਨਾਂ ਭੁੱਲ ਜਾਂਦਾ ਹੈ ਅਤੇ ਸਿਰਫ ''ਸੇਖੋਂ'' ਦਾ ਸੰਕੇਤ ਹੀ ਯਾਦ ਰਹਿੰਦਾ ਹੈ । ਇਸ ਹਾਲਤ ਵਿਚ ''ਸੇਖੋਂ'' ਸ਼ਬਦ ਵੀ ਠੀਕ ਥਾਂ ਉਤੇ ਪਹੁੰਚਾ ਦੇਵੇਗਾ । ਮਸ਼ਹੂਰ ਤਖੱਲਸ ਨੂੰ ਵੀ ਇਸੇ ਪਰਕਾਰ ਵਖਰੇ ਸੰਕੇਤਾਂ ਦੇ ਤੌਰ ਉਤੇ ਦਿਤਾ ਗਿਆ ਹੈ । ਨਰਿੰਜਨ ਸਿੰਘ ਨਾਕਿਸ ਦੀ ਹਾਲਤ ਵਿਚ ਜੇ ਸਿਰਫ ''ਨਾਕਿਸ'' ਸ਼ਬਦ ਹੀ ਯਾਦ ਹੈ; ਤਾਂ ਇਸ ਲੇਖਕ ਨੂੰ ਝੱਟ ਪੱਟ ਲਭਣਾ ਔਖਾ ਨਹੀਂ ਕਿਉਂਕਿ ਬਹੁਤ ਸਾਰੇ ਲੇਖਕਾਂ ਦੇ ਇਕ ਤੋਂ ਵਧ ਸੰਕੇਤ ਉਨ੍ਹਾਂ ਦੇ ਅਸਲੀ ਨਾਂ, ਜ਼ਾਤ ਜਾਂ ਤਖੱਲਸ ਦੇ ਵਖੋ ਵਖ ਆਧਾਰਾਂ ਉਤੇ ਵੀ ਦਿਤੇ ਗਏ ਹਨ ।

ਜਿਨ੍ਹਾਂ ਲੇਖਕਾਂ ਸਬੰਧੀ ਜ਼ਰੂਰੀ ਜਾਣਕਾਰੀ ਪਹਿਲਾਂ ਨਹੀਂ ਮਿਲ ਸਕੀ, ਉਨ੍ਹਾਂ ਨੂੰ ਅੰਤਿਕਾ ਵਿਚ ਥਾਂ ਦਿਤੀ ਗਈ ਹੈ । ਇਸ ਲਈ ਮੁਖ-ਭਾਗ ਵਿਚੋਂ ਨਾ ਲਭਿਆ ਜਾ ਸਕਣ ਵਾਲਾ ਲੇਖਕ ਸੰਭਾਵਨਾ-ਵੱਸ ਅੰਤਿਕਾ ਵਿਚ ਵੀ ਹੋ ਸਕਦਾ ਹੈ ।

ਜੇ ਕੋਈ ਪਾਠਕ ਕਿਸੇ ਵਿਚਾਰਧਾਰਾ ਜਾਂ ਰੂਪ ਦੇ ਪੱਖੋਂ ਪੰਜਾਬੀ ਸਾਹਿਤ ਦਾ ਕੋਈ ਖਾਸ ਵਿਸ਼ੇ ਅਧਿਅਨ ਥਲੇ ਲਿਆਉਣਾ ਚਾਹੁੰਦਾ ਹੋਵੇ ਤਾਂ ਉਹ ਪਹਿਲਾਂ ਆਪਣੇ ਵਿਸ਼ੇ ਦੇ ਲੇਖਕਾਂ ਦੀ ਇਕ ਸੂਚੀ ਬਣਾ ਲਵੇ ਅਤੇ ਉਨ੍ਹਾਂ ਦੇ ਸੰਕੇਤ ਇਸ ਪੁਸਤਕ ਵਿਚੋਂ ਪੜ੍ਹ ਲਵੇ । ਪੰਜਾਬੀ ਕਹਾਣੀ ਸਬੰਧੀ ਜਾਣਨ ਲਈ ਗੁਰਬਖਸ਼ ਸਿੰਘ; ਸੇਖੋਂ, ਸੰਤ ਸਿੰਘ; ਵਿਰਕ, ਕੁਲਵੰਤ ਸਿੰਘ; ਸੁਜਾਨ ਸਿੰਘ ਆਦਿਕ ਸੰਕੇਤ ਲਭ ਲਏ ਜਾਣ ।

ਗਲ ਕੀ, ਇਸ ਪੁਸਤਕ ਵਿਚੋਂ ਸੰਕੇਤ ਲਭਣ ਦਾ ਇਕੋ ਇਕ ਆਧਾਰ ਲੇਖਕ ਦਾ ਨਾਂ ਹੈ ।

ਸੰਪਾਦਕ

# ਅੱਖਰ-ਕਰਮ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |

# ੳ

**ਉਜਾਗਰ ਸਿੰਘ** (੮ ਮਈ, ੧੯੨੨—ਜੀਵਤ)

ਆਪ ਦਾ ਜਨਮ ਪੀਵੋਈ (ਬਰਮਾ) ਵਿਚ ਮਿਲਟਰੀ ਪੁਲਸ ਕਰਮਚਾਰੀ ਸ: ਪਰਤ·ਪ ਸਿੰਘ ਦੇ ਘਰ ਹੋਇਆ। ਆਪ ਦਾ ਜੱਦੀ ਪਿੰਡ ਰਾਮਗੜ੍ਹ, ਜ਼ਿਲਾ ਸੰਗਰੂਰ ਹੈ। ਆਪ ਦੀ ਵਿਦਿਆ ਵਿਚ ਪੰਜਾਬੀ, ਫਾਰਸੀ ਦੀ ਐਮ. ਏ., ਅਤੇ ਗਿਆਨੀ ਦੀਆਂ ਯੋਗਤਾਵਾਂ ਸ਼ਾਮਲ ਹਨ। ਅਜ ਕਲ ਆਪ ਗੌਰਮਿੰਟ ਕ·ਲਜ ਲੁਧਿਆਣਾ ਵਿਚ ਪੰਜਾਬੀ ਐਮ. ਏ. ਦੀ ਪੜ੍ਹਾਈ ਕਰਾਉਂਦੇ ਹਨ।

ਆਪ ਦੀ ਰਚਨਾ ਦਾ ਵੇਰਵਾ ਇਸ ਪਰਕਾਰ ਹੈ :

**ਸੰਪਾਦਨਾ** : (੧) ਹੀਰ ਮੁਕਬਲ, (੨) ਮਹਿਕਾਂ ਭਰੀ ਸਵੇਰ; (੩) ਸਸੀ ਪੁੰਨੂੰ ਅਹਿਮਦ ਯਾਰ; (੪) ਅੰਤਿਮ ਲਹਿਰਾਂ; (੫) ਸੋਹਰਫੀ ਪੰਚਿਕਾ;

**ਅਨੁਵਾਦ** : (੬) ਦੋ ਭੈਣਾਂ (ਟੈਗੋਰ); (੭) ਏਥਨਜ਼ ਦਾ ਵਾਸੀ ਤਾਇਮਨ (ਸ਼ੈਕਸਪੀਅਰ); (੮) ਓਥੈਲੋ (ਸ਼ੈਕਸਪੀਅਰ); (੯) ਸਾਈਕਾਲੋਜੀ ਫਾਰ ਐਵਰੀ ਮੈਨ;

**ਕਾਵਿ-ਸੰਗ੍ਰਹਿ** : (੧੦) ਘੁੰਮਣ-ਘੇਰੀਆਂ;

**ਨਿਬੰਧ** : (੧੧) ਭਾਵ ਏਕਤਾ ਤੇ ਹੋਰ ਨਿਬੰਧ।

ਕੁਝ ਹੋਰ ਵਿਕੋਲਿਤਰੀਆਂ ਵਿਦਿਅਕ, ਕਰਤਾਰੀ ਅਤੇ ਆਲੋਚਨਾਤਮਕ ਰਚਨਾਵਾਂ ਵੀ ਆਪਦੀ ਘਾਲਣਾ ਦਾ ਹਿੱਸਾ ਪੂਰਦੀਆਂ ਹਨ।

ਆਪ ਦਾ ਸਥਾਨ ਪੰਜਾਬੀ ਦੇ ਸੂਝਵਾਨ ਆਲੋਚਕਾਂ ਅਤੇ ਅਨੁਵਾਦਕਾਂ ਵਿਚ ਹੈ।

**ਉਜਾਗਰ ਸਿੰਘ ਅਰਸ਼ੀ** (-੧੯੪੯-)

ਆਪ ਦਾ ਕਾਵਿ-ਸੰਗ੍ਰਹਿ 'ਘੁੰਮਣ ਘੇਰੀਆਂ' ੧੯੪੯ ਵਿਚ ਲੁਧਿਆਣਿਓਂ ਪ੍ਰਕਾਸ਼ਿਤ ਹੋਇਆ।

**ਉਜਾਗਰ ਸਿੰਘ ਸਦਾ-ਆਨੰਦ** (-੧੯੨੩-)

ਆਪ ਦਾ ਕਾਵਿ-ਸੰਗ੍ਰਹਿ 'ਇਖਲਾਕ ਦਾ ਰਤਨ' ੧੯੨੩ ਵਿਚ ਅਤੇ ਜੀਵਨੀ-ਸੰਗ੍ਰਹਿ 'ਖਾਲਸਾ ਜੀ ਦੇ ਪੰਜ ਹੀਰੇ' ੧੯੨੬ ਵਿਚ ਪ੍ਰਕਾਸ਼ਿਤ ਹੋਇਆ। ਨੈਤਿਕਤਾ ਦੀ ਜੋਤਿ ਦੋਹਾਂ ਪੁਸਤਕਾਂ ਵਿਚ ਵਰਤਮਾਨ ਹੈ।

**ਉਜਾਗਰ ਸਿੰਘ ਕੰਵਲ** (੨੬ ਫਰਵਰੀ ੧੯੪੨—ਜੀਵਤ)

ਆਪ ਪਿੰਡ ਬੰਘਾਵਲੀ, ਜ਼ਿਲਾ ਸੰਗਰੂਰ ਦੇ ਨਿਵਾਸੀ ਸ: ਕਰਤਾਰ ਸਿੰਘ ਦੇ ਸਪੁੱਤਰ ਹਨ।

ਪੰਜਾਬੀ ਦੇ ਕਵੀ ਦਰਬਾਰਾਂ ਅਤੇ ਰਸਾਲਿਆਂ ਰਾਹੀਂ ਆਪਦੀਆਂ ਕਵਿਤਾਵਾਂ ਆਮ ਲੋਕਾਂ ਤਕ ਪਹੁੰਚਦੀਆਂ ਰਹਿੰਦੀਆਂ ਹਨ।

ਆਪ ਬੜੇ ਸੁਹਜ ਨਾਲ ਪ੍ਰਗਤੀਵਾਦ ਦੀ ਵਿਆਖਿਆ ਕਰਦੇ ਹਨ। ਸਮਾਜ ਦੇ 'ਕਾਤਲਾਂ ਨੂੰ ਕਤਲ' ਕਰਨ ਤਕ ਆਵਾਜ਼ ਉਠਾਂਦੇ ਹਨ।

**ਉਜਾਗਰ ਸਿੰਘ ਭੋਰਾ** (-੧੯੩੧-)

ਸ: ਸੇਵਾ ਸਿੰਘ ਠੀਕਰੀਵਾਲਾ ਦੇ ਬਚਨਾਂ ਤੋਂ ਪ੍ਰਭਾਵਿਤ ਹੋ ਕੇ ਆਪ ਰਾਜਸੀ ਮੈਦਾਨ ਵਿਚ ਆਏ। 1931 ਵਿਚ ਆਪ ਨੇ ਲਾਹੌਰੋਂ 'ਸਿੱਖ ਜਰਨੈਲ' ਨਾਂ ਦਾ ਪੱਤਰ ਕਢਿਆ, ਫਿਰ ਇਹ ਪਰਚਾ ਬਰਨਾਲਿਓਂ ਵੀ ਛਪਦਾ ਰਿਹਾ। ਰਿਆਸਤੀ ਪਰਜਾ ਨੂੰ ਜਾਗ੍ਰਤ ਕਰਨ ਲਈ ਆਪ ਨੇ ਬਹੁਤ ਸਾਰੇ ਪਤਰਕਾਰਕ ਲੇਖ ਲਿਖੇ ਹਨ।

**ਉੱਤਮ ਸਿੰਘ 'ਸੰਤ'** (-੧੯੧੪-)

(੧) ਗੁਰੂ ਢੰਡੋਰਾ ਜਪ (੨) ਬਾਲ ਬੋਧਨੀ ਪੁਰਾਤਨ ਨਿਤ ਨੇਮ ਅਤੇ (੩) ਵੈਰਾਗ ਸ਼ੱਤਕ ਆਦਿਕ ਸਟੀਕਾਂ ਆਪ ਦੀ ਰਚਨਾ ਵਿਚ ਸ਼ਾਮਲ ਹਨ।

ਮੁਖ ਰੂਪ ਵਿਚ ਆਪ ਇਕ ਰਵਾਇਤੀ ਟੀਕਾਕਾਰ ਹਨ।

**ਉੱਤਮ ਸਿੰਘ ਸਾਥੀ** (੨੦ਵੀਂ ਸਦੀ)

ਆਪਦੀਆਂ ਹੇਠ ਲਿਖੀਆਂ ਰਚਨਾਵਾਂ ਪੰਜਾਬੀ ਪ੍ਰਕਾਸ਼ਨ ਖੇਤਰ ਵਿਚ ਆ ਚੁਕੀਆਂ ਹਨ :

ਚੰਦਰਵੱਤੀ (ਨਾਟਕ), ਹਰੀ ਦਾਸੀ (ਨਾਵਲ), ਡਾਕੂ ਫੱਜੇ ਖਾਂ ਤੇ ਜਾਸੂਸ ਕਰਮ ਚੰਦ (ਨਾਵਲ) ਆਦਿਕ।

**ਉੱਤਮ ਸਿੰਘ ਗਿਆਨੀ** (੧੮੯੬—ਜੀਵਤ)

ਆਪ ਦਾ ਮੂਲ-ਨਿਵਾਸ ਗੜ੍ਹ ਫਤਹ ਸ਼ਾਹ, ਤਹਿਸੀਲ ਸਮੁੰਦਰੀ, ਜ਼ਿਲਾ ਲਾਇਲਪੁਰ ਹੈ। ਅਕਾਲੀ ਲਹਿਰ ਵਿਚ ਸਰਗਰਮ ਹਿੱਸਾ ਲਿਆ। ੧੯੨੦ ਵਿਚ ਰੋਜ਼ਾਨਾ 'ਅਕਾਲੀ' ਦੇ ਸੰਪਾਦਕ ਲਗ ਗਏ। ਫਿਰ 'ਅਕਾਲੀ ਪੱਤਰਕਾ' ਦੇ ਫੀਚਰ-ਲੇਖਕ ਵੀ ਰਹੇ। 'ਸੁਖ ਨਿਧਾਨ ਦੀ ਮੌਜ ਵਿਚ' ਅਤੇ 'ਨਿਹੰਗ ਨਿਧੜਕ ਸਿੰਘ' ਨਾਂ ਦੇ ਕਾਲਮਾਂ ਵਿਚ ਵੀ ਲਿਖਦੇ ਰਹੇ। 'ਪਰਦੇਸੀ', 'ਅਕਾਲੀ ਪਤਰਕਾ', 'ਵੀਰ ਭੂਮੀ' ਆਦਿਕ ਪਤਰਾਂ ਦੇ ਸੰਪਾਦਕ ਰਹੇ। ਅਜ ਕਲ ਬ੍ਰਿਧ ਹੋਣ ਦੇ ਬਾਵਜੂਦ ਵੀ ਪਤਰਕਾਰਕ ਲੇਖ ਲਿਖਦੇ ਰਹਿੰਦੇ ਹਨ।

ਅਖਬਾਰਾਂ ਵਿਚ ਪ੍ਰਕਾਸ਼ਿਤ ਲੇਖ ਆਪ ਦੀ ਘਾਲਣਾ ਦਾ ਮੁੱਖ ਅੰਗ ਹਨ। ਇਨ੍ਹਾਂ ਵਿਚ ਸਾਮਰਾਜ-ਵਿਰੋਧ, ਰਾਜਸੀ ਵਿਅੰਗ, ਸਿੱਖੀ ਵਿਆਖਿਆ ਆਦਿਕ ਵਿਸ਼ੇ ਮੁਖ ਹਨ। ਆਪ ਦੀ ਸ਼ੈਲੀ ਸਰਲ, ਵਿਅੰਗਾਤਮਕ ਅਤੇ ਪਤਰਕਾਰਕ ਹੈ।

**ਉੱਤਮ ਸਿੰਘ 'ਪਾਤਰ'** (੨੦ਵੀਂ ਸਦੀ)

ਪੁਸਤਕ 'ਉੱਤਮ ਸੋਮੇ' ਵਿਚ ਆਪ ਦੀਆਂ ਚੋਣਵੀਆਂ ਕਵਿਤਾਵਾਂ ਦਰਜ ਹਨ।

**ਉੱਤਮ ਸਿੰਘ ਰਿਖਰਾਜ** (-੧੯੩੮-)

'ਸੁਖੇਖ ਚਿਤ੍ਰਾਵਲੀ' ਨਾਂ ਦੀ ਪੁਸਤਕ ਵਿਚ ਆਪ ਦੇ ਲੇਖ ਅੰਕਿਤ ਹਨ। ਆਪ ਖਾਲਸਾ ਪ੍ਰਚਾਰਕ ਵਿਦਿਆਲਾ, ਤਰਨਤਾਰਨ ਨਾਲ ਸਬੰਧਤ ਹਨ।

**ਉਧਮ ਸਿੰਘ ਕਵੀਸ਼ਰ**

'ਭੋਰ ਵਿਜੋਗੀ' ਨਾਂ ਦੀ ਪੁਸਤਿਕਾ ਵਿਚ ਆਪ ਦੀਆਂ ਕੁਝ ਕਵਿਤਾਵਾ ਅੰਕਿਤ ਹਨ। ਇਸ ਪੁਸਤਕ ਨੂੰ 'ਹਰਭਜਨ ਸਿੰਘ, ਹਰਚਰਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਹੈ।

**ਉਧਮ ਸਿੰਘ ਬਾਵਾ**

ਵੇਖੋ
ਬਾਵਾ, ਉਧਮ ਸਿੰਘ

**ਉਪਦੇਸ਼ ਕੌਰ, ਬਾਲੀ**

ਵੇਖੋ
ਬਾਲੀ, ਉਪਦੇਸ਼ ਕੌਰ

**ਉੱਪਲ, ਸਵਿੰਦਰ ਸਿੰਘ** (੮ ਅਪ੍ਰੈਲ, ੧੯੨੪—ਜੀਵਤ)

ਆਪ ਦਾ ਜਨਮ ਧਮਿਆਲ ਜ਼ਿਲਾ ਰਾਵਲਪਿੰਡੀ ਵਿਚ ਹੋਇਆ। ਅਜ ਕਲ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਲੈਕਚਰਾਰ ਹਨ।

''ਕੁੜੀ ਪੋਠੋਹਾਰ ਦੀ'' (੧੯੫੦) ਤੇ ''ਢਹਿੰਦੇ ਮੁਨਾਰੇ'' (੧੯੫੪) ਆਪ ਦੇ ਦੋ ਕਹਾਣੀ ਸੰਗਰਹਿ ਹਨ। ''ਪੰਜਾਬੀ ਕਹਾਣੀਕਾਰ'' ਤੇ ''ਪੰਜਾਬੀ ਸਾਹਿਤ ਬਾਰੇ'' ਦੇ ਆਲੋਚਨਾਤਮਕ ਕਿਰਤਾਂ ਵੀ ਆਪ ਦੀ

ਰਚਨਾ ਵਿਚ ਸ਼ਾਮਲ ਹਨ। ਪੋਠੋਹਾਰੀ ਦੀ ਰੰਗਣ ਆਪ ਦੀ ਸ਼ੈਲੀ ਦਾ ਵਿਸ਼ੇਸ਼ ਪੱਖ ਹੈ।

ਆਪ ਦਾ ਸਥਾਨ ਮੌਲਿਕ ਚਿੰਤਨ ਵਾਲੇ ਕਲਾਕਾਰਾਂ ਵਿਚ ਹੈ।

**ਉਬਰਾਇ, ਸੁਰਿੰਦਰ ਸਿੰਘ** (੧੫ ਮਾਰਚ ੧੯੩੭— ਜੀਵਤ)

ਆਪ ਨੰਗਲ ਟਾਊਨਸ਼ਿਪ ਦੇ ਨਿਵਾਸੀ ਅਤੇ ਡਾਕਟਰ ਹਰਬੰਸ ਸਿੰਘ ਦੇ ਸਪੁਤਰ ਹਨ। ਅਜ ਕਲ ਸਿਰਜਨਹਾਰੀ (ਇੰਜੀਨੀਅਰਿੰਗ) ਵਾਲੇ ਪਾਸੇ ਹਨ।

ਆਪ ਦੀਆਂ ਕਾਫ਼ੀ ਕਹਾਣੀਆਂ ਪ੍ਰਕਾਸ਼ਿਤ ਹੋ ਚੁਕੀਆਂ ਹਨ।

**ਉਬਰਾ, ਮੋਹਨ ਸਿੰਘ**

ਵੇਖੋ
ਮੋਹਨ ਸਿੰਘ ਦੀਵਾਨਾ,

**ਓਮ ਪ੍ਰਕਾਸ਼, ਗੁਪਤਾ**

ਵੇਖੋ
ਗੁਪਤਾ, ਓਮ ਪਰਕਾਸ਼

**ਓਮ ਪਰਕਾਸ਼ ਜੋਹਰ**

ਵੇਖੋ
ਜੋਹਰ, ਓਮ ਪਰਕਾਸ਼

**ਉਮਰਦੀਨ**

ਫਾਰਸੀ ਅੱਖਰਾਂ ਵਿਚ ਛਪੀ ਪੁਸਤਕ 'ਦਾਸਤਾਨ ਅਮੀਰ ਹਮਜ਼ਾ' (ਤਿੰਨ ਭਾਗ) ਵਿਚ ਆਪ ਦੀਆਂ ਕਵਿਤਾਵਾਂ ਅੰਕਿਤ ਹਨ।

———

# ਅ

**ਆਇਆ ਸਿੰਘ ਇੰਸਪੈਕਟਰ** (-੧੮੮੩-)

'ਅਰੋਗ ਦਰਪਨ' ਨਾਂ ਦੀ ਪੁਸਤਕ ਵਿਚ ਆਪ ਨੇ ਸਿਹਤ ਦੀਆਂ ਸਮੱਸਿਆਵਾਂ ਵਿਚਾਰੀਆਂ ਹਨ।

**ਆਇਆ ਸਿੰਘ ਭਾਈ**

ਆਪ ਦੀ ਪੁਸਤਕ 'ਬ੍ਰਿੰਦ ਸਾਰ ਸਟੀਕ' ੪੩੨ ਨਾਨਕ ਸ਼ਾਹੀ ਵਿਚ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਆਸਾ ਸਿੰਘ ਆਸ** (-੧੯੪੬-)

ਆਪ ਦੀ ਪੁਸਤਕ 'ਕੁੜੀਆਂ ਦੇ ਗੀਤ' ੧੯੪੪ ਵਿਚ ਕਰਤਾਰ ਐਂਡ ਕੰਪਨੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਆਸਾ ਸਿੰਘ ਨਿਰਮਾਣ** (੩ ਜਨਵਰੀ ੧੯੦੨—ਜੀਵਤ)

ਆਪ ਦਾ ਜਨਮ ਪਿੰਡ ਘੁੰਮਣ ਵਾਲਾ, ਜ਼ਿਲਾ ਗੁਜਰਾਂ ਵਾਲੇ ਵਿਚ ਹੋਇਆ। ਸਕੂਲ ਅਤੇ ਜਿਹਲ ਵਿਚੋਂ ਫਾਰਸੀ, ਉਰਦੂ, ਪੰਜਾਬੀ ਅਤੇ ਅੰਗਰੇਜ਼ੀ ਦੀ ਵਿਦਿਆ ਪ੍ਰਾਪਤ ਕੀਤੀ। ੧੯੨੦ ਤੋਂ ਪੰਜਾਬੀ ਕਵਿਤਾਵਾਂ ਦੀ ਰਚਨਾ ਕਰ ਰਹੇ ਹਨ। ਅੰਗ੍ਰੇਜ਼ੀ ਰਾ. ਦੀਆਂ ਜਿਹਲਾਂ ਨੇ ਵੀ ਆਪ ਦੇ ਸਿਦਕ ਨੂੰ ਕਈ ਵਾਰੀ ਪਰਖਿਆ ਹੈ। ਸ: ਮੁਣਸ਼ਾ ਸਿੰਘ ਦੁੱਖੀ ਆਪ ਦੇ ਉਸਤਾਦ ਹਨ। ਅਜ ਕਲ ਪਿੰਡ ਸੁਲਤਾਨ ਵਿੰਡ, ਜ਼ਿਲਾ ਅੰਮ੍ਰਿਤਸਰ ਵਿਚ ਰਹਿੰਦੇ ਹਨ।

ਆਪ ਕਵੀ ਦਰਬਾਰਾਂ ਵਿਚ ਕਾਫੀ ਦਿਲਚਸਪੀ ਰਖਦੇ ਹਨ।

**ਆਸਾ ਸਿੰਘ ਰਾਹੀ** (-੧੯੫੦-)

ਆਪ ਦੀ ਕਾਵਿ ਪੁਸਤਕ 'ਅੰਗੂਰ' ੧੯੫੦ ਵਿਚ ਬਾਲ-ਸੰਸਾਰ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ।

**ਆਸੀ, ਪੀਰ ਬਖ਼ਸ਼**

ਵੇਖੋ
ਪੀਰ ਬਖਸ਼ ਆਸੀ

**ਆਸਾ ਰਾਮ ਵੇਦ ਬਾਣ**

(੧) ਨਾਸ ਕੇਤ, (੨) ਸੀਤਾ ਸਵੰਬਰ, (੩) ਰਾਜਾ ਹਰੀ ਚੰਦ ਆਦਿਕ ਪੁਸਤਕਾਂ ਵਿਚ ਆਪ ਨੇ ਧਾਰਮਕ ਮਾਮਲਿਆਂ ਨੂੰ ਭਲੀ ਪ੍ਰਕਾਰ ਨਿਭਾਇਆ ਹੈ।

**ਆਹੂਜਾ, ਰੋਸ਼ਨ ਲਾਲ** (੧੯੦੪—ਜੀਵਤ)

ਆਪ ਦਾ ਜਨਮ ਟਿੱਬੀ ਕੈਸਰਾ, ਜ਼ਿਲਾ ਡੇਰਾ ਗਾਜ਼ੀ ਵਿਚ ਸ਼੍ਰੀ ਤੁਲਾ ਰਾਮ ਆਹੂਜਾ ਦੇ ਘਰ ਹੋਇਆ। ਲੀਹਾ, ਜ਼ਿਲਾ ਮੁਜ਼ੱਫਰ ਗੜ੍ਹ ਦੇ ਭਾਰਤੀ ਹਾਈ ਸਕੂਲੋਂ ਦਸਵੀਂ ਕਰਨ ਪਿਛੋਂ ਆਪ ਨੇ ਲਾਹੌਰ ਆ ਕੇ ਡੀ ਏ. ਵੀ. ਕਾਲਜੋਂ ਬੀ. ਏ., ਸਰਕਾਰੀ ਕਾਲਜੋਂ ਐਮ. ਏ. ਅਤੇ ਟਰੇਨਿੰਗ ਕਾਲਜੋਂ ਬੀ. ਟੀ. ਕੀਤੀ। ਸਨਾਤਨ ਧਰਮ ਕਾਲਜ ਲਾਹੌਰ, ਵੀ. ਬੀ. ਕਾਲਜ ਡੇਰਾ ਇਸਮਾਈਲ ਖਾਂ, ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਅਤੇ ਖ਼ਾਲਸਾ ਕਾਲਜ ਅੰਮਿਤਸਰ ਵਿਚ ਅੰਗਰੇਜ਼ੀ ਦੇ ਅਧਿਆਪਕ ਰਹਿ ਚੁਕਣ ਪਿਛੋਂ ਅਜ ਕਲ ਆਪ ਸੋਹਣ ਲਾਲ ਟਰੇਨਿੰਗ ਕਾਲਜ ਅੰਬਾਲਾ ਦੇ ਪ੍ਰਿੰਸੀਪਲ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

**ਇਕਾਂਗੀ** : 'ਪਰੀਵਰਤਨ', ''ਜੌਹਰ'', 'ਵਿਕਾਸ', **'ਗਾਂਧੀ ਨਾਟਕ'**, 'ਨਵੇਂ ਘੋਲ', 'ਨੌਂ ਚੋਣਵੇਂ ਇਕਾਂਗੀ', ਆਦਿਕ ।

**ਨਾਟਕ** : 'ਤਲਾਕ', 'ਸਹਿਯੋਗ', 'ਭੂਮੀ-ਅੰਦੋਲਨ', 'ਕਾਲਿੰਗਾ ਦਾ ਦੁਖਾਂਤ' ਆਦਿਕ ।

**ਸੰਪਾਦਨਾ ਤੇ ਆਲੋਚਨਾ** : 'ਕਿੱਸਾ ਸੋਹਣੀ ਮਹੀ ਵਾਲ **ਫਜਲਸ਼ਾਹ**', 'ਕਿੱਸਾ ਸੱਸੀ ਪੁੰਨੂੰ ਹਾਸ਼ਮ ਸ਼ਾਹ' (ਸਹਿ ਲੇਖਕ ਪ੍ਰੋ: ਦੀਵਾਨ ਸਿੰਘ), 'ਆਲੋਚਨਾ ਦੇ ਸਿਧਾਂਤ', 'ਪੱਛਮੀ ਆਲੋਚਨਾ ਦੀ ਪ੍ਰੰਪਰਾ' ਆਦਿਕ ।

ਆਪ ਦੀਆਂ ਰਚਨਾਵਾਂ ਅੰਗਰੇਜ਼ੀ ਅਤੇ ਪੰਜਾਬੀ **ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ** ।

**ਭਾਰਤੀ ਸੰਸਕ੍ਰਿਤੀ ਦੇ ਦਾਰਸ਼ਨਿਕ ਆਧਾਰਾਂ ਅਤੇ** ਪੱਛਮੀ ਵਿਚਾਰ ਪ੍ਰਣਾਲੀ ਦੀਆ ਬਰੀਕੀਆਂ ਨੂੰ ਆਪ ਭਲੀ ਪਰਕਾਰ ਸਮਝਦੇ ਹਨ ।

**ਅਹਿਮਦ ਅਲੀ ਸਾਈਆਂ** (੧੮ ੬—੧੯੨੬)

ਆਪ ਨੇ ਉਮਰ ਦਾ ਵਧੇਰੇ ਹਿੱਸਾ ਪਿਸ਼ੌਰ ਵਿਚ ਹੀ **ਬਿਤਾਇਆ** । ਆਪ ਦਾ ਖਾਨਦਾਨੀ ਸਬੰਧ ਨੀਸ਼ਾਪੁਰ, ਈਰਾਨ ਦੇ ਕਜ਼ਲਬਾਸ਼ ਕਬੀਲੇ ਨਾਲ ਹੈ । ਆਪ ਦੇ ਪਿਤਾ ਕਾਬਲੋਂ ਆ ਕੇ ਪਿਸ਼ੌਰ ਵਸ ਗਏ ਸਨ । ਰਮਜ਼ੂ ਪਿਸ਼ਾਵਰੀ ਆਪ ਦੇ ਉਸਤਾਦ ਸਨ । ਆਪ ਰਾਵਲਪਿੰਡੀ ਦੇ ਰਈਸ ਸ: ਗੁਰਮੁਖ ਸਿੰਘ ਕੋਲ ਵੀ ਕਾਫੀ ਚਿਰ ਰਹੇ ।

ਪਹਿਲਾਂ ਪਹਿਲ ਆਪ ਫਾਰਸੀ ਵਿਚ ਕਵਿਤਾ ਲਿਖਦੇ **ਸਨ । ਪਰ ਪਿਛੋਂ 'ਹੀਰ ਵਾਰਸ'** ਤੋਂ ਪ੍ਰਭਾਵਿਤ **ਹੋ** ਕੇ ਪੰਜਾਬੀ ਬੈਂਤਬਾਜ਼ੀ ਵਲ ਪ੍ਰੇਰਿਤ ਹੋ ਗਏ । ਫਾਰਸੀ, ਪਿੰਗਲ ਤੇ ਅਲੰਕਾਰ ਦਾ ਉੱਚ ਗਿਆਨ ਆਪ ਲਈ ਸਾਧਾਰਨ ਸੀ । ਸਮਕਾਲੀ ਕਵੀ ਤੇ ਲੇਖ ਆਪ ਨੂੰ **ਪੰਜਾਬੀ ਦਾ ਗਾਲਿਬ** ਕਹਿੰਦੇ ਹੁੰਦੇ ਸਨ ।

ਆਪ **ਦੀ ਬੋਲੀ** ਉਤੇ **ਫਾਰਸੀ** ਜ਼ਰੂਰ ਭਾਰੂ ਹੈ, ਪਰ **ਆਪ ਸੰਸਕ੍ਰਿਤ** ਜਾਂ **ਬ੍ਰਜ ਦੇ** ਉਪਾਸ਼ਕ ਪੰਜਾਬੀ ਲੇਖਕਾਂ ਨਾਲੋਂ ਘੱਟ ਔਖੀ ਬੋਲੀ ਵਰਤਦੇ ਹਨ । ਅਲੰਕਾਰਾਂ ਦੀ ਨਵੀਨਤਾ ਆਪ ਨੂੰ ਸਮਕਾਲੀਆਂ ਨਾਲੋਂ ਨਿਖੇੜਦੀ ਹੈ ।

ਕਾਫ—ਕੁਝ ਨਾ ਦਸਿਆ ਨਜੂਮੀਆਂ ਨੇ,
ਫਾਲ ਮੈਨ ਪਾ ਕੇ ਮੇਰੇ ਫਾਲ ਸੌਂ ਗਏ ।
ਐਸੀ ਇਸ਼ਕ ਪਿਲਾਈ ਸ਼ਰਾਬ ਗਮ ਦੀ,
ਖੁਸ਼ ਤਬਰ ਦੇ ਸਾਰੇ ਖ਼ਿਆਲ ਸੌਂ ਗਏ ।

**ਅਹਿਮਦ ਦੀਨ** (੨੦ਵੀਂ ਸਦੀ)

ਕੰਵਲ ਬੁੱਕ ਡਿਪੂ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਪੁਸਤਕ 'ਸਹੁਰੇ ਘਰ ਜਵਾਈ' ਵਿਚ ਆਪ ਦੀਆਂ ਕਵਿਤਾਵਾਂ ਅੰਕਿਤ ਹਨ ।

**ਅਹਿਮਦ ਯਾਤ** (੧੭੬੮—੧੮੪੮)

ਆਪ ਜ਼ਿਲਾ ਗੁਜਰਾਤ ਦੇ ਪਿੰਡ ਮਰਾਲਾ ਵਿਚ ਰਿਹਾ ਕਰਦੇ ਸਨ । ਬਚਪਨ ਤੋਂ ਹੀ ਸ਼ਾਇਰਾਨਾ ਤਬੀਅਤ ਦੇ ਸਨ । ਜਵਾਨੀ ਵਿਚ ਪੈਰ ਧਰਦਿਆਂ ਹੀ ਪਿੰਡ ਦੀ ਇਕ ਸੁਹਲ ਕੁੜੀ 'ਰਾਣੀ' ਨਾਲ ਇਸ਼ਕ ਹੋ ਗਿਆ । ਸਮਾਜ ਨੇ ਵਸਲ ਦੀ ਇਜਾਜ਼ਤ ਨਾ ਦਿਤੀ । ਘਰ ਬਾਹਰ ਛਡ ਕੇ ਜੰਗਲ ਵਿਚ ਰਹਿਣ ਲਗ ਪਏ । ਆਪ ਦੀ ਕੁਟੀਆ ਵਾਲੀ ਥਾਂ ਹੌਲੀ ਹੌਲੀ ਇਕ ਕਸਬੇ ਵਿਚ ਮੌਲ ਪਈ ਤੇ ਇਸ ਦਾ ਨਾਂ ਫਾਲੀਆ (ਹੁਣ ਤਹਿਸੀਲ ਹੈ) ਰਖਿਆ ਗਿਆ । ਜੰਗਲ-ਵਾਸ ਸਮੇਂ ਹੀ ਆਪ ਨੇ ਕਿੱਸਿਆਂ ਦੀ ਰਚਨਾ ਕੀਤੀ । 'ਹੀਰ' ਲਿਖਣ ਤੋਂ ਪਹਿਲਾਂ ਆਪ ਨੇ ਝੰਗ ਜਾ ਕੇ ਟਿੱਲੇ ਤੋਂ ਵਿਸਤਾਰ ਪ੍ਰਾਪਤ ਕੀਤੇ । ਦਸਿਆ ਜਾਂਦਾ ਹੈ ਕਿ ੧੮੪੦ ਤਕ ਆਪ ਦੀ ਕਵਿਤਾ ਦੀਆਂ ਸੋਆਂ ਹੋਰ ਸੂਬਿਆਂ ਵਿਚ ਵੀ ਪਹੁੰਚ ਗਈਆਂ ਸਨ । ਕਸ਼ਮੀਰ ਦੇ ਮਹਾਰਾਜਾ ਗੁਲਾਬ ਸਿੰਘ ਨੇ ਆਪ ਨੂੰ ਸੱਦ ਕੇ **ਸ਼ਾਹ** ਨਾਮਾ' (ਸਿੱਖ ਜਿੱਤਾਂ ਦਾ ਇਤਿਹਾਸ) ਲਿਖਣ ਲਈ ਕਿਹਾ । ਸੋ ਆਪ ਨੇ 'ਫਤੂਹਾਤ ਖ਼ਾਲਸਾ ਉਰਫ 'ਸ਼ਾਹ ਨਮਦੀ ਨਾਮਾ' ਨਾਂ ਦੀ ਰਚਨਾ ਕੀਤੀ । ਇਹ

ਰਚਨਾ ਰਾਜਸੀ ਹਾਲਾਤ ਵਿਗੜ ਜਾਣ ਕਾਰਨ ਮਹਾਰਾਜੇ ਤਕ ਨਾ ਪਹੁੰਚ ਸਕੀ।

ਹੀਰ ਰਾਝਾ, ਸੱਸੀ ਪੁੰਨੂੰ, ਲੈਲਾ ਮਜਨੂੰ, ਸੋਹਣੀ ਮਹੀਂਵਾਲ, ਕਾਮ ਰੂਪ, ਯੂਸਫ ਜ਼ੁਲੈਖਾਂ, ਚੰਦਰ ਬਦਨ, ਰਾਜ ਬੀਬੀ, ਸੈਫ਼ਲ ਮਲੂਕ, ਹਾਤਮ, ਥੀਮ ਅਨਸ਼ਾਰੀ, ਤਤੈਰ, ਵਫਾਤ ਨਾਮਾ, ਜੰਗ ਉਹਦ, ਜੰਗ ਬਦਰ, ਤਿਬ ਅਹਿਮਦ ਯਾਰੀ ਆਦਿਕ ਆਪ ਦੀਆਂ ੪੦ ਪੁਸਤਕਾਂ ਹਨ।

ਪੁਸਤਕਾਂ ਦੇ ਵਿਸ਼ੇ ਧਰਮ, ਇਤਿਹਾਸ, ਕੁਦਰਤ ਵਰਨਣ, ਹਿਕਮਤ ਆਦਿਕ ਹਨ।

ਕਾਦਰ ਯਾਰ ਜੀ ਬਹੁ-ਪੱਖੀ ਪ੍ਰਤਿਭਾ ਸਨ। ਆਪ ਦੀ ਮਹਾਨਤਾ, ਗੁਣ ਤੇ ਮਾਤਰਾ ਦੁਹਾਂ ਪੱਖਾਂ ਤੋਂ ਹੈ। ਕੁਦਰਤ ਵਰਨਣ ਆਪ ਨੂੰ ਸਾਧਾਰਨ ਕਿੱਸਾਕਾਰਾਂ ਨਾਲੋਂ ਨਿਖੇੜਦਾ ਹੈ। ਬਿੰਬਾਵਲੀ ਮੌਲਿਕ ਹੈ ਅਤੇ ਬੋਲੀ ਕੋਮਲ ਹੈ।

ਪਾਣੀ ਜੂਹੀਂ ਵਗਦਿਆਂ, ਪਏ ਲਹਿਲਾਂਦੇ ਸਰ।
ਘਾਹਾਂ ਉਪਰ ਤਰੇਲ ਦੇ, ਮੋਤੀ ਡੁਲ੍ਹੇ ਤਰ।
ਕਰਨਾ ਫੁਲਿਆ ਝਿਉੜਾ, ਵੇਲੀਂ ਸਦਾ ਗੁਲਾਬ।
ਫਲ ਲਸੂੜੇ ਥੀਂ ਚੋਵੰਦਾ, ਮਿਸਰੀਓਂ ਮਿੱਠਾ ਆਬ।

—ਕਿੱਸਾ ਤਤੈਰ

**ਅਹਿਮਦ ਯਾਰ ਰਿਜ਼ਵੀ**

ਵੇਖੋ
ਰਿਜ਼ਵੀ, ਅਹਿਮਦ ਯਾਰ

**ਅਹਿਮਦ ਰਾਹੀ** (੧੨ ਨਵੰਬਰ ੧੯੨੨—ਜੀਵਤ)

ਆਪ ਦਾ ਜਨਮ ਕੱਟੜਾ ਭਾਈ, ਅੰਮ੍ਰਿਤਸਰ ਵਿਚ ਖਵਾਜਾ ਅਬਦੁਲ ਅਜ਼ੀਜ਼ ਦੇ ਘਰ ਹੋਇਆ। ਮਾਪਿਆਂ ਵਲੋਂ ਆਪ ਦਾ ਨਾਮ ਗੁਲਾਮ ਅਹਿਮਦ ਤੇ ਉਸਤਾਦ ਵਲੋਂ ਖੁਰਸ਼ੀਦ ਅਹਿਮਦ ਰਖਿਆ ਗਿਆ। ਕਿਉਂਕਿ ਅਬਦੁਲ ਅਜ਼ੀਜ਼ ਹੁਰਾਂ ਦੇ ਸੱਤ ਬੱਚੇ ਪਹਿਲਾਂ ਮਰ ਚੁਕੇ ਸਨ, ਇਸ ਲਈ ਅਹਿਮਦ ਨਾਲ ਉਹਨਾਂ ਦਾ ਪਿਆਰ ਉਚੇਚਾ ਸੀ। ਆਪ ਦੇ ਮਾਮਾ ਸਾਦਿਕ ਅੰਮ੍ਰਿਤਸਰੀ ਵੀ ਇਕ ਪ੍ਰੌੜ੍ਹ ਸਾਹਿਤਕਾਰ ਸਨ। ਉਨ੍ਹਾਂ ਤੋਂ ਹੀ ਆਪ ਨੇ ਉਰਦੂ ਕਵਿਤਾ ਲਿਖਣ ਦੀ ਪ੍ਰੇਰਨਾ ਲਈ। ੧੯੪੨ ਵਿਚ ਆਪ ਨੂੰ ਕਾਲਜੋਂ ਕਢ ਦਿੱਤਾ ਗਿਆ ਕਿਉਂਕਿ ਆਪ ਨੇ ਪ੍ਰਗਤੀਵਾਦੀ ਵਿਦਿਆਰਥੀ ਲਹਿਰ ਵਿਚ ਹਿੱਸਾ ਲਿਆ ਸੀ। ਉਦੋਂ ਆਪ ਬਾਰ੍ਹਵੀਂ ਵਿਚ ਪੜ੍ਹਦੇ ਸਨ। ਆਪ ਪਿਤਾ ਜੀ ਨਾਲ ਹੀ ਕਲਕਤੇ ਆ ਗਏ, ਉਹ ਇਥੇ ਸ਼ਾਲ ਦਾ ਵਪਾਰ ਕਰਦੇ ਸਨ। ੧੯੪੭ ਵਿਚ ਆਪ ਪ੍ਰਗਤੀਵਾਦੀ ਉਰਦੂ ਮਾਸਕ 'ਸਵੇਰਾ' ਦੇ ਸੰਪਾਦਕ ਲਗ ਗਏ। ੧੯੪੯ ਵਿਚ ਸਾਅਦਤ ਹਸਨ ਮਿੰਟੋ ਦੀ ਫ਼ਿਲਮੀ ਕਹਾਣੀ 'ਬੇਲੀ' ਲਈ ਆਪਨੇ ਇਕ ਗੀਤ ਲਿਖਿਆ, ਜੋ ਕਿ ਸਾਰਿਆਂ ਪਾਸੇ ਸਲਾਹਿਆ ਗਿਆ। ੧੯੫੩ ਤੋਂ ਆਪ ਫਿਲਮੀ ਦੁਨੀਆਂ ਵਿਚ ਜਾ ਕੇ ਪੰਜਾਬੀ ਗੀਤ ਤੇ ਵਾਰਤਾਲਾਪ ਰਚਣ ਦਾ ਕੰਮ ਕਰਨ ਲਗ ਪਏ। ਉਰਦੂ ਸ਼ਾਇਰੀ ਵਿਚ ਸੈਫ ਦੀਨ ਸੈਫ ਅੰਮ੍ਰਿਤਸਰੀ ਆਪ ਦੇ ਉਸਤਾਦ ਹਨ।

ਪੰਜਾਬੀ ਵਿਚ ਆਪ ਦਾ ਕਾਵਿ-ਸੰਗਰਹਿ 'ਤ੍ਰ੿ੰਜਣ' ਬੜਾ ਪਰਵਾਨ ਹੋਇਆ ਹੈ। ਆਪ ਦੇ ਗੀਤਾਂ ਦੀ ਸ਼ੈਲੀ ਅਤੀਅੰਤ ਸਰਲ, ਪੰਜਾਬੀਅਤ-ਭਰਪੂਰ, ਤੇ ਸੁਹਜਮਈ ਹੈ। ਬੋਲੀ ਲੋਕਿਕ ਹੈ। ਇਸਤਰੀ ਦੇ ਦੁਖ ਆਪ ਨੇ ਬੜੀ ਡੂੰਘਾਈ ਨਾਲ ਪੇਸ਼ ਕੀਤੇ ਹਨ :

ਸੁਣ ਵੇ ਬਾਬਲ ਮੇਰਿਆ,
ਤੇਰੇ ਟੁਟੇ ਸਾਰੇ ਮਾਣ।
ਤੇਰੀ ਪਗ ਪੈਰਾਂ ਵਿਚ ਰੁਲ ਗਈ,
ਮਿੱਟੀ ਵਿਚ ਮਿਲ ਗਈ ਸ਼ਾਨ।
ਤੇਰੀ ਸ਼ਰਮਾਂ ਵਾਲੀ ਧੀ ਨੂੰ,
ਅਜ ਦੇਖ ਕੇ ਸਭ ਸ਼ਰਮਾਣ।

ਜਦ ਭੀੜ ਪਵੇ ਤੇ ਬਾਬਲਾ,
ਕੌਣ ਆਉਂਦਾ ਈ ਦਰਦ ਵੰਡਾਣ।

**ਆਹਲੂਵਾਲੀਆ, ਜਸਵੰਤ ਕੌਰ** (੧੮ ਅਪ੍ਰੈਲ ੧੯੩੭— ਜੀਵਤ)

ਆਪ ਦਾ ਜਨਮ ਲਾਇਲਪੁਰ ਵਿਚ ਸ: ਸਰਬਲ ਸਿੰਘ ਦੇ ਘਰ ਹੋਇਆ।

ਆਪ ਦੀਆਂ ਰਚਨਾਵਾਂ ਪ੍ਰਸਿੱਧ ਪਤਰਾਂ ਵਿਚ ਛਪੀਆਂ ਮਿਲਦੀਆਂ ਹਨ। ਕਹਾਣੀ ਤੇ ਕਵਿਤਾ ਦੀ ਰਚਨਾ ਆਪ ਦੇ ਵੱਸ ਦੀ ਗਲ ਹੈ। "ਰੇਤ ਥਲ" ਆਪ ਦਾ ਪਹਿਲਾ ਕਾਵਿ-ਸੰਗ੍ਰਹਿ ਹੈ।

ਆਪ ਨੂੰ ਵਿਚਾਰਸ਼ੀਲ ਸਾਹਿਤਕਾਰਾਂ ਵਿਚ ਗਿਣਿਆ ਜਾਂਦਾ ਹੈ।

**ਅਕਾਲੀ, ਕੌਰ ਸਿੰਘ**

ਵੇਖੋ
ਕੌਰ ਸਿੰਘ ਅਕਾਲੀ

**ਅੰਗਦ ਦੇਵ, ਗੁਰੂ** (੩੧ ਮਾਰਚ. ੧੫੦੪ —੨੯ ਮਾਰਚ, ੧੫੫੨)

ਆਪ ਦਾ ਜਨਮ ਅਜੋਕੇ ਫੀਰੋਜ਼ਪੁਰ ਜ਼ਿਲੇ ਦੇ ਉਦੋਕੇ ਪਿੰਡ ਮੱਤੇ ਦੀ ਸਰਾਏ ਵਿਚ ਫੇਰੂ ਨਾਂ ਦੇ ਨਿਕੇ ਜਹੇ ਵਪਾਰੀ ਦੇ ਘਰ ਹੋਇਆ। ੧੫ ਸਾਲ ਦੀ ਉਮਰ ਵਿਚ ਆਪ ਦਾ ਵਿਆਹ ਖੀਵੀ ਨਾਂ ਦੀ ਕੁੜੀ ਨਾਲ ਹੋਇਆ, ਜਿਸ ਦੀ ਕੁਖੋਂ ਦੋ ਮੁੰਡਿਆਂ ਤੇ ਦੋ ਕੁੜੀਆਂ ਨੇ ਜਨਮ ਲਿਆ। ਆਪ ਦਾ ਪਹਿਲਾ ਨਾਮ ਲਹਿਣਾ ਸੀ ਤੇ ਆਪ ਦੁਰਗਾ ਦੇ ਪੁਜਾਰੀ ਸਨ। ਅਧਖੜ ਉਮਰ ਵਿਚ ਆਪ ਗੁਰੂ ਨਾਨਕ ਸਾਹਿਬ ਦੇ ਸਿੱਖ ਬਣੇ। ੧੫੩੮ ਵਿਚ ਗੁਰੂ ਨਾਨਕ ਸਾਹਿਬ ਨੇ, ਜੋਤੀ ਜੋਤਿ ਸਮਾਉਣ ਤੋਂ ਕੁਝ ਚਿਰ ਪਹਿਲਾਂ ਆਪ ਨੂੰ ਗੁਰੂ ਥਾਪਿਆ ਤੇ ਆਪ ਦਾ ਨਾਮ ਅੰਗਦ ਦੇਵ ਰਖਿਆ। ਬਾਅਦ ਵਿਚ ਆਪ ਖਡੂਰ ਸਾਹਿਬ ਵਿਚ ਰਹਿਣ ਲਗ ਪਏ।

ਗੁਰੂ ਅੰਗਦ ਸਾਹਿਬ ਨੇ ਖਿੰਡਰੇ ਪੁੰਡਰੇ ਨਾਨਕ-ਸਿੱਖਾਂ ਨੂੰ ਇੱਕਠਾ ਕੀਤਾ ਅਤੇ ਇਕ ਜਥੇਬੰਦ ਸਮਾਜਕ-ਧਾਰਮਕ ਜੀਵਨ-ਜਾਚ ਦੀ ਨੀਂਹ ਰਖੀ। ਆਪ ਨੇ ਆਪਣੇ ਗੁਰੂ-ਕਾਲ ਵਿਚ ਗ਼ਰਮੁਖੀ ਲਿਪੀ ਨੂੰ ਆਮ ਪਰਚਲਨ ਵਿਚ ਲਿਆਂਦਾ, ਗੁਰੂ ਨਾਨਕ ਸਾਹਿਬ ਦੀ ਜੀਵਨੀ ਤੇ ਰਚਨਾ ਦੇ ਤੱਥ ਇਕੱਠੇ ਕੀਤੇ ਅਤੇ ਲੰਗਰ ਦੀ ਸਥਾਪਨਾ ਕੀਤੀ। ਆਪ ਨੇ ਸਿੱਖ ਧਰਮ ਦੀ ਵਿਚਾਰ-ਧਾਰਾ ਨੂੰ ਨਕੇਵਲੀਆਂ ਛੁਹਾਂ ਦਿੱਤੀਆਂ।

ਗੁਰੂ ਦਰਬਾਰ ਦੇ ਅਨੁਸ਼ਾਸਨ (ਡਸਿਪਲਨ) ਦੀ ਕਾਇਮੀ ਆਪ ਨੇ ਬੜੀ ਦ੍ਰਿੜ੍ਹਤਾ ਨਾਲ ਕੀਤੀ ਤੇ ਸਿੱਖ ਧਰਮ ਨੂੰ ਇਕ ਸੰਸਥਾ ਵਿਚ ਪਰਵਿਰਤ ਕੀਤਾ।

ਗੁਰੂ ਅੰਗਦ ਜੀ ਦਾ ਆਪਣੇ ਜੀਵਨ ਕਾਲ ਵਿਚ ਹਮਾਯੂੰ ਨਾਲ ਵੀ ਮੇਲ ਹੋਇਆ।

ਤਕਰੀਬਨ ੧੫੪੬ ਵਿਚ ਗੁਰੂ ਅੰਗਦ ਹੁਰਾਂ ਭਾਈ ਅਮਰ ਦਾਸ ਦੇ ਸਹਿਯੋਗ ਨਾਲ ਗੋਇੰਦਵਾਲ ਨਗਰੀ ਵੀ ਵਸਾਉਣੀ ਸ਼ੁਰੂ ਕੀਤੀ।

ਆਪ ਨੇ ੧੫੫੨ ਵਿਚ ਭਾਈ ਅਮਰ ਦਾਸ ਨੂੰ ਆਪਣਾ ਜਾਂ-ਨਸ਼ੀਨ ਥਾਪਿਆ। ਕੁਝ ਦਿਨਾਂ ਪਿਛੋਂ ਆਪ ਜੋਤੀ ਜੋਤਿ ਸਮਾ ਗਏ।

ਆਪ ਦੇ ੬੨ ਸਲੋਕ ਆਦਿ ਗ੍ਰੰਥ ਵਿਚ ਦਰਜ ਹਨ।

ਗੁਰੂ ਅਗਦ ਸਾਹਿਬ ਦੀ ਰਚਨਾ ਆਸ਼ਾਵਾਦੀ ਅਧਿਆਤਮ ਦੀ ਧਾਰਨੀ ਹੈ। ਬੋਲੀ ਸਮੇਂ ਦੀ ਪ੍ਰਚਲਿਤ ਸੰਤ-ਭਾਸ਼ਾ ਵਿਚ ਹੈ। ਇਤਿਹਾਸ ਵਿਚ ਆਪ ਦਾ ਸਥਾਨ ਬਹੁਤ ਉੱਚਾ ਹੈ।

**ਅਚਲ ਸਿੰਘ ਮਹੰਤ** (-੧੯੨੭-)

'ਦੀਵਾਨ ਪੰਡਤ ਗੁਰਮੁਖ ਸਿੰਘ ਜੀ ਨਾਂ ਦੀ ਜੀਵਨੀ

ਆਪ ਨੇ ੧੯੨੭ ਵਿਚ ਪ੍ਰਕਾਸ਼ਿਤ ਕਰਵਾਈ।

**ਅਜਾਇਬ ਸਿੰਘ ਚਿੱਤ੍ਰਕਾਰ** (੧੮ ਫਰਵਰੀ ੧੯੨੬—ਜੀਵਤ)

ਆਪ ਦਾ ਜਨਮ ਪਿੰਡੀ ਘੁਵੱਦੀ ਜ਼ਿਲਾ ਲੁਧਿਆਣਾ ਵਿਚ ਸ: ਬਚਨ ਸਿੰਘ ਦੇ ਘਰ ਹੋਇਆ। ਸਕੂਲ ਦੀ ਜ਼ਿੰਦਗੀ ਸਮੇਂ ਹੀ ਆਪ ਨੂੰ ਕਵਿਤਾ ਤੇ ਚਿਤ੍ਰਕਾਰੀ ਨਾਲ ਗੂੜ੍ਹਾ ਨਿਹੁੰ ਹੋ ਗਿਆ। ਕੁਝ ਚਿਰ ਅਧਿਆਪਕ ਰਹਿਣ ਪਿਛੋਂ ਲਾਹੌਰ ਬੁਕ ਸ਼ਾਪ ਲੁਧਿਆਣਾ ਨਾਂ ਦੀ ਪ੍ਰਕਾਸ਼ਨੀ ਸੰਸਥਾ ਵਿਚ ਚਿਤ੍ਰਕਾਰ ਅਤੇ ਸੰਪਾਦਕ (ਸਾਹਿਤ ਸਮਾਚਾਰ ਮਾਸਕ) ਲਗ ਗਏ। ਇਥੇ ਆਪ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਅਤੇ ਟਾਈਟਲ ਉਲੀਕੇ।

੧੯੪੭ ਸਮੇਂ ਆਪ ਦੀ ਪੁਸਤਕ 'ਦੁਮੇਲ' ਰੇਲਿਆਂ ਵਿਚ ਛਪਦੀ ਛਪਦੀ ਗੁਆਚ ਗਈ। ੧੯੬੯ ਵਿਚ ਕਾਵਿ-ਸੰਗ੍ਰਹਿ 'ਭੁਲੇਖੇ' ਪ੍ਰਕਾਸ਼ਿਤ ਹੋਇਆ।

ਆਪ ਦੀਆਂ ਅੱਧੀ ਦਰਜਨ ਤੋਂ ਵਧ ਪੁਸਤਕਾਂ ਪ੍ਰਕਾਸ਼ਿਤ ਹੋ ਕੇ ਮਾਨਤਾ ਪ੍ਰਾਪਤ ਕਰ ਚੁਕੀਆਂ ਹਨ।

**ਅਜੀਤ ਸਿੰਘ ਸੇਖੋਂ**

ਵੇਖੋ
ਸੇਖੋਂ, ਅਜੀਤ ਸਿੰਘ

**ਅਜੀਤ ਸਿੰਘ ਸੂਫੀ** (੧੩ ਦਸੰਬਰ ੧੯੩੪—ਜੀਵਤ)

ਆਪ ਦਾ ਜਨਮ ਡਲ, ਜ਼ਿਲਾ ਅੰਮ੍ਰਿਤਸਰ ਵਿਚ ਸ: ਕੁੰਦਨ ਸਿੰਘ ਦੇ ਘਰ ਹੋਇਆ। ਸ਼੍ਰੀ ਗੁਰੂ ਹਰੀ ਸਿੰਘ ਮਹਾਂ-ਵਿਦਿਆਲਾ ਜੀਵਨ ਨਗਰ ਵਿਚ ਅਧਿਆਪਕ ਹਨ।

ਕਹਾਣੀਆਂ, ਕਵਿਤਾਵਾਂ ਅਤੇ ਚਿਤਰਾਂ ਦੀ ਰਚਨਾ ਕਰਦੇ ਹਨ।

ਆਪ ਦਾ ਸਬੰਧ ਨਾਮਧਾਰੀ ਪੰਥ ਨਾਲ ਹੈ।

**ਅਜੀਤ ਸਿੰਘ ਦਾਗ਼** (੫ ਜੁਲਾਈ ੧੯੩੪—ਜੀਵਤ)

ਜਨਮ ਬਿਲਾਸਪੁਰ ਨਿਵਾਸੀ ਸ਼੍ਰੀ ਨਿਹਾਲ ਸਿਘ ਬੇਦੀ ਦੇ ਘਰ ਹੋਇਆ। ਵਿਦਿਆ ਵਿਚ ਗਿਆਨੀ ਤੇ ਐਫ. ਏ. ਦੀਆਂ ਯੋਗਤਾਵਾਂ ਵੀ ਸ਼ਾਮਲ ਹਨ। 'ਕਹਾਣੀ' 'ਦਿਹਾਤ-ਸੁਧਾਰ', 'ਪੰਜ ਦਰਿਆ' ਆਦਿਕ ਪਤਰਾਂ ਵਿਚ ਸਹਾਇਕ ਸੰਪਾਦਕ ਰਹਿਣ ਪਿਛੋਂ 1957 ਤੋਂ ਐਂਗਲੋ ਸੰਸਕ੍ਰਿਤ ਹਾਇਰ ਸੈਕੰਡਰੀ ਸਕੂਲ, ਮੁਕੇਰੀਆਂ ਵਿਚ ਅਧਿਆਪਕ ਹਨ।

ਪੰਜਾਬੀ ਦੇ ਤਕਰੀਬਨ ਸਾਰੇ ਪਤਰਾਂ ਵਿਚ ਆਪ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ। ਗਾਇਕ ਵੀ ਹਨ।

ਆਪਦੀ ਵਿਚਾਰਧਾਰਾ ਅਗੰਰਗਾਮੀ ਹੈ।

**ਅਜੀਤ ਸਿੰਘ ਨੰਦੜਾ**

ਵੇਖੋ
ਨੰਦੜਾ, ਅਜੀਤ ਸਿੰਘ

**ਅਜੀਤ ਸਿੰਘ ਰਾਹੀ** (੨ ਅਗੱਸਤ ੧੯੩੮—ਜੀਵਤ)

ਜਨਮ ਚੱਕ ੬੫ ਮੁੜੇਦਪੁਰ ਜ਼ਿਲਾ ਲਾਇਲਪੁਰ ਵਿਚ ਸ: ਸਰਵਣ ਸਿੰਘ ਦੇ ਘਰ ਹੋਇਆ। 1939 ਵਿਚ ਸੋਨਾ, ਤਹਿਸੀਲ ਨਵਾਂ ਸ਼ਹਿਰ, ਜ਼ਿਲਾ ਜਾਲੰਧਰ ਵਿਚ ਆ ਗਏ। ੧੯੫੮ ਵਿਚ ਨਵਾਂ ਸ਼ਹਿਰ ਦੇ ਸਰਕਾਰੀ ਸਕੂਲੋਂ ਦਸਵੀਂ ਕੀਤੀ।

ਕੁਝ ਚਿਰ ਲਈ ਆਪ ਪੰਜਾਬ ਕਮਿਊਨਿਸਟ ਪਾਰਟੀ ਦੇ ਉੱਚ ਕਰਮਚਾਰੀ ਵੀ ਰਹਿ ਚੁਕੇ ਹਨ।

ਅਖਬਾਰਾਂ ਵਿਚ ਆਪ ਦੀਆਂ ਕਾਫ਼ੀ ਰਚਨਾਵਾਂ ਛਪ ਚੁਕੀਆਂ ਹਨ।

ਆਪਦੀ ਵਿਚਾਰਧਾਰਾ ਅਗਰਗਾਮੀ ਹੈ।

**ਅਜੀਤ ਸੈਣੀ**

ਵੇਖੋ

ਸੈਣੀ, ਅਜੀਤ

**ਅਜੀਤ ਪੰਡੀ, ਨਾਰੰਗਵਾਲ** (**ਪ ਫਰਵਰੀ** ੧੯੩੪—**ਜੀਵਤ**)

ਜਨਮ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਚ ਸ: ਮੱਖਣ ਸਿੰਘ ਦੇ ਘਰ ਹੋਇਆ। ੧੯੫੬ ਤੋਂ ਆਪ ਲੋਕ-ਸਾਹਿਤ ਦੀ ਰਚਨਾ ਕਰ ਰਹੇ ਹਨ ਆਪਦੀਆਂ ਸੌ ਕੁ ਕਵਿਤਾਵਾਂ ਪ੍ਰਸਿੱਧ ਪੰਜਾਬੀ ਪਤਰਾਂ ਵਿਚ ਛਪ ਚੁਕੀਆਂ ਹਨ। ਪੰਜਾਬੀ ਸਾਹਿਤ ਸਭਾ ਭਵਾਨੀਗੜ੍ਹ (ਸੰਗਰੂਰ) ਨਾਲ ਆਪਦਾ ਗੂੜਾ ਸਬੰਧ ਹੈ। ਅਜ ਕਲ ਭਵਾਨੀਗੜ੍ਹ ਦੇ ਪਸ਼ੂ-ਹਸਪਤਾਲ ਵਿਚ ਕੰਮ ਕਰਦੇ ਹਨ।

ਆਪ ਬੜੇ ਸਰਗਰਮ ਸਾਹਿਤਕਾਰ ਹਨ।

**ਅਜੁੱਧਿਰਾਗਿਰ ਸਵਾਮੀ**

ਆਪਦੀ ਪੁਸਤਕ 'ਸੁਹਣੇ ਜੀਵਨ ਦੀ ਕੁੰਜੀ' ਨੂੰ ਬਾਬੂ ਬਿਰਜ ਲਾਲ ਐਮਨਾਬਾਦ (ਗੁਜਰਾਂਵਾਲਾ) ਨੇ ਪ੍ਰਕਾਸ਼ਿਤ ਕੀਤਾ।

**ਅਜਮੇਰ ਸਿੰਘ** (੧੫ **ਅਗਸਤ** ੧੯੨੦—**ਜੀਵਤ**)

ਜਨਮ ਪਿੰਡ ਲੋਹਗੜ੍ਹ ਜ਼ਿਲਾ ਲੁਧਿਆਣਾ ਵਿਚ ਸ: ਪ੍ਰੀਤਮ ਸਿੰਘ ਦੇ ਘਰ ਹੋਇਆ। ੧੬ ਵਰ੍ਹਿਆਂ ਦੀ ਉਮਰ ਵਿਚ ਗਿਆਨੀ ਕੀਤੀ। ਫਿਰ ਆਪਨੇ ਐਮ. ਏ. ਬੀ. ਟੀ. ਤਕ ਵਿਦਿਆ ਪ੍ਰਾਪਤ ਕੀਤੀ। 1940 ਤੋਂ ਹੁਣ ਤਕ ਆਪ ਪੰਜਾਬੀ ਪਤਰਕਾਰੀ ਦੀ ਸੇਵਾ ਕਰਦੇ ਚਲੇ ਆ ਰਹੇ ਹਨ।

(੧) ਇਕ ਸੁੱਚਾ ਜੀਵਨ (੨) ਇਹ ਮਨੁੱਖ ? (੩) ਸੁੱਤੀ ਦੁਨੀਆਂ ਅਤੇ (੪) ਵਜਦੇ ਨਗਾਰੇ ਆਪਦੀਆਂ ਪ੍ਰਸਿੱਧ ਪੁਸਤਕਾਂ ਹਨ। ਅੱਠ ਕੁ ਅਣ-ਛਪੀਆਂ ਪੁਸਤਕਾਂ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ।

ਗੁਰੂ ਘਰ ਦੀ ਵਿਚਾਰਧਾਰਾ ਨਾਲ ਆਪਦਾ ਗੂੜ੍ਹਾ ਨਿਹੁੰ ਹੈ।

**ਅਜਮੇਰ ਸਿੰਘ ਸੰਧੂ**

ਵੇਖੋ

ਸੰਧੂ, ਅਜਮੇਰ ਸਿੰਘ

**ਅਜਮੇਰ ਸਿੰਘ ਗਿਆਨ** (੧੯੩੯ **ਅਨੁ:—ਜੀਵਤ**)

ਆਪ ਸੁਰਗਵਾਸੀ ਸ੍ਰੀ ਨਿਰੰਜਨ ਸਿਘ ਦੇ ਸਪੁੱਤਰ ਅਤੇ ਸਰਕਾਰ ਦੇ ਮੁਲਾਜ਼ਮ ਹਨ। ਪੜ੍ਹਾਈ ਦੇ ਸਬੰਧ ਵਿਚ ਮੰਡੀ ਡਬਵਾਲੀ ਰਹਿ ਚੁਕੇ ਹਨ ਅਤੇ ਨੌਕਰੀ ਦੇ ਸਬੰਧ ਵਿਚ ਪਟਿਆਲੇ ਹਨ।

ਪੰਜਾਬੀ ਅਤੇ ਹਿੰਦੁਸਤਾਨੀ ਵਿਚ ਕਹਾਣੀਆਂ, ਕਵਿਤਾਵਾਂ ਲਿਖਦੇ ਹਨ।

ਆਪਦੀ ਵਿਚਾਰਧਾਰਾ ਮਨੁਖਵਾਦੀ ਹੈ।

**ਅਣੋਖ ਸਿੰਘ ਗਿਆਨੀ**

ਆਪ ਦੁਆਰਾ ਰਚਿਤ ਜੀਵਨੀ 'ਨਿਧੜਕ ਸੂਰਮੇ' ਨੂੰ ਫੌਜਾ ਸਿੰਘ ਘਾਲੀ (ਮੋਗਾ) ਨੇ ਪ੍ਰਕਾਸ਼ਿਤ ਕੀਤਾ।

**ਆਤਮਾ ਸਿੰਘ** (੮ **ਜਨਵਰੀ** ੧੯੦੧—**ਜੀਵਤ**)

ਜਨਮ ਮੋਗਾ ਜ਼ਿਲਾ ਫੀਰੋਜ਼ਪੁਰ ਵਿਚ ਸ: ਪ੍ਰੇਮ ਸਿੰਘ ਦੇ ਘਰ ਹੋਇਆ। ਸਥਾਨਕ ਭੁਪਿੰਦਰ ਖਾਲਸਾ ਸਕੂਲੋਂ ਦਸਵੀਂ ਕਰਨ ਪਿਛੋਂ ਆਪਨੇ ਅੰਮ੍ਰਿਤਸਰ ਦੇ ਖਾਲਸਾ ਕਾਲਜੋਂ ਵੀ ਵਿਦਿਆ ਪ੍ਰਾਪਤ ਕੀਤੀ। ਫਿਰ ਆਪ ਕੁਝ ਚਿਰ ਸਕੂਲ ਅਧਿਆਪਕ ਰਹੇ। 1936 ਵਿਚ ਆਪਨੇ ਸਪਤਾਹਕ 'ਸੁਖ-ਜੀਵਨ' ਦੀ ਨੀਂਹ ਰਖੀ। ਇਹ ਪਤਰ ਹੁਣ ਤਕ ਚਲ ਰਿਹਾ ਹੈ। ਕੈਨੇਡਾ, ਅਮਰੀਕਾ, ਮਲਾਇਆ, ਇੰਗਲੈਂਡ, ਜਰਮਨੀ, ਫਰਾਂਸ

ਆਦਿਕ ਦਾ ਰਟਨ ਵੀ ਆਪਦੇ ਅਨੁਭਵ ਵਿਚ ਸ਼ਾਮਲ ਹੈ।

ਸੁਖ-ਜੀਵਨ ਵਿਚ ਛਪੇ ਅਗਰਗਾਮੀ ਪਤਰਕਾਰਕ ਲੇਖ ਆਪਦੀ ਰਚਨਾ ਦਾ ਵਿਸ਼ੇਸ਼ ਭਾਗ ਹਨ।

**ਆਤਮਾ ਸਿੰਘ ਸਨਖਤਰਵੀ (ਜਨਵਰੀ ੧੯੧੪—ਜੀਵਤ)**

ਆਪਦਾ ਜਨਮ ਗੁਰੂ ਚੱਕ, ਜਿਲਾ ਸਿਆਲਕੋਟ ਵਿਚ ਸੰਤ ਬੇਲਾ ਸਿੰਘ ਦੇ ਘਰ ਹੋਇਆ। ਆਤਮਾ ਵਿਚਾਰਧਾਰਾ, ਅਨੋਖਾ ਚੋਜ, ਆਦਿਕ ਪੁਸਤਕਾਂ ਆਪਦੀ ਰਚਨਾ ਵਿਚ ਸ਼ਾਮਲ ਹਨ।

ਆਪਦਾ ਸਥਾਨ ਉਚੇਰੇ ਨਾਮਧਾਤੀ ਲੇਖਕਾਂ ਵਿਚ ਹੈ। ਅਜ ਕਲ ਨਾਮਧਾਰੀ ਪੰਥ ਦੇ ਪਤਚਾਰਕ ਹਨ।

**ਆਤਮਾ ਸਿੰਘ ਗਿਆਨੀ**

ਆਪਦੀ ਇਤਿਹਾਸ-ਪੁਸਤਕ 'ਸਾਖੀ ਪ੍ਰਮਾਣ' ੪੧੨ ਸਫਿਆਂ ਤਕ ਵਿਸਤ੍ਰਿਤ ਹੈ।

ਆਪਦੀ ਪਹੁੰਚ ਵਿਦਵਾਨਾਂ ਵਾਲੀ ਹੈ।

**ਆਤਮਾ ਸਿੰਘ ਗਿਆਨੀ** (-੧੯੫੨-)

ਆਪ ਪਟਿਆਲਾ ਰਿਆਸਤ ਦੇ ਇਤਿਹਾਸਕਾਰ ਹਨ। ਹੇਠ ਲਿਖੀਆਂ ਪੁਸਤਕਾਂ ਆਪਦੀ ਪ੍ਰਮੁਖ ਰਚਨਾ ਵਿਚ ਸ਼ਾਮਲ ਹਨ।

(੧) ਪਟਿਆਲਾ ਸ਼ਾਹੀ ਘਰਾਣੇ ਦੀਆਂ ਸੂਰਬੀਰ ਦੇਵੀਆਂ, (੨) ਦਰਬਾਰ ਪਟਿਆਲਾ ਤੇ ਸਰਕਾਰ ਅੰਗ੍ਰੇਜ਼ੀ, (੩) ਸਰਕਾਰ ਪਟਿਆਲਾ ਤੇ ਵਿਦਿਆ, (੪) ਪਟਿਆਲਾ ਯੂਨੀਅਨ ਦਾ ਸੰਖੇਪ ਇਤਿਹਾਸ ਤੇ ਸ਼ਹਿਰੀਅਤ, (੫) ਸ਼ਹਿਰੀ ਵਿਦਿਆ ਤੇ ਪਟਿਆਲਾ ਯੂਨੀਅਨ ਦੀਆਂ ਇਤਿਹਾਸਕ ਕਹਾਣੀਆਂ ਆਦਿਕ।

**ਆਤਮਾ ਸਿੰਘ ਮਹੰਤ**

ਆਪਦੀ ਪੁਸਤਕ 'ਜ਼ਿੰਦਗੀ ਨਾਮਾ ਸਟੀਕ' ਗ਼ਰਮੱਤ ਪ੍ਰੈਸ ਲਾਹੌਰ ਨੇ ੪੩੦ ਨਾਨਕਸ਼ਾਹੀ ਵਿਚ ਪ੍ਰਕਾਸ਼ਿਤ ਕੀਤੀ।

**ਆਤਮਾ ਸਿੰਘ ਰਾਵਲਪਿੰਡੀ (੨੦ਵੀਂ ਸਦੀ)**

ਆਪ ਸਿੱਖ ਰਾਜਨੀਤੀ ਪ੍ਰਤੀ ਕਾਫ਼ੀ ਚਿੰਤਤ ਰਹਿੰਦੇ ਰਹੇ ਹਨ। ਆਪਦੀ ਪੁਸਤਕ 'ਪੰਥਕ ਉਨਤੀ ਲਈ ਉਸਾਰੂ ਪ੍ਰੋਗਰਾਮ' ਪ੍ਰਤਾਪ ਹਰੀ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਆਤਮ ਸਰੂਪ** (-੧੮੮੭)

ਆਪਦੀ ਪੁਸਤਕ 'ਪੰਚ ਦਸ਼ੀ' 1887 ਵਿਚ ਮੁਸਤਫਈ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ। ਇਸ ਵਿਚ ਆਪ ਨੇ ਵੇਦਾਂਤ ਸਬੰਧੀ ਵਿਚਾਰ ਕੀਤੀ ਹੈ।

**ਆਤਮਾ ਰਾਮ** (-੧੮੬੬-)

ਆਪਨੇ ਸਵਾਮੀ ਦਇਆ ਨੰਦ ਦੀ ਧਰਮ-ਪੁਸਤਕ 'ਸਤਿਆਰਥ ਪਰਕਾਸ਼' ਪੰਜਾਬੀ ਵਿਚ ਰੂਪਾਂਤਰਿਤ ਕੀਤੀ। ਇਸ ਨੂੰ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਨੇ ੧੯੫੬ ਬਿਕ੍ਰਮੀ ਵਿਚ ਪ੍ਰਕਾਸ਼ਿਤ ਕੀਤਾ।

**ਆਤਮਾ ਰਾਮ (੨੦ਵੀਂ ਸਦੀ)**

ਆਪਦੀ ਇਤਿਹਾਸ-ਪੁਸਤਕ 'ਗੁਰ ਭਗਤ ਮਾਲ' ਪੰਜ ਸੌ ਸਫਿਆਂ ਦੇ ਵਿਸਤਾਰ ਵਿਚ ਮਾਘੀ ਰਾਮ ਐਂਡ ਸਨਜ਼ ਨੇ ਪ੍ਰਕਾਸ਼ਿਤ ਕੀਤੀ। ਆਪਦਾ ਨਾਮ ਖੋਜੀ ਵਿਦਵਾਨਾਂ ਵਿਚ ਗਿਣਿਆ ਜਾਂਦਾ ਹੈ।

**ਆਤਮਾ ਰਾਮ ਸੂਦ**

ਵੇਖੋ
ਸੂਦ, ਆਤਮਾ ਰਾਮ

**ਆਤਮਾ ਰਾਮ ਵੈਦ (-੧੯੧੪-)**

ਆਪਦੀ ਪ੍ਰਸਿੱਧ ਪੁਸਤਕ 'ਚਰਕ ਸਹਿੰਤਾ' ੧੯੧

ਵਿਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ। ਇਸਦਾ ਵਿਸ਼ੈ ਵੈਦਕ ਚਕਿੱਤਸੇ ਨਾਲ ਹੈ।

**ਅੱਤਰ ਸਿੰਘ** (੧ਫਰਵਰੀ ੧੯੩੨—ਜੀਵਤ)

ਜਨਮ ਰਾਵਲਪਿੰਡੀ ਜ਼ਿਲੇ ਦੇ ਪਿੰਡ ਸਗੱਰੀ ਵਿਚ ਸ: ਕਿਸ਼ਨ ਸਿੰਘ ਘਰ ਹੋਇਆ। ਮਹਿੰਦਰ ਕਾਲਜ ਪਟਿਆਲਿਓਂ ਪੰਜਾਬੀ ਦੀ ਐਮ. ਏ. ਪਹਿਲੇ ਦਰਜੇ ਵਿਚ ਕੀਤੀ। ਪਿਛੋਂ ਆਪ ਪੰਜਾਬੀ ਦੇ ਅਧਿਆਪਕ ਬਣਕੇ ਪਟਿਆਲੇ ਤੇ ਰੋਪੜ ਦੇ ਸਰਕਾਰੀ ਕਾਲਜਾਂ ਵਿਚ ਰਹੇ। ਅਜ ਕਲ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਮਹਿਕਮੇ ਵਿਚ ਹਨ।

'ਕਾਵਿ-ਅਧਿਅਨ' ਨਾਂ ਦੀ ਪੁਸਤਕ ਵਿਚ ਕਵਿਤਾ ਸਬੰਧੀ ਆਪਦੇ ਵਿਕੋਲਿਤਰੇ ਲੇਖ ਦਰਜ ਹਨ। ਆਪਦੇ ਬਹੁਤ ਸਾਰੇ ਆਲੋਚਨਾਤਮਕ ਲੇਖ ਮਾਸਕ ਪਤਰਾਂ ਵਿਚ ਵੀ ਛਪ ਚੁਕੇ ਹਨ।

ਪਛਮੀ ਸਾਹਿਤ ਨਾਲ ਗੂੜ੍ਹਾ ਨਿਹੁੰ ਹੈ। ਪਰਯੋਗ ਅਤੇ ਨਵੀਨਤਾ ਦੇ ਧਾਰਨੀ ਅਤੇ ਮੌਲਿਕ ਚਿੰਤਕ ਹਨ।

ਜਨਵਰੀ ੧੯੬੩ ਤੋਂ ਆਪ ''ਆਲੋਚਨਾ'' ਮਾਸਕ ਸੰਪਾਦਕ ਵੀ ਹਨ।

**ਅੱਤਰ ਸਿੰਘ, ਸਰ** (੧੮੩੩—੧੦ ਜੂਨ ੧੮੯੯)

ਜਨਮ ਪਿੰਡ ਭਦੌੜ ਜ਼ਿਲਾ ਪਟਿਆਲਾ ਵਿਚ ਸ: ਖੜਕ ਸਿੰਘ ਦੇ ਘਰ ਹੋਇਆ। ਸੰਸਕ੍ਰਿਤ, ਫਾਰਸੀ, ਅੰਗ੍ਰੇਜ਼ੀ ਅਤੇ ਪੰਜਾਬੀ ਦਾ ਆਪਨੂੰ ਗੂੜ੍ਹ ਗਿਆਨ ਸੀ। ਆਪ ਏਸ਼ੀਐਟਕ ਸੁਸਾਇਟੀ (ਬੰਗਾਲ-ਪੰਜਾਬ) ਅਤੇ ਪੰਜਾਬ ਯੂਨੀਵਰਸਿਟੀ ਦੇ ਮੈਂਬਰ ਸਨ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸਿੱਖੀ ਦੀ ਵਿਆਖਿਆ ਵਿਗਿਆਨਕ ਲੀਹਾਂ ਉਤੇ ਸ਼ੁਰੂ ਕੀਤੀ। ਵਿਦਿਆਕਾਰ ਵਜੋਂ ਵੀ ਬੜੇ ਸਰਗਰਮ ਸਨ।

ਪੰਜਾਬੀ ਵਿਚ ਆਪਨੇ 'ਤਵਾਰੀਖ-ਸਿੱਧੂ, ਬੈਰਾੜਾਂ ਅਤੇ ਖਾਨਦਾਨ ਫੂਲ' ਨਾਂ ਦੀ ਪੁਸਤਕ ਲਿਖੀ।

ਅੰਗ੍ਰੇਜ਼ੀ ਵਿਚ 'ਸਾਖੀ ਬੁਕ', ''ਟਰੈਵਲਜ਼ ਆਫ ਗੁਰੂ ਤੇਗ ਬਹਾਦਰ ਐਂਡ ਗੁਰੂ ਗੋਬਿੰਦ ਸਿੰਘ'' ਰਹਿਤ-ਨਾਮਾ ਆਫ ਪ੍ਰਹਿਲਾਦ ਰਾਏ ਐਂਡ ਨੰਦ ਲਾਲ' ਆਦਿਕ ਪੁਸਤਕਾਂ ਰਚੀਆਂ। 'ਚੌਣਵੇਂ ਸ਼ਬਦਾਂ' ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ।

ਉਰਦੂ ਵਿਚ ਆਪਨੇ ਜਪੁਜੀ ਸਾਹਿਬ ਸਟੀਕ ਰਚੀ।

**ਅਤਰ ਸਿੰਘ ਪੈਨਸ਼ਨਰ**

'ਸਾਖੀ ਪ੍ਰਮਾਣ ਸਟੀਕ' ਆਪਦਾ ਪ੍ਰਸਿੱਧ ਟੀਕਾ ਹੈ। 328 ਸਫਿਆਂ ਦੇ ਇਸ ਵਿਸਤਾਰ ਵਿਚੋਂ ਆਪਦੀ ਵਿਦਿਆ ਨੂੰ ਭਲੀ ਪਰਕਾਰ ਮਾਪਿਆ ਜਾ ਸਕਦਾ ਹੈ।

**ਅਨਾਥ ਦਾਸ ਸਾਧੂ**

ਆਪਦੀ ਪੁਸਤਕ 'ਵਿਚਾਰ ਮਾਲਾ' ਵਿਚ 'ਵੇਦਾਂਤ' ਸੰਬੰਧੀ ਡੂੰਘੀ ਵਿਚਾਰ ਹੈ।

**ਆਨੰਦ, ਤਰਲੋਕ ਸਿੰਘ** (੧੦ ਨਵੰਬਰ ੧੯੪੨—ਜੀਵਤ)

ਆਪ ਨਾਭੇ ਦੇ ਨਿਵਾਸੀ ਅਤੇ ਸ: ਇੰਦਰ ਸਿੰਘ ਆਨੰਦ ਦੇ ਸਪੁੱਤਰ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਅਤੇ ਕਵਿ-ਤਾਵਾਂ ਲਿਖਦੇ ਹਨ।

**ਅਨੂਪ ਸਿੰਘ ਸੰਧੂ**

ਵੇਖੋ
ਸੰਧੂ, ਅਨੂਪ ਸਿੰਘ

**ਅਨੂਪ ਸਿੰਘ ਚੰਨ** (-੧੯੪੪-)

ਆਪਦੇ ਕਾਵਿ-ਸੰਗਿਰਹਿ 'ਚੰਨ ਦੀਆਂ ਰਿਸ਼ਮਾਂ' ਨੂੰ ਬੇਕਲ ਬੁਕ ਏਜੰਸੀ ਅੰਮ੍ਰਿਤਸਰ ਨੇ ੧੯੪੪ ਵਿਚ

ਪ੍ਰਕਾਸ਼ਿਤ ਕੀਤਾ ।

**ਐਫ. ਸੀ. ਗਡੀਹੋਨ**

ਆਪ ਦੀ ਪੁਸਤਕ 'ਨਾਨਕ ਨਿਰੰਕਾਰੀ ਜਪ ਜਹਾਜ਼' ੫੪੮ ਸਫ਼ਿਆਂ ਦੇ ਵਿਸਤਾਰ ਵਿਚ ਪ੍ਰਕਾਸ਼ਿਤ ਹੋ ਚੁਕੀ ਹੈ ।

**ਅਬਦੁਲ** (ਸਤ੍ਰਾਰਵੀਂ ਸਦੀ)

ਆਪ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਵਾਰਾਂ ਗਾਉਂਦੇ ਸਨ । ਨਵੀਂ ਸਜੀ ਸਿੱਖ ਫ਼ੌਜ ਨੂੰ ਵਾਰਾਂ ਗਾ ਕੇ ਜੋਸ਼ ਦਿਵਾਉਣਾ ਵੀ ਆਪਦਾ ਫਰਜ਼ ਸੀ ।

ਆਪ ਮੂਲ ਰੂਪ ਵਿਚ ਗਾਇਕ ਸਨ। ਰਚਨਾ ਦਾ ਵਿਸਤਾਰ ਨਹੀਂ ਮਿਲਦਾ ।

**ਅਬਦੁਲ ਅਜ਼ੀਜ਼** (੧੮੮੦-੧੯੦੫)

ਪ੍ਰਸਿੱਧ ਕਵੀ ਮੌਲਵੀ ਰੌਸ਼ਨ ਦੀਨ ਸਾਈਆਂ ਆਪ-ਦੇ ਪਿਤਾ ਸਨ। ਆਪ ੨੫ ਵਰ੍ਹਿਆਂ ਦੀ ਆਯੂ ਵਿਚ ਸਮਾਜ ਤੇ ਧਰਮ ਲਈ ਬੇਅੰਤ ਅਮਲੀ ਤੇ ਸਾਹਿਤਕ ਘਾਲਣਾ ਘਾਲ ਚੁਕੇ ਸਨ। ਕਿੱਸਾ ਜਾਬਰ, ਹੋਕਾ ਮੁਹੰਮਦੀ, ਫਰਿਆਦ ਇਸਲਾਮ ਫਜ਼ਾਇਲ ਮੁਹੰਮਦੀ, ਬਸ਼ਾਰਤ-ਇ-ਮੁਹੰਮਦੀ, ਕਿੱਸਾ ਜੈਬ ਅਨਸਾਰੀ, ਅਸੂਲ ਜ਼ਿੰਦਗੀ, ਸੁਰਮਾ ਚਸ਼ਮ ਕਾਜ਼ੀਆਂ ਆਦਿਕ ਆਪਦੀਆਂ ਪ੍ਰਸਿੱਧ ਰਚਨਾਵਾਂ ਹਨ। ਆਪਦੀ ਸ਼ੈਲੀ ਸਾਈਆਂ ਜੀ ਦੀ ਸ਼ੈਲੀ ਨਾਲ ਮਿਲਦੀ ਜੁਲਦੀ ਹੈ। ਸ਼ੈਲੀ ਉਪਦੇਸ਼ਾਤਮਕ ਹੈ। ਆਪਦੇ ਕਿੱਸਿਆਂ ਵਿਚ ਅਧਿਆਤਮਕ ਅਨੁਭਵਾਂ ਦਾ ਪ੍ਰਗਟਾਓ ਹੈ।

**ਅਬਦੁਲ ਸਤਾਰ ਮੌਲਵੀ**

ਆਪ ਦੀ ੪੨੩ ਸਫ਼ਿਆਂ ਵਾਲੀ ਕਾਵਿ-ਪੁਸਤਕ ਇਲਰਾਮ-ਇ-ਮੁਹੰਮਦੀ'' ਨੂੰ ਲਾਹੌਰ ਦੇ ਪ੍ਰਕਾਸ਼ਕ ਮੁਹੰਮਦ ਮੁਅਜ਼ਮ ਨੇ ਫਾਰਸੀ ਅਖ਼ਰਾਂ ਵਿਚ ਪ੍ਰਕਾਸ਼ਿਤ ਕੀਤਾ ।

**ਅਬਦੁਲ ਹਕੀਮ, ਮੌਲਵੀ**

ਆਪਨੂੰ ਹਾਫਜ਼ ਬਰਖੁਰਦਾਰ ਨੇ ਆਪਣਾ ਉਸਤਾਦ ਦਸਿਆ ਹੈ। ਆਪਦਾ ਸਬੰਧ ਜਹਾਨਾਬਾਦ, ਜ਼ਿਲਾ ਸਰਗੋਧਾ ਸ਼ਾਹਪੁਰ ਨਾਲ ਜੋੜਿਆ ਜਾਂਦਾ ਹੈ। ਕਈ ਲੋਕ ਆਪਨੂੰ ਹੀ ਮੌਲਵੀ ਅਬਦੁਲ ਹਕੀਮ ਸਿਆਲਕੋਟੀ ਸਮਝਦੇ ਹਨ (ਉਹਨਾਂ ਦੀ ਮੌਤ ੧੦੬੮ ਹਿਜਰੀ ਵਿਚ ਹੋਈ ਹੈ ।

ਆਪਣੀ ਰਚਨਾ 'ਫਰਾਇਜ਼ ਹਿੰਦਵੀ (੧੦੮੧ ਹਿਜਰੀ) ਵਿਚ ਹਾਫਜ਼ ਬਰਖੁਰਦਾਰ ਜੀ ਲਿਖਦੇ ਹਨ:—

ਜੋੜੇ ਫਰਾਇਜ਼ ਹਿੰਦਵੀ, ਵਿਚ ਜਹਾਨਾਬਾਦ ।
ਜਾਂ ਹੋਇਆ ਲੁਤਫ ਖੁਦਾਇ ਦਾ, ਮਦਦ ਕੀਤੀ ਉਸਤਾਦ
ਇਹ ਨਾਂ ਨੂੰ ਅਬਦੁਲ ਹਕੀਮ ਹੈ, ਹੋਇਆ ਇਸ ਮਕਾਨ
ਫਰਾਇਜ਼ ਪੜ੍ਹੇ ਜਿਸ ਥੀਂ, ਸਾਬਤ ਹੋਸ ਈਮਾਨ ।

**ਅਬਦੁਲ ਹਮੀਦ ਅਮਰ** (੧੩ ਮਾਰਚ, ੧੯੨੪— ਜੀਵਤ)

ਜਨਮ ਪਿੰਡ ਕੋਟਲਾ ਕਾਹਲੋਂ, ਜ਼ਿਲਾ ਗੁਰਦਾਸਪੁਰ ਵਿਚ ਹੋਇਆ। ਦਸਵੀਂ ਅਤੇ ਅਦੀਬ ਫਾਜ਼ਲ ਕਰਨ ਪਿਛੋਂ ਆਪ ਮਕੈਨਕ ਦਾ ਕੰਮ ਕਰਨ ਲਗ ਪਏ। ਸਾਈਂ ਗੁਹਲ ਅੱਲੀ ਦੀ ਪਰੇਰਨਾ ਨਾਲ ਆਪ ੧੯੩੮ ਦੇ ਸਾਲ ਸਾਹਿਤ ਦੇ ਖੇਤਰ ਵਿਚ ਆਏ। ਆਪ ਪਾਕਿਸਤਾਨ ਦੀਆਂ ਬਹੁਤ ਸਾਰੀਆਂ ਸਭਾਵਾਂ ਦੇ ਅਹੁਦੇਦਾਰ ਅਤੇ 'ਪੰਚਾਇਤ' ਦੇ ਸੰਪਾਦਕ (੧੯੫੮-੫੯) ਰਹਿ ਚੁਕੇ ਹਨ । ਅਜ ਕਲ ਲਾਹੌਰ ਹੁੰਦੇ ਹਨ। ਬੜੇ ਪ੍ਰਗਤੀਸ਼ੀਲ ਕਵੀ ਹਨ:—

ਵਾੜ ਪੈਲੀ ਨੂੰ ਖਾਂਦੇ ਜਾਵੇ,
ਵਾਹਕਾਂ ਦੇ ਸਿਰ ਤਾਅਨਾ ।

ਚੋਰ ਉਚੱਕੇ ਰਾਖੇ ਬਣ ਗਏ,
ਸਯਦਾਂ ਨੂੰ ਜੁਰਮਾਨਾ ।
ਆਹਲਣਿਓਂ ਸਿਰ ਬਾਹਰ ਨਾ ਕਢੀਂ,
ਅਮਰ ਜ਼ਬਾਨੋਂ ਬੋਲੀਂ ਨਾ ।
ਚਾਰ ਚੁਫੇਰੇ ਗੁਲੇਲਿਆਂ ਵਾਲੇ,
ਬੈਠੇ ਬੰਨ੍ਹ ਨਿਸ਼ਾਨਾ ।

**ਅਬਦੁਲ ਹਮੀਦ ਮਿਰਜ਼ਾ ਹਕੀਮ**

ਆਪਦੀ ਕਾਵਿ-ਪੁਸਤਕ 'ਢੋਲ ਬਾਦਸ਼ਾਹ' ਨੂੰ ਜੇ ਐਸ. ਸੰਤ ਸਿੰਘ ਲਾਹੌਰ ਨੇ ਫਾਰਸੀ ਅਖ਼ਰਾਂ ਵਿਚ ਪ੍ਰਕਾਸ਼ਿਤ ਕੀਤਾ ।

**ਅਬਦੁਲ ਗਫ਼ੂਰ, ਕੁਰੈਸ਼ੀ**

ਵੇਖੋ
ਕੁਰੈਸ਼ੀ, ਅਬਦੁਲ ਗਫ਼ੂਰ

**ਅਬਦੁਲ ਰਹੀਮ ਖਾਨ** (੧੫੫੬-੧੬੨੭)

ਆਪ ਅਕਬਰ ਦੇ ਅਹਿਲਕਾਰ ਬੈਰਾਮ ਖਾਨ ਦੇ ਪੁੱਤਰ ਸਨ । ੧੫੮੬ ਵਿਚ ਟੋਡਰ ਮਲ ਦੀ ਮੌਤ ਪੁਰ ਆਪ ਅਕਬਰ ਦੇ ਪਰਧਾਨ ਮੰਤਰੀ ਬਣ ਗਏ । ਆਪ ਦੀ ਧੀ 'ਜਾਨੀ ਬੇਗਮ' ਦਾ ਵਿਆਹ ਸ਼ਾਹਜ਼ਾਦਾ ਦਾਨਿਆਲ ਨਾਲ ਹੋਇਆ । ਅਕਬਰ ਦੀ ਮੌਤ ਪਿਛੋਂ ਆਪ ੨੧ ਵਰੇ ਜਹਾਂਗੀਰ ਦੇ ਵੀ ਅਹਿਲਕਾਰ ਰਹੇ । ਆਪ ਦੀ ਕਬਰ ਦਿੱਲੀ ਵਿਚ ਨਿਜ਼ਾਮ-ਉ-ਦੀਨ ਕੋਲ ਹੈ।

ਆਪ ਪੰਜਾਬੀ, ਹਿੰਦੀ, ਫ਼ਾਰਸੀ ਤੇ ਅਰਬੀ ਦੇ ਵਿਦਵਾਨ ਕਵੀ ਸਨ । ਆਪ ਨੂੰ ਰਹਿਮਾਨ ਤੇ ਰਹੀਮ ਦੇ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ । ਆਪ ਦੀ ਰਚਨਾ ਤੋਂ ਪ੍ਰਗਟ ਹੁੰਦਾ ਹੈ ਕਿ ਸੋਲ੍ਹਵੀਂ ਸਤਾਰ੍ਹਵੀ ਸਦੀ ਵਿਚ ਦਿਲੀ ਦੇ ਮੁਸਲਮਾਨ ਸਾਹਿਤਕ ਹਲਕਿਆਂ ਵਿਚ ਭਾਰਤੀ ਪਰੰਪਰਾਵਾਂ ਦੀ ਕਾਫੀ ਮਾਨਤਾ ਸੀ । ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਸਾਧੁ ਸਰਾਹੈ ਸਾਧੁਤਾ ਯਤੀ ਜੋਸ਼ਿਤਾ ਜਾਨ ।
ਰਹਿਮਨ ਸਾਚੇ ਸੂਰ ਕੀ ਵੈਰੀ ਕਰੇ ਬਖਾਨ ।
ਫ਼ਰਜ਼ੀ ਸ਼ਾਹ ਨ ਹੈ ਸਕੈ, ਗਤਿ ਟੇਢੀ ਤਾਸੀਰ
ਰਹਿਮਨ ਸੀਧੀ ਚਾਲ ਤੇ ਪਿਆਰੋ ਹੋਤ ਵਜ਼ੀਰ ।

**ਅਬਦੁਲ ਰਹਿਮਾਨ ਖੁਲਦੀ**

ਵੇਖੋ
ਖੁਲਦੀ, ਅਬਦੁਲ ਰਹਿਮਾਨ

**ਅਬਦੁਲ ਵਹਾਬ ਸੱਚਲ** (੧੭੩੬—੧੮੨੬)

ਆਪਦਾ ਜਨਮ ਰਿਆਸਤ ਖੈਰਪੁਰ (ਸਿੰਧ) ਦੇ ਪਿੰਡ ਵਰਾਜ਼ਾ ਵਿਚ ਸਲਾਹਦੀਨ ਫਾਰਤੀ ਹੁਰਾਂ ਦੇ ਘਰ ਹੋਇਆ । ਮੌਲਵੀ ਲੁਤਫ਼ ਅਲਾ ਸ਼ਿਕਾਰਪੁਰੀ ਆਪਣੀ ਰਚਨਾ 'ਤਜ਼ਕਰਾ ਲਤਫੀ' ਵਿਚ ਲਿਖਦੇ ਹਨ ਕਿ ਇਕ ਵਾਰੀ ਸੱਚਲ ਹੁਰੀਂ ਆਪਣੇ ਚਾਚਾ ਸ਼ੇਖ ਅਬਦੁੱਲ ਹੱਕ ਫਾਰੂਤੀ ਦੀ ਪਰੇਰਨਾ ਉਤੇ ਮੁਲਤਾਨੋਂ ਆਏ ਬਜ਼ੁਰਗ ਮੁਹਕਮ ਦੀਨ ਦਾ ਸੁਆਗਤ ਕਰਨ ਗਏ । ਬਜ਼ੁਰਗਾਂ ਨੇ ਘੋੜੀ ਰੋਕ ਕੇ ਆਪਣੀ ਸਾਰੰਗੀ ਚੋਂ ਇਕ ਤਾਰ ਕਢੀ ਤੇ ਸੱਚਲ ਜੀ ਦੇ ਸੀਨੇ ਤੇ ਫੇਰ ਦਿਤੀ । ਇਸ ਰਸਮ ਦਾ ਅਧਿਆਤਮਕ ਪ੍ਰਭਾਵ ਆਪ ਉਤੇ ਸਾਰੀ ਉਮਰ ਰਿਹਾ ।

ਸੱਚਲ ਜੀ ਸਿੰਧੀ, ਸਰਾਇਕੀ, ਪੰਜਾਬੀ ਤੇ ਫ਼ਾਰਸੀ ਸਾਰੀਆਂ ਬੋਲੀਆਂ ਵਿਚ ਕਵਿਤਾ ਲਿਖਿਆ ਕਰਦੇ ਸਨ। ਆਪ ਨੇ ਕਾਫ਼ੀਆਂ ਦਾ ਰਿਵਾਜ ਅਪਨਾਇਆ । ਹਰ ਸਾਲ ਰਮਜ਼ਾਨ ਸ਼ਰੀਫ ਦੀ ਚੌਧਵੀਂ ਤਰੀਕ ਨੂੰ ਆਪ ਦਾ ਉਰਸ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ । ਆਪ ਦੀ ਫਾਰਸੀ ਰਚਨਾ 'ਦੀਵਾਨ ਆਸ਼ਕਾਰਾ' ਨੂੰ ਮੀਰ ਅਲੀ ਦਾਦ ਖਾਂ ਵਾਲੀਏ ਸਿੰਧ ਨੇ ਪ੍ਰਕਾਸ਼ਿਤ ਕਰਵਾਇਆ ।

ਆਪਦੀ ਪੰਜਾਬੀ ਕਵਿਤਾ ਵਿਚ ਰਾਗ ਬੜਾ ਬਲਵਾਨ ਹੈ। ਬਿੰਬਾਵਲੀ ਉਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਪ੍ਰਭਾਵ ਹੈ। ਆਪ ਦੀ ਰਚਨਾ ਅਧਿਆਤਮਕ ਧਾਰਾ ਤਾਕਤਵਰ ਹੋਣ ਦੀ ਸਾਖੀ ਭਰਦੀ ਹੈ :

ਸਾਰਾ ਲੋਕ ਸਿਆਲ ਨੂੰ ਵੈਂਦਾ,
ਰਾਂਝੂ ਦੀਆਂ ਰੁਸਵਾਈਆਂ।
ਜੋ ਕੁਝ ਸਾਨੂੰ ਰਾਂਝੂ ਕੀਤਾ,
ਸੋ ਕਿਉਂ ਲੋਕ ਸੁਣਾਈਆਂ।

**ਅਬਦੁਲਾ ਸ਼ਾਦਾ ਮੀਆਂ** (੧੮੩੬—੧੮੬੨)

ਆਪਦੇ ਪਿਤਾ ਮੀਆਂ ਵਰਿਆਮ ਬਾਜਬਾਨ, ਕੋਡੇ ਪੁਰ ਸੁਖਰਾਏ, ਤਹਿਸੀਲ ਕਸੂਰ ਜ਼ਿਲਾ ਲਾਹੌਰ ਦੇ ਸਾਧਾਰਨ ਕਾਮੇ ਸਨ। ਆਪ ਬੜੇ ਪਵਿੱਤਰ ਵਿਚਾਰਾਂ ਦੇ ਮਾਲਕ ਸਨ ਅਤੇ ਸਮਾਜ ਵਿਚ ਅਧਿਆਤਮਵਾਦੀ ਵਲੋਂ ਪਰਵਾਨ ਸਨ।

'ਦੁਰ੍ਹਾ ਅਲਾ ਮਲਾਮ' (੧੮੭੩) ਅਤੇ 'ਚਰਖਾ ਰੰਗ ਰੰਗੀਲਾ' ਆਪਦੀਆਂ ਪ੍ਰਕਾਸ਼ਿਤ ਪੁਸਤਕਾਂ ਹਨ। ਆਪਦੀ ਬਹੁਤ ਸਾਰੀ ਰਚਨਾ ਅਜੇ ਵੀ ਅਣਛੱਪੀ ਪਈ ਹੈ। ਆਪਨੇ ਨਿੱਕੇ ਨਿੱਕੇ ਤੋਲਾਂ ਵਿਚ ਬੁਲ੍ਹੇ ਸ਼ਾਹ ਦੀ ਰਪਕ ਪਰੰਪਰਾ ਨੂੰ ਨਿਭਾਇਆ ਹੈ। ਆਪਦੀ ਬਿੰਬਾਵਲੀ ਵਧੇਰੇ ਧਿਆਨਯੋਗ ਹੈ ਕਿਉਂਕਿ ਨਾਸ਼ਮਾਨਤਾ ਅਤੇ ਨਿਰਾਸ਼ਾਵਾਦ ਨੂੰ ਚਿਤਰਨ ਵਿਚ ਇਹ ਬੜੀ ਸਹਾਈ ਹੁੰਦੀ ਹੈ। ਆਪਦੀ ਕਵਿਤਾ ਵਿਚ ਸਰਲਤਾ ਦਾ ਪੱਖ ਹੋਰ ਵੀ ਬਲਵਾਨ ਹੈ। ਨਮੂਨਾ ਹੇਠਾਂ ਦਿੱਤਾ ਜਾਂਦਾ ਹੈ :

ਜਦ ਅੱਗ ਲਗੇ ਖਲਵਾੜੇ ਨੂੰ।
ਤਾਂ ਕੋਈ ਨਾ ਮੰਨੇ ਹਾੜੇ ਨੂੰ।
ਉਸ ਵੇਲੇ ਪਛੋਤਾਵੇਂਗਾ।
ਜਦ ਵਿਚ ਕਬਰ ਦੇ ਜਾਵੇਂਗਾ।

**ਐਮ. ਐਸ. ਜੌਹਰ**

ਵੇਖੋ
ਜੌਹਰ, ਐਮ. ਐਸ.

**ਅੰਮ੍ਰਿਤਾ ਪ੍ਰੀਤਮ** (੩੧ **ਅਗਸਤ**, ੧੯੧੯—**ਜੀਵਤ**)

ਆਪ ਦੇ ਪਿਤਾ ਸ: ਕਰਤਾਰ ਸਿੰਘ ਹਿਤਕਾਰੀ ਜਵਾਨੀ ਵਿਚ ਇਕ ਸਾਧੂ ਸਨ। ਪਿਛੋਂ ਉਹ ਗ੍ਰਿਹਸਤੀ ਸਜ ਗਏ ਤੇ ਉਨ੍ਹਾਂ ਦੇ ਘਰ ਮਾਤਾ ਰਾਜ ਦੀ ਕੁਖੋਂ ਆਪ ਦਾ ਜਨਮ ਗੁਜਰਾਂਵਾਲੇ ਸ਼ਹਿਰ ਵਿਚ ਹੋਇਆ। ਬਚਪਨ ਵਿਚ ਹੀ ਮਾਪਿਆਂ ਸਹਿਤ ਆਪ ਲਾਹੌਰ ਆ ਗਏ, ਦਸਵੀਂ ਤਕ ਵਿਦਿਆ ਪ੍ਰਾਪਤ ਕੀਤੀ। ਸਿਹਤ ਦੀ ਖਰਾਬੀ ਕਾਰਨ ਅਗੋਂ ਪੜ੍ਹਾਈ ਜਾਰੀ ਨਾ ਰਖ ਸਕੇ। ਆਪ ਦੇ ਪਿਤਾ ਸਮੇਂ ਦੇ ਪ੍ਰਸਿੱਧ ਪਤਰਕਾਰ ਅਤੇ ਸੰਸਕ੍ਰਿਤ, ਹਿੰਦੀ ਦੇ ਵਿਦਵਾਨ ਸਨ, ਉਨ੍ਹਾਂ ਘਰ ਹੀ ਆਪ ਨੂੰ ਕਵਿਤਾਕਾਰੀ ਦਾ ਅਭਿਆਸ ਕਰਾਇਆ। ੧੯੩੫ ਵਿਚ ਪਹਿਲੀ ਕਵਿਤਾ ਲਿਖੀ। **੧੯੩੬** ਵਿਚ ਆਪ ਦਾ ਵਿਆਹ ਭੂਆ ਦੇ ਲੜਕੇ ਸ: ਪ੍ਰੀਤਮ ਸਿੰਘ ਕਵਾਤੜਾ ਨਾਲ ਹੋਇਆ। ਸ੍ਵੈ-ਸਮਰਪਨ ਦੀ ਭਾਵਨਾ ਵਿਚ ਆਪ ਨੇ ਆਪਣਾ ਨਾਂ ਅੰਮ੍ਰਿਤ ਕੌਰ ਤੋਂ ਅੰਮ੍ਰਿਤਾ ਪ੍ਰੀਤਮ ਰਖ ਲਿਆ। **੧੯੩੮** ਵਿਚ 'ਨਵੀਂ ਦੁਨੀਆਂ' ਮਾਸਕ ਕਢਿਆ। **੧੯੩੮—੪੭** ਦਾ ਦੌਰਾਨ ਆਪ ਨੇ ਆਲ ਇੰਡੀਆ ਰੇਡੀਓ, ਲਾਹੌਰ ਦੀ ਸਾਹਿਤਕ ਸਹਾਇਕ ਵਜੋਂ ਬਿਤਾਇਆ। ਆਪ ਦੇ ਕਾਵਿ-ਸੰਗ੍ਰਹਿ ਮਾਨਤਾ ਪ੍ਰਾਪਤ ਕਰ ਗਏ ਤੇ ਵੰਡ-ਪੂਰਵ ਹੀ ਆਪ ਦਾ ਸਥਾਨ ਅੰਤਰ-ਪ੍ਰਾਂਤਕ ਹੋ ਗਿਆ। ਜੁਲਾਈ **੧੯੪੮** ਵਿਚ ਆਲ ਇੰਡੀਆ ਰੇਡੀਓ ਦੇ ਐਨਾਊਂਸਰ ਤੇ ਸਕਰਿੱਪਟ-ਰਾਈਟਰ ਲਗ ਗਏ। ਅਜ ਕਲ ਦਿਲੀ ਰੇਡੀਓ ਸਟੇਸ਼ਨ ਵਿਚ ਹਨ।

ਦਿਲੀ ਆ ਕੇ ਆਪ ਦੇ ਸਾਹਿਤਕ ਸਬੰਧ ਸੰਸਾਰ ਦੇ ਉੱਚਤਮ ਸਾਹਿਤਕਾਰਾਂ ਨਾਲ ਬਣ ਗਏ ਹਨ, ਅਤੇ ਆਪ

ਦੀ ਸ਼ਖਸੀਅਤ ਕਾਰਨ ਪੰਜਾਬੀ ਦਾ ਦਾਇਰਾ ਬੜਾ ਵਿਸ਼ ਲ ਹੋਇਆ ਹੈ। ਅਜ ਕਲ ਆਪ ਦਾ ਕਿੱਤਾ ਵਧੇਰੇ ਕਰ ਕੇ ਸਾਹਿਤਕਾਰੀ ਹੀ ਹੈ। 'ਆਰਸੀ' ਮਾਸਕ ਦੇ ਨਿਗਰਾਨ ਵੀ ਹਨ।

ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :—

**ਕਾਵਿ-ਸੰਗ੍ਰਹਿ:** ਅੰਮ੍ਰਿਤ ਲਹਿਰਾਂ ੧੯੩੬, ਜੀਉਂਦਾ ਜੀਵਨ ੧੯੩੮, ਤ੍ਰੇਲ ਧੋਤੇ ਫੁੱਲ ੧੯੪੧, ਓ ਗੀਤਾਂ ਵਾਲਿਆਂ ੧੯੪੨, ਬਦਲਾਂ ਦੇ ਪੱਲੇ ਵਿਚ ੧੯੪੩, ਸੰਝ ਦੀ ਲਾਲੀ ੧੯੪੩, ਨਿਕੀ ਜਿਹੀ ਸੁਗਾਤ ੧੯੪੪, ਲੋਕ-ਪੀੜ ੧੯੪੪, ਪੱਥਰ ਗੀਟੇ ੧੯੪੬, ਲੰਮੀਆਂ ਵਾਟਾਂ ੧੯੪੯, ਮੈਂ ਤਵਾਰੀਖ ਹਾਂ ਹਿੰਦ ਦੀ ੧੯੪੯, ਸਰਘੀ ਵੇਲਾ ੧੯੫੧, ਅਸ਼ੋਕਾ ਚੇਤੀ ੧੯੫੭, ਕਸਤੂਰੀ ੧੯੫੯, ਸੁਨੇਹੁੜੇ ੧੯੬੦।

**ਕਹਾਣੀ-ਸੰਗ੍ਰਹਿ :** ੨੬ ਵਰ੍ਹੇ ਬਾਅਦ ੧੯੪੩, ਕੁੰਜੀਆਂ ੧੯੪੪, ਨੇੜੇ ਨੇੜੇ ੧੯੪੬ ਆਦਿਕ।

**ਨਾਵਲ :** ਜੋ ਸ਼ਿਰੀ ੧੯੪੬, ਡਾਕਟਰ ਦੇਵ ੧੯੪੯, ਪਿੰਜਰ ੧੯੫੦, ਆਲ੍ਹਣਾ, ਇਕ ਸਵਾਲ ਆਦਿਕ।

**ਅਨੁਵਾਦ :** ਆਤਮ ਕੱਥਾ (ਰਾਜਿੰਦਰ ਪ੍ਰਸਾਦ) ਆਦਿਕ।

**ਲੋਕ ਗੀਤ :** ਮੌਲੀ ਤੇ ਮਹਿੰਦੀ, ਪੰਜਾਬ ਦੀ ਆਵਾਜ਼ ਆਦਿਕ।

ਆਪ ਨੇ ੧੯੩੮—੪੩ ਵਿਚ ਰਚਾਇਤੀ, ੧੯੪੩—੪੭ ਵਿਚ ਰੋਮਾਂਚਿਕ ਅਤੇ ਵੰਡ ਪਿਛੋਂ ਲੋਕ-ਪੀੜਾਂ ਤੇ ਨਿਜੀ ਪੀੜਾਂ ਦੀ ਸੰਜੁਗਤ ਕਵਿਤਾ ਲਿਖੀ। ਪ੍ਰਗਤੀਵਾਦ, ਇਸਤ੍ਰੀਵਾਦ (feminism), ਰੋਮਾਂਚਿਕਤਾ ਆਦਿਕ ਆਪਦੀ ਕਵਿਤਾ ਦੇ ਮੁੱਖ-ਪੱਖ ਹਨ। ਲੋਕ-ਗੀਤਾਂ ਦੀ ਆਤਮਾ ਸਮਝਣ, ਵਰਤਣ ਵਿਚ ਆਪ ਦੀ ਪ੍ਰਤਿਭਾ ਨੂੰ ਕਾਫ਼ੀ ਸਹਿਜ ਪਰਤੀਤ ਹੁੰਦੀ ਹੈ। ਆਪ ਦੀ ਸ਼ੈਲੀ ਨੂੰ ਰਚਾਇਤ ਤੇ ਨਵੀਨਤਾ ਨਾਲ ਜੋੜਨ ਦਾ ਕਾਰਨ ਲੋਕ-ਗੀਤ ਹੀ ਹਨ। ੧੯੬੦ ਵਿਚ ਸੁਨੇਹੁੜੇ ਪੁਸਤਕ ਨੂੰ ਵਰ੍ਹੇ ਦੀ ਸਰਬੋਤਮ ਪੰਜਾਬੀ ਪੁਸਤਕ ਮੰਨਦਿਆਂ ਸਾਹਿਤ ਅਕਦਮੀ ਨੇ ਆਪ ਨੂੰ ਹਿੰਦ ਸਰਕਾਰ ਦਾ ਪੰਜ ਹਜ਼ਾਰੀ ਇਨਾਮ ਵੀ ਦਿਤਾ।

ਆਪ ਦਾ ਸਥਾਨ ਪੰਜਾਬੀ ਸਾਹਿਤ ਦੇ ਉਚਤਮ ਉਸਰਈਆਂ ਵਿਚ ਹੈ।

**ਅੰਮ੍ਰਿਤ ਸਿੰਘ** (੧੯੩੭—**ਜੀਵਤ**)

ਆਪ ਸ: ਸੋਹਨ ਸਿੰਘ ਦੇ ਸਪੁੱਤਰ ਹਨ। ਸ਼ਿਮਲੇ ਦੇ ਏ. ਜੀ. ਦਫ਼ਤਰ ਵਿਚ ਕੰਮ ਕਰਦੇ ਹਨ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਅੰਮ੍ਰਿਤਪਾਲ ਸਿੰਘ** (੨ ਮਈ ੧੯੪੧— **ਜੀਵਤ**)

ਆਪ ਸ: ਹਾਕਮ ਸਿੰਘ ਦੇ ਸਪੁੱਤਰ ਹਨ। ਚੰਡੀਗੜ੍ਹ ਵਿਚ ਰਹਿੰਦੇ ਹਨ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਅਮਰ ਸੋਹਨ ਸਿੰਘ** (੧੯੪੦—**ਜੀਵਤ**)

ਪੰਜਾਬੀ ਕਹਾਣੀਆਂ ਦੀ ਰਚਨਾ ਨਾਲ ਆਪ ਨੂੰ ਡੂੰਘਾ ਨਿਹੁੰ ਹੈ। ਵਖੋ ਵਖ ਮੁਕਾਬਲਿਆਂ ਵਿਚ ਇਨਾਮ ਵੀ ਪ੍ਰਾਪਤ ਕਰ ਚੁਕੇ ਹਨ। ਆਪਦੀ ਪੱਕੀ ਰਿਹਾਇਸ਼ ਧਰਮਪੁਰ (ਉਤਰ ਪਰਦੇਸ਼) ਵਿਚ ਹੈ।

ਸਾਂਝੀ ਪੰਜਾਬੀਅਤ ਅਤੇ ਮਨੁਖਵਾਦ, ਆਪਦੇ ਸਿਦਕ ਦੇ ਦੋ ਪੱਖ ਹਨ।

**ਅਮਰ ਸਿੰਘ** (-੧੯੩੪-)

ਬਾਲ ਸਿਖਿਆ ਸਬੰਧੀ ਆਪ ਦੁਆਰਾ ਰਚਿਤ ਪੰਜਾਬੀ ਦੀਆਂ ਤਿੰਨ ਪੋਥੀਆਂ ੧੯੩੪ ਵਿਚ ਪ੍ਰਕਾਸ਼ਿਤ ਹੋਈਆਂ।

'ਆਖਰੀ ਪੇਸ਼ਵਾ' ਨਾਂ ਦੀ ਪੁਸਤਕ ਵੀ ਆਪਦੀ

ਰਚਨਾ ਵਿਚ ਸ਼ਾਮਲ ਹੈ।

ਆਪ ਸਿੱਖ ਰਿਲੀਜਸ ਬੁੱਕ ਸੁਸਾਇਟੀ ਨਾਲ ਸਬੰਧਿਤ ਸਨ।

**ਅਮਰ ਸਿੰਘ ਅਮਰ** (-੧੯੩੫-)

ਆਪ ਦੁਆਰਾ ਰਚਿਤ ਪੰਜਾਬੀ ਦੀਆਂ ਚਾਰ ਪੋਥੀਆਂ ੧੯੩੫ ਵਿਚ ਦੇਵੀ ਦਾਸ ਜਾਨਕੀ ਦਾਸ ਨੇ ਪ੍ਰਕਾਸ਼ਿਤ ਕੀਤੀਆਂ। 'ਕੁੜੀਆਂ ਦੀਆਂ ਤਿੰਨ ਪੋਥੀਆਂ' ਜਿਸਦੇ ਰਚਿਤਾ ਆਪ ਹਨ, ਅੱਤਰ ਚੰਦ ਕਪੂਰ ਐਂਡ ਸਨਜ਼ ਵਲੋਂ ਪ੍ਰਕਾਸ਼ਿਤ ਹੋਈਆਂ।

**ਅਮਰ ਸਿੰਘ ਸੋਢੀ**

ਵੇਖੋ

ਸੋਢੀ, ਅਮਰ ਸਿੰਘ

**ਅਮਰ ਸਿੰਘ ਕਹਾਣੀਕਾਰ** (੧੯੨੮—**ਜੀਵਤ**)

ਆਪਦੀ ਵਿਦਿਆ ਐਮ. ਏ. ਤਕ ਹੈ। ਅਜ ਕਲ ਸੈਨਿਕ ਸਮਾਚਾਰ (ਪੰਜਾਬੀ) ਦੇ ਸੰਪਾਦਕਾਂ ਵਿਚੋਂ ਹਨ।

"ਕਬਰ ਪੁੱਟ" ਅਤੇ "ਸਿੱਪ ਤੇ ਸਾਗਰ" (੧੯੫੮) ਆਪ ਦੇ ਦੋ ਕਹਾਣੀ-ਸੰਗ੍ਰਿਹ ਪੰਜਾਬੀ ਦੇ ਉਚੇਰੇ ਸਾਹਿਤ ਵਿਚ ਗਿਣੇ ਗਏ ਹਨ।

ਆਪਦੀ ਬਨੀਕਬਾਨੀ ਅਤੇ ਬੌਧਿਕਤਾ ਆਲੋਚਕ ਹਲਕਿਆਂ ਵਿਚ ਅਤਿਅੰਤ ਪਰਵਾਨ ਹੈ। ਵਿਚਾਰ-ਧਾਰਾ ਅਗਰਗਾਮੀ ਹੈ ਪਰ ਕਲਾ ਨੂੰ ਵਿਚਾਰਧਾਰਾ ਦੇ ਅਧੀਨ ਨਹੀਂ ਹੋਣ ਦਿੰਦੇ।

**ਅਮੀਰ ਸਿੰਘ ਡਾਕਟਰ** (-੧੯੪੯-)

ਚਾਰ ਚੂੰਢੀਆਂ (ਨਾਟਕ), ਪ੍ਰਕਾਸ਼ ਕੌਰ (ਨਾਵਲ), ਆਦਿਕ ਆਪਦੀਆਂ ਕਰਤਾਰੀ ਰਚਨਾਵਾਂ ਹਨ।

ਵਿਦਿਅਕ ਪਾਸੇ ਵੀ ਆਪਦੀਆਂ ਕੁਝ ਰਚਨਾਵਾਂ ਪ੍ਰਕਾਸ਼ਤ ਹੋ ਚੁਕੀਆਂ ਹਨ।

**ਅਮਰ ਸਿੰਘ ਤੇਗ** (-੧੯੨੮-)

'ਦਲੇਰ ਹਿੰਦ' ਨਾਂ ਦੇ ਪਤਰ ਦੇ 'ਸੰਤ ਨੰਬਰ' (੧੯੨੮) ਵਿਚ ਆਪ ਦੁਆਰਾ ਰਚਿਤ ਜੀਵਨੀਆਂ ਦਰਜ ਹਨ।

**ਅਮਰ ਸਿੰਘ ਦੁਸਾਂਝ**

ਵੇਖੋ

ਦੁਸਾਂਝ, ਅਮਰ ਸਿੰਘ

**ਅਮਰ ਸਿੰਘ ਦਵਾਬੀਆ** (-੧੯੮੫-)

ਆਪਦੀ ਧਰਮ-ਪੁਸਤਕ 'ਅਮਰ ਰਮਾਇਣ' ਨੂੰ ਚਸ਼ਮੇ ਨੂਰ ਪ੍ਰੈਸ ਅੰਮ੍ਰਿਤਸਰ ਨੇ ੧੯੮੫ ਵਿਚ ਪ੍ਰਕਾਸ਼ਿਤ ਕੀਤੀ।

**ਅਮਰ ਸਿੰਘ ਪਾਂਧੀ** (੧੭ **ਦਸੰਬਰ** ੧੯੪੩—**ਜੀਵਤ**)

ਆਪਦਾ ਜਨਮ ਵਰਨ, ਜ਼ਿਲਾ ਸ਼ੇਖੂਪੁਰਾ ਵਿਚ ਸ: ਤੇਜਾ ਸਿੰਘ ਦੇ ਘਰ ਹੋਇਆ।

ਰੁਮਾਂਚਕ, ਧਾਰਮਕ ਕਵਿਤਾਵਾਂ, ਕਹਾਣੀਆਂ ਲਿਖਦੇ ਹਨ।

ਨਾਮਧਾਰੀ ਪੰਥ ਨਾਲ ਸਬੰਧਿਤ ਹੋਣ ਕਾਰਨ ਸੁਧਾਰਵਾਦੀ ਹਨ।

**ਅਮਰ ਸਿੰਘ ਬਾਬੂ**

ਆਪਦਾ ਸੰਬੰਧ ਪਿੰਡ ਸੱਜਣਾ ਜ਼ਿਲਾ ਜਲੰਧਰ ਨਾਲ ਹੈ। ਆਪਦੀ ਕਾਵਿ-ਪੁਸਤਕ 'ਗਿਆਨ ਦੀ ਖਿੱਚ' ਵਿਚ ਬੌਧਿਕਤਾ ਦੀ ਪ੍ਰਧਾਨਤਾ ਹੈ।

**ਅਮਰ ਸਿੰਘ, ਬਾਬੂ** (੧੮੮੧—ਜੀਵਤ)

ਜਨਮ ਸ਼ੇਰਪੁਰ ਕਲਾਂ ਜ਼ਿਲਾ ਲੁਧਿਆਣਾ ਵਿਚ ਸ: ਵਰਿਆਮ ਸਿੰਘ ਦੇ ਘਰ ਹੋਇਆ। ਨਾਨਕੇ ਪਿੰਡ ਸਹੋਲੀਓਂ ਚੌਥੀ ਕਰਨ ਪਿਛੋਂ ਲੁਧਿਆਣੇ ਆ ਕੇ ਉਚੇਰੀ ਵਿਦਿਆ ਪ੍ਰਾਪਤ ਕੀਤੀ। ਫਾਰਸੀ ਵੀ ਪੜ੍ਹੀ। ਕਾਫੀ

ਸਾਰੀ ਜ਼ਿੰਦਗੀ ਆਪ ਨੇ ਆਜ਼ਾਦੀ ਦੀ ਜੰਗ ਲੜਦਿਆਂ ਬਤੀਤ ਕੀਤੀ ਹੈ। ਇਕ ਪਾਸੇ ਅਮਰੀਕਾ ਨਿਵਾਸੀ ਗਦਰ ਪਾਰਟੀ ਨਾਲ ਰਿਸ਼ਤਾ ਕਾਇਮ ਰਖਿਆ ਤੇ ਦੂਜੇ ਪਾਸੇ ਜਪਾਨੀਆਂ ਨਾਲ। ਆਜ਼ਾਦ ਹਿੰਦ ਫੌਜ ਦੀ ਕਾਇਮੀ ਵਿਚ ਆਪ ਦਾ ਵੱਡਾ ਹੱਥ ਹੈ। ਬਰਮਾ ਵਿਚ ਜਾ ਕੇ ਇਨਕਲਾਬੀ ਸਰਗਰਮੀਆਂ ਨੂੰ ਤੇਜ਼ ਕਰਦੇ ਰਹੇ। ਇਥੇ ਓਵਰਸੀਅਰ ਸਨ। ਬਾਅਦ ਵਿਚ ਸਿਆਮ ਗਏ ਤੇ ਇਕ ਰੇਲਵੇ ਲਾਈਨ ਉਤੇ ਇੰਜੀਨੀਅਰ ਲਗ ਗਏ। ਭਾਰਤੀ ਕਿਰਤੀਆਂ ਨੂੰ ਜਰਮਨਾਂ ਦੇ ਤਾਅਨਿਆਂ ਦਾ ਚੇਤਾ ਕਰਵਾ ਕੇ ਅੰਗਰੇਜ਼ਾਂ ਵਿਰੁਧ ਜਥੇਬੰਦ ਕੀਤਾ। ਭਾਈ ਸੰਤੋਖ ਸਿੰਘ ਕਿਰਤੀ ਤੇ ਪੰਡਿਤ ਸੋਹਣ ਲਾਲ ਪਾਠਕ ਜਦੋਂ ਅਮਰੀਕਾ ਤੋਂ ਸਿਆਮ ਆਏ ਤਾਂ ਬਾਬੂ ਅਮਰ ਸਿੰਘ ਹੁਰਾਂ ਇਹਨਾਂ ਦੀ ਸਹਾਇਤਾ ਨਾਲ ਸਿਆਮ ਦੀ ਗੱਦਰ ਪਾਰਟੀ ਦੀ ਨੀਂਹ ਰਖੀ ਤੇ ਹਥਿਆਰਬੰਦ ਇਨਕਲਾਬ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਸਿੰਘਾਪੁਰ ਦੀਆਂ ਭਾਰਤੀ ਪਲਟਣਾਂ ਨੇ ਇਸੇ ਪ੍ਰੇਰਨਾ ਦੇ ਅਧੀਨ ਬਗਾਵਤ ਕੀਤੀ। ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ 'ਬਾਬੂ' ਨੇ ਭਾਰਤੀਆਂ ਵਿਚਲੇ ਪ੍ਰਮਾਤਮਾ ਨੂੰ ਜਗਾਇਆ। ਅੰਗਰੇਜ਼ ਸਰਕਾਰ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਤੇ ਉਮਰ ਕੈਦ ਦੀ ਸਜ਼ਾ ਦਿਤੀ। ਜੇਲ੍ਹਾਂ ਵਿਚ ਅਣਗਿਣਤ ਤਸੀਹੇ ਦੇਣ ਪਿਛੋਂ ਆਪ ਨੂੰ ਭਾਰਤ ਲਿਆ ਕੇ ੧੧-੧੨ ਫਰਵਰੀ ੧੯੩੭ ਦੀ ਰਾਤ ਰਿਹਾ ਕਰ ਦਿੱਤਾ ਗਿਆ। ਆਪ ਗਿ: ਪ੍ਰੀਤਮ ਸਿੰਘ (ਪਿਛੋਂ ਜਾ ਕੇ ਸ਼ਹੀਦੀ ਪਾਉਣ ਵਾਲੇ) ਨੂੰ ਨਾਲ ਲੈ ਕੇ ਫਿਰ ਸਿਆਮ ਚਲੇ ਗਏ। ਆਪ ਭਾਰਤ ਦੀ ਮੌਜੂਦਾ ਆਜ਼ਾਦੀ ਨਾਲ ਸੰਤੁਸ਼ਟ ਨਹੀਂ ਹਨ। ਇਸ ਸਮੇਂ ਆਪ ਆਪਣੇ ਨਾਨਕੇ ਪਿੰਡ ਸਹੌਲੀ ਰਹਿੰਦੇ ਹਨ।

ਪਛਮੀ ਕਲਚਰ ਨੂੰ ਇਕ ਬੀਮਾਰ ਕਲਚਰ ਸਮਝਦੇ ਹਨ ਤੇ ਅੰਗਰੇਜ਼ੀ ਬੋਲਣ ਵਿਚ ਵਡਿਆਈ ਮਹਿਸੂਸ ਕਰਨ ਵਾਲੇ ਭਾਰਤੀ, ਆਪ ਦੀਆਂ ਨਜ਼ਰਾਂ ਵਿਚ ਨੀਚ ਹਨ।

ਆਪ ਨੇ ਆਪਣੇ ਇਨਕਲਾਬੀ ਅਨੁਭਵਾਂ ਨੂੰ ਸਾਹਿਤ ਬਣਾਉਂਦਿਆਂ ਉਰਦੂ ਅਤੇ ਪੰਜਾਬੀ ਵਿਚ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਹਨ।

**ਅਮਰ ਸਿੰਘ ਭਾਈ** (-੧੯੧੫-)

ਆਪ ਬਹੁਤ ਸਾਰੀਆਂ ਤੇ ਕਈ ਤਰ੍ਹਾਂ ਦੀਆਂ ਪੁਸਤਕਾਂ ਦੇ ਕਰਤਾ ਹਨ। ਵੀਹਵੀਂ ਸਦੀ ਦੇ ਪਹਿਲੇਰੇ ਦਹਾਕਿਆਂ ਵਿਚ ਆਪ ਦੀਆਂ ਰਚਨਾਵਾਂ ਕਾਫ਼ੀ ਲੋਕ-ਪ੍ਰਿਅ ਸਨ।

ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ :—

**ਵਾਰਤਕ** : ੧. ਹੀਰੇ ਦੀਆਂ ਕਣੀਆਂ, ੨. ਸਵਰਗ ਦੇ ਰਤਨ, ੩. ਜ਼ਿੰਦਗੀ ਭੋਗਣ ਦੀ ਜੁਗਤੀ, ੪. ਨੀਤੀ ਰਤਨ, ੫. ਘਰ ਦਾ ਨਿਰਬਾਹ, ੬. ਛੋਟੀ ਨੂੰਹ ਲਛਮੀ, ੭. ਜੀਵਨ ਦਸ ਗੁਰੂ ਸਾਹਿਬਾਨ, ੮. ਤਖ਼ਤੇ ਤੋਂ ਤਖ਼ਤ, ੯. ਪਤਰ ਮਾਲਾ, ੧੦. ਚੰਦਰਮੁਖੀ, ੧੧. ਚਮਕਦਾ ਹੀਰਾ।

**ਗਲਪ** : ੧੨. ਸੈਰੰਧਰੀ ਸੱਤ ਧਰਮ (ਨਾਵਲ) ੧੩. ਹਾਸੇ ਦਾ ਸਮੁੰਦਰ,

**ਨਾਟਕ** : ੧੪. ਦੇਸ ਦਿਮਨਾ ਤੇ ਉੱਥੇਲੋ।

**ਅਮੀਰ ਸਿੰਘ ਰੰਧਾਵਾ**

ਵੇਖੋ
ਰੰਧਾਵਾ, ਅਮੀਰ ਸਿੰਘ

**ਅਮਰੀਕ ਸਿੰਘ** (੩ ਅਕਤੂਬਰ, ੧੯੨੩—ਜੀਵਤ)

ਜਨਮ ਲਾਲਾ ਮੂਸਾ, ਜ਼ਿਲਾ ਗੁਜਰਾਤ ਵਿਚ ਸ: ਹਵੇਲਾ ਸਿੰਘ ਦੇ ਘਰ ਹੋਇਆ। ਦੇਸ਼ਾਟਨ ਕਰਨ ਦਾ ਮੌਕਾ ਵੀ ਮਿਲਿਆ।

ਆਪ ਦੀ ਪੁਸਤਕ "ਅਜੋੜ ਜਿਹੀ" (ਕਹਾਣੀ-

ਸੰਗ੍ਰਹਿ) ੧੯੫੫ ਵਿਚ ਛੱਪੀ । ਬਰੀਕਬੀਨੀ ਵਰਨਣ-ਯੋਗ ਹੈ ।

**ਅਮਰੀਕ ਸਿੰਘ (੧੨ ਅਗਸਤ ੧੯੩੭—ਜੀਵਤ)**

ਜਨਮ ਲੰਢਾ ਜ਼ਿਲਾ ਪਟਿਆਲਾ ਦੇ ਇਕ ਕਿਸਾਨ ਘਰਾਣੇ ਵਿਚ ਹੋਇਆ । ਕਾਫ਼ੀ ਆਰਥਕ ਜਦੋ ਜਹਿਦ ਪਿਛੋਂ ਆਪ ਨੇ ਬੀ. ਏ. ਕੀਤੀ ।

ਆਪਦੀਆਂ ਕਈ ਕਹਾਣੀਆਂ ਰਾਮਪੁਰ ਸਾਹਿਤ ਸਭਾ ਦੀਆਂ ਸੰਪਾਦਿਤ ਪੁਸਤਕਾਂ ਅਤੇ ਪ੍ਰਸਿੱਧ ਪੰਜਾਬੀ ਪਤਰਾਂ ਵਿਚ ਛਪ ਚੁਕੀਆਂ ਹਨ । ਅਜ ਕਲ ਆਪ ਐਫ. ਸੀ. ਆਫ਼ਸ ਪੰਜਾਬ ਵਿਚ ਕੰਮ ਕਰ ਰਹੇ ਹਨ । ਚੰਡੀਗੜ ਦੇ ਸਾਹਿਤ ਸਮਾਗਮਾਂ ਵਿਚ ਵਧ ਚੜ੍ਹ ਕੇ ਹਿਸਾ ਲੈਂਦੇ ਹਨ ।

**ਅਮਰ ਕੋਮਲ** (੨੯ ਨਵੰਬਰ, ੧੯੩੩—ਜੀਵਤ)

ਜਨਮ ਮਹਿਲ ਕਲਾਂ, ਜ਼ਿਲਾ ਸੰਗਰੂਰ ਵਿਚ ਸ੍ਰੀ ਸਾਵਣ ਮਲ ਦੇ ਘਰ ਹੋਇਆ । ਰਾਏਕੋਟੋਂ (ਲੁਧਿਆਣਾ) ਦਸਵੀਂ ਕਰਨ ਪਿਛੋਂ ਆਪ ਨੇ ਐਫ. ਏ., ਗਿਆਨੀ ਤੇ ਓ. ਟੀ. ਦੀਆਂ ਯੋਗਤਾਵਾਂ ਕਮਾਈਆਂ ਤੇ ਅਧਿਆਪਕ ਲਗ ਗਏ ।

''ਬਾਲ ਬਹਾਰ'' (ਬਾਲ-ਸਾਹਿਤ), ਚੌ-ਮੁਖੀਆ (ਸੰਗੀਤ ਇਕਾਂਗੀ), ਗੀਤਾਂਜਲੀ (ਅਨੁਵਾਦ) ਆਪਦੀਆਂ ਵਿਸ਼ੇਸ਼ ਪੁਸਤਕਾਂ ਹਨ । ਰੇਡੀਓ ਤੋਂ ਵੀ ਆਪਦੀਆਂ ਕੁਝ ਰਚਨਾਵਾਂ ਪਰਸਾਰਿਤ ਹੋ ਚੁਕੀਆਂ ਹਨ ।

ਆਪ ਨੂੰ ਗਿਆਨਵਾਨ ਲੇਖਕਾਂ ਵਿਚ ਗਿਣਿਆ ਜਾਂਦਾ ਹੈ ।

**ਅਮਰ ਕੋਰ** (੧੯੦੦—ਜੀਵਤ)

ਜਨਮ ਅੰਮ੍ਰਿਤਸਰ ਵਿਚ ਸ: ਜੀਵਨ ਸਿੰਘ ਦੇ ਘਰ ਹੋਇਆ । ਵਡੀ ਭੈਣ ਜੀ ਸ੍ਰੀ ਮਤੀ ਹਰਨਾਮ ਕੌਰ ਕਵਿਤਾਕਾਰੀ ਵਿਚ ਨਿਕਟਵਰਤੀ ਸਨ । ਪੱਤਰਕਾਰ ਪਿਤਾ ਨੇ ਆਪਣੀਆਂ ਸਾਹਿਤਕਾਰ ਧੀਆਂ ਦੀਆਂ ਸਾਹਿਤਕ ਰੁਚੀਆਂ ਨੂੰ ਕਾਫ਼ੀ ਉਤਸਾਹਿਤ ਕੀਤਾ । ਪ੍ਰੋ: ਪੂਰਨ ਸਿੰਘ ਦੀ ਨੇੜਤਾ ਨੇ ਇਹਨਾਂ ਕਾਵਿਤਰੀਆਂ ਨੂੰ ਹੋਰ ਵੀ ਸੁਹਣੀ ਸੇਧ ਪਰਦਾਨ ਕੀਤੀ ।

'ਅਰਸ਼ੀ ਕਲੀਆਂ' ਨਾਂ ਦੀ ਪੁਸਤਕ ਵਿਚ ਦੋਹਾਂ ਭੈਣਾਂ ਦੀਆਂ ਕਵਿਤਾਵਾਂ ਦਰਜ ਹਨ;

ਖਿੜੇ ਚਮਨ ਵਿਚ ਨਾਲਾ ਵਹਿੰਦਾ,
ਕੀ ਜਾਣਾ ਮੁੜ ਵਹੇ ਕਿ ਨਾ ।
ਰੁੱਤ ਫਿਰਿਆਂ ਗੁਲਜ਼ਾਰ ਉਦਾਸੇ,
ਸੁੰਦਰਤਾ ਮੱਤ ਰਹੇ ਕਿ ਨਾ ।
ਸੁੰਦਰਤਾ ਦਾ ਹਾਇ ਵਿਛੋੜਾ,
ਸੁੰਦਰ ਨਾਲਾ ਸਹੇ ਕਿ ਨਾ ।
ਜੇਕਰ ਸਹੇ ਤਾਂ ਕੰਢੇ ਬਹਿਕੇ,
ਨੈਣਾਂ ਛਹਿਬਰ ਛਹੇ ਕਿ ਨਾ ।
ਇਸ ਜਿੰਦੜੀ ਦਾ ਕੀ ਭਰਵਾਸਾ,
ਆਉਂਦੀ ਰੁੱਤੇ ਰਹੇ ਕਿ ਨਾ ।
—ਵਹਿੰਦਾ ਨਾਲਾ

**ਅਮਰ ਕੌਰ ਫ਼ੀਰੋਜ਼ਪੁਰ** (-੧੯੫੮-)

ਆਪ ਦੀ ਪਸਤਕ 'ਰਤਨ ਵਿਚਾਰ' ਦਾ ਵਿਸ਼ੈ ਨੀਤੀ ਹੈ । ੨੧੬ ਸਫ਼ਿਆਂ ਦੀ ਇਸ ਪੁਸਤਕ ਨੂੰ ਸੋਢੀ ਫੂੰਮਣ ਸਿੰਘ ਉਪਦੇਸ਼ਕ, ਪਟਿਆਲਾ ਨੇ ੧੯੧੮ ਵਿਚ ਪ੍ਰਕਾਸ਼ਿਤ ਕੀਤਾ ।

**ਅਮਰਜੀਤ ਸਿੰਘ (੧੦ ਅਪ੍ਰੈਲ ੧੯੩੮—ਜੀਵਤ)**

ਜਨਮ, ਦੌਲਤਾਲਾ, ਜ਼ਿਲ੍ਹਾ ਰਾਵਲਪਿੰਡੀ ਵਿਚ ਹੋਇਆ । ਅਜ ਕਲ੍ਹ ਦਿੱਲੀ ਵਿਚ ਰਹਿੰਦੇ ਹਨ । ਸਾਹਿਤਕ ਕਾਰਜਾਂ ਵਿਚ ਬੜੇ ਸਰਗਰਮ ਹਨ ।

ਆਪ ਦੀਆਂ ਕੁਝ ਰਚਨਾਵਾਂ ਮਾਸਕ ਪਤਰਾਂ ਵਿਚ ਛਪ ਚੁਕੀਆਂ ਹਨ। ਹਿੰਦੀ ਵਿਚ ਵੀ ਬਾਲ-ਸਾਹਿਤ ਦੀ ਸਿਰਜਨਾ ਕਰਦੇ ਹਨ।

**ਅਮਰਜੀਤ ਸਿੰਘ ਅਮਰ** (੧੨ ਜਨਵਰੀ, ੧੯੪੧—ਜੀਵਤ)

ਜਨਮ ਬੱਜੀਆਂ ਜ਼ਿਲ੍ਹਾ ਲੁਧਿਆਣਾ ਦੇ ਨਿਵਾਸੀ ਸ: ਹਰਚਰਨ ਸਿੰਘ ਉੱਪਲ ਦੇ ਘਰ ਹੋਇਆ।

ਕਵਿਤਾਵਾਂ, ਕਹਾਣੀਆਂ ਦੀ ਰਚਨਾ ਅਤੇ ਪੁਰਾਤਨ ਸਾਹਿਤ ਦੀ ਖੋਜ ਵਿਚ ਆਪ ਦੀ ਡੂੰਘੀ ਦਿਲਚਸਪੀ ਹੈ।

**ਅਮਰਜੀਤ ਸਿੰਘ ਸਿੱਧੂ**

ਵੇਖੋ :
ਸਿੱਧੂ ਅਮਰਜੀਤ ਸਿੰਘ

**ਅਮਰਜੀਤ ਸਿੰਘ ਰਾਹੀ** (੧ ਮਈ ੧੯੪੦—ਜੀਵਤ)

ਆਪ ਜਲੰਧਰ ਨਿਵਾਸੀ ਸ਼੍ਰੀ ਦੇਵੀ ਚੰਦ ਸਿੰਘ ਦੇ ਸਪੁੱਤਰ ਹਨ।

ਪੰਜਾਬੀ ਵਿਚ ਕਵਿਤਾਵਾਂ ਅਤੇ ਕਹਾਣੀਆਂ ਲਿਖਦੇ ਹਨ।

**ਅਮਰ ਦਾਸ ਗੁਰੂ** (੧੪੭੯—੧੫੭੪)

ਆਪ ਦਾ ਜਨਮ ਬਾਸਰਕੇ ਵਿਚ ਨਿਕੇ ਜਹੇ ਵਪਾਰੀ ਤੇਜ ਭਾਨ ਦੇ ਘਰ ਹੋਇਆ। ਸੱਠ ਪੈਂਠ ਸਾਲ ਦੀ ਉਮਰ ਤਕ ਆਪ ਵੈਸ਼ਨਵ ਰਹੇ ਤੇ ਥਾਂ ਥਾਂ ਸੱਚ ਦੀ ਖੋਜ ਵਿਚ ਘੁੰਮਦੇ ਰਹੇ। ਅੰਤ ਆਪ ਗੁਰੂ ਅੰਗਦ ਸਾਹਿਬ ਕੋਲ ਖਡੂਰ ਸਾਹਿਬ ਆਏ ਤੇ ਤਸੱਲੀ ਹੋ ਜਾਣ ਪਿਛੋਂ ਉਨ੍ਹਾਂ ਦੇ ਸਿੱਖ ਬਣ ਗਏ। ੧੫੫੨ ਵਿਚ ਗਰੂ ਅੰਗਦ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਕੁਝ ਚਿਰ ਪਹਿਲਾਂ ਆਪ ਨੂੰ ਸਿੱਖ ਪੰਥ ਦਾ ਤੀਜਾ ਗੁਰੂ ਥਾਪਿਆ।

ਗੁਰੂ ਅੰਗਦ ਜੀ ਦੇ ਪੁੱਤਰ ਦਾਤੂ ਅਤੇ ਗੁਰੂ ਨਾਨਕ ਸਾਹਿਬ ਦੇ ਪੁੱਤਰ ਸ੍ਰੀ ਚੰਦ ਨੇ ਆਪ ਦੀ ਗੁਰਿਆਈ ਨੂੰ ਵੰਗਾਰਿਆ ਪਰ ਆਪ ਨਿਮ੍ਰਤਾ ਤੇ ਦ੍ਰਿੜ੍ਹਤਾ ਨਾਲ ਅੱਗੇ ਵਧਦੇ ਗਏ। ਗੋਇੰਦਵਾਲ ਦੇ ਹਿੰਦੂਆਂ ਨੇ ਆਪ ਵਿਰੁੱਧ ਸ਼ਹਿਨਸ਼ਾਹ ਅਕਬਰ ਨੂੰ ਭੜਕਾਉਣਾ ਚਾਹਿਆ ਪਰ ਆਪ ਦੇ ਪ੍ਰਤੀਨਿੱਧ ਭਾਈ ਜੇਠਾ ਜੀ ਨੇ ਸ਼ਹਿਨਸ਼ਾਹ ਕੋਲ ਜਾ ਕੇ ਉਸ ਨੂੰ ਸੱਚ ਨਾਲ ਪਰਚਿਤ ਕੀਤਾ ਅਤੇ ਉਸ ਦੀ ਮਾਨਤਾ ਪ੍ਰਾਪਤ ਕੀਤੀ।

ਗੁਰੂ ਅਮਰ ਦਾਸ ਜੀ ਨੇ ਆਪਣੇ ਜੀਵਨ ਕਾਲ ਵਿਚ ਗੋਇੰਦਵਾਲ ਵਿਖੇ ਬਾਉਲੀ ਦੀ ਉਸਾਰੀ ਕੀਤੀ, ਲੰਗਰ-ਪ੍ਰੱਥਾ ਨੂੰ ਵਧਾਇਆ, ਮੰਜੀਆਂ (units) ਦੀ ਸਥਾਪਨਾ ਕੀਤੀ, ਸੱਤੀ ਤੇ ਪਰਦੇ ਦੇ ਰਿਵਾਜ ਹਟਾਏ ਅਤੇ ਜੀਵਨ ਤੇ ਮੌਤ ਸਮੇਂ ਦੀਆਂ ਮਾਰੂ ਰਸਮਾਂ ਉਤੇ ਪਾਬੰਦੀ ਲਾਈ। ਆਪ ਦੀ ਗੁਰਿਆਈ ਦੇ ਸਮੇਂ ਵਿਚ ਸ਼ਹਿਨਸ਼ਾਹ ਅਕਬਰ ਆਪ ਗੋਇਦਵਾਲ ਆਇਆ। ਉਸ ਕਾਫ਼ੀ ਸਾਰੀ ਜਾਇਦਾਦ ਗੁਰੂ ਘਰ ਦੇ ਨਾਂ ਲਾਈ ਅਤੇ ਮਨੁੱਖ-ਵਾਦੀ ਸਿੱਖ ਧਰਮ ਦੀ ਪਰਸੰਸਾ ਕੀਤੀ।

ਆਦਿ-ਗ੍ਰੰਥ ਵਿਚ ਆਪ ਦੇ ਕੁੱਲ ੯੦੭ ਸ਼ਬਦ ਦਰਜ ਹਨ।

ਸਾਹਿਤਕ ਪਖੋਂ ਆਪ ਦੀ ਰਚਨਾ ਬੜੀ ਕਲਾ ਮਈ ਤੇ ਸਰਲ ਹੈ। ''ਅਨੰਦ'' ਨਾਂ ਦੀ ਰਚਨਾ ਸਮੇਂ ਦੀ ਸਾਧਾਰਨ ਪੰਜਾਬੀ ਵਿਚ ਹੈ।

ਪੰਜਾਬੀ ਸਾਹਿਤ ਅਤੇ ਪੰਜਾਬ ਦੇ ਇਤਿਹਾਸ ਵਿਚ ਗੁਰੂ ਅਮਰ ਦਾਸ ਦਾ ਸਥਾਨ ਬਹੁਤ ਉੱਚਾ ਹੈ।

**ਅਮਰ ਦਾਸ ਭਾਟੀਆ**

ਵੇਖੋ
ਭਾਟੀਆ, ਅਮਰਦਾਸ

**ਅਮਰ ਨਾਥ ਮੁਨਸਫ਼** (੧੮੫੭—੧੧ ਅਪ੍ਰੈਲ ੧੯੦੫)

ਆਪ ਦਾ ਜਨਮ ਬੰਗੇ ਵਿਚ ਨਾਨਕੇ ਘਰ ਹੋਇਆ।

ਆਪ ਦੇ ਪਿਤਾ ਲਖਨਊ ਵਿਚ ਨੌਕਰੀ ਕਰਦੇ ਹੁੰਦੇ ਸਨ, ਆਪ ਛੇ ਮਹੀਨਿਆਂ ਦੀ ਉਮਰ ਵਿਚ ਇਥੇ ਆ ਗਏ। ਇਥੇ ਹੀ ਜਵਾਨ ਹੋਏ। ਲਖਨਊ ਯੂਨੀਵਰਸਿਟੀ ਵਿਚੋਂ ਬੀ. ਏ. ਪਾਸ ਕਰਨ ਪਿਛੋਂ ਡੇਰਾ ਇਸਮਾਈਲ ਖਾਂ ਵਿਚ ਮੁਨਸਫ਼ ਲਗ ਗਏ। ੧੮੯੮ ਵਿਚ ਆਪ ਨੇ ਪਿੰਡ ਦਾਦਾਨ ਖਾਂ ਤੋਂ ਫਾਰਸੀ ਲਿਪੀ ਵਿਚ ਪਹਿਲੀ ਪੰਜਾਬੀ ਅਖਬਾਰ 'ਅੰਮ੍ਰਿਤ ਪਤਰਕਾ' ਦੀ ਨੀਂਹ ਰਖੀ। ਸ਼੍ਰੀ ਭੋਲਾ ਨਾਥ ਬਰਿਸਟਰ ਇਸ ਤੇ ਸੰਪਾਦਕ ਬਣੇ। ਇਹਨਾਂ ਦਿਨਾਂ ਵਿਚ ਹੀ ਲਾਹੌਰ, ਚਨਿਓਟ ਤੇ ਰਾਵਲਪਿੰਡੀ ਵਿਚ ਕਰਮਵਾਰ ਆਪ ਦੀ ਬਦਲੀ ਹੁੰਦੀ ਰਹੀ।

ਪਹਿਲਾਂ ਆਪ ਅੰਗ੍ਰੇਜ਼ੀ ਤੇ ਉਰਦੂ ਵਿਚ ਲਿਖਦੇ ਹੁੰਦੇ ਸਨ, ਪਰ ਬਾਅਦ ਵਿਚ ਆਪ ਨੇ ਮਹਿਸੂਸ ਕੀਤਾ ਕਿ ਪੰਜਾਬੀ ਬਿਨਾਂ ਸਾਹਿਤ ਨੂੰ ਸਮਾਜਕ ਵਸਤੂ ਨਹੀਂ ਬਣਾਇਆ ਜਾ ਸਕਦਾ।

ਆਪ ਨੇ ੧੨੫ ਸਫ਼ਿਆਂ ਦਾ ਨਾਟਕ 'ਹੀਰ ਰਾਂਝਾ' ਲਿਖਿਆ। ਇਸ ਵਿਚ ਪੰਜਾਬੀ ਜ਼ਿੰਦਗੀ ਨੂੰ ਬਹੁ-ਪੱਖੀ ਢੰਗ ਨਾਲ ਚਿਤਰਿਆ ਗਿਆ ਹੈ। ਆਪ ਦੀ ਪੁਸਤਕ 'ਪੰਜਾਬੀ ਅਖਾਣ' (੨੫੦ ਸਫ਼ੇ) ਵੀ ਬੜੀ ਪ੍ਰਮਾਣੀਕ ਹੈ। ਬਾਲਮੀਕੀ ਰਾਮਾਇਣ ਨੂੰ ਆਪ ਨੇ ਪੰਜਾਬੀ ਵਿਚ ਰੂਪਾਂਤਰਿਤ ਕੀਤਾ। ਇਸ ਪੁਸਤਕ ਵਿਚ ਨਾਲ ਨਾਲ ਆਪ ਨੇ ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਦੇ ਪ੍ਰਮਾਣ ਵੀ ਦਿਤੇ ਹਨ। ਸ਼ੁੱਧ ਬੋਲੀ, ਪੰਜਾਬੀ ਜ਼ਿੰਦਗੀ ਦਾ ਚਿਤਰਨ ਤੇ ਹਿੰਦੂ ਵਿਦਵਤਾ ਆਪ ਦੀ ਸ਼ੈਲੀ ਦੇ ਕੁਝ ਪਖ ਹਨ।

**ਅਮੀਰ ਬਖਸ਼**

ਆਪ ਦੀ ਕਾਵਿ-ਪੁਸਤਕ "ਜੰਗ ਜ਼ੈਤੂਨ" ਸ਼ੇਖ ਗੁਲਾਮ ਅਲੀ ਐਂਡ ਸਨਜ਼, ਲਾਹੌਰ ਦੁਆਰਾ ਫ਼ਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਹੋਈ।

**ਅਮਰ ਭਾਰਤੀ** (੧ ਅਕਤੂਬਰ, ੧੯੨੫—ਜੀਵਤ)

ਆਪ ਦਾ ਜਨਮ ਲੋਪੋਕੇ ਜ਼ਿਲਾ ਲਾਇਲਪੁਰ ਵਿਚ ਸ: ਮੁਲਖਾ ਸਿੰਘ ਦੇ ਘਰ ਹੋਇਆ।

ਆਪ ਨਾਮਧਾਰੀ ਅਖ਼ਬਾਰ "ਨਵਾਂ ਹਿੰਦੁਸਤਾਨ" ਦੇ ਮੁਖ ਸੰਪਾਦਕ ਅਤੇ ਪੰਜਾਬੀ ਸਾਹਿਤ ਦੇ ਮੌਲਿਕ ਚਿੰਤਕ ਹਨ। ਟੈਗੋਰ ਦੀਆਂ ਸੁਪ੍ਰਸਿੱਧ ਪੁਸਤਕਾਂ ਨੂੰ ਆਪ ਨੇ ਸਾਹਿਤ ਅਕਾਡਮੀ ਦੇ ਅਧੀਨ ਪੰਜਾਬੀ ਰੂਪ ਦਿਤਾ ਹੈ।

ਅਜ ਕਲ ਦਿੱਲੀ ਰਹਿੰਦੇ ਹਨ। ਹੋਮਿਓ ਪਾਥੀ ਵੀ ਕਰਦੇ ਹਨ।

**ਅਮਰ ਭਾਰਤੀ ਫਗਵਾੜਾ** (੨੮ ਫਰਵਰੀ ੧੯੩੯—ਜੀਵਤ)

ਆਪ ਫਗਵਾੜਾ-ਨਿਵਾਸੀ ਸ: ਗੁਰਚਰਨ ਸਿੰਘ ਦੇ ਸਪੁੱਤਰ ਹਨ। ਪੰਜਾਬੀ ਅਤੇ ਹਿੰਦੀ ਦੇ ਬੜੇ ਸਰਗਰਮ ਸਾਹਿਤਕਾਰ ਹਨ। ਕਈਆਂ ਮੁਕਾਬਲਿਆਂ ਵਿਚ ਇਨਾਮ ਵੀ ਜਿੱਤ ਚੁਕੇ ਹਨ।

**ਅਮਰ ਮਸੀਤਪਲਕੋਟੀ**

ਵੇਖੋ
ਕਰਮ ਸਿੰਘ, ਅਮਰ ਮਸੀਤ ਪਲਕੋਟੀ

**ਅਮੋਲ, ਸਰਮੁਖ ਸਿੰਘ**

ਵੇਖੋ
ਸਰਮੁਖ ਸਿੰਘ ਅਮੋਲ

**ਅਮੋਲਕ ਸਿੰਘ** (੧ ਅਕਤੂਬਰ ੧੯੩੭—ਜੀਵਤ)

ਆਪ ਪੱਤੜ ਕਲਾਂ ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਚਰਨ ਸਿਘ ਦੇ ਸਪੁੱਤਰ ਹਨ। ਅਜ ਕਲ 'ਰਣਜੀਤ' ਪਟਿਆਲਾ ਦੇ ਉਪ-ਸੰਪਾਦਕ ਹਨ।

ਪੰਜਾਬੀ ਪੱਤਰਾਂ ਵਿਚ ਆਪ ਦੀਆਂ ਕਹਾਣੀਆਂ ਛਪਦੀਆਂ ਰਹਿੰਦੀਆਂ ਹਨ।

**ਅਰਜਨ ਸਿੰਘ ਗੜਗੱਜ** (੧੯੦੫—੧੯੬੩)

ਜਨਮ ਤਰਨਤਾਰਨ, ਜ਼ਿਲਾ ਅੰਮ੍ਰਿਤਸਰ ਵਿਚ ਸ: ਸੁੰਦਰ ਸਿੰਘ ਮਿਸਤਰੀ ਦੇ ਘਰ ਹੋਇਆ। ਪਹਿਲਾ ਨਾਂ ਕਰਮ ਸਿੰਘ ਸੀ ਪਰ ੧੯੨੦ ਵਿਚ ਆਪ ਦਾ ਅੰਮ੍ਰਿਤ-ਧਾਰੀ ਨਾਮ ਅਰਜਨ ਸਿੰਘ ਰਖ ਦਿੱਤਾ ਗਿਆ। ਆਪ ਦੇ ਦਾਦਾ, ਬਾਬਾ ਗੰਡਾ ਸਿੰਘ ਜੀ ਬ੍ਰਿਜ ਭਾਸ਼ਾ ਦੇ ਵਿਦਵਾਨ ਕਵੀ ਸਨ, ਉਨ੍ਹਾਂ ਜੀ ਸਰਪ੍ਰਸਤੀ ਹੇਠ ਆਪ ਨੇ ਭਾਰਤ ਦੀ ਧਾਰਮਕ ਪਰੰਪਰਾ ਦਾ ਗਿਆਨ ਪ੍ਰਾਪਤ ਕੀਤਾ। ਆਪ ਦੇ ਪਿਤਾ ਅਤੇ ਦਾਦਾ ਦੀ ਮੌਤ ਆਪ ਦੀ ਪਰਾਇਮਰੀ-ਪੜ੍ਹਾਈ ਸਮੇਂ ਹੀ ਹੋ ਗਈ। ਇਸ ਤੋਂ ਬਾਅਦ ਆਪ ਨੇ ਆਪਣੇ ਜ਼ਾਲਮ ਅਧਿਆਪਕ ਅਤੇ ਬਰਤਾਨਵੀ ਯੂਨੀਅਨ ਜੈੱਕ ਦਾ ਨਿਰਾਦਰ ਕੀਤਾ, ਕੁੱਟ ਖਾਧੀ ਅਤੇ ਸਕੂਲ ਦੀ ਪੜ੍ਹਾਈ ਛੱਡ ਦਿੱਤੀ। ੧੯੨੦ ਵਿਚ ਆਪ ਅਕਾਲੀ ਲਹਿਰ ਵਿਚ ਆ ਗਏ ਤੇ ੧੯੨੧ ਵਿਚ ਗੜਗੱਜ ਅਕਾਲੀ ਦੀਵਾਨ ਦੇ ਮੀਤ ਸਕੱਤਰ ਬਣੇ। ਇਥੋਂ ਹੀ ਆਪ ਦੇ ਨਾਂ ਨਾਲ ਗੜਗੱਜ ਦੀ ਅੱਲ ਸਬੰਧਿਤ ਹੋਈ। ਸਾਲ ਕੁ ਕੈਦ ਰਹੇ। ਫਿਰ ਨਾਭਾ ਲਹਿਰ ਦੇ ਸਬੰਧ ਵਿਚ ਦੋ ਸਾਲ ਕੈਦ ਰਹੇ। ਬਾਅਦ 'ਬਬਰ ਸ਼ੇਰ' ਦੇ ਸਹਾਇਕ ਸੰਪਾਦਕ ਰਹੇ। ੧੯੨੮ ਵਿਚ 'ਕਿਰਤੀ' ਰਸਾਲੇ ਵਿਚ ਆ ਗਏ ਤੇ ਕੁਝ ਚਿਰ ਪਿਛੋਂ ਪੰਜਾਬੀ ਤੇ ਉਰਦੂ ਦੋਹਾਂ ਐਡੀਸ਼ਨਾਂ ਦੇ ਸੰਪਾਦਕ ਲਗ ਗਏ। ਸ: ਸੋਹਨ ਸਿੰਘ ਜੋਸ਼ ਅਤੇ ਸ਼ਹੀਦ ਭਗਤ ਸਿੰਘ ਵੀ ਆਪ ਨਾਲ ਰਹੇ। ੧੯੨੯ ਵਿਚ ਫਿਰ ਗ੍ਰਿਫਤਾਰ ਹੋਏ ਪਰ ਹਾਈ ਕੋਰਟ ਤੋਂ ਬਚ ਗਏ। 'ਕਿਰਤੀ' ਉੱਤੇ ਪਾਬੰਦੀ ਲਗਣ ਤਕ ਆਪ ਇਸ ਦੀ ਸੰਪਾਦਕੀ ਕਰਦੇ ਰਹੇ। ੧੯੩੦ ਦੀ ਨਾਫਰਮਾਨੀ ਲਹਿਰ ਵਿਚ ਵੀ ਤਿੰਨ ਮਹੀਨੇ ਅੰਦਰ ਰਹੇ। ੧੯੩੧ ਵਿਚ ਆਪ ਅੰਮ੍ਰਿਤਸਰ ਦੇ ਮਾਸਕ ਪੱਤਰ 'ਮਜ਼ਦੂਰ ਕਿਸਾਨ' ਦੇ ਸੰਪਾਦਕ ਲੱਗ ਗਏ। ਜੂਨ ੧੯੩੫ ਵਿਚ 'ਅਕਾਲੀ ਪਤ੍ਰਿਕਾ' ਲਾਹੌਰ ਦੇ ਸਹਾਇਕ ਸੰਪਾਦਕ ਬਣੇ। ੧੯੩੯ ਤੋਂ ੧੯੪੨ ਤਕ ਫਿਰ ਕੈਦ ਰਹੇ। ਤੇ ਫਿਰ ਦੇਹਾਂਤ ਤਕ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਸੰਪਾਦਕ ਰਹੇ।

ਤਕਰੀਬਨ ਸਾਰੇ ਪਤਰਾਂ ਵਿਚ ਆਪ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਸਨ।

"ਗੜਗਜ ਢੰਡੋਰਾ" (੧੯੨੩), 'ਖ਼ੂਨੀ ਜਪਾਨ' (੧੯੪੨), 'ਦੋ ਪੈਰ ਘਟ ਤੁਰਨਾ' (੧੯੬੧) ਆਦਿਕ ਪੁਸਤਕਾਂ ਵੀ ਆਪ ਦੀ ਘਾਲਣਾ ਵਿਚ ਸ਼ਾਮਲ ਹਨ।

ਸਾਂਝੀ ਪੰਜਾਬੀਅਤ ਆਪ ਦੇ ਕਮਿਉਨਿਸਟ ਸਿਦਕ ਦਾ ਵਿਸ਼ੇਸ਼ ਪੱਖ ਸੀ।

**ਅਰਜਨ ਸਿੰਘ ਚਿਤਰਕਾਰ** (੧੯੦੨ -- ੧੪ ਅਕਤੂਬਰ ੧੯੫੧)

ਜਨਮ ਪਿੰਡ ਖੁਸਰੋਪੁਰ ਜ਼ਿਲਾ ਜਲੰਧਰ ਵਿਚ ਸ: ਸੰਤਾ ਸਿੰਘ ਦੇ ਘਰ ਹੋਇਆ। ਵਜ਼ੀਫਾ ਜਿੱਤ ਕੇ ਆਪ ਨੇ ਦਸਵੀਂ ਪਾਸ ਕੀਤੀ। ਫਿਰ ਆਪ ਚਿਤਰਕਾਰੀ ਵਲ ਰੁਝ ਗਏ। ਕਲਕੱਤੇ ਦੀ ਇਕ ਨੁਮਾਇਸ਼ ਵਿਚੋਂ ਆਪ ਨੂੰ ਇਨਾਮ ਵੀ ਮਿਲਿਆ। ਪ੍ਰਸਿੱਧ ਇਤਿਹਾਸਕ ਗੁਰ-ਦੁਆਰਿਆਂ ਅਤੇ ਹੋਰ ਸਥਾਨਾਂ ਵਿਚ ਆਪ ਦੇ ਬਣਾਏ ਚਿਤਰ ਲਗੇ ਹੋਏ ਹਨ। ਬੰਗਾਲ ਵਿਚ ਆਪ ਸਿੱਖ-ਸੰਗਤਾਂ ਦੇ ਆਗੂ ਵੀ ਰਹੇ। ਕਿਸ਼ਨਪੁਰੇ (ਫੀਰੋਜ਼ਪੁਰ) ਦੀਆਂ ਧਾਰਮਕ ਸਰਗਰਮੀਆਂ ਵਿਚ ਵੀ ਆਪ ਕਾਫੀ ਰੁਝੇ ਰਹਿੰਦੇ ਸਨ।

ਆਪ 'ਗੁਰਮੱਤ ਸਮਾਚਾਰ' ਦੇ ਮੁਖ ਸੰਪਾਦਕ ਵੀ ਰਹਿ ਚੁਕੇ ਹਨ।

**ਅਰਜਨ ਦਾਸ, ਡਾਕਟਰ** (੨੦ਵੀਂ ਸਦੀ)

ਆਪ ਦੇ ਨਾਵਲ 'ਸ਼ੁਕੀਨ ਵਹੁਟੀ' ਅਤੇ 'ਜੈਂਟਲਮੈਨ ਚੋਰ' ਕਾਫੀ ਲੋਕ-ਪ੍ਰਿਅ ਰਹਿ ਚੁਕੇ ਹਨ।

**ਅਰਜਨ ਦੇਵ ਹਰਨਾਲ**

ਵੇਖੋ

ਹਰਨਾਲ, ਅਰਜਨ ਦੇਵ

**ਅਰਜਨ ਦੇਵ, ਗੁਰੂ** (੧੪ ਅਪ੍ਰੈਲ, ੧੫੬੩—੧੩ ਮਈ, ੧੬੦੬)

ਆਪ ਦਾ ਜਨਮ ਗੁਰੂ ਰਾਮ ਦਾਸ ਦੇ ਘਰ ਮਾਤਾ ਭਾਨੀ ਦੀ ਕੁਖੋਂ ਹੋਇਆ। ਬਚਪਨ ਤੋਂ ਹੀ ਵਿਚਾਰ-ਸ਼ੀਲਤਾ ਅਤੇ ਦ੍ਰਿੜ੍ਹਤਾ ਨਾਲ ਭਰਪੂਰ ਸਨ। ਨਾਨਾ ਗੁਰੂ ਅਮਰ ਦਾਸ, ਪਿਤਾ ਗੁਰੂ ਰਾਮ ਦਾਸ ਅਤੇ ਮਾਤਾ ਭਾਨੀ ਦੀਆਂ ਸ਼ਖਸੀਅਤਾਂ ਆਪ ਲਈ ਪ੍ਰੇਰਨਾ ਦੇ ਸੋਮੇ ਬਣੀਆਂ। ੩੦ ਅਗਸਤ ੧੫੮੧ ਨੂੰ ਆਪ ਪੰਜਵੇਂ ਗੁਰੂ ਬਣੇ। ੧੫੮੮ ਵਿਚ ਆਪ ਨੇ ਅੰਮ੍ਰਿਤਸਰ ਯਜਨਾ ਸੰਪੂਰਨ ਕੀਤੀ। ੧੫੯੦ ਵਿਚ ਤਰਨਤਾਰਨ ਉਸਰ-ਵਾਇਆ, ੧੫੯੮ ਵਿਚ ਕਰਤਾਰਪੁਰ ਵਸਾਇਆ ਅਤੇ ੧੬੦੪ ਵਿਚ ਆਦਿ ਗ੍ਰੰਥ ਦੀ ਸੰਪਾਦਨਾ ਸੰਪੂਰਨ ਕਰਵਾਈ। ਸਪਸ਼ਟ ਹੈ ਕਿ ਆਪ ਦਾ ਜੀਵਨ ਰੁਝੇਵਿਆਂ ਭਰਿਆ ਸੀ।

੧੬੦੬ ਵਿਚ ਜਹਾਂਗੀਰ ਨੇ ਆਪ ਨੂੰ ਬੜੇ ਤਸੀਹਿਆਂ ਨਾਲ ਸ਼ਹੀਦ ਕਰਵਾ ਦਿੱਤਾ।

ਆਦਿ ਗ੍ਰੰਥ ਦੀ ਸੰਪਾਦਨਾ ਸਾਹਿਤਕ ਦ੍ਰਿਸ਼ਟੀ-ਕੋਨ ਤੋਂ ਆਪ ਦਾ ਇਕ ਮਹਾਨ ਕਦਮ ਸੀ। ਇਸ ਵਿਚ ੩੭ ਅਧਿਆਤਮਕ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ੧੯੩੦ ਸਫ਼ਿਆਂ ਦੇ ਵਿਸਤਾਰ ਵਿਚ ਜੜੀਆਂ ਹੋਈਆਂ ਹਨ। ਕਿਤੇ ਵੀ ਆਤਮ-ਵਿਰੋਧ ਨਹੀਂ ਅਤੇ ਮੁੱਢ ਤੋਂ ਲੈ ਕੇ ਅੰਤ ਤਕ ਵਿਚਾਰ-ਧਾਰਾ ਦੀ ਇਕਸਾਰਤਾ ਅਤੇ ਰੂਪ ਦੀ ਸਮਾਨਤਾ ਵਿਆਪਕ ਹੈ। ਆਦਿ ਗ੍ਰੰਥ ਵਿਚਲੀ ਰਚਨਾ ਵਿਚੋਂ ੪੯੫੬ ਸ਼ਬਦ ਸਿੱਖ ਗੁਰੂਆਂ ਦੇ ਅਤੇ ੧੩੯ ਭਗਤਾਂ ਅਤੇ ਭਟਾਂ ਦੇ ਹਨ। ਸਾਰੀ ਬਾਣੀ ੩੧ ਰਾਗਾਂ ਵਿਚ ਪਰੋਈ ਹੋਈ ਹੈ। ਆਧੁਨਿਕ ਯੁੱਗ ਦੇ ਉਚਤਮ ਭਾਰਤੀ ਵਿਦਵਾਨਾਂ ਦੀ ਰਾਏ ਹੈ ਕਿ ਆਦਿ ਗ੍ਰੰਥ ਦੀ ਸੰਪਾਦਨਾ ਸੰਪਾਦਕ ਦੀ ਬਹੁ-ਪੱਖੀ ਪ੍ਰਤਿਭਾ ਦਾ ਸਬੂਤ ਹੈ।

ਬਾਵਨ ਅਖਰੀ, ਜੈਤਸਰੀ ਦੀ ਵਾਰ, ਸੁਖਮਨੀ, ਗਾਥਾ, ਫੁਨਹੇ, ਮਾਰੂ ਡੱਖਣੇ ਅਤੇ ਹੋਰ ਰਚਨਾਵਾਂ ਵਿਚ ਗੁਰੂ ਅਰਜਨ ਹੁਰਾਂ ਆਤਮਾ ਪਰਮਾਤਮਾ ਦੇ ਸਬੰਧਾਂ ਬਾਰੇ ਆਪਣੇ ਵਿਚਾਰ ਅਤੇ ਭਾਵ ਦਸੇ ਹਨ। ਆਪ ਦੀ ਸਮੁੱਚੀ ਰਚਨਾ ਵਿਚ ਸ਼ਾਂਤ ਰਸ ਦੀ ਵਿਆਪਨਾ ਅਤੇ ਵੈਰਾਗ ਦੀ ਤੀਖਣਤਾ ਹੈ। ਸੁਖਮਨੀ ਵਿਚ ਵਿਚਾਰ-ਸ਼ੀਲਤਾ, ਸ਼ਬਦ ਹਜ਼ਾਰੇ ਵਿਚ ਭਾਵਕਤਾ ਅਤੇ 'ਫੁਨਹੇ' ਵਿਚ ਬਿਰਹਾ ਪ੍ਰੀੜ ਦੀ ਪਰਧਾਨਤਾ ਹੈ।

ਬੋਲੀ ਮਾਰਮਿਕ ਹੈ। ਬੋਲੀ ਦੀ ਦ੍ਰਿਸ਼ਟੀ ਤੋਂ ਆਪ ਦੀ ਰਚਨਾ ਚੋਂ ਫ਼ਰੀਦ, ਕਬੀਰ, ਨਾਨਕ, ਜੈ ਦੇਵ, ਰਵਿਦਾਸ ਸਭ ਦੇ ਦਰਸ਼ਨ ਹੁੰਦੇ ਹਨ। ਸੰਸਕ੍ਰਿਤ, ਅਪਭ੍ਰੰਸ, ਫਾਰਸੀ, ਬ੍ਰਜ ਭਾਸ਼ਾ, ਲਹਿੰਦੀ, ਸਿੰਧੀ ਤੇ ਰਾਜਸਥਾਨੀ ਦੇ ਰੰਗ ਵਖੋ ਵਖ ਰਚਨਾਵਾਂ ਵਿਚ ਭਰੇ ਹੋਏ ਹਨ। ਆਪ ਨੇ ਭਗਤੀ ਤੇ ਸ਼ਿੰਗਾਰ ਲਈ ਬ੍ਰਜ ਭਾਸ਼ਾ ਅਤੇ ਸਮਾਜਕ ਚੇਤਨਾ ਲਈ ਪੰਜਾਬੀ ਦੀ ਵਰਤੋਂ ਕੀਤੀ ਹੈ। ਜੈਤਸਰੀ ਦੀ ਵਾਰ ਵਿਚ ਪੂਰਬੀ, ਲਹਿੰਦੀ ਤੇ ਕੇਂਦਰੀ ਪੰਜਾਬੀ ਵਾਰੀ ਵਾਰੀ ਆਉਂਦੀਆਂ ਹਨ।

"ਆਪ ਜਮਾਂਦਰੂ ਕਵੀ, ਕਰਮਸ਼ੀਲ ਦਰਸ਼ਨ-ਵੇਤਾ, ਸ਼ਕਤੀਸ਼ਾਲੀ ਜਥੇਬੰਦਕ (ਆਰਗਨਾਈਜ਼ਰ) ਅਤੇ ਮਹਾਨ ਕੌਮੀ ਆਗੂ ਸਨ"। ਆਪ ਦੀ ਸ਼ਹੀਦੀ ਸੰਸਾਰ-ਇਤਿ-ਹਾਸ ਦੀਆਂ ਲਾਮਿਸਾਲ ਘਟਨਾਵਾਂ ਵਿਚ ਗਿਣੀ ਜਾਂਦੀ ਹੈ।

ਆਪ ਨੇ ਭਗਤੀ ਮੱਤ ਦੇ ਆਤਮਵਾਦ ਨੂੰ ਇਕ ਸਮਾਜਕ ਇਨਕਲਾਬ ਵਿਚ ਰੂਪਾਂਤ੍ਰਿਤ ਕੀਤਾ ਅਤੇ ਰਹੱਸਵਾਦ ਨੂੰ ਸਾਧਾਰਨ ਜ਼ਿੰਦਗੀ ਦੇ ਨੇੜੇ ਲਿਆਂਦਾ,

ਨਿਰਾਕਾਰ ਬ੍ਰਹਮ ਦੀ ਵਿਆਪੀ ਹਸਤੀ ਨੂੰ ਆਪ ਨੇ ਅਤੀਅੰਤ ਮਨੁਖਵਾਦੀ ਰੂਪ ਵਿਚ ਸਾਹਿਤ ਬਣਾਇਆ। ਜੀਵਨ ਨੂੰ ਅਖਾੜਾ ਅਤੇ ਮਨੁੱਖ ਨੂੰ ਵੀਰ ਯੋਧਾ ਦਸਿਆ।

ਭਾਰਤੀ ਇਤਿਹਾਸ ਅਤੇ ਪੰਜਾਬ ਦੇ ਸਾਹਿਤ ਵਿਚ ਆਪ ਦਾ ਸਥਾਨ ਅਤੀਅੰਤ ਉੱਚਾ ਹੈ।

**ਅਰਜਨ ਮੁਨੀ ਸਵਾਮੀ ਬੁੜੈਲ**

ਆਪ ਦਾ ਸਬੰਧ ਬੁੜੈਲ ਜ਼ਿਲਾ ਅੰਬਾਲਾ ਨਾਲ ਹੈ। ਇਤਿਹਾਸ-ਪੁਸਤਕ 'ਗੁਰਦਵਾਰੇ ਦਰਸ਼ਨ' ਆਪ ਦੀ ਰਚਨਾ ਵਿਚ ਸ਼ਾਮਲ ਹੈ।

**ਅਰਦਮਨ ਸਿੰਘ** (-੧੯੫੧-)

ਆਪ ਦੀ ਵਿਦਿਆ ਵਿਚ ਐਮ. ਏ. ਅਤੇ ਐਲ. ਐਲ. ਬੀ. ਦੀਆਂ ਯੋਗਤਾਵਾਂ ਸ਼ਾਮਲ ਹਨ। ਪੰਜਾਬੀ ਸਾਹਿਤ ਪ੍ਰਤੀ ਆਪ ਸੂਚਿਤ ਰਹਿੰਦੇ ਹਨ।

'ਪ੍ਰੈਸੀ ਰਚਨਾ' ਆਪ ਦੀ ਵਿਦਿਅਕ ਪੁਸਤਕ ਹੈ।

**ਅਰੂੜ ਸਿੰਘ ਤਾਇਬ** (੨੦ਵੀਂ ਸਦੀ)

ਆਪ ਦੇ ਦੋ ਨਾਵਲ 'ਪਾਪੀ ਢੱਲਾ' ਅਤੇ 'ਪੋਲੀਟੀਕਲ ਡਾਕੂ' ਕਾਫ਼ੀ ਪ੍ਰਚਲਿਤ ਰਹਿ ਚੁਕੇ ਹਨ।

'ਸੁੱਕਾ ਸਮੁੰਦਰ' (ਨਾਟਕ) ਅਤੇ ਪੰਜਾਬੀ 'ਸੂਰਮਾ' (ਇਤਿਹਾਸ) ਆਦਿਕ ਪੁਸਤਕਾਂ ਵੀ ਆਪ ਦੀ ਰਚਨਾ ਵਿਚ ਸ਼ਾਮਲ ਹਨ।

**ਅਰੂੜਾ ਰਾਏ** (੧੮੧੮—੧੮੮੦)

ਆਪ ਲਾਹੌਰ ਦੇ ਕੂਚਾ ਚਿੜੀਮਾਰਾਂ ਵਿਚ ਰਹਿੰਦੇ ਹੁੰਦੇ ਸਨ। ਆਪ ਦਾ ਸਬੰਧ ਹਿੰਦੂ ਭੱਟਾਂ ਨਾਲ ਹੈ। ਆਪ ਦੇ ਸਮੇਂ ਕਵੀਆਂ ਦੀ ਇਕ ਵਿਸ਼ੇਸ਼ ਸੰਸਥਾ ਚਲ ਰਹੀ ਸੀ, ਜਿਸ ਦੇ ਬਾਨੀ ਉਸਤਾਦ ਫ਼ਰੀਦ-ਉ-ਦੀਨ ਮਜ਼ਗੀ ਸਨ। ਆਪ ਉਨ੍ਹਾਂ ਦੇ ਸਿਰਕਢ ਸ਼ਾਗਿਰਦ ਸਨ। ਆਪ ਦਾ ਮੁਕਾਬਲਾ ਸਮੇਂ ਦੇ ਪ੍ਰਸਿੱਧ ਕਵੀਆਂ ਨਾਲ ਅਕਸਰ ਹੁੰਦਾ ਰਹਿੰਦਾ ਸੀ। ਸਯਦ ਫਜ਼ਲ ਸ਼ਾਹ, ਮੀਆਂ ਬਾਗਬਾਨ ਅਤੇ ਮੀਆਂ ਸ਼ਾਦੀ ਆਪ ਦੇ ਟਾਕਰੇ ਵਿਚ ਸਰਗਰਮ ਰਹਿੰਦੇ ਸਨ। ਇਹ ਹਾਲਾਤ ਸਾਨੂੰ ਉਨ੍ਹੀਵੀਂ ਸਦੀ ਦੀਆਂ ਸਾਹਿਤ ਸਭਾਵਾਂ ਦੀ ਸੋਅ ਦਿੰਦੇ ਹਨ। ਪਰ ਸ਼ੋਕ ਦੀ ਗੱਲ ਇਹ ਹੈ ਕਿ ਉਦੋਂ ਵੀ ਅਜ ਵਾਂਗ ਦਿਮਾਗ਼ੀ ਅਯਾਸ਼ੀ ਅਤੇ ਰੂਪ-ਵਾਦੀ ਸ਼ਬਦ-ਕਲੋਲ ਦੀਆਂ ਰਵ ਇਤਾਂ ਪੱਕੀਆਂ ਸਨ। ਤਕਰੀਬਨ ੧੮੭੦ ਵਿਚ ਲਾਹੌਰ ਦੇ ਚੌੜ ਮੱਤੀ ਵਿਚ ਆਪ ਦਾ ਅਤੇ ਸਯਦ ਫਜ਼ਲ ਸ਼ਾਹ ਦਾ ਕਾਵਿਕ ਦੰਗਲ ਹੋ ਗਿਆ। ਵਿਸ਼ੇ ਸੀ 'ਅਖੀਆਂ'। ਮੁਕਾਬਲੇ ਵਿਚ ਫਜ਼ਲ ਸ਼ਾਹ ਹੁਰੀਂ ਜਿੱਤ ਗਏ। ਅਰੂੜਾ ਰਾਏ ਜੀ ਹਾਰ ਗਏ। ਰਹੀਮ ਬਖਸ਼ ਸਲਵਾਕ ਆਪ ਦੇ ਸ਼ਾਗਿਰਦ ਸਨ। ਅਰੂੜਾ ਰਾਏ ਹੁਰਾਂ ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਤੇਰੀ ਜਾਨ ਦੇ ਨਾਲ ਹੈ ਜਾਨ ਮੇਰੀ,
ਭਾਵੇਂ ਜਾਨ ਤੇ ਭਾਵੇਂ ਨਾ ਜਾਨ ਲਾਲਾ।

**ਅਲੀ ਹੈਦਰ, ਸਯਦ** (੧੧੦੧—੧੧੯੧ ਹਿਜਰੀ)

ਜਨਮ ੧੧੦੧ ਹਿਜਰੀ ਵਿਚ ਮੁਲਤਾਨ ਜ਼ਿਲੇ ਦੇ ਪਿੰਡ ਚੌਂਤਰੇ ਵਿਚ ਹੋਇਆ। ਜੀਵਨ ਸਬੰਧੀ ਵਿਸਤਾਰ ਨਹੀਂ ਮਿਲਦਾ।

ਆਪ ਦੇਸ਼ ਪਿਆਰ, ਅਧਿਆਤਮਵਾਦ, ਮਨੁਖਵਾਦ ਤੇ ਨਾਸ਼ਮਾਨਤਾ ਨਾਲ ਅਨੁਪ੍ਰਾਣਿਤ ਪੰਜ ਸਿਹਰਫੀਆਂ ਦੇ ਲੇਖਕ ਹਨ। ਇਸ਼ਕ ਮਿਜ਼ਾਜ਼ੀ ਨੂੰ ਵੀ ਨਾਲ ਲਿਆ ਹੈ। ਬੋਲੀ ਲਹਿੰਦੀ ਪੰਜਾਬੀ ਹੈ। ਅਰਬੀ ਦੇ ਵਿਦਵਾਨ ਹੋਣ ਦੀ ਝਲਕ ਦਿਸਦੀ ਹੈ। ਅਲੰਕਾਰਾਂ ਦੀ ਵਰਤੋਂ ਸੁਚੱਜੀ ਹੈ।

**ਅਲਾ ਦਿਤਾ ਸ਼ੀਫਤਾ** (੧੮੭੩—੧੯੦੮)

ਆਪ ਅੰਮ੍ਰਿਤਸਰ ਵਿਚ ਟਾਂਗਾ ਵਾਹੁਣ ਦਾ ਕੰਮ ਕਰਿਆ ਕਰਦੇ ਸਨ। ਇਕ ਸੁੰਦਰੀ ਦੇ ਪਿਆਰ ਨੇ ਆਪ ਵਿਚਲਾ ਕਵੀ ਜਗਾ ਦਿੱਤਾ ਤੇ ਆਪ ਕਵਿਤਾ ਵਿਚ ਪਰਬੀਨਤਾ ਪ੍ਰਾਪਤ ਕਰਨ ਲਈ ਬਾਬਾ ਸਾਦਿਕ ਦੇ ਸ਼ਾਗਿਰਦ ਬਣ ਗਏ।

ਆਪ ਦੇ 'ਸਵਾਲ ਜਵਾਬ', ਸੀਹਰਫੀਆਂ, ਸ਼ਿਕਲ ਦੁਪਹਿਰ, ਬਾਰਾਂ ਮਾਂਹ, ਅਠਵਾਰੇ ਆਦਿਕ ਪ੍ਰਕਾਸ਼ਿਤ ਹੋ ਚੁਕੇ ਹਨ। ਆਪ ਦੀ ਬੋਲੀ ਰਸੀਲੀ ਪੰਜਾਬੀ ਹੈ। ਆਪ ਸ਼ਿਗ਼ਾਰ ਰਸ ਉਪਜਾਉਣ ਲਈ ਆਪਣੇ ਪਿਆਰ-ਅਨੁਭਵ ਨੂੰ ਵਰਤਦੇ ਹਨ :—

ਇਕ ਦਿਨ ਗੁਲਸ਼ਨ ਹਸਤੀ ਥੀਂ ਵਾਂਗ ਬੁਲਬੁਲ,
ਨਾਮੁਰਾਦ ਤੁੱਂ ਜਾਏਂਗਾ ਯਾਦ ਰਖੀਂ।
ਐਵੇਂ ਕਫਸ ਤਾਰੀਕ ਵਿਚ ਗੋਰ ਦੇ ਤੂੰ,
ਆਪਣੇ ਆਪ ਘਬਰਾਏਂਗਾ, ਯਾਦ ਰਖੀਂ।
ਗਮ ਗਜ਼ਾ ਤੇ ਫਿਕਰ ਦਾ ਪੀ ਪਾਣੀ,
ਹੰਝੂ ਖ਼ੂਨ ਟਪਕਾਏਂਗਾ ਯਾਦ ਰਖੀਂ,
ਤੇਰਾ ਕਿਸ ਨਹੀਂ ਸ਼ੀਫਤਾ ਸਾਥ ਕਰਨਾ,
ਬਾਝ ਸ਼ਾਮ ਪਛਤਾਏਂਗਾ ਯਾਦ ਰਖੀਂ।

**ਅੱਲਾ ਦਾਦ ਖਾਨ, ਆਬਦ ਜਾਫ਼ਰੀ** (੨੪ ਅਪ੍ਰੈਲ ੧੯੩੪—ਜੀਵਤ)

ਆਪ ਮੰਗਵਾਲ, ਤਹਿਸੀਲ ਚਕਵਾਲ ਜ਼ਿਲਾ ਜਿਹਲਮ ਦੇ ਨਿਵਾਸੀ ਹਨ। ਪੜ੍ਹਨ ਪੜ੍ਹਾਨ ਦਾ ਕੰਮ ਕਰਦੇ ਹਨ। ੧੯੫੯ ਤੋਂ ਪੰਜਾਬੀ ਸਾਹਿਤਕਾਰੀ ਨਿਭਾਅ ਰਹੇ ਹਨ।

ਆਪ ਦਾ ਸਥਾਨ ਪੰਜਾਬੀ ਦੇ ਆਧੁਨਿਕ ਵਿਚਾਰ-ਸ਼ੀਲ ਕਵੀਆਂ ਵਿਚ ਹੈ। ਜ਼ਿੰਦਗੀ ਦੀਆਂ ਅੰਤਰੀਵ ਮਾਨਸਕ ਤਲਖੀਆਂ ਨਾਲ ਆਪ ਦੀ ਰਚਨਾ ਦਾ ਘਣੇਰਾ ਸਬੰਧ ਹੈ।

ਮੇਰੇ ਉਮਰ-ਪਿਆਲੇ ਅੰਦਰ,
ਮੌਤ ਸਿਆਹੀਆਂ ਘੋਲ ਰਹੀ ਏ।
.....
ਮੇਰੇ ਦਿਲ ਦੇ ਮੰਦਰ ਵਿਚ ਤੇ,
ਸੋਚ ਖਿਆਲ ਦਾ ਬੁੱਤ,
ਮੈਨੂੰ ਕਾਫਰ ਆਖਣ ਵਾਲਿਆਂ,
ਤੇਰੀ ਲੁਗੀ ਮਸੀਤ।

**ਅਲਾ ਬਖਸ਼ ਰਫੀਕ**

ਵੇਖੋ

ਰਫੀਕ ਮੇਰਠੀ

**ਆਲਮ ਸਿਆਹ ਪੋਸ਼** (੧੯੧੩—?)

ਆਪ ਦਾ ਜਨਮ ਗੁਰਦਾਸਪੁਰ ਜ਼ਿਲੇ ਦੇ ਪਿੰਡ ਕਲਾਨੌਰ ਵਿਚ ਮੀਆਂ ਫਜ਼ਲ ਕਰੀਮ ਜੱਟ ਦੇ ਘਰ ਹੋਇਆ। ਚੌਥੀ ਵਿਚ ਹੀ ਪੜ੍ਹਦੇ ਸਨ ਕਿ ਪਿਤਾ ਦਾ ਦੇਹਾਂਤ ਹੋ ਗਿਆ। ਆਪ ਨੇ ਵਰਨੈਕੁਲਰ ਮਿਡਲ ਕਲਾਨੌਰ ਤੇ ਦਸਵੀਂ ਬਟਾਲਿਓਂ ਕੀਤੀ। ਰਿਸ਼ਤੇਦਾਰਾਂ ਵਲੋਂ ਸਹਿਯੋਗ ਨਾ ਮਿਲਣ ਕਰ ਕੇ ਆਪ ੧੯੩੧ ਵਿਚ ਫਕੀਰ ਹੋ ਗਏ। ਆਪ ਨੂੰ ਵੀ ਮਿਰਜ਼ੇ ਵਾਂਗ ਆਪਣੇ ਮਾਮੇ ਦੀ ਧੀ ਨਾਲ ਪਿਆਰ ਸੀ, ਪਰ ਪ੍ਰੀਤਮਾ ਦੇ ਮਾਪਿਆਂ ਨੇ ਆਪ ਨੂੰ ਨਿਕੰਮਾ ਸਮਝ ਕੇ ਕੁੜੀ ਦਾ ਰਿਸ਼ਤਾ ਕਿਸੇ ਹੋਰ ਨਾਲ ਕਰ ਦਿਤਾ। ਇਹ ਵੀ ਫਕੀਰ ਹੋਣ ਦਾ ਇਕ ਕਾਰਨ ਸੀ। ਇਕ ਵਾਰੀ ੨੧ ਦਿਨ ਦਾ ਵਰਤ ਰਖਿਆ ਜਿਸ ਤੇ ਲੋਕਾਂ ਨੇ ਰੂਹਾਨੀ ਆਗੂ ਮੰਨ ਲਿਆ। ਮੌਕਾ ਮੇਲ ਵੀ ਇੰਨਾ ਸ਼ਕਤੀਸ਼ਾਲੀ ਹੋਇਆ ਕਿ ੧੯੩੪

ਵਿਚ ਆਪ ਦੀ ਪ੍ਰਿਤਮਾ ਆਪਣੇ ਪਤੀ ਤੋਂ ਤਲਾਕ ਲੈ ਕੇ ਘਰ ਆ ਬੈਠੀ। ਆਪ ਨੇ ਝੱਟ ਹੀ ਉਸਨੂੰ ਅਪਨਾ ਲਿਆ ਤੇ ਦੁਨੀਆਦਾਰੀ ਧਾਰਨ ਕਰ ਲਈ।

ਆਪ ਉਰਦੂ ਅਤੇ ਪੰਜਾਬੀ ਦੋਹਾਂ ਬੋਲੀਆਂ ਵਿਚ ਕਵਿਤਾ ਲਿਖਦੇ ਹੁੰਦੇ ਸਨ। ਉਰਦੂ ਵਿਚ ਆਪ ਦੇ ਉਸਤਾਦ ਨਫੀਸ ਖਲੀਲੀ ਸਨ। ਸ਼ੈਲੀ ਬੜੀ ਸਰਲ ਤੇ ਲੌਕਿਕ ਹੈ। ਹਾਸ ਰਸ ਤੇ ਵਿਅੰਗ ਬਲਵਾਨ ਹੈ। ਬੋਲੀ ਉਤੇ ਉਰਦੂ ਦਾ ਤੀਬਰ ਪ੍ਰਭਾਵ ਹੈ।

ਐਨ—ਇਸ਼ਕ ਦਾ ਡਿਠਾ ਵਪਾਰ ਡਾਢਾ,
ਨਵੀਂ ਰੂੰ ਤੇ ਤੇਰ੍ਹੀਂ ਕਪਾਹ, ਭਈ ਵਾਹ।
ਅਜ ਕਲ ਦੇ ਅਸੀਂ ਹੁਸੀਨ ਦੇਖੇ,
ਉਤੋਂ ਚਿੱਟੇ ਤੇ ਵਿਚੋਂ ਸਿਆਹ, ਭਈ ਵਾਹ।
ਅਸੀਂ ਚੈਨ ਆਰਾਮ ਲੁਟਾ ਬੈਠੇ,
ਐਵੇਂ ਗੁੱਤ ਦਾ ਖਾਧਾ ਵਿਸਾਹ, ਭਈ ਵਾਹ।
ਆਲਮ ਯਾਰ ਨੂੰ ਇਕ ਵੀ ਨਹੀਂ ਮਿਲਦੀ,
ਧੋਲੇ ਸ਼ਾਹ ਦਾ ਦੂਜਾ ਵਿਆਹ, ਭਈ ਵਾਹ।

**ਅਲਮਸਤ** (-੧੯੪੦-)

ਆਪ ਦੀ ਕਾਵਿ ਪੁਸਤਕ ਅਰਸ਼ੀ ਝਾਤ ੧੯੪੦ ਵਿਚ ਵਾਸੁਦੇਵ ਪੁਸਤਕਾਲਾ ਅੰਮ੍ਰਿਤਸਰ ਦੁਆਰਾ ਗੁੱਥ ਰੂਪ ਵਿਚ ਪ੍ਰਕਾਸ਼ਿਤ ਹੋਈ।

**ਆਲਮ ਕਵੀ** (-੧੯੨੭-)

ਆਪ ਦੀ ਕਾਵਿ-ਪੁਸਤਕ 'ਮਾਧਵ ਨਲ ਕਾਮ ਕੰਦਲਾ' ੧੯੨੭ ਵਿਚ ਰਣਜੋਧ ਸਿੰਘ ਗੁਜਰਾਂਵਾਲੀਏ ਨੇ ਅੰਮ੍ਰਿਤਸਰੋਂ ਪ੍ਰਕਾਸ਼ਿਤ ਕੀਤੀ। ਸ: ਸ਼ਮਸ਼ੇਰ ਸਿੰਘ ਅਸ਼ੋਕ ਹੁਰਾਂ ਬਾਅਦ ਵਿਚ ਇਸ ਨੂੰ ਸੰਪਾਦਿਤ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ।

**ਆਲੁਮਦੀਨ ਕਾਜ਼ੀ**

ਆਪ ਦੀ ਕਾਵਿ-ਪੁਸਤਕ "ਮਜਮੂਆ ਗੁਲਜ਼ਾਰੁਲ ਕਰੀਮ" ਦੀਨ ਮੁਹੰਮਦੀ ਪ੍ਰੈਸ ਲਾਹੌਰ ਨੇ ਫਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੀ।

**ਅਵਤਾਰ ਸਿੰਘ** (-੧੯੪੯-)

ਆਪ ਦਾ ਕਹਾਣੀ-ਸੰਗ੍ਰਹਿ 'ਜੀਵਨ ਰਿਸ਼ਮਾਂ' ੧੯੪੯ ਵਿਚ ਦੇਵੀ ਦਾਸ ਜਾਨਕੀ ਦਾਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ।

**ਅਵਤਾਰ ਸਿੰਘ ਅਮਰ** (-੧੯੫੦-)

ਆਪ ਦੀ ਕਾਵਿ-ਪੁਸਤਕ 'ਅਣਖੀਲੇ ਯੋਧੇ' ੧੯੫੦ ਵਿਚ ਪੰਜਾਬ ਬੁੱਕ ਸ਼ਾਪ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਅਵਤਾਰ ਸਿੰਘ ਆਜ਼ਾਦ** (੧੯੦੪—ਜੀਵਤ)

ਜਨਮ ਘਵਿੰਡ ਜ਼ਿਲ੍ਹਾ ਲਾਹੌਰ ਵਿਚ ਸ: ਨੰਦ ਸਿੰਘ ਦੇ ਘਰ ਹੋਇਆ। ਖਾਲਸਾ ਕਾਲਜ ਅੰਮ੍ਰਿਤਸਰੋਂ ਦਸਵੀਂ ਕੀਤੀ। ਸ਼ੁਰੂ ਵਿਚ ਆਪ ਨੇ 'ਮੁਖਲਸ' ਦੇ ਉਪਨਾਮ ਹੇਠ ਉਰਦੂ ਸ਼ਾਇਰੀ ਵੀ ਕੀਤੀ। ੧੯੨੦ ਤੋਂ ਆਪ ਲਗਾਤਾਰ ਲਿਖ ਰਹੇ ਹਨ ਅਤੇ ਇਸ ਸਮੇਂ ਵਿਚ 'ਮਿਲਾਪ', 'ਬਬਰ ਸ਼ੇਰ', 'ਕਿਰਪਾਨ ਬਹਾਦਰ', 'ਪੰਜਾਬ ਦਰਪਨ', 'ਫਤਿਹ', 'ਮੌਜੀ', 'ਪ੍ਰੀਤਮ', 'ਸੱਤ ਰੰਗ', 'ਅਕਾਸ਼ਬਾਣੀ', 'ਪ੍ਰਭਾਤ', 'ਅਜੀਤ', 'ਪੰਜਾਬੀ ਸਾਹਿਤ', ਆਦਿਕ ਪੱਤਰਾਂ ਵਿਚ ਉਪ-ਸੰਪਾਦਕ ਤੇ ਸੰਪਾਦਕ ਵੀ ਰਹਿ ਚੁਕੇ ਹਨ। ਅਜ ਕਲ ਆਪ 'ਪ੍ਰਭਾਤ' ਪੱਤਰ ਵਿਚ ਹਨ। (ਆਪ ਅੰਗਰੇਜ਼ ਦੀ ਜੇਲ੍ਹ ਵਿਚ ਵੀ ਰਹਿ ਚੁਕੇ ਹਨ)।

**ਰਚਨਾ :**

**ਕਵਿਤਾ** : 'ਰਤਨ ਮਾਲਾ', 'ਸਵਾਂਤ ਬੂੰਦ', 'ਸਾਵਣ ਪੀਂਘਾਂ', 'ਕਨਸੋਆਂ', 'ਖਿਆਮ ਖੁਮਾਰੀ' (ਉਮਰ ਖਿਆਮ ਦੀਆਂ ਰੁਬਾਈਆਂ ਦਾ ਰੂਪਾਂਤਰ), 'ਨੂਰੀ ਜੋਤਾਂ', 'ਵਿਸ਼ਵ ਵੇਦਨਾ', 'ਸੋਨ ਸਵੇਰਾ', 'ਕੈਦੀ ਬੀਰ', 'ਕੰਬਣੀਆਂ' ਆਦਿਕ ।

**ਮਹਾਂ-ਕਾਵਿ** : 'ਮਰਦ ਅਗੰਮੜਾ', 'ਵਿਸ਼ਵ ਨੂਰ', 'ਮਹਾਂ ਬਲੀ' ।

**ਆਲੋਚਨਾ** : ਪਜਾਬੀ ਸਾਹਿਤ ਦੇ ਉਸਰਈਏ ।

**ਨਾਵਲ** : 'ਕਮਲਾ' (ਮੂਲ ਲੇਖਕ ਸਰ ਜੋਗਿੰਦਰ ਸਿੰਘ) ।

ਆਪ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵਲੋਂ ਪੰਜ ਪੰਜ ਸੌ ਰੁਪੈ ਦੇ ਇਨਾਮ ਲੈ ਚੁਕੇ ਹਨ ।

ਆਪ ਦੀ ਕਵਿਤਾ ਵਿਚ ਪ੍ਰਗਤੀਵਾਦ ਅਤੇ ਗੁਰੂ ਘਰ ਦੇ ਸਮਾਜਵਾਦ ਦਾ ਸੰਜੋਗ ਹੈ । ਬੋਲੀ ਕੇਂਦਰੀ ਪੰਜਾਬੀ ਹੈ ।

ਆਪ ਦਾ ਸਥਾਨ ਬੁਧੀਮਾਨ ਸਾਹਿਤਕਾਰਾਂ ਵਿਚ ਹੈ ।

**ਅਵਤਾਰ ਸਿੰਘ ਸੇਠੀ**

ਵੇਖੋ
ਸੇਠੀ, ਅਵਤਾਰ ਸਿੰਘ

**ਅਵਤਾਰ ਸਿੰਘ ਜੰਡਿਆਲਵੀ** (੨੭ ਅਪ੍ਰੈਲ ੧੯੩੭ — ਜੀਵਤ)

ਆਪ ਦਾ ਜਨਮ ਜੰਡਿਆਲੇ (ਜਲੰਧਰ) ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਸ: ਅਮਰ ਸਿੰਘ ਦੇ ਘਰ ਹੋਇਆ । ਆਪ ਨੇ ਦੁਆਬਾ ਕਾਲਜ ਜਾਲੰਧਰ ਤੋਂ ਬੀ ਏ. ਅਤੇ ਰਾਮ ਗੜ੍ਹੀਆ ਕਾਲਜ, ਫਗਵਾੜਾ ਤੋਂ ਬੀ. ਟੀ. ਕੀਤੀ । ਅਜ ਕਲ ਆਪ ਮੰਡੀ ਡਬਵਾਲੀ (ਹਿਸਾਰ) ਦੇ ਸਰਕਾਰੀ ਹਾਈ ਸਕੂਲ ਵਿਚ ਵਿਗਿਆਨ ਦੇ ਅਧਿਆਪਕ ਹਨ । ਪੰਜਾਬੀ ਦੇ ਸ੍ਰੇਸ਼ਟ ਰਸਾਲਿਆਂ ਵਿਚ ਆਪ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ ।

ਆਪ ਦਾ ਪਹਿਲਾ ਕਾਵਿ-ਸੰਗ੍ਰਹਿ "ਕੱਪਰ-ਛਲਾਂ" ਜੁਲਾਈ ੧੯੬੧ ਵਿਚ ਪ੍ਰਕਾਸ਼ਿਤ ਹੋਇਆ । ਆਪ ਦੀ ਬੋਲੀ ਅਤੀ ਸਾਧਾਰਨ ਪਰ ਉਚਿਆਈ ਹੋਈ ਤੇ ਸੁਹਜ-ਮਈ ਹੈ । ਆਪ ਮੂਲ ਰੂਪ ਵਿਚ ਅਗਰਗਾਮੀ ਧਾਰਾ ਦੇ ਕਵੀ ਹਨ ।

**ਅਵਤਾਰ ਸਿੰਘ ਦੀਪਕ** (੨੦ ਸਤੰਬਰ ੧੯੩੦—ਜੀਵਤ)

ਜਨਮ ਪਿੰਡ ਬੰਦਾ, ਜ਼ਿਲ੍ਹਾ ਰਾਵਲਪਿੰਡੀ ਵਿਚ ਸ: ਬਚਨ ਸਿੰਘ ਦੇ ਘਰ ਹੋਇਆ । ਵਿਦਿਆ ਬੀ. ਐਸ. ਸੀ., ਬੀ. ਟੀ., ਤਕ ਹੈ । ਅਜ ਕਲ ਸਰਕਾਰੀ ਹਾਇਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿਚ ਮੁਖ ਸਾਇੰਸ-ਮਾਸਟਰ ਹਨ ।

ਆਪ ਦੀ ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

**ਕਹਾਣੀ ਸੰਗ੍ਰਹਿ** : ਦੀਵਾ ਬਲਦਾ ਰਿਹਾ, ਲੈ ਦੀਵਾ ਨੀ ਸਰਘੀਏ ।

**ਆਮ ਵਾਕਫ਼ੀ** : ਤਸਵੀਰਾਂ ਬੋਲਦੀਆਂ, (ਭਾਰਤ ਸਰਕਾਰ ਦੇ ਬਾਲ ਸਾਹਿਤ ਮੁਕਾਬਲੇ ਵਿਚ ਇਸ ਪੁਸਤਕ ਨੂੰ ੫੦੮ ਰੁਪਏ ਦਾ ਪਹਿਲਾ ਇਨਾਮ ਮਿਲਿਆ । ਬਿਜਲੀ ਦੀਆਂ ਗਲਾਂ । ਆਮ ਵਾਕਫ਼ੀ ਦੀਆਂ ਇਹ ਦੋਵੇਂ ਪੁਸਤਕਾਂ ਹਿੰਦੀ ਰੂਪ ਵਿਚ ਵੀ ਆ ਚੁੱਕੀਆਂ ਹਨ) ।

**ਵਿਦਿਅਕ** : 'ਸੁੰਦਰ ਪੰਜਾਬੀ ਵਿਆਕਰਣ ਤੇ ਲੇਖ ਮਾਲਾ', 'ਦੀਪਕ-ਮਾਲਾ', ਅਤੇ 'ਕੋਰ ਪੰਜਾਬੀ' ।

**ਬਾਲ-ਕਹਾਣੀ ਸੰਗ੍ਰਹਿ :** ਪੱਥਰ ਦੀ ਪਰੀ, ਜਾਦੂ ਦਾ ਕੰਵਲ, ਇਕ ਸੀ ਰਾਜਕੁਮਾਰ ।

**ਅਵਤਾਰ ਸਿੰਘ ਦਲੇਰ (੧੯੧੨—ਜੀਵਤ)**

ਜਨਮ : ਚੱਕ ੧੧੯, ਜ਼ਿਲ੍ਹਾ ਸਰਗੋਧਾ ਵਿਚ ਸ: ਸੁੰਦਰ ਸਿੰਘ ਦੇ ਘਰ ਹੋਇਆ । ਵੰਡ ਤੋਂ ਪਹਿਲੇ ਤੇ ਪਿਛੋਂ ਆਪ ਕਾਂਗਰਸੀ ਦੇਸ਼ ਭਗਤੀ ਵਿਚ ਹਿੱਸਾ ਲੈਂਦੇ ਰਹੇ । ੧੯੩੭–੪੦ ਦੇ ਦੌਰਾਨ ਇਕ ਪੰਜਾਬੀ ਅਖਬਾਰ ਪ੍ਰਕਾਸ਼ਿਤ ਕਰਦੇ ਰਹੇ । ਆਪ 'ਡੀਫੈਂਸ ਆਫ਼ ਇੰਡੀਆ ਰੂਲਜ਼' ਦੇ ਅਧੀਨ ਕੈਦ ਵੀ ਰਹੇ । ਪੰਜਾਬੀ ਸਭਾ ਤੇ ਆਲ ਇੰਡੀਆ ਸਿੱਖ ਯੂਥ ਦੀ ਸਥਾਪਤੀ ਵਿਚ ਉਚੇਚਾ ਹਿੱਸਾ ਲਿਆ। ੧੯੪੯ ਵਿਚ 'ਨਵੀਂ ਦੁਨੀਆ' ਸਪਤਾਹਿਕ ਜਾਰੀ ਕੀਤਾ ਜੋ ਬਾਅਦ ਵਿਚ ਕੁਝ ਚਿਰ ਮਾਸਕ ਪੱਤਰ ਦੇ ਰੂਪ ਵਿਚ ਵੀ ਕਾਇਮ ਰਿਹਾ ।

ਖੁਲ੍ਹੀਆਂ ਵਾਗਾਂ, ਮਿੱਠੀਆਂ ਯਾਦਾਂ ਤੇ ਕੌੜੇ ਘੁੱਟ ਆਪ ਦੇ ਕਾਵਿ-ਸੰਗ੍ਰਹਿ ਹਨ । 'ਅੱਡੀ ਟੱਪਾ' ਨਾਂ ਦੀ ਪੁਸਤਕ ਵਿਚ ਲੋਕ-ਗੀਤ ਸੰਪਾਦਿਤ ਕੀਤੇ ਹਨ । ਕਾਵਿ-ਸ਼ੈਲੀ ਪੰਜਾਬੀਅਤ ਤੇ ਅਮੀਰ ਬਿੰਬਾਬਲੀ ਨਾਲ ਅਨੁਪ੍ਰਾਣਿਤ ਹੈ ।

**ਅਵਤਾਰ ਸਿੰਘ ਧੀਰ**

ਵੇਖੋ
ਧੀਰ, ਅਵਤਾਰ ਸਿੰਘ

**ਅਵਤਾਰ ਸਿੰਘ ਬੇਦੀ**

ਵੇਖੋ
ਬੇਦੀ, ਅਵਤਾਰ ਸਿੰਘ

**ਅਵਤਾਰ ਸਿੰਘ ਭਾਈ ਵਹੀਰੀਆ (-੧੯੫੭-)**

ਆਪ ਸਿੱਖ ਧਰਮ ਦੇ ਸੁਧਾਰਕ ਸਾਹਿਤਕਾਰ ਹਨ । ਧਰਮ ਸਬੰਧੀ ਆਪਦੀਆਂ ਹੇਠ ਲਿਖੀਆਂ ਪਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ ।

(੧) ਸੰਸਕਾਰ ਭਾਗ, (੨) ਖਾਲਸਾ ਧਰਮ ਸ਼ਾਸਤ੍ਰ, (੩) ਸਿੱਖ ਧਰਮ ਤੱਤ ਦਰਸ਼ਨ, (੪) ਜੱਜੀ ਦਾ ਇਨਸਾਫ਼, (੫) ਗੁਰਦਰਸ਼ਨ ਸ਼ਾਸਤਰ, (੬) ਖਾਲਸਾ ਸੁਧਾਰ ਤਰੂ, ੭ ਭਾਗ, (੭) ਖਾਲਸਾ ਧਰਮ ਦਰਪਨ ਆਦਿਕ ।

**ਅਵਤਾਰ ਸਿੰਘ ਮੁਸਕਾਨ (੧੯ ਅਕਤੂਬਰ, ੧੯੪੦—ਜੀਵਤ)**

ਆਪ ਸ: ਰਾਮ ਸਿੰਘ ਕੋਛੜ ਦੇ ਸਪੁੱਤਰ ਅਤੇ ਪਟਿਆਲੇ ਦੀ ਸਰਕਾਰੀ ਪ੍ਰੈਸ ਦੇ ਵਰਕਰ ਹਨ ।

ਪੰਜਾਬੀ ਵਿਚ ਕਵਿਤਾਵਾਂ ਕਹਾਣੀਆਂ ਲਿਖਦੇ ਹਨ । 'ਕੋਹਿਨੂਰ' ਅਖਬਾਰ ਵਿਚ ਵੀ ਕੰਮ ਕਰਦੇ ਰਹੇ ਹਨ ।

**ਅਵਤਾਰ ਸਿੰਘ ਮਲਹੋਤਰਾ**

ਵੇਖੋ
ਮਲਹੋਤਰਾ, ਅਵਤਾਰ ਸਿੰਘ

**ਅਵਤਾਰ ਕੌਰ ਤਾਰੀ (੧੯੪੦—ਜੀਵਤ)**

ਆਪ ਆਦਮਪੁਰ (ਜਾਲੰਧਰ) ਨਿਵਾਸੀ ਸ: ਬਿਸ਼ਨ ਸਿੰਘ ਦੀ ਸਪੁੱਤਰੀ ਅਤੇ ਪੰਜਾਬੀ ਲੇਖਕ ਗੁਰਦਿਆਲ ਸਿੰਘ ਰਾਏ ਦੀ ਭੈਣ ਹਨ ।

ਆਪ ਦੀਆਂ ਬਹੁਤ ਸਾਰੀਆਂ ਕਵਿਤਾਵਾਂ, ਕਹਾਣੀਆਂ 'ਪੰਜਾਬੀ ਜਨਤਾ' ਸਪਤਾਹਿਕ ਅਤੇ ਹੋਰ ਮਾਸਕ ਪੱਤਰਾਂ ਵਿਚ ਛੱਪ ਚੁਕੀਆਂ ਹਨ ।

ਪ੍ਰਗਤੀਵਾਦ ਨੂੰ ਆਪ ਬੜੇ ਭਾਵਕ ਰੂਪ ਵਿਚ ਪੇਸ਼ ਕਰਦੇ ਹਨ ।

**ਅਫਤਾਰ ਟੱਲੇਵਾਲੀਆ** ( ੨੯ ਜੂਨ ੧੯੪੧—ਜੀਵਤ)

ਆਪ ਸ: ਗੁਰਦਿਆਲ ਸਿੰਘ ਢਿਲੋਂ ਦੇ ਸਪੁੱਤਰ ਅਤੇ ਬਰਨਾਲੇ ਦੇ ਨਿਵਾਸੀ ਹਨ ।

ਪੰਜਾਬੀ ਦੇ ਸਰਬੋਤਮ ਰਸਾਲਿਆਂ ਵਿਚ ਆਪ ਦੀਆਂ ਕਵਿਤਾਵਾਂ, ਕਹਾਣੀਆਂ ਛਪਦੀਆਂ ਰਹਿੰਦੀਆਂ ਹਨ ।

ਆਪ ਦੀ ਵਿਚਾਰਧਾਰਾ ਅਗਰਗਾਮੀ ਹੈ ।

**ਆਸਟਾ, ਕਰਤਾਰ ਕੌਰ** (੧ ਨਵੰਬਰ, ੧੯੨੨—ਜੀਵਤ)

ਜਨਮ ਮਾਧੋ ਟਾਂਡਾ (ਉਤਰ ਪ੍ਰਦੇਸ਼) ਵਿਚ ਗੁਜਰਾਂਵਾਲੇ ਦੇ ਡਾਕਟਰ ਹਰੀ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਕੁੱਖੋਂ ਹੋਇਆ । ਵਿਦਿਆ ਗਿਆਨੀ ਤਕ ਹੈ ।

ਡਾਕਟਰ ਗੁਰਬਖਸ਼ ਸਿੰਘ ਦੀਆਂ ਪੁਸਤਕਾਂ ਵਿਚ ਆਪਦੀ ਰਚਨਾ ਵੀ ਸ਼ਾਮਲ ਹੈ ।

ਕਵਿਤਾ ਅਤੇ ਨਿੱਕੀ ਕਹਾਣੀ ਦੀ ਰਚਨਾ ਆਪਦਾ ਸ਼ੁਗਲ ਹੈ ।

# ੲ

**ਏ. ਐਸ. ਪੰਡੀ (ਜੀਵਤ)**

ਜਨਮ ਢੁੱਡੀਕੇ (ਫ਼ੀਰੋਜ਼ਪੁਰ) ਨਿਵਾਸੀ ਸ: ਗੁਰਦਿਆਲ ਸਿੰਘ ਦੇ ਘਰ ਹੋਇਆ । ਆਰਥਕ ਔਕੜਾਂ ਦਾ ਮੁਕਾਬਲਾ ਕਰਦਿਆਂ ਆਪਨੇ ਐਮ. ਏ. ਪ੍ਰਾਈਵੇਟ ਤੌਰ ਤੇ ਉੱਤੇ ਕੀਤੀ ਤੇ ਫਿਰ ਬੀ. ਟੀ. ਕਰਨ ਪਿਛੋਂ ਸਰਕਾਰੀ ਅਧਿਆਪਕ ਲੱਗ ਪਏ । ਅਜ ਕਲ ਆਪ ਸਰਕਾਰੀ ਹਾਈ ਸਕੂਲ ਬਹਾਦੁਰਗੜ੍ਹ ਜ਼ਿਲਾ ਰੋਹਤਕ ਵਿਚ ਕੰਮ ਕਰਦੇ ਹਨ । ਸਾਹਿਤਕਾਰੀ ਬਚਪਨ ਤੋਂ ਆਪਦਾ ਸਾਥ ਨਿਭਾਉਂਦੀ ਆ ਰਹੀ ਹੈ ।

"ਜ਼ਿੰਦਗੀ ਮੰਗਦੀ ਮੀਂਹ ਵੇ" (੧ ੬੦) ਇਕੋ ਇਕ ਕਹਾਣੀ ਸੰਗ੍ਰਿਹ ਹੈ । ਪ੍ਰਸਿੱਧ ਪੱਤਰਾਂ ਵਿਚ ਪ੍ਰਕਾਸ਼ਿਤ ਰਚਨਾ ਵੀ ਆਪਣੀ ਘਾਲਣਾ ਵਿਚ ਸ਼ਾਮਲ ਹੈ ।

ਆਪ ਵਧੇਰੇ ਕਰਕੇ ਕਿਰਤੀ ਸ਼੍ਰੇਣੀ ਦੇ ਅਨੁਭਵਾਂ ਨੂੰ ਰੂਪਮਾਨ ਕਰਦੇ ਹਨ ।

**ਈ. ਆਰ. ਸਚਦੇਵ**

ਵੇਖੋ

ਸਚਦੇਵ, ਈ. ਆਰ.

**ਇਸਮਾਈਲ ਸਾਨੀ**

ਵੇਖੋ

ਮੁਹੰਮਦ ਇਸਮਾਈਲ

**ਇਸਮਾਈਲ ਕਲੰਦਰ (ਅਕਤੂਬਰ ੧੯੨੮ — ਜੀਵਤ)**

ਜਨਮ ਮਾਹਨੇ ਮਲਿਆਂ ਜ਼ਿਲਾ ਅੰਮ੍ਰਿਤਸਰ ਵਿਚ ਮੀਆਂ ਨਵਾਬ ਦੀਨ ਰਾਜਪੂਤ ਦੇ ਘਰ ਹੋਇਆ । ਨਿੱਕੀ ਉਮਰ ਵਿਚ ਹੀ ਆਪ ਆਪਣੇ ਪਿਤਾ ਨਾਲ ਲਾਹੌਰ ਆ ਗਏ । ਇਥੇ ਅਜ ਕਲ ਆਪ ਆਪਣੇ ਹੀ ਕਾਰਖਾਨੇ ਵਿਚ ਲੋਹਾ ਢਾਲਣ ਦਾ ਕੰਮ ਕਰਦੇ ਹਨ ।

'ਔਖੇ ਪੈਂਡੇ' ਵਿਚ ਆਪਦੀਆਂ ਕਵਿਤਾਵਾਂ ਦਰਜ ਹਨ ।

ਆਪ ਪਾਕਿਸਤਾਨ ਦੇ ਸਿਰ ਕੱਢ ਕਵੀ ਹਨ । ਸਾਂਝੀ ਪੰਜਾਬੀਅਤ ਅਤੇ ਮਨੁਖਵਾਦ ਆਪਦੀ ਵਿਚਾਰਧਾਰਾ ਦੇ ਦੋ ਪੱਖ ਹਨ ।

**ਇਕਬਾਲ ਦਾਇਮ**

ਵੇਖੋ

ਮੁਹੰਮਦ ਇਕਬਾਲ ਦਾਇਮ

**ਇੱਛਪਾਲ ਸਿੰਘ ਕਪੂਰ (੧੯੪੦—ਜੀਵਤ)**

ਅਜ ਕਲ ਆਪ ਕੰਡਾਘਾਟ (ਸ਼ਿਮਲਾ ਹਿਲਜ਼) ਵਿਚ ਰਹਿੰਦੇ ਹਨ। ਹਿੰਦੀ ਅਤੇ ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ ।

ਮਨੁਖਵਾਦ ਆਪਦਾ ਸਿਦਕ ਹੈ ।

**ਇੰਦਰ ਸਿੰਘ (-੧੯੬੫-)**

ਆਪਦੀ ਚਕਿਸਤਕ ਪੁਸਤਕ 'ਤਿੱਬ ਅਹਿਸਾਨੀ' ੧੯੬੫ ਵਿਚ ਮੁਫੀਦ ਆਮ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ। ਆਪਦੀ 'ਰਮਾਇਣ' ੧੯੮੩ ਵਿਚ ਪ੍ਰਕਾਸ਼ਿਤ ਹੋਈ।

**ਇੰਦਰ ਸਿੰਘ (?—੧੯੪੬)**

ਆਪ ਪਿੰਡ ਥਿਦ ਜ਼ਿਲਾ ਲੁਧਿਆਣਾ ਦੇ ਨਿਵਾਸ ਸ: ਰੂੜ ਸਿੰਘ ਦੇ ਸਪੁੱਤਰ ਅਤੇ ਨਾਮਧਾਰੀ ਪੰਥ ਦੇ ਸਾਹਿਤਕਾਰ ਹਨ।

'ਧੁਰ ਕੀ ਜੋਤਿ'' ਆਪਦੀ ਅਣਛੱਪੀ ਪੁਸਤਕ ਹੈ।

**ਇੰਦਰ ਸਿੰਘ ਅਲਪਤ (੨੦ਵੀਂ ਸਦੀ)**

ਆਪਦੀ ਵਾਰ 'ਚਾਲੀ ਮੁਕਤਿਆਂ ਦੀ ਸ਼ਹੀਦੀ' ਨਿਰੰਕਾਰ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਇੰਦਰ ਸਿੰਘ ਖਾਮੋਸ਼ (੨੩ ਨਵੰਬਰ ੧੯੩੧—ਜੀਵਤ)**

ਜਨਮ ਹੇੜੀਕੇ, ਤਹਿਸੀਲ ਮਲੇਰ ਕੋਟਲਾ ਵਿਚ ਸ: ਚੰਨਣ ਸਿੰਘ ਦੇ ਘਰ ਹੋਇਆ। ਰੁੜਕੀ ਤੋਂ ਦਸਵੀਂ ਅਤੇ ਸਨਾਤਨ ਧਰਮ ਕਾਲਜ ਅੰਬਾਲਿਓਂ ਚੌਧਵੀਂ ਕਰਨ ਪਿਛੋਂ ਆਪ ਰੁਜ਼ਗਾਰ ਕਮਾਉਣ ਲੱਗ ਪਏ। ੧੯੫੭ ਵਿਚ ਬੀ ਟੀ. ਅਤੇ ੧੯੬੧ ਵਿਚ ਪੰਜਾਬੀ ਐਮ. ਏ. ਕਰਨ ਪਿਛੋਂ ਵੀ ਆਪ ਸਕੂਲ-ਮਾਸਟਰ ਦਾ ਕੰਮ ਕਰ ਰਹੇ ਹਨ।

ਅਨੁਵਾਦ ਵਿਚ ਆਪਦੀ ਵਧੇਰੇ ਦਿਲਚਸਪੀ ਤੇ ਮੁਹਾਰਤ ਹੈ।

**ਇੰਦਰ ਸਿੰਘ ਗਿਆਨੀ**

ਆਪ ਪੰਜਾਬ ਦੀ ਵਿਦਿਆਕਾਰੀ ਨਾਲ ਕਾਫੀ ਚਿਰ ਸਬੰਧਿਤ ਰਹੇ ਹਨ। ਆਪ ਦੀ ਪੁਸਤਿਕਾ ''ਖਾਲਸਾ ਕਾਲਜ ਅੰਮ੍ਰਿਤਸਰ ਦੇ ਸਹੀ ਹਾਲਾਤ ਤੇ ਵਿਚਾਰ'' ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਨੇ ਛਾਪੀ।

**ਇੰਦਰ ਸਿੰਘ ਚਕਰਵਰਤੀ, ਸੰਤ (ਜੀਵਤ)**

ਜਨਮ ਪਿੰਡ ਲੱਲਾਂ, ਜ਼ਿਲਾ ਪਟਿਆਲਾ ਵਿਚ ਸ. ਮੋਦਨ ਸਿੰਘ ਦੇ ਘਰ ਹੋਇਆ। ਸੰਤ ਹਰਨਾਮ ਸਿੰਘ ਨਥਾਣੀਏ ਅਤੇ ਪੰਡਿਤ ਬਸੰਤ ਸਿੰਘ ਪਧਾਣੀਏ ਤੋਂ ਕਲਾਸਕੀ ਗਿਆਨ ਪ੍ਰਾਪਤ ਕਰਨ ਪਿਛੋਂ ਆਪ ਆਪਣੇ ਸਿਦਕ ''ਨਾਮਧਾਰੀ ਲਹਿਰ'' ਨੂੰ ਸਰਗਰਮ ਕਰਨ ਲਗ ਪਏ। ੧੯੨੨ ਵਿਚ ਨਾਮਧਾਰੀ ਦਰਬਾਰ ਦੇ ਪ੍ਰਧਾਨ ਮੰਤ੍ਰੀ ਵੀ ਬਣੇ। ਸਮੇਂ ਸਮੇਂ ਆਪ 'ਸਤਿਜੁਗ', 'ਵਿਹਾਰ ਸੁਧਾਰ', 'ਪ੍ਰੀਤ ਸੈਨਿਕ', 'ਪ੍ਰਜਾ ਮਿੱਤਰ', 'ਲੋਕ-ਰਾਇ', 'ਜੀਵਨ-ਪ੍ਰੀਤੀ', 'ਪਹੁ-ਫੁੱਟੀ' ਆਦਿਕ ਪਤਰਾਂ ਦੇ ਸੰਪਾਦਕ ਰਹੇ। ਅਜ ਕਲ ਆਪ ਪੰਜਾਬੀ ਵਿਭਾਗ ਪਟਿਆਲਾ ਵਿਚ ਭਾਸ਼ਾ-ਵਿਗਿਆਨੀ ਵਜੋਂ ਕੰਮ ਕਰ ਰਹੇ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ : –

**ਨਾਟਕ** : ੧. ਪ੍ਰੀਤ ਪੈਗੰਬਰ, ੨. ਪੂਰਬ ਪੱਛਮ, ੩. ਰਾਸ਼ਟਰ ਭਾਸ਼ਾ, ੪. ਸ਼ੂਦਰ ਦਾ ਬਲੀਦਾਨ, ੫. ਪਟਨਾ ਸ਼ਹਿਰ ਵਿਖੇ, ੬. ਮੇਰੇ ਚੌਣਵੇਂ ਇਕਾਂਗੀ ਆਦਿਕ।

**ਇਤਿਹਾਸ ਤੇ ਨਾਵਲ** : ੭. ਮਾਲਵੇਂਦਰ, ੮. ਨਾਮਧ ਰੀ ਇਤਿਹਾਸ, ੯. ਬੀਤ-ਰਾਗ, ੧੦. ਕੂਕਿਆਂ ਬਾਰੇ, ੧੧. ਅੜਬੰਗੀ ਆਦਿਕ।

**ਕਹਾਣੀਆਂ** : ੧੨. ਸਤਨਾਜਾ,

**ਧਰਮ ਬਾਰੇ** : ੧੩. ਸਿੱਖ ਧਰਮ ਤੇ ਜੀਵ ਹਿੰਸਾ।

ਆਪਦਾ ਸਥਾਨ ਉਚੇਰੇ ਵਿਦਵਾਨਾਂ ਅਤੇ ਸਾਹਿਤਕਾਰਾਂ ਵਿਚ ਹੈ।

**ਇੰਦਰ ਸਿੰਘ ਜੌਹਰ**

ਵੇਖੋ

ਜੌਹਰ, ਇੰਦਰ ਸਿੰਘ

**ਇੰਦਰ ਸਿੰਘ ਜੀਤ** (-੧੯੪੬-)

ਆਪਦਾ ਕਾਵਿ—ਸੰਗ੍ਰਹਿ 'ਤਰੇਲ ਧੋਤੀਆਂ ਕਰੂਮਲਾਂ' ਜਵਾਹਰ ਸਿੰਘ ਕਿਰਪਾਲ ਸਿੰਘ ਅੰਮ੍ਰਿਤਸਰ ਨੇ ਜੁਲਾਈ ੧੯੪੬ ਵਿਚ ਪ੍ਰਕਾਸ਼ਿਤ ਕੀਤਾ ।

**ਇੰਦਰ ਸਿੰਘ ਡਾਕਟਰ** (-੧੯੫੦-)

ਆਪਦੀ ਧਰਮ ਪੁਸਤਕ 'ਹੰਸ ਸਰਵਰ' ਅੰਮ੍ਰਿਤ ਪਰਚਾਰ ਸੰਗਤ ਬੱਸੀ (ਪਟਿਆਲਾ) ਨੇ ੧੯੫੦ ਵਿਚ ਪ੍ਰਕਾਸ਼ਿਤ ਕੀਤੀ ।

**ਇੰਦਰ ਸਿੰਘ ਪ੍ਰੋਫੈਸਰ** (-੧੯੩੬-)

ਆਪਦੀ ਪੁਸਤਕ 'ਹਿੰਦ ਦੀਆਂ ਲਵੇਰੀਆਂ' ਖ਼ਾਲਸਾ ਸਮਾਚਾਰ ਅੰਮ੍ਰਿਤਸਰ ਨੇ ਮਾਰਚ ੧੯੩੬ ਵਿਚ ਪ੍ਰਕਾਸ਼ਤ ਕੀਤੀ ।

**ਇੰਦਰ ਸਿੰਘ ਬੇਦੀ**

ਵੇਖੋ

ਬੇਦੀ, ਇੰਦਰ ਸਿੰਘ

**ਇੰਦਰ ਸਿੰਘ ਮਸਕੀਨ**

ਆਪਦੀ ਇਤਿਹਾਸ-ਪੁਸਤਕ 'ਗੁਰ ਅਸਥਾਨ ਦਰਸ਼ਨ' ਸੁੰਦਰ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ।

**ਇੰਦਰ ਸਿੰਘ ਰਸ਼ੀਦ, ਸੰਤ**

ਆਪ ਨਾਮਧਾਰੀ ਪੰਥ ਦੇ ਪ੍ਰਸਿੱਧ ਸਾਹਿਤਕਾਰ ਹਨ । 'ਜੋਤਿ ਕਾ ਜਾਮਾ' ਆਪਦੀ ਪ੍ਰਸਿੱਧ ਕਿਰਤ ਹੈ ।

**ਇੰਦਰ ਸਿੰਘ ਰਾਜ (ਸਤੰਬਰ ੧੯੨੦—ਜੀਵਤ)**

ਆਪ ਦਾ ਜਨਮ ਜੋਧਾ ਨਗਰੀ (ਲਾਇਲਪੁਰ) ਵਿਚ ਸ: ਸਾਵਣ ਸਿੰਘ ਦੇ ਘਰ ਹੋਇਆ । ਸਥਾਨਕ ਲੋਇਰ ਮਿਡਲ ਸਕੂਲ ਤੋਂ ਚੌਥੀ ਤੇ ਡੀ. ਬੀ. ਹਾਈ ਸਕੂਲ ਗੋਜਰਾਂ ਤੋਂ ਦਸਵੀਂ ਕਰਨ ਪਿਛੋਂ ਆਪ ਨੇ ਮੁਣਸ਼ੀ ਫ਼ਾਜ਼ਲ, ਗਿਆਨੀ ਤੇ ਬੀ. ਏ. ਦੇ ਇਮਤਿਹਾਨ ਪ੍ਰਾਈਵੇਟ ਹੀ ਪਾਸ ਕੀਤੇ । ਅਜ ਕਲ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿਚ ਪੰਜਾਬੀ ਮਹਿਕਮੇ ਦੇ ਮੁਖੀ ਦੇ ਤੌਰ ਉੱਤੇ ਕੰਮ ਕਰ ਰਹੇ ਹਨ ।

ਆਪ ਉਰਦੂ ਬਾਣੀਂ ਹੋ ਕੇ ੧੯੫੨ ਵਿਚ ਪੰਜਾਬੀ ਵਲ ਆ ਗਏ । ਪੰਜਾਬੀ ਦੇ ਮਾਸਕ ਪਤਰਾਂ ਵਿਚ ਪ੍ਰਕਾਸ਼ਿਤ ਕਹਾਣੀਆਂ, ਕਵਿਤਾਵਾਂ ਆਦਿਕ ਆਪ ਦੀ ਘਾਲਣਾ ਵਿਚ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ । ਬਹੁਤ ਸਾਰੀਆਂ ਪੁਸਤਕਾਂ ਅਣਪ੍ਰਕਾਸ਼ਿਤ ਪਈਆਂ ਹਨ ।

ਸਾਂਝੀ ਪੰਜਾਬੀਅਤ ਦੇ ਧਾਰਨੀ ਹਨ ਤੇ ਅਗਰਗਾਮੀ ਵਿਚਾਰਧਾਰਾ ਦੇ ਮਾਲਕ ਹਨ ।

**ਇੰਦਰ ਕੌਰ** (-੧੯੪੦-)

ਆਪ ਦੁਆਰਾ ਰਚਿਤ ਜੀਵਨੀ 'ਕਮਾਲ ਪਾਸ਼ਾ' ਪ੍ਰੀਤ ਸੈਨਿਕ ਪ੍ਰੈਸ ਲਾਹੌਰ ਨੇ ੧੯੪੦ ਵਿਚ ਪ੍ਰਕਾਸ਼ਿਤ ਕੀਤੀ।

**ਇੰਦਰ ਕੌਰ** (-੧੯੪੬-)

ਆਪ ਦੀ ਪੁਸਤਕ 'ਨਵੀਨ ਚਿੱਠੀ ਪਤ੍ਰ' ੧੯੪੬ ਵਿਚ ਲਾਹੌਰ ਬੁੱਕ ਸ਼ਾਪ ਲਾਹੌਰ ਨੇ ਪ੍ਰਕਾਸ਼ਿਤ ਕੀਤੀ ।

**ਇੰਦਰ ਕੌਰ ਢਿਲੋਂ** (-੧੯੬੮-)

ਆਪ ਦੀ ਸੋਹਰਫੀ 'ਹਿੰਦੀ ਗਿਆਨ ਪਰਕਾਸ਼' ਭਾਈ ਨਰੈਣ ਸਿੰਘ, ਅਧਿਆਪਕ ਸਰਕਾਰੀ ਸਕੂਲ ਅੰਮ੍ਰਿਤਸਰ

ਨੇ ੧੮੬੮ ਵਿਚ ਪ੍ਰਕਾਸ਼ਿਤ ਕੀਤੀ।

**ਇੰਦਰਜੀਤ ਸਿੰਘ ਤੁਲਸੀ**

ਵੇਖੋ

ਤੁਲਸੀ, ਇੰਦਰਜੀਤ ਸਿੰਘ

**ਇਮਾਮ ਦੀਨ** (-੧੯੧੧-)

ਆਪ ਦੀਆਂ ਦੋ ਕਾਵਿ-ਪੁਸਤਕਾਂ 'ਕਿੱਸਾ ਗੁੱਲ ਬਕਾਵਲੀ' ਅਤੇ 'ਬਦੁਰਿ ਮੁਨੀਰ' ਕਾਫ਼ੀ ਪ੍ਰਸਿੱਧ ਹੋ ਚੁਕੀਆਂ ਹਨ। ਦੂਜੀ ਪੁਸਤਕ ੧੯੧੧ ਵਿਚ ਮੁਫ਼ੀਦ ਆਮ ਪ੍ਰੈਸ ਲਾਹੌਰ ਨੇ ਛਾਪੀ।

**ਇਮਾਮ ਬਖਸ਼** (੧੭੭੮—੧੮੬੩)

ਆਪ ਦਾ ਸਬੰਧ ਕੁਰੈਸ਼ੀ ਕੌਮ ਨਾਲ ਹੈ। ਪਸੀਆਂ ਵਾਲਾ ਜ਼ਿਲ੍ਹਾ ਸਿਆਲਕੋਟ ਵਿਚ ਰਿਹਾ ਕਰਦੇ ਸਨ। ਮੁਢਲੀ ਵਿਦਿਆ ਆਪ ਨੇ ਮੀਆਂ ਵਡਾ ਲਾਹੌਰੀ ਦੇ ਦਰਸ ਚੋਂ ਪ੍ਰਾਪਤ ਕੀਤੀ। ਕੁਰਾਨ ਵਜੀਦ ਆਪ ਨੂੰ ਕੰਠ ਸੀ। ਤਰਖਾਣਾ ਕੰਮ ਆਪ ਦੀ ਆਮਦਨੀ ਦਾ ਸੋਮਾ ਸੀ। ਆਪ ਬੱਚਿਆਂ ਨੂੰ ਕੁਰਾਨ ਮਜੀਦ ਪੜ੍ਹਾਇਆ ਕਰਦੇ ਸਨ।

ਸ਼ਾਹ ਬਹਿਰਾਮ, ਬੰਦੀ ਉਲਜਮਾਲ, ਲੈਲਾ ਮਜਨੂੰ, ਗੁਲ ਸਨੋਬਰ, ਬੰਦਰ ਬਦਨ, ਮੁਨਾਜਾਤ ਮੀਆਂ ਵਡਾ, ਗੁਲ ਬਦਨ ਆਦਿਕ ਆਪ ਦੀਆਂ ਰਚਨਾਵ ਪ੍ਰਕਾਸ਼ਿਤ ਹੋ ਚੁਕੀਆਂ ਹਨ। ਲੈਲਾ ਮਜਨੂੰ ਨੂੰ ਆਪ ਦੀਵਾਨ ਕਹਿੰਦੇ ਹਨ। ਇਸ ਬਾਰੇ ਆਪ ਦਾ ਵਿਚਾਰ ਹੈ :

ਚਾਵਲ ਲਏ ਨਿਜ਼ਾਮੀ ਪਾਸੋਂ
ਦਾਲ ਹਾਤਫ ਨੇ ਪਾਈ।
ਰੇਗਨ ਖੁਸਰੋ, ਨਮਕ ਅਸਾਡਾ,
ਖਿਚੜੀ ਅਜਬ ਬਨਾਈ।
ਫਾਰਸੀ ਕਹੇ ਦੀਵਾਨ ਲੋਕਾਂ,
ਨੇ ਹੋਏ ਇਸ਼ਕ ਸ਼ਰਾਬੀ।
ਇਹ ਦੀਵਾਨ ਇਮਾਮ ਬਖਸ਼ ਦਾ,
ਵਿਚ ਜ਼ਬਾਨ ਪੰਜਾਬੀ।

ਆਪ ਦੀ ਰਚਨਾ 'ਸ਼ਾਹ ਬਹਿਰਾਮ' ਬੜੀ ਪਰਵਾਨ ਹੈ। ਆਪ ਪਿਆਰ, ਇਸਲਾਮੀ ਸਾਹਿਤ, ਇਤਿਹਾਸ, ਧਰਮ ਤੇ ਮਿਥਿਹਾਸ ਨੂੰ ਆਪਣੀ ਪਰੇਰਨਾ ਦਾ ਸੋਮਾ ਬਣਾਉਂਦੇ ਹਨ। ਆਪ ਦੀ ਵਿਚਾਰਧਾਰਾ ਇਸਲਾਮ ਹੈ। ਸ਼ੈਲੀ ਅਤੀਅੰਤ ਸਰਲ ਤੇ ਬਿੰਬ ਭਰੀ ਹੈ। ਕੁਦਰਤ ਵਰਣਨ ਵਿਚ ਵੀ ਪਰਬੀਨ ਸਨ।

ਆਪ ਦੀ ਕਾਵਿ-ਪੁਸਤਕ 'ਕਿੱਸਾ ਬਦੀਉਲ ਜਮਾਲ' ਮਲਕ ਦੀਨ ਮੁਹੰਮਦ ਲਾਹੌਰ ਨੇ ਫਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੀ।

**ਇਸ਼ਕ ਲਹਿਰ, ਚਰਾਗਦੀਨ**

ਵੇਖੋ

ਚਰਾਗਦੀਨ ਇਸ਼ਕ ਲਹਿਰ

**ਈਸ਼ਰ ਸਿੰਘ ਅਟਾਰੀ** (੧੯੨੨—ਜੀਵਤ)

ਆਪ ਦਾ ਜਨਮ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸ: ਉਤਮ ਸਿੰਘ ਦੇ ਘਰ ਹੋਇਆ। ਦਸਵੀਂ, ਗਿਆਨੀ ਕਰਨ ਪਿਛੋਂ "ਪੰਜਾਬੀ ਪੰਚ" ਦੇ ਸੰਪਾਦਕ ਲਗ ਗਏ। ੧੯੬੧ ਵਿਚ "ਅਕਾਲੀ ਪੱਤਰਕਾ" ਲਾਹੌਰ ਵਿਚ ਆ ਗਏ। ਫਿਰ ਕੁਝ ਚਿਰ "ਪੰਜਾਬੀ ਪੰਚ" ਵਿਚ ਰਹੇ ਤੇ ਵੰਡ ਪਿਛੋਂ "ਅਜੀਤ" (ਉਰਦੂ) ਜਾਲੰਧਰ ਵਲ ਆ ਗਏ। ਆਪਣੇ ਪੱਤਰ "ਦੀਪ" ਦੀ ਅਸਫਲਤਾ ਤੋਂ ਬਾਅਦ ਕੁਝ ਚਿਰ "ਅਕਾਲੀ ਪੱਤਰਕਾ" ਵਿਚ ਕੰਮ

ਕਰਦੇ ਰਹੇ ਤੇ ਫਿਰ ਭਾਰਤ ਸਰਕਾਰ ਦੇ ਜਾਲੰਧਰ ਪਤਰ-ਸੂਚਨਾ ਦਫਤਰ ਵਿਚ ਪਤਰਕਾਰ ਲਗ ਗਏ। ਪੰਜਾਬੀ ਦੀ ਐਮ. ਏ. ਕਰਨ ਪਿਛੋਂ ਅਜ ਕਲ ਸਰਕਾਰੀ ਨੌਕਰੀ ਦੇ ਨਾਲ ਨਾਲ ਆਲੋਚਕਾਂ ਅਤੇ ਸਾਹਿਤਕ ਜਥੇਬੰਦੀ ਦੇ ਖੇਤਰ ਵਿਚ ਸਰਗਰਮ ਹਨ। ਆਪ 'ਪੰਜਾਬੀ ਸਾਹਿਤ ਸਮੀਖਿਆ ਬੋਰਡ' ਦੇ ਸਕਤ੍ਰ ਅਤੇ ਹੋਰ ਪ੍ਰਮੁਖ ਸਭਾਵਾਂ ਦੇ ਅਹੁਦੇਦਾਰ ਹਨ।

ਆਪ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ 'ਰਾਸ਼ਟਰ ਨਾਦ' (੧੯੬੩) ਕਾਫ਼ੀ ਉੱਚੇ ਦਰਜੇ ਦਾ ਹੈ।

ਆਪ ਦਾ ਸਥਾਨ ਸਾਹਿਤਕ ਆਲੋਚਕ ਪਤਰਕਾਰ ਅਤੇ ਜਥੇਬੰਦਕ ਵਜੋਂ ਹੈ।

**ਈਸ਼ਰ ਸਿੰਘ ਈਸ਼ਰ** (੧੯੯੨—ਜੀਵਤ)

ਆਪ ਦਾ ਜਨਮ ਕਣਿਆਈ ਜ਼ਿਲ੍ਹਾ ਰਾਵਲਪਿੰਡੀ ਦੇ ਸ਼ਾਹੂਕਾਰ ਚੌਧਰੀ ਢੇਰਾ ਸਿੰਘ ਦੇ ਘਰ ਹੋਇਆ। ਸਤਵੀਂ ਵਿਚ ਪੜ੍ਹਨ ਦੇ ਦੌਰਾਨ ਆਪ ਨੇ ਇਕ ਉਰਦੂ ਸੀਹਰਫੀ ਛਪਵਾਈ। ਮੈਟਰਿਕ ਪਿਛੋਂ ਆਪ ਮਾਡਰਨ ਕਾਲਜ ਦਾਖਲ ਹੋਏ ਪਰ ਸਿਹਤ ਵਲੋਂ ਇਜਾਜ਼ਤ ਨਾ ਮਿਲਣ ਤੇ ਉਚੇਰੀ ਪੜ੍ਹਾਈ ਵਿਚੇ ਛਡਣੀ ਪਈ। ਕੁਝ ਚਿਰ ਪਿਛੋਂ ਆਪ ਨੇ ਡਾਕਖਾਨੇ ਦੀ ਨੌਕਰੀ ਕਰ ਲਈ। ਲਾਹੌਰ ਤਬਦੀਲ ਹੋ ਕੇ ਆਏ ਤਾਂ ਇਥੇ ਆਪ ਵਿਚਲਾ ਪੰਜਾਬੀ ਨਿਖਰ ਆਇਆ। ਗੁਰੂ ਕੇ ਬਾਗ' ਵਾਲੇ ਮੋਰਚੇ ਨੇ ਆਪ ਨੂੰ ਕਾਫ਼ੀ ਹਲੂਣਿਆ ਤੇ ਆਪ ਪੰਜਾਬੀ ਕਵੀ ਦਰਬਾਰਾਂ ਵਿਚ ਸਰਗਰਮ ਹੋ ਗਏ। ਸ. ਸ. ਚਰਨ ਸਿੰਘ ਸ਼ਹੀਦ ਦੀ ਪਰੇਰਨਾ ਉਤੇ ਆਪ ਹਾਸ-ਰਸ ਵਲ ਆ ਗਏ ਤੇ ਇਸੇ ਦੇ ਵਿਸ਼ੇਸ਼ੱਗ ਬਣ ਗਏ। ੧੯੩੦ ਵਿਚ ਆਪ ਨੇ ਸ਼ਹੀਦ ਜੀ ਦੇ ਕਲਪਿਤ ਪਾਤਰ 'ਬਾਬੇ ਵਰਿਆਮੇ ਦੀ ਨਿਆਈਂ ਆਪਣਾ ਪਾਤਰ 'ਭਾਈਆ' ਉਸਾਰਿਆ ਤੇ ਉਸ ਨੂੰ ਤਕਰੀਬਨ ਸਾਰੀਆਂ ਹਾਸ-ਰਸੀ ਕਵਿਤਾਵਾਂ ਦਾ ਨਾਇਕ ਬਣਾਇਆ, ਇਥੋਂ ਤਕ ਕਿ ਆਪ ਦਾ ਆਪਣਾ ਨਾ ਵੀ ਭਾਈਆ ਪੈ ਗਿਆ। ਸ਼ਿਮਲੇ ਅਤੇ ਲਾਹੌਰ ਦੀਆਂ ਕਵੀ-ਗੁਲਜ਼ਾਰਾਂ ਵਿਚ ਆਪ ਬੜੇ ਸਰਗਰਮ ਰਹੇ। ਆਪ ੧੯੫੩ ਵਿਚ ਡਾਕ ਮਹਿਕਮੇ ਦੀ ਨੌਕਰੀ ਤੋਂ ਰੀਟਾਇਰ ਹੋਏ। ਆਪ ਦੇਸ਼ ਦੇਸ਼ਾਂਤਰਾਂ ਵਿਚ ਵਸੇ ਪੰਜਾਬੀਆਂ ਨੂੰ ਪੰਜਾਬੀ ਹਾਸਰਸ ਨਾਲ ਪਰਚਾਉਣ ਦਾ ਕੰਮ ਕਰ ਰਹੇ ਹਨ।

ਭਾਈਆ, ਧਰਮੀ ਭਾਈਆ, ਰੰਗੀਲਾ ਭਾਈਆ, ਨਿਰਾਲਾ ਭਾਈਆ, ਭਾਈਆ ਤਿਲਕ ਪਿਆ ਆਦਿਕ ਆਪ ਦੇ ਪ੍ਰਸਿੱਧ ਕਾਵਿ-ਸੰਗ੍ਰਹਿ ਹਨ।

ਆਪ ਦੀ ਕਾਵਿ-ਸ਼ੈਲੀ ਦਾ ਆਧਾਰ ਪੰਜਾਬ ਦਾ ਲੋਕ-ਜੀਵਨ ਹੈ। ਆਪ ਨੇ 'ਸੁਧਾਰ' ਨੂੰ ਵੀ ਪੂਰੇ 'ਮਨੋਰੰਜਨ' ਦੇ ਮਾਧਿਅਮ ਵਿਚ ਨਿਭਾਇਆ ਹੈ। ਆਪ ਦੀ ਬੋਲੀ ਠੇਠ ਪੰਜਾਬੀ ਹੈ।

**ਈਸ਼ਰ ਸਿੰਘ ਭਾਂਖ** (੧੫ ਜੂਨ ੧੯੩੪—ਜੀਵਤ)

ਜਨਮ ਪਿੰਡ ਬੇਵਲ ਜ਼ਿਲ੍ਹਾ ਰਾਵਲਪਿੰਡੀ ਵਿਚ ਸ: ਦੀਵਾਨ ਸਿੰਘ ਦੇ ਘਰ ਹੋਇਆ। ਬਚਪਨ ਦੁੱਖ ਵਿਚ ਲੰਘਿਆ। ੧੯੬੧ ਵਿਚ ਪੰਜਾਬੀ ਦੀ ਐਮ. ਏ.' ਕਰ ਲਈ। ਅਜ ਕਲ ਅੰਬਾਲੇ ਸ਼ਹਿਰ ਰਹਿੰਦੇ ਹਨ।

ਆਪ ਦੀਆਂ ਕਵਿਤਾਵਾਂ ਮਾਸਕ ਪਤਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਵਿਚਾਰਧਾਰਾ ਮਨੁੱਖਵਾਦੀ ਹੈ।

**ਈਸ਼ਰ ਸਿੰਘ ਪੰਡਤ ਕਾਸ਼ੀ** (-੧੯੦੩-)

ਆਪ ਦੀਆਂ ਹੇਠ ਲਿਖੀਆਂ ਚਾਰ ਧਰਮ-ਪੁਸਤਕਾਂ ਕਾਫ਼ੀ ਪ੍ਰਸਿੱਧ ਹੋ ਚੁਕੀਆਂ ਹਨ :

(੧) ਸ੍ਰੀ ਗੁਰਮਤ ਦਿਗਵਿਜੈ, (੨) ਬੁੱਧੀ ਬਾਰਧ, (੩) ਵਾਹਿਗੁਰੂ ਮੰਤ੍ਰਾਰਥ ਅਤੇ (੪) ਸਵਸੁਪਨ।

**ਈਸ਼ਰ ਸਿੰਘ ਬੇਦਿਲ** (੧੯੩੭—ਜੀਵਤ)

ਆਪ ਸ: ਗੁਰਦਿਤ ਸਿੰਘ ਦੇ ਸਪੁੱਤਰ ਅਤੇ ਲੁਧਿਆਣੇ ਦੇ ਨਿਵਾਸੀ ਹਨ।

ਪਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਈਸ਼ਰ ਸਿੰਘ ਭਾਈ**

ਆਪ ਦੀ ਧਰਮ-ਪੁਸਤਕ 'ਜ਼ਿੰਦਾ ਕਰਾਮਾਤ' ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਈਸ਼ਰ ਸਿੰਘ ਮਝੈਲ** (੧੯੦੨—ਜੀਵਤ)

ਜਨਮ ਸਰਾਇ-ਅਮਾਨਤ ਖਾਂ ਜ਼ਿਲਾ ਅੰਮ੍ਰਿਤਸਰ ਵਿਚ ਸ: ਆਸਾ ਸਿੰਘ ਦੇ ਘਰ ਹੋਇਆ। ਡੀ. ਬੀ. ਮਿਡਲ ਸਕੂਲ ਪਧਾਣਾ (ਲਾਹੌਰ), ਖਾਲਸਾ ਹਾਈ ਸਕੂਲ ਲੁਧਿਆਣਾ, ਅੰਬਾਲਾ ਤੇ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਵਿਦਿਆ ਪ੍ਰਾਪਤ ਕੀਤੀ। ੧੯੨੧ ਤੋਂ ੧੯੨੯ ਤਕ ਆਪ ਅੰਗਰੇਜ਼ ਵਿਰੁਧ ਸਰਗਰਮ ਅਕਾਲੀ ਅੰਦੋਲਨਾਂ ਵਿਚ ਹਿੱਸਾ ਲੈਂਦੇ ਰਹੇ ਤੇ ਕਈ ਵਾਰੀ ਕੈਦ ਹੋਏ। ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕਮੇਟੀ ਦੇ ੧੯੩੬ ਵਿਚ ਮੀਤ ਪ੍ਰਧਾਨ ਤੇ ੧੯੩੮ ਵਿਚ ਪ੍ਰਧਾਨ ਰਹੇ। ੧੯੪੭ ਤੋਂ ਆਪ ਨੇ ਰੋਜ਼ਾਨਾ ਵਰਤਮਾਨ' ਪੰਜਾਬੀ (ਪਿਛੋਂ ਸਪਤਾਹਿਕ) ਤੇ ਰੋਜ਼ਾਨਾ "ਸ਼ੇਰ-ਇ-ਭਾਰਤ" ਵੀ ਚਲਾਏ। ਦੇਸ਼ ਦੀ ਵੰਡ ਪਿਛੋਂ ਕੁਝ ਸਮੇਂ ਲਈ ਆਪ ਪੰਜਾਬ ਸਰਕਾਰ ਦੇ ਮੰਤਰੀ ਮੰਡਲ ਵਿਚ ਸ਼ਾਮਲ ਰਹੇ।

ਅਜ ਕਲ ਆਪ ਸਰਕਾਰ ਦੀਆਂ ਕਈ ਵਿਸ਼ਾਰਦ ਕਮੇਟੀਆਂ ਦੇ ਮੈਂਬਰ ਹਨ।

"ਕਮਿਊਨਿਸਟ ਹਿੰਦੁਸਤਾਨੀ ਨਜ਼ਰਾਂ ਵਿਚ" ਅਤੇ "ਸਿੱਖ ਤੇ ਕਮਿਊਨਿਸਟ" ਆਪ ਦੀਆਂ ਦੋਹਾਂ ਪੁਸਤਕਾਂ ਦਾ ਵਿਸ਼ਾ ਰਾਜਨੀਤੀ ਹੈ।

ਪੰਜਾਬੀ ਵਿਚ ਆਪ ਦਾ ਸਥਾਨ ਇਕ ਪਤਰਕਾਰ ਵਜੋਂ ਹੈ।

**ਈਸ਼ਰ ਦਾਸ ਅਭੀ** (-੧੯੧੪-)

ਆਪ ਦੀ ਨੀਤੀ-ਪੁਸਤਕ 'ਦੁਰਲੱਭ ਮੋਤੀ' (ਹਿਤੋਪਦੇਸ਼), ਚਾਰ ਭਾਗ, ੧੯੧੩-੧੯੧੪ ਵਿਚ ਮੁਫੀਦ ਆਮ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਈਸ਼ਰ ਦਾਸ ਸਾਧੂ** (੧੯ਵੀਂ ਸਦੀ ਦਾ ਦੂਜਾ ਅੱਧ)

੧੮੬੦-੭੦ ਵਿਚ ਆਪ ਕਾਫ਼ੀ ਸਰਗਰਮ ਸਨ। ਇਨ੍ਹੀਂ ਦਿਨੀ ਰੇਲ-ਗੱਡੀ' ਨਵੀਂ ਨਵੀਂ ਆਈ ਸੀ। (ਆਪ ਦਾ ਕਿੱਸਾ 'ਰੇਲ-ਗੱਡੀ' ਲਿਖਿਆ ਮਿਲਦਾ ਹੈ)

ਰਚਨਾ ਵਿਚ ੮੪ ਕਾਫ਼ੀਆਂ, ੧ ਬਾਰਾਂ-ਮਾਂਹ, ੨ ਕਬਿੱਤਾਂ, ੩ ੭ ਸੋਰਠੇ, ਕਿੱਸਾ ਸੋਹਣੀ, ਕ੍ਰਿਸ਼ਨ ਲੀਲਾ ਆਦਿਕ ਕਿਰਤਾਂ ਸ਼ਾਮਲ ਹਨ।

ਆਪ ਦੇ ਜੀਵਨ ਦੇ ਕਝ ਤੱਥ ਆਪ ਦੀ ਰਚਨਾ ਵਿਚੋਂ ਵੀ ਮਿਲਦੇ ਹਨ :

ਡੇਰਾ ਈਸ਼ਰ ਦਾਸ ਦਾ, ਨਗਰ ਲਹਾਰੇ ਬਾਰ।
ਵਸਦੇ ਓਸ ਗਰਾਉਂ ਮੇਂ, ਢਿਲਮ ਜ਼ਿੰਮੀਦਾਰ।
ਮਾਤਾ ਭਾਗ ਸੁਲੱਖਣੀ, ਪਿਤਾ ਬੁੱਧ ਮਰਗਿੰਦ।

ਉਪਦੇਸ਼, ਅਧਿਆਤਮ ਅਤੇ ਸੁਹਜ, ਆਪ ਦੀ ਰਚਨਾ ਦੇ ਤਿੰਨ ਪੱਖ ਹਨ।

**ਈਸ਼ਰ ਦਾਸ ਮਹੰਤ**

ਆਪ ਦੀ ਧਰਮ ਪੁਸਤਕ "ਅਦਭੁਤ ਗੀਤਾ" ੪੪੯ ਨਾਨਕ ਸ਼ਾਹੀ ਵਿਚ ਗ਼ਰਬਖਸ਼ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

# ਸ

**ਸ. ਸ. ਪੁੱਜੀ (੨੦ਵੀ. ਸਦੀ)**

ਆਪ ਦੀ ਕਾਵਿ-ਪੁਸਤਕ 'ਪੁੱਜੀ ਦੇ ਮਨ ਤਰੰਗ ਹਿਮਾਚਲ ਪ੍ਰੈਸ ਦਿੱਲੀ ਨੇ ਪ੍ਰਕਾਸ਼ਿਤ ਕੀਤੀ।

**ਸ. ਸੋਜ਼** (੩ ਸਤੰਬਰ ੧੯੩੮—ਜੀਵਤ)

ਆਪ ਪਟਿਆਲਾ-ਨਿਵਾਸੀ ਸ. ਮੋਹਨ ਸਿੰਘ ਉਬਰਾਇ ਦੇ ਸਪੁੱਤਰ ਅਤੇ ਪੰਜਾਬੀ ਵਿਭਾਗ ਪੰਜਾਬ ਦੇ ਮੁਲਾਜ਼ਮ ਹਨ। ਕਾਫ਼ੀ ਚਿਰ 'ਕੋਹਿ-ਨੂਰ' ਸਪਤਾਹਿਕ ਦੇ ਸੰਪਾਦਕ ਵੀ ਰਹੇ।

''ਦਿਲ ਪੱਥਰਾਂ ਵਿਚ'' ਆਪਦਾ ਕਾਵਿ-ਸੰਗ੍ਰਹਿ ਅਤੇ ''ਰੰਗ ਨਵੇਲਾ'' ਸੰਪਾਦਿਤ ਕਹਾਣੀ-ਸੰਗ੍ਰਹਿ ਹੈ।

ਆਪਦੀ ਵਿਚਾਰਧਾਰਾ ਮਨੁਖਵਾਦੀ ਹੈ। ਆਪਦਾ ਸਥਾਨ ਸਿਆਣੇ ਲੇਖਕਾਂ ਵਿਚ ਹੈ।

**ਸਹਿਗਲ, ਮੋਹਨ ਸਿੰਘ** (੧੫ ਦਸੰਬਰ ੧੯੩੯—ਜੀਵਤ)

ਸ. ਸ਼ਾਮ ਸਿੰਘ ਦੇ ਸਪੁੱਤਰ ਅਤੇ ਬਸਤੀ ਸ਼ੇਖ ਜ਼ਿਲਾ ਜਾਲੰਧਰ ਦੇ ਨਿਵਾਸੀ ਹਨ। ਜਾਲੰਧਰ ਵਿਚ ਪਤਰਕਾਰੀ ਦਾ ਕੰਮ ਕਰਦੇ ਹਨ।

ਪੰਜਾਬੀ ਵਿਚ ਕਹਾਣੀਆਂ ਅਤੇ ਲੇਖਾਂ ਦੀ ਰਚਨਾ ਕਰਦੇ ਹਨ।

**ਸੋਹਣ ਸਿੰਘ ਸੋਚ** (-੧੯੪੬-)

ਆਪਦੀ ਕਾਵਿ-ਪਸਤਕ 'ਵਿਛੜੀਆਂ ਰੂਹਾਂ' ੧੯੪੬ ਵਿਚ ਅਵਤਾਰ ਸਿੰਘ ਐਂਡ ਸਨਜ਼ ਟਾਟਾਨਗਰ ਨੇ

**ਸੀ. ਆਰ. ਸ਼ਰਮਾ**

ਵੇਖੋ
ਸ਼ਰਮਾ, ਸੀ. ਆਰ.

**ਸਾਈਆਂ, ਅਹਿਮਦ ਅਲੀ**

ਵੇਖੋ
ਅਹਿਮਦ ਅਲੀ ਸਾਈਆਂ

**ਸਾਈਂ ਬਖ਼ਸ਼ ਸ਼ਨਾਸੀ** (-੧੯੨੫-)

ਆਪਦੀ ਪੁਸਤਕ 'ਤਿੱਬ ਆਜ਼ਮਾਇਸ਼ੀ ਅਲ ਮਾਰੂਫ-ਖਾਨਾ ਸ਼ਫਾ' ਮੁਫੀਦ ਆਮ ਪ੍ਰੈਸ ਲਾਹੌਰ ਨੇ ੧੯੨੫ ਵਿਚ ਫਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੀ।

**ਸਾਈਂ ਲੋਕ**

ਵੇਖੋ
ਗੁਲਾਮ ਅਹਿਮਦ ਸਾਈਂ ਲੋਕ

**ਸ. ਸ. ਗਿਆਨੀ** (-੧੯੫੦-)

ਆਪ ਦੀ ਇਤਿਹਾਸ-ਪੁਸਤਕ 'ਅਮਰ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਸਾਹਿਬ' ਚਮਨ ਪ੍ਰੈਸ ਦਿੱਲੀ ਨੇ ੧੯੫੦ ਵਿਚ ਪ੍ਰਕਾਸ਼ਿਤ ਕੀਤੀ।

**ਸ. ਸ. ਚਰਨ ਸਿੰਘ ਸ਼ਹੀਦ**

ਵੇਖੋ
ਚਰਨ ਸਿੰਘ ਸ਼ਹੀਦ

ਪ੍ਰਕਾਸ਼ਿਤ ਕੀਤੀ। ਆਪਦੀ ਦੂਜੀ ਪੁਸਤਕ 'ਦੁਖੀਆਂ ਦੀ ਸਾਰ' ਇਤਿਹਾਸ ਬਾਰੇ ਹੈ।

**ਸੋਹਣ ਸਿੰਘ ਸੰਤ**

ਆਪ ਨਾਮਧਾਰੀ ਪੰਥ ਦੀ ਮਹਿਮਾ ਦੇ ਸਾਹਿਤਕਾਰ ਸਨ। 'ਸੱਚਾ ਢੰਡੋਰਾ' ਪ੍ਰਸਿੱਧ ਪੁਸਤਕ ਹੈ।

**ਸੋਹਣ ਸਿੰਘ ਸੀਤਲ** (੭ ਅਗਸਤ ੧੯੦੯—ਜੀਵਤ)

ਜਨਮ ਪਿੰਡ ਕਾਦੀ ਵਿੰਡ, ਤਹਿਸੀਲ ਕਸੂਰ, ਜ਼ਿਲਾ ਲਾਹੌਰ ਵਿਚ ਸ: ਖੁਸ਼ਹਾਲ ਸਿੰਘ ਪੰਨੂ ਦੇ ਘਰ ਹੋਇਆ। ੧੯੩੦ ਵਿਚ ਦਸਵੀਂ ਤੇ ੧੯੩੩ ਵਿਚ ਗਿਆਨੀ ਕਰਨ ਪਿਛੋਂ ਆਪ ਨੇ ੧੯੩੫ ਵਿਚ ਆਪਣਾ ਢਾਡੀ ਜਥਾ ਬਣਾ ਲਿਆ ਤੇ ਸਿੱਖੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਭਾਰਤ ਦੇ ਸਾਰੇ ਸੂਬਿਆਂ ਅਤੇ ਦੁਨੀਆਂ ਦੇ ਦੱਖਣ ਪੂਰਬੀ ਦੇਸ਼ਾਂ ਵਿਚ ਢਾਡੀ ਜਥਾ ਕਾਫ਼ੀ ਪ੍ਰਸਿੱਧ ਹੋਇਆ।

੧੯੨੭ ਵਿਚ ਆਪ ਦੀਆਂ ਪੰਜਾਬੀ ਕਵਿਤਵਾਂ ਛਪਣੀਆਂ ਸ਼ੁਰੂ ਹੋਈਆਂ। ਸਭ ਤੋਂ ਪਹਿਲੀ ਪੁਸਤਕ ੧੯੪੦ ਵਿਚ ਛਪੀ। ਅਜ ਕਲ ਲੁਧਿਅਣੇ ਰਹਿੰਦੇ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

**ਇਤਿਹਾਸ ਤੇ ਧਰਮ ਦੀ ਕਵਿਤਾਕਾਰੀ :** ਸੀਤਲ ਕਿਰਣਾਂ, ਸੀਤਲ ਸੁਨੇਹੇ, ਸੀਤਲ ਹੰਝੂ, ਸੀਤਲ ਹੁਲਾਰੇ, ਸੀਤਲ ਤਰੰਗਾਂ, ਸੀਤਲ ਪ੍ਰਸੰਗ, ਸੀਤਲ ਪ੍ਰਕਾਸ਼, ਸੀਤਲ ਤਰਾਨੇ, ਸੀਤਲ ਵਾਰਾਂ, ਸੀਤਲ ਤਾਂਘਾਂ, ਸੀਤਲ ਵਲਵਲੇ, ਸੀਤਲ ਚੰਗਿਆੜੇ, ਸੀਤਲ ਚਮਤਕਾਂ, ਸੀਤਲ ਰਮਜ਼ਾਂ, ਸੀਤਲ ਉਮੰਗਾਂ, ਸੀਤਲ ਅੰਗਿਆਰੇ, ਸੀਤਲ ਮੁਨਾਰੇ ਅਤੇ ਸੀਤਲ ਸੁਗਾਤਾਂ।

**ਕਵਿਤਾ** :—ਵਹਿੰਦੇ ਹੰਝੂ, ਸਜਰੇ ਹੰਝੂ, ਦਿਲ ਦਰਿਆ, ਕੇਸਰੀ ਦੁਪੱਟਾ, ਜਦੋਂ ਮੈਂ ਗ਼ੀਤ ਲਿਖਦਾ ਹਾਂ।

**ਇਤਿਹਾਸ (ਵਾਰਤਕ)** : 'ਬੰਦਾ ਸਿੰਘ, ਸ਼ਹੀਦ' 'ਸਿੱਖ ਰਾਜ ਕਿਵੇਂ ਬਣਿਆ', 'ਸਿੱਖ ਮਿਸਲਾਂ', 'ਸਿਖ ਰਾਜ ਤੇ ਸ਼ੇਰੇ-ਪੰਜਾਬ', 'ਸਿੱਖ ਰਾਜ ਕਿਵੇਂ ਗਿਆ ?', 'ਦੁਖੀਏ ਮਾਂ-ਪੁੱਤ', 'ਸਰਦਾਰ ਘਰਾਣੇ' ਤੇ 'ਪੰਜਾਬ ਦਾ ਉਜਾੜਾ',

**ਨਾਵਲ** : ਮੁੱਲ ਦਾ ਮਾਸ, ਵਿਜੋਗਣ, ਅੰਨ੍ਹੀ ਸੁੰਦ੍ਰਤਾ, ਦੀਵੇ ਦੀ ਲੋ, ਪਤਵੰਤੇ ਕਾਤਲ, ਜੰਗ ਜਾਂ ਅਮਨ, ਬਦਲਾ, ਸਾਂਝੀ ਵਾਹੀ, ਸਾਂਝੀ ਵਾਹੀ ਦੀ ਸਫਲਤਾ, ਸਾਂਝੀ ਵਾਹੀ ਦੇ ਲਾਭ, ਪ੍ਰੀਤ ਕਿ ਰੂਪ, ਫੌਲਾਦੀ ਰੂਪਾਂ, ਮਹਾਰਾਣੀ ਜਿੰਦਾਂ, ਮਹਾਰਾਜਾ ਦਲੀਪ ਸਿੰਘ।

**ਕਹਾਣੀਆਂ** : ਅੰਤਰਜਾਮੀ

**ਨਾਟਕ** : ਲਾਜ (ਫ਼ਿਲਮੀ)

ਆਪ ਦੀ ਪਹੁੰਚ ਰੁਮਾਂਟਕ ਤੇ ਨਾਟਕੀ ਹੈ। ਇਤਿਹਾਸ, ਰੁਮਾਂਸ ਤੇ ਨਵ-ਉਸਾਰੀ ਦੀ ਗਲਪਕਾਰੀ ਕੀਤੀ ਹੈ। ਫ਼ਿਲਮੀ ਅਤੇ ਰਵਾਇਤੀ ਤਰਜ਼ਾਂ ਉਤੇ ਲਿਖੇ ਗੀਤ ਆਪ ਦੀ ਘਾਲਣਾ ਦਾ ਵਿਸ਼ੇਸ਼ ਹਿੱਸਾ ਹਨ। ਢਾਡੀ ਵਜੋਂ ਵੀ ਪੰਜਾਬ ਵਿਚ ਆਪ ਦਾ ਸਥਾਨ ਨਿਵੇਕਲਾ ਹੈ।

**ਸੋਹਣ ਸਿੰਘ ਸਾਰੰਗ** (੧੯੦੭—ਜੀਵਤ)

ਜਨਮ ਚੱਕ ੧੧੯ ਜ਼ਿਲਾ ਲਾਇਲਪੁਰ ਵਿਚ ਸ: ਭੋਲਾ ਸਿੰਘ ਦੇ ਘਰ ਹੋਇਆ। ਗ਼ਰੀਬੀ ਕਾਰਨ ਚੌਥੀ ਜਮਾਤ ਤਕ ਹੀ ਪੜ੍ਹਾਈ ਕਰ ਸਕੇ। ਸ: ਮੁਨਸ਼ਾ ਸਿੰਘ ਦੁੱਖੀ ਆਪ ਦੇ ਉਸਤਾਦ ਹਨ। ਰਾਮਗੜ੍ਹੀਆ ਬਰਾਦਰੀ ਵਿਚ ਆਪ ਦੀ ਚੰਗੀ ਇੱਜ਼ਤ ਹੈ।

'ਕੌਮੀ ਦਰਸ਼ਣੀ ਇਸ਼ਾਰੇ'' ਨਾਂ ਦੀ ਪੁਸਤਕ ਅਤੇ ਕੁਝ 'ਟਰੈਕਟ' ਆਪ ਦੀ ਸਾਹਿਤਕ ਦੀ ਘਾਲਣਾ ਵਿਚ ਸ਼ਾਮਲ ਹਨ।

ਆਪ ਇਕ ਸਰਗਰਮ ਲੇਖਕ ਹਨ।

**ਸੋਹਣ ਸਿੰਘ ਜੋਸ਼** (੧੯੦੦—ਜੀਵਤ)

ਜਨਮ ਪਿੰਡ ਚੇਤਨਪੁਰਾ, ਜ਼ਿਲਾ ਅੰਮ੍ਰਿਤਸਰ ਵਿਚ

ਸ: ਲਾਲ ਸਿੰਘ ਦੇ ਘਰ ਹੋਇਆ। ਅੰਮ੍ਰਿਤਸਰ ਦੇ ਖ਼ਾਲਸਾ ਕਾਲਜੋਂ ਬਾਰ੍ਹਵੀਂ ਕਰਨ ਪਿਛੋਂ ਗਿਆਨੀ ਪਾਸ ਕੀਤੀ। ਆਪ 'ਕਿਰਤੀ', 'ਪ੍ਰਭਾਤ' 'ਜੰਗ-ਇ-ਆਜ਼ਾਦੀ' ਆਦਿ ਅਖ਼ਬਾਰਾਂ ਦੇ ਸੰਪਾਦਕ ਵੀ ਰਹੇ। ਅਕਾਲੀ ਲਹਿਰ ਸਮੇਂ ਆਪ ਬੜੇ ਸਰਗਰਮ ਸਨ।

ਮੇਰਠ ਸਾਜ਼ਸ਼ ਕੇਸ ਵਿਚ ਕਾਫ਼ੀ ਪ੍ਰਸਿੱਧ ਹੋਏ। ਅਜ ਕਲ 'ਨਵਾਂ ਜ਼ਮਾਨਾ' ਦੇ ਮੁਖ ਸੰਪਾਦਕ ਹਨ ਅਤੇ ਪੰਜਾਬੀ ਕਮਿਉਨਿਸਟਾਂ ਦੇ ਸਿਧਾਂਤਕ ਅਤੇ ਅਮਲੀ ਆਗੂ ਹਨ। ਆਪ ਗੁਰੂ ਘਰ ਦਾ ਸਤਿਕਾਰ ਕਰਦੇ ਹਨ।

੧. 'ਬੰਗਾਲੀ ਸਾਹਿਤ ਦੀ ਵੰਨਗੀ' ੨ 'ਆਜ਼ਾਦੀ ਦੇ ਪਰਵਾਨੇ' ੩ 'ਮੇਰੀ ਰੂਸ ਯਾਤਰਾ' ਆਦਿਕ ਪੁਸਤਕਾਂ ਦੇ ਇਲਾਵਾ ਬਹੁਤ ਸਾਰੇ ਲੇਖ ਵੀ ਆਪ ਦੀ ਰਚਨਾ ਵਿਚ ਸ਼ਾਮਲ ਹਨ ਜੋ ਕਿ ਪੰਜਾਬੀ ਪੱਤਰਾਂ ਅਤੇ ਪੈਂਫਲਟਾਂ ਵਿਚ ਪ੍ਰਕਾਸ਼ਿਤ ਹੋ ਚੁਕੇ ਹਨ।

**ਸੋਹਣ ਲਾਲ** (੧੩ ਜੂਨ, ੧੯੩੯—ਜੀਵਤ)

ਆਪ ਸ੍ਰੀ ਗੁਰਦਾਸ ਰਾਮ ਦੇ ਪੁੱਤਰ ਅਤੇ ਸਮੂਹਕ ਕਲਿਆਨ ਕੇਂਦਰ ਨਗਰੋਟਾ ਬਾਗਵਾਨ ਦੇ ਵਰਕਰ ਹਨ।

ਹਿੰਦੀ ਅਤੇ ਪੰਜਾਬੀ ਵਿਚ ਕਹਾਣੀਆਂ ਲਿਖਦੇ ਹਨ।

**ਸੋਹਣ ਲਾਲ** (੧੪ ਅਕਤੂਬਰ ੧੯੪੨—ਜੀਵਤ)

ਆਪ ਸ੍ਰੀ ਜਵਾਹਰਾ ਰਾਮ ਦੇ ਸਪੁੱਤਰ ਅਤੇ ਲੁਧਿਆਣੇ ਦੇ ਨਿਵਾਸੀ ਹਨ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਸੋਹਣ ਲ ਲ ਪਰਵਾਨਾ** (੯ ਫਰਵਰੀ, ੧੯੩੬—ਜੀਵਤ)

ਜਨਮ ਪਿੰਡ ਨੰਗਲ ਸ਼ਾਮਾ, ਜ਼ਿਲਾ ਜਾਲੰਧਰ ਵਿਚ ਚੌਧਰੀ ਧਰਮ ਚੰਦ ਦੇ ਘਰ ਹੋਇਆ। ਅਜ ਕਲ ਆਪ ਦਿੱਲੀ ਵਿਚ ਸਰਕਾਰੀ ਮੁਲਾਜ਼ਮ ਹਨ। ਵਿਦਿਆ ਦਸਵੀਂ ਤਕ ਹੈ।

'ਅਧੂਰੇ ਸੁਪਨੇ' ਅਤੇ 'ਭੁਲ੍ਹਦੇ ਹੰਝੂ' ਆਪ ਦੇ ਦੋ ਕਾਵਿ-ਸੰਗ੍ਰਹਿ ਹਨ। ਸਮਾਜਵਾਦੀ ਦ੍ਰਿੜ੍ਹਤਾ ਸਮੁੱਚੀ ਰਚਨਾ ਵਿਚ ਵਰਤਮਾਨ ਹੈ।

**ਸਾਹਨੀ, ਸਿਰੀ ਰਾਮ** (੨ ਮਈ ੧੯੨੩—ਜੀਵਤ)

ਜਨਮ ਪਿੰਡ ਕਸਰਾਂ, ਤਹਿਸੀਲ ਪਿੰਡੀ ਘੇਬ ਜ਼ਿਲਾ ਕੈਮਲਪੁਰ ਵਿਚ ਲਾਲਾ ਰਾਮ ਦਾਸ ਸਾਹਨੀ ਦੇ ਘਰ ਹੋਇਆ। ਕਾਫ਼ੀ ਚਿਰ ਰਾਵਲਪਿੰਡੀ ਰਹੇ। ਅਜ ਕਲ ਕੇਂਦਰੀ ਖੇਤੀ ਬਾੜੀ ਵਿਭਾਗ ਵਿਚ ਹਨ। ਵਿਦਿਆ ਬੀ. ਏ. ਤਕ ਹੈ।

ਪੰਜਾਬੀ ਦੇ ਪ੍ਰਸਿੱਧ ਰਸਾਲਿਆਂ ਵਿਚ ਆਪ ਦੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ।

**ਸੋਹਨ ਲਾਲ, ਪਾਠਕ**

ਵੇਖੋ
ਪਾਠਕ, ਸੋਹਨ ਲਾਲ

**ਸਾਹਿਬ ਸਿੰਘ** (੮ ਮਾਰਚ, ੧੮੯੮—ਜੀਵਤ)

ਜਨਮ ਬਰਪਾਲ, ਜ਼ਿਲਾ ਸਿਆਲਕੋਟ ਵਿਚ ਹੋਇਆ। ਆਪ ਨੇ ਰੁਜ਼ਗਾਰ ਦਾ ਸ਼ੁਰੂ ਗੁਜਰਾਂ ਵਾਲੇ ਵਿਚ ਪ੍ਰੋਫੈਸਰ ਦੇ ਤੌਰ ਉਤੇ ਕੀਤਾ। ੧੯੨੧—੨੭ ਦੇ ਦੌਰਾਨ ਆਪ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੀਤ ਸਕੱਤਰ ਰਹੇ ਤੇ ਫਿਰ ੧੯੨੯ ਤਕ ਗੁਜਰਾਂ ਵਾਲੇ ਦੇ ਕਾਲਜ ਵਿਚ ਸੇਵਾ ਕਰ ਚੁਕਣ ਪਿਛੋਂ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਆ ਗਏ। 'ਗੁਰ-ਬਾਣੀ-ਵਿਆਕਰਣ' ਪੁਸਤਕ ਨੇ ਆਪ ਨੂੰ ਸ਼ਰੋਮਣੀ ਕਮੇਟੀ ਤੋਂ ਇਨਾਮ ਵੀ ਦਿਵਾਇਆ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

**ਟੀਕਾਕਾਰੀ ਤੇ ਸੰਪਾਦਨਾ** : ੧. ਜਪੁਜੀ ਸਟੀਕ, ੨. ਆਸਾ ਦੀ ਵਾਰ ਸਟੀਕ, ੩. ਸੁਖਮਨੀ ਸਟੀਕ, ੪ ਭਟਆਣੀ ਸਟੀਕ, ੫. ਸ਼ਬਦ ਸਟੀਕ, ੬. ਦਸ ਵਾਰਾਂ ਸਟੀਕ, ੭. ਸਲੋਕ ਕਬੀਰ ਸਟੀਕ, ੮. ਸਤੇ ਬਲਵੰਡ ਦੀ ਵਾਰ ਸਟੀਕ, ੯. ਸਲੋਕ ਫਰੀਦ ਜੀ ਸਟੀਕ, ੧੦. ਬਾਣੀ ਗੁਰੂ ਅੰਗਦ ਦੇਵ ਜੀ ਸਟੀਕ, ਗੁਰੂ ਗ੍ਰੰਥ ਸਾਹਿਬ ਦਰਪਨ।

**ਵਾਰਤਕ** : ੧੧. ਧਾਰਮਕ ਲੇਖ, ੧੨ ਕੁਝ ਹੋਰ ਧਾਰਮਕ ਲੇਖ, ੧੩. ਗੁਰਮਤ ਪ੍ਰਕਾਸ਼, ੧੪ ਸਰਬਤ ਕਾ ਭਲਾ, ੧੫. ਰੱਬੀ ਜਲਵਾ, ਆਦਿਕ।

**ਜੀਵਨੀ** : ਚਾਨਣ ਮੁਨਾਰੇ।

ਕਾਫ਼ੀ ਚਿਰ ਆਪ 'ਗੁਰਮਤ ਪ੍ਰਕਾਸ਼' ਮਾਸਕ ਪੱਤਰ ਦੇ ਸੰਪਾਦਕ ਵੀ ਰਹੇ ਹਨ।

ਆਪ ਨੂੰ ਪ੍ਰਸਿੱਧ ਵਾਰਤਕਕਾਰਾਂ ਵਿਚ ਗਿਣਿਆ ਜਾਂਦਾ ਹੈ। ਗੁਰਬਾਣੀ ਦੀ ਵਿਆਖਿਆ ਲਈ ਆਪ ਦੇ ਵਿਚਾਰਾ ਨੂੰ ਬੜਾ ਪ੍ਰਮਾਣੀਕ ਮੰਨਿਆ ਜਾਂਦਾ ਹੈ। ਆਪ ਦਾ ਗਿਆਨ ਬੜਾ ਵਿਸ਼ਾਲ ਹੈ।

**ਸਾਹਿਬ ਸਿੰਘ ਸਾਧੂ** (੨੦ਵੀਂ ਸਦੀ)

ਆਪ ਦੀ ਕਾਵਿ-ਪੁਸਤਕ 'ਪੂਰਨ ਭਗਤ' ਅਰੋੜ ਬੰਸ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਸਾਹਿਬ ਸਿੰਘ ਗਿਆਨੀ** (-੧੯੧੮-)

ਆਪ ਆਪਣੇ ਸਮੇਂ ਦੇ ਪ੍ਰਸਿੱਧ ਧਾਰਮਕ ਵਿਦਵਾਨ ਹਨ। ਹੇਠ ਲਿਖੀਆਂ ਚਾਰ ਧਰਮ-ਪੁਸਤਕਾਂ ਰਚਨਾ ਵਿਚ ਸ਼ਾਮਲ ਹਨ :

(੧) ਦਸਮ ਗੁਰਗਿਰਾ, (੨) ਰਾਗ ਮਾਲ ਪ੍ਰਬੋਧ, (੩) ਰਾਗ ਮਾਲ ਪ੍ਰਬੋਧ ੨, (੪) ਗੁਰਮੰਤਰ ਨਿਰਣਯ।

ਆਪ ਦੀਆਂ ਵਧੇਰੇ ਕਿਤਾਬਾਂ ਵਜ਼ੀਰ ਹਿੰਦ ਪ੍ਰੈੱਸ ਅੰਮ੍ਰਿਤਸਰ ਨੇ ਛਾਪੀਆਂ।

**ਸਾਹਿਬ ਸਿੰਘ ਪ੍ਰਿੰਸ** (੧੯੨੯—ਜੀਵਤ)

ਜਨਮ ਉਕਾੜਾ ਜ਼ਿਲਾ ਮਿੰਟਗੁਮਰੀ ਵਿਚ ਸ: ਲਾਲ ਸਿੰਘ ਦੇ ਘਰ ਹੋਇਆ। ਕੁਝ ਚਿਰ ਫ਼ੌਜੀ ਫਾਰਮ ਵਿਚ ਰਹਿਣ ਪਿਛੋਂ ੧੯੪੭ ਵਿਚ ਖੰਨਾ, ਜ਼ਿਲਾ ਲੁਧਿਆਣਾ ਵਿਚ ਆ ਗਏ। ੧੯੫੧ ਵਿਚ ਆਪ ਕਾਨੂੰਨ ਪੜ੍ਹਨ ਕਲਕੱਤੇ ਗਏ ਤੇ ਪੜ੍ਹਨ ਦੇ ਦੌਰਾਨ 'ਦੀਪ' ਨਾਂ ਦਾ ਸਪਤਾਹਿਕ ਕਢਦੇ ਰਹੇ।

ਕੁਝ ਪੱਤਰਕਾਰ ਰਚਨਾਵਾਂ ਆਪ ਦੀ ਘਾਲਣਾ ਵਿਚ ਸ਼ਾਮਲ ਹਨ।

**ਸਾਹਿਬ ਸਿੰਘ, ਮ੍ਰਿਗਿੰਦ** (ਵੀਹਵੀਂ ਸਦੀ)

ਆਪ ਸੰਗਰੂਰ ਦੇ ਨਿਵਾਸੀ ਸਨ। ਫੂਲਕੀਆਂ ਰਿਆਸਤਾਂ ਨਾਲ ਆਪ ਦਾ ਬੜਾ ਨਿਹੁੰ ਸੀ। ਇਨ੍ਹਾਂ ਰਿਆਸਤਾਂ ਦੇ ਉਨ੍ਹੀਵੀਂ ਸਦੀ ਦੇ ਮਹਾਰਾਜਿਆਂ ਬਾਰੇ ਆਪ ਨੇ ਇਸ ਪ੍ਰਕਾਰ ਵਿਚਾਰ ਪ੍ਰਗਟ ਕੀਤੇ ਹਨ :

ਜੱਗ ਉਜਿਆਰੇ ਭੁਜਭਾਰੇ ਨੀਤਿ ਨੇਮਵਾਰੇ,
ਤੀਨੋ ਤ੍ਰਈਵੇਦ ਕੇ ਨਿਤਾਂਤ ਭੇਦਵਾਰੇ ਹੈਂ।
... ... ... ...
ਅਰਸੇ ਖ਼ਫ਼ੀਫ਼ ਮੇਂ ਸ਼ਰੀਫ਼ ਯੇ ਰਈਸ ਤੀਨੋ,
ਦੇਖੀਏ ! ਬੈਕੁੰਠ ਤਸ਼ਰੀਫ਼ ਲੇ ਪਧਾਰੇ ਹੈਂ।

**ਸੁਹੇਲ ਸਿੰਘ ਅੰਮ੍ਰਿਤਸਰੀ** (੧੫ ਜਨਵਰੀ, ੧੯੩੮—ਜੀਵਤ)

ਜਨਮ ਪਿੰਡ ਨਿੱਬਰ ਵਿੰਡ ਜ਼ਿਲਾ ਅੰਮ੍ਰਿਤਸਰ ਵਿਚ ਸ. ਹਜ਼ਾਰਾ ਸਿੰਘ ਦੇ ਘਰ ਹੋਇਆ। ਤਰਸਿੱਕੇ ਦੇ ਖਾਲਸਾ ਸਕੂਲੋਂ ਦਸਵੀਂ ਕਰਨ ਪਿਛੋਂ ਨੈਸ਼ਨਲ ਕਾਲਜ ਸੱਠਿਆਲਾ ਦੀ ਪੜ੍ਹਾਈ ਆਰਥਕ ਕਮਜ਼ੋਰੀਆਂ ਕਾਰਨ ਵਿਚੇ ਛਡ ਦਿੱਤੀ ਅਤੇ ਕਮਿਊਨਿਸਟ ਪਾਰਟੀ ਵਿਚ ਸਰਗਰਮ ਹੋ ਗਏ। ੧੯੫੬ ਤੋਂ ਆਪ ਰੋਜ਼ਾਨਾ 'ਨਵਾਂ ਜ਼ਮਾਨਾ' ਜਾਲੰਧਰ ਵਿਚ ਕੰਮ ਕਰ ਰਹੇ ਹਨ।

'ਬੰਜਰ ਧਰਤੀ' ਵਿਚ ਆਪ ਦੀਆਂ ਕਹਾਣੀਆਂ ਦਰਜ ਹਨ।

ਆਪ ਇਕ ਪ੍ਰਗਤੀਵਾਦੀ ਸਾਹਿਤਕਾਰ ਹਨ।

**ਸੁਹੇਲ ਸਿੰਘ ਧੀਰ** (ਵੀਹਵੀਂ ਸਦੀ)

ਆਪ 'ਪੁਸ਼ਪ ਮਾਲਾ' ਨਾਂ ਦੀ ਪੁਸਤਕ ਦੇ ਕਰਤਾ ਅਤੇ ਨਾਮਧਾਰੀ ਪੰਥ ਦੇ ਪ੍ਰਸਿੱਧ ਸਾਹਿਤਕਾਰਾਂ ਵਿਚ ਹਨ।

**ਸੋਹਲ, ਸੁਰਿੰਦਰ ਕੌਰ** (੬ ਜੁਲਾਈ ੧੯੪੧ --ਜੀਵਤ)

ਆਪ ਪੰਜੌਰ, ਜ਼ਿਲਾ ਹੁਸ਼ਿਆਰਪੁਰ ਦੇ ਨਿਵਾਸੀ ਸ. ਪ੍ਰੀਤਮ ਸਿੰਘ ਸੋਹਲ ਦੀ ਸਪੁੱਤਰੀ ਹਨ। ਵਿਦਿਆ ਗਿਆਨੀ ਤਕ ਹੈ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਸੁਹਾਵਾ ਸਿੰਘ, ਮਾਸਟਰ** (੧੮੮੨—ਜੀਵਤ)

ਆਪ ਸ: ਗੁਰਦਿਤ ਸਿੰਘ ਭੁਲੱਰ ਦੇ ਸਪੁੱਤਰ ਅਤੇ ਨਾਮਧਾਰੀ ਪੰਥ ਦੇ ਪ੍ਰਸਿੱਧ ਸਾਹਿਤਕਾਰ ਹਨ। ਕਾਫੀ ਚਿਰ ਆਪ ਭੈਣੀ ਸਾਹਿਬ ਵਿਖੇ ਅਧਿਆਪਕ ਵੀ ਰਹਿ ਚੁਕੇ ਹਨ।

ਆਪ ਦਾ ਮਨ-ਪਸੰਦ ਸਾਹਿਤ-ਰੂਪ ਕਵਿਤਾ ਹੈ।

**ਸੇਖੋਂ, ਅਜੀਤ ਸਿੰਘ** (ਜੀਵਤ)

ਆਪ ਸਠਿਆਲੀ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ: ਬਾਵਾ ਸਿੰਘ ਸੇਖੋਂ ਦੇ ਸਪੁੱਤਰ ਹਨ। ਪੰਜਾਬੀ ਵਿਚ ਬਹੁਤ ਸਾਰੀਆਂ ਕਹਾਣੀਆਂ ਕਵਿਤਾਵਾਂ ਲਿਖ ਚੁਕੇ ਹਨ। ਹੋਣਹਾਰ ਸਾਹਿਤਕਾਰ ਹਨ।

**ਸੁਖਾ ਸਿੰਘ, ਭਾਈ** (੧੭੬੮—੧੮੩੮)

ਜਨਮ ਅਨੰਦਪੁਰ ਵਿਖੇ ਹੋਇਆ। ਗਿਆਨੀ ਭਗਵਾਨ ਸਿੰਘ ਜੀ ਤੋਂ ਧਰਮ ਵਿਦਿਆ ਪ੍ਰਾਪਤ ਕਰਨ ਪਿਛੋਂ ਕਾਫੀ ਚਿਰ ਸ੍ਰੀ ਕੇਸ ਗੜ੍ਹ ਤੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਗਰੰਥੀ ਰਹੇ।

੧੭੮੮ ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ 'ਗੁਰ ਬਲਾਸ' ਦੀ ਰਚਨਾ ਕੀਤੀ।

**ਸੇਖੋਂ, ਸੰਤ ਸਿੰਘ** (੧੯੦੮—ਜੀਵਤ)

ਜਨਮ ਚੱਕ ੭੦, ਜ਼ਿਲਾ ਲਾਇਲਪੁਰ ਵਿਚ ਸ: ਹੁਕਮ ਸਿੰਘ ਦੇ ਘਰ ਹੋਇਆ। ਚੱਕ ੪੨ ਦੇ ਖਾਲਸਾ ਸਕੂਲੋਂ ਦਸਵੀਂ ਕਰਨ ਪਿਛੋਂ ਲਾਹੌਰ ਦੇ ਐਫ. ਸੀ. ਕਾਲਜੋਂ ਉਚੇਰੀ ਵਿਦਿਆ ਪ੍ਰਾਪਤ ਕੀਤੀ। ਆਪ ਅੰਗ੍ਰੇਜ਼ੀ ਤੇ ਅਰਥ ਸ਼ਾਸਤਰ ਦੀ ਐਮ. ਏ. ਹਨ। ੧੯੩੨ ਤੋਂ ੫੨ ਤੱਕ ਆਪ (ਕੁਝ ਵਕਫ਼ੇ ਛਡ ਕੇ) ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅਰਥ ਸ਼ਾਸਤਰ ਤੇ ਪੰਜਾਬੀ ਪੜ੍ਹਾਉਂਦੇ ਰਹੇ। ੧੯੩੮ ਵਿਚ ਆਪ ਲਾਹੌਰੋਂ ''ਨਾਰਦਰਨ ਰੀਵੀਊ' ਨਾਂ ਦਾ ਅੰਗਰੇਜ਼ੀ ਅਖਬਾਰ ਵੀ ਕੁਝ ਚਿਰ ਚਲਾਉਂਦੇ ਰਹੇ। ਗੁਰੂ ਸਰ ਸਧਾਰ ਦੇ ਖਾਲਸਾ ਕਾਲਜ ਵਿਚ ਨੌਕਰੀ ਕਰਨ ਪਿਛੋਂ ਅਜ ਕਲ ਮਾਤਾ ਗੁਜਰੀ ਕਾਲਜ ਫਤਹ ਗੜ੍ਹ ਸਾਹਿਬ (ਅੰਬਾਲਾ) ਦੇ ਪ੍ਰਿੰਸੀਪਲ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

**ਨਾਟਕ** :—'ਕਲਾਕਾਰ', 'ਨਾਰਕੀ', 'ਬਾਬਾ ਬੋਹੜ', 'ਭੂ-ਦਾਨ', 'ਮੋਇਆਂ ਸਾਰ ਨਾ ਕਾਈ', 'ਬੇੜਾ ਬੰਧਿ ਨਾ ਸਕਿਓ', 'ਵਾਰਿਸ', 'ਛੇ ਘਰ', 'ਤਪਿਆ ਕਿਓ ਖੱਪਿਆ', 'ਨਾਟ ਸੁਨੇਹੇ', ਆਦਿਕ।

**ਕਹਾਣੀ** :—ਸਮਾਚਾਰ, ਕਾਮੇ ਤੇ ਯੋਧੇ, ਬਾਰਾਂਦਰੀ, ਅੱਧੀ ਵਾਟ, ਤੀਜਾ ਪਹਿਰ, ਬਾਰ੍ਹਾਂ ਸਿੱਧ, ਝੂਠੀਆਂ ਸਚੀਆਂ (ਸੰਪਾਦਿਤ)।

**ਨਾਵਲ** :—''ਲਹੂ ਮਿੱਟੀ''

**ਸੰਪਾਦਨਾ ਤੇ ਚਿੰਤਨ** :—'ਪਜਾਬੀ ਸੰਥਾਵਲੀ' (੮ ਭਾਗ), 'ਪੰਜਾਬੀ ਸ਼ਬਦ-ਬੋਧ' (੨ ਭਾਗ), 'ਸਾਹਿਤਾਰਥ', 'ਪ੍ਰਸਿੱਧ ਪੰਜਾਬੀ ਕਵੀ', 'ਪੰਜਾਬੀ ਭਾ'ਸ਼ਾ ਦਾ ਇਤਿਹਾਸ', 'ਪ੍ਰਗਤੀ ਪੰਥ' ਆਦਿਕ ।

**ਕਵਿਤਾ** :—''ਕਾਵਿ-ਦੂਤ'' ।

ਆਪ ਪੰਜਾਬੀ ਸਾਹਿਤ ਵਿਚ ਸਮਾਜਵਾਦੀ ਯਥਾਰਥ-ਵਾਦ ਦੇ ਬਾਨੀ ਹਨ ਅਤੇ ਪੰਜਾਬ ਯੂਨੀਵਰਸਿਟੀ ਅਤੇ ਸਾਹਿਤਕਾਰਾਂ ਦੀ ਰਾਜਨੀਤੀ ਵਿਚ ਆਗੂ ਹਨ ।

ਸੰਸਾਰ ਸਾਹਿਤ ਨਾਲ ਆਪ ਦੀ ਨਿਕਟ-ਵਰਤੀ ਜਾਣ-ਪਛਾਣ ਹੈ ਅਤੇ ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਵੇਖਦੇ ਹਨ । ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਦੀ ਜ਼ਿੰਦਗੀ ਦਾ ਅਧਿਅਨ ਸ਼ੈਣੀ-ਭਾਵਾਂ ਦੇ ਅਧੀਨ ਕਰਦੇ ਹਨ ।

ਆਪ ਦੀ ਬੌਧਿਕਤਾ ਆਪ ਦੀ ਸਾਰੀ ਰਚਨਾ ਵਿਚ ਪਰਤੱਖ ਹੈ ।

ਆਪ ਸਪਸ਼ਟ ਰੂਪ ਵਿਚ ਸਮਾਜਵਾਦ ਜੀਉਣ ਦਾ ਯਤਨ ਕਰਦੇ ਹਨ । ਆਪ ਆਧੁਨਿਕ ਪਜਾਬੀ ਸਾਹਿਤ ਦੇ ਉਸਰਈਆਂ ਵਿਚੋਂ ਹਨ ।

**ਸੁਖਦੇਵ**

ਆਪ ਦੀ ਵੇਦਾਂਤ-ਪੁਸਤਕ 'ਅਧਿਆਤਮ ਪ੍ਰਕਾਸ਼' ਐਂਗਲੋ ਸੰਸਕ੍ਰਿਤ ਪ੍ਰੈਸ ਲਾਹੌਰ ਨੇ ੪੧੯ ਨਾਨਕਸ਼ਾਹੀ ਵਿਚ ਪ੍ਰਕਾਸ਼ਿਤ ਕੀਤੀ ।

**ਸੁਖਦੇਵ ਸਿੰਘ ਗਰੇਵਾਲ**

ਵੇਖੋ

ਗਰੇਵਾਲ, ਸੁਖਦੇਵ ਸਿੰਘ

**ਸੁਖਪਾਲ ਵੀਰ ਸਿੰਘ ਹਸਰਤ** (੨੭ ਅਗਸਤ, ੧੯੩੬ —ਜੀਵਤ)

ਜਨਮ ਚੱਕ ੧੦੬, ਤਹਿਸੀਲ ਖਾਨੇਵਾਲ ਜ਼ਿਲਾ ਮੁਲਤਾਨ ਵਿਚ ਸ: ਲਾਲ ਸਿੰਘ ਦੇ ਘਰ ਮਾਤਾ ਗੁਰਸ਼ਰਨ ਕੌਰ ਦੀ ਕੁਖੋਂ ਹੋਇਆ । ਵੰਡ ਪਿਛੋਂ ਪਰਵਾਰ ਨਾਸਰਕੇ (ਬਟਾਲਾ) ਆ ਗਿਆ । ਸ: ਹਰਚਰਨ ਸਿੰਘ ਬਾਜਵਾ ਨੇ ਆਪ ਦੇ ਪਿਤਾ ਦੀ ਮੌਤ (੩੦ ਨਵੰਬਰ ੧੯੫੫) ਤੋਂ ਪਿਛੋਂ ਆਪ ਦੀ ਜੀਵਨ-ਉਸਾਰੀ ਵਿਚ ਕਾਫ਼ੀ ਹਿੱਸਾ ਪਾਇਆ । ਅਜ ਕਲ ਆਪ ਦਾ ਪਰਵਾਰ ਸਿਵਲ ਲਾਈਨਜ਼ ਕਾਦੀਆਂ ਵਿਚ ਰਹਿੰਦਾ ਹੈ ਤੇ ਆਪ ਲੋਕ-ਸੰਪਰਕ ਵਿਭਾਗ ਦੇ ਫੀਲਡ ਪਬਲਿਸਿਟੀ ਅਫਸਰ ਹੋਣ ਦੇ ਨਾਤੇ ਮਾਡਲ ਟਾਊਨ ਲੁਧਿਆਣਾ ਵਿਖੇ ਰਹਿ ਰਹੇ ਹਨ ।

'ਸਰ ਸਬਜ਼ ਪਤਝੜਾਂ', 'ਹੁਸਨ ਕਿਨਾਰੇ', 'ਹਯਾਤੀ ਦੇ ਸੋਮੇ' ਤੇ 'ਵਣ ਕੰਬਿਆ' ਚਾਰ ਕਾਵਿ-ਸੰਗ੍ਰਹਿ ਹਨ । 'ਅਜੋਕੀ ਪੰਜਾਬੀ ਕਵਿਤਾ' ਤੇ 'ਪੰਜਾਬੀ ਕਹਾਣੀ' ਆਲੋਚਨਾਤਮਕ ਪੁਸਤਕਾਂ ਤੇ 'ਨਵੀਨ ਪੰਜਾਬੀ ਕਹਾਣੀਆਂ' ਨਾਂ ਦੀ ਸੰਪਾਦਿਤ ਪੁਸਤਕ ਵੀ ਆਪ ਦੀ ਘਾਲਣਾ ਵਿਚ ਸ਼ਾਮਲ ਹੈ ।

ਸੁਹਜ, ਪ੍ਰਗਤੀਵਾਦ, ਗੁਰੂ ਘਰ ਦੀ ਪਰੰਪਰਾ ਨਾਲ ਸਾਂਝ, ਸੁਭਾਸ਼ਤਾ ਆਪ ਦੀ ਕਾਵਿ ਸ਼ੈਲੀ ਦੇ ਕੁਝ ਦੇ ਕੁਝ ਪੱਖ ਹਨ ।

ਆਪ ਨੂੰ ਵਿਚਾਰਸ਼ੀਲ ਪੰਜਾਬੀ ਕਵੀਆਂ ਵਿਚ ਗਿਣਿਆ ਜਾਂਦਾ ਹੈ ।

**ਸੁਖਰਾਜ ਸਿੰਘ**

ਆਪ ਦਾ ਨਾਟਕ 'ਚੰਦ੍ਰ ਗੁਪਤ' ਗਿਆਨ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ।

**ਸੁਖ ਰਾਜ ਦਾਸ ਠਾਕੁਰ**

ਵੇਖੋ

ਠਾਕੁਰ, ਸੁਖਰਾਜ ਦਾਸ

**ਸੁਖ ਲਾਲ ਪੰਡਿਤ** ( -੧੯੧੬- )

ਆਪ ਰੋਪੜ, ਜ਼ਿਲਾ ਅੰਬਾਲਾ ਦੇ ਨਿਵਾਸੀ ਹਨ। ਸ੍ਰੀ ਭਾਰਤ ਮਹਾਂ ਮੰਡਲ ਰੋਪੜ ਦੇ ਅਧੀਨ ਆਪਨੇ ਸੁਧਾਰਵਾਦੀ ਸਰਗਰਮੀਆਂ ਨੂੰ ਅਗੇ ਟੋਰਿਆ। 'ਆਨੰਦ ਖੰਡਨ ਬਿਵਾਹ ਖੰਡਨ', 'ਜੇਹੀ ਰੂਹ ਤੇਹੇ ਫਰੇਸਤੇ', 'ਨਵੀਨ ਸਿੰਘ ਸਿਖਿਆ' ਆਦਿਕ ਧਰਮ-ਪੁਸਤਕਾਂ ਆਪ ਨੇ ਰਚੀਆਂ ਅਤੇ ਪ੍ਰਕਾਸ਼ਿਤ ਕੀਤੀਆਂ।

**ਸੁਖਵੰਤ ਸਿੰਘ** (੧੭ ਅਪ੍ਰੈਲ ੧੯੩੮—ਜੀਵਤ)

ਆਪ ਲਾਡੋਵਾਲੀ, ਜਾਲੰਧਰ ਦੇ ਨਿਵਾਸੀ ਸ: ਗੁਰਬਚਨ ਸਿੰਘ ਦੇ ਸਪੁੱਤਰ ਹਨ। ਵਿਦਿਆ ਬੀ. ਏ. ਤਕ ਹੈ। ਕਾਫੀ ਵਿਦਿਅਕ ਇਨਾਮ ਜਿੱਤ ਚੁਕੇ ਹਨ।

ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਕਹਾਣੀਆਂ ਅਤੇ ਲੇਖਾਂ ਦੀ ਰਚਨਾ ਕਰਦੇ ਹਨ।

**ਸੰਗਤ ਸਿੰਘ ਸੰਤ** ( -੧੯੩੮- )

ਆਪ ਦੀਆਂ ਤਿੰਨ ਪੁਸਤਕਾਂ ਪਿੰਗਲ ਪੁਸਤਕਾਰ ਸੰਗ੍ਰਹਿ (ਪਿੰਗਲ), ਗ੍ਰੰਥ ਮੱਤ ਸੰਗਰਹਿ (ਦਰਸ਼ਨ), ਅਤੇ ਗਿਆਨ ਪਰਕਾਸ਼ (ਸਟੀਕ) ਪ੍ਰਕਾਸ਼ਿਤ ਹੋ ਚੁਕੀਆਂ ਹਨ।

**ਸਚੀਂਦਰ ਨਾਥ ਸਾਨਿਆਲ**

ਵੇਖੋ

ਸਾਨਿਆਲ, ਸਚੀਂਦਰ ਨਾਥ

**ਸਚਦੇਵ ਈ. ਆਰ.** ( -੧੯੫੧- )

ਆਪ ਦੀ ਕਾਵਿ-ਪੁਸਤਕ 'ਸੱਚਦੇਵ ਦੀ ਗੀਤਾ' ਰਾਮ ਲਾਲ ਸੂਰੀ, ਦਿੱਲੀ ਨੇ ੧੯੫੧ ਵਿਚ ਫਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੀ।

**ਸਚਦੇਵ, ਕਰਤਾਰ ਸਿੰਘ** ( -੧੯੪੫- )

ਜੀਵਨ-ਉਸਾਰੀ ਸੰਬੰਧੀ ਆਪ ਨੇ 'ਅਗੇ ਵਧੋ' 'ਕਾਮਯਾਬੀ', 'ਜੀਵਨ ਕਲੀਆਂ' ਆਦਿਕ ਪੁਸਤਕਾਂ ਲਿਖੀਆਂ ਹਨ। 'ਗੁੰਮਨਾਮ ਕੁੜੀ ਦੇ ਖੱਤ' ਨਾਂ ਦਾ ਨਾਵਲ ਵੀ ਆਪ ਦੀ ਰਚਨਾ ਵਿਚ ਸ਼ਾਮਲ ਹੈ।

**ਸਚਦੇਵ, ਰਾਬਿੰਦਰ ਸਿੰਘ** (੧ ਜੁਲਾਈ ੧੯੩੩-ਜੀਵਤ)

ਆਪ ਸ: ਖੁਸ਼ਹਾਲ ਸਿੰਘ ਦੇ ਪੁੱਤਰ ਅਤੇ ਮਿਡਲ ਸਕੂਲ ਸਮਲੇਟੀ, ਜ਼ਿਲ੍ਹਾ ਕਾਂਗੜਾ ਦੇ ਮੁਖ ਅਧਿਆਪਕ ਹਨ। ਆਪਦੀ ਵਿਦਿਆ ਬੀ. ਏ., ਬੀ. ਟੀ. ਤਕ ਹੈ।

ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

**ਸੱਚਲ, ਅਬਦਾਲ ਵਹਾਬ**

ਵੇਖੋ

ਅਬਦਾਲ ਵਹਾਬ ਸੱਚਲ

**ਸਜਣ ਸਿੰਘ ਰੁੜਕਾ** (?—੩੦ ਦਸੰਬਰ ੧੯੪੫)

ਆਪ ਪਿੰਡ ਰੁੜਕਾ ਜ਼ਿਲਾ ਲੁਧਿਆਣਾ ਦੇ ਵਸਨੀਕ ਸਨ। ੧੯੧੬ ਵਿਚ ਗਿਆਨੀ ਕੀਤੀ ਤੇ ਪੰਜਾਬੀ, ਹਿੰਦੀ, ਉਰਦੂ, ਫਾਰਸੀ ਦੀ ਵਿਦਵਤਾ ਵੀ ਕਮਾਈ। ਸਿੰਘ ਸਭਾ ਲਹਿਰ ਵਿਚ ਸਰਗਰਮ ਹਿੱਸਾ ਲਿਆ। ਸਿੱਖ ਸੇਵਕ ਜੱਥਾ ਜ਼ਿਲ੍ਹਾ ਲੁਧਿਆਣੇ ਦੇ ਸਕੱਤਰ ਵੀ

ਰਹੇ। ੩੦ ਦਸੰਬਰ ੧੯੪੫ ਨੂੰ ਬਿਮਾਰੀ ਕਾਰਨ ਪ੍ਰਲੋਕ ਸਿਧਾਰ ਗਏ।

ਪੰਜਾਬੀ ਕਲਚਰ ਵਿਚ ਆਪ ਦਾ ਸਥਾਨ ਇਕ ਲੇਖਕ, ਟੀਕਾਕਾਰ, ਕਥਾਕਾਰ, ਗੋਸ਼ਟਕਾਰ ਤੇ ਆਗੂ ਵਜੋਂ ਹੈ।

ਅਕਾਲ ਉਸਤਤ ਦੇ ੨੦ ਸਵੱਈਆਂ ਦਾ ਟੀਕਾ ਆਪ ਨੇ ਬਹੁਤ ਸੁੰਦਰ ਕੀਤਾ ਹੈ।

**ਸਜਣ, ਵਲੀ ਅਲਾ**

ਵੇਖੋ
ਵਲੀ ਅਲਾ ਸਜਣ

**ਸ਼ੁਜਾਨ ਸਿੰਘ (੧੯੦੯—ਜੀਵਤ)**

ਜਨਮ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸ ਪੁਰ ਵਿਚ ਸ: ਹਾਕਮ ਸਿੰਘ ਦੇ ਘਰ ਹੋਇਆ। ਜੀਵਨ ਦੇ ਮੁਢਲੇ ਯਾਰ੍ਹਾਂ ਕੁ ਸਾਲ ਆਪਣੇ ਠੇਕੇਦਾਰ ਪਿਤਾ ਨਾਲ ਬੰਗਾਲ ਵਿਚ ਬਿਤਾਏ। ੧੯੨੦ ਵਿਚ ਆਪ ਦੇ ਪਿਤਾ ਅੰਮ੍ਰਿਤਸਰ ਵਿਚ ਪ੍ਰਲੋਕ ਸਿਧਾਰ ਗਏ ਅਤੇ ਆਪ ਨੂੰ ਗਰੀਬੀ ਦੇ ਹਵਾਲੇ ਕਰ ਗਏ। ਬੀ. ਏ. ਕਰਨ ਪਿਛੋਂ ਆਪ ਲਾਇਡਜ਼ ਬੈਂਕ ਵਿਚ ਕਲਰਕ ਲਗ ਗਏ ਪਰ ੧੯੩੭ ਵਿਚ ਛਾਂਟੀ ਦਾ ਸ਼ਿਕਾਰ ਹੋ ਗਏ। ੧੯੪੦-੪੨ ਦੇ ਦੌਰਾਨ ਆਪ ਖਾਲਸਾ ਹਾਈ ਸਕੂਲ ਕੋਇਟਾ ਵਿਚ ਪੰਜਾਬੀ ਦੇ ਅਧਿਆਪਕ ਰਹੇ। ੧੯੪੪-੪੫ ਵਿਚ ਜਾਲੰਧਰ ਦੇ ਦੁਆਬਾ ਕਾਲਜ ਵਿਚ ਰਹੇ। ੧੯੫੫ ਤੋਂ ੧੯੫੮ ਤਕ ਆਪ ਜਨਤਾ ਹਾਈ ਸਕੂਲ ਭਕਨਾ (ਅੰਮ੍ਰਿਤਸਰ) ਦੇ ਮੁਖ ਅਧਿਆਪਕ ਰਹੇ। ਇਸ ਤੋਂ ਪਹਿਲਾਂ ਵੀ ਆਪ ਪੰਜਾਬੀ ਤੇ ਅੰਗਰੇਜ਼ੀ ਹੀ ਪੜ੍ਹਾਉਂਦੇ ਰਹੇ ਸਨ। ੧੯੫੬ ਵਿਚ ਆਪ ਨੇ ਪੰਜਾਬੀ ਦੀ ਐਮ. ਏ. ਕੀਤੀ। ਅਜ ਕਲ੍ਹ ਆਪ ਮਾਤਾ ਗੁਜਰੀ ਕਾਲਜ ਫਤਹ ਗੜ੍ਹ ਸਾਹਿਬ (ਅੰਬਾਲਾ) ਵਿਚ ਪੰਜਾਬੀ ਦੇ ਅਧਿਆਪਕ ਹਨ।

"ਦੁੱਖ ਸੁਖ", "ਦੁੱਖ ਸੁਖ ਤੋਂ ਪਿਛੋਂ", "ਸਭ ਰੰਗ", "ਨਰਕਾਂ ਦੇ ਦੇਵਤੇ", "ਮਨੁੱਖ ਤੇ ਪਸ਼ੂ", ਆਦਿਕ ਕਹਾਣੀ-ਸੰਗ੍ਰਹਿ ਆਪਦੀ ਘਾਲਣਾ ਵਿਚ ਸ਼ਾਮਲ ਹਨ। "ਰਣਬੀਰ ਨਾਟਕ" (ਨਾਟਕ) ਵੀ ਆਪ ਦੀ ਹੀ ਰਚਨਾ ਹੈ।

ਆਪਦੀਆਂ ਰਚਨਾਵਾਂ ਕਈ ਗੈਰ-ਪੰਜਾਬੀ ਬੋਲੀਆਂ ਵਿਚ ਅਨੁਵਾਦ ਹੋ ਕੇ ਛੱਪ ਚੁਕੀਆਂ ਹਨ।

ਆਪ ਸਾਹਿਤ ਅਤੇ ਜ਼ਿੰਦਗੀ ਵਿਚ ਸਮਾਜਵਾਦ ਨੂੰ ਜੀਉਂਦੇ ਹਨ।

**ਸੁਜਾਨ ਸਿੰਘ, ਸੰਤ**

ਆਪ ਨਾਮਧਾਰੀ ਪੰਥ ਦੇ ਪ੍ਰਸਿੱਧ ਸਾਹਿਤਕਾਰ ਹਨ। 'ਦੁਆਦਸ਼ ਆਸਤੋਤਰ' ਆਪ ਦੀ ਪ੍ਰਸਿੱਧ ਕਾਵਿ-ਪੁਸਤਕ ਹੈ।

**ਸੁਜਾਨ ਸਿੰਘ ਮਾਸਟਰ (-੧੯੩੯-)**

ਇਸਤ੍ਰੀ-ਹੱਕਾਂ ਬਾਰੇ ਆਪ ਦੀ ਪੁਸਤਕ 'ਜਣਨੀ' ੧੯੩੯ ਵਿਚ ਗੁਰੂ ਰਾਮਦਾਸ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

ਬਿਜਲੀ ਦੇ ਚਮਤਕਾਰੇ ਨਾਂ ਦੀ ਸੂਚਨਾ-ਪੁਸਤਕ ਅਤੇ 'ਸਿੱਖ-ਇਤਿਹਾਸ' ਦੀਆਂ ਕੁਝ ਪੁਸਤਕਾਂ ਵੀ ਆਪ ਦੀ ਰਚਨਾ ਵਿਚ ਸ਼ਾਮਲ ਹਨ।

**ਸਟਾਰਕੀ ਕਪਤਾਨ (-੧੯੪੯-)**

ਆਪ ਦੀ ਪੁਸਤਕ 'ਡਿਕਸ਼ਨਰੀ ਇੰਗਲਿਸ਼ ਐਂਡ ਪੰਜਾਬੀ' ੧੯੪੯ ਵਿਚ ਡੀ. ਗਜਰਿਸ ਐਂਡ ਕੰਪਨੀ ਕਲਕੱਤਾ ਨੇ ਪ੍ਰਕਾਸ਼ਿਤ ਕੀਤੀ। ਸ: ਬਸਾਵਾ ਸਿੰਘ

ਜਮੇਂਦਾਰ ਨੇ ਸੰਪਾਦਨ ਵਿਚ ਆਪ ਦੀ ਮਦਦ ਕੀਤੀ।

**ਸੇਠੀ, ਅਵਤਾਰ ਸਿੰਘ** (੪ ਜਨਵਰੀ ੧੯੩੮—ਜੀਵਤ)

ਆਪ ਦੀਆਂ ਕਵਿਤਾਵਾਂ ਪ੍ਰਸਿੱਧ ਪੰਜਾਬੀ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ।

ਆਪ ਦੀ ਵਿਚਾਰਧਾਰਾ ਮਨੁਖਵਾਦੀ ਹੈ।

**ਸੇਠੀ, ਸੁਰਜੀਤ ਸਿੰਘ** (੧ ਅਕਤੂਬਰ, ੧੯੨੮—ਜੀਵਤ)

ਜਨਮ ਗੁਜਰਖਾਨ ਵਿਚ ਸ: ਜੋਧ ਸਿੰਘ ਦੇ ਘਰ ਹੋਇਆ। ਕਿਸ਼ੋਰ ਅਵਸਥਾ ਵਿਚ ਆਪ ਮਾਪਿਆਂ ਨਾਲ ਅੰਮ੍ਰਿਤਸਰ ਆ ਗਏ। ਕੈਂਬਰਿਜ ਸਕੂਲ ਅਤੇ ਖ਼ਾਲਸਾ ਕਾਲਜੀਏਟ ਸਕੂਲ ਤੋਂ ਦਸਵੀਂ ਤਕ ਵਿਦਿਆ ਪ੍ਰਾਪਤ ਕਰਨ ਪਿਛੋਂ ਉਚੇਰੀ ਵਿਦਿਆ ਲਈ ਐਫ. ਸੀ ਕਾਲਜ ਲਾਹੌਰ ਆ ਗਏ ਤੇ ਨਾਲ ਨਾਲ 'ਪੰਜ ਦਰਿਆ', 'ਰਹਿਬਰ' ਅਤੇ ਫਿਰ 'ਸਾਡੀ ਕਹਾਣੀ' ਆਦਿਕ ਪਤਰਾਂ ਵਿਚ ਵੀ ਰਹੇ। ਫਿਰ ਆਪ ਬੰਬਈ ਵਿਚ ਫ਼ਿਲਮ-ਸਾਹਿਤਕਾਰੀ ਕਰਨ ਗਏ ਪਰ ਵਪਾਰਵਾਦ ਤੋਂ ਤੰਗ ਆ ਕੇ ਵਾਪਸ ਆ ਗਏ। ੧੯੫੫ ਵਿਚ ਬੀ ਏ. ਕੀਤੀ ਤੇ ੧੯੫੭ ਵਿਚ ਪੰਜਾਬੀ ਦੀ ਐਮ ਏ.। ਪੜ੍ਹਾਈ ਦੇ ਨਾਲ ਨਾਟਕ-ਕਾਰੀ ਅਤੇ ਸੰਪਾਦਨਾ ('ਕਹਾਣੀ') ਵੀ ਕਰਦੇ ਰਹੇ। ਆਪ ਦੇ ਇਕ ਨਾਟਕ ਨੂੰ ਭਾਰਤ ਸਰਕਾਰ ਦਾ ਪਹਿਲਾ ਇਨਾਮ ਵੀ ਮਿਲਿਆ। ਕੁਝ ਚਿਰ ਜਾਲੰਧਰ ਰੇਡੀਓ ਸਟੇਸ਼ਨ ਦੇ ਅਸਿਸਟੈਂਟ ਪਰੋਡੀਊਸਰ ਰਹਿਣ ਪਿਛੋਂ ਅਜ ਕਲ ਕਪੂਰਥਲੇ ਦੇ ਰਣਧੀਰ ਕਾਲਜ ਵਿਚ ਪੰਜਾਬੀ ਦੇ ਅਧਿਆਪਕ ਹਨ।

ਆਪ ਦੀ ਪਤਨੀ 'ਮਨੋਹਰ ਕੌਰ ਅਰਪਨ' ਵੀ ਸਾਹਿਤਕਾਰ ਅਤੇ ਪਰੋਫੈਸਰ ਹੈ।

ਰਚਨਾ ਦਾ ਵਿਸ਼ਤਾਰ ਇਸ ਪ੍ਰਕਾਰ ਹੈ :—

**ਨਾਵਲ** : (੧) ਰੇਤ ਦਾ ਪਹਾੜ, (੨) ਜਨਤਾ ਜਾਗੀ, (੩) ਇਕ ਸ਼ਹਿਰ ਦੀ ਗੱਲ, (੪) ਕੰਧੀ ਉਤੇ ਰੁਖੜਾ, (੫) ਇਕ ਖ਼ਾਲੀ ਪਿਆਲਾ।

**ਕਹਾਣੀ ਸੰਗ੍ਰਹਿ** : (੬) ਮਹੀਂਵਾਲ, (੭) ਅੰਗਰੇਜ਼ ਅੰਗ੍ਰੇਜ਼ ਸਨ, (੮) ਕੌੜੇ ਘੁੱਟ,

**ਇਕਾਂਗੀ-ਸੰਗ੍ਰਹਿ** : (੯) ਚਲਦੇ ਫਿਰਦੇ ਬੁੱਤ, (੧੦) ਪਰਦੇ ਪਿਛੇ,

**ਨਾਟਕ** : (੧੧) ਕਾਫੀ ਹਾਊਸ, (੧੨) ਕੱਚਾ ਘੜਾ, (੧੩) ਕਾਦਰ ਯਾਰ।

**ਜੀਵਨੀਆਂ** : (੧੪) ਨੇਤਾ ਜੀ, (੧੫) ਜਰਨੈਲ ਮੋਹਣ ਸਿੰਘ,

**ਆਲੋਚਨਾ** : (੧੬) ਕਵੀ ਚਤ੍ਰਿਕ, (੧੭) ਨਾਟਕ-ਕਲਾ ਬਾਰੇ, (੧੮) ਪੰਜਾਬੀ ਕਵਿਤਾ ਦਾ ਮੁੱਢ।

ਆਪ ਨੇ ਬੱਚਿਆਂ ਲਈ ਵੀ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ।

ਆਪ ਬੜੇ ਸਿਆਣੇ ਤੇ ਤਜਰਬੇਕਾਰ ਕਲਾਕਾਰ ਹਨ। ਆਪ ਦਾ ਸਥਾਨ ਉਚੇਰੇ ਸਾਹਿਤਕਾਰਾਂ ਵਿਚ ਹੈ।

**ਸੋਢੀ, ਤੇਜਾ ਸਿੰਘ** (ਅਗਸਤ ੧੮੯੭—ਜੀਵਤ)

ਜਨਮ ਆਸਲ ਗੁਰੂ ਕੇ, ਜ਼ਿਲਾ ਲਾਹੌਰ ਵਿਚ ਸ. ਈਸ਼ਰ ਸਿੰਘ ਦੇ ਘਰ ਹੋਇਆ। ਮਾਰਚ ੧੯੧੮ ਵਿਚ ਖ਼ਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰੋਂ ਦਸਵੀਂ ਕਰਨ ਪਿਛੋਂ ਆਪ ਦਸੰਬਰ ੧੯੧੮ ਵਿਚ ਡੈੱਡਲੈਟਰ ਆਫਿਸ ਲਾਹੌਰ ਦੇ ਮੁਲਾਜ਼ਮ ਬਣੇ ਤੇ ਅਗੱਸਤ ੧੯੫੭ ਵਿਚ ਪੈਨਸ਼ਨ ਤੇ ਰੀਟਾਇਰ ਹੋਏ।

"ਕਥਾ ਸਾਗਰ", "ਸੁੰਦਰ ਗੁਟਕਾ ਸਟੀਕ", "ਕਥਾ ਸਰੋਵਰ", "ਗਿਆਨ ਪ੍ਰਕਾਸ਼", "ਕਥਾ ਦੀਪ ਸਾਗਰ",

"ਅਮਰ ਕੀਰਤਨ", "ਵਚਿਤ੍ਰ ਜੀਵਨ", ਆਦਿਕ ਸੰਪਾਦਨਾ ਤੇ ਇਤਿਹਾਸ ਦੀਆਂ ਪੁਸਤਕਾਂ ਆਪ ਦੀ ਘਾਲਣਾ ਦਾ ਇਕ ਪੱਖ ਹਨ।

ਬਹੁਤ ਸਾਰੇ ਟ੍ਰੈਕਟ ਵੀ ਆਪ ਦੀ ਰਚਨਾ ਵਿਚ ਸ਼ਾਮਲ ਹਨ। ਆਪ ਸਾਰੀ ਉਮਰ ਇਕ ਸਰਗਰਮ ਧਾਰਮਕ ਪਰਚਾਰਕ ਰਹੇ ਹਨ ਅਤੇ ਸਮਾਜਕ ਸਰਗਰਮੀਆਂ ਵਿਚ ਆਗੂ ਦਾ ਪਾਰਟ ਵੀ ਅਦਾ ਕਰਦੇ ਰਹੇ ਹਨ।

**ਸੈਣ (੧੩੯੦-੧੪੪੦)**

ਬਾਂਧਵਗੜ੍ਹ (ਰੀਵਾ) ਦੇ ਰਾਜਾ 'ਰਾਜਾ ਰਾਮ' ਦੇ ਨਾਈ ਸਨ। ਰਾਮਾਨੰਦ ਜੀ ਤੋਂ ਅਧਿਆਤਮਵਾਦ ਦੀ ਜਾਗ ਲੱਗੀ ਤੇ ਸ਼ਾਹੀ ਨਾਈ ਤੋਂ ਸ਼ਾਹੀ ਗੁਰੂ ਬਣ ਗਏ। ਰਾਜਾ ਵੀ ਆਪ ਦਾ ਮੁਰੀਦ ਹੋਇਆ। ਆਪ ਦਾ ਬੰਸ ਅਜੇ ਵੀ ਰੀਵਾ ਵਿਚ ਮੌਜੂਦ ਹੈ।

ਆਦਿ ਗ੍ਰੰਥ ਦੇ ਪੰਨਾ ੬੯੫ ਉਤੇ ਰਾਗ ਧਨਾਸਰੀ ਵਿਚ ਆਪ ਦਾ ਇਕ ਸ਼ਬਦ ਦਰਜ ਹੈ। ਧੰਨਾ ਜੀ ਅਨੁਸਾਰ "ਸੈਣ ਭਵੈ ਭਜ ਪਰਮਾਨੰਦੇ"। ਆਪ ਸਾਧ ਭਾਸ਼ਾ ਵਰਤਦੇ ਹਨ, ਜਿਸ ਦੀ ਪੰਜਾਬੀ ਨਾਲ ਕਾਫ਼ੀ ਸਾਂਝ ਹੈ। ਬਿੰਬ ਆਮ ਜੀਵਨ ਦੇ ਹਨ।

**ਸੈਣਾ (ਸਤਾਰ੍ਹਵੀਂ—ਅਠਾਰ੍ਹਵੀਂ ਸਦੀ)**

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਲਿਖਾਰੀ ਸਨ। ਇਕ ਅਪਰਾਧ ਕਰ ਕੇ ਡਰਦੇ ਮਾਰੇ ਘਰ ਚਲੇ ਗਏ ਤੇ ਦੋਹਿਰਾ ਲਿਖਿਆ :—

ਜਬ ਤੇ ਪ੍ਰਭੂ ਤੇ ਬੀਛੁਰੇ, ਕਰ ਜੋ ਕਰਜੋ ਕ੍ਰਿਖੀ ਕੋ ਠਾਟ
ਬ੍ਰਿਖ ਭਜ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ

ਪਰ ਗੁਰੂ ਸਾਹਿਬ ਨੇ ਅਪਰਾਧ ਮੁਆਫ਼ ਕਰ ਕੇ ਵਾਪਸ ਬੁਲਾ ਲਿਆ। ਸ਼ੈਲੀ ਤੇ ਬੋਲੀ, ਉਪ੍ਰੋਕਤ ਦੋਹਿਰੇ ਤੋਂ ਪ੍ਰਤੱਖ ਹੈ।

**ਸੈਣੀ, ਅਜੀਤ** (੨੦ ਜੁਲਾਈ ੧੯੨੪—ਜੀਵਤ)

ਜਨਮ ਬੋਲੇਵਾਲ, ਜ਼ਿਲਾ ਹੁਸ਼ਿਆਰਪੁਰ ਵਿਚ ਮਾ: ਦੌਲਤ ਰਾਮ ਦੇ ਘਰ ਹੋਇਆ। ਜੀਵਨ ਦੇ ਦਸੇ ਦਹਾਕੇ ਵਿਚ ਆਪ 'ਆਜ਼ਾਦ ਹਿੰਦ ਫੌਜ' ਵਿਚ ਲੈਫਟੀਨੈਂਟ ਵਜੋਂ ਸ਼ਾਮਲ ਹੋ ਗਏ ਤੇ ਫਿਰ 'ਆਜ਼ਾਦ ਹਿੰਦ' ਨਾਂ ਦੀ ਅਖ਼ਬਾਰ ਦੇ ਸਹਾਇਕ ਸੰਪਾਦਕ ਲਗ ਗਏ। 'ਪਰਭਾਤ' ਤੇ 'ਮਿਲਾਪ' ਵਿਚ ਕਾਫ਼ੀ ਚਿਰ ਕੰਮ ਕਰ ਚੁਕਣ ਪਿਛੋਂ ਅਜ ਕਲ ਹਿੰਦ ਸਰਕਾਰ ਦੇ ਜਾਲੰਧਰ ਵਿਚਲੇ ਪੱਤਰ ਸੂਚਨਾ ਦਫ਼ਤਰ ਵਿਚ ਪੱਤਰਕਾਰੀ ਦਾ ਕਿੱਤਾ ਨਿਭਾਅ ਰਹੇ ਹਨ। ਵਿਦਿਆ ਐਮ. ਏ. ਤਕ ਹੈ।

'ਨਵਾਂ ਪੋਚ' (੧੯੫੯) ਤੇ 'ਬੇਰੀ' (੧੯੬੧) ਦੋ ਕਹਾਣੀ-ਸੰਗ੍ਰਹਿ ਹਨ। ਆਪ ਦੀ ਤੀਜੀ ਪੁਸਤਕ 'ਆਜ਼ਾਦ ਹਿੰਦ ਫੌਜ' ਇਤਿਹਾਸ ਨਾਲ ਸਬੰਧ ਰਖਦੀ ਹੈ।

ਸੈਣੀ ਜੀ ਆਪਣਾ ਨਾਤਾ ਮਨੁਖਵਾਦ ਨਾਲ ਜੋੜਦੇ ਹਨ। ਜੀਵਨ ਦੀਆਂ ਨਿੱਕੀਆਂ ਨਿੱਕੀਆਂ ਤਲਖੀਆਂ ਨੂੰ ਆਪ ਸ਼ਖਸੀਅਤ ਦੀ ਉਸਾਰੀ ਦੇ ਪ੍ਰਸੰਗ ਵਿਚ ਤੋਲਦੇ ਹਨ। ਵਾਰਤਕ-ਸ਼ੈਲੀ ਅਤੀਅੰਤ ਸਰਲ ਅਤੇ ਪ੍ਰੌੜ੍ਹ ਹੈ

**ਸੈਣੀ, ਸੰਤੋਖ ਸਿੰਘ (ਵੀਹਵੀਂ ਸਦੀ)**

ਆਪ ਬਹੁਵਾਲੀ, ਜ਼ਿਲਾ ਸਿਆਲਕੋਟ ਦੇ ਰਹਿਣ ਵਾਲੇ ਅਤੇ ਨਾਮਧਾਰੀ ਪੰਥ ਦੇ ਪ੍ਰਸਿੱਧ ਸਾਹਿਤਕਾਰ ਸਨ।

"ਸ੍ਰੀ ਸਤਿਗੁਰ ਬਿਲਾਸ" ਆਪ ਦੀ ਪ੍ਰਸਿੱਧ ਵਾਰਤਕ ਪੁਸਤਕ ਹੈ।

**ਸੰਤ ਸਿੰਘ**

ਵਿਦਿਆ : ਐਮ. ਐਸ ਸੀ. ਤਕ ਹੈ। ਆਪ ਦੀ ਪੁਸਤਕ 'ਨਾਨਕ ਪ੍ਰਕਾਸ਼' ਅਕਾਲ ਟਰੇਡਿੰਗ ਪ੍ਰੈਸ ਅੰਮ੍ਰਿਤਸਰ ਨੇ ੪੦੪ ਸਫ਼ਿਆਂ ਦੇ ਵਿਸਤਾਰ ਵਿਚ ਪ੍ਰਕਾਸ਼ਿਤ ਕੀਤੀ।

**ਸੰਤ ਸਿੰਘ ਸੇਖੋਂ**

ਵੇਖੋ
ਸੇਖੋਂ, ਸੰਤ ਸਿੰਘ

**ਸੰਤ ਸਿੰਘ ਕੋਛੜ**

ਵੇਖੋ
ਕੋਛੜ, ਸੰਤ ਸਿੰਘ

**ਸੰਤ ਸਿੰਘ ਕਲਸੀ**

ਵੇਖੋ
ਕਲਸੀ, ਸੰਤ ਸਿੰਘ

**ਸੰਤ ਸਿੰਘ ਕਲਰਕ**

ਆਪ ਦੀ ਹਾਸ-ਰਸ ਪੁਸਤਕ "ਲਾਲਾਂ ਦੀ ਖਾਨ" ਪ੍ਰਤਾਪ ਸਿੰਘ ਸੁੰਦਰ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸੰਤ ਸਿੰਘ ਗਿਆਨੀ (-੧੮੯੪-)**

ਆਪ ਦੀ 'ਤੁਲਸੀ ਰਾਮਾਇਣ ਸ਼ਟੀਕ' ਮਤਬੈ ਮਨਸੀ ਨਵਲ ਕਿਸ਼ੋਰ, ਲਾਹੌਰ ਨੇ ੧੮੯੪ ਵਿਚ ੪੬੯ ਸਫ਼ਿਆਂ ਦੇ ਵਿਸਤਾਰ ਸਹਿਤ ਪ੍ਰਕਾਸ਼ਿਤ ਕੀਤੀ।

**ਸੰਤਾ ਸਿਘ ਦਫੈਦਾਰ**

ਆਪ ਦੀ ਇਤਿਹਾਸ-ਪੁਸਤਕ 'ਸ਼ਹੀਦੀ ਭਾਈ ਮਨੀ ਸਿਘ ਜੀ' ਓਂਕਾਰ ਪ੍ਰੈਸ, ਅੰਮ੍ਰਿਤਸਰ ਨੇ ਛਾਪੀ।

**ਸੰਤ ਸਿੰਘ ਪੀ. ਐਸ. (੨੦ਵੀਂ ਸਦੀ)**

ਆਪ ਦੀ ਤਕਨੀਕੀ ਪੁਸਤਕ 'ਬਿਜਲੀ ਪ੍ਰਬੋਧ' (ਚਾਰ ਭਾਗ) ਪ੍ਰਤਾਪ ਸਿੰਘ, ਸੁੰਦਰ ਸ਼ਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸੰਤ ਸਿੰਘ ਭਾਈ (-੧੯੧੨-)**

ਆਪ ਆਪਣੇ ਸਮਿਆਂ ਦੇ ਪ੍ਰਸਿੱਧ ਵਿਦਵਾਨ ਤੇ ਸਾਹਿਤਕਾਰ ਹਨ।

੧. ਲਛਮਣ ਮੂਰਛਾ, ਕਵਿਤਾ, ੨. ਗੁਰ ਬਿਲਾਸ, ਇਤਿਹਾਸ, ੩. ਇੰਨਡੈਕਸ, ੪. ਮਹਾਰਾਣੀ ਗੁਲਾਬ ਕੌਰ ਆਦਿਕ ਪੁਸਤਕਾਂ ਆਪ ਦੀ ਪ੍ਰਕਾਸ਼ਿਤ ਰਚਨਾ ਵਿਚ ਸ਼ਾਮਲ ਹਨ।

**ਸੰਤ ਸਿੰਘ ਮੁਨਸ਼ੀ**

ਆਪ ਦੁਆਰਾ ਰਚਿਤ ਜੀਵਨੀ 'ਸ੍ਰੀ ਗੁਰੂ ਨਾਨਕ ਹੁਲਾਸ' ੪੩੪ ਨਾਨਕ ਸ਼ਾਹੀ ਵਿਚ ਚਕਵਾਲ ਦੇ ਪ੍ਰਕਾਸ਼ਕ ਤਾਰਾ ਸਿੰਘ ਨੇ ਪ੍ਰਕਾਸ਼ਿਤ ਕੀਤੀ।

**ਸੰਤ ਸਿੰਘ ਮੁਨਸ਼ੀ (੨੦ਵੀਂ ਸਦੀ)**

ਆਪ ਦੀ ਇਕ ਇਤਿਹਾਸ-ਪੁਸਤਕ 'ਜਨਮ ਸਾਖੀ ਸ੍ਰੀ ਗੁਰੂ ਅੰਗਦ ਦੇਵ ਜੀ' ਅਤੇ 'ਕਾਵਿ ਪੁਸਤਕ 'ਜਨਮ ਸਾਖੀ ਸ੍ਰੀ ਗੁਰੂ ਰਾਮ ਦਾਸ ਜੀ' ਖ਼ਾਲਸਾ ਨੈਸ਼ਨਲ ਏਜੰਸੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸੰਤੋਖ ਸਿੰਘ ਹੈਡਮਾਸਟਰ (-੧੯੪੬-)**

ਆਪ ਦੀ ਇਤਿਹਾਸ ਪੁਸਤਕ 'ਅਨੰਦ ਪੁਰੀ ਦੀ ਕਹਾਣੀ' ਰਿਲੀਜਸ ਬੁੱਕ ਸੁਸਾਇਟੀ, ਅੰਮ੍ਰਿਤਸਰ ਨੇ ੧੯੪੬ ਵਿਚ ਪ੍ਰਕਾਸ਼ਿਤ ਕੀਤੀ।

**ਸੰਤੋਖ ਸਿੰਘ ਕਾਮਲ** (ਦੇਹਾਂਤ ੧੧ ਜੂਨ, ੧੯੫੩)

ਆਪ ਦਾ ਜਨਮ ਹਕੀਮ ਪ੍ਰਤਾਪ ਸਿੰਘ ਦੇ ਘਰ ਜਿਹਲਮ ਸ਼ਹਿਰ ਵਿਚ ਹੋਇਆ। ਕਵਿਤਾ ਦੀ ਦਾਤ ਆਪ ਨੂੰ ਵਿਰਸੇ ਵਿਚ ਮਿਲੀ। ਪੰਜਾਬੀ ਸਾਹਿਤ ਵਿਚ ਆਪ ਉਰਦੂ ਵਲ ਦੀ ਹੋ ਕੇ ਪਹੁੰਚੇ। ੧੯੨੯ ਵਿਚ ਆਪ ਨੇ ਜਿਹਲਮ ਦਰਿਆ ਦੀਆਂ ਤਬਾਹਕਾਰੀਆਂ ਉਤੇ ਇਕ ਨਿੱਕਾ ਜਿਹਾ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾਇਆ। ਫਿਰ ਆਪ ਨੇ ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਉਤੇ ਇਕ ਕਾਵਿ-ਪੁਸਤਕ ਫਾਰਸੀ ਲਿਪੀ ਵਿਚ ਪ੍ਰਕਾਸ਼ਿਤ ਕਰਵਾਈ। ਵੰਡ ਪਿਛੋਂ ਆਪ ਸਿਵਲ ਹਸਪਤਾਲ ਵਿਚ ਕੰਪਾਊਂਡਰ ਲਗ ਗਏ। ਵੰਡ ਦੇ ਤਸੀਹਿਆਂ ਨੇ, ਆਪ ਨੂੰ ਬਹੁਤ ਦੁਖਾਇਆ ਤੇ ਆਪ ਦੀ ਕਵਿਤਾ ਵਿਚ ਵਧੇਰੇ ਵਲਵਲਾ ਲਿਆਂਦਾ।

ਮੰਜ਼ਲ ਇਹ ਦਸ ਕਿਹੜੀ ਤੇਰੀ,
ਹੈ ਕਿਤਨੀ ਦੂਰ।
ਪਾ ਕੇ ਕਾਲੀ ਚਾਦਰ ਸਭ ਤੇ,
ਜਾਵੇਂ ਕਿਹਦੇ ਹਜ਼ੂਰ।
ਰਾਤੀਂ ਜਾ ਕੇ ਕਿਸ ਦੇ ਕੋਲੋਂ,
ਸੁਬ੍ਹਾ ਲਿਆਵੇ ਨੂਰ।
ਲੁਟੇ ਜਾ ਕੇ ਜਲਵੇ ਜਿਥੋਂ,
ਕਿਹੜਾ ਹੈ ਉਹ ਤੂਰ।
ਕੀ ਤੂੰ ਟੁਰਦਾ ਰਹਿਨੈਂ ਹਰਦਮ,
ਤੈਨੂੰ ਨਹੀਂ ਕਿਆਮ ?
ਜਾਂ ਫਿਰ ਤੇਰੀ ਕਿਸਮਤ ਅੰਦਰ,
ਲਿਖਿਆ ਨਹੀਂ ਆਰਾਮ।
(ਡੁਬਦੇ ਸੂਰਜ ਨੂੰ ਵੇਖਕੇ)

**ਸੰਤੋਖ ਸਿੰਘ ਤਬਰ**

ਆਪ ਦੀਆਂ ਕਾਵਿ-ਪੁਸਤਕਾਂ 'ਲਾਲਾਂ ਦੀ ਜੋੜੀ' ਅਤੇ 'ਢਾਡੀਆਂ ਦੀ ਵਾਰ' ਕਿਰਪਾਲ ਸਿੰਘ ਬਲਬੀਰ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀਆਂ।

**ਸੰਤੋਖ ਸਿੰਘ ਧੀਰ**

ਵੇਖੋ
ਧੀਰ, ਸੰਤੋਖ ਸਿੰਘ

**ਸੰਤੋਖ ਸਿੰਘ ਨੂਰ** (੧੨ ਅਕਤੂਬਰ ੧੯੩੮—ਜੀਵਤ)

ਜਨਮ ਪਿੰਡ ਵਰਪਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸ: ਬਚਨ ਸਿੰਘ ਦੇ ਘਰ ਹੋਇਆ।

੧੯੫੭ ਤੋਂ ਆਪ ਪੰਜਾਬੀ ਦੇ ਰਸਾਲਿਆਂ ਲਈ ਕਵਿਤਾਵਾਂ ਕਹਾਣੀਆਂ ਲਿਖਦੇ ਆ ਰਹੇ ਹਨ। ਵਿਅੰਗਾਤਮਕ ਲੇਖਾਂ ਦੀ ਰਚਨਾ ਵਿਚ ਵੀ ਆਪ ਕਾਫ਼ੀ ਪਰਬੀਨ ਹਨ। ਸਾਧਾਰਨ ਮਨੋਵਿਗਿਆਨਕ ਗੁੰਝਲਾਂ ਆਪ ਦੇ ਚਿੰਤਨ ਦਾ ਵਿਸ਼ੈ ਹਨ।

ਅਜ ਕਲ੍ਹ ਆਪ ਬਟਾਲੇ ਰਹਿੰਦੇ ਹਨ।

**ਸੰਤੋਖ ਸਿੰਘ ਬੀ. ਏ. (-੧੯੪੬-)**

ਆਪ ਦੁਆਰਾ ਰਚਿਤ ਜੀਵਨੀ 'ਧਰਮਾਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ' ਮਾਡਰਨ ਪਬਲੀਕੇਸ਼ਨ ਲਾਹੌਰ ਨੇ ੧੯੪੬ ਵਿਚ ਪ੍ਰਕਾਸ਼ਿਤ ਕੀਤੀ।

**ਸੰਤੋਖ ਸਿੰਘ, ਭਾਈ (੧੭੮੮—੧੮੪੩)**

ਜਨਮ ਅੰਮ੍ਰਿਤਸਰ ਵਿਚ ਬੂੜੀਆ, ਜ਼ਿਲ੍ਹਾ ਅੰਬਾਲਾ ਦੇ ਨਿਵਾਸੀ ਸ: ਦੇਵਾ ਸਿੰਘ ਦੇ ਘਰ ਹੋਇਆ। ਆਪ ਦੇ ਪਿਤਾ ਉਤੇ ਨਿਰਮਲੇ ਸੰਤ ਕਰਮ ਸਿੰਘ ਜੀ ਦਾ ਡੂੰਘਾ ਪ੍ਰਭਾਵ ਸੀ। ਆਪ ਨੇ ਗਿਆਨੀ ਸੰਤ ਸਿੰਘ ਤੋਂ ਕਾਵਿ-ਵਿਦਿਆ ਪੜ੍ਹਨ ਪਿਛੋਂ ਪਿੰਡ ਬੂੜੀਆਂ ਵਿਚ ਆ ਕੇ "ਅਮਰ ਕੋਸ਼" ਦਾ ਅਨੁਵਾਦ ਕੀਤਾ। ਫਿਰ ਮਹਾਰਾਜਾ ਕਰਮ ਸਿੰਘ ਪਟਿਆਲਾ ਪਾਸ ਜਾ ਨੌਕਰ ਹੋਏ। ੧੮੨੫ ਈ: ਵਿਚ ਕੈਥਲ ਦੇ ਮਹਾਰਾਜਾ ਉਦੈ ਸਿੰਘ ਆਪ ਨੂੰ ਆਪਣੇ ਪਾਸ ਲੈ ਆਏ। ਵਧੇਰੇ ਰਚਨਾ ਦਾ ਅਧਿਅਨ ਆਪ ਨੇ ਕੈਥਲ ਵਿਚ ਹੀ ਕੀਤਾ। ਇਥੇ ਹੀ ਹਿੰਦੂ ਛਿਲ ਸਫੀ ਦੇ ਪਰਬੀਨਾਂ ਦੇ ਪ੍ਰਭਾਵ ਥਲੇ ਆਪ ਨੇ ਸਿੱਖ ਇਤਿਹਾਸ ਨੂੰ ਕਿਸੇ ਹਦ ਤਕ ਅਣਯਥਾਰਥਕ ਅਤੇ ਰਹਸਮਈ ਵੀ ਬਣਾਇਆ। ਦੇਹਾਂਤ ਕੈਥਲ ਵਿਚ ਹੀ ਹੋਇਆ।

੧. ਅਮਰ ਕੋਸ਼, ੨. ਆਤਮ ਪੁਰਾਣ, ੩. ਬਾਲਮੀਕ ਰਮਾਇਣ ਆਦਿਕ ਆਪ ਦੁਆਰਾ ਅਨੁਵਾਦਿਤ ਪੁਸਤਕਾਂ ਹਨ। ੪. ਜਪੁਜੀ ਸਾਹਿਬ ਦਾ ਗਰਭ ਗੰਜਨੀ ਟੀਕਾ ਆਪ ਨੇ ੧੮੨੬ ਈ: ਵਿਚ ਸਮਾਪਿਤ ਕੀਤਾ। ੫. ਗੁਰੂ ਨਾਨਕ ਪ੍ਰਕਾਸ਼ ਅਤੇ ੬ ਗੁਰੂ ਪ੍ਰਤਾਪ ਸੂਰਜ ਆਪ ਦੀਆਂ ਮੌਲਿਕ ਰਚਨਾਵਾਂ ਹਨ।

ਆਪ ਨੇ ਸਮੇਂ ਦੀ ਕਲਾਸਤ੍ਰੀ ਬ੍ਰਜੀ ਨੂੰ ਪ੍ਰਗਟਾਵੇ ਦਾ ਮਾਧਿਅਮ ਬਣਾਇਆ ਅਤੇ ਕਲਾਸਕੀ ਛੰਦਾਂ ਵਿਚ ਹੀ ਇਤਿਹਾਸ ਨੂੰ ਕਾਵਿ-ਰੂਪ ਪ੍ਰਦਾਨ ਕੀਤਾ।

ਆਪ ਦਾ ਸਥਾਨ ਉੱਚਤਮ ਵਿਦਵਾਨਾਂ ਵਿਚ ਨਿਸਚਿਤ ਕੀਤਾ ਜਾਂਦਾ ਹੈ।

**ਸਤਿਨਾਮ ਸਿੰਘ ਗਿਆਨੀ (-੧੯੩੯-)**

ਆਪ ਵੰਡ ਪਹਿਲੋਂ ਦੀ ਸਾਹਿਤਕ ਦੁਨੀਆਂ ਵਿਚ ਵਿਗਿਆਨਿਕ ਗਿਆਨ ਦੀ ਵਿਸ਼ੇਸ਼ਤਾ ਕਾਰਨ ਪ੍ਰਸਿਧ ਰਹੇ ਹਨ। ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

**ਅਧਿਆਤਮਕ** :—ਆਤਮ ਗਿਆਨ, ਗੁਪਤ ਰਤਨ,
**ਵਿਗਿਆਨਕ** :—ਫੁਪਾਰੀ ਸਾਇੰਸ, ਵਿਦਿਆ ਦੇ ਚਮਤਕਾਰ, ਸਾਇੰਟਿਫਿਕ ਜਵਾਹਰਾਤ।
**ਇਤਿਹਾਸ** :—ਸੱਚ ਖੰਡੀ ਮਹਿਕ, ਮਿਠੀਆਂ ਕੋਇਲਾਂ,
**ਧਰਮ** :—ਵਾਹਿਗੁਰੂ ਪ੍ਰਕਾਸ਼
**ਫਾਰਤਕ** :—ਕਲਪ ਬ੍ਰਿਛ

ਆਪ ਦੀਆਂ ਬਹੁਤੀਆਂ ਪੁਸਤਕਾਂ ਐਡੀਟਰ, ਗੁਰੂ ਚਮਤਕਾਰ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਹੋਈਆਂ।

**ਸੱਤਪਾਲ ਸ਼ਰਮਾ**

ਵੇਖੋ
ਸ਼ਰਮਾ, ਸੱਤਪਾਲ

**ਸੰਤਰੇਣ ਸਿੰਘ (-੧੯੩੯-)**

ਆਪ ਦਾ ਨਾਟਕ 'ਬੰਤੋ' ੧੯੩੯ ਵਿਚ ਪ੍ਰੋ: ਮੋਹਨ ਸਿੰਘ ਅੰਮ੍ਰਿਤਸਰ ਨੇ ਛਾਪਿਆ।

**ਸੀਤਾ ਰਾਮ ਬਾਹਰੀ**

ਵੇਖੋ
ਬਾਹਰੀ, ਸੀਤਾ ਰਾਮ

**ਸੰਤ ਰਾਮ ਮਹਾਤਮਾ (-੧੯੩੯-)**

ਆਪ ਦੀ ਧਰਮ-ਪੁਸਤਕ 'ਭਜਨ ਮਾਲਾ' ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਨੇ ੧੯੩੯ ਵਿਚ ਪ੍ਰਕਾਸ਼ਿਤ ਕੀਤੀ।

**ਸੰਤ ਰਾਮ ਮੱਕੜ**

ਵੇਖੋ
ਮੱਕੜ, ਸੰਤ ਰਾਮ

**ਸੀਤਲ, ਸੋਹਣ ਸਿੰਘ**

ਵੇਖੋ
ਸੋਹਣ ਸਿੰਘ, ਸੀਤਲ

**ਸੁਥਰਾ**

ਵੇਖੋ
ਚਰਨ ਸਿੰਘ ਸ਼ਹੀਦ

**ਸੁਥਰਾ ਸ਼ਾਹ** (੧੬੧੫—੧੭੦੦ ਅੰਦਾਜ਼ਨ)

ਜਨਮ ਜ਼ਿਲਾ ਪਟਿਆ'ਲਾ ਵਿਚ ਹੋਇਆ। ਦਸਿਆ ਜਾਂਦਾ ਹੈ ਕਿ ਜਨਮ ਸਮੇਂ ਹੀ ਆਪ ਦੇ ਮੂੰਹ ਵਿਚ ਦੰਦ ਸਨ ਅਤੇ ਆਪ ਨੂੰ ਇਕ ਸੂਈ ਹੋਈ ਕੁੱਤੀ ਨੇ ਪਾਲਿਆ ਕਿਉਂਕਿ ਆਪ ਦੇ ਵਹਿਮੀ ਮਾਪਿਆਂ ਨੇ ਆਪ ਨੂੰ ਪਰਾਸਰੀਰਕ ਆਫ਼ਤ ਸਮਝਦਿਆਂ ਘਰੋਂ ਬਾਹਰ ਸੁੱਟ ਦਿੱਤਾ ਸੀ। ਗੁਰੂ ਹਰ ਗੋਬਿੰਦ ਸਾਹਿਬ ਨੇ ਆਪ ਨੂੰ ਮਨੁਖੀ ਸਰਪ੍ਰਸਤੀ ਵਿਚ ਲਿਆਂਦਾ। ਆਪ ਦੀ ਉਮਰ ਕਾਫ਼ੀ ਲੰਮੀ ਸੀ। ਗੁਰੂ ਗੋਬਿੰਦ ਸਿੰਘ ਹੋਰਾਂ ਨੇ ਹੁਕਮ ਦਿੱਤਾ ਹੋਇਆ ਸੀ ਹਰ ਸਿੱਖ ਸੁਥਰੇ ਨੂੰ ਦੋ ਪੈਸੇ ਦਿਆ ਕਰੇ। ਗੁਰੂ ਘਰ ਵਿਚ ਆਪ ਕਾਫ਼ੀ ਲੋਕ-ਪ੍ਰਿਅ ਸਨ।

ਆਪ ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਢੋਲ ਵਜੇ ਘਰ ਲੁਟੀਏ, ਲੋਕੀਂ ਕਹਿਣ ਵਿਆਹ,
ਸ ਹਿਬ ਅਰਥ ਨਾ ਬੀਜੀਓ ਹੋਇਆ ਮੁਖ ਸਿਆਹ।

**ਸਾਥੀ ਲੁਧਿਆਣਵੀ**

ਵੇਖੋ
ਮੋਹਨ ਸਿੰਘ ਸਾਥੀ ਲੁਧਿਆਣਵੀ

**ਸੂਦ, ਆਤਮਾ ਰਾਮ** (-੧੯੫੦-)

ਆਪ ਦੀ ਕਾਵਿ-ਪੁਸਤਕ 'ਜੰਗ ਮਹਾਂ ਭਾਰਤ' ੧੯੫੦ ਵਿਚ ਦਰਬਾਰਾ ਸਿੰਘ ਜੋਧ ਸਿੰਘ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ। ਆਪ ਦੀ ਦੂਜੀ ਕਿਤਾਬ 'ਜਾਤਕ ਮੰਜਰੀ' ਦਾ ਵਿਸ਼ੇ ਜੋਤਿਸ਼ ਹੈ।

**ਸੌਦਾਈ, ਦੀਨ ਮੁਹੰਮਦ**

ਵੇਖੋ
ਦੀਨ ਮੁਹੰਮਦ ਸੌਦਾਈ

**ਸਾਦਿਕ, ਬਾਬਾ** (੧੮੩੬-੧੯੦੯)

ਆਪ ਦਾ ਪੂਰਾ ਨਾਂ ਮੁਹੰਮਦ ਸਾਦਿਕ ਹੈ। ਆਪ ਦਾ ਦਾ ਸਬੰਧ ਕਸ਼ਮੀਰੀਆਂ ਨਾਲ ਹੈ ਪਰ ਆਪ ਦੀ ਸਾਹਿਤਕ ਹੋਂਦ ਸ਼ੁਧ ਪੰਜਾਬੀ ਹੈ। ਅੰਮ੍ਰਿਤਸਰ ਵਿਚ ਆਪ ਹਾਸ਼ੀਆ ਵੇਚਣ ਦਾ ਕੰਮ ਕਰਿਆ ਕਰਦੇ ਸਨ। ਬੈਂਤ-ਬਾਜ਼ੀ ਵਿਚ ਮਾਹਿਰ ਹੋਣ ਕਰ ਕੇ ਸਾਰਿਆਂ ਪਾਸੇ ਪ੍ਰਸਿਧ ਸਨ। ਆਪ ਦਾ ਸਬੰਧ ਵੀ ਰੂਪਵਾਦੀ ਧਾਰਾ ਨਾਲ ਜੋੜਿਆ ਜਾ ਸਕਦਾ ਹੈ। ਜੁਆਨ ਪੁੱਤਰ ਮੀਰਾਂ ਬਖਸ਼ ਦੀ ਮੌਤ ਨੇ ਕਵਿਤਾ ਦੇ ਵੇਗ ਨੂੰ ਹੋਰ ਵੀ ਸ਼ਕਤੀਸ਼ਾਲੀ ਬਣਾਇਆ ਅਤੇ ਸਾਦਿਕ ਬਾਬਾ ਨੇ ਮੌਲਿਕ ਕਵਿਤਾ ਦੇ ਖੇਤਰ ਵਿਚ ਵੀ ਚੰਗਾ ਨਾਮਣਾ ਖਟਿਆ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਆਪ ਦੇ ਕਹਿਣ ਉਤੇ ਚਾਰ ਨਸੀਹਤਾਂ ਦਿੱਤੀਆਂ ਜਿਨ੍ਹਾਂ ਨੂੰ ਆਪ ਨੇ ਕਵਿਤਾਉਣ ਦਾ ਯਤਨ ਕੀਤਾ। ਇਹ ਕਵਿਤਾਵਾਂ ੧੯੪੭ ਦੇ ਘਲੂਘਾਰੇ ਵਿਚ ਗੁੰਮ ਹੋ ਗਈਆਂ ਹਨ। ਆਪ ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਕਾਫ—ਕੌਣ ਕੋਈ ਕੁਹਜੜੀ ਵਾਂਗ ਮੇਰੇ,
ਮੈਂ ਵੀ ਇਕ ਬਦਕਾਰ ਜਿਹੀ ਬੰਦੜੀ ਹਾਂ।
ਕੇਸਰ ਗਲ਼ ਤੇਰੇ ਖਿੜੇ ਫੁੱਲ ਤੇਰੇ,

ਤੇਰੇ ਬਾਗ਼ ਗੁਲਜ਼ਾਰ ਦੀ ਕੰਡੜੀ ਹਾਂ।
ਔਗੁਣਹਾਰ ਤੇਰੀ, ਸ਼ਰਮਸਾਰ ਤੇਰੀ,
ਗੁਨਾਹਗਾਰ ਤੇਰੀ, ਪਾਪਣ ਮੰਦੜੀ ਹਾਂ।
ਰਹਿਮਤ ਬਹਿਰ ਜਾਰੀ, ਸਾਦਿਕ ਮੌਜ ਮਾਰੀ,
ਐਸੇ ਪਾਣੀਓਂ ਬੂੰਦ ਮੈਂ ਗੰਦੜੀ ਹਾਂ।

ਆਪ ਦੀ ਸ਼ੈਲੀ ਆਪ ਨੂੰ ਰੂਪਵਾਦੀਆਂ ਨਾਲੋਂ ਨਿਖੇੜਦੀ ਹੈ।

ਆਪ ਦੀ ਬਿੰਬਾਵਲੀ ਸਾਧਾਰਨ ਜੀਵਨ ਦੀ ਹੈ ਅਤੇ ਬੋਲੀ ਸ਼ੁੱਧ ਪੰਜਾਬੀ। 'ਕੰਡੜੀਂ' ਵਰਗੇ ਬਿੰਬ ਆਪ ਦੀ ਮੌਲਿਕਤਾ ਦੇ ਸਚਕ ਹਨ।

**ਸੁੰਦਰ** (੧੫੬੦-੧੬੧੦)

ਆਪ ਗੁਰੂ ਅਮਰਦਾਸ ਦੀ ਮੌਤ ਸਮੇਂ ੧੪ ਵਰ੍ਹਿਆਂ ਦੇ ਸਨ। ਗੁਰੂ ਸਾਹਿਬ ਦੇ ਆਖਰੀ ਸਾਹ ਵੇਖ ਕੇ ਆਪ ਦੁਖੀ ਹੋਏ, ਇਸ ਤੇ ਉਨ੍ਹਾਂ ਆਪ ਨੂੰ ਸਿਧਾਂਤ ਰਾਹੀਂ ਮੌਤ ਦੀ ਭਿਆਨਕਤਾ ਤੋਂ ਮੁਕਤ ਕੀਤਾ। ਇਸ ਪ੍ਰੇਰਨਾ ਸਦਕਾ ਆਪ ਨੇ 'ਸਦੁ' ਲਿਖੀ ਜਿਹੜੀ ਰਾਮਕਲੀ ਰਾਗ ਵਿਚ ਹੈ ਤੇ ਆਦਿ ਗ੍ਰੰਥ ਦੇ ਪੰਨਾ ੯੨੩ ਉਤੇ ਦਰਜ ਹੈ। ਇਸ ਵਿਚ ਮੌਤ ਨੂੰ ਆਸ਼ਾਵਾਦੀ ਦ੍ਰਿਸ਼ਟੀ ਨਾਲ ਵਾਚਿਆ ਗਿਆ ਹੈ :—

ਕਹੈ ਸੁੰਦਰ ਸੁਣਹੁ ਸੰਤਹੁ, ਸਭ ਜਗਤ ਪੈਗੀ ਪਾਇ ਜੋਓ
(ਸਦੁ)

ਗੁਰ ਸੂਰਜ ਪ੍ਰਕਾਸ਼ ਦੇ ਕਰਤਾ ਅਨੁਸਾਰ :

ਨੰਦ ਨ ਮੋਹਰੀ ਨਾਮ ਅਨੰਦ।
ਤਿਹ ਨੰਦਨ 'ਸੁੰਦਰ' ਮਤਿਵੰਦ।

**ਸੁੰਦਰ ਸਿੰਘ** (-੧੯੧੦-)

'ਕੁਸਮ ਕੁਮਾਰੀ', 'ਪ੍ਰੇਮ ਕੌਰ' ਅਤੇ 'ਛੋਟੀ ਨੂੰਹ'— ਤਿੰਨ ਨਾਵਲ ਆਪ ਦੀ ਸਾਹਿਤਕ ਰਚਨਾ ਵਿਚ ਸ਼ਾਮਲ ਹਨ।

'ਵੈਦਕ ਨਿਚੋੜ' 'ਮਖਜ਼ਨ ਅੱਦਵੀਆਤ' ਆਦਿ ਪੁਸਤਕਾਂ ਆਪ ਨੇਂ ਵੈਦਕ ਸਬੰਧੀ ਲਿਖੀਆਂ ਹਨ। ਵੀ 'ਘਰ ਦਾ ਨਿਰਵਾਹ' ਅਤੇ 'ਇਸਤ੍ਰੀ ਸਿਖਿਆ' ਆਦਿਕ ਪੁਸਤਕਾਂ ਵੀ ਆਪ ਦੀ ਘਾਲਣਾ ਦਾ ਇਕ ਭਾਗ ਹਨ।

**ਸੁੰਦਰ ਸਿੰਘ** (-੧੯੪੯-)

ਆਪ 'ਸੁਹਜ ਸਵਾਦ' ਨਾਂ ਦੀ ਲੇਖ-ਪੁਸਤਕ ਅਤੇ 'ਲਾਂਡਰੀ ਸਿਖਿਆ' ਨਾਂ ਦੀ ਸੂਚਨਾ-ਪੁਸਤਕ ਦੇ ਕਰਤਾ ਹਨ। ਪਹਿਲੀ ਪੁਸਤਕ ਦੇ ਸਾਹਿਤਕ ਗੁਣ ਆਪ ਨੂੰ ਪੰਜਾਬੀ ਵਾਰਤਕ-ਕਾਰਾਂ ਵਿਚ ਸ਼ਾਮਲ ਕਰਦੇ ਹਨ।

**ਸੁੰਦਰ ਸਿੰਘ ਪ੍ਰੋਫੈਸਰ** (-੧੮੯੧-)

ਆਪ ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਵਿਚ ਸਿੱਖ ਵਿਦਵਤਾ ਦੇ ਖੇਤਰ ਵਿਚ ਕਾਫ਼ੀ ਪ੍ਰਸਿੱਧ ਸਨ। ਚੀਫ਼ ਖ਼ਾਲਸਾ ਦੀਵਾਨ ਨਾਲ ਆਪ ਦਾ ਡੂੰਘਾ ਸਬੰਧ ਸੀ। ਆਪ ਦੀਆਂ 'ਗੁਰਮੱਤ ਸੰਗੀਤ', 'ਇਤਿਹਾਸ ਹਿੰਦ', 'ਕੀਰਤਨ ਸਿਖਿਆ', 'ਹਿੰਦ ਬ੍ਰਿਤਾਂਤ' ਆਦਿਕ ਪੁਸਤਕਾਂ ੧੮੯੧ ਤੇ ੧੯੧੭ ਵਿਚਕਾਰ ਛਪੀਆਂ। ਸਿੱਖ ਧਰਮ ਦੀ ਪੁਨਰ-ਸੁਰਜੀਤੀ ਅਤੇ ਸਿੱਖ ਸੰਗੀਤ ਪਰੰਪਰਾ ਦੇ ਲੋਕ-ਪ੍ਰਿਅ ਕਰਨ ਨਾਲ ਆਪ ਦਾ ਡੂੰਘਾ ਨਿਹੁੰ ਸੀ।

**ਸੁੰਦਰ ਸਿੰਘ ਲਾਇਲਪੁਰੀ**

ਆਪ ਦੀ ਧਰਮ ਪੁਸਤਕ 'ਗੁਰੂ ਕੀ ਸੀ ?' ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

ਸੈਦ, ਰਹੀਮ ਬਖਸ਼

ਵਖੋ

ਰਹੀਮ ਬਖਸ਼ ਸੈਦ

**ਸੁੰਦਰ ਦਾਸ** (-੧੯੧੨-)

ਆਪ ਦੀ ਕ ਵਿ-ਪੁਸਤਕ 'ਸੁੰਦਰ ਬਿਲਾਸ' ਚਰਾਗਦੀਨ ਸਰਾਜਦੀਨ ਲਾਹੌਰ ਨੇ ੧੯੧੨ ਵਿਚ ਪ੍ਰਕਾਸ਼ਿਤ ਕੀਤੀ। ਇਕ ਹੋਰ ਪੁਸਤਕ 'ਸਵੈਜੇ ਸੁੰਦਰ ਦਾਸ' ਵੀ ਆਪ ਦੀ ਰਚਨਾ ਵਿਚ ਸ਼ਾਮਲ ਹੈ।

**ਸ਼ੁੰਦਰ ਦਾਸ ਉਦਾਸੀ**

ਆਪ ਦੀ ਕਾਵਿ-ਪੁਸਤਕ 'ਪ੍ਰਿਥਵੀ ਅਚਾਰ' ਅੰਗਲੋ ਉਰਦੂ ਅੰਡ ਗੁਰਮੁਖੀ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸੁੰਦਰ ਦਾਸ ਆਸੀ** (੧੬ ਫਰਵਰੀ ੧੯੦੪—੧੨ ਨਵੰਬਰ ੧੯੫੨)

ਜਨਮ ਲਾਲਾ ਸ਼ਾਦਾ ਰਾਮ ਧਮੀਜਾ ਦੇ ਘਰ ਢਿਚਕੋਟ ਜ਼ਿਲਾ: ਲਾਇਲ ਪੁਰ ਵਿਖੇ ਹੋਇਆ। ਦਸਵੀਂ ਤੇ ਅਦੀਬ ਆਲਮ ਕਰਨ ਪਿਛੋਂ ਆਪ ਇਕ ਪ੍ਰਾਇਮਰੀ ਸਕੂਲ ਦੇ ਮਾਸਟਰ ਲਗ ਗਏ। ੧੯੩੦ ਵਿਚ ਬਿਉਪਾਰ ਗਜ਼ਟ ਲਾਇਲਪੁਰ ਦੇ ਆਪ ਮੈਨੇਜਰ ਨਿਯੁਕਤ ਹੋ ਗਏ ਤੇ ਦੋ ਵਰ੍ਹਿਆਂ ਪਿਛੋਂ ਆਪ ਨੇ 'ਡੇਲੀ ਬਿਜ਼ਨਸ ਰਿਪੋਰਟ' (Daily Business Report) ਨਾਂ ਦਾ ਅਖਬਾਰ ਜਾਰੀ ਕੀਤਾ। ਨਾਲ ਨਾਲ ਆਪ 'ਪੰਜਾਬੀ ਦਰਬਾਰ' ਦੇ ਵੀ ਸੰਪਾਦਕ ਰਹੇ।

ਵੰਡ ਪਿਛੋਂ ਲੁਧਿਆਣੇ ਆ ਟਾਏ, ਇਥੇ ਡੇਲੀ ਬਿਜ਼ਨਸ ਰਿਪੋਰਟ ਫਿਰ ਜਾਰੀ ਕੀਤਾ ਤੇ ਸ਼ਰਨਾਰਥੀਆਂ ਦੀ ਅਗਵਾਈ ਵੀ ਕੀਤੀ। ਕੁਝ ਚਿਰ ਆਪ 'ਪੰਜਾਬ ਨੀਊਜ਼ ਪੇਪਰ ਐਸੋਸੀਏਸ਼ਨ' ਦੇ ਜਨਰਲ ਸਕੱਤਰ ਰਹੇ। ਨਵੰਬਰ ੧੯੫੨ ਵਿਚ ਆਪ ਚਲਾਣਾ ਕਰ ਗਏ। ਰੋਜ਼ਾਨਾ ਜ਼ਿੰਦਗੀ ਵਿਚ ਵੀ ਆਪ ਸਾਂਝੀ ਪੰਜਾਬੀ ਕਲਚਰ ਦੇ ਪੁਜਾਰੀ ਸਨ। ਗੁਰੂ ਘਰ ਦੀ ਘਾਲਣਾ ਦਾ ਪਿਆਰ ਆਪ ਨੂੰ ਵਿਰਸੇ ਵਿਚੋਂ ਮਿਲਿਆ। 'ਕਵਿਤਾ' ਮਾਸਕ ਦੇ ਵੀ ਆਪ ਹੀ ਸਨ।

੧੯੨੫-੩੫ ਦੇ ਦੌਰਾਨ ਆਪ ਗੁਰੂਆਂ ਉਤੇ ਰਵਾਇਤੀ ਕਵਿਤਾ ਲਿਖਦੇ ਰਹੇ ਤੇ ਸਟੇਜੀ ਕਵੀ ਵਜੋਂ ਬੜੇ ਪਰਵਾਨ ਹੋਏ। 'ਪਰਲੇ ਪਾਰ' ਨਾਂ ਦੀ ਪੁਸਤਕ ਵਿਚ ਸਾਂਝੀ ਪੰਜਾਬੀਅਤ ਦੇ ਜਜ਼ਬੇ ਨੂੰ ਆਪ ਨੇ ਠੇਠਤਾ ਸਹਿਤ ਪੇਸ਼ ਕੀਤਾ ਹੈ। ੧੩੦੦ ਦੇ ਕਰੀਬ ਗੀਤ ਲਿਖੇ ਜਿਨ੍ਹਾਂ ਚੋਂ ਬਹੁਤ ਸਾਰੇ ਰੇਡੀਓ ਉਤੇ ਖਾਸ ਕਰ ਕੇ ਹਰ ਮਨ ਪਿਆਰੇ ਹੋਏ।

੧੯੩੫-੪੫ ਦੇ ਦੌਰਾਨ ਆਪ ਨੇ ਪਿਆਰ, ਰਾਜ-ਸੱਤਾ ਅਤੇ ਸੁਧਾਰ ਦੀਆ ਕਵਿਤਾਵਾਂ ਵੀ ਲਿਖੀਆਂ। ਗਰੀਬੀ ਨੂੰ ਪੇਸ਼ ਕਰਨ ਵਿਚ ਆਪ ਪ੍ਰਾਬੀਨਤਾ ਰਖਦੇ ਸਨ।

ਵੰਡ ਨੇ ਆਪਦਾ ਦਿਲ ਅਤੀਅੰਤ ਦੁਖਾਇਆ ਤੇ ਆਪਦੀਆਂ ਇਸ ਵਿਸ਼ੇ ਉਤੇ ਲਿਖੀਆਂ ਕਵਿਤਾਵਾਂ ਬੜੀਆਂ ਪ੍ਰਵਾਨ ਹੋਈਆਂ।

**ਸੁੰਦਰ ਦਾਸ ਕੁਰਾਲੀ** (-੧੯੧੪-)

ਆਪ ਦੀ ਧਰਮ ਪੁਸਤਕ 'ਗਹਿਰ ਗੰਭੀਰ ਮਤ ਪ੍ਰਕਾਸ਼' ਗਹਿਰ ਗੰਭੀਰ ਪ੍ਰੈਸ, ਰੋਪੜ ਨੇ ੧੯੧੪ ਵਿਚ ਪ੍ਰਕਾਸ਼ਿਤ ਕੀਤੀ।

**ਸੁੰਦਰ ਦਾਸ ਸਾਧੂ ਰਮਤੀਆਂ**

ਆਪ ਦਾ ਕਿੱਸਾ ਰਾਜਾ ਭਰਥਰੀ, ਰਾਮ ਚੰਦ ਮਾਨਕਟਾਹਲਾ ਲਾਹੌਰ ਨੇ ੪੭੭ ਨਾਨਕਸ਼ਾਹੀ ਵਿਚ ਪ੍ਰਕਾਸ਼ਿਤ ਕੀਤਾ।

**ਸੁੰਦਰ ਦਾਸ ਜ਼ਖ਼ਰ** (੧੫ ਅਗੱਸਤ ੧੯੦੬—ਜੀਵਤ)

ਜਨਮ ਅੰਮ੍ਰਿਤਸਰ ਵਿਚ ਸ੍ਰੀ ਭੋਰਾ ਮਲ ਅਗਰਵਾਲ ਦੇ ਘਰ ਹੋਇਆ। ਨਿੱਕੀ ਉਮਰ ਵਿਚ ਪਿਤਾ ਜੀ ਆਪ ਨੂੰ ਲਾਹੌਰ ਲੈ ਆਏ। ਇਥੇ ਉਹ ਮੱਛੀ ਤਲਕੇ ਵੇਚਦੇ ਹੁੰਦੇ ਸਨ, ਪੰਜ ਜਮਾਤਾਂ ਕਰਨ ਪਿਛੋਂ ਆਪ ਉਹਨਾਂ ਦਾ ਹੱਥ ਵਟਾਉਣ ਲਗ ਪਏ। ਨੇੜੇ ਹੀ ਉਸਤਾਦ ਹਮਦਮ ਜੀ ਦੀ ਹੱਟੀ ਸੀ, ਉਨ੍ਹਾਂ ਦੇ ਪ੍ਰਭਾਵ ਹੇਠ ਆਪ ਸ਼ਾਇਰੀ ਕਰਨ ਲਗ ਪਏ। ਵੰਡ ਪਿਛੋਂ ਆਪ ਕਾਨਪੁਰ ਜਾ ਕੇ ਮੱਛੀ ਵੇਚਣ ਦਾ ਕੰਮ ਕਰਨ ਲਗ ਪਏ।

ਆਪ ਦੀਆਂ ੧੨ ਪੁਸਤਕਾਂ ਛਪ ਚੁਕੀਆਂ ਹਨ। ਇਹਨਾਂ ਵਿਚੋਂ 'ਅਲੜੇ ਜ਼ਖਮ', 'ਇਸ਼ਕ ਦੀਆਂ ਚੋਟਾਂ', 'ਖ਼ੂਨੀ ਮਾਂ', 'ਸੁੰਦਰ ਸੁਫ਼ਨੇ', ਆਦਿਕ ਪ੍ਰਸਿੱਧ ਹਨ।

ਨਜ਼ਰ ਮੁਹੰਮਦ ਪਰਵਾਨਾ ਲਾਹੌਰੀ, ਗੁਰਬਚਨ ਸਿੰਘ ਚੰਦਨ, ਜੋਗਿੰਦਰ ਸਿੰਘ ਸਾਕੀ, ਬਾਬੂ ਲਾਲ ਰਾਹੀ ਅਤੇ ਕਲਿਆਨ ਸਿੰਘ ਗਾਂਧੀ ਆਪ ਦੇ ਪ੍ਰਸਿੱਧ ਸ਼ਾਗਿਰਦ ਹਨ।

ਆਪ ਨੂੰ ਦੁਨੀਆਂ ਦੀ ਪਦਾਰਥ-ਪੂਜਾ ਨਾਲ ਨਫ਼ਰਤ ਹੈ। ਆਪ ਦੀ ਕਵਿਤਾ ਵਿਚ ਵਿਅੰਗ ਅਤੇ ਵਿਰੋਧ ਦੀ ਪਰਧਾਨਤਾ ਹੈ।

**ਸਦਾ ਰਾਮ ਕਵੀਸ਼ਰ**

ਆਪ ਦੀਆਂ ਦੋ ਕਾਵਿ-ਪੁਸਤਕਾਂ 'ਸੋਹਣੀ' ਅਤੇ ਸੁਲੋਚਨਾ' ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀਆਂ।

**ਸੁਦਰਸ਼ਨ ਸਿੰਘ ਦਰਸ਼ਨ**

ਆਪ ਦਾ ਕਾਵਿ-ਸੰਗ੍ਰਹਿ 'ਪ੍ਰੇਮ ਹੁਲਾਰੇ' ਪ੍ਰਕਾਸ਼ਿਤ ਹੋ ਚੁੱਕਾ ਹੈ।

ਵਧੇਰੇ ਕਰ ਕੇ ਆਪ ਨੇ ਰੁਮਾਂਚਿਕ ਕਵਿਤਾਵਾਂ ਹੀ ਲਿਖੀਆਂ ਹਨ।

**ਸੂਦ, ਸ਼ਿਵ ਦਿਆਲ** (ਉਨ੍ਹੀਵੀਂ ਸਦੀ ਦਾ ਮੱਧ)

ਆਪ ਹੁਸ਼ਿਆਰਪੁਰ ਦੇ ਬਾਜ਼ਾਰ ਨਥੂ ਰਾਮ ਵਿਚ ਰਿਹਾ ਕਰਦੇ ਸਨ। ਅਨਪੜ੍ਹ ਹੋਣ ਦੇ ਬਾਵਜੂਦ ਵੀ ਸਾਹਿਤਕਾਰੀ ਵਿਚ ਡੂੰਘੀ ਦਿਲਚਸਪੀ ਰਖਦੇ ਸਨ। ਆਪ ਸੁਨਿਆਰੇ ਸਨ ਤੇ ਗਹਿਣੇ ਬਣਾਉਣ ਵਿਚ ਮਾਹਿਰ ਸਨ।

ਆਪ ਦਾ ਕਿੱਸਾ 'ਰੂਪ ਬਸੰਤ' ਪੰਜਾਬ ਭਰ ਵਿਚ ਲੋਕ-ਪ੍ਰਿਅ ਹੋਇਆ। ਇਹ ਕਬਿੱਤਾਂ ਤੇ ਦੋਹੜਿਆ ਵਿਚ ਹੈ। ਸ਼ੈਲੀ ਵਿਚ ਸ਼ੁਧ ਪੰਜਾਬੀਅਤ ਹੈ। ਬਿੰਬ ਬਹੁਤ ਘੱਟ ਹਨ। ਰਵਾਇਤੀ ਰੰਗਣ ਵਧੇਰੇ ਹੈ। ਬੋਲੀ ਉਤੇ ਹਿੰਦੂ ਪ੍ਰਭਾਵ ਤੀਬਰ ਹੈ। 'ਰੂਪ ਬਸੰਤ' ਵਿਚੋਂ ਇਕ ਟੂਕ ਇਸ ਪ੍ਰਕਾਰ ਹੈ :—

ਚੜ੍ਹੇ ਚੇਤ ਨੂੰ ਸੁਣੇ ਇਹ ਹਾਲ।
ਧੋਖਾ ਖਿੜਕ ਸੈਨ ਦੇ ਨਾਲ।
ਜੋ ਕੁਝ ਲਿਖਿਆ ਬੁੱਧ ਤੇ ਭਾਲ।
ਕਲਮ ਲਗਾ ਗਈ।

— —

ਰੋਂਦੇ ਰੂਪ ਬਸੰਤ ਦੇ ਭਾਈ।
ਜਿਨ ਕੀ ਮਰ ਗਈ ਐਸੀ ਮਾਈ।
ਇਹ ਦੁੱਖ ਬੁਰਾ ਸਿਹਾ ਨਾ ਜਾਈ।
ਰੱਬ ਨੇ ਡਾਢੀ ਬਿਪਤਾ ਪਾਈ।
ਜਿਗਰ ਕੱਟ ਖਾ ਗਈ।

**ਸੰਧੂ, ਅਜਮੇਰ ਸਿੰਘ** (੫ ਨਵੰਬਰ ੧੯੩੯—ਜੀਵਤ)

ਆਪ ਸ: ਗੁਰਬਚਨ ਸਿੰਘ ਸੰਧੂ ਦੇ ਸਪੁੱਤਰ ਅਤੇ ਨਗਰੋਟਾ ਬਾਗਵਾਨ ਜ਼ਿਲ੍ਹਾ ਕਾਂਗੜਾ ਦੇ ਮੁਲਾਜ਼ਮ ਹਨ।

ਪੰਜਾਬੀ ਵਿਚ ਕਵਿਤਾਵਾਂ ਕਹਾਣੀਆਂ ਲਿਖਦੇ ਹਨ।

**ਸੰਧੂ, ਅਨੂਪ ਸਿੰਘ** (੧੯੩੫—ਜੀਵਤ)

ਆਪ ਸ: ਸੋਹਣ ਸਿੰਘ ਦੇ ਸਪੁੱਤਰ ਅਤੇ ਮਹਿਕਮਾ ਖੇਤੀਬਾੜੀ ਪੰਜਾਬ ਦੇ ਪੰਜਾਬੀ ਸੰਪਾਦਕ ਹਨ। ਵਿਦਿਆ ਬੀ. ਐਸਸੀ. (ਖੇਤੀਬਾੜੀ), ਬੀ. ਏ., ਗਿਆਨੀ ਤਕ ਹੈ।

ਉਰਦੂ ਅਤੇ ਪੰਜਾਬੀ ਵਿਚ ਕਹਾਣੀਆਂ ਲਿਖਦੇ ਹਨ। ਬੜੇ ਸਰਗਰਮ ਸਾਹਿਤਕਾਰ ਹਨ।

**ਸਿੱਧੂ, ਅਮਰਜੀਤ ਸਿੰਘ** (੯ ਮਈ ੧੯੩੫—ਜੀਵਤ)

ਆਪ ਪਿੰਡ ਕਾਉਂ ਕੇ ਕਲਾਂ ਜ਼ਿਲ੍ਹਾ ਲੁਧਿਆਣਾ ਦੇ ਨਿਵਾਸੀ ਜਮਾਂਦਾਰ ਨਰਿੰਦਰ ਸਿੰਘ ਸਿੱਧੂ ਦੇ ਸਪੁੱਤਰ ਹਨ। ਐਫ. ਏ. ਅਤੇ ਗਿਆਨੀ ਕਰਨ ਪਿਛੋਂ ਆਪ ਅਧਿਆਪਕ ਦਾ ਕੰਮ ਕਰ ਰਹੇ ਹਨ। ਕਬੱਡੀ ਦੇ ਚੰਗੇ ਖਿਡਾਰੀ ਹਨ।

ਆਪ ਦੀਆਂ ਰਚਨਾਵਾਂ ਪ੍ਰਸਿੱਧ ਮਾਸਕ ਪਤਰਾਂ ਵਿਚ ਛਪਦੀਆਂ ਰਹਿੰਦੀਆਂ ਹਨ।

ਗੀਤਾਂ ਅਤੇ ਕਹਾਣੀਆਂ ਰਚਣ ਵਿਚ ਆਪ ਦੀ ਵਧੇਰੇ ਦਿਲਚਸਪੀ ਹੈ।

**ਸਾਧੂ ਸਿੰਘ** (-੧੯੧੭-)

ਆਪ ਦੀ ਧਰਮ-ਪੁਸਤਕ 'ਗ੍ਰੰਥੀ ਸੁਧਾਰ' ਸੰਪਾਦਕ ਪੰਜਾਬ ਦਰਪਨ ਅੰਮ੍ਰਿਤਸਰ ਨੇ ੧੯੧੭ ਵਿਚ ਪ੍ਰਕਾਸ਼ਿਤ ਕੀਤੀ।

**ਸਾਧੂ ਸਿੰਘ**

ਜਨਮ ਸੰਮਤ ੧੮੯੭ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸਰਲੀ ਵਿਖੇ ਪਿਤਾ ਸੋਭਾ ਸਿੰਘ ਦੇ ਘਰ ਮਾਤਾ ਦੇਵੀ ਦੀ ਕੁਖੋਂ ਹੋਇਆ। ਪੰਡਿਤ ਗੁਲਾਬ ਸਿੰਘ ਗਿਤ੍ਰਵੜੀ (ਹੁਸ਼ਿਆਰਪੁਰ) ਨੂੰ ਗੁਰੂ ਧਾਰਿਆ ਫਿਰ ਸੰਤ ਦੀ ਪਦਵੀ ਮਿਲੀ। ਦੇਹਾਂਤ ਸੰਮਤ ੧੯੬੪ ਵਿਚ ਗਿਤ੍ਰਵੜੀ ਵਿਚ ਹੋਇਆ।

'ਗੁਰ ਸਿਖਯਾ ਪ੍ਰਭਾਕਰ' ਤੇ 'ਸ੍ਰੀ ਮੁਖਵਾਕਯ ਸਿਧਾਂਤ ਜਯੋਤਿ', ਆਦਿ ਗ੍ਰੰਥ ਲਿਖੇ। ਨਮੂਨਾ :—

'ਆਦਿ ਅਨਾਦਿ ਅਗਾਧ ਅਬਾਧ,
ਅਲੇਖ ਅਭੇਖ ਅਰੇਖ ਅਨਾਮੈ'
(ਸਵੱਈਆ)

'ਅਜ ਕੋ ਅਜਾਇ ਪ੍ਰਜ ਪ੍ਰਜਾ ਕੋਪਰਾਜ ਕਰੈ,
ਪ੍ਰਜਾ ਤੋਂ' ਪ੍ਰਾਜਤਿ ਨਾਹਿ ਪ੍ਰਜਾ ਹੀ ਪ੍ਰਾਜਤਿਵਰ'
(ਕਬਿੱਤ)

**ਸਾਧੂ ਸਿੰਘ ਸ਼ੁਡੀ** (੧੮੮੯—ਜੀਵਤ)

ਜਨਮ ਕੋਟ ਅਹਿਮਦ ਖਾਂ, ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਸ: ਜਵਾਲਾ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ੨੧ ਭਾਦਰੋਂ ਸੰਮਤ ੧੯੬੬ ਬਿਕ੍ਰਮੀ ਨੂੰ ਹੋਇਆ। ਦੇਸ਼ ਭਗਤੀ ਤੇ ਸੁਧਾਰਕ ਲਹਿਰਾਂ ਦੇ ਸਬੰਧ ਵਿਚ ਕਈ ਵਾਰੀ ਅੰਗਰੇਜ਼ ਦੀਆਂ ਕੈਦਾਂ ਕੱਟੀਆਂ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਤਰਨਤਾਰਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਵੀ ਰਹਿ ਚੁਕੇ ਹਨ।

ਆਪ ਦੀ ਘਾਲਣਾ ਵਿਚ 'ਜਗ ਜੀਵਨ', 'ਭਗਵਤ ਗਿਆਨ' ਤੇ 'ਸ਼ੁਡੀ 'ਡਿਓਢਾਂ' ਆਦਿਕ ਰਚਨਾਵਾਂ ਸ਼ਾਮਲ ਹਨ।

ਆਪ ਇਕ ਲੋਕ ਕਵੀ ਹਨ।

**ਸਾਧੂ ਸਿੰਘ ਗਿਆਨੀ**

ਆਪ ਦੀ ਇਤਿਹਾਸ ਪੁਸਤਕ **'ਭਾਈ ਤਾਰੂ ਸਿੰਘ ਸ਼ਹੀਦ'** ਭਾਈ ਕ੍ਰਿਪਾਲ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸਾਧੂ ਸਿੰਘ ਡੋਗਰਾ**

ਵੇਖੋ

ਡੋਗਰਾ, ਸਾਧੂ ਸਿੰਘ

**ਸਾਧੂ ਸਿਘ ਦੁੱਖੀਆ** (-੧੯੨੮-)

ਆਪ ਦੀ ਕਾਵਿ-ਪੁਸਤਕ 'ਗੁਰੂ ਹਾਜ਼ਰ ਹੈ' ਪ੍ਰਤਾਪ ਸਿੰਘ ਪ੍ਰੀਤਮ ਸਿੰਘ ਅੰਮ੍ਰਿਤਸਰ ਨੇ ੧੯੨੮ ਵਿਚ ਪ੍ਰਕਾਸ਼ਿਤ ਕੀਤੀ।

**ਸਾਧੂ ਸਿੰਘ ਬੀ. ਏ.** (-੧੯੨੪-)

ਆਪ ਦੀ ਕਾਵਿ-ਪੁਸਤਕ 'ਖੰਡੇ ਦੀ ਧਾਰ' ੧੯੨੪ ਵਿਚ ਗੁਜਰਾਂਵਾਲਿਓਂ ਪ੍ਰਕਾਸ਼ਿਤ ਹੋਈ।

**ਸਾਧੂ ਸਿੰਘ ਬਾਬਾ** (-੧੮੯੩-)

ਆਪ ਆਪਣੇ ਸਮੇਂ ਦੇ ਪ੍ਰਸਿੱਧ ਧਾਰਮਕ ਲਿਖਾਰੀ ਸਨ। ਵੇਦਾਂਤ ਸਬੰਧੀ ਆਪ ਦੀ ਪੁਸਤਕ 'ਗੁਰ ਸਿਖਯਾ ਪ੍ਰਭਾਕਰ' ਚਾਰ ਜਿਲਦਾਂ ਵਿਚ ੧੯੫੦ ਬਿਕ੍ਰਮੀ ਦੇ ਵਰ੍ਹੇ ਪ੍ਰਕਾਸ਼ਿਤ ਹੋਈ, 'ਸ੍ਰੀ ਮੁਖ ਵਾਕਯ ਸਿਧਾਂਤ' ਨਾਂ ਦੀ ਪੁਸਤਕ ਵਿਚ ਵੇਦਾਂਤ ਦੀ ਸਿਧਾਂਤਕ ਵਿਆਖਿਆ ਕੀਤੀ ਹੈ। ਸ੍ਰੀ ਗੁਰੂ ਕੀਰਤਿ 'ਕਵਿਤਾਵਲੀ' ਵੀ ਆਪ ਦੀ ਰਚਨਾ ਵਿਚ ਸ਼ਾਮਲ ਹੈ।

**ਸਾਧੂ ਸਿੰਘ ਮਹੰਤ** (-੧੮੯੮-)

ਆਪ ਦੀ ਧਰਮ ਪੁਸਤਕ 'ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ੧੯੫੫ ਬਿਕ੍ਰਮੀ ਵਿਚ ਸ੍ਰੀ ਅਕਾਲ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਸੰਧੂ, ਸਰਬਜੀਤ ਸਿੰਘ** (ਜੀਵਤ)

ਆਪ ਲੁਧਿਆਣਾ-ਨਿਵਾਸੀ ਸ: ਹਰਵੰਤ ਸਿੰਘ ਦੇ ਸਪੁੱਤਰ ਹਨ। ਕਾਫ਼ੀ ਚਿਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਰਕਰ ਰਹੇ ਹਨ।

ਪੰਜਾਬੀ ਵਿਚ ਕਹਾਣੀਆਂ ਅਤੇ ਲੇਖ ਲਿਖਦੇ ਹਨ।

**ਸਿੱਧੂ, ਹਰਿੰਦਰ ਸਿੰਘ** (੨੨ ਦਸੰਬਰ ੧੯੨੬—ਜੀਵਤ)

ਜਨਮ ਅੰਮ੍ਰਿਤਸਰ ਵਿਚ ਸਰਕਾਰੀ ਅਧਿਆਪਕ ਸ: ਆਤਮਾ ਸਿੰਘ ਦੇ ਘਰ ਹੋਇਆ। ਆਪ ਨੇ ਬੀ. ਐਸ ਸੀ., ਬੀ. ਟੀ. ਤਕ ਵਿਦਿਆ ਪ੍ਰਾਪਤ ਕੀਤੀ। ਅਜ ਕਲ੍ਹ ਬਿਸਾਲਵਾਸ (ਹਿੱਸਾਰ) ਵਿਚ ਸਰਕਾਰੀ ਹਾਈ ਸਕੂਲ ਦੇ ਮੁਖ ਅਧਿਆਪਕ ਹਨ।

''ਤਸਵੀਰਾਂ ਬੋਲਦੀਆਂ'' ਅਤੇ ''ਬਿਜਲੀ ਦੀਆਂ ਗਲਾਂ'' ਆਪ ਦੀਆਂ ਦੋ ਪੁਸਤਕਾਂ ਹਨ। ਪਹਿਲੀ ਰਚਨਾ ਨੂੰ ਬਾਲ-ਸਾਹਿਤ ਦੀ ਉਤਮ ਕਿਰਤ ਸਮਝਦਿਆਂ ਭਾਰਤ ਸਰਕਾਰ ਨੇ ੫੦੦ ਰੁਪਏ ਦਾ ਇਨਾਮ ਵੀ ਦਿਤਾ ਹੈ।

**ਸਿੱਧੂ, ਕੁਲਬੀਰ ਸਿੰਘ** (੧੫ ਅਗਸਤ ੧੯੩੦—ਜੀਵਤ)

ਜਨਮ ਪਿੰਡ ੫੬/੪ ਆਰ, ਜ਼ਿਲਾ ਮਿੰਟਗੁਮਰੀ ਵਿਚ ਹੋਇਆ। ਵੰਡ ਪਿਛੋਂ ਆਪ ਦਾ ਪਰਵਾਰ ਪਿੰਡ ਕਾਲੂ ਵਾਹਰ, ਜ਼ਿਲਾ ਹੁਸ਼ਿਆਰਪੁਰ ਆ ਗਿਆ। ਵਿਦਿਆ ਐਮ. ਏ. (ਹਿਸਾਬ), ਬੀ. ਐੱਡ. ਤਕ ਹੈ।

''ਵਿਦਿਆਰਥੀ'' (ਨਾਵਲ) ਅਤੇ ਰਸਾਲਿਆਂ ਵਿਚ ਛਪੀਆਂ ਸਭ ਰੂਪਾਂ ਦੀਆ ਕਰਤਾਰੀ ਕਿਰਤਾਂ ਆਪਦੀ ਸਾਹਿਤਕ ਘਾਲਣਾ ਹਨ। 'ਬੇਸਿਕ ਵਿਦਿਆ ਤੇ ਸਿਧਾਂਤ', 'ਸਰਲ ਸਿਖਿਆ ਮਨੋਵਿਗਿਆਨ,' 'ਸਾਧਾਰਣ ਵਿਗਿਆਨ ਕਿਵੇਂ ਪੜ੍ਹਾਈਏ?' 'ਬੇਸਿਕ ਗਣਿਤ-ਸਿਖਿਆ' ਆਦਿਕ ਆਪਦੀਆਂ ਵਿਦਿਆਕਾਰੀ ਦੀਆਂ ਪੁਸਤਕਾਂ ਹਨ। ਅਜ ਕਲ ਇਕਾਂਗੀਆਂ ਵਲ ਇਕਾਗਰ-ਚਿੱਤ ਹਨ।

ਆਪ ਦੀ ਵਾਰਤਕ-ਸ਼ੈਲੀ ਤਕਨੀਕੀ ਗੁਣਾਂ ਵਾਲੀ ਹੈ।

**ਸੰਧੂ, ਜਸਦੇਵ ਸਿੰਘ (-੧੯੪੬-)**

ਆਪ ਦਾ ਨਾਵਲ 'ਜੀਵਨ ਪ੍ਰਭਾਤ' ੧੯੪੬ ਵਿਚ ਲਾਹੌਰ ਬੁਕ ਸ਼ਾਪ ਨੇ ਪ੍ਰਕਾਸ਼ਿਤ ਕੀਤਾ।

**ਸਿਧੂ, ਬੰਤ ਸਿੰਘ (੨੧ ਸਤੰਬਰ ੧੯੨੯—ਜੀਵਤ)**

ਜਨਮ ਪਿੰਡ ਜੌਹਲਾਂ, ਤਹਿਸੀਲ ਬਰਨਾਲਾ, ਜ਼ਿਲਾ ਸੰਗਰੂਰ ਵਿਚ ਸ: ਰਤਨ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁਖੋਂ ਹੋਇਆ। ੧੯੪੫ ਵਿਚ ਨਾਭਾ ਰਿਆਸਤ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਦਿਆਂ ਅਠਵੀਂ ਕੀਤੀ, ੧੯੪੭ ਵਿਚ ਦਸਵੀਂ ਤੇ ਫਿਰ ਬੀ. ਏ, ਬੀ. ਟੀ., ਕਰ ਲਈ। ਅਜ ਕਲ ਆਪ ਆਪਣੇ ਜ਼ਿਲੇ ਦੇ ਪਿੰਡ ਮਾਣਕੀ ਵਿਚ ਸਰਕਾਰੀ ਮਿਡਲ ਸਕੂਲ ਦੇ ਮੁਖ ਅਧਿਆਪਕ ਹਨ।

ਰਚਨਾਵਾਂ ਆਪਦੀਆਂ ਪਤਰਾਂ ਵਿਚ ਛਪੀਆਂ ਮਿਲਦੀਆਂ ਹਨ। ਲੋਕ-ਸਾਹਿਤ ਨਾਲ ਆਪ ਦਾ ਡੂੰਘਾ ਨਿਹੁੰ ਹੈ।

**ਸੰਧੂ, ਰਾਜਿੰਦਰ ਕੌਰ (੨੧ ਨਵੰਬਰ ੧੯੩੮-ਜੀਵਤ)**

ਆਪ ਸ. ਇਕਬਾਲ ਸਿੰਘ ਦੀ ਸਪੁੱਤਰੀ ਅਤੇ ਸ਼ਾਹਪੁਰ ਜ਼ਿਲਾ ਕਾਂਗੜਾ ਦੀ ਲੇਡੀ ਹੈਲਥ ਵਿਜ਼ੀਟਰ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਸਾਧੂ ਰਾਮ ਉਦਾਸੀ**

ਆਪ ਦੀ ਪੁਸਤਕ 'ਵਾਕ ਮੁਧਾਕਰ' ਕੋਹਿ-ਨੂਰ ਪ੍ਰੈਸ ਅੰਮ੍ਰਿਤਸਰ ਨੇ ੨੬੮ ਸਫਿਆਂ ਦੇ ਵਿਸਤਾਰ ਵਿਚ ਪ੍ਰਕਾਸ਼ਿਤ ਕੀਤੀ।

**ਸਾਧੂ ਰਾਮ ਅਵੱਸਥੀ (-੧੯੨੯-)**

ਤਕਨੀਕੀ ਮਾਮਲਿਆਂ ਉਤੇ ਆਪਨੇ ਬੜੀਆਂ ਸੁਹਣੀਆਂ ਪੰਜਾਬੀ ਕਿਤਾਬਾਂ ਲਿਖੀਆਂ ਹਨ। 'ਲਾਇਕ ਬਰਿਸਟਰ', "ਤੋਹਫਾ ਲੁਕਮਾਨ', 'ਰਸਾਲਾ ਖੇਤੀ ਬਾੜੀ' ਆਦਿਕ ਆਪਦੀਆਂ ਕੁਝ ਕੁ ਧਿਆਨ ਯੋਗ ਪੁਸਤਕਾਂ ਹਨ।

**ਸਾਨਿਆਲ, ਸਚੀਂਦਰ ਨਾਥ**

ਆਪ ਦੀ ਪੁਸਤਕ 'ਬੰਦੀ ਜੀਵਨ' ਦੋ ਭਾਗਾਂ ਵਿਚ ਮਿਲਦੀ ਹੈ।

**ਸਾਨੀ ਇਸਮਾਈਲ**

ਵੇਖੋ
ਮੁਹੰਮਦ ਇਸਮਾਈਲ

**ਸ੍ਰੀ ਨਿਵਾਸ ਬਾਬਾ**

ਆਪ ਦੀ ਧਰਮ-ਪੁਸਤਕ 'ਸੁਖਦਾਇਕ ਰਮਾਇਣ' ਨੈਸ਼ਨਲ ਪ੍ਰੈਸ ਅੰਮ੍ਰਿਤਸਰ ਨੇ ੫੨੫ ਸਫਿਆਂ ਦੇ ਵਿਸਤਾਰ ਵਿਚ ਪ੍ਰਕਾਸ਼ਿਤ ਕੀਤੀ।

**ਸੰਪੂਰਨ ਸਿੰਘ (੨੦ ਵੀਂ ਸਦੀ)**

ਆਪ ਦੀ ਕਾਵਿ-ਪੁਸਤਕ 'ਨਵਾਂ ਫਿਲਮੀ ਗੁਲਦਸਤਾ' ਸੁਜਾਨ ਸਿੰਘ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ।

**ਸੰਪੂਰਨ ਸਿੰਘ ਸੰਤ**

ਆਪ ਬਹੁਤ ਸਾਰੇ ਪੰਜਾਬੀਆਂ ਦੇ ਰੂਹਾਨੀ ਆਗੂ ਹਨ। ਨਿਰਮਲ ਸੰਪਰਦਾਇ ਵਲੋਂ ਆਪ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਰਹਿ ਚੁਕੇ ਹਨ।

(੧) ਗਿਆਨ ਮਾਰਗ, (੨) ਸਫਲ ਜੀਵਨ, ਭਾਈ ਜੋਮਲ ਸਿੰਘ, (੩) ਆਦਰਸ਼ ਦੇਵੀ, (੪) ਸੁਖਯੋਗ (੫) ਗ੍ਰਿਹਸਤ ਬਿਲਾਸ, (੬) ਅਕਾਲੀ ਯੋਧਾ, (੭) ਸਿੱਖ ਕਿਸ ਨੂੰ ਆਖਦੇ ਹਨ ? (੮) ਗੁਰਮਤ ਸਿਧਾਂਤ ਯੋਗ (੯) ਗੁਰੂ ਪਦ ਪਰਬੋਧ, (੧੦) ਰਹਿਤਨਾਮੇ, (੧੧)

ਸੱਚਾ ਜੀਵਨ, (੧੨) ਉਨਤੀ ਦਾ ਮਾਰਗ, (੧੩) ਸੁਧਰਮ ਮਾਰਗ ਗ੍ਰੰਥ, (੧੪) ਚਲਾਕ ਚੋਰ, (੧੫) ਬੋਂਦਿਆ ਨੂੰ ਧਰਵਾਸ, (੧੬) ਕਿਸਮਤ ਦਾ ਧਨੀ, (੧੭) ਜੀਵਨ ਭਾਈ ਗੁਰਦਾਸ, (੧੮) ਸਿਧਾਂਤ ਬੋਧਨੀ ਟੀਕਾ, ਕਬਿੱਤ ਸਵੈਯੇ ਭਾਈ ਗੁਰਦਾਸ ਜੀ, (੧੯) ਪ੍ਰਾਣ ਸੰਗਾਲੀ, ਆਦਿਕ। ਸੰਪਾਦਤ ਪੁਸਤਕਾਂ ਵਿਚ ਆਪ ਨੇ ਧਾਰਮਕ ਜ਼ਿੰਦਗੀ ਦੇ ਵੱਖੋ ਵੱਖ ਪੱਖ ਦਰਸਾਏ ਹਨ।

ਆਪ ਨੂੰ ਪ੍ਰਮਾਣੀਕ ਧਾਰਮਕ ਆਲੋਚਕ ਮੰਨਿਆ ਜਾਂਦਾ ਹੈ।

**ਸੰਪੂਰਨ ਸਿੰਘ ਨਿਹੰਗ**

ਆਪ ਦੀਆਂ ਹੇਠ ਲਿਖੀਆਂ ਤਿੰਨ ਪੁਸਤਕਾਂ ਛੱਪ ਚੁਕੀਆਂ ਹਨ :

(੧) ਸੂਰਜ ਵੰਸ਼ੀਯ ਖਾਲਸਾ ਪੰਥ, (੨) ਧਾਰਨਾ ਨਾਮ ਗ੍ਰੰਥ, (੩) ਕੂਕ ਪੁਕਾਰ।

ਵਿਸ਼ੈ ਧਰਮ ਹੈ।

**ਸੰਪੂਰਨ ਦਾਸ ਸੰਤ**

"ਗਰੰਥ ਮੇਘ ਬਿਨੋਦ" ਆਪ ਦੀ ਪ੍ਰਸਿਧ ਪੁਸਤਕ ਹੈ। ਵੈਦਕ ਚਕਿਤਸੇ ਉਤੇ ਇਸ ਵਿਚ ਬੜੀ ਕਲਾਮਈ ਵਿਚਾਰ ਹੈ।

**ਸਫੀਰ, ਪ੍ਰਤੀਮ ਸਿੰਘ**

ਵੇਖੋ

ਪ੍ਰੀਤਮ ਸਿੰਘ ਸਫੀਰ

**ਸੂਬਾ ਸਿੰਘ** (੧੫ ਮਈ, ੧੯੧੯—ਜੀਵਤ)

ਜਨਮ ਪਿੰਡ ਉਧੋ ਨੰਗਲ, ਜ਼ਿਲਾ ਅੰਮ੍ਰਿਤਸਰ ਵਿਚ ਸ: ਰਾਮ ਸਿੰਘ ਦੇ ਘਰ ਹੋਇਆ। ਆਪ ਦੀ ਵਿਦਿਆ ਐਮ. ਏ. ਤਕ ਹੈ। ਆਪ ਫ਼ੌਜੀ ਜ਼ਿੰਦਗੀ ਸਮੇਂ ਪੂਰਬੀ ਏਸ਼ੀਆ ਦੀ ਜੰਗ ਵਿਚ ਸ਼ਾਮਲ ਹੋਏ। ਜਾਪਾਨ ਦੇ ਕੈਦੀ ਰਹੇ ਤੇ ਫਿਰ ਆਜ਼ਾਦ ਹਿੰਦ ਫ਼ੌਜ ਵਿਚ ਲਫਟੈਨ ਬਣੇ। ਅੰਗਰੇਜ਼ੀ ਸਰਕਾਰ ਦੇ ਜ਼ੁਲਮ ਵੀ ਆਪ ਨੂੰ ਸਹਿਣੇ ਪਏ। 'ਪੰਜਾਬੀ ਪਤ੍ਰਕਾ' ਲੁਧਿਆਣਾ, ਰੋਜ਼ਾਨਾ 'ਰਫਾਕਤ" ਉਰਦੂ ਲੁਧਿਆਣਾ ਅਤੇ ਰੋਜ਼ਾਨਾ 'ਪ੍ਰਕਾਸ਼' ਪੰਜਾਬੀ ਚੰਡੀਗੜ੍ਹ ਦੇ ਸੰਪਾਦਕ ਰਹਿਣ ਪਿਛੋਂ ਅਜ ਕਲ ਮਾਸਕ 'ਪੰਚਾਇਤੀ ਰਾਜ' ਦੇ ਸੰਪਾਦਕ ਹਨ।'

'ਅੱਗ ਤੇ ਪਾਣੀ', 'ਪੰਜ ਫੁਲਾਂ ਰਾਣੀ', 'ਧਰਤੀ ਤੇ ਮਨੁੱਖ' ਆਦਿਕ ਪੁਸਤਕਾਂ ਵਿਚ ਆਪ ਨੇ ਜਨ-ਸਾਧਾਰਨ ਦੀ ਜ਼ਿੰਦਗੀ ਨੂੰ ਬਿਆਨਿਆ ਹੈ। 'ਅਲੋਪ ਹੋ ਰਹੇ ਚੋਟਕ' ਪੰਜਾਬੀ ਕਲਚਰ ਬਾਰੇ ਆਪ ਦੀ ਇਕ ਹੋਰ ਪੁਸਤਕ ਹੈ। "ਹੀਰ ਸੂਬਾ ਸਿੰਘ" ਵੀ ਕਾਫ਼ੀ ਪ੍ਰਸਿੱਧ ਹੈ।

ਵਿਅੰਗਾਤਮਕ ਤੇ ਹਾਸ-ਰਸੀ ਸ਼ਬਦ-ਪ੍ਰਯੋਗ ਵਾਲੀ ਸ਼ੈਲੀ ਆਪ ਨੂੰ ਹੋਰ ਵਾਰਤਕ-ਕਾਰਾਂ ਨਾਲੋਂ ਵਖਰਿਆਉਂਦੀ ਹੈ।

**ਸ. ਬਲਵੰਤ** (੧ ਅਕਤੂਬਰ ੧੯੩੮—ਜੀਵਤ)

ਆਪ ਜ਼ਿਲਾ ਕਪੂਰਥਲਾ ਦੇ ਨਿਵਾਸੀ ਗਿਆਨੀ ਸੰਤਾ ਸਿੰਘ ਦੇ ਸਪੁੱਤਰ ਹਨ।

ਪੰਜਾਬੀ ਵਿਚ ਨਾਟਕ, ਕਹਾਣੀਆਂ ਤੇ ਕਵਿਤਾਵਾਂ ਲਿਖਦੇ ਹਨ।

**ਸੁਮਤਿ ਬਾਲਾ ਗੁਪਤਾ**

ਵੇਖੋ

ਗੁਪਤਾ, ਸੁਮਤਿ ਬਾਲਾ

**ਸਮੀਂ, ਰਸ਼ੀਦਾ ਸਲੀਮ**

ਵੇਖੋ

ਰਸ਼ੀਦਾ ਸਲੀਮ, ਸਮੀਂ

**ਸਯਦ, ਗੁਲੱਾਮ ਯਾਹੀਆਂ**

ਆਪ ਦੀ ਚਕਿਸਤਕ ਪੁਸਤਕ 'ਰਸਾਲਾ ਕਾਰੂਰਹ' ਮੁਸਤਫਾਈ ਪ੍ਰੈਸ, ਲਾਹੌਰ ਨੇ ਪੱਥਰ ਛਾਪੇ ਨਾਲ ਪ੍ਰਕਾਸ਼ਿਤ ਕੀਤੀ।

**ਸੂਰੀ, ਕਰਤਾਰ ਸਿੰਘ** (੧੬ ਅਕਤੂਬਰ ੧੯੨੭—ਜੀਵਤ)

ਜਨਮ ਅੰਮ੍ਰਿਤਸਰ ਵਿਚ ਸ. ਨਾਨਕ ਸਿੰਘ ਨਾਵਲਿਸਟ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਹੋਇਆ। ਐਕਟਿਵਿਟੀ ਸਕੂਲ ਪ੍ਰੀਤ ਨਗਰੋਂ ਮੁਢਲੀ ਵਿਦਿਆ ਪ੍ਰਾਪਤ ਕਰਨ ਪਿਛੋਂ ਖਾਲਸਾ ਕਾਲਜ ਅੰਮ੍ਰਿਤਸਰੋਂ ਐਮ. ਏ. (ਹਿੰਦੀ ਅਤੇ ਪੰਜਾਬੀ) ਕੀਤੀ। ਮਾਡਰਨ ਕਾਲਜ ਫਾਰ ਵੁਮਨ ਅੰਮ੍ਰਿਤਸਰ (੧੯੫੧) ਅਤੇ ਖਾਲਸਾ ਕਾਲਜ ਗੁਰੂ ਸਰ ਸੁਧਾਰ (੧੯੫੨-੫੪) ਵਿਚ ਅਧਿਆਪਕ ਰਹਿਣ ਪਿਛੋਂ ਅਜ ਕਲ ਆਪ (੧੯੫੪ ਤੋਂ) ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਸਾਹਿਤ ਦੀ ਪੜ੍ਹਾਈ ਕਰਾਉਂਦੇ ਹਨ। ਪੁਸਤਕਾਂ :—

੧. ਪ੍ਰਭਾਤ ਕਿਰਨਾਂ; ੨ ਅਰਸ਼ ਤੇ ਫਰਸ਼; ੩. ਭਗਵਾਨ ਮਹਿੰਗਾ ਹੈ; ੪. ਪੁਰਾਣਾ ਪਿੰਜਰਾ; ਆਦਿਕ ਕਹਾਣੀ-ਸੰਗ੍ਰਹਿ: ੫. ਟੁਟਿਆ ਆਲ੍ਹਣਾ; ਅਨੁਵਾਦਿਤ ਨਾਵਲ, ਅਤੇ ੬. ਨਾਵਲ ਦੀ ਰੂਪ-ਰੇਖਾ; ੭. ਨਾਵਲ ਕਲਾ ਤੇ ਨਾਵਲਕਾਰ; ੮. ਸਾਹਿਤ ਦਰਪਨ; ੯. ਸੰਖੇਪ ਰਚਨਾ; ਆਦਿਕ ਆਲੋਚਨਾਤਕ ਪੁਸਤਕਾਂ; ਅਤੇ ੧੦. ਵੇਦਨਾ (ਹਿੰਦੀ ਕਹਾਣੀ-ਸੰਗ੍ਰਹਿ)।

ਕਾਫ਼ੀ ਚਿਰ 'ਲੋਕ ਸਾਹਿਤ' ਦੇ ਸੰਪਾਦਕ ਵੀ ਰਹਿ ਚੁਕੇ ਹਨ। ਪ੍ਰਸਿੱਧ ਹਿੰਦੀ ਤੇ ਪਜਾਬੀ ਰਸਾਲਿਆਂ ਵਿਚ ਆਪ ਦੀਆਂ ਬਹੁਤ ਸਾਰੀਆਂ ਰਚਨਾਵਾਂ ਛਪ ਚੁਕੀਆਂ ਹਨ।

ਆਪ ਨੂੰ ਸੁਹਿਰਦ ਸਿਆਣੇ ਸਾਹਿਤਕਾਰਾਂ ਵਿਚ ਗਿਣਿਆ ਜਾਂਦਾ ਹੈ। 'ਸਾਂਝੀ ਪੰਜਾਬੀਅਤ' ਅਤੇ 'ਮਨੁੱਖਵਾਦ', ਆਪ ਦੀ ਵਿਚਾਰਧਾਰਾ ਦੇ ਦੋ ਵਿਸ਼ੇਸ਼ ਪੱਖ ਹਨ।

**ਸੂਰਜ ਸਿੰਘ ਸੰਤ**

'ਜਾਗ੍ਰਿਤ ਖਾਲਸਾ', 'ਤਵਾਰੀਖ ਗੁਰੂ ਖਾਲਸਾ' ਆਦਿਕ ਇਤਿਹਾਸ-ਪੁਸਤਕਾਂ ਆਪ ਨੂੰ ਪੰਜਾਬੀ ਸਾਹਿਤ ਦੇ ਸਿੱਖ-ਇਤਿਹਾਸਕ ਲਿਖਾਰੀਆਂ ਵਿਚ ਸ਼ਾਮਲ ਕਰਦੀਆਂ ਹਨ।

**ਸੁਰਜੀਤ ਸਿੰਘ** (੧੭ ਅਪ੍ਰੈਲ, ੧੯੩੨—ਜੀਵਤ)

ਆਪ ਸ. ਜਨਕ ਸਿੰਘ ਦੇ ਸਪੁੱਤਰ ਅਤੇ ਸ਼ਿਮਲੇ ਵਿਚ ਭਾਰਤੀ ਸੈਨਾ ਦੇ ਸੇਵਕ ਹਨ। ਪੰਜਾਬੀ ਅਤੇ ਉਰਦੂ ਵਿਚ ਸੰਗੀਤ ਕਾਵਿ ਦੀ ਰਚਨਾ ਕਰਦੇ ਹਨ। ਆਪ ਦੀ ਆਵਾਜ਼ ਬੜੀ ਰਸੀਲੀ ਹੈ।

ਆਪ ਦੀ ਕਵਿਤਾ ਵਿਚ ਸਰੋਦ ਅਤੇ ਲੌਕਿਕਤਾ ਦਾ ਪੱਖ ਬੜਾ ਬਲਵਾਨ ਹੈ।

**ਸੁਰਜੀਤ ਸਿੰਘ ਸੇਠੀ**

ਵੇਖੋ
ਸੇਠੀ, ਸੁਰਜੀਤ ਸਿੰਘ

**ਸੁਰਜੀਤ ਸਿੰਘ ਕੰਵਲ** (੧੫ ਜੂਨ, ੧੯੩੯—ਜੀਵਤ)

ਜਨਮ ਪਿੰਡ ਲਿੱਦੜ ਕਲਾਂ ਜ਼ਿਲਾ ਜਾਲੰਧਰ ਦੇ ਨਿਵਾਸੀ ਸ. ਰਤਨ ਸਿੰਘ ਸੁਮਨ ਦੇ ਘਰ ਹੋਇਆ।

ਪੰਜਾਬੀ ਵਿਚ ਆਪ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

ਬੜੇ ਸੂਝਵਾਨ ਲੇਖਕ ਹਨ।

**ਸੁਰਜੀਤ ਸਿੰਘ ਦਰਦੀ** (੧੨ ਫਰਵਰੀ ੧੯੩੦—ਜੀਵਤ)

ਆਪ ਸ੍ਰੀ ਸੁਖ ਦਿਆਲ ਦੇ ਸਪੁੱਤਰ ਅਤੇ ਸ਼ਿਮਲੇ ਦੇ ਅਰਧ-ਨੇਤਰਹੀਨ ਸੰਗੀਤਕਾਰ ਹਨ। ਵਿਦਿਆ ਸੰਗੀਤ ਦੀ ਐਮ. ਏ. (ਪਹਿਲੇ ਭਾਗ) ਤਕ ਹੈ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਸੁਰਜੀਤ ਸਿੰਘ ਪ੍ਰੇਮੀ** (੨੦ ਫਰਵਰੀ, ੧੯੩੫—ਜੀਵਤ)

ਆਪ ਪਿੰਡ ਭੰਡਾਲ ਬੇਟ ਜ਼ਿਲਾ ਕਪੂਰਥਲੇ ਦੇ ਨਿਵਾਸੀ ਸ. ਅਮਰ ਸਿੰਘ ਦੇ ਸਪੁੱਤਰ ਹਨ। ਵਿਦਿਆ ਗਿਆਨੀ, ਬੀ. ਏ., ਬੀ. ਟੀ. ਤਕ ਹੈ। ਅਜ ਕਲ ਨੀਫਾ, ਆਸਾਮ ਵਿਚ ਸਰਕਾਰੀ ਅਧਿਆਪਕ ਹਨ।

ਆਪ ਦੀਆਂ ਕਾਫ਼ੀ ਕਵਿਤਾਵਾਂ, ਕਹਾਣੀਆਂ ਰਸਾਲਿਆਂ ਵਿਚ ਛਪ ਚੁਕੀਆਂ ਹਨ।

**ਸੁਰਜੀਤ ਸਿੰਘ ਭੱਲਾ**

ਵੇਖੋ
ਭੱਲਾ, ਸੁਰਜੀਤ ਸਿਘ

**ਸੁਰਜੀਤ ਰਾਮਪੁਰੀ** (੧੨ ਜੂਨ ੧੯੨੬—ਜੀਵਤ)

ਜਨਮ ਰਾਮਪੁਰ, ਜ਼ਿਲਾ ਪਟਿਆਲਾ ਵਿਚ ਸ. ਬਚਨ ਸਿੰਘ ਮਾਂਗਟ ਦੇ ਘਰ ਮਾਤਾ ਨਿਰੰਜਣ ਕੌਰ ਦੀ ਕੁੱਖੋਂ ਹੋਇਆ। ਆਪ ਦੀ ਵਿਦਿਆ ਫਿਚ ਐਮ. ਏ., ਬੀ. ਟੀ., ਗਿਆਨੀ ਆਦਿਕ ਯੋਗਤਾਵਾਂ ਸ਼ਾਮਲ ਹਨ।

'ਗੀਤਾਂ ਭਰੀ ਸਵੇਰ' (੧੯੫੬) ਅਤੇ 'ਠਰੀ ਚਾਨਣੀ' ਆਪ ਦੇ ਦੋ ਕਾਵਿ ਸੰਗ੍ਰਿਹ ਹਨ। ਰਸਾਲਿਆਂ ਵਿਚ ਛਪੀਆਂ ਕਹਾਣੀਆਂ, ਕਵਿਤਾਵਾਂ ਤੇ ਬਹੁਤ ਸਾਰੀਆਂ ਅਣਛਪੀਆਂ ਰਚਨਾਵਾਂ ਵੀ ਆਪਦੀ ਘਾਲਣਾ ਦਾ ਇਕ ਭਾਗ ਹਨ। ਰੂਸੀ, ਉਰਦੂ ਤੇ ਹਿੰਦੀ ਵਿਚ ਆਪਦੀਆਂ ਕਵਿਤਾਵਾਂ ਅਨੁਵਾਦ ਹੋ ਚੁਕੀਆਂ ਹਨ।

ਕਵਿਤਾ ਵਿਚ ਵਿਅਕਤੀਗਤ ਵਿਸ਼ਾਦ ਪ੍ਰਧਾਨ ਹੈ। ਸੁਹਜ, ਵਿਅੰਗ ਤੇ ਸੁਭਾਸ਼ਤਾ ਆਪ ਦੀ ਸ਼ੈਲੀ ਦੇ ਕੁਝ ਪੱਖ ਹਨ। ਆਪ ਨੂੰ ਸਿਆਣਿਆਂ ਵਿਚ ਗਿਣਿਆ ਜਾਂਦਾ ਹੈ।

**ਸੁਰਜਨ ਸਿੰਘ ਫਰਿਆਦੀ** (੧੯੨੧—ਜੀਵਤ)

ਜਨਮ ਪਿੰਡ ਰੁੜਕਾ ਜ਼ਿਲ੍ਹਾ ਲੁਧਿਆਣਾ ਵਿਚ ਸ: ਕੁੰਦਨ ਸਿੰਘ ਦੇ ਘਰ ਹੋਇਆ। ੧੯੩੮ ਵਿਚ ਦਸਵੀਂ, ੧੯੫੧ ਵਿਚ ਪ੍ਰਭਾਕਰ ਅਤੇ ੧੯੫੨ ਵਿਚ ਸਿਰਫ਼ ਅੰਗਰੇਜ਼ੀ ਦੀ ਬਾਰ੍ਹਵੀਂ ਕੀਤੀ। ੧੯੪੦ ਤੋਂ ੪੩ ਤਕ ਰਿਆਸਤ ਪਟਿਆਲਾ ਵਿਚ ਨਿੱਕੇ ਡਾਕ ਬਾਬੂ ਰਹੇ। ਫਿਰ ਰੇਲਵੇ ਦੀ ਕਲਰਕੀ ਕਰਨ ਲਗ ਪਏ। ੧੯੪੩ ਵਿਚ ਆਪ ਦੀ ਕਵਿਤਾ ਪਹਿਲੀ ਵਾਰੀ ਪ੍ਰਕਾਸ਼ਿਤ ਹੋਈ (ਰਾਜਪੂਤ ਸਮਾਚਾਰ ਵਿਚ)। ੧੯੪੩-੪੬ ਵਿਚ ਗਾਜ਼ੀਆਬਾਦ ਰਹੇ। ਇਥੇ ਆਪ ਦਾ ਸਬੰਧ ਉਰਦੂ ਸਾਹਿਤਕ ਸਰਗਰਮੀਆਂ ਨਾਲ ਕਾਫੀ ਨਿਕਟਵਰਤੀ ਹੋ ਗਿਆ। ਇਥੇ ਹੀ ਆਪ ਨੂੰ ਉਰਦੂ ਤੇ ਪੰਜਾਬੀ ਸਾਹਿਤਕਾਰੀ ਦੀ ਤੁਲਨਾ ਵਿਚੋਂ ਮਾਤ-ਬੋਲੀ ਵਲ ਆਉਣ ਦੀ ਪ੍ਰੇਰਨਾ ਮਿਲੀ। ਫਿਰ ਲਾਹੌਰ ਆ ਗਏ। ਵੰਡ ਪਿਛੋਂ ਆਪ ਦੀਆਂ ਰੁਚੀਆਂ ਹੋਰ ਵੀ ਤੀਬਰ ਹੋ ਗਈਆਂ। ਅਜ ਕਲ੍ਹ ਦਿੱਲੀ ਹੁੰਦੇ ਹਨ। ਗਰੀਬੀ ਆਪ ਦੀ ਵਫ਼ਾਦਾਰ ਸਾਥਣ ਹੈ।

''ਹਰੀਆਂ ਡਾਲਾਂ'' (੧੯੫੯) ਆਪ ਦਾ ਪੰਜਾਬੀ ਕਾਵਿ-ਸੰਗ੍ਰਹਿ ਹੈ। ਆਪ ਦੀਆਂ ਕਵਿਤਾਵਾਂ ਰਸਾਲਿਆਂ ਰਾਹੀਂ ਵੀ ਲੋਕ-ਮਾਨਤਾ ਪ੍ਰਾਪਤ ਕਰ ਚੁਕੀਆਂ ਹਨ।

ਆਪ ਨੂੰ ਵਿਚਾਰਸ਼ੀਲ ਕਵੀਆਂ ਵਿਚ ਗਿਣਿਆ ਜਾਂਦਾ ਹੈ।

**ਸੁਰਜਨ ਸਿੰਘ ਰਾਜ਼** (-੧੯੪੯-)

ਆਪ ਦਾ ਕਾਵਿ-ਸੰਗ੍ਰਹ 'ਵੰਨਗੀ' ਪੰਜਾਬੀ ਸਾਹਿਤ ਪਬਲੀਕੇਸ਼ਨ ਜਮਸ਼ੇਦਪੁਰ ਨੇ ੧੯੪੯ ਵਿਚ ਪ੍ਰਕਾਸ਼ਿਤ ਕੀਤਾ ।

**ਸੁਰਜਨ ਸਿੰਘ ਜ਼ੀਰਵੀ** (੧ ਦਸੰਬਰ ੧੯੩੦—ਜੀਵਤ)

ਜਨਮ ਜ਼ੀਰਾ, ਜ਼ਿਲਾ ਫ਼ੀਰੋਜ਼ਪੁਰ ਵਿਚ ਸ: ਬਲਵੰਤ ਸਿੰਘ ਦੇ ਘ੍ਰ ਹੋਇਆ । ਪਿੰਡੋਂ ਦਸਵੀਂ ਕਰਨ ਪਿਛੋਂ ਚਾਰ ਕੁ ਸਾਲ ਸਰਕਾਰੀ ਨੌਕਰ ਰਹੇ ਤੇ ਫਿਰ ਰਾਜਸੀ ਪਾਸੇ ਆ ਗਏ । 'ਨਵੇਂ' ਰਾਹ' 'ਪਰਵਾਨਾ' ਅਤੇ 'ਲੋਕ ਜੁੱਗ' ਵਿਚ ਪੱਤਰਕਾਰ ਰਹੇ । ਅਜ ਕਲ 'ਨਵਾਂ ਜ਼ਮਾਨਾਂ' ਦੇ ਸਮਾਚਾਰ-ਸੰਪਾਦਕ ਹਨ ।

ਕਹਾਣੀਆਂ ਅਤੇ ਵਿਅੰਗਾਤਮਕ ਲੇਖਾਂ ਦੀ ਰਚਨਾ ਵਿਚ ਆਪ ਦੀ ਡੂੰਘੀ ਦਿਲਚਸਪੀ ਹੈ ।

**ਸੂਰਜ ਪ੍ਰਕਾਸ਼ ਕਮਲ**

ਆਪ ਦਾ ਨਾਵਲ ''ਮੈਂ ਇਕ ਲੈਟਰ ਬਕਸ ਸਾਂ'' ਪ੍ਰੇਮ ਪਬਲੀਕੇਸ਼ਨ ਅੰਬਾਲਾ ਨੇ ਪ੍ਰਕਾਸ਼ਿਤ ਕੀਤਾ ।

**ਸੂਰਜ ਰਾਮ ਨਿਰਮਲਾ**

ਆਪ ਦੀ ਪੁਸਤਕ ''ਕਿੱਸਾ ਮਿਰਜ਼ਾ ਸਾਹਿਬਾਂ'' ਐਲਬੀਯਨ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ ।

**ਸੂਰਤ ਕਵੀ**

ਆਪ ਦੀ ਵਾਰਤਕ-ਪੁਸਤਕ ''ਬੈਤਾਲ ਪਚੀਸੀ'' ਮੁਫੀਦ ਆਮ ਪ੍ਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ ।

**ਸੂਰਤ ਸਿੰਘ ਦੀਵਾਨ** (-੧੮੬੦-)

ਆਪ ਦੀ ਕਾਵਿ-ਪੁਸਤਕ 'ਦੀਵਾਨ ਸੂਰਤ ਬਹਾਰ' ਚਸ਼ਮੇ ਨੂਰ ਪ੍ਰੈਸ ਅੰਮ੍ਰਿਤਸਰ ਨੇ ੨੫੨ ਸਫਿਆਂ ਦੇ ਵਿਸਤਾਰ ਵਿਚ ੧੯੪੧ ਬਿਕ੍ਰਮੀ ਵਿਚ ਛਾਪੀ ।

**ਸੂਰਤ ਸਿਘ ਭੋਲਾ**

ਵੇਖੋ
ਭੋਲਾ, ਸੂਰਤ ਸਿੰਘ

**ਸੂਰਦਾਸ** (੧੫੮੬—?)

ਆਪ ਦਾ ਪੂਰਾ ਨਾਂ ਮਦਨ ਮੋਹਨ ਵੀ ਦਸਿਆ ਜਾਂਦਾ ਹੈ । ਆਪ ਬ੍ਰਾਹਮਣ ਸੰਤ ਤੇ ਵਿਦਵਾਨ ਸਨ । ਅਕਬਰ ਨੇ ਆਪ ਨੂੰ ਸਾਂਦਿਲਾ ਦੀ ਗਵਰਨਰੀ ਬਖਸ਼ੀ, ਪਰ ਆਪ ਨੇ ਸਾਰੀ ਧਨ ਦੌਲਤ ਗਰੀਬਾਂ ਵਿਚ ਵੰਡ ਦਿਤੀ ਤੇ ਖਜ਼ਾਨੇ ਵਿਚ ਆਪਣੀ ਇਕ ਕਵਿਤਾ ਲਿਖ ਕੇ ਰਖ ਦਿਤੀ । ਗ੍ਰਿਫਤਾਰ ਹੋਏ, ਪਰ ਇਹ ਕਵਿਤਾ ਸੁਣ ਕੇ ਅਕਬਰ ਨੇ ਆਪ ਨੂੰ ਰਿਹਾ ਕਰ ਦਿਤਾ । ਬਾਕੀ ਸਮਾਂ ਬਨਾਰਸ ਵਿਚ ਬਿਤਾਇਆ । ਕਾਸ਼ੀ ਦੇ ਨੇੜੇ ਸਮਾਧੀ ਮੌਜੂਦ ਹੈ ।

ਆਦਿ ਗਰੰਥ ਵਿਚ ਆਪਦੇ ਦੋ ਸਲੋਕ ਦਰਜ ਹਨ । ਬੋਲੀ ਵਿਚ ਮਿਠਾਸ ਹੈ । ਸਾਧ ਭਾਸ਼ਾ ਤੇ ਬ੍ਰਜ ਭਾਸ਼ਾ ਦਾ ਤੀਬਰ ਪ੍ਰਭਾਵ ਹੈ । ਨਿਮ੍ਰਤਾ ਬੜੀ ਹੈ । ਸੰਸਕ੍ਰਿਤ, ਹਿੰਦੀ ਤੇ ਫਾਰਸੀ ਦੀ ਵਿਦਵਤਾ ਪਰਤਖ ਹੈ ।

**ਸੂਰਦਾਸ** (-੧੮੭੦-)

ਆਪ ਦੀ ਪੁਸਤਕ 'ਜਾਰ ਸੰਖੇਪ ਸੂਰ ਸਾਗਰ'' ਰਾਜ ਪ੍ਰੈਸ ਸੰਗਰੂਰ ਨੇ ੧੯੨੭ ਬਿ: ਵਿਚ ਪ੍ਰਕਾਸ਼ਿਤ ਕੀਤੀ ।

**ਸੁਰਿੰਦਰ ਸਿੰਘ ਉਬਰਾਇ**

ਵੇਖੋ
ਉਬਰਾਇ, ਸੁਰਿੰਦਰ ਸਿੰਘ

**ਸਰਦਾਰ ਸਿੰਘ ਅਰਮਾਨ (-੧੯੫੧-)**

ਆਪ ਦੀਆਂ ਦੋ ਪੁਸਤਕਾਂ—'ਵਿਛੜੀ ਕੂੰਜ' ਅਤੇ 'ਵਿਆਹ ਪਿਛੋਂ' ਛੱਪ ਚੁਕੀਆਂ ਹਨ। ਪਹਿਲੀ ਪੁਸਤਕ ਨੂੰ ਪੰਜਾਬੀ ਪ੍ਰਿੰਟਰਜ਼ ਦਿੱਲੀ ਨੇ ੧੯੫੧ ਵਿਚ ਪ੍ਰਕਾਸ਼ਿਤ ਕੀਤਾ।

**ਸੁਰਿੰਦਰ ਸਿਘ, ਕੋਹਲੀ**

ਵੇਖੋ
ਕੋਹਲੀ, ਸੁਰਿੰਦਰ ਸਿੰਘ

**ਸੁਰਿੰਦਰ ਸਿੰਘ ਕੰਵਲ** (-੧੯੫੧-)

ਆਪ ਦੁਆਰਾ ਅਨੁਵਾਦਿਤ ਕਹਾਣੀਆਂ ਦਾ ਸੰਗ੍ਰਹਿ 'ਬਿਖੜਾ ਪੈਂਡਾ' ਪੰਜਾਬ ਕੁਮਰਸ਼ਲ ਪ੍ਰੈਸ ਤਰਨਤਾਰਨ ਨੇ ੧੯੫੧ ਵਿਚ ਪ੍ਰਕਾਸ਼ਿਤ ਕੀਤਾ।

**ਸਰਦਾਰਾ ਸਿੰਘ ਗ੍ਰੰਥੀ**

ਆਪ ਦੀ ਧਰਮ-ਪੁਸਤਕ 'ਜਾਤੀ ਖੰਡਨ' ਕਾਰੋਨੇਸ਼ਨ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸੁਰਿੰਦਰ ਸਿੰਘ ਗਿੱਲ**

ਵੇਖੋ
ਗਿੱਲ, ਸੁਰਿੰਦਰ ਸਿੰਘ

**ਸੁਰਿੰਦਰ ਸਿੰਘ ਜੌਹਰ**

ਵੇਖੋ
ਜੌਹਰ, ਸੁਰਿੰਦਰ ਸਿੰਘ

**ਸਰਦਾਰ ਸਿਘ ਦਰਦੀ**

ਆਪ ਦੀ ਕਾਵਿ-ਪੁਸਤਕ "ਅਣਖੀਲੇ ਸ਼ਹੀਦ" ਤੇਜ ਬੁੱਕ ਸ਼ਾਪ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸਰਦਾਰਾ ਸਿੰਘ ਨਾਗਰਾ**

ਵੇਖੋ
ਨਾਗਰਾ, ਸਰਦਾਰਾ ਸਿੰਘ

**ਸੁਰਿੰਦਰ ਸਿੰਘ ਨਿਰੰਕਾਰੀ (-੧੯੫੧-)**

ਆਪ ਦੀ ਇਤਿਹਾਸ-ਪੁਸਤਕ "ਨਿਰੰਕਾਰੀ ਗੁਰਮੱਤ ਪ੍ਰਾਰੰਭਤਾ" ਯੰਗਮੈਨਜ਼ ਨਿਰੰਕਾਰੀ ਅਸੋਸੀਏਸ਼ਨ ਅੰਮ੍ਰਿਤਸਰ ਨੇ ੧੯੫੧ ਵਿਚ ਪ੍ਰਕਾਸ਼ਿਤ ਕੀਤੀ।

**ਸੁਰਿੰਦਰ ਸਿੰਘ ਨਰੂਲਾ**

ਵੇਖੋ
ਨਰੂਲਾ, ਸੁਰਿੰਦਰ ਸਿੰਘ

**ਸਰਦਾਰ ਸਿੰਘ ਰਟੌਲ** (੧੯੦੭ —ਜੀਵਤ)

ਆਪ ਦਾ ਸਬੰਧ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਰਟੌਲ ਨਾਲ ਹੈ। ੧੯੨੪ ਵਿਚ ਆਪਨੇ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰੋਂ ਦਸਵੀਂ ਕੀਤੀ ਤੇ ਫਿਰ ੧੯੨੬ ਵਿਚ ਜੇ ਏ. ਵੀ. ਕਰਨ ਪਿਛੋਂ ਖਾਲਸਾ ਹਾਈ ਸਕੂਲ ਤਰਨਤਾਰਨ ਵਿਚ ਅਧਿਆਪਕ ਲਗ ਗਏ। ਫਿਰ ਆਪ ਨੇ ਬੀ. ਏ., ਬੀ. ਟੀ. ਅਤੇ ਐਮ. ਏ. (ਰਾਜਸੀ ਵਿਗਿਆਨ) ਦੀਆਂ ਯੋਗਤਾਵਾਂ ਵੀ ਪ੍ਰਾਪਤ ਕੀਤੀਆਂ। ਕਈ ਚਿਰ ਮੁਖ ਅਧਿਆਪਕ ਰਹੇ। ਖੇਡਾਂ ਨਾਲ ਆਪ ਨੂੰ ਗੂੜ੍ਹਾ ਨਿਹੁੰ ਕਾਇਮ ਰਖਿਆ।

'ਪਰਸੰਨ ਜੀਵਨ', 'ਨਰੋਆ ਸਮਾਜ', ਅਤੇ 'ਜੀਵਨ ਜੋਤਾਂ' ਆਪ ਦੀਆਂ ਪ੍ਰਕਾਸ਼ਿਤ ਪੁਸਤਕਾਂ ਹਨ।

ਆਸ਼ਾਵਾਦ, ਸਾਦਗੀ, ਮਿਲਵਰਤਨ ਆਦਿਕ ਗੁਣ ਆਪ ਦੇ ਸਿਦਕ ਵਿਚ ਹੀ ਸ਼ਾਮਲ ਹਨ।

**ਸੁਰਿੰਦਰ ਕੌਰ ਸੋਹਲ**

ਵੇਖੋ
ਸੋਹਲ, ਸੁਰਿੰਦਰ ਕੌਰ

**ਸਰਦਾਰ ਖਾਂ ਬਰਕ** (੧੮੬੩—੧੮੯੪)

ਆਪ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ। ਬਚਪਨ ਵਿਚ ਹੀ ਯਤੀਮ ਹੋਣ ਕਾਰਨ ਤਾਰਕਸ਼ੀ ਸਿੱਖਣ ਲਈ ਮੀਆਂ ਰਹੀਮ ਬਖਸ਼ ਸਵਾਅਕ ਦੇ ਸ਼ਾਗਿਰਦ ਬਣ ਗਏ। ਉਨ੍ਹਾਂ ਤੋਂ ਬਰਕ ਜੀ ਨੇ ਕਵਿਤਾ ਦੀ ਗੁੜ੍ਹਤੀ ਪ੍ਰਾਪਤ ਕੀਤੀ। ੧੮੮੦ ਵਿਚ ਆਪ ਨੇ ਆਪਣੀ ਸੰਸਥਾ ਦੇ ਸਾਰੇ ਸ਼ਾਗਿਰਦਾਂ ਸਮੇਤ ਪ੍ਰਸਿੱਧ ਸ਼ਾਇਰ ਮਲਾਵਾ ਰਾਮ ਨਫਰ ਨਾਲ ਬੈਂਤਬਾਜ਼ੀ ਦਾ ਮੁਕਾਬਲਾ ਕੀਤਾ। ੧੮੮੮ ਵਿਚ ਆਪ ਨੇ ਫ਼ਾਰਸੀ ਵਿਚ ਵੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਆਪ ਹਿੰਦੂ ਸਭਾ ਹਾਈ ਸਕੂਲ ਅੰਮ੍ਰਿਤਸਰ ਵਿਚ ਫ਼ਾਰਸੀ ਦੇ ਅਧਿਆਪਕ ਵੀ ਰਹੇ। ਟੈਂਪਰੈਂਸ ਅਤੇ ਕਾਂਗਰਸ ਦੀਆਂ ਸਟੇਜਾਂ ਉਤੇ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕਰਦੇ ਰਹੇ। ਮੀਆਂ ਅਬਦੁਲ ਕਾਦਰ ਦਾਨਸ਼ਮੰਦ, ਮੁਣਸ਼ੀ ਗ਼ੁਲਾਮ ਕਾਦਰ ਫਰਖ, ਸਰਦਾਰ ਸੁੰਦਰ ਸਿੰਘ ਸਬਾ, ਲਲਾ ਰਾਮ ਸਰਨ ਦਾਸ, ਖੁਰਸੰਦ, ਸਰਦਾਰ ਸੋਹਣ ਸਿੰਘ ਅਤੇ ਮੀਆਂ ਅਬਦਾਲ ਮਮਦ ਆਪ ਦੇ ਪ੍ਰਸਿੱਧ ਸ਼ਾਗਿਰਦ ਸਨ।

੩੧ ਸਾਲ ਦੀ ਸੀਮਿਤ ਉਮਰ ਤਕ ਆਪ ਨੇ ਕਾਫ਼ੀ ਰਚਨਾ ਕੀਤੀ ਤੇ ਆਪਣੀ ਕਾਵਿ-ਸੰਸਥਾ ਨੂੰ ਸਰਬ-ਪ੍ਰਵਾਨਿਤ ਕਰਵਾਇਆ। ਆਪਣੀ ਸ਼ੈਲੀ ਵਿਚ ਫ਼ਾਰਸੀ ਦੇ ਪ੍ਰਭਾਵ ਤੀਬਰ ਹਨ। ਸ਼ਿੰਗਾਰ ਰਸ ਦੇ ਨਿਭਾਅ ਵਿਚ ਆਪ ਮਾਹਿਰ ਹਨ। ਬਿੰਬਾਂ ਵਿਚ ਨਵੀਨਤਾ ਨਹੀਂ। ਆਪ ਮੂਲ ਰੂਪ ਵਿਚ ਰਵਾਇਤੀ ਰੂਪਵਾਦੀ ਹਨ :—

ਯੇ-ਯਾਰ ਥੀਂ ਮੰਗੀਆਂ ਦੋ ਚੀਜ਼ਾਂ,
ਅਗੋਂ ਹੱਸ ਕੇ ਆਖਦਾ "ਦਸ ਕੀ ਕੀ ?"
"ਜੋ ਹੈ ਵਸ ਤੇਰੇ ਸੋਈ ਮੰਗਦਾ ਹਾਂ",
ਆਖੇ ਫਿਰ ਉਹ "ਤਾਂ ਭੀ ਦਸ ਕੀ ਕੀ ?"
"ਅਵਲ ਵਸਲ ਅਬਦੀ ਸਾਨੀ ਨਜ਼ਰ ਸ਼ਫ਼ਕਤ,
ਮੰਗਾਂ ਹੋਰ ਤੈਥੋਂ ਇਸ ਥੀਂ ਬਸ ਕੀ ਕੀ।
ਪਾਈਆਂ ਬਹੁਤ ਮੁਸੀਬਤਾਂ ਇਸ਼ਕ ਅੰਦਰ,
ਦਸੇ ਖੋਲ੍ਹ ਕੇ ਬਰਕ ਬੇ ਕਸ ਕੀ ਕੀ।"

**ਸਰਦਾਰੀ ਲਾਲ ਤਾਰਾ** (੨੦ਵੀਂ ਸਦੀ)

ਆਪ ਦੀ ਕਾਵਿ-ਪੁਸਤਕ 'ਸੱਜਣ ਦੀ ਸਿਕ' ਉਤਮ ਸਿੰਘ, ਗੁਰਬਚਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸਰਦਾਰੀ ਲਾਲ ਵੀਰ** (੨੦ਵੀਂ ਸਦੀ)

ਆਪ ਦੀ ਸਿਹਤ-ਪੁਸਤਕ 'ਅਰੋਗਯ ਵਿੱਧੀ' ਪੰਜਾਬੀ ਕਿਤਾਬ-ਘਰ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਸਰਦੂਲ ਸਿੰਘ ਕਵੀਸ਼ਰ** (੧੮੮੯—ਜੀਵਤ)

ਬੀ. ਏ. ਕਰਨ ਪਿਛੋਂ ਪਤਰਕਾਰੀ ਦੇ ਖੇਤਰ ਵਿਚ ਸਰਗਰਮ ਹੋ ਗਏ। ੧੯੨੧ ਵਿਚ ਆਪ ਨੇ ਲਾਹੌਰੋਂ 'ਸੰਗਤ' ਨਾਂ ਦਾ ਮਾਸਕ ਪੱਤਰ ਕਢਿਆ, ਜੋ ਕਿ ਸੱਤ ਸਾਲ ਪਿਛੋਂ 'ਕਿਰਪਾਨ ਬਹਾਦਰ' ਨਾਲ ਸੰਮਿਲਤ ਕਰ ਦਿੱਤਾ ਗਿਆ। 'ਨਾ-ਮਿਲਵਰਤਨ ਲਹਿਰ' (੧੯੧੯) ਵਿਚ ਆਪ ਨੇ ਸਰਗਰਮ ਹਿੱਸਾ ਲਿਆ ਅਤੇ ਅਕਾਲੀ ਲਹਿਰ ਨਾਲ ਵੀ ਗੂੜ੍ਹਾ ਸਬੰਧ ਕਾਇਮ ਰਖਿਆ। ਆਪ ਸਮੇਂ ਸਮੇਂ ਆਲ ਇੰਡੀਆ ਸਿੱਖ ਲੀਗ, ਪੰਜਾਬ ਪਰਾਵਿੰਸ਼ਲ ਕਾਨਫ਼ਰੰਸ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਉੱਚਤਮ ਆਹੁਦੇਦਾਰਾਂ ਵਿਚ ਰਹੇ। ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਮੁਲਾਕਾਤ ਪਿਛੋਂ ਫਾਰਵਰਡ ਬਲਾਕ ਦੇ ਪ੍ਰਧਾਨ ਵੀ ਬਣੇ।

ਆਪ ਸਮੇਂ ਦੇ ਪ੍ਰਸਿੱਧ ਲੈਕਚਰਾਰ ਅਤੇ ਪਤਰਕਾਰ ਸਨ।

ਆਪ ਦੀ ਪੁਸਤਕ 'ਸਾਕਾ ਨਨਕਾਣਾ ਸਾਹਿਬ' ਦਾ ਵਿਸ਼ੇ ਇਤਿਹਾਸ ਹੈ।

**ਸਰਦੂਲ ਸਿੰਘ ਡਾਕਟਰ (-੧੯੨੭-)**

ਆਪ ਦਾ ਨਾਵਲ 'ਰਾਜਿੰਦਰ ਕੌਰ' ਦਿਲਬਾਗ਼ ਏਜੰਸੀ ਅੰਮ੍ਰਿਤਸਰ ਨੇ ਮਾਰਚ, ੧੯੨੭ ਵਿਚ ਪ੍ਰਕਾਸ਼ਿਤ ਕੀਤਾ।

**ਸੂਰੀ, ਨਿਹਾਲ ਸਿੰਘ (-੧੯੩੦-)**

ਆਪ ਨੇ "ਸ੍ਰੀ ਗੁਰੂ ਗਰੰਥ ਸਾਹਿਬ ਦਾ ਭਾਵ ਪ੍ਰਕਾਸ਼ਨੀ ਟੀਕਾ" ਪੰਜ ਜਿਲਦਾਂ ਵਿਚ ਰਚਿਆ ਤੇ ਪ੍ਰਕਾਸ਼ਿਤ ਕਰਵਾਇਆ। "ਸ੍ਰੀ ਜਪੁਜੀ ਸਾਹਿਬ ਦਾ ਭਾਵ ਪ੍ਰਕਾਸ਼ਨੀ ਟੀਕਾ" ਆਪ ਨੇ ੧੯੩੦ ਵਿਚ ਰਾਵਲਪਿੰਡੀਓਂ ਪ੍ਰਕਾਸ਼ਿਤ ਕੀਤਾ।

**ਸਰਨਾ ਮੁਹਿੰਦਰ ਸਿੰਘ (੧੯੨੫—ਜੀਵਤ)**

ਜਨਮ ਰਾਵਲਪਿੰਡੀ ਵਿਚ ਸ. ਭਗਵਾਨ ਸਿੰਘ ਦੇ ਘਰ ਹੋਇਆ। ਉਚੇਰੀ ਵਿਦਿਆ ਆਪ ਨੇ ਸਥਾਨਕ ਮਾਡਰਨ ਕਾਲਜੋਂ ਪ੍ਰਾਪਤ ਕੀਤੀ। ਕਾਫ਼ੀ ਸਰਕਾਰੀ ਦਫਤਰਾਂ ਵਿਚ ਕਲਰਕ ਰਹੇ ਤੇ ਅਜ ਕਲ ਆਈ. ਏ. ਐਸ. ਦੀ ਪਦਵੀ ਉਤੇ ਭਾਰਤ ਸਰਕਾਰ ਦੇ ਆਰਥਕ ਮਹਿਕਮੇ ਵਿਚ ਡਿਪਟੀ ਅਕਾਊਂਟੈਂਟ ਜਨਰਲ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ : ਨਾਵਲ :— (੧) ਪੀੜਾਂ ਮਲੇ ਰਾਹ, (੨) ਕਾਗਾਂ ਤੇ ਕੰਢੇ, ਕਹਾਣੀ-ਸੰਗ੍ਰਹਿ :—(੩) ਪੱਥਰ ਦੇ ਆਦਮੀ, (੪) ਸ਼ਗਨਾਂ ਭਰੀ ਸਵੇਰ, (੫) ਸੁਪਨਿਆਂ ਦੀ ਸੀਮਾ।

ਨਵੀਨਤਾ, ਪ੍ਰਗਤੀਵਾਦ ਅਤੇ ਕਹਾਣੀ ਰੱਸ ਆਪ ਦੀ ਰਚਨਾ ਦੇ ਮੁਖ ਪੱਖ ਹਨ। ਸ਼ੈਲੀ ਵਿਸਤਾਰਮਈ ਹੈ।

ਆਪ ਦਾ ਸਥਾਨ ਉਚਤਮ ਕਹਾਣੀਕਾਰਾਂ ਵਿਚ ਹੈ।

**ਸਰੂਪ ਸਿੰਘ (੨੦ਵੀਂ ਸਦੀ)**

ਵਿਦਿਆ ਐਮ. ਏ. ਤਕ ਹੈ। ਆਪ ਦੀ ਧਰਮ-ਪੁਸਤਕ 'ਅਸਲੀ ਫ਼ਰਕ' ਸਿਖ ਰਿਲੀਜੱਸ ਬੁੱਕ ਸੁਸਾਇਟੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸਰੂਪ ਸਿੰਘ ਸੰਤ (੨੦ਵੀਂ ਸਦੀ)**

ਆਪ ਦੀ ਸੰਪਾਦਿਤ ਪੁਸਤਕ 'ਗਜ਼ਲਾਂ ਭਾਈ ਨੰਦ ਲਾਲ' ਉੱਤਮ ਸਿੰਘ ਗੁਰਬਚਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ।

**ਸਰੂਪ ਸਿੰਘ ਗਿਆਨੀ**

ਆਪ ਦੀ ਸਟੀਕ 'ਸੰਤ ਖਾਲਸਾ ਗੁਰਪੁਰਬ ਪ੍ਰਕਾਸ਼' ਪ੍ਰਤਾਪ ਸਿੰਘ ਸੁੰਦਰ ਸਿੰਘ ਲਾਇਲਪੁਰ ਨੇ ੪੪੨ ਨਾਨਕਸ਼ਾਹੀ ਵਿਚ ਪ੍ਰਕਾਸ਼ਿਤ ਕੀਤੀ।

**ਸਰੂਪ ਸਿੰਘ ਮਰਵਾਹ**

ਵੇਖੋ
ਮਰਵਾਹ, ਸਰੂਪ ਸਿੰਘ

**ਸਰੂਪ ਦਾਸ ਬਾਵਾ**

ਵੇਖੋ
ਬਾਵਾ, ਸਰੂਪ ਦਾਸ

**ਸਰਬਜੀਤ ਸਿੰਘ ਸੰਧੂ**

ਵੇਖੋ
ਸੰਧੂ, ਸਰਬਜੀਤ ਸਿੰਘ

**ਸਰਬਣ ਸਿੰਘ ਭਾਈ**

ਆਪ ਦੀ ਕਾਵਿ-ਪੁਸਤਕ 'ਜੰਗ ਕਸ਼ਮੀਰ' ਪਟਿਆਲਾ ਪ੍ਰਿੰਟਿੰਗ ਪ੍ਰੈਸ ਨੇ ਪ੍ਰਕਾਸ਼ਿਤ ਕੀਤੀ।

**ਸਰਮੁਖ ਸਿੰਘ ਅਮੋਲ** (੧੯੦੮—ਜੀਵਤ)

ਜਨਮ ਲਾਹੌਰ ਵਿਚ ਸ: ਜੋਧ ਸਿੰਘ ਦੇ ਘਰ ਹੋਇਆ। ਕੁਝ ਚਿਰ ਪਿਤਾ ਨਾਲ ਮਲਾਇਆ ਵਿਚ ਰਹੇ ਪਰ ਉਨ੍ਹਾਂ ਦੀ ਅਚਾਨਕ ਮੌਤ ਕਾਰਨ ਆਪ ਨੂੰ ਭਾਰਤ ਆਉਣਾ ਪਿਆ। ਇਧਰ ਆ ਕੇ ਆਪਨੇ ਚੀਫ ਖਾਲਸਾ ਦੀਵਾਨ ਦੀ ਸਹਾਇਤਾ ਨਾਲ ਗਿਆਨੀ ਅਤੇ ਜੇ. ਏ ਵੀ. ਅਤੇ ਫਿਰ ਆਪੇ ਐਫ. ਏ, ਬੀ. ਏ. ਕੀਤੀ। ਪੰਜ ਸਾਲ ਆਪ ਸੰਤ ਸਿੰਘ ਸੁਖਾ ਸਿੰਘ ਸਕੂਲ ਅੰਮ੍ਰਿਤਸਰ ਵਿਚ ਅਧਿਆਪਕ ਰਹੇ। ਅੰਮ੍ਰਿਤਸਰ ਅਤੇ ਫਿਰ ਜਾਲੰਧਰ ਗੁਰੂ ਰਾਮਦਾਸ ਕਾਲਜ ਚਲਾਇਆ ਜਿਸ ਰਾਹੀਂ ਸਾਹਿਤ ਦੇ ਵਿਦਿਆਰਥੀਆਂ ਨੂੰ ਸਾਹਿਤ ਕ ਸਿਖਿਆ ਪ੍ਰਦਾਨ ਕੀਤੀ। 'ਲਿਖਾਰੀ' ਨਾਂ ਦਾ ਆਲੋਚਨਾਤਮਕ ਤ੍ਰੈ ਮਾਸਕ ਆਪਦੀ ਸੰਪਾਦਨਾ ਥਲੇ ਕਾਫੀ ਚਿਰ ਚਲਦਾ ਰਿਹਾ। ਅਜ ਕਲ ਆਪ ਜਾਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਵਿਚ ਪੰਜਾਬੀ ਮਹਿਕਮੇ ਦੇ ਮੁਖੀ ਹਨ।

ਰਚਨਾ ਦਾ ਵਿਸਥਾਰ ਇਸ ਪ੍ਰਕਾਰ ਹੈ :

ਸੰਪਾਦਨਾ ਤੇ ਆਲੋਚਨਾ : 'ਆਸਾ ਦੀ ਵਾਰ', 'ਹੀਰ ਸਯਦ ਵਾਰਸ ਸ਼ਾਹ', 'ਸਾਡੇ ਪੁਰਾਣੇ ਕਵੀ', 'ਪੰਜਾਬੀ ਸਾਹਿਤ', 'ਭਾਈ ਵੀਰ ਸਿੰਘ', 'ਬਾਈ ਵਾਰਾਂ ਸਟੀਕ', 'ਹੀਰ ਦਮੋਦਰ', 'ਕੀਰਤਨ ਸੋਹਿਲਾ', 'ਦਸ ਵਾਰਾਂ ਸਟੀਕ', 'ਪੰਜਾਬੀ ਰੀਡਰ' (੮ ਭਾਗ), 'ਅੰਗ੍ਰੇਜ਼ੀ-ਗੁਰਮੁਖੀ ਡਿਕਸ਼ਨਰੀ', 'ਪੰਜਾਬੀ ਕਿਵੇਂ ਲਿਖੀਏ ?' 'ਬਿਸ਼ਨਪਦੇ' ਆਦਿਕ।

ਨਾਵਲ : 'ਸੇਵਾਦਾਰ', 'ਗੁਲਾਬਾ', 'ਜੀਵਨ ਗੁੰਝਲ'

ਨਾਟਕ : 'ਸਮੇਂ' ਦੇ ਤਿੰਨ ਰੰਗ', 'ਜੱਸਾ ਸਿੰਘ ਆਹਲੂਵਾਲੀਆ',।

ਕਹਾਣੀ : 'ਕਹਾਣੀਆਂ ਤੇ ਚਿੱਠੀਆਂ', 'ਤਿੱਤਰ ਖੰਭੀਆਂ', 'ਪੰਜਾਬੀ ਭੈਰੇ', 'ਰੋਂਦੀ ਦੁਨੀਆਂ', 'ਵੇਲੇ ਕੁਵੇਲੇ'।

ਜੀਵਨੀ : 'ਅਮੋਲ ਜੀਵਨ', 'ਪ੍ਰੋ. ਪੂਰਨ ਸਿੰਘ'।

ਵਾਰਤਕ : 'ਸਿੱਖ ਤੇ ਨਵਾਂ ਚਾਨਣ', 'ਨਵਾਂ-ਜੀਵਨ' 'ਪਛਮੀ ਸਭਿਅਤਾ', 'ਲੇਖ ਪਟਾਰੀ', 'ਧਰਮ ਪੋਥੀਆਂ' (੯ ਭਾਗ), 'ਭੂਗੋਲ ਤੇ ਇਤਹਾਸ ਰੀਡਰ'।

ਆਪ ਨੂੰ ਪੰਜਾਬੀ ਛੰਦਾਬੰਦੀ, ਭਾਸ਼ਾ ਅਤੇ ਸਾਹਿਤ ਦਾ ਡੂੰਘੇਰਾ ਗਿਆਨ ਪ੍ਰਾਪਤ ਹੈ।

ਆਪ ਦਾ ਸਥਾਨ ਆਧੁਨਿਕ ਪੰਜਾਬੀ ਸਾਹਿਤ ਦੇ ਉਸਰਈਆ ਵਿਚ ਹੈ।

**ਸਿਰੀ ਰਾਮ ਸਹਨੀ**

ਵੇਖੋ
ਸਾਹਨੀ, ਸਿਰੀ ਰਾਮ

**ਸਲੂ**

ਵੇਖੋ
ਕਲਸਹਾਰ

**ਸਾਲਿਗ ਰਾਮ** (-੧੮੬੭-)

ਆਪ ਉਨ੍ਹੀਵੀਂ ਸਦੀ ਦੇ ਪ੍ਰਸਿਧ ਕੋਸ਼ਕਾਰ ਹਨ। ਪੰਜਾਬੀ-ਅੰਗਰੇਜ਼ੀ ਕੋਸ਼ਕਾਰੀ ਦੇ ਖੇਤਰ ਵਿਚ ਆਪ ਅੰਗਰੇਜ਼ਾਂ ਦੀ ਮਦਦ ਕਰਦੇ ਰਹੇ।

ਆਪ ਦੀ 'ਐਂਗਲੋ ਗੁਰਮੁਖੀ ਡਿਕਸ਼ਨਰੀ' ਰਾਮ ਚੰਦ ਮਾਨਕ ਟਾਹਲਾ ਨੇ ੧੮੬੭ ਵਿਚ ਪ੍ਰਕਾਸ਼ਿਤ ਕੀਤੀ।

**ਸੁਲਤਾਨ ਬਾਹੂ** (੧੬੨੯—੧੬੯੦)

ਆਪ ਦਾ ਜਨਮ ਝੰਗ ਦੇ ਪਿੰਡ ਸ਼ੋਰਕੋਟ ਵਿਚ ਬਾਜ਼ੀਦ ਮੁਹੰਮਦ ਦੇ ਘਰ ਹੋਇਆ। ਬਾਹੂ ਜੀ ਜਵਾਨੀ

ਵਿਚ ਖਾਨਦਾਨੀ ਜ਼ਿੰਮੀਦਾਰੀ ਨੂੰ ਪਸੰਦ ਨਾ ਕਰਦਿਆਂ ਮੁਲਤਾਨ ਚਲੇ ਗਏ। ਇਥੇ ਆਪਨੇ ਹਜ਼ਰਤ ਬਹਾ-ਉਲ-ਹੱਕ ਦੀ ਮਜ਼ਾਰ ਉਤੇ ਜਾ ਕੇ ਚਿਲਾ ਕਮਾਇਆ। ਕੁਝ ਚਿਰ ਪਿਛੋਂ ਅੰਮ੍ਰਿਤਸਰ ਦੇ ਪਿੰਡ ਰਮਦਾਸ ਵਿਚ ਸ਼ਾਹ ਜਬੀਬ ਕੋਲ ਆ ਗਏ ਤੇ ਤਿਆਗ ਦੀ ਪਰੇਰਨਾ ਲੈ ਕੇ ਦਿੱਲੀ ਚਲੇ ਗਏ। ਇਥੇ ਅਬਦੁਲ ਰਹਿਮਾਨ ਦਿਹਲਵੀ ਦੇ ਮੁਰੀਦ ਹੋ ਗਏ। ਫਾਰਸੀ ਅਤੇ ਅਰਬੀ ਦੀ ਉਚੇਰੀ ਵਿਦਵਤਾ ਆਪ ਦੀ ਸ਼ਖਸ਼ੀਅਤ ਦਾ ਇਕ ਹਿੱਸਾ ਸੀ। ਵਧੇਰੇ ਰਚਨਾ ਵੀ ਫਾਰਸੀ ਵਿਚ ਹੀ ਕੀਤੀ। ਇਸ ਬੋਲੀ ਵਿਚ ਆਪਦੀਆਂ ਤਕਰੀਬਨ ੧੪੦ ਕਿਤਾਬਾਂ ਹਨ, ਜਿਨ੍ਹਾਂ ਦਾ ਵਿਸ਼ਾ ਅਧਿਆਤਮ ਹੈ।

ਪੰਜਾਬੀ ਵਿਚ ਆਪ ਨੇ ਸੀਹਰਫੀਆਂ ਵਿਚ ਅਤੇ ਹੋਰ ਵਿਕੋਲਿਤਰੇ ਕਾਵਿ-ਰੂਪਾਂ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਅਧਿਆਤਮ ਹਰ ਥਾਂ ਪ੍ਰਧਾਨ ਹੈ। ਮਨੁੱਖੀ ਸ਼ਖਸੀਅਤ ਦੀ ਉਸਾਰੀ ਬਾਰੇ ਆਪਨੇ ਕਈ ਨਿਗਰ ਖਿਆਲ ਦਸੇ ਹਨ। ਬਿੰਬ ਬਹੁਤ ਘੱਟ ਹਨ। ਪਰ ਸ਼ੈਲੀ ਦੇ ਹੋਰ ਪੱਖ—ਮਿੱਠਤ ਅਤੇ ਲੌਕਿਕਤਾ,ਆਪ ਵਿਚਲੇ ਸ਼ਕਤੀਸ਼ਾਲੀ ਕਲਾਕਾਰ ਦੇ ਸਾਖੀ ਹਨ। ਆਪ ਦੀ ਬੋਲੀ ਕੇਂਦਰੀ ਪੰਜਾਬੀ ਹੈ ਜਿਸ ਉਤੇ ਲਹਿੰਦੀ ਦਾ ਕੁਝ ਪ੍ਰਭਾਵ ਹੈ। ਕਵਿਤਾ ਦਾ ਨਮੂਨਾ ਇਸ ਪਰਕਾਰ ਹੈ :

ਮੀਮ—ਮਜ਼ਬੂਂ ਵਾਲੇ ਦਰਵਾਜ਼ੇ ਉੱਚੇ,
ਰਾਹ ਰਬਾਨੀ ਮੋਰੀ ਹੂ।
ਪੰਡਿਤਾਂ ਤੇ ਮੁਲਾਣਿਆਂ ਕੋਲੋਂ,
ਛੁਪ ਛੁਪ ਲੰਘਦੇ ਚੋਰੀ ਹੂ।

**ਸੁਵਾਇਆ ਸਿੰਘ**

ਆਪ ਦੀ ਇਕੋ ਇਕ ਪੁਸਤਕ "ਯਾਤ੍ਰਾ ਸ੍ਰੀ ਅੰਮ੍ਰਿਤਸਰ ਜੀ ਕੀ" ਪ੍ਰਕਾਸ਼ਿਤ ਹੋਈ ਮਿਲਦੀ ਹੈ।

**ਸੇਵਾ ਸਿੰਘ ਸੇਵਕ** (੨੦ ਅਕਤੂਬਰ, ੧੯੦੭—ਜੀਵਤ)

ਜਨਮ ਪਿੰਡ ਨੁਸ਼ਹਿਰਾ ਪੰਨੂਆਂ, ਤਹਿਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਵਿਚ ਸ: ਬਲਵੰਤ ਸਿੰਘ ਦੇ ਘਰ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ। ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਸਰਹਾਲੀ ਤੋਂ ੧੯੨੩ ਵਿਚ ਮੈਟਰਿਕ ਕਰਨ ਪਿਛੋਂ ਪ੍ਰਾਈਵੇਟ ਤੌਰ ਤੇ ਬੀ. ਏ. ਕੀਤੀ। ਵਿਦਿਅਕ ਤੇ ਧਾਰਮਕ ਸਰਗਰਮੀਆਂ ਵਿਚ ਬੜੀ ਗਰਮ ਜੋਸ਼ੀ ਨਾਲ ਹਿੱਸਾ ਲੈਂਦੇ ਰਹੇ। ਤਰਨ ਤਾਰਨ ਵਿਚ ਆਪ ਖਾਲਸਾ ਪ੍ਰਚਾਰਕ ਵਿਦਿਆਲਾ ਤੇ ਕੌਮੀ ਕਾਲਜ ਦੇ ਪ੍ਰਿੰਸੀਪਲ ਰਹਿ ਚੁਕੇ ਹਨ। 'ਬਬਰ ਸ਼ੇਰ', 'ਕਿਰਪਾਨ ਬਹਾਦਰ', 'ਦੇਸ਼ ਭਗਤ' ਆਦਿਕ ਅਖਬਾਰਾਂ ਦੇ ਸੰਪਾਦਕੀ ਮੈਂਬਰ ਰਹਿਣ ਪਿਛੋਂ ਅਜ ਕਲ ਪੁਰਾਤਨ ਸਾਹਿਤਕ ਰਚਨਾਵਾਂ ਦੇ ਟੀਕੇ ਕਰਨ ਵਿਚ ਮਗਨ ਹਨ।

ਆਪ ਨੇ ਪੰਜਾਬੀ ਦੇ ਤਕਰੀਬਨ ਸਾਰੇ ਇਮਤਿਹਾਨਾਂ ਲਈ ਸਹਾਇਕ ਪੁਸਤਕਾਂ ਲਿਖੀਆਂ ਹਨ। ''ਪੰਜਾਬੀ ਲੇਖ ਭੰਡਾਰ'', 'ਪ੍ਰਮੁਖ ਪੰਜਾਬੀ ਵਿਆਕਰਣ ਤੇ ਪ੍ਰਸਤਾਵ ਰਚਨਾ'', ''ਪੰਜਾਬੀ ਤੋਂ ਹਿੰਦੀ, ਦਸ ਦਿਨਾਂ ਵਿਚ'', 'ਪੰਜਾਬੀ ਛੰਦ ਤੇ ਅਲੰਕਾਰ'' ਆਦਿਕ ਆਪਦੀਆਂ ਪ੍ਰਕਾਸ਼ਿਤ ਪੁਸਤਕਾਂ ਹਨ।

ਪ੍ਰਸਿੱਧ ਰਸਾਲਿਆਂ ਵਿਚ ਵੀ ਆਪ ਦੇ ਸਾਹਿਤਕ ਲੇਖ ਛਪਦੇ ਰਹਿੰਦੇ ਹਨ।

(ਵੇਖੋ ਜਸਵੰਤ ਸਿੰਘ ਜੱਸ)

**ਸੇਵਾ ਸਿੰਘ ਕਿਰਪਾਨ ਬਹਾਦਰ**

ਜਨਮ ਪਿੰਡ ਬਖਤਗੜ੍ਹ (ਜ਼ਿਲਾ ਸੰਗਰੂਰ) ਵਿਚ ਸ: ਹਰਨਾਮ ਸਿੰਘ ਦੇ ਘਰ ਹੋਇਆ। ੧੯੧੪-੧੫ ਵਿਚ ਆਪ ਅੰਗ੍ਰੇਜ਼ੀ ਫੌਜ ਦੇ ਅਧੀਨ ਫ਼ਰਾਂਸ ਦੇ ਮੁਹਾਜ਼ ਪੁਰ ਲੜੇ। ੧੯੧੭ ਵਿਚ ਆਪ ਨੂੰ

ਨੈਕ ਬਣਾ ਕੇ ਪਪ ਕੰਪਨੀ ਰੁੜਕੀ ਵਿਚ ਭੇਜ ਦਿੱਤਾ ਗਿਆ। ਕਿਰਪਾਨ ਨਾ ਉਤਾਰਨ ਦੇ 'ਅਪਰਾਧ' ਵਿਚ ਆਪ ਨੂੰ ਕੋਰਟ-ਮਾਰਸ਼ਲ ਦੁਆਰਾ ੯ ਮਹੀਨੇ ਕੈਦ ਦਿੱਤੀ ਗਈ। ਇਥੋਂ ਹੀ ਆਪ 'ਕਿਰਪਾਨ ਬਹਾਦਰ' ਬਣੇ। ਇਸ ਨਾਂ ਹੇਠ ਆਪ ਨੇ ਅੰਮ੍ਰਿਤਸਰੋਂ 'ਕਿਰਪਾਨ ਬਹਾਦਰ' ਅਖਬਾਰ ਅਤੇ ਪ੍ਰੈਸ ਚਾਲੂ ਕੀਤੇ। ਬਾਅਦ ਵਿਚ ਵੀ ਕਈ ਵਾਰੀ ਕੈਦ ਹੋਏ। ਨਾਭਾ ਐਜੀਟੇਸ਼ਨ ਵਿਚ ਵੀ ਆਪ ਨੇ ਸਰਗਰਮ ਹਿੱਸਾ ਲਿਆ। 'ਜਗਤ ਸੁਧਾਰ' ਨਾਂ ਦੀ ਅਖਬਾਰ ਵੀ ਆਪ ਨੇ ਹੀ ਕੱਢੀ। ਬਖਤਗੜ੍ਹ ਵਿਚ ਆਪ ਦੇ ਯਤਨਾਂ ਸਦਕਾ ਇਕ ਹਾਈ ਸਕੂਲ ਚਲ ਰਿਹਾ ਹੈ।

ਅਨੇਕਾਂ ਪੁਸਤਕਾਂ ਆਪਦੀ ਲਿਖਤੀ ਘਾਲਣਾ ਵਿਚ ਸ਼ਾਮਲ ਹਨ।

**ਸੇਵਾ ਸਿੰਘ, ਭਾਈ** (੧੮੮੨ –੧੯੪੫)

ਆਪ ਦੇ ਪਿਤਾ ਸਰਦਾਰ ਲਾਲ ਸਿੰਘ, ਨਗਰ ਸਰਾਇ ਆਲਮਗੀਰ, ਜ਼ਿਲਾ ਗੁਜਰਾਤ (ਪੱਛਮੀ ਪੰਜਾਬ) ਵਿਚ ਰਿਹਾ ਕਰਦੇ ਸਨ। ਭਾਈ ਸੇਵਾ ਸਿੰਘ ਜੀ ੧੯੧੪ ਤੋਂ ਲੈ ਕੇ ਦੇਹਾਂਤ ਤਕ ਭਾਈ ਵੀਰ ਸਿੰਘ ਜੀ ਦੀ ਸਰਪ੍ਰਸਤੀ ਹੇਠ 'ਖਾਲਸਾ ਸਮਾਚਾਰ' ਦੇ ਸੰਪਾਦਕ ਲਗੇ ਰਹੇ। ਹਿੰਦੀ, ਸੰਸਕ੍ਰਿਤ, ਉਰਦੂ, ਫਾਰਸੀ ਆਦਿਕ ਬੋਲੀਆਂ ਦੀ ਵਿਦਵਤਾ ਵੀ ਆਪ ਦੀ ਸ਼ਖਸੀਅਤ ਦਾ ਇਕ ਹਿੱਸਾ ਹੈ।

ਆਪਦੀ ਰਚਨਾ ਦੀ ਪਰੇਰਨਾ ਦਾ ਸੋਮਾ ਅਧਿਆਤਮ ਹੈ। 'ਖਾਲਸਾ ਸਮਾਚਾਰ' ਦੇ ਮੁਖ ਲੇਖ ਵਿਚ ਆਪ ਨੇ ਚਲੰਤ ਰਾਜਸਤਾ ਅਤੇ ਧਾਰਮਕ-ਵਿਵਸਥਾ ਉਤੇ ਗਿਆਨ ਭਰਪੂਰ ਵਿਚਾਰ ਪ੍ਰਗਟ ਕੀਤੇ ਜਿਹੜੇ ਕਿ ਚੰਗੇਰੀ ਵਾਰਤਕ ਵਿਚ ਗਿਣੇ ਜਾ ਸਕਦੇ ਹਨ। 'ਗੁਰੂ ਪਦ ਨਿਰਣਯ' (੩ ਭਾਗ). 'ਕੀ ਵੇਦ ਇਲਹਾਮੀ ਹਨ', 'ਕੁਰਾਨ ਕੀ ਹੈ', 'ਮੋਖਸ਼-ਮਾਰਗ' ਆਦਿਕ ਪੁਸਤਕਾਂ ਵਿਚੋਂ ਆਪਦੇ ਡੂੰਘੇ ਅਧਿਅਨ ਅਤੇ ਚਿੰਤਨ ਦਾ ਦਰਸ਼ਨ ਹੁੰਦਾ ਹੈ। 'ਬਹਾਦੁਰ ਸਿੰਘਣੀਆਂ', 'ਸਿੱਖ ਤੇ ਗੁਰਦਆਰੇ', 'ਸਿੱਖਾਂ ਦਾ ਰਾਜ ਕਿਵੇਂ ਗਿਆ' ਆਦਿਕ ਪੁਸਤਕਾਂ ਦਾ ਵਿਸ਼ੈ ਇਤਿਹਾਸ ਹੈ। 'ਸੰਤ ਗਾਥਾ', 'ਹਜ਼ਰਤ ਮੁਹੰਮਦ ਸਾਹਿਬ ਦਾ ਜੀਵਨ', 'ਸਵਰਗੀ ਜੀਵਨ' ਆਦਿਕ ਪੁਸਤਕਾਂ ਸਾਹਿਤਕ ਪੱਖੋਂ ਚੰਗੇਰੀ ਜੀਵਨੀ ਦੀਆਂ ਉਦਾਹਰਣਾਂ ਹਨ। ਇਸ ਤੋਂ ਬਿਨਾਂ ਆਪ ਨੇ ਖਾਲਸ ਵਾਰਤਕ ਦੀਆਂ ਦੋ ਪੁਸਤਕਾਂ 'ਅੰਨ੍ਹਾ ਚੂਹਾ ਥੋਥੇ ਧਾਨ' ਅਤੇ 'ਸ਼ਰਮ ਲਈ ਮੁਮੀਰੇ ਦਾ ਸੁਰਮਾ' ਵੀ ਲਿਖੀਆਂ।

ਆਪ ਦੀ ਸ਼ੈਲੀ ਵਿਚ ਭਾਈ ਵੀਰ ਸਿੰਘ ਜੀ ਦੇ ਬਹੁਤ ਸਾਰੇ ਪ੍ਰਭਾਵ ਲਭਦੇ ਹਨ। ਬੋਲੀ ਸਾਧਾਰਨ ਪੰਜਾਬੀ ਹੈ। ਵਿਚਾਰਧਾਰਾ ਸਿੱਖੀ ਹੈ।

**ਸਵਰਨ ਸਿੰਘ ਸਨੇਹੀ** (੧੪ ਅਗਸਤ ੧੯੪੩—ਜੀਵਤ)

ਜਨਮ ਸ਼ਾਹਪੁਰ ਤਹਿਸੀਲ ਫਿਲੌਰ ਵਿਚ ਹਕੀਮ ਦਲੀਪ ਸਿੰਘ ਦੇ ਘਰ ਹੋਇਆ। ਦਸਵੀਂ ਫਿਲੌਰ ਦੇ ਸਰਕਾਰੀ ਸਕੂਲੋਂ ਕੀਤੀ। ਫਿਰ ਹਿਕਮਤ ਸਿਖਣੀ ਸ਼ੁਰੂ ਕਰ ਦਿੱਤੀ।

ਆਪ ਬੱਚਿਆਂ ਲਈ ਕਵਿਤਾਵਾਂ, ਕਹਾਣੀਆਂ ਲਿਖਦੇ ਹਨ। ਅਕਾਦਮੀ ਆਫ ਨਾਮਧਾਰੀ ਕਲਚਰ ਦੇ ਸੰਸਥਾਪਕ ਹਨ।

**ਸਵਰਨ ਸਿੰਘ ਪਰਵਾਨਾ** (੧੯੩੮—ਜੀਵਤ)

ਆਪ ਸ੍ਰੀ ਗੋਕਲ ਚੰਦ ਦੇ ਸਪੁੱਤਰ ਅਤੇ ਲੁਧਿਆਣੇ ਦੇ ਨਿਵਾਸੀ ਹਨ। ਵਿਦਿਆ ਦਸਵੀਂ, ਗਿਆਨੀ ਤਕ ਹੈ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ। ਸਾਹਿਤਕ ਸਭਾਵਾ ਵਿਚ ਸਰਗਰਮ ਹਿੱਸਾ ਲੈਂਦੇ ਹਨ। 'ਸੋਨ ਸਵੇਰਾ' ਮਾਸਕ ਦੇ ਸੰਪਾਦਕ ਵੀ ਹਨ। ਆਪ ਦਾ

# ਹ

**ਹੰਸ, ਜਸਵੰਤ ਸਿੰਘ** (-੧੯੪੨-)

ਆਪ ਪੰਜਾਬੀ ਸਾਹਿਤ ਦੇ ਸ਼ਰੋਮਣੀ ਹਾਸਰਸਕਾਰਾਂ ਵਿਚੋਂ ਇਕ ਹਨ। ਆਪਦਾ ਕਹਾਣੀ-ਸੰਗ੍ਰਹਿ 'ਕੁਤ-ਕਤਾਰੀਆਂ' ੧੯੪੨ ਵਿਚ ਪ੍ਰਤਾਪ ਸਿੰਘ ਪ੍ਰੀਤਮ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤਾ।

ਆਪਦੇ ਹਾਸਰਸ ਵਿਚ ਬੌਧਿਕਤਾ ਪ੍ਰਧਾਨ ਹੈ।

**ਹੁਸੈਨ, ਮੁਹੰਮਦ, ਮੌਲਵੀ**

ਵੇਖੋ
ਮੁਹੰਮਦ ਹੁਸੈਨ ਮੌਲਵੀ

**ਹੰਸ ਰਾਜ ਕੌਸ਼ਲ**

ਵੇਖੋ
ਕੌਸ਼ਲ, ਹੰਸ ਰਾਜ

**ਹਕੀਕਤ ਰਾਹ ਮੁਕਾਮ ਸਿਵ ਨਾਭ ਰਾਜੇ ਕੀ**

ਇਸ ਰਚਨਾ ਵਿਚ ਕਿਸੇ ਸਿੱਖ ਦੁਆਰਾ ਲਿਖਿਆ ਸੰਗਲਾਦੀਪ ਦਾ ਸਫਰਨਾਮਾ ਦਰਜ ਹੈ। ਭਾਈ ਬੰਨੋ ਵਾਲੀ ਬੀੜ ਵਿਚ ਵੀ ਇਸਦੀ ਨਕਲ ਮਿਲਦੀ ਹੈ ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਅਰਜਨ ਸਾਹਿਬ ਨੇ ਭਾਈ ਪੈੜੇ ਨੂੰ 'ਪ੍ਰਾਣ-ਸੰਗਲੀ' ਨਾਂ ਦੀ ਪੋਥੀ ਲਿਆਉਣ ਲਈ ਸੰਗਲਾਦੀਪ ਭੇਜਿਆ ਸੀ। ਉਸ ਸਿੱਖ ਨੇ ਸਫਰਨਾਮਾ ਗੁਰੂ ਅਰਜਨ ਸਾਹਿਬ ਨੂੰ ਸੁਣਾਇਆ ਅਤੇ ਭਾਈ ਬੰਨੋ ਨੇ ਇਸ ਨੂੰ ਆਪਣੀ ਲਿਖੀ ਬੀੜ ਵਿਚ ਦਰਜ ਕੀਤਾ। (ਵੇਖੋ ਪੈੜਾ)

**ਹਕੀਮ ਦਰਵੇਸ਼** (ਸਤਾਰ੍ਹਵੀਂ ਸਦੀ)

ਜਨਮ : ਪਿੰਡ ਕੈਲਾਸ਼ਗੜ੍ਹ (ਕਲਾਸਵਾਲਾ) ਜ਼ਿਲਾ ਗੁਜਰਾਂਵਾਲਾ ਵਿਚ ੧੦੨੧ ਹਿਜਰੀ ਸਾਲ ਵਿਚ ਹੋਇਆ। ਆਪ ਆਯੁਰਵੈਦਿਕ ਅਤੇ ਯੂਨਾਨੀ ਹਿਕਮਤ ਦੇ ਮਾਹਰ ਸਨ। ਸ਼ਾਹ ਜਹਾਨ ਦੀ ਇਕ ਰਾਣੀ ਦਾ ਇਲਾਜ ਆਪ ਨੇ ਬੜੀ ਮੁਹਾਰਤ ਨਾਲ ਕੀਤਾ। ਕਿਉਂਕਿ ਫੋੜਾ ਰਾਣੀ ਦੀ ਛਾਤੀ ਉਤੇ ਸੀ ਅਤੇ ਉਸਦੇ ਨਾਰੀ ਅਸਤਿਤਵ ਦੀ ਰਾਖੀ ਸਬੰਧੀ ਅਧਿਕਾਰੀਆਂ ਦਾ ਰਵਈਆ ਵਹਿਮ-ਭਰਿਆ ਸੀ ਇਸ ਲਈ ਹਕੀਮ ਜੀ ਨੇ ਉਪਰੇਸ਼ਨ ਪੈਰ ਤੋਂ ਕੀਤਾ।

'ਕਿੱਸਾ ਹੀਰ ਰਾਂਝਾ' ਆਪਦੀ ਪ੍ਰਸਿੱਧ ਕਿਰਤ ਹੈ। ਹਿਕਮਤ ਸਬੰਧੀ ਆਪਨੇ ਬੜੀ ਸੌਖੀ ਬੋਲੀ ਵਿਚ ਬੜੇ ਕਾਰਗਰ ਟੋਟਕੇ ਕਵਿਤਾ ਵਿਚ ਰਚੇ ਹਨ ਜੋ ਕਿ ਹਕੀਮਾਂ ਵਿਚ ਬੜੇ ਪਰਵਾਨ ਹਨ।

**ਹੋਠੀ, ਮਲਕੀਅਤ ਸਿੰਘ** (੨੭ ਨਵੰਬਰ ੧੯੩੮— ਜੀਵਤ)

ਰਾਇਪੁਰ ਰਸੂਲਪੁਰ, ਜ਼ਿਲਾ ਜਲੰਧਰ ਦੇ ਨਿਵਾਸੀ ਸ: ਸੋਹਣ ਸਿੰਘ ਦੇ ਸਪੁਤਰ ਹਨ।

ਕਵਿਤਾਵਾਂ, ਕਹਾਣੀਆਂ ਦੇ ਸਰਗਰਮ ਲਿਖਾਰੀ ਹਨ।

**ਹਦਾਇਤ ਉੱਲਾ** (੧੮੩੮-੧੯੨੯)

ਹੀਰ ਵਾਰਸ ਨੂੰ ਵਧਾਉਣ ਵਾਲੇ ਹਦਾਇਤ ਉੱਲਾ ਦਾ ਜਨਮ ਲਾਹੌਰ ਦੀ ਚਾਬਕ ਸਵਾਰਾਂ ਗਲੀ ਵਿਚ

੧੮੩੮ ਦੇ ਸਾਲ ਇਕ ਮੁਗਲ ਘਰਾਣੇ ਵਿਚ ਹੋਇਆ। ਆਪ ਦਰਜ਼ੀ ਦਾ ਕੰਮ ਕਰਦੇ ਸਨ :

ਕੰਮ ਦਰਜ਼ੀ ਦਾ ਕਰੇ ਹਦਾਇਤ ਉੱਲਾ,
ਕੂਚੇ ਚਾਬਕ ਸਵਾਰਾਂ ਦੇ ਵਸਦਾ ਏ।

ਲਾਹੌਰ ਵਿਚ ਉਨੀਵੀਂ ਸਦੀ ਵਿਚ ਇਕ ਕਵੀ ਪ੍ਰਣਾਲੀ ਚਲੀ ਸੀ ਜਿਸਦੇ ਬਾਨੀ ਪਿਆਰੇ ਸਾਹਿਬ ਲਾਹੌਰੀ (੧੭੬੬-੧੮੬੦) ਸਨ । ਇਸ ਪ੍ਰਣਾਲੀ ਵਿਚ ਹਫਜ਼ ਵਲੀ ਅੱਲਾ ਸਜਨ ਜੱਟ ਵੀ ਪਰਸਿੱਧ ਹੋਏ। ਹਦਾਇਤ ਉੱਲਾ ਇਹਨਾਂ ਦੇ ਸ਼ਾਗਿਰਦ ਸਨ। ੧੨ ਜਨਵਰੀ ੧੬੨੬ ਨੂੰ ਹਦਾਇਤ ਉੱਲਾ ਦਾ ਦੇਹਾਂਤ ਹੋਇਆ।

ਡਾਕਟਰ ਮੋਹਣ ਸਿੰਘ ਦੀਵਾਨਾ ਅਨੁਸਾਰ ਮੂਲ ਹੀਰ ਵਾਰਸ ਵਿਚ ਤਕਰੀਬਨ ੬੫੦ ਬੰਦ ਹਨ ਪਰ ਹਦਾਇਤ ਉੱਲਾ ਹੁਰਾਂ ਦੇ ਵਾਧੇ ਨਾਲ ਇਹ ਗਿਣਤੀ ੬੭੭ ਤਕ ਪਹੁੰਚ ਗਈ। ਹੀਰ ਨੂੰ ਸਭ ਤੋਂ ਪਹਿਲਾਂ ਸੰਪਾਦਿਤ ਵੀ ਹਦਾਇਤ ਉੱਲਾ ਹੀ ਕੀਤਾ ਸੀ। ਪਰ ਇਸ ਵਾਧੇ ਵਿਚ ਵੀ ਮੂਲ ਵਰਗਾ ਸੁਆਦ ਹੈ ਤੇ ਨਿਖੇੜਾ ਕਰਨਾ ਬੜਾ ਮੁਸ਼ਕਲ ਹੈ। ਵਡੀ ਗਲ ਇਹ ਹੈ ਕਿ ਹਦਾਇਤ ਉਲਾ ਹੁਰਾਂ ਕਿੱਸੇ ਦੇ ਅੰਤ ਵਿਚ ਵਾਧੇ ਦਾ ਇਕਬਾਲ ਬੜੇ ਮਾਣ ਨਾਲ ਕੀਤਾ ਹੈ। ਇਸੇ ਵਾਧੇ ਨੂੰ ਮੌਲਿਕ ਸਮਝਣਾ ਪੈਂਦਾ ਹੈ।

ਇਸ ਤੋਂ ਬਿਨਾਂ ਆਪਦੀ ਮੌਲਿਕ ਰਚਨਾ ਵਿਚ ਗਿਆਰਾਂ ਸੀਹਰਫੀਆਂ, ਇਕ ਬਾਰਾਂ ਮਾਹ ਤੇ ਕਾਫੀ ਦੋਹਿੜੇ ਤੇ ਬੈਂਤ ਵੀ ਸ਼ਾਮਲ ਹਨ। ਫਾਰਸੀ ਲਿੱਪੀ ਵਿਚ ਆਪਦਾ ਇਕ ਦੀਵਾਨ ਵੀ ਪ੍ਰਕਾਸ਼ਿਤ ਹੋਇਆ ਹੈ।

ਹਦਾਇਤ-ਉੱਲਾ ਜੀ ਦੀ ਜੀਵਨ ਪ੍ਰਤੀ ਪਹੁੰਚ ਜਗੀਰਦਰਾਨਾ ਸਮਾਜ ਦੀ ਹੈ! ਵਧੇਰੇ ਮੁਹਾਰਤ ਸ਼ਿੰਗਾਰ ਰਸ ਤੇ ਹਿਜਰ ਦੇ ਬਿਆਨ ਵਿਚ ਹੈ। ਆਪਦਾ ਬਾਰਾਂ ਮਾਹ ਅਤੀਅੰਤ ਸੁੰਦਰ ਕਿਰਤ ਹੈ। ਸੀਹਰਫੀਆਂ ਦਾ ਮਾਧਿਅਮ ਬੈਂਤ ਹੈ। ਬਾਰਾਂ ਮਾਹ ਦੇ ਛੰਦ ਦੀਆਂ ਮਾਤਰਾਂ ਸੋਲ੍ਹਾਂ-ਚੌਦਾਂ (ਤੀਹ) ਹਨ।

ਹਦਾਇਤ ਉੱਲਾ ਜੀ ਨੇ ਕਿਉਂਕਿ ਹੀਰ ਵਾਰਸ ਵਿਚ ਸੁਚੇਤ ਤੇ ਸਪਸ਼ਟ ਵਾਧਾ ਕੀਤਾ ਹੈ, ਇਸ ਲਈ ਉਨ੍ਹਾਂ ਨੂੰ ਨਫਰਤ ਦੀ ਨਿਗਾਹ ਨਹੀਂ ਵੇਖਣਾ ਚਾਹੀਦਾ, ਜਾਪਦਾ ਹੈ ਕਿ ਇਸ ਵਾਧੇ ਨਾਲ ਉਹਨਾਂ ਆਪਣੀ ਤੁਲਨਾ ਵਾਰਸ ਨਾਲ ਕਰਨ ਦਾ ਯਤਨ ਕੀਤਾ ਹੈ।

**ਹਾਫਜ਼ ਮੁਹੰਮਦ** (੧੮੦੪-੧੮੬੫)

ਆਪਨੂੰ ਮੁਹੰਮਦ ਬਿਨ ਮੌਲਵੀ ਹਾਫਜ਼ ਮੁਹੰਮਦ 'ਬਾਰਕ ਅਲਾ' (ਪਿਤਾ) ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਆਧ ਲੱਖੋ ਕੇ, ਜ਼ਿਲਾ ਫਿਰੋਜ਼ਪੁਰ ਦੇ ਰਹਿਣ ਵਾਲੇ ਸਨ। ਦਸਿਆ ਜਾਂਦਾ ਹੈ ਕਿ ਆਪਨੂੰ ਕੁਰਾਨ ਮਜੀਦ ਜ਼ਬਾਨੀ ਯਾਦ ਸੀ। ਅਰਬੀ, ਫਾਰਸੀ ਅਤੇ ਉਰਦੂ ਦੀ ਵਿਦਵਤਾ ਵੀ ਆਪਦੀ ਸ਼ਖਸੀਅਤ ਦਾ ਇਕ ਅੰਗ ਸੀ। ਆਪ ਦਿੱਲੀ ਵਿਚ ਵੀ ਵਿਦਿਆ ਪਰਾਪਤ ਕਰਦੇ ਰਹੇ। ਬਾਅਦ ਵਿਚ ਪਿੰਡ ਆਕੇ ਆਪ ਹਿਕਮਤ, ਸ਼ਾਇਰੀ ਅਤੇ ਲੋਕ-ਸੇਵਾ ਨੂੰ ਸਮਰਪਿਤ ਹੋ ਗਏ। ਅਧਿਆਤਮਵਾਦ ਅਤੇ ਧਰਮ ਸੰਬੰਧੀ ਆਪਨੇ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ। ਮੌਲਵੀ ਨੂਰ ਮੁਹੰਮਦ, ਮੌਲਵੀ ਗੁਲਾਮ ਰਸੂਲ ਆਪਦੇ ਸਾਥੀ ਸਨ। ਮੌਲਵੀ ਮੁਹੀਉਲ ਦੀਨ, ਮੌਲਵੀ ਅਬਦੁਲ ਕਲਾਮ ਪੀਰ ਖਾਈ, ਮੌਲਵੀ ਸ਼ਾਅਦਾਜ਼, ਹਾਫਜ਼ ਗੁਲਾਮ ਰਸੂਲ ਵਜ਼ੀਰਾਬਾਦੀ, ਮੌਲਵੀ ਅਬੀਦ ਅਲ੍ਹਾ ਬਹਾਦਰਪੁਰੀ ਅਤੇ ਮੌਲਵੀ ਮਹਿਮੂਦਸ਼ਾਹ ਆਪਦੇ ਪਰਸਿੱਧ ਸ਼ਾਗਿਰਦਾਂ ਵਿਚੋਂ ਹਨ। ਫਾਰਸੀ-ਪਰਭਾਵਿਤ ਪੰਜਾਬੀ ਅਤੇ ਉਰਦੂ ਵਿਚ ਆਪਨੇ ਬਹੁਤ ਸਾਰੀਆਂ ਪੁਸਤਕਾਂਲਿਖੀਆਂ ਜਿਨ੍ਹਾਂ ਵਿਚੋਂ ਤਫਸੀਰ ਮੁਹੰਮਦੀ (੭ ਜਿਲਦਾਂ ਵਿਚ), ਜ਼ੀਨਤ ਅਲ ਸਲਾਮ (ਦੋ ਹਿਸਿਆਂ ਵਿਚ), ਅਹਿਵਾਲ ਆਲ

ਖਰਤ, ਅਨਵਾਇ ਮੁਹੰਮਦੀ, ਕਵਾਨੀਨ ਅਲਸਰਫ ਅਬਵਾਬ ਅਲਸਰਫ, ਖੋਜਾ ਨਾਮਾ, ਮਜਾਹਿਦਾ ਸਲਾਮ ਰਦੀਨਚਰੀ, ਸੈਫ ਅਲਸੰਤਾ, ਅਕਾਇਨ ਮੁਹੰਮਦੀ ਆਦਿਕ ਪਰਸਿੱਧ ਹਨ। ਇਹ ਪੁਸਤਕਾਂ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਛਪਕੇ ਵਿਕ ਚੁਕੀਆਂ ਹਨ। ਦਸਿਆ ਜਾਂਦਾ ਹੈ ਕਿ ਜ਼ੀਨਤਾ ਸਲਾਮ ਅਤੇ ਅਹਿਵਾਲ ਅਲਾਖਰਤ ਆਦਿਕ ਪੁਸਤਕਾਂ ਬਹੁਤ ਹੀ ਪਰਸਿੱਧ ਹੋਈਆਂ। ਇਨ੍ਹਾਂ ਦੀ ਅਥਾਹ ਲੋਕ ਪ੍ਰਿਅਤਾ ਨੂੰ ਮੁਖ ਰਖਦਿਆਂ ਹੋਰਾਂ ਨੇ ਵੀ ਇਸਦੀ ਰੀਸ ਕੀਤੀ।

ਆਪਦੀ ਸ਼ੈਲੀ ਉਤੇ ਮੁਸਲਮਾਨੀ ਅਤੇ ਫਾਰਸੀ ਪ੍ਰਭਾਵ ਤੀਬਰ ਹਨ। ਬੋਲੀ ਸਾਧਾਰਨ ਰੂਪ ਵਿਚ ਤਾਂ ਸ਼ੁਧ ਪੰਜਾਬੀ ਹੈ ਪਰ ਜਿਥੇ ਧਰਮ ਦੀ ਵਿਆਖਿਆ ਕਰਨੀ ਹੁੰਦੀ ਹੈ, ਉਥੇ ਇਕ ਦੰਮ ਔਖੀ ਹੋ ਜਾਂਦੀ ਹੈ।

ਅਹਿਵਾਲਾਲਾ ਖਰਤ ਵਿਚ ਆਪ ਕਿਆਮਤ ਦੇ ਆਦਿ ਸਬੰਧੀ ਲਿਖਦੇ ਹਨ :

...ਧਰਤੀ ਅੰਬਰ ਪਾਟਣ ਲਗਸਣ,
ਝੜ ਝੜ ਹੋਸਨ ਤਾਰੇ।
ਕੰਢੀਆਂ ਢਹਿ ਵੈਸਨ ਦਰਿਆਵਾਂ,
ਪਾਣੀ ਠਾਠਾਂ ਮਾਰੇ।

**ਹੈਬਾ, ਬਾਬਾ**

ਆਪ ਪਿੰਡ ਲਹਿਰ ਬੇਗਾ ਬਾਹੀਆ ਦੇ ਵਸਨੀਕ ਸਨ। ਅਧਿਆਤਮਵਾਦ ਦਾ ਅਨੁਭਵ ਹੋਣ ਕਾਰਨ ਆਪ ਸਾਹਿਤਕ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹੇ।

ਰਚਨਾ ਦਾ ਵਿਸਤਾਰ ਨਹੀਂ ਮਿਲਦਾ। ਇੰਨਾ ਹੀ ਪਤਾ ਲਗ ਸਕਿਆ ਹੈ ਕਿ ਆਪ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਕਈ ਕਾਪੀਆਂ ਦਾ ਲਿਖਾਈ ਕੀਤੀ। ਅਕਾਲੀ ਲਹਿਰ ਤੋਂ ਪਹਿਲੇਰੀਆਂ ਸਰਗਰਮੀਆਂ ਵਿਚ ਜ਼ੋਰਦਾਰ ਹਿੱਸਾ ਲੈਂਦੇ ਰਹੇ।

**ਹਬੀਬੁੱਲਾ, ਐਮ**

ਆਪਦਾ ਨਾਵਲ 'ਫਾਰੂਕੀ ਸੁਨਹਿਰੀ ਕੁੰਜੀ' ਤਾਜ ਬੁਕ ਡਿਪੋ ਲਾਹੌਰ ਨੇ ਫਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤਾ।

**ਹਮਦਮ ਉਸਤਾਦ**

ਆਪ ਦੀ ਕਾਵਿ-ਪੁਸਤਕ 'ਹੀਰਿਆਂ ਦੀ ਖਾਣ' ਗੁਰਦਿਆਲ ਸਿੰਘ ਐਂਡ ਸਨਜ਼ ਨੇ ਫਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੀ।

**ਹਮਦਮ ਬਾਬੂ**

ਵੇਖੋ
ਮੁਹੰਮਦ ਰਮਜ਼ਾਨ ਹਮਦਮ

**ਹਮਦਰਦ, ਨੁਸ਼ਹਿਰਵੀ**

ਵੇਖੋ
ਬੂਟਾ ਸਿੰਘ

**ਹਰਇੰਦਰ ਕੌਰ ਗਰੇਵਾਲ**

ਵੇਖੋ
ਗਰੇਵਾਲ, ਹਰਇੰਦਰ

**ਹਰਸਾ ਸਿੰਘ, ਚਾਤਰ** (-੧੦੪੩-)

ਆਪ ਦੀਆਂ ਹੇਠ ਲਿਖੀਆਂ ਚਾਰ ਕਾਵਿ-ਪੁਸਤਕਾਂ ਛਪ ਚੁਕੀਆਂ ਹਨ :

ਪ੍ਰਿਥਮ ਭਗੌਤੀ, ਲਹੂ ਦੀਆਂ ਧਾਰਾਂ, ਲਹੂ ਦੇ ਲੇਖ ਗੁਲਦਸਤਾ ਢਾਡੀ ਪ੍ਰਸੰਗ।

ਸਿੱਖ ਇਤਿਹਾਸ ਆਪਦਾ ਮਨ-ਪਸੰਦ ਵਿਸ਼ੈ ਹੈ।

**ਹੀਰਾ ਸਿੰਘ, ਸੰਤ** (੧੮੯੨-੧੯੧੮)

ਆਪ ਦਾ ਜਨਮ ਪਿੰਡ ਨੰਗਲ, ਜ਼ਿਲਾ ਲੁਧਿਆਣਾ

ਵਿਚ ੨੦ ਅਸੂ ੧੯੪੯ ਬਿਕ੍ਰਮੀ ਵਿਚ ਗਿਆਨੀ ਕਾਲਾ ਸਿੰਘ ਦੇ ਘਰ ਹੋਇਆ। ੧੧ ਕਤਕ ੧੯੭੫ ਬਿਕ੍ਰਮੀ ਵਿਚ ਆਪ ਚਲਾਣਾ ਕਰ ਗਏ। 'ਸਾਖੀ ਭਗਤ ਰਵਿਦਾਸ' ਆਪ ਦੀ ਪ੍ਰਸਿੱਧ ਪੁਸਤਕ ਹੈ।

**ਹੀਰਾ ਸਿੰਘ, ਦਰਦ** (੧੮੮੯-ਜੀਵਤ)

ਆਪਦਾ ਜਨਮ ਘਘਰੋਟ ਜ਼ਿਲ੍ਹਾ ਰਾਵਲ ਪਿੰਡੀ ਦੇ ਬ੍ਰਾਹਮਣ ਸਿੱਖ ਕਿਸਾਨ ਭਾਈ ਹਰੀ ਸਿੰਘ ਨਿਰੰਕਾਰੀ ਦੇ ਘਰ ਹੋਇਆ। ਤੀਜੀ ਜਮਾਤ ਤੋਂ ਹੀ ਆਪ ਜੀ ਕਵਿਤਾ ਲਿਖਣ ਲਗ ਪਏ ਸ਼ਨ। ਆਪਨੇ ਦਸਵੀਂ ਤੇ ਗਿਆਨੀ ਪੰਜਾਬ ਯੂਨੀਵਰਸਿਟੀ ਦੀ ਪਾਸ ਕੀਤੀ। ੧੯੦੮-੯ ਦੀ ਸਿੱਖ ਐਜੂਕੇਸ਼ਨਲ ਕਾਨਫਰੰਸ ਉਤੇ ਆਪ ਨੇ ਕਵਿਤਾ ਪੜ੍ਹੀ ਤੇ ਉਸ ਤੋਂ ਬਾਅਦ ਆਪ ਸਿੱਖ ਰਾਜਨੀਤੀ ਨਾਲ ਸੰਬੰਧਿਤ ਹਰ ਜਲਸੇ ਵਿਚ ਇਨਕਲਾਬੀ ਕਵਿਤਾਵਾਂ ਪੜ੍ਹਨ ਲਗ ਪਏ। ਆਪਦਾ ਪਹਿਲਾ ਉਪਨਾਮ 'ਦੁਖੀਆ' ਸੀ, ੧੯੧੮ ਵਿਚ ਆਪ ਨੇ 'ਦਰਦ' ਦਾ ਉਪਨਾਮ ਅਪਨਾ ਲਿਆ, ੧੯੦੭ ਵਿਚ ਚੁੰਗੀ ਕਲਰਕ ਅਤੇ ੧੯੧੦ ਵਿਚ ਪ੍ਰਾਇਮਰੀ ਸਕੂਲ ਦੇ ਸੰਸਥਾਪਕ ਤੇ ਅਧਿਆਪਕ ਰਹਿਣ ਪਿਛੋਂ ੧੯੧੨ ਵਿਚ ਆਪ ਰਾਵਲ ਪਿੰਡੀ ਦੇ ਇਕ 'ਗਿਆਨੀ ਕਾਲਜ' ਵਿਚ ਪੜ੍ਹਾਉਣ ਲਗ ਪਏ। ੧੯੨੦ ਵਿਚ ਆਪਨੇ ਸ: ਮੰਗਲ ਸਿੰਘ ਤੇ ਸ: ਸੁੰਦਰ ਸਿੰਘ ਲਾਇਲਪੁਰੀ ਨਾਲ ਰਲ ਕੇ ਲਾਹੌਰ ਤੋਂ ਅਕਾਲੀ ਅਖਬਾਰ ਜਾਰੀ ਕੀਤਾ ਤੇ ਇਸ ਨੂੰ ਮਾਸਟਰ ਤਾਰਾ ਸਿੰਘ ਦੀ ਸਰਪਰਸਤੀ ਹੇਠ ਲਿਆਂਦਾ। ਅਖਬਾਰ ਨਵੀਸੀ ਸਮੇਂ ਆਪ ਤਿੰਨ ਸਾਲ ਕੈਦ ਵੀ ਰਹੇ। ੧੯੨੪ ਵਿਚ ਆਪ ਨੇ ਮਾਸਕ 'ਫੁਲਵਾੜੀ' ਜਾਰੀ ਕੀਤਾ ਜੋ ਵੰਡ ਪਿਛੋਂ ਵੀ ਛੇ ਸਤ ਸਾਲ ਚਲਦਾ ਰਿਹਾ। ੧੯੨੫ ਵਿਚ ਆਪ ਨੇ ਚਾਤ੍ਰਿਕ, ਮੁਸ਼ਤਾਕ, ਕੁਸ਼ਤਾ ਆਦਿਕ ਸਜਣਾਂ ਦੇ ਸਹਿਯੋਗ ਨਾਲ 'ਪੰਜਾਬੀ ਸਭਾ' ਦੀ ਨੀਂਹ ਰਖੀ। ਆਪ ਸਿੱਖ ਲੀਗ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕਕਮੇਟੀ ਤੇ ਕਾਂਗਰਸ ਪਾਰਟੀ ਵਿਚ ਵੀ ਕੰਮ ਕਰਦੇ ਰਹੇ। ਆਪ ਚਾਰ ਵਾਰੀ ਜੇਲ੍ਹ ਜਾ ਕੇ ਕੁਲ ਛੇ ਸਾਲ ਕੈਦ ਰਹੇ। ਵੰਡ ਪਿਛੋਂ ਆਪ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਜਥੇਬੰਦ ਕੀਤੀ। ਆਪ ਪੰਜਾਬੀ ਸਾਹਿਤ ਅਕਾਦਮੀ ਦੇ ਮੀਤ ਪਰਧਾਨ ਹਨ। ਪੰਜਾਬ ਸਰਕਾਰ ਨੇ ੧੯੬੧ ਵਿਚ ਆਪ ਨੂੰ ੧੧੦੦ ਰੁਪੈ ਦੀ ਥੈਲੀ ਨਾਲ ਨਿਵਾਜਿਆ।

ਆਪ ਦੀ ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

੧. ਉਪਕਾਰਾਂ ਦੀ ਵੰਨਗੀ ਤੇ ਸਿੱਖ ਬਚਿਓ ਜਾਗੋ, ੨. ਦਰਦ ਸੁਨੇਹੇ (ਤਿੰਨ ਹਿੱਸੇ, ੧੯੧੯), ੩. ਹੋਰ ਅਗੇਰੇ (ਕਾਵਿ-ਸੰਗ੍ਰਹਿ ੧੯੧੯), ੪. ਚੋਣਵੇਂ ਦਰਦ ਸੁਨੇਹੇ (ਕਾਵਿ-ਸੰਗ੍ਰਹਿ ੧੯੫੨), ੫. ਕਿਸਾਨ ਦੀਆਂ ਆਹੀਂ (ਕਵਿਤਾ-ਕਹਾਣੀਆਂ), ੬. ਪੰਜਾਬੀ ਸਧਰਾਂ (ਸੰਪਾਦਿਤ ਕਹਾਣੀਆਂ), ੭. ਆਸ ਦੀ ਤੰਦ ਤੇ ਹੋਰ ਕਹਾਣੀਆਂ, ੮. ਨਵੀਨ ਭਾਰਤ ਦੇ ਰਾਜਸੀ ਆਗੂ (ਜੀਵਨੀਆਂ), ੯. ਪੰਜਾਬੀ ਸਾਹਿਤ ਦਾ ਇਤਿਹਾਸ ੧੦. ਸੋਸ਼ਲਿਜ਼ਮ ਕੀ ਹੈ (ਸਿਧਾਂਤ), ੧੨. ਪੰਥ ਧਰਮ ਤੇ ਰਾਜਨੀਤੀ, ੧੩. ਇਮਤਿਹਾਨੀ ਲੇਖ, ੧੪. ਮੇਰੀਆਂ ਕੁਝ ਇਤਿਹਾਸਕ ਯਾਦਾਂ (ਸਵੈ ਜੀਵਨਕ ਲੇਖ), ੧੫. ਮਲਾਇਆ ਦੀ ਯਾਤਰਾ।

ਮਾਰਕਸੀ ਅਗਰਗਾਮਤਾ, ਸਿੱਖੀ ਤੇ ਸਾਂਝੀ ਪੰਜਾਬੀਅਤ ਆਪ ਦੀ ਵਿਚਾਰਧਾਰਾ ਦੇ ਤਿੰਨ ਪੱਖ ਹਨ। ਕਵਿਤਾ ਵਿਚ ਆਪ ਰੂਪ ਵਲੋਂ ਰਵਾਇਤੀ ਤੇ ਵਿਚਾਰ ਵਲੋਂ ਅਗਰਗਾਮੀ ਹਨ। ਸਾਦਗੀ, ਠੇਠਤਾ ਅਤੇ ਪ੍ਰਮਾਣੀਕਤਾ ਆਪ ਦੀ ਵਾਰਤਕ ਦੇ ਕੁਝ ਗੁਣ ਹਨ। ਆਪ ਦੀ ਪਹੁੰਚ ਸਮਾਜ-ਵਿਗਿਆਨਕ ਹੈ। ਪੰਜਾਬੀ ਵਿਚ ਆਪ ਦਾ ਸਥਾਨ ਵਾਰਤਕਕਾਰ ਤੇ ਕਵੀ ਵਜੋਂ ਹੈ।

**ਹਰਕੇਵਲ ਸਿੰਘ ਕੇਵਲ** (੧੭ ਸਤੰਬਰ ੧੯੪੦-ਜੀਵਤ)

ਆਪ ਬੜਿੰਗ, ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਮਿਲਖਾ ਸਿੰਘ ਦੇ ਸਪੁਤਰ ਹਨ ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ ।

ਗਾਉਣ ਵਜਾਉਣ ਵਲ ਵੀ ਆਪ ਦਾ ਕਾਫੀ ਝੁਕਾਅ ਹੈ ।

**ਹਰਕਿਸ਼ਨ ਸਿੰਘ** (੧੯੧੦-ਜੀਵਤ)

ਆਪਦਾ ਜਨਮ ਜ਼ਿਲਾ ਸ਼ਾਹਪੁਰ ਦੇ ਪਿੰਡ ਮਿੱਠਾ ਟਿਵਾਣਾ ਵਿਚ ਹੋਇਆ । ਖਾਲਸਾ ਹਾਈ ਸਕੂਲ ਸਰਗੋਧਾ ਤੋਂ ਦਸਵੀਂ ਤੇ ਗੌਰਮਿੰਟ ਕਾਲਜ ਤੋਂ ਬੀ. ਏ. ਪਾਸ ਕਰਨ ਪਿਛੋਂ ਆਪਨੇ ੧੯੩੫ ਵਿਚ ਐਲ. ਐਲ. ਬੀ. ਕਰਕੇ ਵਕਾਲਤ ਆਰੰਭ ਕਰ ਦਿਤੀ । ਕਾਨੂੰਨ ਤੋਂ ਉਕਤਾ ਕੇ ਆਪ ਸਾਹਿਤ ਵਲ ਆ ਗਏ ਤੇ ਕੁਝ ਚਿਰ ਸਪਤਾਹਿਕ 'ਪ੍ਰੀਤ ਸੈਨਿਕ' ਦੇ ਸੰਪਾਦਕ ਵੀ ਰਹੇ । ਆਪਨੇ ੧੯੪੨, ੧੯੪੮ ਤੇ ੧੯੫੨ ਵਿਚ ਮਾਸਕ 'ਪੰਜਾਬੀ ਸਾਹਿਤ', ਸਪਤਾਹਿਕ 'ਆਸ਼ਾ' (ਬਾਅਦ ਵਿਚ ਦੈਨਿਕ) ਤੇ ਮਾਸਕ 'ਜੀਵਨ ਪ੍ਰਭਾਤ' ਨਾਵਾਂ ਦੇ ਪਰਚੇ ਕਰਮਵਾਰ ਜਾਰੀ ਕੀਤੇ ਪਰ ਆਰਥਿਕਤਾ ਨੇ ਆਪ ਤੋਂ ਇਹ ਕੰਮ ਛੁਡਾ ਕੇ ਰੁਜ਼ਗਾਰ ਲਈ ਇੰਗਲੈਂਡ ਭਿਜਵਾ ਦਿਤਾ ।

ਪਰਚਿਆਂ ਵਿਚ ਛਪੇ ਵਿਕੋਲਿਤਰੇ ਲੇਖ, 'ਹੇਰ ਫੇਰ' (ਟੈਗੋਰ ਦੇ ਨਾਵਲ ਨੌਕਾ ਡੂਬੀ ਦਾ ਅਨੁਵਾਦ), 'ਅਜ ਕਲ ਦੀ ਪੰਜਾਬੀ ਨਸਰ' (ਆਲੋਚਨਾ) 'ਨਵੇਂ ਮੋੜ ਨਵੇਂ ਰਾਹ (ਕਹਾਣੀਆਂ) 'ਕੋਲੋਂ ਤਕਿਆ ਲੈਨਿਨ' (ਜੀਵਨੀ) ਆਦਿਕ ਰਚਨਾਵਾਂ ਆਪਦੀ ਘਾਲਣਾ ਹਨ ।

ਪੰਜਾਬੀ ਪਤਰਕਾਰੀ ਤੇ ਆਲੋਚਨਾ ਦੇ ਖੇਤਰ ਵਿਚ ਆਪਦੀ ਚੰਗੀ ਮਾਨਤਾ ਹੈ ।

**ਹਰਕ੍ਰਿਸ਼ਨ ਸਿੰਘ ਬਾਵਾ**

ਵੇਖੋ
ਬਾਵਾ ਹਰਕ੍ਰਿਸ਼ਨ ਸਿੰਘ

**ਹਰਕਿਸ਼ਨ ਹਮਰਾਜ਼** (੧੫ ਮਈ ੧੯੩੭-ਜੀਵਤ)

ਆਪ ਪਿੰਡ ਸ਼ਰਾਇ-ਨੰਗਲ ਤਹਿਸੀਲ ਮੁਕਤਸਰ ਜ਼ਿਲਾ ਫੀਰੋਜ਼ਪੁਰ ਦੇ ਨਿਵਾਸੀ ਅਤੇ ਸ੍ਰੀ ਤੁਲਸੀ ਰਾਮ ਦਿਓਰਾ ਦੇ ਸਪੁੱਤਰ ਹਨ ।

ਆਪਦੀਆਂ ਕਵਿਤਾਵਾਂ ਅਤੇ ਕਹਾਣੀਆਂ ਅਗਰਗਾਮੀ ਧਾਰਾਂ ਦੀਆਂ ਹੁੰਦੀਆਂ ਹਨ ।

**ਹਰਚਰਨ ਸਿੰਘ ਨਿਰਮਾਣ** (੧੯੩੯—ਜੀਵਤ)

ਆਪਦਾ ਜਨਮ ਮੰਧਰਾ; ਜ਼ਿਲਾ ਰਾਵਲਪਿੰਡੀ ਵਿਚ ਸ: ਤਖਤ ਸਿੰਘ ਦੇ ਘਰ ਮਾਤਾ ਸ਼ਾਂਤੀ ਦੇਵੀ ਦੀ ਕੁਖੋਂ ਹੋਇਆ । ਬਚਪਨ ਲਾਹੌਰ ਬਿਤਾਇਆ । ਦਸਵੀਂ ਡਿਜਕੋਟ ਖ਼ਾਲਸਾ ਸਕੂਲ ਅਲਾਵਲਪੁਰ ਤੋਂ, ਬਾਰ੍ਹਵੀਂ ਦੁਆਬਾ ਕਾਲਜ ਜਲੰਧਰੋਂ, ਚੌਧਵੀਂ ਖ਼ਾਲਸਾ ਕਾਲਜ ਜਲੰਧਰੋਂ ਅਤੇ ਸੋਲ੍ਹਵੀਂ (ਪੰਜਾਬੀ) ਪੰਜਾਬ ਯੂਨੀਵਰਸਿਟੀ ਪੰਜਾਬੀ ਵਿਭਾਗ ਚੰਡੀਗੜ੍ਹ ਕੀਤੀ । ਬੀ. ਏ. (ਆਨਰਜ਼) ਵਿਚ ਫਸਟ ਕਲਾਸ ਫਸਟ ਰਹੇ । ੧੯੬੪ ਵਿਚ ਜੇ. ਡੀ. ਕੀਤੀ ।

੧੯੫੭ ਤੋਂ ਪਤਰਕਾਰੀ ਦੇ ਖੇਤਰ ਵਿਚ ਸੰਪਾਦਕ, ਉਪ ਸੰਪਾਦਕ ਚਲੇ ਆ ਰਹੇ ਹਨ । ਸਿਹਤ ਵਿਭਾਗ, ਪੰਜਾਬ ਚੰਡੀਗੜ੍ਹ ਵਿਚ ਮੈਡੀਕਲ ਪਤਰ ''ਹੈਲਥ ਸੈਂਟਰ'' ਦੇ ਸੰਪਾਦਕ ਵੀ ਰਹਿ ਚੁਕੇ ਹਨ ਕੁਝ ਚਿਰ ਪੰਜਾਬ ਯੂਨੀਵਰਸਿਟੀ ਵਿਚ ਪਤਰਕਾਰੀ ਦੇ ਲੈਕਚਰਰ ਰਹਿਣ ਪਿਛੋਂ ਆਪ ਫਿਰ ਸਰਗਰਮ ਪੰਜਾਬੀ ਪਤਰਕਾਰੀ ਵਿਚ ਕੰਮ ਕਰਨ ਲਗ ਪਏ ਹਨ । ਪੰਜਾਬੀ ਦੁਨੀਆਂ ਆਲੋਚਨਾ ਸੈਨਿਕ ਸਮਾਚਾਰ ਜਾਗ੍ਰਤੀ ਸਾਹਿਤ ਸਮਾਚਾਰ ਆਦਿਕ ਵਿਚ ਆਪਦੀਆਂ

ਰਚਨਾਵਾ ਛਪਦੀਆਂ ਰਹਿੰਦੀਆਂ ਹਨ ।

**ਹਰਜੰਤ ਸਿੰਘ** (੯ ਸਤੰਬਰ ੧੯੩੫—ਜੀਵਤ)

ਆਪ ਠਸਕਰ ਨਿਵਾਸੀ ਸ: ਬਹਾਦਰ ਸਿੰਘ ਦੇ ਸਪੁਤ੍ਰ ਹਨ । ਪੰਜਾਬੀ ਦੀ ਐਮ. ਏ. ਹਨ ।

ਵਾਰਾਂ ਅਤੇ ਲੋਕ-ਗੀਤਾਂ ਦੀ ਰਚਨਾ ਅਤੇ ਪੇਸ਼ਕਾਰੀ ਵਿਚ ਆਪ ਮੁਹਾਰਤ ਰਖਦੇ ਹਨ ।

**ਹਰਜੀਤ ਸਿੰਘ ਫੋਟੋਗ੍ਰਾਫਰ** (੨੫ ਸਤੰਬਰ ੧੯੨੬ —ਜੀਵਤ)

ਆਪ ਅੰਮ੍ਰਿਤਸਰ ਨਿਵਾਸੀ ਸ: ਸ਼ਰੈਣ ਸਿੰਘ ਦੇ ਸਪੁਤਰ ਹਨ । ਆਦਮਪੁਰ ਜ਼ਿਲਾ ਜਲੰਧਰ ਵਿਚ ਫੋਟੋਗ੍ਰਾਫੀ ਦਾ ਕੰਮ ਕਰਦੇ ਹਨ ।

'ਖ਼ਿਆਲ' ਨਾਂ ਦੇ ਵਾਰਤਕ ਰੂਪ ਵਿਚ ਆਪ ਨੇ ਆਪਣੇ ਅਨੁਭਵਾਂ ਨੂੰ ਅੰਕਿਤ ਕੀਤਾ ਹੈ ।

ਚਿਤਰਕਾਰ ਵੀ ਹਨ ।

**ਹਰਜੀਤ ਸਿਘ ਫਲੋਰਾ** (੨੫ ਨਵੰਬਰ ੧੯੩੩—ਜੀਵਤ)

ਆਪ ਪਿੰਡ ਲੁਹਾਰਾਂ ਜ਼ਿਲਾ ਜਲੰਧਰ ਦੇ ਨਿਵਾਸੀ ਸ: ਅਰਜਨ ਸਿੰਘ ਫਲੋਰਾ ਦੇ ਸਪੁਤਰ ਹਨ । ਵਿਦਿਆ ਬੀ. ਏ., ਬੀ. ਟੀ. ਤਕ ਹੈ ।

ਨਾਟਕਾਰੀ ਨਾਲ ਗੂੜ੍ਹਾ ਨਿਹੁੰ ਹੈ । ਕਵਿਤਾਵਾਂ ਵੀ ਲਿਖਦੇ ਹਨ ।

**ਹਰਜਿੰਦਰ ਸਿੰਘ ਧੀਰ** (੧੯੪—ਜੀਵਤ)

ਆਪ ਸ: ਗੁਰਮੁਖ ਸਿੰਘ ਦੇ ਸਪੁਤਰ ਅਤੇ ਸ਼ਿਮਲੇ ਦੇ ਪ੍ਰੈਸ-ਵਰਕਰ ਹਨ ।

ਪੰਜਾਬੀ ਕਵਿਤਾਵਾਂ ਲਿਖਦੇ ਹਨ । ਨਾਟਕਕਾਰੀ ਨਾਲ ਖਾਸ ਨਿਹੁੰ ਹੈ ।

**ਹਰਜਿੰਦਰ ਰੁਪਾਲਵੀ** (੫ ਜੂਨ ੧੯੩੬—ਜੀਵਤ)

ਆਪ ਸ: ਜਸਵੰਤ ਸਿੰਘ ਦੇ ਸਪੁਤਰ ਹਨ । ਜ਼ਿਲਾ ਅੰਬਾਲੇ ਵਿਚ ਇਕ ਪੰਚਾਇਤ ਅਫ਼ਸਰ ਰਹਿ ਚੁਕੇ ਹਨ । ਵਿਦਿਆ ਐਮ. ਏ. (ਮਨੋ-ਵਿਗਿਆਨ ਤੇ ਸਮਾਜ ਵਿਗਿਆਨ) ਬੀ. ਟੀ. ਤਕ ਹੈ ।

ਪੰਜਾਬੀ ਵਿਚ ਗੀਤ, ਕਵਿਤਾਵਾਂ ਲਿਖਦੇ ਹਨ ।

**ਹਰਦਿਆਲ ਸਿੰਘ ਸੀਤਲ** (੭ ਅਕਤੂਬਰ ੧੯੪੩—ਜੀਵਤ)

ਜਨਮ ਅੰਮ੍ਰਿਤਸਰ ਵਿਚ ਡਾਕਟਰ ਜਗਤ ਸਿੰਘ ਬੰਸਲ ਦੇ ਘਰ ਹੋਇਆ ।

ਪੰਜਾਬੀ ਪਤਰਾਂ ਵਿਚ ਆਪਦੀ ਗਲਪ ਅਤੇ ਕਾਵਿ ਰਚਨਾਵਾਂ ਛਪ ਚੁਕੀਆਂ ਹਨ । ਆਲੋਚਨਾ ਨਾਲ ਵੀ ਆਪਨੂੰ ਮੱਸ ਹੈ ।

ਆਪਦੇ ਪਿਤਾ ਆਪਣੇ ਸਮੇਂ ਦੇ ਪ੍ਰਸਿਧ ਸ਼ਾਇਰ ਸਨ ।

**ਹਰਦਿਆਲ ਸਿੰਘ ਹਮਦਰਦ** (੧੬ ਅਪੜੈਲ ੧੯੩੭—ਜੀਵਤ)

ਆਪ ਪਿੰਡ ਮੁਨਕ ਕਲਾਂ ਜ਼ਿਲਾ ਹੁਸ਼ਿਆਰਪੁਰ ਦੇ ਨਿਵਾਸੀ ਸ੍ਰੀ ਰਾਮ ਚੰਦ ਦੇ ਸਪੁੱਤਰ ਅਤੇ ਪੰਜਾਬ ਸਰਕਾਰ ਦੇ ਗ੍ਰਾਮ ਸੇਵਕ ਹਨ ।

ਆਪ ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ ।

**ਹਰਦਿਤ ਸਿੰਘ ਢਿਲੋਂ**

ਵੇਖੋ
ਢਿਲੋਂ, ਹਰਦਿਤ ਸਿਘ

**ਹਰਿੰਦਰ ਸਿੰਘ ਸਿੱਧੂ**

ਵੇਖੋ
ਸਿੱਧੂ, ਹਰਿੰਦਰ ਸਿੰਘ

**ਹਰਿੰਦਰ ਸਿੰਘ ਰੂਪ** (੧੯੦੭—੨੫ ਜਨਵਰੀ ੧੯੫੪)

ਜਨਮ ਅੰਮ੍ਰਿਤਸਰ ਵਿਚ ਗਿਆਨੀ ਗੁਰਬਖਸ਼ ਸਿੰਘ (ਬੈਰਿਸਟਰ ਐਟ ਲਾਅ) ਦੇ ਘਰ ਹੋਇਆ। ਮਹਾਰਾਜਾ ਰਣਜੀਤ ਸਿੰਘ ਸਮੇਂ ਵੀ ਆਪਦੇ ਖਾਨਦਾਨ ਨੂੰ ਵਿਦਿਅਕ ਤੇ ਧਾਰਮਕ ਖੇਤਰ ਵਿਚ ਚੰਗਾ ਨਾਂ ਪ੍ਰਾਪਤ ਸੀ। ਧਨੀ ਰਾਮ ਚਾਤ੍ਰਿਕ ਆਪਦੇ ਉਸਤਾਦ ਸਨ ।

ਜਾਇਦਾਦ ਦੇ ਝਗੜੇ ਵਿਚ ਆਪ ਆਪਣੇ ਮਤਰਏ ਭਰਾ ਦੀ ਗੋਲੀ ਦਾ ਨਿਸ਼ਾਨਾ ਬਣ ਗਏ।

'ਨਵੇਂ ਪੰਧ', 'ਡੂੰਘੇ ਵਹਿਣ', 'ਰੂਪ ਲੇਖਾ', 'ਲੋਕ ਵਾਰਾਂ', 'ਸ਼ਾਨਾਂ ਮੇਰੇ ਪੰਜਾਬ ਦੀਆਂ' ਆਦਿਕ ਪੁਸਤਕਾਂ ਵਿਚ ਆਪਦੀਆਂ ਅਨੁਭਵੀ ਕਵਿਤਾਵਾਂ ਅਤੇ ਵਾਰਾਂ ਦਰਜ ਹਨ। 'ਸਿੱਖ ਤੇ ਸਿੱਖੀ', 'ਭਾਈ ਗੁਰਦਾਸ' ਵਿਚ ਧਾਰਮਕ ਆਲੋਚਨਾ ਅਤੇ 'ਚੁੰਝਾਂ ਪਉਂਚੇ' ਤੇ 'ਰੂਪ ਰੰਗ' ਵਿਚ ਹੌਲੇ ਵਿਅੰਗਾਤਮਕ ਲੇਖ ਦਰਜ ਹਨ।

ਆਪ ਮੂਲ ਰੂਪ ਵਿਚ ਪ੍ਰਗਤੀਵਾਦੀ ਕਵੀ ਤੇ ਵਿਦਵਾਨ ਹਨ। ਆਪਦਾ ਰਚਨਾ ਵਿਚ ਸਮਾਜਵਾਦ ਅਤੇ ਗੁਰਮਤ ਦਾ ਸੰਜੋਗ ਹੈ। ਆਪਦੀ ਸ਼ੈਲੀ ਵਿਚ ਪੰਜਾਬੀਅਤ ਬੜੀ ਤੀਬਰ ਹੈ।

**ਹਰਦੇਵ ਬਾਹਰੀ**

ਵੇਖੋ

ਬਾਹਰੀ ਹਰਦੇਵ

**ਹਰਨਾਮ ਸਿੰਘ ਉਪਦੇਸ਼ਕ** (੧੮੬੩-੧੯੨੧)

ਆਪਦਾ ਜਨਮ ਬਟਾਲਾ ਜ਼ਿਲਾ ਗੁਰਦਾਸਪੁਰ ਵਿਚ ਭਾਈ ਚਤਰ ਦੇ ਘਰ ਹੋਇਆ। ਧਾਰਮਕ ਸਥਾਨਾਂ ਤੋਂ ਆਪਨੇ ਪੰਜਾਬੀ, ਹਿੰਦੀ, ਉਰਦੂ ਤੇ ਫ਼ਾਰਸੀ, ਚਾਰੇ ਜ਼ਬਾਨਾਂ ਪੜ੍ਹੀਆਂ। ਆਪਨੇ ਸਿੰਘ ਸਭਾ ਲਹਿਰ ਵਿਚ ਮੋਢੀ-ਉਪਦੇਸ਼ਕ ਦੇ ਤੌਰ ਉਤੇ ਨੰਮ ਕੀਤਾ। ਭਾਈ ਮਈਆ ਸਿੰਘ, ਭਾਈ ਜਵਾਹਰ ਸਿੰਘ ਤੇ ਭਾਈ ਦਿੱਤ ਸਿੰਘ, ਪੰਥਕ ਲਹਿਰਾਂ ਵਿਚ ਆਪਦੇ ਸਾਥੀ ਸਨ। ੧੯੦੨ ਵਿਚ ਆਪਨੇ ਅੰਮ੍ਰਿਤਸਰੋਂ 'ਖਾਲਸਾ ਧਰਮ ਦੀਪਕ' ਨਾਂ ਦਾ ਪਤਰ ਜਾਰੀ ਕੀਤਾ। ਮਿਰਜ਼ਾ ਗੁਲਾਮ ਅਹਿਮਦ ਕਾਦੀਆਂ ਨਾਲ ਆਪਦੀਆਂ ਗੋਸ਼ਟੀਆਂ ਅਕਸਰ ਹੁੰਦੀਆਂ ਰਹਿੰਦੀਆਂ ਸਨ। ਆਪਦੇ ਦੋ ਪੱਤਰ ਹਨ : ਡਾਕਟਰ ਸਾਧੂ ਸਿੰਘ ਤੇ ਸ: ਸ਼ਮਸ਼ੇਰ ਸਿੰਘ।

ਉਪਦੇਸ਼ਕ ਜੀ ਦਾ ਸਥਾਨ, ਇਕ ਪਤਰਕਾਰ ਵਜੋਂ, ਨਿਵੇਕਲਾ ਹੈ।

**ਹਰਨਾਮ ਸਿੰਘ ਗਿਆਨੀ** (-੧੯੪੪-)

'ਈਰਖਾ ਦੀ ਅੱਗ' ਅਤੇ 'ਮੋਹਿਨ ਭਰਾ' ਆਪਦੇ ਦੋ ਨਾਵਲ ਹਨ। ਸਟੀਕ ਵਾਰਾਂ ਭਾਈ ਗੁਰਦਾਸ, ਹਰਨਾਮ ਸਿੰਘ ਜੋਗਿੰਦਰ ਸਿੰਘ ਅੰਮ੍ਰਿਤਸਰ ਨੇ ੧੯੪੪ ਵਿਚ ੬੮੪ ਹਫ਼ਿਆਂ ਦੇ ਵਿਸਤਾਰ ਸਹਿਤ ਪ੍ਰਕਾਸ਼ਤ ਕੀਤੀ।

**ਹਰਨਾਮ ਸਿੰਘ ਚਿਤਰਕਾਰ** (੨ ਅਕਤੂਬਰ ੧੯੦੪—ਜੀਵਤ)

ਜਨਮ : ਪਿੰਡ ਰੋਡੇ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਚ ਸ: ਤਾਰਾ ਸਿੰਘ ਦੇ ਘਰ ਮਾਤਾ ਇੰਦਰ ਕੌਰ ਦੀ ਕੁਖੋਂ ਹੋਇਆਂ। ਪਿਤਾ, ਮਾਤਾ ਅਤੇ ਸਰਪ੍ਰਸਤ ਭਰਾ ਆਪਦੀ ਮਾਸੂਮ ਉਮਰ ਵਿਚ ਹੀ ਵਾਰੀ ਵਾਰੀ ਪ੍ਰਲੋਕ ਸਿਧਾਰ ਗਏ। ਗੁਰਦੁਆਰੇ ਦੇ ਮਹੰਤ ਫੁਮਣ ਸਿੰਘ ਨੇ ਆਪ ਨੂੰ ਮੁਢਲੀ ਸਿਖਿਆ ਦਿਤੀ। ਮੋਗੇ ਦੇ ਦੇਵ ਸਮਾਜ ਕਾਲਜੋਂ ਦਸਵੀਂ ਦੀ ਵਿਦਿਆ ਪ੍ਰਾਪਤ ਕਰਨ ਪਿਛੋਂ ਲਾਹੌਰ ਦੇ ਮਿਓ ਕਾਲਜ ਆਫ ਆਰਟਸ ਵਿਚੋਂ ਕਲਾ ਦਾ ਡਿਪਲੋਮਾ ਪ੍ਰਾਪਤ ਕੀਤਾ ਤੇ ਫਿਰ ਆਪ ਦੂਰ ਨੇੜੇ ਦੇ ਸਕੂਲਾਂ ਵਿਚ ਡਰਾਇੰਗ

ਮਾਸਟਰ ਰਹੇ। ਹ. ਸ. ਰਾਹੀ ਦੇ ਨਾਮ ਹੇਠ ਆਪ ਦੀਆਂ ਰਚਨਾਵਾਂ 'ਸੁਖ ਜੀਵਨ' ਅਤੇ ਹੋਰ ਰਸਾਲਿਆਂ ਵਿਚ ਛਪਦੀਆਂ ਰਹੀਆਂ। 'ਨਵੀਂ ਦੁਨੀਆਂ' ਨਾਂ ਦਾ ਰਸਾਲਾ ਵੀ ਕੁਝ ਚਿਰ ਚਲਾਂਦੇ ਰਹੇ ਤੇ ਮਹਿਕਮਾ ਪੰਜਾਬੀ ਪਟਿਆਲਾ ਦੇ ਮੈਂਬਰ ਵੀ ਰਹੇ। 'ਫੋਟੋਗਰਾਫੀ' ਉਤੇ ਆਪ ਨੇ ਇਕ ਕਿਤਾਬ ਪੰਜਾਬੀ ਵਿਚ ਲਿਖੀ ਜੋ ਕਾਫੀ ਪ੍ਰਚਲਿਤ ਹੋਈ। ਕਾਫੀ ਚਿਰ ਤਕਲੀਫਾਂ-ਭਰੀ ਸਕੂਲ ਦੀ ਨੌਕਰੀ ਕਰਨ ਪਿਛੋਂ ੩੦ ਨਵੰਬਰ ੧੯੫੯ ਵਾਲੇ ਦਿਨ ਰੀਟਾਇਰ ਹੋ ਗਏ। ਅਜ ਕਲ ਆਪ ਮੋਗੇ ਵਿਚ ਫੋਟੋਗ੍ਰਾਫੀ ਕਰਦੇ ਹਨ। ਆਪ ਭਾਰਤੀ ਫਿਲਾਸਫੀਕਲ ਸੁਸਾਇਟੀ ਦੇ ਮੈਂਬਰ ਹਨ। ਅੰਗਰੇਜ਼ੀ ਵਿਚ ਆਪ ਨੇ ਨਾਵਲ 'ਨੂਰ ਜਹਾਨ' ਵੀ ਲਿਖਿਆ ਹੈ।

ਆਪ ਦੀ ਰਚਨਾ ਦਾ ਅਸਲੀਅਤ ਨਾਲ ਬਹੁਤ ਘਟ ਰਿਸ਼ਤਾ ਹੈ। ਨਾਵਲਾਂ ਦਾ ਵਾਤਾਵਰਣ ਸ਼ਾਹੀ ਮਹਿਲਾਂ ਤਕ ਸੀਮਤ ਹੈ। ਆਦਰਸ਼ਵਾਦੀ ਪਿਆਰ ਦੀ ਪਵਿੱਤਰਤਾ ਦੀ ਵਡਿਆਈ ਕੀਤੀ ਗਈ ਹੈ। ਕਰਾਮਾਤੀ ਅੰਸ਼ ਦੇ ਝਉਲੇ ਵੀ ਪੈਂਦੇ ਹਨ।

**ਹਰਨਾਮ ਸਿੰਘ ਬਗਲੀ ਵਾਲੇ** (ਜੀਵਤ)

ਆਪ ਦਾ ਜਨਮ ਪਿੰਡ ਬਗਲੀ, ਜ਼ਿਲਾ ਲੁਧਿਆਣਾ ਵਿਚ ਸੰਤ ਸਧ ਸਿੰਘ ਦੇ ਘਰ ਹੋਇਆ।

(੧) ਹੀਰੇ ਹਿੰਦ (੨) ਖੂਨ ਖਾਲਸਾ, (੩) ਨਿਰਭੈ ਅਕਾਲੀ, (੪) ਤਵਾਰੀਖ ਗੁਰਦੁਆਰਾ, (੫) ਹੁਸਨ ਕਟਾਰ, (੬) ਸੋਹਣੀ ਮਹੀਂਵਾਲ. (੭) ਤਾਜ ਦਿੱਲੀ (੮) ਪ੍ਰਿਥਵੀ ਰਾਜ, (੯) ਸੰਤ ਖਾਲਸਾ ਆਦਿਕ ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ।

**ਹਰਨਾਮ ਸਿੰਘ ਸ਼ਾਨ** (੧੯੨੭-ਜੀਵਤ)

ਆਪ ਦਾ ਜਨਮ ਧਮਿਆਲ, ਜ਼ਿਲਾ ਰਾਵਲਪਿੰਡੀ ਵਿਚ ਸ: ਸਰਬਨ ਸਿੰਘ ਕੌਛੜ ਦੇ ਘਰ ਹੋਇਆ। ਡੈਲੀਜ਼ ਹਾਈ ਸਕੂਲ ਰਾਵਲ ਪਿੰਡੀ ਤੋਂ ਮੈਟਰਿਕ ਤੇ ਗਾਰਡਨ ਕਾਲਜ ਰਾਵਲਪਿੰਡੀ ਤੋਂ ਐਮ. ਏ. ਕੀਤੀ। ਆਪ ਨੇ ੧੯੪੨ ਵਿਚ ਗਿਆਨੀ, ੧੯੪੩ ਵਿਚ ਮੁਨਸ਼ੀ ਫਾਜ਼ਲ, ੧੯੪੭ ਵਿਚ ਐਮ. ਏ. (ਅੰਗਰੇਜ਼ੀ) ਅਤੇ ੧੯੫੩ ਵਿਚ ਐਮ. ਏ. (ਪੰਜਾਬੀ) ਕੀਤੀ। ਸੰਤਾਲੀ ਤੋਂ ਬਾਦ ਆਪ ਕਝ ਚਿਰ ਸ਼ਿਮਲੇ ਵਿਚ ਪੰਜਾਬ ਵਿਧਾਨ ਸਭਾ ਦੇ ਅਨੁਵਾਦਕ ਤੇ ਰੀਪੋਰਟਰ ਰਹੇ। ੧੯੪੮ ਵਿਚ ਪੰਜਾਬ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਉਰੋ ਵਿਚ ਆਪ ਸੰਪਾਦਕ ਲਗ ਗਏ। ੧੯੫੯ ਤੋਂ ੧੯੬੨ ਤਕ ਆਪ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਰੀਡਰ ਦਾ ਕੰਮ ਕਰਦੇ ਰਹੇ ਤੇ ਨਾਲ ਨਾਲ ਮੁਖ ਅਧਿਆਪਕ ਦੀ ਸੇਵਾ ਵੀ ਨਿਭਾਂਦੇ ਰਹੇ। ਆਪ ਬਹੁਤ ਸਾਰੀਆਂ ਸਕਾਵਾਂ ਦੇ ਅਹੁਦੇਦਾਰ ਹਨ।

ਆਪ ਦੀਆਂ ਮੁਢਲੀਆਂ ਕਵਿਤਾਵਾਂ ਪ੍ਰੀਤਮ, ਫੁਲੇਰਨ ਤੇ 'ਗਾਰਡੋਨੀਅਨ' ਆਦਿਕ ਪਤਰਾਂ ਵਿਚ ਛਪਦੀਆਂ ਰਹੀਆਂ। 'ਸਸੀ ਹਾਸ਼ਮ' ਆਪ ਦੀ ਪ੍ਰਸਿਧ ਪੁਸਤਕ ਹੈ। ਇਸ ਵਿਚ ਆਪ ਨੇ ਸਸੀ ਸਬੰਧੀ ਖਾਸ ਕਰਕੇ ਅਤੇ ਕਿੱਸਾ-ਕਾਵਿ ਸਬੰਧੀ ਆਮ ਕਰਕੇ ਵਧ ਤੋਂ ਵਧ ਮਸਾਲਾ ਇਕੱਤਰ ਕੀਤਾ ਹੈ ਅਤੇ ਹਾਸ਼ਮ ਦੀ ਜ਼ਿੰਦਗੀ ਤੇ ਵਿਚਾਰਧਾਰਾ ਦਾ ਵਿਸਤਾਰ ਸਹਿਤ ਮੂਲ ਅੰਕਣ ਕੀਤਾ ਹੈ। 'ਮਹਾਂ-ਪੁਰਸ਼' ਨਾਂ ਦਾ ਜੀਵਨੀ ਸੰਗ੍ਰਹਿ ਆਪ ਨੇ ਪ੍ਰਿੰਸੀਪਲ ਤੇਜਾ ਸਿੰਘ ਦੇ ਨਾਲ ਰਲ ਕੇ ਲਿਖਿਆ ਹੈ। 'ਘਰ ਦਾ ਪਿਆਰ' ਅਤੇ 'ਕੁਦਰਤੀ ਇਲਾਜ' (ਮਹਾਤਮਾ ਗਾਂਧੀ) ਆਪ ਦੀਆ ਦੋ ਹੋਰ ਕਿਰਤਾਂ ਹਨ। ਯੂਨੀਵਰਸਿਟੀ ਵਲੋਂ ਆਪ ਨੇ ਪੁਸ਼ਪਾਵਲੀ, ਨੀਹਾਂ ਤੇ ਮਮਟੀਆਂ, ਕਾਵਿ-ਕਿਆਰੀ, ਅਮਰ ਬਾਣੀ, ਚੋਣਵੀਂ ਗੱਦ, ਸਾਹਿਤਵਾੜੀ, ਦੁਮੇਲ, ਸੰਝ ਸਵੇਰਾ, ਸੂਫੀ ਕਾਵਿ-ਸੰਗ੍ਰਹਿ, ਚੋਣਵੀਆਂ ਕਹਾਣੀਆਂ

ਪੁਰਾਣਾ ਮਾਖਿਓਂ, ਰੰਗ-ਬਰੰਗੀਆਂ, ਵੰਨ-ਸੁਵੰਨੀਆਂ ਚਠਿਆਂ ਦੀ ਵਾਰ, ਪ੍ਰੋ: ਪੂਰਨ ਸਿੰਘ ਦੀ ਚੋਣਵੀਂ ਕਵਿਤਾ, ਪਰਖ ਪੜਚੋਲ ਆਦਿਕ ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਪੰਜਾਬੀ ਸਾਹਿਤ ਦੇ ਵਖੋ ਵਖ ਰੂਪਾਂ ਨੂੰ ਵਖੋ ਵਖ ਪੁਸਤਕਾਂ ਵਿਚ ਤਰਤੀਬਵਾਰ ਪੇਸ਼ ਕੀਤਾ ਗਿਆ ਹੈ। 'ਬਰਗੋ-ਗੁਲ' ਨਾਂ ਦੀ ਪੁਸਤਕ ਵੀ ਆਪ ਨੇ ਸੰਪਾਦਿਤ ਕੀਤੀ ਹੈ। ਆਪ ਦੀ ਵਾਰਤਕ ਸ਼ੈਲੀ ਕਾਵਿ-ਮਈ, ਅਲੰਕਾਰਾਂ-ਭਰੀ ਤੇ ਸ਼ਬਦ ਪ੍ਰਯੋਗਾਂ ਨਾਲ ਅਮੀਰ ਹੈ। ੧੯੬੨—੬੪ ਵਿਚ ਅਧਿਅਨ ਛੁਟੀ ਉਤੇ ਵਲਾਇਤ ਗਏ ।

**ਹਰਨਾਮ ਕੌਰ** (੧੮੬੭-ਜੀਵਤ)

ਆਪ ਦਾ ਜਨਮ ਅੰਮ੍ਰਿਤਸਰ ਵਿਖੇ ਸ: ਜੀਵਨ ਸਿੰਘ ਮਾਲਕ 'ਖਾਲਸਾ ਸੇਵਕ' ਦੇ ਘਰ ਹੋਇਆ। ਆਪ ਦਾ ਵਿਆਹ ੬ ਦਸੰਬਰ ੧੮੧੫ ਨੂੰ ਨਾਭੇ ਦੇ ਵਿਦਵਾਨ ਭਾਈ ਕਾਨ ਸਿੰਘ ਦੇ ਸਪੁਤਰ ਸ: ਭਗਵੰਤ ਸਿੰਘ ਉਰਫ ਹਰੀ ਜੀ ਨਾਲ ਹੋਇਆ। ਆਪਦੇ ਪਿਤਾ ਵੀ ਸਮੇਂ ਦੇ ਪ੍ਰਸਿੱਧ ਪਤਰਕਾਰ ਸਨ। ਸੋ ਆਪ ਦਾ ਮਾਹੌਲ ਸਾਰੀ ਉਮਰ ਸਾਹਿਤਕ ਰਿਹਾ। ਭਾਈ ਵੀਰ ਸਿੰਘ ਤੇ ਪ੍ਰੋ: ਪੂਰਨ ਸਿੰਘ ਦੀ ਨੇੜਤਾ ਨੇ ਆਪ ਵਿਚਲੀ ਪ੍ਰਤਿਭਾ ਨੂੰ ਬਾਲਗ ਬਣਾ ਦਿਤਾ। ਆਪ ਦੀਆਂ ਕਵਿਤਾਵਾਂ ਬਹੁਤ ਸਾਰੇ ਮਾਸਕ ਪਤਰਾਂ ਤੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣੀਆਂ। ਆਪ ਦੀ ਨਿੱਕੀ ਭੈਣ ਵੀ ਕਵਿੱਤਰੀ ਹੈ।

'ਅਰਸ਼ੀ ਕਲੀਆਂ' ਆਪ ਦੀਆਂ ਤੇ ਆਪ ਦੀ ਭੈਣ ਦੀਆਂ ਕਵਿਤਾਵਾਂ ਦਾ ਸਾਂਝਾ ਸੰਗ੍ਰਹਿ ਹੈ। ਇਸ ਪੁਸਤਕ ਦਾ ਮੁਖ ਬੰਦ ਪ੍ਰੋ: ਪੂਰਨ ਸਿੰਘ ਨੇ ਬੜੇ ਦਿਲ ਨਾਲ ਲਿਖਿਆ ਹੈ। ਆਪ ਦੀ ਸ਼ੈਲੀ ਅਧਿਆਤਮ, ਪਿਆਰ, ਦਰਦ, ਬਿਰਹਾ ਤੇ ਖੁਸ਼ੀ ਦੇ ਅਨੁਭਵਾਂ ਨੂੰ ਮੌਲਿਕ ਬਿੰਬਾਂ, ਦ੍ਰਿਸ਼ ਵਰਨਣਾਂ ਤੇ ਪੂਰਨ ਸਿੰਘ-ਵੀਰ ਸਿੰਘ ਧਾਰਾ ਦੇ ਛਾਇਆਵਾਦੀ ਪ੍ਰਭਾਵਾਂ ਨੂੰ ਉਲੀਕਦੀ ਹੈ। ਆਪ ਦੀ ਬੋਲੀ ਅਤਿ ਮਿੱਠੀ ਤੇ ਠੇਠ ਹੈ।

**ਹਰਨਾਮ ਦਾਸ ਸਹਿਰਾਈ** (੧੫ ਅਪਰੈਲ ੧੯੨੧—ਜੀਵਤ)

ਜਨਮ ਰਾਜਾ ਸਾਂਸੀ, ਜ਼ਿਲਾ ਅੰਮ੍ਰਿਤਸਰ ਵਿਚ ਲਾਲਾ ਮੰਤ ਰਾਮ ਦੇ ਘਰ ਹੋਇਆ। ਵਿਦਿਆ ਅਠਵੀਂ ਤਕ ਪ੍ਰਾਪਤ ਕੀਤੀ। ਮਾਤ ਬੋਲੀ ਦੇ ਗੂੜ੍ਹ ਗਿਆਨ ਦੇ ਇਲਾਵਾ ਉਰਦੂ, ਫਾਰਸੀ, ਹਿੰਦੀ, ਬੰਗਾਲੀ। ਸਿੰਧੀ ਆਦਿਕ ਬੋਲੀਆਂ ਦੀ ਜਾਣਕਾਰੀ ਵੀ ਆਪਦੀ ਸ਼ਖਸੀਅਤ ਵਿਚ ਸ਼ਾਮਲ ਹੈ। ਕੋਇਟੇ ਦੇ ਭੁਚਾਲ ਵਿਚ ਘਰ ਬਰਬਾਦ ਹੋਇਆ ਤੇ ਆਪ ਲਾਇਲਪੁਰ ਕਾਟਨ ਮਿਲ੍ਹ ਵਿਚ ਆ ਨੌਕਰ ਹੋਏ, ਲਾਹੌਰ ਵਿਚ ਵੀ ਤਕਨੀਕੀ ਮਜ਼ਦੂਰ ਰਹੇ। ਨੈਰੋਬੀ, ਮੰਡਾਸਾ, ਸਿੰਘਾਪੁਰ, ਕਾਬਲ, ਕੰਧਾਰ, ਗਜ਼ਨੀ; ਮੱਕਾ ਮਦੀਨਾ, ਕਰਬਲਾ ਆਦਿਕ ਦਾ ਰਟਨ ਵੀ ਆਪ ਦੇ ਅਨੁਭਵ ਦਾ ਇਕ ਹਿੱਸਾ ਹੈ।

ਵੰਡ ਪਿਛੋਂ ਆਪ ਨੇ ਜਾਲੰਧਰ ਵਿਚ ਲੋਹੇ ਦਾ ਇਕ ਨਿੱਕਾ ਕਾਰਖਾਨਾ ਖੋਲ੍ਹਿਆ, ਜੋ ਕਿ ਹੁਣ ਤਕ ਚਲ ਰਿਹਾ ਹੈ। ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ:

ਨਾਵਲ : ੧. ਬਿਰਾਜ ਬਹੂ; ੨. ਨਵੇਂ ਲੋਕ, ੩. ਲੋਹਗੜ੍ਹ, ੪. ਪੱਥਕ, ੫. ਸਵੈਦ ਪੋਸ਼, ੬. ਅੱਧੀ ਰਾਤ, ੭. ਡਾਚੀ;

ਕਹਾਣੀ-ਸੰਗ੍ਰਹਿ : ੮. ਕਲਪਨਾ, ੯. ਨਵੇਂ ਹਾਕਮ

ਨਾਟਕ : ੧੦. ਘਰ ਦੀ ਲਕਸ਼ਮੀ, ੧੧. ਕਲਸ਼, ੧੨. ਰਖੜੀ, ੧੩. ਸ਼ਕੁੰਤਲਾ ਆਦਿਕ।

**ਹਰਨਾਲ, ਅਰਜਨ, ਦੇਵ** (੭ਜੂਨ ੧੯੪੨-ਜੀਵਤ)

ਆਪ ਸ੍ਰੀ ਭੀਮ ਸੈਨ ਹਰਨਾਲ ਦੇ ਸਪੁਤਰ ਅਤੇ

ਲੁਧਿਆਣੇ ਦੇ ਨਿਵਾਸੀ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਹਰਬੰਸ**

ਵੇਖੋ

ਕਲਸਹਾਰ

**ਹਰਬੰਸ ਸਿੰਘ** (੮ ਅਕਤੂਬਰ, ੧੯੦੭--ਜੀਵਤ)

ਜਨਮ ਹਾਫਿਜ਼ਾਬਾਦ (ਪਛਮੀ ਪਾਕਿਸਤਾਨ) ਵਿਚ ਸ੍ਰੀ ਮਖਣ ਸਿੰਘ ਦੇ ਘਰ ਹੋਇਆ। ਅਲਾਹਾਬਾਦ ਬੰਗਲੌਰ ਤੋਂ ਪਸ਼ੂਪਾਲਨ ਦੀ ਵਿਦਿਆ (I.D.I.) ਪ੍ਰਾਪਤ ਕਰਨ ਪਿਛੋਂ ੧੯੩੧ ਤੋਂ ੧੯੪੫ ਤਕ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪਸ਼ੂਪਾਲਨ (ਡੇਰੀਇੰਗ-ਆਦਿਕ) ਦੇ ਅਧਿਆਪਕ ਰਹੇ। ਅਜ ਕਲ ਭਾਰਤ ਸਰਕਾਰ ਦੇ ਅਧੀਨ ਪਸ਼ੂ-ਪਾਲਨ ਦੇ ਵਿਸ਼ੇਸ਼ਗ ਹਨ। ਬਹੁਤ ਸਾਰੀਆਂ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਤੇ ਸਕਿਆਚਾਰਕ ਸਭਾਵਾਂ ਦੇ ਸਰਗਰਮ ਮੈਂਬਰ ਹਨ। ਨਵੀਂ ਦਿੱਲੀ ਰਹਿੰਦੇ ਹਨ।

'ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ' (ਆਲੋਚਨਾ, ੧੯੪੦), ''ਧਰਤੀ ਮਾਤਾ'' (ਪਰਲ ਸ. ਬੱਕ ਦੀ ''ਗੁਡ ਅਰਥ'' ਦਾ ਅਨੁਵਾਦ, ੧੯੪੭), ''ਗਊ-ਪਾਲਣ'' (ਸੂਚਨਾ, ੧੯੫੧), ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ'' (੧੯੫੪), ਆਦਿਕ ਪੁਸਤਕਾਂ ਆਪਦੀ ਪੰਜਾਬੀ ਰਚਨਾ ਵਿਚ ਸ਼ਾਮਿਲ ਹਨ।

'ਵੀਰ ਵਚਨਾਵਲੀ' ਅਤੇ 'ਗੁਰੂ ਨਾਨਕ ਚਮਤਕਾਰ' --ਭਾਈ ਵੀਰਸਿੰਘ ਦੀਆਂ ਰਚਨਾਵਾਂ ਨੂੰ ਆਪਨੇ ਹਿੰਦੀ ਵਿਚ ਸੰਪਾਦਿਤ ਕੀਤਾ।

ਅੰਗ੍ਰੇਜ਼ੀ ਵਿਚ ਆਪਨੇ ਦੋ ਪੁਸਤਕਾਂ ''ਭਾਈ ਵੀਰ ਸਿੰਘ ਐਂਡ ਹਿਜ਼ ਵਰਕਸ' (੧੯੫੨), 'ਮੈਸਿਜ ਆਫ ਸਿਖਿਜਮ' ਸੰਪਾਦਿਤ ਕਰਕੇ ਛਪਵਾਈਆਂ।

ਪਸ਼ੂਪਾਲਨ ਬਾਰੇ ਵੀ ਆਪਦੀਆਂ ਸੂਚਨਾ-ਪੁਸਤਕਾਂ ਕਾਫੀ ਗਿਣਤੀ ਵਿਚ ਮਿਲਦੀਆਂ ਹਨ।

ਆਪਦਾ ਸਥਾਨ ਇਕ ਵਿਦਿਆਕਾਰ ਵਜੋਂ ਵਧੇਰੇ ਹੈ।

**ਹਰਬੰਸ ਸਿੰਘ ਅਰਮਾਨੀ** (੧੯੩੪-ਜੀਵਤ)

ਜਨਮ ਹੋਤੀ ਮਰਦਾਨ ਵਿਖੇ ਸ. ਸਰਦਾਰ ਸਿੰਘ ਦੇ ਘਰ ਹੋਇਆ। ਆਪਦੀ ਵਿਦਿਅਕ ਯੋਗਤਾ ਦਸਵੀਂ ਤੇ ਗਿਆਨੀ ਤਕ ਹੈ। ਅਜ ਕਲ ਪਟਿਆਲੇ ਦੇ ਨੇੜੇ ਇਕ ਸਰਕਾਰੀ ਸਕੂਲ ਵਿਚ ਅਧਿਆਪਕ ਹਨ। ''ਰਿਸ਼ਮਾਂ'' ਮਾਸਕ ਪਤਰ ਦੇ ਬਾਨੀ ਸੰਪਾਦਕ ਵੀ ਆਪ ਹੀ ਹਨ। ''ਪੱਥਰ ਬੋਲ ਪਏ'' (ਕਾਵਿ-ਸੰਗ੍ਰਹ) ''ਝੁੰਮਰ'' (ਸਪਤਾਹਿਕ ਗਜ਼ਲ-ਸੰਗ੍ਰਹ) ਆਦਿਕ ਪੁਸਤਕਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਹਰਬੰਸ ਸਿੰਘ ਸੁਰਜੀਤ** (-੧੯੫੧-)

''ਝੁਲਦੇ ਨਿਸ਼ਾਨ'' ਅਤੇ ''ਵਿਛੜੀਆਂ ਕੂੰਜਾਂ'' ਦੋ ਕਾਵਿ-ਸੰਗ੍ਰਹ ਆਪਦੀ ਰਚਨਾ ਵਿਚ ਸ਼ਾਮਲ ਹਨ। ਆਪ ਦੀ ਦੂਜੀ ਪੁਸਤਕ ਪੰਜਾਬੀ ਟ੍ਰੈਕਟ ਸੁਸਾਇਟੀ ਨੇ ਜਨਵਰੀ ੧੯੫੧ ਵਿਚ ਪ੍ਰਕਾਸ਼ਿਤ ਕੀਤੀ।

**ਹਰਬੰਸ ਸਿੰਘ, ਡਾਕਟਰ** (੧੯੩੦-ਜੀਵਤ)

ਆਪ ਸ. ਦਸੌਂਧਾ ਸਿੰਘ ਦੇ ਸਪੁੱਤਰ ਅਤੇ ਲੁਧਿਆਣੇ ਦੇ ਨਿਵਾਸੀ ਹਨ। ਐਮ. ਏ. ਹਨ। ਪੀ. ਐਚ. ਡੀ. ਆਪਨੇ ਅਮਰੀਕਾ ਤੋਂ ਕੀਤੀ।

ਲੁਧਿਆਣਿਓਂ ਨਿਕਲਦੇ ਅੰਗ੍ਰੇਜ਼ੀ ਪਾਖਿਕ ਪਤਰ ਸਟੂਡੈਂਟ ਗਾਈਡ' ਦੇ ਮੁਖ ਸੰਪਾਦਕ ਹਨ। ਅਜ ਕਲ ਅਮਰੀਕਾ ਵਿਚ ਹੀ ਰਹਿੰਦੇ ਹਨ।

ਆਪਦੀਆਂ ਅੰਗ੍ਰੇਜ਼ੀ ਵਿਚ ਕਈ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ।

ਪੰਜਾਬੀ ਵਿਚ ਨਿਬੰਧ ਲਿਖਦੇ ਹਨ।

**ਹਰਬੰਸ ਸਿੰਘ ਦਿਲ** (੧੨ ਫਰਵਰੀ ੧੯੩੦-ਜੀਵਤ)

ਆਪ ਆਦਮਪੁਰ ਜ਼ਿਲਾ ਜਾਲੰਧਰ ਦੇ ਨਿਵਾਸੀ ਸ. ਜੋਗਿੰਦਰ ਸਿੰਘ ਬੈਂਸ ਦੇ ਸਪੁੱਤਰ ਹਨ।

ਕਾਫੀ ਚਿਰ ਉਰਦੂ ਸਪਤਾਹਿਕ 'ਹਰੀਜਨ'' ਦੇ ਸੰਪਾਦਕ ਵੀ ਰਹੇ ਹਨ।

ਪੰਜਾਬੀ ਦੇ ਪ੍ਰਸਿੱਧ ਰਸਾਲਿਆਂ ਵਿਚ ਆਪਦੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ। ਉਲ੍ਹਾਂਭੇ, ਤਾਰਿਆਂ ਦੀ ਲੋਅ ਅਤੇ ''ਧਰਤੀ ਦੇ ਗੀਤ'' ਆਪਦੀਆਂ ਗੀਤਾਵਲੀਆਂ ਹਨ। ਅਜ ਕਲ ਅਜੀਤ ਵਿਚ ਉਪ ਸੰਪਾਦਕ ਹਨ।

**ਹਰਬੰਸ ਸਿੰਘ ਵਿਰਕ**

ਵੇਖੋ

ਵਿਰਕ. ਹਰਬੰਸ ਸਿੰਘ

**ਹਰਿਭਜਨ ਸਿੰਘ** (੧੮ ਅਗਸਤ, ੧੯੨੦—ਜੀਵਤ)

ਜਨਮ : ਲਮਡਿੰਗ, ਆਸਾਮ ਵਿਚ ਸ: ਗੰਡਾ ਸਿੰਘ ਦੇ ਘਰ ਹੋਇਆ। ਆਪਦੀ ਵਿਦਿਆ ਵਿਚ ਐਮ. ਏ. ਪੀ. ਐਚ. ਡੀ. ਦੀ ਯੋਗਤਾ ਅਤੇ ਹਿੰਦੀ, ਪੰਜਾਬੀ ਅਤੇ ਪਛਮੀ ਸਾਹਿਤਾਂ ਦੀ ਵਿਦਵਤਾ ਸ਼ਾਮਲ ਹੈ। ਅਜ ਕਲ੍ਹ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਅਤੇ ਹਿੰਦੀ ਦੇ ਅਧਿਆਪਕ ਹਨ।

ਲਾਸਾਂ, ਤਾਰ ਤੁਪਕਾ, ਅਧ ਰੈਣੀ ਆਦਿਕ ਮੌਲਿਕ ਕਾਵਿ-ਸੰਗ੍ਰਹਿ ''ਮੇਰੇ ਵਿਸ਼ਵ-ਵਿਦਿਆਲੇ'' ਅਤੇ ''ਈਡੀਪਸ ਕਾਲੋਸ'' ਆਦਿਕ ਅਨੁਵਾਦ ਆਪ ਦੀ ਰਚਨਾ ਵਿਚ ਸ਼ਾਮਲ ਹਨ। ਸਤਾਰ੍ਹਵੀਂ-ਅਠ੍ਹਾਰਵੀਂ ਸਦੀ ਦੇ 'ਗੁਰਮੁਖੀ ਲਿੱਪੀ ਵਿਚਲੇ ਹਿੰਦੀ ਸਾਹਿਤ' ਬਾਰੇ ਵੀ ਆਪਨੇ ਇਕ ਪਰਬੰਧ (ਥੀਸਿਸ) ਲਿਖਿਆ ਹੈ।

ਆਪਨੂੰ ਪੰਜਾਬੀ ਦੇ ਸਰਬੋਤਮ ਕਵੀਆਂ ਵਿਚ ਗਿਣਿਆ ਜਾਂਦਾ ਹੈ। ਕੌਮਾਂਤਰੀ ਰਾਜਨੀਤੀ ਨੂੰ ਆਪ ਮਨੁਖਵਾਦੀ ਦ੍ਰਿਸ਼ਟੀ ਨਾਲ ਵੇਖਦੇ ਹਨ ਅਤੇ 'ਅਮਨ' ਅਤੇ 'ਅਕਾਲ' ਆਪਦੇ ਪਿਆਰੇ ਵਿਸ਼ੇ ਹਨ। ਮਨੁੱਖ ਦੀ ਕਰਤਾਰੀ ਸ਼ਕਤੀ ਆਪਨੂੰ ਆਸ਼ਾਵਾਦੀ ਬਣਾਉਂਦੀ ਹੈ।

ਜੀਉਂਦੀ ਜ਼ਿੰਦਗੀ ਵਿਚੋਂ ਚੁਣੀ ਬਿੰਬਾਵਲੀ ਆਪਦੀ ਸ਼ੈਲੀ ਦਾ ਵਿਸ਼ੇਸ਼ ਪੱਖ ਹੈ।

**ਹਰਭਜਨ ਸਿੰਘ ਹਸਰਤ** (੩੦ ਦਸੰਬਰ ੧੯੩੯—ਜੀਵਤ)

ਜਨਮ ਸੁਰ ਸਿੰਘ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਕਾਫ਼ੀ ਚਿਰ ਆਪ ਪੰਜਾਬ ਅਤੇ ਬੰਬਈ ਵਿਚ ਸਾਹਿਤਕ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹੇ। ਫਿਲਮੀ ਵਪਾਰਵਾਦੀਆਂ ਵਲੋਂ ਉਚਾਟ ਹੋਣ ਪਿਛੋਂ ਅਜ ਕਲ ਆਪ ਫਿਰ ਪਿੰਡ ਆ ਗਏ ਹਨ।

'ਮਤਲਬੀ ਦੁਨੀਆਂ' ਨਾਂ ਦੀ ਪੁਸਤਿਕਾ ਵਿਚ ਆਪਦੀਆਂ ਪੰਜਾਬੀ ਕਵਿਤਾਵਾਂ ਮਿਲਦੀਆਂ ਹਨ। ਉਰਦੂ ਵਿਚ ਵੀ ਆਪਨੇ ਢੇਰ ਰਚਨਾ ਕੀਤੀ ਹੈ।

**ਹਰਭਜਨ ਸਿੰਘ ਗਿਆਨੀ** (੧੬ ਸਤੰਬਰ ੧੯੦੬—ਜੀਵਤ)

ਜਨਮ ਭਰੋਮਪੁਰਾ ਜ਼ਿਲਾ ਜਲੰਧਰ ਵਿਖੇ ਸ: ਠਾਕਰ ਸਿੰਘ ਰਿਅੈਤ ਦੇ ਘਰ ਹੋਇਆ। ਦਸਵੀਂ ਗਿਆਨੀ ਕਰਨ ਪਿਛੋਂ ਓਵਰਸੀਅਰੀ ਕੀਤੀ। ੧੯੨੬ ਤੋਂ ੩੪ ਤੱਕ ਰਾਮਗੜ੍ਹੀਆ ਇੰਜੀਨੀਅਰਿੰਗ ਕਾਲਜ ਵਿਚ ਅਧਿਆਪਕ ਰਹੇ। ਆਪ ਦੀ ਪੱਕੀ ਰਿਹਾਇਸ਼ ਫਗਵਾੜੇ ਹੈ। ਕਾਫੀ ਚਿਰ ''ਕੌਮੀ ਸੰਦੇਸ਼'' ਦੇ

ਸੰਪਾਦਕ ਵੀ ਰਹੇ ।

''ਸਾਡੇ ਸਾਕ ਸਬੰਧ'' ਆਪਦੀ ਪ੍ਰਕਾਸ਼ਿਤ ਪੁਸਤਕ ਹੈ ।

**ਹਰਭਜਨ ਸਿੰਘ ਚੇੜਾ**

ਵੇਖੋ

ਚੇੜਾ, ਹਰਭਜਨ ਸਿੰਘ

**ਹਰਭਜਨ ਸਿੰਘ ਨਿੱਮਰ** (੧ ਜਨਵਰੀ ੧੯੪੨—ਜੀਵਤ)

ਆਪ ਕਲਿਆਨਪੁਰ ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਮਹਿੰਦਰ ਸਿੰਘ ਨਿੱਮਰ ਦੇ ਸਪੁੱਤਰ ਹਨ ।

ਪੰਜਾਬੀ ਵਿਚ ਕਵਿਤਾਵਾਂ ਦੀ ਰਚਨਾ ਕਰਦੇ ਹਨ ।

**ਹਰਭਜਨ ਸਿੰਘ ਪਰਦੇਸੀ** (੧੩ ਦਸੰਬਰ ੧੯੪੧—ਜੀਵਤ)

ਆਪ ਸ: ਹੀਰਾ ਸਿਘ ਦੇ ਸਪੁੱਤਰ ਅਤੇ ਜਲੰਧਰ ਦੇ ਨਿਵਾਸੀ ਹਨ । ਪਿਛੋਂ ਕੁਹਾਟ ਦੇ ਹਨ ।

ਪੰਜਾਬੀ ਅਤੇ ਹਿੰਦੀ ਵਿਚ ਕਹਾਣੀਆਂ ਲਿਖਦੇ ਹਨ । ਆਪਦੀਆਂ ਰਚਨਾਵਾਂ ਪ੍ਰਸਿਧ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ । ਆਪਦੀ ਵਿਦਿਆ ਐਮ. ਏ. (ਅਰਥ ਸ਼ਾਸਤਰ), ਬੀ. ਟੀ. ਹੈ । ਅਜ ਕਲ ਜਲੰਧਰ ਲਾਗੇ ਸਕੂਲ ਅਧਿਆਪਕ ਹਨ ।

**ਹਰਭਜਨ ਸਿੰਘ ਮਾਂਗਟ**

ਵੇਖੋ

ਮਾਂਗਟ, ਹਰਭਜਨ ਸਿੰਘ

**ਹਰਮੰਦਰ ਸਿੰਘ** (੧੯੦੨—ਜੀਵਤ)

ਜਨਮ ਸ਼ਾਹਪੁਰ, ਜ਼ਿਲਾ ਸਰਗੋਧਾ ਵਿਚ ਸ: ਭਗਵਾਨ ਸਿੰਘ ਦੇ ਘਰ ਮਾਤਾ ਜਮਨਾ ਬਾਈ ਦੀ ਕੁਖੋਂ ਹੋਇਆ । ਖਾਲਸਾ ਸਕੂਲ ਚੱਕ ੨੯ ਦਖਣੀ (ਸਰਗੋਧਾ), ਖਾਲਸਾ ਹਾਈ ਸਕੂਲ ਸ਼ਾਹਪੁਰ, ਬਹਾਦਰਗੜ੍ਹ (ਰੁਹਤਕ) ਸਰਕਾਰੀ ਹਾਈ ਸਕੂਲ ਲੁਧਿਆਣੇ ਵਿਚ ਅਧਿਆਪਕ ਰਹਿਣ ਪਿਛੋਂ ਆਪ ਫ਼ੀਰੋਜ਼ਪੁਰ ਜ਼ਿਲੇ ਵਿਚ ਸਕੂਲਾਂ ਦੇ ਸਹਾਇਕ ਇੰਸਪੈਕਟਰ ਅਤੇ ਫਿਰ ਸਰਕਾਰੀ ਹਾਈ ਸਕੂਲ ਭਦੌੜ ਸੰਗਰੂਰ ਦੇ ਮੁਖ ਅਧਿਆਪਕ ਰਹੇ । ਵਿਦਿਆ ਐਮ. ਏ. ਪੰਜਾਬੀ ਤਕ ਹੈ ।

'ਛੇ ਇਕਾਂਗੀ ਨਾਟਕ', 'ਸੁਹਲ ਸਧਰਾਂ' (ਕਹਾਣੀ ਸੰਗ੍ਰਹਿ) ਅਤੇ 'ਨਵੀਨ ਚਿੱਠੀ ਪਤਰ' ਆਦਿਕ ਪੁਸਤਕਾਂ ਅਤੇ ਪੰਜਾਬੀ ਤੇ ਅੰਗ੍ਰੇਜ਼ੀ ਪਤਰਾਂ ਵਿਚ ਛਪੀਆਂ ਰਚਨਾਵਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ । ਆਪ ਨੇ ''ਆਦਿ ਗ੍ਰੰਥ ਦੀ ਬਿੰਬਾਵਲੀ'' ਉਤੇ ਇਕ ਪਰਬੋਧ (ਥੀਸਿਸ) ਵੀ ਲਿਖਿਆ ਹੈ ।

**ਹਜ਼ਾਰਾ ਸਿੰਘ, ਹਮਦਮ** (੧੯੦੬—ਜੀਵਤ)

ਜਨਮ ਜਨੇਤਪੁਰਾ, ਜ਼ਿਲਾ ਫਿਰੋਜ਼ਪੁਰ ਵਿਚ ਸ: ਗੁਰਦਿਤ ਸਿੰਘ ਦੇ ਘਰ ਮਾਤਾ ਅਰੂੜ ਕੌਰ ਦੀ ਕੁਖੋਂ ਹੋਇਆ । ਪਿੰਡੋ ਚੌਥੀ ਤੇ ਲੁਧਿਆਣਿਓਂ ਦਸਵੀਂ ਕਰਨ ਪਿਛੋਂ ਐਫ. ਸੀ. ਕਾਲਜ ਲਾਹੌਰ ਵਿਚ ਦਾਖਲ ਹੋਏ ਤੇ ਉਚੇਰੀ ਪੜ੍ਹਾਈ ਵਿਚ ਛਡ ਕੇ ਇਨਕਲਾਬੀ ਸਰਗਰਮੀਆਂ ਵਿਚ ਸ਼ਾਮਲ ਹੋ ਗਏ । ਆਪ ਦੇ ਭਰਾ ਸ: ਪੂਰਨ ਸਿੰਘ ਕੌਮਾ ਗਾਟਾ ਮਾਰੂ ਦੇ ਸਟੇਰ ਕੀਪਰ ਸਨ, ਉਹਨਾਂ ਦੀ ਪਰੇਰਨਾ ਓਤੇ, ਕਮਾਈ ਦੀ ਦ੍ਰਿਸ਼ਟੀ ਨਾਲ ੧੯੨੮ ਵਿਚ ਅਮਰੀਕਾ ਪੁਜ ਗਏ ਤੇ ਉਚੇਰੀ ਪੜ੍ਹਾਈ ਲਈ ਇਕ ਕਾਲਜ ਵਿਚ ਦਾਖਲ ਹੋ ਗਏ । ਉਥੇ ਬਾਬਾ ਗੁਰਮੁਖ ਸਿੰਘ ਦੀ ਪ੍ਰੇਰਨਾ ਉਤੇ ਗੱਦਰ ਪਾਰਟੀ ਵਿਚ ਸ਼ਾਮਲ ਹੋ ਗਏ ਤੇ ਗੱਦਰ

ਅਖਬਾਰ ਦੇ ਸੰਪਾਦਕ ਵੀ ਰਹੇ । ਆਪਨੇ ਕਮਿਉਨਿਜ਼ਮ ਦਾ ਅਧਿਅਨ ਕੀਤਾ ਤੇ ਅਮਰੀਕਾ ਦੀ ਕਮਿਉਨਿਸਟ ਪਾਰਟੀ ਵਿਚ ਸਰਗਰਮ ਕੰਮ ਕੀਤਾ । ਅਮਰੀਕਾ ਸਰਕਾਰ ਨੇ ਆਪ ਨੂੰ ਹੋਰ ਅਮਰੀਕੀ ਕਮਿਉਨਿਸਟਾਂ ਸਮੇਤ ਕੈਲੀਫੋਰਨੀਆਂ ਵਿਚ ਗ੍ਰਿਫਤਾਰ ਕਰ ਲਿਆ । ਆਪ ਨੂੰ ਅਮਰੀਕੀਆਂ ਦੀ ਰਿਹਾਈ ਤੋਂ ਇਕ ਸਾਲ ਬਾਅਦ ਛਡਿਆ ਗਿਆ । ਫਿਰ ਰੂਸ (ਸੋਵੀਅਤ ਸੰਘ) ਚਲੇ ਗਏ ਤੇ ਕਮਿਉਨਿਜ਼ਮ ਦੀ ਅਗਲੇਰੀ ਪੜ੍ਹਾਈ ਕਰਨ ਪਿਛੋਂ ਭਾਰਤ ਆ ਕੇ ਕਮਿਉਨਿਸਟ ਪਾਰਟੀ ਦੇ ਮਿਸ਼ਨ ਨੂੰ ਅਗੇ ਟੋਰਨ ਲਗ ਪਏ ।

੧੯੪੭ ਵਿਚ ਕਾਂਗਰਸ ਸਰਕਾਰ ਨੇ ਆਪਦੀ ਗ੍ਰਿਫਤਾਰੀ ਲਈ ਵਰੰਟ ਜਾਰੀ ਕਰ ਦਿਤੇ, ਜਦੋਂ ਨਾ ਲਭੇ ਤਾਂ ੧੯੫੨ ਦੀਆਂ ਆਮ ਚੋਣਾਂ ਸਮੇਂ ਵਾਰੰਟ ਵਾਪਸ ਲੈ ਲਏ ਗਏ । ਅਜ ਕਲ ਚੋਣਵੇਂ ਕਮਿਉਨਿਸਟ ਵਰਕਰਾਂ ਵਿਚੋਂ ਹਨ ।

ਆਪਨੇ ਇਨਕਲਾਬੀ ਸਰਗਰਮੀਆਂ ਨੂੰ ਸਾਹਿਤ ਬਣਾਉਣ ਲਈ ਬਹੁਤ ਸਾਰੀਆਂ ਕਵਿਤਾਵਾਂ ਰਚੀਆਂ ਹਨ । ਆਪ ਦਾ ਅਨੁਭਵ ਬੜਾ ਅਮੀਰ ਤੇ ਵਿਦਵਤਾ-ਭਰਪੂਰ ਹੈ ।

**ਹਜ਼ਾਰਾ ਸਿੰਘ ਗੁਰਦਾਸਪੁਰੀ** (੧੯੧੧—ਜੀਵਤ)

ਆਪਦਾ ਜਨਮ ਗੁਰਦਾਸਪੁਰ ਵਿਚ ਸ: ਝੰਡਾ ਸਿੰਘ ਦੇ ਘਰ ਹੋਇਆ । ਆਪ ਵਡੇ ਹੋ ਕੇ ਦਿਲੀ ਜਾ ਵਸੇ ।

'ਤਖ਼ਤ ਹਜ਼ਾਰਾ' ਅਤੇ 'ਮਿੱਟੀ ਰੋਈ' ਆਪ ਦੀਆਂ ਪ੍ਰਸਿੱਧ ਕਾਵਿ ਪੁਸਤਕਾਂ ਹਨ । 'ਜੱਸਾ ਸਿੰਘ ਰਾਮਗੜ੍ਹੀਆ' ਨਾਂ ਦੀ ਵਾਰਤਕ ਰਚਨਾ ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ । ਰਵਾਇਤੀ ਛੰਦਾਂ ਤੇ ਸ਼ੈਲੀਆਂ ਵਿਚ ਆਧੁਨਿਕ ਵਿਚਾਰਾਂ ਤੇ ਸਮਸਿਆਵਾਂ ਨੂੰ ਬੜੀ ਸਫਲਤਾ ਸਹਿਤ ਪੇਸ਼ ਕੀਤਾ ਹੈ । ਆਪਦੀਆਂ ਵਾਰਾਂ ਪੰਜਾਬੀ ਸਾਹਿਤ ਵਿਚ ਵਿਸੇਸ਼ ਸਥਾਨ ਰਖਦੀਆਂ ਹਨ । ਆਪਦਾ ਸਬੰਧ ਜ਼ਿੰਦਗੀ ਦੇ ਕਰਮਸ਼ੀਲ ਪੱਖ ਨਾਲ ਹੈ ਤੇ ਸਰਮਾਇਦਾਰੀ ਨੂੰ ਖ਼ਤਮ ਕਰਨ ਲਈ ਮਨੁੱਖ ਵਿਚਲੀਆਂ ਇਨਕਲਾਬੀ ਹੋਣੀਆਂ ਨੂੰ ਜਗਾਉਂਦੇ ਹਨ ।

ਬੇਰੁਜ਼ਗਾਰੀ ਖਾ ਗਈ, ਗਭਰੂਆਂ ਦੀ ਜਾਨ ।
ਭੁਖਾਂ ਹੋਈਆਂ ਕੱਠੀਆਂ ਸੈ ਵਰ੍ਹਿਆਂ ਦੀ ਆਨ ।
ਸੜ ਰਿਹਾ ਲਹੂ ਮਨੁੱਖ ਦਾ,
ਪੂਰਬ ਤੋਂ ਧਰਮੀਲ ।
ਤਖ਼ਤ ਹਜ਼ਾਰਾ ਹਿਲਿਆ ਬਾਗੋਂ ਹਿਲੀ ਚੀਲ ।
—(ਤਖ਼ਤ ਹਜ਼ਾਰਾ ਹਿਲਿਆ)

**ਹਾਸ਼ਮਸ਼ਾਹ ਮੁਖਲੱਸ, ਕੁਰੈਸ਼ੀ** (੧੮੨੦—੧੮੯੫)

ਆਪ ਦਾ ਜਨਮ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਵਡਾਲਾ ਵਿਰਕ ਵਿਖੇ ਪ੍ਰਸਿਧ ਕਵੀ ਸ਼ਾਹ ਮੁਹੰਮਦ ਦੇ ਘਰ ਹੋਇਆ । ਹਾਸ਼ਮ ਹੁਰੀਂ ਵੇਲੇ ਦੇ ਪ੍ਰਸਿਧ ਹਕੀਮ ਸਨ ।

ਆਪ ਨੇ ਪ੍ਰਸ਼ਨੋਤਰੀ ਬੈਂਤਾਂ ਵਿਚ ਸੱਸੀ ਪੁਨੂੰ ਦਾ ਕਿੱਸਾ ਲਿਖਿਆ ਜਿਸ ਨੂੰ ਆਪ ਦੇ ਸ਼ਾਗਿਰਦ ਅਬਦੁਲ ਕਰੀਮ ਸਾਦਿਕ ਨੇ ਪ੍ਰਕਾਸ਼ਿਤ ਕਰਵਾਇਆ । ਇਹ ਪੁਸਤਕ ਬੈਂਤਾਂ ਵਿਚ ਸਾਦੀ ਗਲਬਾਤ ਹੈ । ਬੋਲੀ ਕੇਂਦਰੀ ਪੰਜਾਬੀ ਹੈ । ਬਿੰਬਾਵਲੀ ਨਾ ਹੋਣ ਬਰਾਬਰ ਸ਼ੈਲੀ ਰਵਾਇਤੀ ਹੈ ।

ਰੇ-ਰਬ ਦਾ ਵਾਸਤਾ ਮੰਨ ਮੇਰਾ,
ਥਲੀਂ ਜਾ ਨਾ ਜਾਨ ਗਵਾ ਕੁੜੀਏ ।
ਮਾਂ ਬਾਪ ਦੇ ਹੁਕਮ ਨੂੰ ਰੱਦ ਕਰਨਾ,
ਕਿਸੇ ਮਜ਼ਹਬ ਵਿਚ ਨਾ ਰਵਾ ਕੁੜੀਏ ।

# ਕ

**ਕੇਸਰੀ ਸਿੰਘ ਮੁਲਤਾਨੀ** (-੧੯੨੨, ੫੦-)

ਆਪ ਵੀਹਵੀਂ ਸਦੀ ਦੇ ਪਹਿਲੇਰੇ ਅੱਧ ਵਿਚ ਬੜੇ ਸਰਗਰਮ ਸਾਹਿਤਕਾਰ ਹੋ ਚੁੱਕੇ ਕਨ।

ਆਪ ਦੀ ਰਚਨਾ ਵਿਸਤਾਰ ਇਸ ਪ੍ਰਕਾਰ ਹੈ :

ਅਨੁਵਾਦ : ਪੰਜਾਬੀ ਮਹਾਂ ਭਾਰਤ (ਇਤਿਹਾਸ), ਅੰਤਮ ਸਿੱਖ ਬਾਦਸ਼ਾਹ (ਇਤਿਹਾਸ), ਚਾਲਾਕ ਜਪਾਨੀ (ਨਾਵਲ) ਡਾਕੂ ਮੈਕੇਯਰ ਤੇ ਜਾਸੂਸ ਰਾਮਪਾਲ ਸਿੰਘ (ਨਾਵਲ)।

ਆਪ ਦੀਆਂ ਬਹੁਤੀਆਂ ਪੁਸਤਕਾਂ ਲਾਹੌਰ ਬੁਕ ਸ਼ਾਪ ਨੇ ਪ੍ਰਕਾਸ਼ਿਤ ਕੀਤੀਆਂ ਹਨ।

**ਕੇਸਰੀ, ਗੁਰਬਖਸ਼ ਸਿੰਘ**

ਵੇਖੋ
ਗੁਰਬਖਸ਼ ਸਿੰਘ ਕੇਸਰੀ

**ਕੋਹਲੀ, ਸੁਰਿੰਦਰ ਸਿੰਘ** (੧੯੧੮-ਜੀਵਤ)

ਜਨਮ ਨੂਰਪੁਰ ਸ਼ਾਹਾਂ, ਜ਼ਿਲਾ ਰਾਵਲਪਿੰਡੀ ਵਿਚ ਸ: ਸੰਤ ਸਿੰਘ ਦੇ ਘਰ ਹੋਇਆ। ਮੁਢਲੀ ਵਿਦਿਆ ਪ੍ਰਾਪਤ ਕਰਨ ਪਿਛੋਂ ਨਜ਼ਦੀਕੀ ਪਿੰਡ ਧਮਿਆਲ ਆ ਗਏ। ਰਾਵਲਪਿੰਡੀ ਵਿਚ ਡੈਨੀਜ਼ ਹਾਈ ਸਕੂਲੋਂ ਦਸਵੀਂ ਤੇ ਮਾਰਡਨ ਕਾਲਜੋਂ ਐਮ. ਏ. (ਅੰਗਰੇਜ਼ੀ) ਕਰਨ ਪਿਛੋਂ ਸਥਾਨਕ ਕਾਲਜ ਵਿਚ ਅੰਗਰੇਜ਼ੀ ਤੇ ਫ਼ਰਾਂਸੀਸੀ ਦੇ ਅਧਿਆਪਕ ਲਗ ਗਏ। ਵੰਡ ਪਿਛੋਂ ਮਾਸਕ ਪੱਤਰ 'ਜੀਉਂਦੀ ਜਨਤਾ' ਦੇ ਸੰਪਾਦਕ ਵੀ ਰਹੇ। ਫਿਰ ਕੁਝ ਚਿਰ ਦਿੱਲੀ ਦੇ ਰਾਮਜਸ ਕਾਲਜ ਵਿਚ ਪੰਜਾਬੀ ਦੇ ਅਧਿਆਪਕ ਰਹਿਣ ਪਿਛੋਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਵਿਚ ਮਹਿਕਮਾ ਪੰਜਾਬੀ ਦੇ ਮੁਖੀ ਰਹੇ। ਆਪ ਨੇ ੧੯੫੨ ਵਿਚ ਪੰਜਾਬੀ ਦੀ ਐਮ. ਏ ਕੀਤੀ ਤੇ ੧੯੫੯ ਵਿਚ 'ਗੁਰੂ ਗਰੰਥ ਸਾਹਿਬ' ਦੀ ਖੋਜ ਕਰਕੇ ਪੀ. ਐਚ. ਡੀ. ਪ੍ਰਾਪਤ ਕੀਤੀ। ਉਪਰੰਤ ਦਿੱਲੀ ਯੂਨੀਵਰਸਿਟੀ ਵਿਚ ਵੀ ਮਹਿਕਮਾ ਪੰਜਾਬੀ ਦੇ ਮੁਖੀ ਰਹੇ। ਅਜ ਕਲ ਆਪ ਪੰਜਾਬ ਯੂਨੀਵਰਸਿਟੀ ਦੇ ਮਹਿਕਮਾ ਪੰਜਾਬੀ ਵਿਚ ਮੁਖੀ ਅਤੇ ਪ੍ਰੋਫੈਸਰ ਹਨ।

ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :—

ਕਵਿਤਾ 'ਸਾਵਣ ਬਿਜਲੀਆਂ,' 'ਗੁਰੂਦੇਵ, ''ਫੁਲ ਪੱਤੀਆਂ,' ਆਦਿਕ।

ਨਾਵਲ : 'ਪਾਰੋਂ ਆਏ ਚਾਰ ਜਣੇ'।

ਕਹਾਣੀ : 'ਪੰਜਾਬ ਦੀਆਂ ਪ੍ਰੀਤ ਕਹਾਣੀਆਂ'।

ਖੋਜ, ਸੰਪਾਦਨਾ ਤੇ ਆਲੋਚਨਾ : 'ਪੰਜਾਬੀ ਸਾਹਿਤ ਦਾ ਇਤਿਹਾਸ,' 'ਪੰਜਾਬੀ ਸਾਹਿਤ, ਵਸਤੂ ਤੇ ਰੂਪ,' 'ਪ੍ਰੋ: ਪੂਰਨ ਸਿੰਘ, ਜੀਵਨ ਤੇ ਰਚਨਾ,' 'ਹੀਰ ਵਾਰਸਸ਼ਾਹ,' 'ਪੰਜਾਬ ਦੇ ਗੀਤ,' 'ਲਾਲਾ ਕਿਰਪਾ ਸਾਗਰ ਤੇ ਉਨ੍ਹਾਂ ਦੀ ਕਵਿਤਾ,' 'ਸਲੋਕ ਫਰੀਦ,' 'ਗੁਰੂ ਤੇਗ ਬਹਾਦਰ ਜੀ ਦੀ ਕਹਾਣੀ,' 'ਪੰਜਾਬੀ ਸਾਹਿਤ ਦੇ ਉਸਰਈਏ।' ਆਦਿਕ।

ਵਿਦਿਅਕ ਤੇ ਧਾਰਮਕ : 'ਪ੍ਰੈਸੀ ਰਚਨਾ,' 'ਇਤਿਹਾਸਕ

ਕਹਾਣੀਆ,' 'ਧਾਰਮਕ ਰੀਡਰ,' 'ਗੁਰੂ ਗੋਬਿਦ ਸਿੰਘ ਜੀ ਤੇ ਖਾਲਸਾ,' ਆਦਿਕ ।

ਇਤਿਹਾਸ : ਅਕਾਲੀ ਲਹਿਰ ।

ਆਪ ਇਕ ਵਿਦਵਾਨ ਸਾਹਿਤ-ਖੋਜੀ ਤੇ ਪਾਰਖੂ ਹਨ ।

ਆਪ ਦੀ ਸ਼ੈਲੀ ਸਪਸ਼ਟ ਅਤੇ ਆਲੋਚਨਾਤਮਕ ਹੈ ।

ਆਪ ਦਾ ਸਥਾਨ ਪੰਜਾਬੀ ਸਾਹਿਤ ਦੇ ਉਸਰਈਆਂ ਵਿਚ ਹੈ ।

**ਕੋਹਲੀ, ਕੁਲਵੰਤ**

ਜਨਮ ਤਰਨ ਤਾਰਨ ਵਿਚ ਹੈਡਮਾਸਟਰ ਮਹਿਤਾਬ ਸਿੰਘ ਦੇ ਘਰ ਹੋਇਆ । ਆਪ ਪ੍ਰਸਿਧ ਪੰਜਾਬੀ ਸਾਹਿਤ ਕਾਰ ਡਾਕਟਰ ਸੁਰਿੰਦਰ ਸਿੰਘ ਕੋਹਲੀ ਹੋਰਾਂ ਦੀ ਧਰਮ ਪਤਨੀ ਹਨ । ਅਜ ਕਲ ਆਪ ਚੰਡੀਗੜ੍ਹ ਹਨ ।

ਪਿਆਰ ਝਾਤ (ਨਾਵਲ), ਜ਼ਬਾਨਾਂ ਦਾ ਸਵਾਲ (ਵਾਰਤਕ : ਆਮ ਵਾਕਫੀ) ਆਦਿਕ ਪੁਸਤਕਾਂ ਆਪਣੀ ਅਨੁਵਾਦ ਰਚਨਾ ਵਿਚ ਸ਼ਾਮਲ ਹਨ ।

ਆਪ ਦੀ ਅਨੁਵਾਦ ਸ਼ੈਲੀ ਬੜੀ ਸੁੰਦਰ ਹੈ ।

**ਕੋਹਲੀ ਤੇਜਾ ਸਿੰਘ** (੧੯੦੧-ਜੀਵਤ)

ਜਨਮ ਢਢੁੱਕਰ ਤਹਿਸੀਲ ਫਤਹਜੰਗ ਜ਼ਿਲਾ ਅਟੱਕ ਵਿਖੇ ਪਿਤਾ ਕਲਿਆਨ ਸਿੰਘ ਦੇ ਘਰ ਮਾਤਾ ਲਖਮੀ ਦੀ ਕੁਖੋਂ ਹੋਇਆ । ਅਧਿਆਤਮਕ ਸੰਤਾਂ ਤੋਂ ਭਾਰਤੀ ਤੇ ਪੰਜਾਬੀ ਕਲਚਰ ਦੀ ਵਾਕਫੀ ਪ੍ਰਾਪਤ ਕਰਨ ਪਿਛੋਂ ਆਪ ਰੁਜ਼ਗਾਰ ਦੀ ਭਾਲ ਵਿਚ ਦੂਰ ਨੇੜੇ ਘੁੰਮੇ। ਗਰੀਬੀ ਨੇ ਆਪ ਨੂੰ ਉਨਤੀ ਨਾ ਕਰਨ ਦਿਤੀ । ਫੌਜ ਵਿਚ ਆਪ ਨੇ ਗਰੰਥੀ ਦੀ ਨੌਕਰੀ ਵੀ ਕੀਤੀ । 'ਸਰ-ਪੰਚ' ਨਾਂ ਦੀ ਸੂਚਨਾ ਪੁਸਤਕ ਨੇ ਆਪਦੀ ਗਰੀਬੀ ਦੂਰ ਕੀਤੀ । ਅਜਕਲ ਆਪ ਪ੍ਰੀਤਨਗਰ ਵਿਚ ਪ੍ਰਕਾਸ਼ਕ ਦੀ ਹੱਟੀ ਕਰਦੇ ਹਨ । ਆਪਦੇ ਅਨੇਕਾਂ ਲੇਖ ਪੰਜਾਬੀ ਰਸਾਲਿਆਂ ਵਿਚ ਛਪ ਚੁਕੇ ਹਨ ।

ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :—

ਗਲਪ : 'ਸੂਰਬੀਰਤਾ ਤੇ ਸੋ਼ਸ਼ਚਾਚਾਰ,' 'ਸਤਵੰਤੀ ।

ਜੀਵਨੀ : 'ਰਾਜਾ ਜੋਗੀ,' 'ਸਿਖ ਫ਼ਕੀਰ,' ।

ਸੂਚਨਾ : 'ਸਰਪੰਚ,' 'ਜ਼ਿਮੀਂਦਾਰ ਤੇ ਉਸ ਦੀ ਪੈਦਾਵਾਰ,' 'ਗ੍ਰਾਮ ਸੇਵਕ,' ।

**ਕੋਹਲੀ, ਪਰਮਜੀਤ ਸਿੰਘ** (੧੯੪੦-ਜੀਵਤ)

ਆਪ ਨਾਭੇ ਦੇ ਨਿਵਾਸੀ ਅਤੇ ਸ: ਧਿਆਨ ਸਿੰਘ ਦੇ ਸਪੁੱਤਰ ਹਨ । ਸਰਕਾਰੀ ਮੁਲਾਜ਼ਮ ਹਨ ।

ਪੰਜਾਬੀ ਵਿਚ ਨਿੱਕੀਆਂ ਕਹਾਣੀਆਂ ਲਿਖਦੇ ਹਨ ।

**ਕਾਂਗ, ਕੁਲਬੀਰ ਸਿੰਘ** (੧੩ ਜਨਵਰੀ ੧੯੩੬—ਜੀਵਤ)

ਜਨਮ ਅੰਮ੍ਰਿਤਸਰ ਵਿਖੇ ਗਿਆਨੀ ਗੁਰਚਰਨ ਸਿੰਘ ਦੇ ਘਰ ਹੋਇਆ । 'ਖਾਲਸਾ ਸਮਾਚਾਰ' ਵਿਚ ਤਿੰਨ ਕੁ ਸਾਲ ਉਪ-ਸੰਪਾਦਕ ਰਹਿਣ ਪਿੱਛੋਂ ਢਾਈ ਸਾਲ ਸਕੂਲਾਂ ਵਿਚ ਅੰਗ੍ਰੇਜ਼ੀ-ਪੰਜਾਬੀ ਦੇ ਅਧਿਆਪਕ ਰਹੇ। ਆਪਦੀ ਵਿਦਿਆ ਵਿਚ ਐਮ. ਏ. ਪੰਜਾਬੀ ਅਤੇ ਗਿਆਨੀ ਦੀਆਂ ਯੋਗਤਾਵਾਂ ਸ਼ਾਮਲ ਹਨ ।

'ਸਾਹਿਤਯ ਚਿੰਤਨ' (੧੯੬੦) ਵਿਚ ਆਪਦੇ ਸਾਹਿਤਕ ਲੇਖ ਅੰਕਿਤ ਹਨ । ਪ੍ਰਸਿਧ ਪਤਰਾਂ ਵਿਚ ਵੀ ਆਪਦੇ ਲੇਖ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ ।

'ਲੰਡਨ ਦੀ ਇਕ ਰਾਤ', ਇਕ ਵੇਸਵਾ ਦਾ ਦਿਲ' ਆਦਿਕ ਪੁਸਤਕਾਂ ਆਪਦੀ ਅਨੁਵਾਦ-ਰਚਨਾ ਵਿਚ ਸ਼ਾਮਲ ਹਨ ।

''ਬੱਦਲਾਂ ਦਾ ਰੰਗ'' ਰੇਖਾ ਚਿਤ੍ਰਾਂ ਦੀ ਕਿਤਾਬ ਹੈ ।

**ਕੌਛੜ, ਸੰਤ ਸਿੰਘ** (-੧੯੫੩-)

ਆਪ ਦੀ ਰਾਜਨੀਤਕ ਪੁਸਤਕ 'ਯਾਰਵਾਦਾ ਮੰਦਰ' ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ ਨੇ ੧੯੪੩ ਵਿਚ ਪ੍ਰਕਾਸ਼ਿਤ ਕੀਤੀ ।

**ਕੁੰਦਨ, ਗੁਰਦਿਤ ਸਿੰਘ** (੧੧ ਨਵੰਬਰ ੧੯੧੧-ਜੀਵਤ)

ਆਪਦਾ ਜਨਮ ਗਿਦੜ ਵਿੰਡੀ ਚੱਕ ਨ: ੬੭, ਜੜਾਂਵਾਲਾ ਜ਼ਿਲਾ ਲਾਇਲਪੁਰ ਵਿਚ ਹੋਇਆ। ਦਸਵੀਂ ਪਾਸ ਕਰਨ ਪਿਛੋਂ ਸਾਹਿਤਕ ਸਰਗਰਮੀਆਂ ਵਥ ਗਈਆਂ ਤੇ ਸ: ਵਿਧਾਤਾ ਸਿੰਘ ਤੀਰ ਨੂੰ ਆਪਣਾ ਉਸਤਾਦ ਧਾਰ ਲਿਆ। ਆਜ਼ਾਦੀ ਦੀ ਜੰਗ ਵਿਚ ਕਾਂਗਰਸ ਦੇ ਅਧੀਨ ਕਾਫੀ ਕੰਮ ਕੀਤਾ। ਅਜ ਕਲ ਕਾਂਗਣਾ ਜ਼ਿਲਾ ਜਲੰਧਰ ਵਿਚ ਆਂਪਣੀਆਂ ਜ਼ਮੀਨਾਂ ਵਿਚ ਰਹਿੰਦੇ ਹਨ।

'ਚਮਕਣ ਤਾਰੇ', ਅਤੇ ਇਕ ਦੋ ਹੋਰ ਕਾਵਿ ਪੁਸਤਕਾਂ ਆਪਣੀ ਘਾਲਣਾ ਦਾ ਹਿੱਸਾ ਹਨ। ਆਪਦੀ ਕਵਿਤਾ ਸਿੱਖ ਇਤਿਹਾਸ, ਰਾਜਸੱਤਾ, ਰੁਮਾਂਸ ਆਦਿਕ ਕਈ ਵਿਸ਼ਿਆਂ ਨੂੰ ਨਿਭਾਉਂਦੀ ਹੈ।

ਔਹ ਚੁਪ ਚੁਪੀਤੇ ਇਸ ਤਰ੍ਹਾਂ,
ਬਿਜਲੀ ਹੈ ਲਿਸ਼ਕਾਂ ਮਾਰਦੀ
ਟੁੱਟ ਜਾਏ ਤੰਦ ਜਿਦਾਂ,
ਕੱਤਦੀ ਮੁਟਿਆਰ ਦੀ ।

(ਸਾਵਣ)

ਕੁੰਦਨ ਜੀ ਮੁਖ ਰੂਪ ਵਿਚ ਸਟੇਜੀ ਕਵੀ ਹਨ। ਆਪਦੀ ਵਖਰਤਾ ਇਹ ਹੈ ਕਿ ਆਪ ਨੇ ਆਪਣੇ ਹੁਨਰ ਨੂੰ ਕਵੀ-ਦਰਬਾਰੀ ਪ੍ਰਣਾਲੀ ਦੇ ਅਧੀਨ ਸਸਤਾ ਅਤੇ ਮੌਕਾ-ਪ੍ਰਸਤ ਨਹੀਂ ਬਣਨ ਦਿਤਾ।

ਸਿਖ ਇਤਿਹਾਸ ਨੂੰ ਜਿਥੇ ਕਿਤੇ ਆਪ ਨੇ ਕਵਿਤਾ-ਇਆ ਹੈ,ਉਥੇ ਫਿਰਕਾਪ੍ਰਸਤੀ ਦੀ ਰੰਗਣ ਨਹੀਂ ਆਉਣ ਦਿਤੀ ਅਤੇ ਸਾਧਾਰਨ ਮਨੁਖੀ ਕੀਮਤਾਂ ਨੂੰ ਹੀ ਮੁਖ ਰਖਿਆ ਹੈ।

**ਕਿਦਾਰ ਨਾਥ ਬਾਗ਼ੀ** (੧੮ ਅਗਸਤ ੧੯੨੪—੧੯੬੦)

ਆਪਦਾ ਜਨਮ ਪਿੰਡ ਸੁਹਲ ਚੱਕ ਨ: ੭੫ ਜ਼ਿਲਾ ਲਾਇਲਪੁਰ ਵਿਖੇ ਪੰਡਿਤ ਪੋਹਲੋ ਰਾਮ ਹੈਡਮਾਸਟਰ ਦੇ ਘਰ ਹੋਇਆ। ਖਾਨਦਾਨੀ ਪਿੰਡ ਬੇਗੋਵਾਲ ਜ਼ਿਲਾ ਕਪੂਰਥਲਾ ਹੈ। ਐਫ. ਏ. ਵਿਚ ਪੜ੍ਹਦੇ ਸਨ ਜਦੋਂ ਕਿ ਆਪਦੇ ਮਾਤਾ ਜੀ ਦਾ ਦੇਹਾਂਤ ਹੋ ਗਿਆ। ਕਾਲਜ-ਪੜ੍ਹਾਈ ਵਿਚੇ ਛਡ ਦਿਤੀ ਤੇ ਜੇ. ਵੀ; ਐਸ. ਵੀ., ਅਦੀਬ ਫਾਜ਼ਲ ਤੇ ਗਿਆਨੀ ਕਰਨ ਪਿਛੋਂ ਸਨਾਤਨ ਧਰਮ ਹਾਈ ਸਕੂਲ ਲਾਇਲਪੁਰ ਵਿਚ ਮਾਸਟਰ ਲਗ ਗਏ।

ਬਚਪਨ ਤੋਂ ਹੀ ਕਵਿਤਾ ਵਿਚ ਦਿਲਚਸਪੀ ਰਖਦੇ ਸਨ। ਜਜ਼ਬਾਤੀ ਤਬੀਅਤ ਨੇ ਆਪਦੀ ਕਵਿਤਾ ਨੂੰ ਹੋਰ ਵੀ ਸ਼ਕਤੀ ਪ੍ਰਦਾਨ ਕੀਤੀ।

'ਲਹੂ ਭਰੇ ਦਰਿਆ' ਕਾਵਿ-ਸੰਗ੍ਰਹ ਵਿਚ ਆਪਨੇ ਸਾਂਝੀ ਪੰਜਾਬੀਅਤ ਨੂੰ ਬਹੁ-ਪੱਖੀ ਰੂਪਾਂ ਵਿਚ ਪੇਸ਼ ਕੀਤਾ ਹੈ। ਇਸ਼ਕ ਦੇ ਇਲਾਵਾ ਕਵਿਤਾਵਾਂ ਵਿਚ ਸਿੱਖ ਇਤਿਹਾਸ ਦੀਆਂ ਰਵਾਇਤਾਂ ਦੀ ਵਡਿਆਈ ਵੀ ਮਿਲਦੀ ਹੈ।

ਸ਼ਰਾਬ ਨੇ ਆਪਦਾ ਸਾਥ ਅੰਤ ਤਕ ਨਿਭਾਇਆ। ਬਦੇਸ਼ਾਂ ਵਿਚ ਰਹਿਣ ਵਾਲੇ ਪੰਜਾਬੀ (ਖਾਸ ਕਰਕੇ ਅਫਰੀਕਾ) ਆਪ ਦੀ ਬੜੀ ਕਦਰ ਕਰਦੇ ਸਨ। ਦਸਿਆ ਜਾਂਦਾ ਹੈ ਕਿ ਆਪਦੀ ਮੌਤ ਸ਼ਰਾਬ ਪੀਣ ਕਾਰਨ ਹੋਈ।

ਪਾਂਜੇ ਵਿਚ ਸਾਰੀ ਦੁਠੀਆਂ,

ਪੰਜ ਤੱਤ ਮਿਲਣ, ਇਨਸਾਨ ਬਣੇ ।
ਪੰਜ ਕੱਕੇ ਮਿਲਣ ਤੇ ਸਿੰਘ ਬਣੇ,
ਪੰਜ ਸਿੰਘ ਮਿਲਣ, ਭਗਵਾਨ ਬਣੇ ।
ਪੰਜ ਉਂਗਲਾਂ ਮੀਟ ਘਸੁੰਨ ਬਣੇ,
ਪੰਜ ਵਿਸ਼ੇ ਮਰਨ ਬਲਵਾਨ ਬਣੇ ।
ਪੰਜ ਆਬ ਮਿਲਣ ਪੰਜਾਬ ਬਣੇ,
ਪੰਜ ਪੀਰ ਮਿਲਣ ਰਹਿਮਾਨ ਬਣੇ ।
ਪੰਜ ਹਰਫ਼ ਮਿਲਣ ਇਤਫ਼ਾਕ ਬਣੇ,
ਇਤਫ਼ਾਕ ਨਾਲ ਸਨਮਾਨ ਬਣੇ ।

**ਕਾਦਰੀ, ਸ਼ਾਹ ਮੁਹੰਮਦ ਅਸ਼ਰਫ਼**

ਆਪਦੀ ਧਰਮ-ਪੁਸਤਕ 'ਕਿਤਾਬ ਕਨਜ਼ਰ ਰਹਿਮਤ' ਮਲਕ ਫਜ਼ਲੁਦੀਨ ਲਾਹੌਰ ਨੇ ਪ੍ਰਕਾਸ਼ਿਤ ਕੀਤੀ ।

**ਕਾਦਰਯਾਰ (੧੮੦੦—੧੮੫੦ ਅੰਦਾਜ਼ਨ)**

ਆਪਦਾ ਜਨਮ ਜ਼ਿਲਾ ਗੁਜਰਾਂਵਾਲਾ ਦੇ ਪਿੰਡ ਮਾਛੀ ਕੇ ਵਿਚ ਇਕ ਸੰਧੂ ਜੱਟ ਦੇ ਘਰ ਹੋਇਆ । ਬਚਪਨ ਵਡੇ ਭਰਾਵਾਂ ਦੀ ਦੁਖਦਾਈ ਸਰਪ੍ਰਸਤੀ ਵਿਚ ਬਿਤਾਇਆ । ਜ਼ਿੰਦਗੀ ਦਾ ਬਹੁਤ ਸਾਰਾ ਵਕਤ ਆਪਨੇ ਸ਼ੇਖੂਪੁਰੇ ਵਲ ਕਟਿਆ । ਪੂਰਨ ਭਗਤ ਦੀ ਰਚਨਾ ਕਰਕੇ ਆਪਨੇ ਸਰਕਾਰ ਕੋਲੋਂ ਇਕ ਖੂਹ ਵੀ ਇਨਾਮ ਲਿਖਾਇਆ ।

ਪੂਰਨ ਭਗਤ, ਕਲੀਆਂ ਪੂਰਨ ਭਗਤ, ਸੋਹਣੀ ਮਹੀਂਵਾਲ, ਰਾਜਾ ਰਸਾਲੂ, ਮਹਿਰਾਜ ਨਾਮਾ, ਰੋਜਾ ਨਾਮਾ, ਸੀਹਰਫੀ ਹਰੀ ਸਿੰਘ ਨਲੂਆ ਆਦਿਕ ਰਚਨਾਵਾਂ ਆਪ ਨੂੰ ਸਮੇਂ ਦਾ ਪ੍ਰਸਿੱਧ ਕਵੀ ਬਣਾਉਂਦੀਆਂ ਹਨ ।

ਆਪ ਰਾਜ ਕਵੀ ਨਹੀਂ ਸਨ ਪਰ ਉੱਚੇ ਸਰਕਾਰੀ ਅਫਸਰਾਂ ਦੀ ਮਾਨਤਾ ਆਪ ਨੂੰ ਵਿਸਾਲ ਰੂਪ ਵਿਚ ਪ੍ਰਾਪਤ ਸੀ ।

ਆਪ ਦੇ ਕਿਸਿਆਂ ਦੇ ਪਾਤਰ ਮੁਖ ਰੂਪ ਵਿਚ ਹਿੰਦੂ ਹਨ । ਮਹਿਰਾਜ ਨਾਮਾ ਅਤੇ ਰੋਜ਼ਾ ਨਾਮਾ ਰਚਨਾਵਾਂ ਆਪ ਨੂੰ ਇਸਲਾਮੀ ਰਹੁ-ਰੀਤ ਨਾਲ ਜੋੜਦੀਆਂ ਹਨ ।

ਆਪਦੀ ਬੋਲੀ ਕੇਂਦਰੀ ਅਤੇ ਸਰਲ ਹੈ ।

**ਕਪੂਰ ਸਿੰਘ**

ਆਪ ਨੇ ਸ਼ਰਫਦੀਨ ਨਾਂ ਦੇ ਕਵੀ ਠਾਲ ਰਲਕੇ ਦੋ ਕਾਵਿ-ਪੁਸਤਕਾਂ, ''ਟੁਟੀ ਯਾਰੀ ਦੇ ਦੁਖ'' ਅਤੇ ''ਤਿੰਨ ਪੱਤ ਮਛਲੀ ਦੇ' ਲਿਖੀਆਂ ।

**ਕਪੂਰ ਸਿੰਘ (੧੯੦੯—ਜੀਵਤ)**

ਆਪਦਾ ਜਨਮ ਪਿੰਡ ਮੱਨਣ ਚੱਕ; ਜ਼ਿਲਾ ਲੁਧਿਆਣਾ ਵਿਖੇ ਸ: ਦੀਦਾਰ ਸਿੰਘ ਦੇ ਘਰ ਹੋਇਆ । ਮੁਢਲੀ ਵਿਦਿਆ ਲਾਇਲਪੁਰ ਦੇ ਖਾਲਸਾ ਹਾਈ ਸਕੂਲ ਤੇ ਗੌਰਮਿੰਟ ਕਾਲਜ ਤੋਂ ਪ੍ਰਾਪਤ ਕਰਨ ਤੋਂ ਬਾਅਦ ਆਪਨੇ ੧੯੩੧ ਵਿਚ ਲਾਹੌਰ ਦੇ ਗੌਰਮਿੰਟ ਕਾਲਜ ਤੋਂ ਯੂਨੀਵਰਸਿਟੀ ਭਰ ਵਿਚ ਫਸਟ ਰਹਿੰਦਿਆਂ ਫਿਲਾਸਫੀ ਦੀ ਐਮ. ਏ. ਕੀਤੀ । ਕੈਂਬਰਿਜ ਯੂਨੀਵਰਸਿਟੀ ਵਿਚ ਆਪ ਕਈ ਮਜ਼ਬੂਨਾਂ ਵਿਚ ਅੱਵਲ ਰਹੇ । ਇਥੇ ਆਪਨੇ 'ਮਾਰਲ ਸਾਇੰਸਜ਼' ਦੀ ਡਿਗਰੀ ਪ੍ਰਾਪਤ ਕੀਤੀ । ਆਪਦੇ ਪ੍ਰੀਖਿਅਕ ਬਰਟਰੈਂਡ ਰਸਲ ਆਪਦੀ ਆਪਦੀ ਪ੍ਰਤਿਭਾ ਤੋਂ ਕਾਇਲ ਸਨ । ਆਪ ਨੂੰ ਯੂਨੀਵਰਸਿਟੀ ਵਿਚ ਹੀ ਲੈਕਚਰਾਰ ਦੀ ਪਦਵੀ ਪੇਸ਼ ਕੀਤੀ ਗਈ ਪਰ ਆਪਨੇ ਭਾਰਤ ਆਉਣਾ ਵਧੇਰੇ ਉਚਿਤ ਸਮਝਿਆ । ਆਪ ੧੯੩੩ ਵਿਚ ਵਲਾਇਤੋਂ ਆਈ. ਸੀ. ਐਸ. ਕਰਕੇ ਭਾਰਤ ਮੁੜੇ ਤੇ ਫਿਰ

ਝੰਗ, ਗੁਜਰਾਤ, ਕਰਨਾਲ ਆਦਿ ਜ਼ਿਲਿਆਂ ਬਿਚ ਡਿਪਟੀ ਕਮਿਸ਼ਨਰ ਲਗੇ ਰਹੇ । ਕੁਝ ਚਿਰ ਆਪ ਲਾਹੌਰ ਸਕੱਤਰੇਤ ਵਿਚ ਕੰਮ ਕਰਦੇ ਰਹੇ । ੧੯੪੨ ਦੀ 'ਹਿੰਦ ਛਡੋ' ਲਹਿਰ ਵੇਲੇ ਆਪ ਡਿਪਟੀ ਕਮਿਸ਼ਨਰ ਹੋਣ ਦੇ ਬਾਵਜੂਦ ਪਰਵਾਰ ਸਮੇਤ ਗਾਂਧੀ ਜੀ ਨੂੰ ਮਿਲਣ ਵਾਰਧਾ ਗਏ । ਅੰਗਰੇਜ਼ਾਂ ਨੇ ਇਤਰਾਜ਼ ਕੀਤਾ, ਪਰ ਆਪ ਨੇ ਉਹਨਾਂ ਨੂੰ ਲਾਜਵਾਬ ਕਰ ਦਿਤਾ । ਭਾਰਤੀ ਆਜ਼ਾਦੀ ਪਿਛੋਂ ਆਪਨੇ ਕੁਝ ਕਾਨੂੰਨਾਂ ਨੂੰ ਮੁਖ ਰਖਦਿਆਂ ਮਹਿਸੂਸ ਕੀਤਾਕਿ ਸਰਕਾਰ ਸਿੱਖਾਂ ਪ੍ਰਤੀ ਹਮਦਰਦੀ ਵਾਲਾ ਰਵੱਈਆ ਨਹੀਂ ਰਖਦੀ, ਸੋ ਆਪਨੇ ਸਰਕਾਰ ਦੇ ਕੁਝ ਕਦਮਾਂ ਪ੍ਰਤੀ ਰੋਸ ਪ੍ਰਗਟ ਕੀਤਾ । ਇਸਤੇ ਆਪ ਨੂੰ ਮੁਅੱਤਲ ਕਰ ਦਿਤਾ ਗਿਆ ਤੇ ਚਾਰ ਸਾਲ ਦੇ ਮੁਕਦਮੇ ਪਿਛੋਂ ਆਪ ਨੂੰ ਪਿਨਸ਼ਨ ਬਿਨਾਂ ਨੌਕਰੀ ਤੋਂ ਅੱਡ ਕਰ ਦਿਤਾ । ਅਜ ਕਲ ਆਪ 'ਨਾਰੰਗ ਵਿਲਾ' ਸ਼ਿਮਲੇ ਵਿਖੇ ਰਹਿੰਦੇ ਹਨ ।

ਪੁੰਦਰੀਕ ਅਤੇ ਬਹੁ-ਵਿਸਤਾਰ ਅਤੇ ਪ੍ਰਾਸ਼ਰ-ਪ੍ਰਸ਼ਨ (ਅੰਗਰੇਜ਼ੀ) ਆਪਦੀਆਂ ਪ੍ਰਸਿੱਧ ਪੁਸਤਕਾਂ ਹਨ । ਆਪ ਭਾਰਤ ਦੇ ਪੁਰਾਤਨ ਸਾਹਿਤ, ਇਤਿਹਾਸ ਤੇ ਮਿਥਿਹਾਸ ਪ੍ਰਤੀ ਅਤੀਅੰਤ ਚੇਤੰਨ ਹਨ । ਆਪਨੇ ਹਿੰਦੂ ਫਿਲਾਸਫੀ ਦਾ ਉਚੇਰਾ ਗਿਆਨ ਕਮਾਇਆ ਹੈ । ਪੁੰਦਰੀਕ ਵਿਚ ਭਾਰਤੀ ਕਲਚਰ ਨੂੰ ਆਪਨੇ ਜਨ-ਸਾਧਾਰਨ ਲਈ ਪੇਸ਼ ਕੀਤਾ ਹੈ । ਬਹੁ-ਵਿਸਤਾਰ ਅਤੇ ਪ੍ਰਾਸਰ-ਪ੍ਰਸ਼ਨ ਵਿਚ ਆਪਨੇ ਸਿੱਖ ਸਿਧਾਂਤਾਂ ਦੀ ਆਧੁਨਿਕ ਵਿਆਖਿਆ ਕਰਨ ਦਾ ਯਤਨ ਕੀਤਾ ਹੈ । ਆਪਦੀ ਸ਼ੈਲੀ ਸਮੁਚੇ ਰੂਪ ਵਿਚ ਗਿਆਨ-ਭਰਪੂਰ, ਸਰਲ, ਪ੍ਰਮਾਣ-ਪੂਰਨ ਅਤੇ ਭਾਵਕ ਹੈ । ਆਪਦੀ ਸ਼ੈਲੀ ਸਥਾਈ ਨਹੀਂ, ਸਗੋਂ ਸਮੇਂ ਸਮੇਂ ਵਿਸ਼ੇ ਅਨੁਕੂਲ ਬਦਲਦੀ ਰਹਿੰਦੀ ਹੈ। ਪੁੰਦਰੀਕ ਵਿਚ 'ਗੁਰੂ ਨਾਨਕ' ਸਾਹਿਬ ਬਾਰੇ ਦਿਤੇ ਲੇਖ ਉਤੇ ਆਪਦੇ ਕਥਨ ਅਨੁਸਾਰ ਪ੍ਰੋ: ਪੂਰਨ ਸਿੰਘ ਦੀ ਵਾਰਤਕ ਸ਼ੈਲੀ ਦਾ ਪ੍ਰਭਾਵ ਹੈ। ਕਈਆਂ ਥਾਵਾਂ ਉਤੇ ਆਪ ਇੰਨੇ ਨਿਰਪੇਖ ਹੋ ਜਾਂਦੇ ਹਨ ਕਿ ਜਲਦੀ ਕਿਤੇ ਆਪਦੇ ਵਿਚਾਰ ਸਮਝ ਨਹੀਂ ਆਉਂਦੇ । ਸ਼ੈਲੀਆਂ ਨੂੰ ਵਿਸ਼ਿਆਂ ਦੇ ਸੰਤੁਲਨ ਵਿਚ ਵਿਚ ਰਖਣਾ ਆਪਦੀ ਇਕ ਵਿਲੱਖਣਤਾ ਹੈ ।

ਦੇਸ ਬਦੇਸਾਂ ਦੇ ਅੰਗਰੇਜ਼ੀ ਰਸਾਲਿਆਂ ਵਿਚ ਪ੍ਰਕਾਸ਼ਿਤ ਲੇਖ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ । ਆਪਦੀ ਬੋਲੀ ਸਾਧਾਰਨ ਹੈ ।

''ਪ੍ਰਾਸ਼ਰ-ਪ੍ਰਸ਼ਨ—ਬੈਸਾਖੀ ਆਫ ਗੁਰੂ ਗੋਬਿੰਦ ਸਿਘ'' (ਅੰਗਰੇਜ਼ੀ) ਵਿਚ ਆਪਨੇ ਸਿਖ ਸਿਧਾਂਤ, ਕਲਚਰ ਅਤੇ ਇਤਿਹਾਸ ਨੂੰ ਸੰਜੁਗਤ ਰੂਪ ਵਿਚ ਇਕ ਦ੍ਰਿਸ਼ਟੀਕੋਣ ਬਣਾਕੇ ਪੇਸ਼ ਕੀਤਾ ਹੈ । ਇਹ ਪੁਸਤਕ ਆਪਦੇ ਮਿਤਰ ਸ੍ਰੀ ਪ੍ਰਾਸ਼ਰ ਦੇ ਪ੍ਰਸ਼ਨਾਂ ਅਤੇ ਆਪਦੇ ਆਪਣੇ ਉੱਤਰਾਂ ਦੇ ਰੂਪ ਵਿਚ ਸੰਕਲਿਤ ਕੀਤੀ ਗਈ ਹੈ ।

ਸ: ਕਪੂਰ ਸਿੰਘ ੧੯੬੨ ਦੀਆਂ ਆਮ ਚੋਣਾਂ ਵਿਚ ਲੁਧਿਆਣੇ ਦੇ ਇਕ ਹਲਕੇ ਤੋਂ ਅਕਾਲੀ ਟਿਕਟ ਉਤੇ ਭਾਰਤੀ ਪਾਰਲੀਮੈਂਟ ਦੇ ਮੈਂਬਰ ਚੁਣੇ ਗਏ । ਇਹ ਪਹਿਲੀ ਵਾਰ ਸੀ ਕਿ ਪੰਜਾਬੀ ਦਾ ਕੋਈ ਫ਼ਿਲਾਸਫਰ-ਸਾਹਿਤਕਾਰ ਉਚਤਮ ਕਾਨੂੰਨ ਘੜਨੀ ਥਾਂ ਉਤੇ ਪ੍ਰਤੀਨਿੱਧ ਬਣਕੇ ਗਿਆ । ਇਥੇ ਆਪਨੇ ਆਪਣੇ ਬਾਕੀ ਦੇ ਅਕਾਲੀ ਸਾਥੀਆਂ ਸਮੇਤ ਸੁਤੰਤਰ ਪਾਰਟੀ ਨਾਲ ਸਬੰਧ ਜੋੜ ਲਿਆ ।

ਇਕ ਰਾਜਸੀ ਨੇਤਾ ਦੇ ਤੌਰ ਉਤੇ ਆਪ ਆਪਣੇ ਸਮਕਾਲੀਆਂ ਨਾਲੋਂ ਵਖਰੇ ਹਨ । ਆਪਦੀ ਪਹੁੰਚ ਹਮੇਸ਼ਾਂ ਸਿਧਾਂਤਕ ਅਤੇ ਦਾਰਸ਼ਨਿਕ ਹੁੰਦੀ ਹੈ ।

**ਕਬੀਰ** (੧੩੯੮—੧੫੧੮)

ਆਪ ਦੇ ਮਾਪਿਆਂ ਦੀ ਅਸਲੀਅਤ ਬਾਰੇ ਮਤਭੇਦ ਹੈ। ਇਕ ਪਰੰਪਰਾ ਅਨੁਸਾਰ ਆਪ ਦੀ ਮਾਂ ਇਕ ਬ੍ਰਹਿਮਣ ਵਿਧਵਾ ਸੀ, ਉਹ ਆਪ ਨੂੰ ਮਾਸੂਮੀਅਤ ਦੇ ਹਾਲਤ ਵਿਚ ਲਹਿਰ ਝੀਲ ਦੇ ਕਿਨਾਰੇ ਛਡ ਆਈ ਸੀ, ਜਿਥੋਂ ਆਪ ਨੂੰ ਨੀਰੂ ਨਾਂ ਦਾ ਮੁਸਲਮਾਨ ਜੁਲਾਹਾ ਚੁਕ ਲਿਆਇਆ। ਉਸ ਦੀ ਪਤਨੀ ਨੀਮਾ ਨੇ ਆਪ ਨੂੰ ਪਾਲਿਆ ਪੋਸਿਆ। ਆਪਦਾ ਬਚਪਨ ਬਨਾਰਸ ਵਿਚ ਹੀ ਲੰਘਿਆ। ਜਵਾਨ ਹੋਣ ਉਤੇ ਆਪ ਦਾ ਵਿਆਹ ਲੋਈ ਨਾਂ ਦੀ ਕੁੜੀ ਨਾਲ ਹੋਇਆ ਜਿਸਦੀ ਕੁਖੋਂ ਦੋ ਬਚਿਆਂ ਨੇ ਜਨਮ ਲਿਆ।

ਕਬੀਰ ਜੀ ਬਚਪਨ ਤੋਂ ਹੀ ਵਿਚਾਰਸ਼ੀਲ ਸਨ। ਆਪ ਨੇ ਵਡੇ ਹੋ ਕੇ ਰਾਮਾਨੰਦ ਨੂੰ ਗੁਰੂ ਧਾਰ ਲਿਆ ਜਿਸ ਕਾਰਨ ਆਪ ਨੂੰ ਪਰਮਾਤਮਾ ਦਾ ਗਿਆਨ ਪ੍ਰਾਪਤ ਹੋ ਗਿਆ।

ਕਬੀਰ ਜੀ ਸਾਰੀ ਉਮਰ ਇਕ ਬਾਗੀ ਅਧਿਆਤਮ-ਵਾਦੀ ਰਹੇ। ਆਪ ਨੇ ਸਾਰੀਆਂ ਧਾਰਮਕ ਜਥੇਬੰਦੀਆਂ ਅਤੇ ਰਸਮਾਂ ਦਾ ਖੰਡਨ ਕੀਤਾ ਅਤੇ ਰੂਪਵਾਦ ਨੂੰ ਅਧਿਆਤਮ ਦਾ ਵਿਰੋਧ ਦਸਿਆ। ਬ੍ਰਹਿਮਣਾਂ ਦੀ ਸਾਮਿਅਕ ਬਨਾਵਟੀ ਉੱਚਤਾ ਨੂੰ ਆਪ ਨੇ ਜ਼ੋਰਦਾਰ ਸ਼ਬਦਾਂ ਵਿਚ ਭੰਡਿਆ। ਆਧੁਨਿਕ ਇਤਿਹਾਸਕਾਰ ਆਪ ਨੂੰ ਵਿਸ਼ਵ-ਵਿਆਪੀ ਗੁਣਾਂ ਦਾ ਸੁਆਮੀ ਮੰਨਦੇ ਹਨ। ਹਿੰਦੂ ਮੁਸਲਿਮ ਏਕਤਾ ਦਾ ਸੁਪਨਾ ਕਬੀਰ ਜੀ ਨੇ ਸਾਕਾਰਤਾ ਵਿਚ ਬਦਲਣ ਦਾ ਕਾਫੀ ਸਫ਼ਲ ਯਤਨ ਕੀਤਾ।

ਦਸਿਆ ਜਾਂਦਾ ਹੈ ਕਿ ਸਮੇਂ ਦੇ ਬ੍ਰਹਿਮਣ ਲੋਕ ਮੱਘਰ ਨਾਂ ਦੇ ਸਥਾਨ ਉਤੇ ਹੋਈ ਮੌਤ ਨੂੰ ਮੁਕਤੀ-ਨਿਰੋਧਕ ਸਮਝਦੇ ਸਨ। ਕਬੀਰ ਹੁਰੀਂ ਅੰਤ ਸਮੇਂ ਜਾਣ ਬੁਝਕੇ ਉਥੇ ਚਲੇ ਗਏ। ਉਥੇ ਹੀ ਆਪ ਦੀ ਮੌਤ ਹੋਈ। ਇੰਝ ਆਪਨੇ ਇਹ ਸਾਬਤ ਕਰਨਾ ਚਾਹਿਆ ਕਿ ਪਰਮਾਤਮਾ ਸਭਨੀ ਥਾਈਂ ਹੈ।

"ਕਬੀਰ ਬੀਜਕ" ਅਤੇ "ਆਦਿ ਗਰੰਥ" ਵਿਚ ਆਪਣੀਆਂ ਕਵਿਤਾਵਾਂ ਦਰਜ ਹਨ।

ਭਾਰਤ ਭਰ ਦੇ ਅਧਿਆਤਮਕ ਜੀਵਨ ਉਤੇ ਆਮ ਕਰਕੇ ਅਤੇ ਪੰਜਾਬੀ ਕਲਚਰ ਉਤੇ ਖਾਸ ਕਰਕੇ ਕਬੀਰ ਜੀ ਦੀ ਵਿਚਾਰ ਧਾਰਾ ਦੀ ਡੂੰਘਾ ਪਰਭਾਵ ਹੈ।

ਕਬੀਰ-ਬਾਣੀ ਦੀ ਬੋਲੀ ਪੰਜਾਬੀ ਦੇ ਬਹੁਤ ਨੇੜੇ ਹੈ। ਆਪ ਆਮ ਲੋਕਾਂ ਦੇ ਸਾਹਿਤਕਾਰ ਅਤੇ ਆਮ ਲੋਕਾਂ ਦੇ ਆਗੂ ਸਨ।

ਆਦਿ ਗਰੰਥ ਵਿਚ ਆਪ ਦੇ ੨੯੨ ਸ਼ਬਦ ਤੇ ੨੪੯ ਸ਼ਲੋਕ ਹੰਨ।

**ਕਮਿੱਕਰ ਸਿੰਘ ਕੈਲੇ** (੩੦ ਜੁਲਾਈ, ੧੯੪੩—ਜੀਵਤ)

ਆਪ ਬੁਨਰੀ ਜ਼ਿਲਾ ਲੁਧਿਆਣਾ ਦੇ ਨਿਵਾਸੀ ਸ. ਮਿਹਰ ਸਿੰਘ ਦੇ ਸਪੁਤਰ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਕਾਮਲ, ਸੰਤੋਖ ਸਿੰਘ**

ਵੇਖੋ

ਸੰਤੋਖ ਸਿੰਘ ਕਾਮਲ

**ਕੌਰ ਸਿੰਘ ਅਕਾਲੀ** (੧੮੮੬—੧੯੫੩)

ਆਪਦਾ ਜਨਮ ਘੱਧਰ, ਤਹਿਸੀਲ ਉੜੀ, ਜ਼ਿਲਾ ਮੁਜ਼ਫਰਾਬਾਦ (ਕਸ਼ਮੀਰ) ਵਿਚ ਭਾਈ ਮਹਾਂ ਸਿੰਘ ਦੇ ਘਰ ਹੋਇਆ। ਅਕਾਲੀ ਜੀ ਨੇ ਸਾਰਾ ਜੀਵਨ ਸਮਾਜ ਸੇਵਾ ਨੂੰ ਸਮਰਪਿਤ ਕੀਤਾ। ਕਸ਼ਮੀਰੀ ਬੱਚਿਆਂ ਲਈ

ਆਪ ਨੇ ਇਕ ਆਸ਼ਰਮ ਵੀ ਖੋਲ੍ਹਿਆ। ੧੯੩੦ ਵਿਚ ਆਪ ਨੇ 'ਕਸ਼ਮੀਰ ਸਿੱਖ ਸਮਾਚਾਰ' ਨਾਂ ਦਾ ਮਾਸਕ ਪਤਰ ਵੀ ਜਾਰੀ ਕੀਤਾ ਜੋ ੧੯੪੮ ਵਿਚ ਕਸ਼ਮੀਰ ਉਤੇ ਹੋਏ ਪਾਕਿਸਤਾਨੀ ਹਮਲੇ ਕਾਰਨ ਬੰਦ ਕਰਨਾ ਪਿਆ। ੧੯੪੮ ਤੋਂ ਬਾਅਦ ਦਾ ਸਮਾਂ ਆਪ ਨੇ ਪਟਿਆਲੇ ਵਿਚ ਬਿਤਾਇਆ। 'ਤਤਕਰਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ', 'ਤਤਕਰਾ ਰਚਨਾ ਭਾਈ ਗੁਰਦਾਸ', 'ਗੁਰ ਸ਼ੋਭਾ', 'ਵਿਚਾਰਕਾਂ ਦੀ ਪੋਥੀ', 'ਇਸਤਰੀ ਸੰਕਟ ਮੋਚਨ', 'ਹਜ਼ੂਰੀ ਸਾਖੀ', ਆਦਿਕ ਪੁਸਤਕਾਂ ਵਿਚ ਆਪ ਨੇ ਖੋਜ, ਧਰਮ ਤੇ ਸਮਾਜ ਦੀਆਂ ਸਮਸਿਆਵਾਂ ਦੀ ਚੀਰ ਫਾੜ ਕੀਤੀ ਹੈ। 'ਤਤਕਰਾਵਾਂ' ਅਤੇ 'ਇਸਤਰੀ ਸੰਕਟ ਮੋਚਨ' ਆਦਿ ਪੁਸਤਕਾਂ ਕਾਰਨ ਆਪਦਾ ਸਥਾਨ ਨਿਵੇਕਲਾ ਹੈ।

**ਕੀਰਤ**

ਵੇਖੋ

ਕਲਸਹਾਰ

**ਕੀਰਤੀ ਸਿੰਘ** (੨੩ ਮਈ ੧੯੪੩—ਜੀਵਤ)

ਆਪ ਜਾਲੰਧਰ ਨਿਵਾਸੀ ਸ. ਹੀਰਾ ਸਿੰਘ ਦੇ ਸਪੁਤਰ ਹਨ।

ਪੰਜਾਬੀ ਵਿਚ ਕਹਾਣੀਆਂ ਲਿਖਦੇ ਹਨ।

**ਕਰਤਾਰ ਸਿੰਘ** (੧੩ ਅਪਰੈਲ ੧੯੧੧—ਜੀਵਤ)

ਜਨਮ ਅੰਮ੍ਰਿਤਸਰ ਵਿਚ ਖਾਲਸਾ ਕਾਲਜ ਦੇ ਸੀਨੀਅਰ ਵਾਈਸ ਪ੍ਰਿੰਸੀਪਲ ਸ: ਨਰੈਣ ਸਿਘ ਦੇ ਘਰ ਹੋਇਆ। ੧੯੩੨ ਵਿਚ ਇਸੇ ਕਾਲਜੋਂ ਅੰਗਰੇਜ਼ੀ ਦੀ ਐਮ. ਏ ਕੀਤੀ। ਸਾਹਿਤਕ ਸ਼ੌਕ, ਆਪ ਅੰਦਰ ਕਾਲਜ ਦੀ ਜ਼ਿੰਦਗੀ ਸਮੇਂ ਜਾਗਿਆ। ਸ: ਗੁਰਬਖਸ਼ ਸਿਘ 'ਪ੍ਰੀਤਲੜੀ ਨੇ ਆਪਦੇ ਇਸ ਸ਼ੌਕ ਨੂੰ ਹੋਰ ਵੀ ਤੀਬਰ ਕੀਤਾ।

ਪ੍ਰੀਤ ਸੈਨਿਕ, ਬਾਲ ਸੰਦੇਸ਼, ਕੰਵਲ, ਪ੍ਰੀਤਲੜੀ, ਪੰਜ ਦਰਿਆ ਆਦਿ ਵਿਚ ਆਪਦੀਆਂ ਕਾਫੀ ਟਚਨਾਵਾਂ ਛਪ ਚੁਕੀਆਂ ਹਨ।

ਆਪ ਦੀ ਅਨੁਵਾਦ-ਕਿਰਤ 'ਮਾਤਾ ਹਰੀ' ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ। ਲੇਖ ਤੇ ਨਿਕੀ ਕਹਾਣੀ ਆਪਦੇ ਦਿਲ ਪਸੰਦ ਰੂਪ ਹਨ।

ਅਜ ਕਲ ਗੋਰਖਪੁਰ (ਯੂ. ਪੀ.) ਦੇ ਪਿੰਡ ਸਰਦਾਰੰਲਉ ਵਿਚ ਰਹਿੰਦੇ ਹਨ।

**ਕਰਤਾਰ ਸਿੰਘ ਸਚਦੇਵ**

ਵੇਖੋ

ਸਚਦੇਵ, ਕਰਤਾਰ ਸਿੰਘ

**ਕਰਤਾਰ ਸਿੰਘ ਸੂਰੀ**

ਵੇਖੋ

ਸੂਰੀ, ਕਰਤਾਰ ਸਿੰਘ

**ਕਰਤਾਰ ਸਿੰਘ ਕਲਾਸਵਾਲੀਆ** (੧੮੮੨-੧੯੫੨)

ਆਪ ਦਾ ਜਨਮ ਜ਼ਿਲਾ ਸਿਆਲਕੋਟ ਦੇ ਪਿੰਡ ਕਲਾਸਵਾਲਾ ਵਿਖੇ ਹੋਇਆ। ੧੮੯੨ ਵਿਚ ਆਪਦੇ ਪਿਤਾ ਸ: ਜਗਤ ਸਿੰਘ ਪੈਨਸ਼ਨਰ ਦਾ ਦੇਹਾਂਤ ਹੋ ਗਿਆ, ਜਿਸ ਤੇ ਭਾਈ ਦਸੌਂਧਾ ਸਿੰਘ ਆਪ ਦੇ ਸਰ-ਪ੍ਰਸਤ ਬਣ ਗਏ। ਗੁਰਮਤ ਦੀ ਵਾਕਫੀ ਘਰੋਂ ਹੀ ਪ੍ਰਾਪਤ ਹੋਈ। ਮੁਫੀਦ-ਇ-ਆਮ ਪ੍ਰੈਸ ਲਾਹੌਰ ਵਿਚ ਆਦਿ ਗਰੰਥ ਅਤੇ ਹੋਰ ਪੰਜਾਬੀ ਪੁਸਤਕਾਂ ਦਾ ਪ੍ਰਮਾਣ ਪਾਠ (ਪਰੂਫ ਰੀਡਿੰਗ) ਕਰਦੇ ਰਹੇ। ਕੁਝ ਚਿਰ ਪਸਰੂਰ ਦੇ ਹਾਈ ਸਕੂਲ ਵਿਚ ਪੰਜਾਬੀ ਦੇ ਅਧਿਆਪਕ ਵੀ ਰਹੇ। ਇਸ ਤੋਂ ਬਾਅਦ ਖਾਲਸਾ ਕਾਲਜ ਅੰਮ੍ਰਿਤਸਰ

ਵਿਚ ਧਰਮ ਦੇ ਅਧਿਆਪਕ ਨਿਯੁਕਤ ਹੋਏ। ਫਿਰ ਆਪ ਫੌਜ ਵਿਚ ਭਰਤੀ ਹੋ ਕੇ ੪੭ ਸਿੱਖ ਰਜਮੈਂਟ ਵਿਚ ਗਰੰਥੀ ਲਗ ਗਏ। ਜਦੋਂ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਫੌਜ ਦੀ ਨੌਕਰੀ ਛਡ ਕੇ ਅੰਮ੍ਰਿਤਸਰ ਆ ਗਏ ਤੇ ੧੯੩੬ ਤਕ ਦਰਬਾਰ ਸਾਹਿਬ ਵਿਚ ਹੈੱਡ ਗਰੰਥੀ ਦੀ ਸੇਵਾ ਨਿਭਾਉਂਦੇ ਰਹੇ। ਫਿਰ ਆਪਣੀਆਂ ਜ਼ਮੀਨਾਂ ਦੀ ਦੇਖ ਭਾਲ ਲਈ ਮਿੰਟਗੁਮਰੀ ਚਲੇ ਗਏ ਪਰ ਉਥੋਂ ਜਲਦੀ ਹੀ ਵਾਪਸ ਆ ਗਏ ਤੇ ਦੇਹਾਂਤ ਤਕ ਸਿੱਖ ਇਤਿਹਾਸ ਨੂੰ ਕਵਿਤਾਉਣ ਅਤੇ ਸੂਰਜ ਪ੍ਰਕਾਸ਼ ਦੀ ਕਥਾ ਕਰਨ ਵਿਚ ਜੁਟੇ ਰਹੇ। ਆਪ ਸੁਭਾਅ ਦੇ ਬੜੇ ਨਿਘੇ ਅਤੇ ਜਜ਼ਬਾਤੀ ਸਨ।

ਆਪ ਨੇ ਸਮੁਚੇ ਸਿੱਖ ਇਤਿਹਾਸ ਨੂੰ ਛੰਦਬੱਧ ਕਰਨ ਦੀ ਵਿਉਂਤ ਬਣਾਈ ਸੀ ਤੇ ਇਸ ਆਸ਼ੇ ਵਿਚ ਆਪ ਤਕਰੀਬਨ ਸਫਲ ਵੀ ਰਹੇ। ਉਜਿਆਰੀ ਜੋਤ, ਅਜੀਤ ਖਾਲਸਾ, ਸਿਦਕ ਖਾਲਸਾ, ਸੁਧਾਰ ਖਾਲਸਾ, ਦਸ਼ਮੇਸ਼ ਖਾਲਸਾ, ਦਰਬਾਰ ਖਾਲਸਾ, ਰਾਜ ਖਾਲਸਾ, ਤੇਗ ਖਾਲਸਾ, ਬੰਦਾ ਬਹਾਦਰ, ਮਹਾਰਾਜਾ ਦਲੀਪ ਸਿੰਘ, ਬੀਰ ਸਪੁਤਰ, ਦਾਤਾਰੀ ਜੋਤ, ਦਿਦਾਰੀ ਜੋਤ, ਦਲੇਰ ਖਾਲਸਾ, ਗਿਆਨ ਪ੍ਰਕਾਸ਼, ਦਸ਼ਮੇਸ਼ ਦੁਲਾਰੇ, ਵਾਰਾਂ ਧਰਮ ਸ਼ਹੀਦਾਂ, ਬਾਬੇ ਦੀ ਬੇਰ, ਉਪਕਾਰੀ ਜੋਤ, ਬੀਰ ਖਾਲਸਾ, ਨਿਰੰਕਾਰੀ ਜੋਤ, ਹਿਤਕਾਰੀ ਜੋਤ, ਦੁਸ਼ਟ ਦਮਨ ਪ੍ਰਕਾਸ਼, ਸ੍ਰੀ ਅਰਜਨ ਪ੍ਰਕਾਸ਼, ਨਿਰੰਕਾਰੀ ਜੋਤ, ਅਕਾਲੀ ਜੋਤ, ਦਲਭੰਜਨੀ ਜੋਤ, ਪ੍ਰਹਿਲਾਦ ਭਗਤ, ਖੂਨ-ਇ-ਸ਼ਹੀਦਾਂ, ਨਿਰਭੈ ਯੋਧਾ, ਜੌਹਰ ਖਾਲਸਾ, ਪ੍ਰਕਾਸ਼ ਖਾਲਸਾ, ਸਰਕਾਰ ਖਾਲਸਾ, ਬੇਤਾਜ ਖਾਲਸਾ, ਸ੍ਰੀ ਕਲਗੀਧਰ ਦਰਸ਼ਨ, ਭਾਈ ਕਲਿਆਣਾ, ਖੂਨੀ ਹੌਲੀਆਂ, ਸਿੰਘਣੀਆਂ ਦੇ ਸਿਦਕ, ਉਜਿਆਰੀ ਜੋਤ, ਅਤੇ ਨਾਢੇ ਦੀ ਨਾਰ ਨਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਕਈ ਰਚਨਾਵਾਂ ਉਤੇ ਕਿਸਿਆਂ ਦਾ ਪ੍ਰਭਾਵ ਵੀ ਹੈ। ਇਹ ਸਾਰੀਆਂ ਪੁਸਤਕਾਂ ੧੯੨੦ ਤੋਂ ੧੯੫੦ ਤਕ ਅਤੀਅੰਤ ਲੋਕ-ਪ੍ਰਿਅ ਰਹੀਆਂ। ਢਾਡੀ, ਕੀਰਤਨਕਾਰ, ਰਾਗੀ ਅਤੇ ਕਥਾਕਾਰ ਇਹਨਾਂ ਪੁਸਤਕਾਂ ਦੀ ਸਹਾਇਤਾ ਨਿਰਸੰਕੋਚ ਲੈਂਦੇ ਰਹਿੰਦੇ ਸਨ। ਅਜ ਕਲ ਇਹਨਾਂ ਪੁਸਤਕਾਂ ਦੀ ਸਾਹਿਤਕ ਕੀਮਤ ਕਾਫ਼ੀ ਘਟ ਗਈ ਹੈ।

ਧਰਮ ਕੇਂਦਰਾਂ ਵਿਚ ਕਲਾਸਵਾਲੀਆ ਜੀ ਦੀਆਂ ਰਚਨਾਵਾਂ ਕਿਸੇ ਨਾ ਕਿਸੇ ਰੂਪ ਵਿਚ ਪਰਗਟ ਹੋ ਹੀ ਜਾਂਦੀਆਂ ਹਨ।

ਆਪਦੀਆਂ ੩੪ ਪੁਸਤਕਾਂ ਦਾ ਅਧਿਅਨ ।ਏਸ ਸਿੱਟੇ ਤੇ ਪਹੁੰਚਾਉਂਦਾ ਹੈ ਕਿ ਆਪ ਪ੍ਰੰਪਰਾਵਾਦੀ ਨਹੀਂ ਸਨ। ਆਪਨੇ ਹਿੰਦੂ ਤੇ ਮੁਸਲਿਮ ਦੋਹਾਂ ਪ੍ਰਣਾਲੀਆਂ ਦੀਆਂ ਪ੍ਰੀਤ ਕਹਾਣੀਆਂ ਦਾ ਤਿਆਗ ਕੀਤਾ ਅਤੇ ਪਾਠਕਾਂ ਤੇ ਸਰੋਤਿਆ ਨੂੰ ਸਿੱਖ ਇਤਿਹਾਸ ਦੀਆਂ ਸੁਨਹਿਰੀ ਰਵਾਇਤਾਂ ਤੋਂ ਜਾਣੂ ਕਰਾਉਣ ਦਾ ਬੀੜਾ ਚੁਕਿਆ। ਆਪਦਾ ਵਿਚਾਰ ਸੀ ਕਿ ਸਾਮਰਾਜ ਦੀ ਹਾਜ਼ਰੀ ਵਿਚ ਪ੍ਰੀਤ ਕਹਾਣੀਆਂ ਨੂੰ ਦੁਹਰਾਉਣਾ ਅਨੁਚਿਤ ਹੈ। ਸਿੱਖ ਇਤਿਹਾਸ ਨੂੰ ਉਚਿਆਉਣ ਦੀ ਪਰਵਿਰਤੀ ਆਪ ਸਮੇਂ ਆਮ ਸੀ। ਭਾਈ ਵੀਰ ਸਿੰਘ ਇਸ ਸਾਹਿਤਕ ਪਰਵਿਰਤੀ ਦੇ ਆਗੂ ਸਨ।

ਆਪਦੀ ਬੋਲੀ ਠੇਠ ਪੰਜਾਬੀ ਹੈ। ਭਾਵੇਂ ਛੰਦਾਂ ਵਿਚ ਵੰਨਸੁਵੰਨਤਾ ਦੀ ਭਰਮਾਰ ਹੈ, ਪਰ ਬੈਂਤ ਦੀ ਪਰਧਾਨਤਾ ਵਧੇਰੇ ਵਿਆਪਕ ਹੈ।

ਵਿਚਾਰਾਂ ਉਤੇ ਵਧੇਰੇ ਜ਼ੋਰ ਹੈ।

ਕੁਝ ਰਚਨਾਵਾਂ ਦੇ ਅੰਤ ਪੁਰ ਅੰਗ੍ਰੇਜ਼ੀ ਰਾਜ ਦੀ ਪ੍ਰਸੰਸਾ ਵੀ ਕੀਤੀ ਗਈ ਹੈ। ਇਹ ਗਲ ਆਪਦੇ ਮਾਨਸਕ ਦਵੰਦ ਦੀ ਸੂਚਕ ਹੈ।

**ਕਰਤਾਰ ਸਿੰਘ ਗਿਆਨੀ**

ਜਨਮ ਪਿੰਡ ਰਸੂਲ ਪੁਰ, ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ ਵਿਖੇ ਸ. ਹਜ਼ਾਰਾ ਸਿੰਘ ਦੇ ਘਰ ਹੋਇਆ। ਗਿਆਨੀ ਸੁੰਦਰ ਸਿੰਘ ਰਾਊਵਾਲ ਨੇ ਆਪ ਨੂੰ ਗੁਰੂ ਘਰ ਦੀ ਘਾਲਣਾ ਤੋਂ ਵਾਕਫ ਕਰਾਇਆ। ਮਾਲਵੇ ਵਿਚ ਆਪਦੀ ਕਾਫੀ ਇਜ਼ਤ ਹੈ। ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੇ ਮੁਖ ਪਰਬੰਧਕ ਹਨ।

'ਬੀਬੀ ਨਾਨਕੀ ਜੀ', 'ਬੀਬੀ ਜੋਸੀ ਗਿਲਾਂ ਵਾਲੀ' 'ਕੁਆਰੀ ਗੋਰੇ ਦੀ ਮਾਤਾ', 'ਜੀਵਨ ਬੀਬੀ ਹਰ ਪ੍ਰਕਾਸ਼ ਕੌਰ ਮੈਨੇਜਰ ਕਾਲਜ ਸਿਧਵਾਂ ਖੁਰਦ', 'ਮਹਾਰਾਣੀ ਖੜਗ ਕੌਰ', 'ਨਾਮਬਾਣੀ ਸੱਦ' ਆਦਿਕ ਪੁਸਤਕਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਕਰਤਾਰ ਸਿਘ ਗੱਦਰੀ** (੧੮੯੦ ਅਦਾਜ਼ਨ—੪ ਅਪਰੈਲ ੧੯੪੪)

ਆਪਲਾ ਜਨਮ ਪਿੰਡ ਨਵੇਂ ਚੰਦ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ। ੧੯੦੭ ਵਿਚ ਕੈਨੇਡਾ ਚਲੇ ਗਏ ਤੇ ਇਕ ਸਰਗਰਮ ਵਿਦਿਅਕ,ਧਾਰਮਕ ਤੇ ਰਾਜਸੀ ਵਰਕਰ ਬਣ ਗਏ। ਪਛਮੀ ਸਭਿਅਤਾ ਨਾਲ ਆਪ ਨੂੰ ਬੜੀ ਨਫਰਤ ਸੀ। ੧੯੧੩ ਵਿਚ ਜਦੋਂ ਗੱਦਰ ਪਾਰਟੀ ਦੀ ਨੀਂਹ ਰਖੀ ਗਈ ਤਾਂ ਆਪ ਇਸ ਦੇ ਸਰਗਰਮ ਮੈਂਬਰ ਬਣ ਗਏ। ਭਾਈ ਰਣਧੀਰ ਸਿੰਘ ਨੇ ਆਪਣੀ ਪੁਸਤਕ 'ਜੇਲ੍ਹ ਚਿੱਠੀਆਂ' ਵਿਚ ਆਪਦੀ ਬੜੀ ਪ੍ਰਸੰਸਾ ਕੀਤੀ ਹੈ। ੧੯੧੪ ਵਿਚ ਹੋਰ ਗੱਦਰ ਸਾਥੀਆਂ ਸਮੇਤ ਲੁਧਿਆਣੇ ਪਹੁੰਚੇ ਤਾਂ ਆਪਨੂੰ ਗ੍ਰਿਫਤਾਰ ਕਰਕੇ ਫਾਂਸੀ ਦੀ ਸਜ਼ਾ ਦਿਤੀ ਗਈ, ਪਰ ਪਿਛੋਂ ਇਹੋ ਸਜ਼ਾ ਉਮਰ ਕੈਦ ਵਿਚ ਪਰਵਿਰਤ ਹੋ ਗਈ। ਆਪਨੇ ਹਜ਼ਾਰੀ ਬਾਗ ਤੇ ਨਾਗਪੁਰ ਦੀਆਂ ਨਰਕੀ ਜੇਲ੍ਹਾਂ ਵਿਚ ਤਸੀਹੇ ਸਹੇ। ੨੦ ਸਾਲਾਂ ਤਕ ਲਗਾਤਾਰ ਕਸ਼ਟ ਸਹਿਣ ਪਿਛੋਂ ਤੇ ਆਪਣੀ ਸਿਹਤ ਗੁਆ ਚੁਕਣ ਪਿਛੋਂ ਵੀ ਇਨਕਲਾਬੀ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹੇ।

"ਅੰਮ੍ਰਿਤ ਕੀ ਹੈ ?" "ਉਮਰ ਕੈਦੀ ਦਾ ਸੁਪਨਾ" ਪ੍ਰਕਾਸ਼ਿਤ ਪੁਸਤਕਾਂ ਤੇ 'ਨਵੀਂ ਦੁਨੀਆਂ' (ਅਮਰੀਕਾ-ਤੇ ਕੈਨੇਡਾ ਦੇ ਹਿੰਦੁਸਤਾਨੀਆਂ ਦੀ ਵਿਥਿਆ) ਅਣਛਪੀ ਪੁਸਤਕ ਵੀ ਆਪ ਦੀ ਘਾਲਣਾ ਵਿਚ ਸ਼ਾਮਲ ਹੈ। ਵਾਰਤਕ ਸ਼ੈਲੀ ਬੜੀ ਸੁਜਿੰਦ ਹੈ।

**ਕਰਤਾਰ ਸਿੰਘ ਗਿੱਲ**

ਵੇਖੋ

ਗਿੱਲ ਕਰਤਾਰ ਸਿੰਘ

**ਕਰਤਾਰ ਸਿੰਘ ਦਾਖਾ, ਪੰਡਿਤ** (੧੩ ਸਤੰਬਰ ੧੮੮੮--ਜੀਵਤ)

ਜਨਮ : ੧੩ ਸਤੰਬਰ ੧੮੮੮ ਵਿਚ ਪਿੰਡ ਦਾਖਾ ਜ਼ਿਲਾ ਲੁਧਿਆਣਾ ਵਿਖੇ ਸ: ਰਾਮ ਸਿੰਘ ਦੇ ਘਰ ਹੋਇਆ। ਮਹਾਜਨੀ ਪਿਤਾ-ਪੁਰਖੀ (ਸ਼ਾਹੂਕਾਰੇ) ਤੋਂ ਤੰਗ ਆ ਕੇ ਹਿੰਦੂ ਫਿਲਾਸਫੀ ਅਤੇ ਗੁਰੂ ਘਰ ਦੀ ਘਾਲਣਾ ਦਾ ਅਧਿਅਨ ਕਰਨ ਲਗ ਪਏ। ਪੰਡਿਤ ਬਸੰਤ ਸਿੰਘ ਪਟਿਆਲਾ ਤੋਂ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕੀਤੀ। ੧੯੩੦ ਵਿਚ ਹੋਏ ਕੁੰਭ ਉੱਤੇ ਆਪਣੇ ਪ੍ਰਸਿਧ ਪੰਡਿਤ ਗੰਗੇਸ਼ੂਰਾ ਨੰਦ ਨੂੰ ਇਕ ਗੋਸਟੀ ਵਿਚ ਬੌਧਿਕ ਹਾਰ ਦਿਤੀ। ਫਿਰ ਸੁਆਮੀ ਦਿਆ ਨੰਦ ਜੀ ਵਲੋਂ ਕੀਤੀ ਗਈ ਸਿਖੀ ਦੀ ਆਲੋਚਨਾ ਦਾ ਉਤਰ ਆਪਨੇ 'ਸੜਗ ਖਾਲਸਾ' ਨਾਂ ਦੀ ਪੁਸਤਕ ਰਾਹੀਂ ਦਿੱਤਾ। ਕੁਝ ਚਿਰ ਸਿਖ ਮਿਸ਼ਨਰੀ ਕਾਲਜ ਅੰਮ੍ਰਿਤ ਦੇ ਪ੍ਰਿੰਸੀਪਲ ਵੀ ਰਹੇ। ਸ੍ਰੀ ਦਮਦਮਾ ਸਾਹਿਬ ਵਿਖੇ ਆਪਣੇ ਗੁਰਮੀਤ ਉਪਦੇਸ਼ਕ ਕਾਲਜ ਖੋਲ੍ਹਿਆ ਤੇ

ਬਹੁਤ ਸਾਰੇ ਵਿਦਿਆਰਥੀਆਂ ਨੇ ਆਪ ਤੋਂ ਵਿਦਿਆ ਪ੍ਰਾਪਤ ਕੀਤੀ। ਉਥੋਂ ਹੀ ਆਪਨੇ 'ਗੁਰੂ ਕਾਂਸ਼ੀ ਨਾਂ ਦਾ ਮਾਸਕ ਪਤਰ ਵੀ ਜਾਰੀ ਕੀਤਾ। ਫਿਰ ਕੁਝ ਚਿਰ ਲਈ ਆਪ ਮਹਿਕਮਾ ਪੰਜਾਬੀ ਪਟਿਆਲਾ ਵਿਚ ਵੀ ਮੁਲਾਜ਼ਮ ਰਹੇ।

ਆਪਨੇ ਧਾਰਮਕ ਫਿਲਾਸਫੀ ਦੇ ਵੱਖੋ ਵੱਖ ਵੱਖ ਪੱਖਾਂ ਉੱਤੇ ਤਕਰੀਬਨ ੪੨ ਪੁਸਤਕਾਂ ਲਿਖੀਆਂ ਹਨ। ਕੁਝ ਦਾ ਵੇਰਵਾ ਇਸ ਪ੍ਰਕਾਰ ਹੈ।
ਗੁਰਬਾਣੀ ਬਾਰੇ : ਜਪੁਜੀ ਸਾਹਿਬ ਸਟੀਕ, ੨੦ ਸਵਈਏ ਤੇ ਦਸ ਦੋਹਿਰੇ ਪਾਤਸ਼ਾਹੀ ਦਸ, ਸ੍ਰੀ ਗੁਰੂ ਭੱਟ ਬਾਣੀ ਸਟੀਕ, ਸ੍ਰੀ ਗੁਰੂ ਭੱਟ ਬਾਣੀ ਪ੍ਰਕਾਸ਼, ਨਿਤਨੇਮ ਸਟੀਕ, ਰਾਮ ਰਹੱਸ (ਸੁਖਮਨੀ ਸਾਹਿਬ ਦੇ ਨੋਟ), ਗੁਰੂ ਪਦਾਰਥ ਨਿਰਣੈ, ਸ੍ਰੀ ਜਪਨਿਸਾਣ।
ਹਿਦੂ ਫਿਲਾਸਫ਼ੀ ਬਾਰੇ : ਸ਼ਾਂਖ ਦਰਸ਼ਨ ਵਾਸ਼ ਸਿਮ੍ਰਤੀ ਸਾਰ, ਦਰਸ਼ਨ ਪਰਿਭਾਸ਼ਾ, ਸ਼ਰੁਤ ਬੋਧ ਤੇ ਬ੍ਰਿਤ ਰਤਨਾਕਰ ਨਿਆਇ ਪਰਿਭਾਸ਼ਾ।

ਬੋਲੀ, ਵਿਆਕਰਣ ਤੇ ਛੰਦਾਵਲੀ ਬਾਰੇ : ਗੁਰਮਖੀ ਹਿੰਦੀ ਦਾ ਟਾਕਰਾ, ਅਲੰਕਾਰ ਦਰਸ਼ਨ, ਛੰਦ ਰਤਨਾਵਲੀ, ਗੁਰਕਾਵਯ ਦਰਸ਼ਨ ਰਾਗਮਾਲਾ ਸੁਚਨਾ।

ਇਤਿਹਾਸ : ਮਾਲਵੇ ਦਾ ਪੁਲੀਟੀਕਲ ਇਤਿਹਾਸ, ਜੰਗ ਯੂਰਪ ਵਿਚ ਸਿੱਖਾਂ ਦੀ ਬਹਾਦਰੀ।

ਇਸ ਤੋਂ ਸਿਵਾ ਆਪਣੇ ਸਾਹਿਤ, ਬੋਲੀ, ਹਿੰਦੂ ਫਿਲਾਸਫੀ, ਵੇਦਾਂ, ਕਾਵਿ ਵਿਆਕਰਣ ਆਦਿਕ ਕਈ ਪੱਖਾਂ ਉਤੇ ਵੀ ਪੁਸਤਕਾਂ ਲਿਖੀਆਂ ਹਨ, ਜਿਹੜੀਆਂ ਅਣਪ੍ਰਕਾਸ਼ਿਤ ਰੂਪ ਵਿਚ ਹੀ ਆਪ ਕੋਲ ਪਈਆਂ ਹਨ।

ਵਿਦਵਤਾ ਆਪਦੀ ਸ਼ੈਲੀ ਵਿਚ ਵਿਆਪਕ ਹੈ।

**ਕਰਤਾਰ ਸਿੰਘ ਦਿਲਸ਼ਾਦ** (-੧੯੪੬-)

''ਕਿਸਾਨ ਦੀ ਦੁਨੀਆਂ,'' ''ਅਛੂਤ ਕੁਮਾਰੀ'' ''ਨਾਚੀ'' ਆਦਿਕ ਕਹਾਣੀ-ਸੰਗ੍ਰਹਿ, ''ਬੰਬ ਪਕੜੇ ਗਏ'' ਨਾਵਲ ਅਤੇ ''ਕਿਦਾਰ ਦੇ ਗੀਤ'' ਅਤੇ ''ਕੂੰਜੇ ਪਹਾੜ ਦੀਏ'' ਆਦਿਕ ਕਾਵਿ-ਸੰਗ੍ਰਹਿ ਆਪ ਦੀ ਰਚਨਾ ਵਿਚ ਸ਼ਾਮਲ ਹਨ।

ਵੰਡ ਤੋਂ ਪਹਿਲਾਂ ਆਪ ਕਾਫੀ ਸ਼ਰਗਰਮ ਸਾਹਿਤ ਕਾਰ ਸਨ।

**ਕਰਤਾਰ ਸਿੰਘ ਪੂਨੀਆਂ** (੧ ਮਾਰਚ ੧੯੪੨—ਜੀਵਤ)

ਅਜ ਕਲ ਪਟਿਆਲੇ ਵਿਚ ਰਹਿੰਦੇ ਹਨ। ਆਪ-ਦੀਆਂ ਕਹਾਣੀਆਂ ਪੰਜਾਬੀ ਪਤਰਾਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ।

ਆਪਦੀ ਵਿਚਾਰਧਾਰਾ ਮਨੁਖਵਾਦੀ ਹੈ।

**ਕਰਤਾਰ ਸਿੰਘ, ਪ੍ਰੋਫੈਸਰ**

ਆਪ ਪੰਜਾਬੀ ਦੇ ਪਰਮੁੱਖ ਜੀਵਨੀ ਕਾਰ ਅਤੇ ਨਿਬੰਧਕਾਰ ਹਨ।

ਗੁਰੂ ਸਾਹਿਬਾਂ ਦੇ ਜੀਵਨ ਅਤੇ ਗੁਰਬਾਣੀ ਦੇ ਟੀਕੇ ਆਪਦੀ ਰਚਨਾ ਦੇ ਸ਼ਾਮਲ ਹਨ।

ਆਪ ਦਾ ਸਥਾਨ ਵਧੇਰੇ ਕਰਕੇ ਪੰਜਾਬੀ ਇਤਿ-ਹਾਸਕਾਰਾਂ ਵਿਚ ਹੈ।

ਅੰਗ੍ਰੇਜ਼ੀ ਦੇ ਵੀ ਵਿਦਵਾਨ ਹਨ।

**ਕਰਤਾਰ ਸਿੰਘ ਬਲੱਗਣ** (੧੯੦੬--ਜੀਵਤ)

ਜਨਮ ਬਲੱਗਣ, ਜ਼ਿਲਾ ਸਿਆਲਕੋਟ ਵਿਚ ਸ. ਮਿਹਰ ਸਿੰਘ ਦੇ ਘਰ ਹੋਇਆ : ਫਾਰਸੀ ਸਹਿਤ ਨੇ ਆਪਨੂੰ ਉਰਦੂ ਕਵਿਤਾ ਲਿਖਣ ਲਈ ਪ੍ਰੇਰਿਤ ਕੀਤਾ ਤੇ ਆਪਨੇ ਹਫੀਜ਼ ਜਾਲੰਧਰੀ ਨੂੰ ਉਸਤਾਦ ਧਾਰ ਲਿਆ।

ਜਲਦੀ ਹੀ ਪੰਜਾਬੀਅਤ ਨੇ ਪ੍ਰਭਾਵਿਤ ਕੀਤਾ ਤੇ ਮੁਹੰਮਦ ਰਮਜ਼ਾਨ ਹਮਦਮ ਨੂੰ ਉਸਤਾਦ ਧਾਰ ਕੇ ਆਪਣੀ ਮਾਂ-ਬੋਲੀ ਵਿਚ ਲਿਖਣ ਲਗ ਪਏ। ਕਵੀ ਦਰਬਾਰਾਂ ਵਿਚ ਆਪਦੀਆਂ ਰੁਮਾਂਟਿਕ ਤੇ ਰਾਜਸੀ ਕਵਿਤਾਵਾਂ ਨੇ ਤਰੱਥਲੀ ਪਾ ਦਿਤੀ।

ਵੰਡ ਪਿਛੋਂ ਅੰਮ੍ਰਿਤਸਰ ਆ ਗਏ। 'ਕਵਿਤਾ, ਅਤੇ 'ਫਿਲਮ ਕਲਾ' ਨਾਂ ਦਾ ਰਸਾਲਾ ਆਪ ਹੀ ਸੰਪਾਦਦੇ ਹਨ। ਇਹ ਰਸਾਲੇ ਬੜੀ ਕਾਮਯਾਬੀ ਨਾਲ ਚਲ ਰਹੇ ਹਨ।

ਕਾਵਿ-ਸੰਗ੍ਰਹਿ 'ਵਰਖਾ' ਨਾਂ ਦੀ ਪੁਸਤਕ ਅਤੇ ਕਵਿਤਾ ਮਾਸਿਕ ਵਿਚ ਪ੍ਰਕਾਸ਼ਿਤ ਕਵਿਤਾਵਾਂ ਆਪ ਦੀ ਘਾਲਣਾ ਹਨ।

ਧਰਮ, ਸਿੱਖ ਇਤਿਹਾਸ, ਪੰਜਾਬੀ ਜ਼ਿੰਦਗੀ ਅਤੇ ਸਾਂਝੀਵਾਲਤਾ ਆਪ ਦੀ ਰਚਨਾ ਦੇ ਕੁਝ ਪੱਖ ਹਨ! ਆਰਥਕ ਪੱਖ ਵਿਚ ਆਪਨੇ ਗਰੀਬੀ-ਅਮੀਰੀ ਦੀ ਵਿੱਥ ਨੂੰ ਭਲੀ ਪਰਕਾਰ ਮਾਪਿਆ ਹੈ। ਹਾਸ ਰਸ ਵਿਚ ਵੀ ਪ੍ਰਬੀਨ ਹਨ।

ਮਨਜ਼ੂਰ ਹੁਸ਼ਿਆਰਪੁਰੀ, ਬਲਵੰਤ ਸਿੰਘ ਚੀਮਾ, ਮੁਹੰਮਦ ਬਖਸ਼ ਅਤੇ ਮੀਆਂ ਨਿਆਜ਼ ਆਪਦੇ ਸ਼ਾਗਿਰਦਾਂ ਵਿਚੋਂ ਹਨ। ਪੰਜਾਬੀ ਵਿਚ ਆਪਦਾ ਸਥਾਨ ਵਿਚਾਰਸ਼ੀਲ ਸਟੇਜੀ ਕਵੀ ਅਤੇ ਪੱਤਰਕਾਰ ਵਜੋਂ ਹੈ।

**ਕਰਤਾਰ ਸਿੰਘ ਬਲਬੀਰ** (੧੯੦੪-ਜੀਵਤ)

ਆਪਦਾ ਜਨਮ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਭੁਚੋ ਖੁਰਦ ਵਿਚ ਸ. ਭਾਨ ਸਿੰਘ ਦੇ ਘਰ ਹੋਇਆ। ਆਪ ਨੇ ਅਕਾਲੀ ਲਹਿਰ ਵਿਚ ਸਰਗਰਮ ਹਿੱਸਾ ਲਿਆ ਤੇ 'ਅਸਲੀ ਕੌਮੀ ਦਰਦ', 'ਬੁਰਸ਼ਾ ਸੁਧਾਰ', ਅਤੇ 'ਸਿੱਖ ਸੇਵਕ' ਨਾਂ ਨੇ ਰਸਾਲਿਆਂ ਦੀਆਂ ਸੰਪਾਦਕਾਂਆਂ ਰਾਹੀਂ ਸੁਧਾਰਕ ਲਹਿਰ ਨੂੰ ਅਗੇ ਟੋਰਿਆ। ਕੁਝ ਸਮੇਂ ਲਈ ਆਪ'ਪ੍ਰਤੀਨਿਧ ਖਾਲਸਾ ਦੀਵਾਨ' ਨਾਂ ਦੀ ਸੰਸਥਾ ਦੇ ਸਕੱਤਰ ਵੀ ਰਹੇ। ਫਿਰ ਆਪਨੇ ਅੰਗਰੇਜ਼ ਸਰਕਾਰ ਦੇ ਅਧੀਨ ਐਕਸਟਰਾ ਐਸਿਸਟੈਂਟ ਰੈਕਰੂਟਿੰਗ ਅਫਸਰ' ਵਜੋਂ ਵੀ ਕੰਮ ਕੀਤਾ।

ਅਖਬਾਰਾਂ ਵਿਚ ਪ੍ਰਕਾਸ਼ਿਤ ਵਿਕੋਲਿਤਰੇ ਲੇਖ ਅਤੇ 'ਸੋਲਾਂ ਸਿੰਗਾਰ', 'ਸੋਲਾਂ ਕਲਾ', ਤੇ 'ਅੱਠ ਹੀਰੇ' ਆਦਿਕ ਪੁਸਤਕਾਂ ਆਪਦੀ ਰਚਨਾ ਵਿਚ ਸ਼ਾਮਲ ਹਨ।

ਆਪਦਾ ਸਥਾਨ ਪਤਰਕਾਰ ਵਜੋਂ ਵਧੇਰੇ ਹੈ।

**ਕਰਤਾਰ ਸਿੰਘ ਸ਼ਮਸ਼ੇਰ** (੫ ਅਪ੍ਰੈਲ, ੧੯੧੨-ਜੀਵਤ)

ਜਨਮ ਨੁਸ਼ਹਿਰਾ ਛਾਉਣੀ ਵਿਚ ਹੋਇਆ, ਜਿਥੇ ਕਿ ਆਪਦੇ ਪਿਤਾ ਫੌਜ ਦੇ ਜਮਾਂਦਾਰ ਸਨ। ਸੁਬੇਦਾਰ ਪਿਨਸ਼ਨਰ ਬਣਨ ਪਿਛੋਂ ਆਪਦੇ ਪਿਤਾ ਆਪਨੂੰ ਮੁਲਤਾਨ ਜ਼ਿਲੇ ਵਿਚ ਲੈ ਆਏ ਜਿਸੇ ਕਿ ਉਹਨਾਂ ਨੂੰ ਮੁਰੱਬੇ ਮਿਲੇ ਸਨ। ਇਥੇ ਆਪਦੀ ਵਿਦਿਆ ਤਾਂ ਕਾਇਮ ਨਾ ਰਹਿ ਸਕੀ ਪਰ ਸਹਿਤਕ ਸ਼ੌਕ ਉਜਾਗਰ ਹੋਣ ਲਗ ਪਏ। ਜਲਦੀ ਹੀ ਆਪ ਵਡੇ ਵਡੇ ਕਵੀ ਦਰਬਾਰਾਂ ਵਿਚ ਪ੍ਰਗਟ ਹੋਏ ਤੇ ਇਕ ਵਾਰੀ ਉਥੇ ਵੀ ਇਨਾਮ ਜਿਤਿਆ ਜਿਥੇ ਕਿ ਮੁਕਾਬਲੇ ਵਿਚ ਸ਼ਰਫ, ਤੀਰ, ਮਾਹਿਰ ਆਦਿਕ ਕਵੀ ਵੀ ਆਏ ਹੋਏ ਸਨ।

੧੯੪੦ ਵਿਚ ਆਪਦੀ ਪਹਿਲੀ ਕਾਵਿ-ਪੁਸਤਕ 'ਪੰਜ ਨਗ' ਮਾਰਕੀਟ ਵਿਚ ਆਈ। ਇਸੇ ਸਾਲ 'ਜਿਉਂਦੀ ਦੁਨੀਆਂ' ਨਾਂ ਦੀ ਪੁਸਤਕ ਵਿਚ ਆਪਨੇ ਲੋਕ-ਗੀਤ ਇਕੱਠੇ ਕੀਤੇ। 'ਨੀਲੀ ਤੇ ਰਾਵੀ' ਨਾਂ ਦੀ ਪੁਸਤਕ ਵਿਚ ਵੀ ਆਪਨੇ ਲਹਿੰਦੇ ਪੰਜਾਬ ਦੇ ਜਾਂਗਲੀ ਲੋਕ-ਗੀਤ ਇਕੱਠੇ ਕੀਤੇ ਹਨ। ੧੯੫੯ ਵਿਚ ਬਾਲ-ਸਾਹਿਤ' ਲੜੀ ਵਿਚ ਆਪਨੇ ਅੱਠ ਪੁਸਤਕਾਂ ਛਪਵਾਈਆਂ।

ਕੱਚਾ ਦੁੱਧ, ਵੰਨੇ ਤੇ ਗੋਗੀ, ਦੇਸ਼ ਪਿਆਰ, ਸੋਨੇ ਦੀ ਕੁਲੀ, ਕੁਤਕਤਾਰੀਆਂ ਆਦਿਕ ਪੁਸਤਕਾਂ ਇਸ ਸਬੰਧ

ਵਿਚ ਪ੍ਰਸਿਧ ਹਨ। ਅਖਬਾਰਾਂ ਵਿਚ ਛਪਿਆ ਸਾਹਿਤ ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ।

ਆਪਦਾ ਸਥਾਨ ਇਕ ਵਿਚਾਰਸ਼ੀਲ ਸਟੇਜੀ ਕਵੀ ਤੇ ਵਾਰਤਕਾਰ ਵਜੋਂ ਹੈ।

**ਕਰਤਾਰ ਕੌਰ ਆਸ਼ਟਾ**

ਵੇਖੋ
ਆਸਟਾ, ਕਰਤਾਰ ਕੌਰ

**ਕਿਰਪਾਲ ਸਾਗਰ** (੧੫ ਅਪਰੈਲ ੧੯੩੨—ਜੀਵਤ)

ਜਨਮ: ਪਿੰਡ ਤਾਹੁਰਾ ਵਿਚ ਸ਼੍ਰੀ ਤਾਰਾ ਚੰਦਰ ਦੇ ਘਰ ਹੋਇਆ।

ਪ੍ਰੀਤ ਲੜੀ, ਆਰਸੀ, ਪੰਜ ਦਰਿਆ ਆਦਿਕ ਰਸਾਲਿਆਂ ਵਿਚ ਆਪਦੀਆਂ ਕਾਫੀ ਸਾਰੀਆਂ ਕਵਿਤਾਵਾਂ, ਕਹਾਣੀਆਂ ਛਪ ਚੁਕੀਆਂ ਹਨ।

ਆਪਦੀ ਵਿਚਾਰਧਾਰਾ ਸਮਾਜਵਾਦੀ ਹੈ।

ਆਪਦਾ ਸਥਾਨ ਸਿਆਣੇ ਨੌਜਵਾਨ ਲੇਖਕਾਂ ਵਿਚ ਹੈ।

**ਕਿਰਪਾਲ ਸਿੰਘ ਨਾਰੰਗ**

ਵੇਖੋ
ਨਾਰੰਗ, ਕਿਰਪਾਲ ਸਿੰਘ

**ਕਰਮ ਸਿੰਘ ਅਮਰ ਮਸੀਤ ਪਲਕੋਟੀ** (੯ ਸਤੰਬਰ ੧੯੩੫—ਜੀਵਤ)

ਜਨਮ ਮਸੀਤਪਲਕੋਟ ਜ਼ਿਲਾ ਹੁਸ਼ਿਆਰ ਪੁਰ ਵਿਚ ਸ: ਬੀਰ ਸਿੰਘ ਦੇ ਘਰ ਹੋਇਆ। ਬਲਵੰਤ ਸਿੰਘ ਦੁਖੀਆ ਹਾਈ ਸਕੂਲ, ਕੰਧਾਲਾ ਜੱਟਾਂ, ਜ਼ਿਲਾ ਹੁਸਿਆਰ ਪੁਰ ਤੋਂ ਦਸਵੀਂ ਕੀਤੀ। ੧੯੫੬ ਵਿਚ ਗਿਆਨੀ ਤੇ ਬਾਅਦ ਵਿਚ ਓ. ਟੀ. ਕਰਨ ਪਿਛੋਂ ਕਾਂਗੜੇ ਜ਼ਿਲੇ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਗ ਪਏ। ਅਜ ਕਲ ਰੋਜ਼ਾਨਾ ਅਜੀਤ ਵਿਚ ਉਪ-ਸੰਪਾਦਕ ਹਨ। ਚੰਗੇ ਗਾਇਕ ਹਨ। ਰੇਡੀਓ ਤੋਂ ਵੀ ਰਚਨਾਵਾਂ ਆਉਂਦੀਆਂ ਰਹਿੰਦੀਆਂ ਹਨ। ਕੁਝ ਚਿਰ 'ਅਕਾਲੀ ਪਤਰਕਾ' ਵਿਚ ਵੀ ਰਹਿ ਚੁਕੇ ਹਨ। ਆਪ ਅਮਰ ਮਸੀਤਪਲਕੋਟੀ ਦੇ ਨਾਂ ਹੇਠ ਲਿਖਦੇ ਹਨ।

ਰੋਜ਼ਾਨਾ ਤੇ ਮਾਸਕ ਪਤਰਾਂ ਵਿਚ ਛਪੀਆਂ ਰਚਨਾਵਾਂ ਆਪਦੀ ਘਾਲਣਾ ਹਨ।

**ਕਰਮ ਸਿੰਘ ਹਿਸਟੋਰੀਅਨ** (੧੯੦੪—੧੦ ਜਨਵਰੀ ੧੯੩੦)

ਜਨਮ ਪਿੰਡ ਝੁਬਾਲ, ਜਿਲਾ ਅੰਮ੍ਰਿਤਸਰ ਵਿਚ ਸ: ਝੰਡਾ ਸਿੰਘ ਦੇ ਘਰ ਹੋਇਆ। ਤਰਨਤਾਰਨੋਂ ਦਸਵੀਂ ਕਰਨ ਪਿਛੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋਏ ਪਰ ਇਤਿਹਾਸ ਦੀ ਖੋਜ ਨੇ ਆਪਨੂੰ ਹੋਰ ਵਿਦਿਆ ਨਾ ਪ੍ਰਾਪਤ ਕਰਨ ਦਿਤੀ। ਆਪ ਨੇ ਸਾਰੀ ਜਵਾਨੀ ਦੇਸ਼ਾਰਟਨ ਅਤੇ ਖੋਜ ਵਲ ਲਾ ਦਿਤੀ। ਸਿੱਖ ਇਤਿਹਾਸ ਨੂੰ ਆਪਨੇ ਵਿਗਿਆਨਕ ਲੀਹਾਂ ਉਤੇ ਕਲਮਬੰਦ ਕੀਤਾ। ਮੁਸਲਮਾਨੀ ਭੇਸ ਵਿਚ ਮਕੇ ਜਾਣ ਦੀ ਕੋਸ਼ਿਸ਼ ਕੀਤੀ,ਪਰ ਸਫਲ ਨਾ ਹੋਏ। ਆਪਦੀ ਖੋਜ ਨੇ ਪੰਜਾਬੀ ਕਲਚਰ ਨੂੰ ਪਕੇ ਪੈਰਾਂ ਉਤੇ ਖੜਾ ਕੀਤਾ। ਆਪਦੀ ਮੌਤ ਬਿਮਾਰੀ ਕਾਰਨ ਹੋਈ।

''ਅਮਰ ਖਾਲਸਾ'', ''ਬਾਬਾ ਆਲਾ ਸਿੰਘ'', ''ਕਤਕ ਕਿ ਵਿਸਾਖ'', ''ਜੀਵਨ ਬੀਬੀ ਹਰਨਾਮ ਕੌਰ,'' ''ਕੇਸ ਅਤੇ ਸਿਖੀ,'' ''ਗੁਰਪੁਰਬ ਨਿਰਣੈ'', ''ਬੰਦਾ ਕੌਣ ਸੀ'', ''ਬੰਦਾ ਬਹਾਦਰ'' ''ਫੁਲਵਾੜੀ'' ਮਾਸਕ ਦਾ ਸਿੱਖ ਇਤਿਹਾਸ ਨੰਬਰ' ਆਦਿਕ ਆਪਦੀਆਂ ਪ੍ਰਮਾਣੀਕ ਰਚਨਾਵਾਂ ਹਨ।

ਆਪ ਦੀ ਵਾਰਤਕ-ਸ਼ੈਲੀ ਬੜੀ ਸਰਲ ਤੇ

ਬਿਬੇਕਮਈ ਹੈ।

ਆਪ ਦੀ ਰਚਨਾ ਨੂੰ ਪੰਜਾਬੀ ਇਤਿਹਾਸ ਤੇ ਸਾਹਿਤ ਦੇ ਖੇਤਰ ਵਿਚ ਕਾਫੀ ਸਨਮਾਨ ਪ੍ਰਾਪਤ ਹੈ।

**ਕਰਮ ਸਿੰਘ ਬਾਲਮ** (੩ ਫਰਵਰੀ, ੧੯੨੩·—ਜੀਵਤ)

ਆਪਦਾ ਜਨਮ ਮੌਜੋਕ,ਜ਼ਿਲਾ ਮਿਟਗੁਮਰੀ ਵਿਚ ਸ: ਚੰਦਾ ਸਿਘ ਦੇ ਘਰ ਹੋਇਆ। ੧੯੪੯ ਤੋਂ ੧੯੫੫ ਤਕ ਸਿੱਖ ਪ੍ਰਤੀਨਿਧੀ ਸ਼ਭਾ ਮਧ ਪਰਦੇਸ਼ ਵਿਚ ਪਰਚਾਰਕ ਰਹੇ। ਅਜ ਕਲ ਆਪ ਨਾਮਧਾਰੀ ਲੇਖਕ ਤੇ ਪਰਚਾਰਕ ਦੀ ਹੈਸੀਅਤ ਵਿਚ ਦਿਲੀ ਰਹਿੰਦੇ ਹਨ। ਬਾਲਮ ਬਹਾਰ, ਪਿਆਰ ਕੁਰਬਾਨੀਆਂ, ਜਗ ਬੀਤੀਆਂ ਆਦਿਕ ਪੁਸਤਕਾਂ ਆਪਦੀ ਰਚਨਾ ਵਿਚ ਸ਼ਾਮਲ ਹਨ।

ਗੁਰਬਾਣੀ ਵਿਚਾਰਧਾਰਾ ਆਪਦਾ ਸਿਦਕ ਹੈ।

**ਕਰਮ ਚੰਦ ਬਿਮਲ** (੧੮ ਜੂਨ ੧੯੧੬—ਜੀਵਤ)

ਆਪ ਅਜ ਕਲ ਫਾਜ਼ਿਲਕਾ ਵਿਚ ਅਧਿਆਪਕ ਅਤੇ ਡਾਕਟਰ ਦਾ ਕੰਮ ਕਰਦੇ ਹਨ। ਆਪਣੀ ਵਿਦਿਆ ਵਿਚ ਐਫ. ਏ., ਆਨਰਜ਼ ਇਨ ਉਰਦੂ ਅਤੇ ਹੋਮਿਓ-ਪੈਥੀ ਦੀਆਂ ਯੋਗਤਾਵਾਂ ਸ਼ਾਮਲ ਹਨ।

ਸਾਂਝੀ ਪੰਜਾਬੀ ਕਲਚਰ ਹੀ ਆਪਦਾ ਸਿਦਕ ਹੈ। ਪੰਜਾਬੀ ਵਿਚ ਆਪਦੇ ਬਹੁਤ ਸਾਰੇ ਸਿਧਾਂਤਕ ਲੇਖ ਛਪ ਚੁਕੇ ਹਨ। ਆਪਦੀ ਵਿਚਾਰਧਾਰਾ ਧਾਰਮਕ ਅਗਰਗਾਮੀ ਹੈ। ਚਿਤਰਕਾਰੀ ਨਾਲ ਵੀ ਆਪ ਨੂੰ ਮੱਸ ਹੈ।

**ਕਰਮਜੀਤ ਸਿੰਘ ਗਿੱਲ**

ਵੇਖੋ
ਗਿੱਲ, ਕਰਮਜੀਤ ਸਿੰਘ

**ਕਰੀਮ ਦੀਨ ਮੁੰਤਜ਼ਿਰ** (੧੮੭੫—੧੯੧੨)

ਆਪ ਅੰਮ੍ਰਿਤਸਰ ਵਿਚ ਤਾਜ਼ੇ ਫਲਾਂ ਦਾ ਛਾਬਾ ਲਾਇਆ ਕਰਦੇ ਸਨ। ਆਪਦੀ ਕਵਿਤਾ ਵਿਚ ਹਾਸ ਰਸ ਪਰਧਾਨ ਹੋਣ ਕਰਕੇ ਕਵੀ ਦਰਬਾਰ ਲਈ ਲੋਕ ਇਕਠੇ ਕਰਨ ਵਾਸਤੇ ਸਭ ਤੋਂ ਪਹਿਲਾਂ ਆਪ ਨੂੰ ਸਟੇਜ ਉਤੇ ਬੁਲਾਇਆ ਜਾਂਦਾ ਸੀ। ਅੰਮ੍ਰਿਤਸਰ ਦੇ ਲੋਕ ਕਈ ਵਾਰੀ ਸਿਰਫ ਆਪ ਦੀਆਂ ਕਵਿਤਾਵਾਂ ਮਾਣਨ ਹੀ ਕਵੀ ਦਰਬਾਰਾਂ ਵਿਚ ਆਇਆ ਕਰਦੇ ਸਨ। ਸ਼ਹਿਰ ਵਿਚ ਭਾਈ ਬਲਭੀ ਸਿੰਘ ਬਲਭੀ ਵੀ ਫੁਲਾਂ ਦੀ ਰੇੜ੍ਹੀ ਲਾਇਆ ਕਰਦੇ ਸਨ; ਉਹ ਆਪਦੇ ਸ਼ਾਗਿਰਦ ਸਨ। ਮੁੰਤਜ਼ਿਰ ਜੀ ਦੀ ਬਹੁਤ ਸਾਰੀ ਰਚਨਾ ੧੯੪੭ ਦੀ ਭੇਟਾ ਹੋ ਗਈ ਹੈ।

ਹਾਸ-ਰਸ ਨੂੰ ਉਪਜਾਉਣ ਲਈ ਆਪ ਸ਼ਿੰਗਾਰ ਰਸ ਨੂੰ ਅਸਾਧਾਰਨ ਰੂਪ ਵਿਚ ਵਰਤਦੇ ਸਨ। ਬੋਲੀ ਠੇਠ ਪੰਜਾਬੀ ਹੈ, ਕਿਤੇ ਕਿਤੇ ਮਾਰਫਤ ਦਾ ਪ੍ਰਭਾਵ ਵੀ ਸਪਸ਼ਟ ਹੁੰਦਾ ਹੈ। ਨਮੂਨਾ ਹੇਠਾਂ ਦਿਤਾ ਜਾਂਦਾ ਹੈ :—

ਮਹਿਲ ਮਾੜੀਆਂ ਤੇ ਝੂਠਾ ਬੰਨ੍ਹ ਦਾਅਵਾ,
ਘਰਬਾਰ ਤੂੰ ਅਸਲ ਵਿਸਾਰ ਬੈਠੋਂ।
ਜਿਹੜੀ ਚਾਲ ਚਲੇਂ, ਪੈਂਦੇ ਤਿੰਨ ਕਾਣੇ,
ਬਾਜ਼ੀ ਅਮਲ ਦੀ ਮੂਰਖ ਹਾਰ ਬੈਠੋਂ।

**ਕਰੀਮ ਬਖਸ਼** (੧੭੭੫ —੧੮੭੬)

ਸਿੱਖ ਰਾਜ. ਦੀਆਂ ਚੜ੍ਹਦੀਆਂ ਤੇ ਢਹਿੰਦੀਆਂ ਕਲਾ ਨੂੰ ਅੱਖੀਂ ਵੇਖ ਸਕਣ ਵਾਲੇ ਸ਼ਾਇਰ ਕਰੀਮ ਬਖਸ਼ ਜੀ ਲਾਹੌਰ ਦੇ ਨਿਵਾਸੀ ਸਨ। ਗਰੀਬੀ ਇਥੋਂ ਤਕ ਸੀ ਕਿ ਕਾਫੀ ਉਮਰ ਲਕੜਹਾਰੇ ਦੇ ਤੌਰ ਉਤੇ ਬਿਤਾਈ। ਬੁਢੇਪੇ ਵਿਚ ਨਜ਼ਰ ਘਟ ਜਾਣ ਕਾਰਨ

ਲਕੜਾਂ ਵਢਣ ਦਾ ਕੰਮ ਨਾ ਕਰ ਸਕੇ ਤੇ ਇਕ ਅੰਗਰੇਜ਼ ਅਫਸਰ ਦਾ ਪੱਖਾ ਚਲਾਉਣ ਵਾਲੇ ਕੁਲੀ ਲਗ ਗਏ। ਵਿਦਿਅਕ ਯੋਗਤਾ ਨਾ ਹੋਣ ਬਰਾਬਰ ਸੀ, ਪਰ ਜ਼ਿੰਦਗੀ ਤੇ ਅਧਿਆਤਮਵਾਦ ਦੇ ਰਹੱਸਾਂ ਨੂੰ ਖੂਬ ਪਛਾਣਦੇ ਸਨ।

ਹਕੀਮ ਆਗਾ ਖਾਂ, ਮੀਆਂ ਅਲ੍ਹਾ ਬਖਸ਼ ਰਫੀਕ ਤੇ ਨਵਾਬ ਗਾਮੋ ਆਪਦੇ ਚੇਲੇ ਸਨ। ਪਿਆਰੇ ਸਾਹਿਬ, ਦਿਆਲ ਸਿੰਘ ਆਦਿ ਪ੍ਰਸਿੱਧ ਕਵੀ ਆਪਦੇ ਸਾਥੀ ਸਨ।

ਆਪਦਾ ਰਿਸ਼ਤਾ ਪੰਜਾਬ ਦੇ ਲੋਕ ਸਾਹਿਤ ਨਾਲ ਹੈ। ਆਪ ਦੁਆਰਾ ਰਚਿਤ ਬੁਝਾਰਤਾਂ, ਅੜਾਉਣੀਆਂ ਅਤੇ ਲੋਕ ਵਰਤੋਂ ਦੀਆਂ ਹੋਰ ਕਿਰਤਾਂ ਹਰ ਮਨ ਪਿਆਰੀਆਂ ਹੋ ਕੇ ਆਪਨੂੰ ਵੀ ਵਿਸਰ ਗਈਆਂ ਹਨ। ਬੋਲੀ ਵਲੋਂ ਪੂਰੇ ਪੰਜਾਬੀ ਹਨ। ਵੇਲੇ ਦੇ ਸਭਿਆਚਾਰਕ ਰਿਵਾਜਾਂ ਅਨੁਸਾਰ ਆਪ ਵੀ ਤਤਫਟ ਤੁਕਾਂਤ ਰਚਨਾ ਕਰਨ ਵਾਲੀ ਪ੍ਰਣਾਲੀ ਦੇ ਅਨੁਸਾਰੀ ਸਨ।

ਆਪਦੀ ਹੀਰ ਕਾਫੀ ਪ੍ਰਸਿੱਧ ਹੈ। ਇਸ਼ਕ ਮਿਜਾਜ਼ੀ ਦੀ ਪਰਧਾਨਤਾ ਹੈ। ਬਹੁਤ ਸਾਰੀਆਂ ਬੈਂਤਾਂ ਤੇ ਡਿਉਢਾਂ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ। ਹੀਰ ਦਾ ਇਕ ਬੰਦ ਇਸ ਪ੍ਰਕਾਰ ਹੈ :—

ਗੁਰੂ ਧਾਰ ਕੇ ਮੁੰਦਰਾਂ ਪਾ ਆਇਆ,
ਜਾਮਾ ਨਾਲ ਗੇਰੀ ਲਿਆ ਰੰਗ ਜੋਗੀ।
ਲਗਨ ਯਾਰ ਦੀ ਬੇਅਖਤਿਆਰ ਕੀਤਾ,
ਮਿਲੀ ਖਾਕ ਤੇ ਹੋਇਆ ਮਲੰਗ ਜੋਗੀ।
ਪੰਜ ਪੀਰ ਮਿਲੇ, ਮਿਹਰਬਾਨ ਹੋਏ,
'ਹੀਰ' ਆਖਦਾ ਏ 'ਮੇਰੀ ਮੰਗ ਜੋਗੀ।
ਬੂਟਾ ਜੜ੍ਹਾਂ ਥੀਂ ਪੁਟ ਉਖੇੜਿਆ ਸੂ,
ਸਾਰੀ ਚਾ ਮਿਟਾਂਵਦਾ ਕੰਗ ਜੋਗੀ।
ਬਣ ਕੇ ਰਾਂਝਿਉਂ ਜੋਗੀ ਕਰੀਮ ਬਖਸ਼ਾ,
ਹੀਰ ਕਰ ਲਈ ਉ ਆਪਣੇ ਸੰਗ ਜੋਗੀ।

**ਇਕ ਡਿਉਢ** :—

ਅਲਫ ਉਸਦੀ ਹੰਣ ਕਬੂਤਰ,
ਸੂਰਤ ਵਾਂਗ ਪਰੀ ਦੇ, ਜ਼ੇਵਰ ਜਰੀ ਦੇ।
ਵਾਹ ਉਸਤਾਦ ਘੜੀ ਕਿਸ ਪੁਤਲੀ,
ਸ਼ਾਬਾਸ਼ ਕਾਰੀਗਰੀ ਦੇ, ਫਿਕਰ ਕਰੀ ਦੇ।
ਠੰਡੀ ਸੇਬ ਵਲਾਇਤੀ ਉਸਦੀ,
ਖੁਰਮੇ ਵਾਂਗ ਗਰੀ ਦੇ, ਘੁਟ ਭਰੀ ਦੇ।
ਕਰੀਮ ਬਖਸ਼ ਤੁਲਸੀ ਦੇ ਪਿਛੇ,
ਆਸ਼ਕ ਪਏ ਮਰੀਦੇ, ਮੁਫਤ ਬਰੀ ਦੇ।

**ਕੁਰੈਸ਼ੀ, ਅਬਦੁਲ ਗਫੂਰ** (੨੨ ਅਪਰੈਲ, ੧੯੨੨— ਜੀਵਤ)

ਜਨਮ ਚੋਂਦਾ, ਤਹਿਸੀਲ ਧੂਰੀ, ਜ਼ਿਲਾ ਸੰਗਰੂਰ ਵਿਚ ਸ਼ੇਖ ਰੱਬੀ ਮੀਰ ਨੇ ਘਰ ਹੋਇਆ। ਕਈ ਪੇਂਡੂ ਸਕੂਲਾਂ ਤੋਂ ਆਪਨੇ ਬੇ-ਦਿਲੀ ਨਾਲ ਅਠਵੀਂ ਤਕ ਵਿਦਿਆ ਪ੍ਰਾਪਤ ਕੀਤੀ। ੧੯੪੨ ਵਿਚ ਅਦੀਬ ਫਾਜ਼ਲ ਤੇ ੧੯੪੩ ਵਿਚ ਗਿਆਨੀ ਕਰਨ ਪਿਛੋਂ ਆਪ ਨਾਰਨੌਲ ਦੇ ਹਾਈ ਸਕੂਲ ਵਿਚ ਅਧਿਆਪਕ ਰਹੇ ਤੇ ਅਗਸਤ ੧੯੪੩ ਵਿਚ ਆਪ ਭਾਰਤੀ ਵਾਯੂ ਸੈਨਾ ਵਿਚ ਸ਼ਾਮਲ ਹੋ ਗਏ।

ਅਜ ਕਲ ਆਪ ਪਿਸ਼ਾਵਰ ਹੁੰਦੇ ਹਨ।

"ਪੰਜਾਬੀ ਪਰਖ ਪੜਚੋਲ ਦੀਆਂ ਲਿਖਤ-ਅਦਬੀ ਕਦਰਾਂ," "ਪੰਜਾਬ ਦੇ ਲੋਕ-ਗੀਤ," "ਪੰਜਾਬੀ ਦੇ ਚੋਣਵੇਂ ਡਰਾਮੇ," "ਪੰਜਾਬੀ ਦੇ ਚੋਣਵੇਂ ਅਫਸਾਨੇ," "ਪੰਜਾਬੀ ਵਿਚ ਵਲਾਇਤੀ ਅਫਸਾਨੇ" ਆਦਿਕ ਆਲੋਚਨਾ ਤੇ ਸੰਪਾਦਨਾ ਦੀਆਂ ਪੁਸਤਕਾਂ ਆਪਦੀ

ਘਾਲਣਾ ਵਿਚ ਸ਼ਾਮਲ ਹਨ।

ਆਪ ਪਾਕਿਸਤਾਨ ਦੇ ਉਚਤਮ ਪੰਜਾਬੀ ਆਲੋਚਕਾਂ ਵਿਚ ਗਿਣੇ ਜਾਂਦੇ ਹਨ।

**ਕਲਸੀ, ਸੰਤ ਸਿੰਘ** (--੧੯੪੧--)

ਆਪਦੀ ਪੁਸਤਕ 'ਇਤਿਹਾਸ ਰਾਮਗੜ੍ਹੀਆਂ (ਲੜੀ) ਰਾਮਗੜ੍ਹੀਆ ਸਭਾ ਸ਼ਿਮਲਾ ਨੇ ੧੯੪੧ ਵਿਚ ਪ੍ਰਕਾਸ਼ਿਤ ਕੀਤੀ।

**ਕਲਸਹਾਰ** (ਸੋਲ੍ਹਵੀਂ ਸਦੀ)

ਆਪ ਉਤਰ ਪਰਦੇਸ਼ ਦੇ ਪ੍ਰਸਿੱਧ ਭੱਟ ਅਤੇ ਹੋਰ ਦਸ ਭੱਟਾਂ ਦੇ ਆਗੂ ਸਨ। ਆਪਨੇ ਗੁਰੂ ਅੰਗਦ ਤੋਂ ਗੁਰੂ ਅਰਜਨ ਤਕ ਦਾ ਬਿਰਤਾਂਤ ਭੱਟਾਂ ਨੇ ਨਿਜੀ ਗਿਆਨ ਦੇ ਆਧਾਰ ਉਤੇ ਲਿਖਿਆ। ਸਭ ਨੂੰ ਸੰਸਕ੍ਰਿਤ, ਪ੍ਰਾਕ੍ਰਿਤ, ਤੇ ਅਪਭ੍ਰੰਸ਼ ਦਾ ਚੋਖਾ ਗਿਆਨ ਸੀ। ਇਹ ਵਿਦਵਾਨ ਲੋਕ-ਕਵੀ ਪ੍ਰਮਾਤਮਾ ਦਾ ਮਿਸ਼ਨ ਲੈ ਕੇ ਭਾਰਤ ਭਰ ਵਿਚ ਰਮਦੇ ਰਹਿੰਦੇ ਸਨ। ਇਸੇ ਦੇ-ਸ਼ਾਰਟਨ ਦੇ ਦੌਰਾਨ ਇਹਨਾਂ ਦਾ ਗੁਰੂ ਘਰ ਨਾਲ ਸੰਬੰਧ ਬਣਿਆ ਤੇ ਆਪ ਇਥੇ ਠਹਿਰ ਪਏ। ਬਾਕੀ ਸਾਥੀ ਜਾਲੱਪ, ਭਿਖਾ; ਸਲ੍ਹ, ਭਲ, ਨਲ, ਗਿਆਂਦ, ਬਲ, ਮਥੁਰਾ, ਕੀਰਤ ਅਤੇ ਹਰਬੰਸ ਸਨ।

ਭੱਟਾਂ ਦੀਆਂ ੧੨੨ ਕਵਿਤਾਵਾਂ ਮਿਲ-ਦੀਆਂ ਹਨ ਜਿਨ੍ਹਾਂ ਮੁਖ ਵਿਚੋਂ ਗੁਰੂ ਘਰ ਦਾ ਯਸ਼ ਹੈ : ਕਹੁ ਕੀਰਤਿ ਕਲਸਹਾਰ'। ਬੋਲੀ ਸਧੂਕੜੀ ਹੈ। ਸਾਧਾਰਨਤਾ ਬੜੀ ਹੈ। ਨਿਰਪੇਖਤਾ ਅਤੇ ਅਨੰਤਤਾ ਦਾ ਅਹਿਸਾਸ ਘੱਟ ਹੈ।

**ਕਾਲਾ ਸਿੰਘ ਬਾਬਾ** (੧੫ ਸਤੰਬਰ ੧੮੬੮-੧੯੨੧ ਅੰਦਾਜ਼ਨ)

ਜਨਮ ਪਿੰਡ ਨੰਗਲ ਜ਼ਲਾ ਲੁਧਿਆਣਾ ਵਿਚ ਸ. ਰਾਮ ਸਿਘ ਦੇ ਘਰ ਹੋਇਆ। ਆਪਨੇ ਉਮਰ ਦਾ ਤਕਰੀਬਨ ਸਾਰਾ ਭਾਗ ਪਿੰਡ ਵਿਚ ਠਠਿਆਰਾ ਕੰਮ ਕਰਦਿਆਂ ਗੁਜ਼ਰਿਆ। ਸੰਸਕ੍ਰਿਤ, ਫਾਰਸੀ, ਹਿੰਦੀ, ਅਤੇ ਪੰਜਾਬੀ ਦਾ ਕਲਾਸਕੀ ਦਾ ਗਿਆਨ ਆਪਦੀ ਸ਼ਖਸੀਅਤ ਦਾ ਵਿਸ਼ੇਸ਼ ਪੱਖ ਸੀ।

ਆਪਦੀ ਪ੍ਰਕਾਸ਼ਿਤ ਰਚਨਾ ਵਿਚ 'ਸ਼ਹੀਦ ਬਿਲਾਸ' ਭਗਤ ਸ੍ਰੀ ਨਾਮਦੇਵ ਪ੍ਰਕਾਸ਼', 'ਰਵਿਦਾਸ ਭਗਤ ਦੇ ੬੧ ਸ਼ਬਦਾਂ ਦਾ ਟੀਕਾ' ਆਦਿਕ ਪੁਸਤਕਾਂ ਸ਼ਾਮਲ ਹਨ।

ਅਣਪ੍ਰਕਾਸ਼ਿਤ ਰਚਨਾ ਵਿਚਲੀਆਂ 'ਉਸਤੱਤ ਨਾਮਾ 'ਸ੍ਰੀ ਗੁਰੂ ਰਾਮ ਸਿੰਘ ਜੀ', 'ਨਾਮਧਾਰੀ ਪੈਂਤੀਸ ਆਖਰੀ', 'ਕਬਿੱਤ ਤੇ ਬਾਰਾਮਾਂਹ' ਸ੍ਰੀ ਗੁਰੂ ਰਾਮ ਸਿੰਘ ਜੀ', 'ਨਾਮਧਾਰੀ ਪੰਥ ਪ੍ਰਕਾਸ਼ '(੨ ਭਾਗ)' ''ਸਾਕਾ ਮਲੇਰਕੋਟਲਾ' ਆਦਿਕ ਰਚਨਾਵਾਂ ਵਿਸੇਸ ਵਰਨਣ ਦੀਆਂ ਹੱਕਦਾਰ ਹਨ।

ਆਪ ਨਾਮਧਾਰੀ ਪੰਥ ਨਾਲ ਸੰਬੰਧਿਤ ਸਨ। ਮਨੁਖਵਾਦੀ ਰੂਹਾਨੀਅਤ ਆਪ ਦੀ ਵਿਚਾਰਧਾਰਾ ਸੀ।

**ਕਲਾਸਵਾਲੀਆ, ਕਰਤਾਰ ਸਿੰਘ**

ਵੇਖੋ

ਕਰਤਾਰ ਸਿੰਘ ਕਲਾਸਵਾਲੀਆ

**ਕੁਲਜੀਤ ਸਿੰਘ ਜੀਤ** (੨੮ ਅਕਤੂਬਰ ੧੯੧੭— ਜੀਵਤ)

ਜਨਮ ਬਰਿਆਰ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ: ਭਾਗ ਸਿੰਘ ਦੇ ਘਰ ਹੋਇਆ। ਦਸਵੀਂ ਤੇ ਗਿਆਨੀ ਪਾਸ ਹਨ।

''ਅਜ਼ਾਦੀ ਦੇ ਮੋਤੀ'' ''ਬਾਗੀ ਪ੍ਰਵਾਨੇ'' ''ਸਿਹਮੋਰ ਸੂਰਮਾ,'' ਆਦਿਕ ਆਪਦੀਆਂ ਪ੍ਰਸਿਧ

ਪੁਸਤਕਾਂ ਹਨ। ਲੇਖ ਤੇ ਕਵਿਤਾ ਆਪਦੇ ਮਨ ਪਸੰਦ ਸਾਹਿਤ ਰੂਪ ਹਨ। ਆਪ ਨਾਮਧਾਰੀ ਪੰਥ ਨਾਲ ਸੰਬੰਧਤ ਹਨ।

**ਕੁਲਤਾਰ ਸਿੰਘ** (੧੦ ਅਪ੍ਰੈਲ ੧੯੩੩—ਜੀਵਤ)

ਆਪ ਪਿੰਡ ਘੁਮਿਆਲਾ, ਡਾਕਖਾਨਾ ਮਾਹਲਪੁਰ, ਜ਼ਿਲਾ ਹੁਸ਼ਿਆਰਪੁਰ ਦੇ ਨਿਵਾਸੀ ਸ: ਲਛਮਣ ਸਿੰਘ ਦੇ ਸਪੁੱਤਰ ਹਨ। ਵਿਦਿਆ ਬੀ· ਏ. ਬੀ. ਐੱਡ ਤਕ ਹੈ। ਅਜ ਕਲ ਸਕੂਲ ਅਧਿਆਪਕ ਹਨ।

ਬੜੇ ਸਰਗਰਮ ਸਾਹਿਤਕ ਪਤਰਕਾਰ ਤੇ ਕਵੀ ਹਨ।

**ਕਾਲੀ ਦਾਸ ਗੁਜਰਾਂਵਾਲੀਆ** (ਅਕਤੂਬਰ ੧੮੬੫—?)

ਆਪ ਦਾ ਜਨਮ ਗੁਜਰਾਂ ਵਾਲੇ ਵਿਚ ਪਿਤਾ ਪੰਡਤ ਜੈ ਦਿਆਲ ਦੇ ਘਰ ਹੋਇਆ। ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰੀ ਤੇ ਪੁਰੋਹਿਤ ਸਨ। ਆਪਨੇ ਮਸੀਤ ਵਿਚੋਂ ਉਰਦੂ ਫ਼ਾਰਸੀ ਪੜ੍ਹੀ। ਬਚਪਨ ਤੋਂ ਹੀ ਆਪਨੂੰ ਦਰਵੇਸ਼ੀ ਜ਼ਿੰਦਗੀ ਨਾਲ ਬੜਾ ਪਿਆਰ ਸੀ। ਆਪ ਸੁਰੀਲੀ ਆਵਾਜ਼ ਵਿਚ ਭਜਨ ਗਾ ਕੇ ਸਰੋਤਿਆਂ ਨੂੰ ਮੋਹਿਤ ਕਰ ਲੈਂਦੇ ਸਨ। ਬਾਵਾ ਹਰੀ ਸਿੰਘ ਆਪਨੂੰ ਹਜ਼ੂਰ ਸਾਹਿਬ ਨੰ ਦੇੜ ਲੈ ਗਏ ਜਿੱਥੇ ਆਪ ਅੰਮ੍ਰਿਤ ਛਕ ਕੇ ਮਾਨ ਸਿੰਘ ਬਣ ਗਏ ਆਪਦੇ ਵੱਡੇ ਭਰਾ ਗੌਰੀ ਸ਼ੰਕਰ ਪ੍ਰਸਿਧ ਕਵੀ ਪੰਡਿਤ ਗੌਰਾਂ ਮਿਸਰ ਦੇ ਸ਼ਾਗਿਰਦ ਸਨ। ਉਹਨਾਂ ਦੀ ਪ੍ਰੇਰਨਾ ਪ੍ਰਾਪਤ ਕਰਕੇ ਆਪ ਪਰਚੰਡ ਪ੍ਰਤਿਭਾ ਦੇ ਮਾਲਕ ਬਣ ਗਏ।

ਪੂਰਨ ਭਗਤ, ਗੋਪੀ ਚੰਦ, ਰੂਪ ਬਸੰਤ, ਰਾਜਾ ਭਰਥਰੀ, ਰਾਜਾ ਹਰੀਸ਼ ਚੰਦਰ, ਸਤ ਸਾਖੀਆਂ, ਰਾਜਾ ਆਪ ਦੇ ਸੁਰਿਆਲ ਆਦਿਕ ਹਿੰਦੂ ਪਰੰਪਰਾ ਦੀਆਂ ਰਚਨਾਵਾ ਆਪਨੇ ਕਬਿੱਤਾਂ, ਦੋਹੜਿਆਂ ਅਤੇ ਡਿਓਢਾਂ ਤੇ ਸਵਈਆਂ, ਚੌਪਈਆਂ ਅਤੇ ਬੈਂਤਾਂ ਦੇ ਮਾਧਅਮ ਵਿਚ ਲਿਖੀਆਂ। ਆਪਦੀ ਰਚਨਾ 'ਚਰਖਾ ਨਾਮਾ' ਬੜੀ ਪ੍ਰਸਿਧ ਹੈ। ਧਾਰਮਕ, ਸਮਾਜਿਕ ਤੇ ਦਾਰਸ਼ਨਿਕ ਇਕਾਗਰਤਾ ਦੀ ਸਥਾਪਨਾ ਲਈ ਆਪ ਹਿੰਦੂ ਦਰਸ਼ਨ ਦਾ ਸਹਾਰਾ ਲੈਂਦੇ ਹਨ ਅਤੇ ਸ਼ੁੱਧ ਪੰਜਾਬੀ ਵਿਚ ਸਾਦੀ ਸਾਧਾਰਨ ਜ਼ਿੰਦਗੀ ਨੂੰ ਚਿਤਰਦੇ ਹਨ। ਆਪ ਵਧੇਰੇ ਕਰਕੇ ਰਵਾਇਤੀ ਰੂਪਵਾਦੀ ਹਨ ਪਰ ਕਿਤੇ ਕਿਤੇ ਬਿੰਬਾਂ ਦੀ ਨਵੀਨਤਾ ਆਪਨੂੰ ਵਖਰਿਆਉਣ ਵਿਚ ਸਫਲ ਹੁੰਦੀ ਹੈ।

ਇਛਰਾਂ ਪਕੜ ਖਲੋਤੀ ਪੱਲਾ,
ਹਾਰ ਹੋ ਗਈ ਗਲਦੀ, ਵਾਕਫ ਗਲਦੀ।
ਤਨ ਤੀਲਾ ਮੁਖ ਨੀਲਾ ਪੀਲਾ,
ਵਰਤ ਗਦੀ ਮੁਖ ਹਲਦੀ, ਕਦਮ ਨਾ ਹਲਦੀ।
ਐਸਾ ਵੇ ਕੋਈ ਧਰਮੀ ਹੋਵੇ,
ਚਿਖਾ ਬਝਾਵੇ ਬਲਦੀ, ਤਾਕਤ ਬਲ ਦੀ।
ਕਾਲੀ ਦਾਸਾ ਵਾਟ ਤੇਰੀ,
ਹੋ ਹੋ ਅੱਗੇ ਮਲਦੀ, ਤਲੀਆਂ ਮਲਦੀ।

**ਕੁਲਦੀਪ** (੧੩ ਅਗਸਤ ੧੯੩੩—ਜੀਵਤ)

ਆਪ ਇੰਦੌਰ ਮੱਧ ਪ੍ਰਦੇਸ਼ ਦੇ ਨਿਵਾਸੀ ਅਤੇ ਸ: ਗਿਆਨ ਸਿੰਘ ਦੇ ਸਪੁਤਰ ਹਨ। ਵਿਦਿਆ ਐਮ. ਏ. ਤਕ ਹੈ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਕੁਲਦੀਪ ਸਿੰਘ** (੮ ਮਾਰਚ, ੧੯੧੩—ਜੀਵਤ)

ਜਨਮ : ਪਿੰਡ ਮਿਲਕਸੁਖੀ ਜ਼ਿਲਾ ਅੰਬਾਲਾ ਵਿਚ ਸ. ਕਿਸਨ ਸਿੰਘ ਦੇ ਘਰ ਮਾਤਾ ਕਰਮ ਕੌਰ ਦੀ

ਕੁਖੋਂ ਹੋਇਆ। ਖਾਲਸਾ ਸਕੂਲ ਅੰਬਾਲਿਓਂ ਦਸਵੀਂ, ਖਾਲਸਾ ਕਾਲਜ ਅੰਮ੍ਰਿਤਸਰੋਂ ਬੀ. ਏ. ਅਤੇ ਲਾਅ ਕਾਲਜ ਲਾਹੌਰੋਂ ਵਕਾਲਤ ਕਰਨ ਪਿਛੋਂ ਆਪ ਅੰਗਰੇਜ਼ੀ ਪੰਜਾਬੀ ਅਤੇ ਉਰਦੂ ਦੀ ਪਤਰਕਾਰੀ ਵਿਚ ਸਰਗਰਮ ਹੋ ਗਏ। ਕਾਨੂੰਨ ਦੀ ਪੜ੍ਹਾਈ ਸਮੇਂ ਅਕਾਲੀ ਪਤਰਕਾ ਦੇ ਸਹਾਇਕ ਸੰਪਾਦਕ ਵੀ ਰਹੇ। ੧੯੪੧ ਵਿਚ ਆਪਨੇ ਦਿਲੀ ਵਿਚ ਸਰਕਾਰੀ ਨੌਕਰੀ ਗ੍ਰਹਿਣ ਕਰ ਲਈ। ਮੁਢ ਤੋਂ ਲੈ ਕੇ ਹੁਣ ਤਕ ਆਪ ਪੰਜਾਬੀ ਸਭਾਵਾਂ ਅਤੇ ਪੰਥਕ ਸੰਸਥਾਵਾਂ ਦੇ ਆਗੂ-ਜਥੇਬੰਦਕ ਰਹੇ ਹਨ।

'ਭਾਰਤ ਦਾ ਵਰਤਮਾਨ ਤੇ ਭਵਿਖ' (ਨਹਿਰੂ) 'ਮੇਰਾ ਬਚਪਨ' (ਟੈਗੋਰ) ਆਦਿਕ ਪੁਸਤਕਾਂ ਦਾ ਅਨੁਵਾਦ ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ। ਪੰਜਾਬੀ ਸਾਹਿਤ ਸਭਾ ਦਿਲੀ ਵਲੋਂ ਛਪੀ ਪੁਸਤਕ 'ਭਾਰਤੀ ਕਹਾਣੀਆਂ' ਨੂੰ ਵੀ ਆਪਨੇ ਹੀ ਸੰਪਾਦਿਤ ਕੀਤਾ ਹੈ।

''ਪੰਜਾਬੀ ਪੱਤਰਕਾਰੀ'' ਨਾਮ ਦੀ ਕਿਤਾਬ ਪਿਛੇ ਜਿਹੇ ਛਪੀ ਹੈ।

**ਕੁਲਦੀਪ ਸਿੰਘ** (੧੯੨੦—ਜੀਵਤ)

ਆਪਦਾ ਜਨਮ ਪਿੰਡ ਨੜਾਲੀ ਜ਼ਿਲਾ ਰਾਵਲ-ਪਿੰਡੀ ਵਿਚ ਸ: ਜੋਧ ਸਿੰਘ ਦੇ ਘਰ ਹੋਇਆ। ਗੁਜਰਖਾਨ ਤੋਂ ਦਸਵੀਂ ਪਾਸ ਕਰਨ ਪਿਛੋਂ ਖਾਲਸਾ ਕਾਲਜ ਅੰਮ੍ਰਿਤਸਰੋਂ ਐਮ. ਏ. ਪੜ੍ਹਾਈ ਕੀਤੀ। ਫਿਰ 'ਅਕਾਲੀ, 'ਬੰਦੇ ਮਾਤ੍ਰਮ' ਅਤੇ 'ਹਜ਼ਾਰਾ ਪੰਜਾਬ' ਦੇ ਸੰਪਾਦਕ ਵੀ ਰਹੇ। ਲੋਕ ਸੰਪਰਕ ਵਿਭਾਗ ਵਿਚ ਲੋਕ ਸੰਪਰਕ ਅਫਸਰ ਵੀ ਰਹਿ ਚੁਕੇ ਹਨ। ਅਜ ਕਲ ਮਾਸਕ ਪਤਰ 'ਕਹਾਣੀ' (ਅੰਮ੍ਰਿਤਸਰ ਦੇ ਸੰਪਾਦਕ ਅਤੇ 'ਕੁਲਦੀਪ ਪ੍ਰੈਸ' ਨਾਂ ਦੀ ਪ੍ਰਕਾਸ਼ਨੀ ਫਰਮ ਦੇ ਹਨ ਦੀ।

ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ :

**ਨਾਵਲ** : ਰਾਜ ਕੁਮਾਰੀ

**ਜੀਵਨੀ** : ਮੀਰਾਂ ਬਈ, ਮਹਾਰਾਜਾ ਰਣਜੀਤ ਸਿੰਘ।

**ਸੂਚਨਾ** : ਸਾਡਾ ਰਾਜ ਪ੍ਰਬੰਧ।

**ਬਾਲ ਸਹਿਤ** : ਮਹਾਤਮਾ ਗਾਂਧੀ, ਬਾਲ-ਕਹਾਣੀਆਂ ਜਵਾਹਰ ਲਾਲ ਨਹਿਰੂ, ਗੁਰੂ ਨਾਨਕ ਦੇਵ, ਸਰਦਾਰ ਵਲਭ ਭਾਈ ਪਟੇਲ, ਸਰਦਾਰ ਹਰੀ ਸਿਘ ਨਲਵਾ ਦੁਨੀਆਂ ਦਾ ਪਹਿਲਾ ਮਨੁਖ, ਚਾਚਾ ਢੇਰੂ ਤੇ ਕਲਵਲ।

ਆਪਨੇ ਆਲੋਚਨਾਤਮਕ ਪੁਸਤਕਾਂ ਵੀ ਰਹੀਆਂ ਹਨ---ਸ. ਗੁਰਦਿਆਲ ਸਿੰਘ ਫੁਲ ਨਾਲ ਰਲ ਕੇ 'ਨਾਟਕ-ਸਿਧਾਂਤ ਤੇ ਪੰਜਾਬੀ ਨਾਟਕਕਾਰ' ਅਤੇ ਸ: ਸੁਖਪਾਲ ਵੀਰ ਸਿੰਘ ਹਸਰਤ ਨਾਲ ਰਲ ਕੇ 'ਪੰਜਾਬੀ ਕਹਾਣੀ ; 'ਨਵੀਨ ਪੰਜਾਬੀ ਕਹਾਣੀਆਂ (ਸੰਪਾਦਕ) ਆਦਿਕ।

ਪੰਜਾਬੀ ਵਿਚ ਆਪਦਾ ਸਥਾਨ ਬਲ-ਸਾਹਿਤ ਦੇ ਵਿਸ਼ੇਸ਼ਗ ਅਤੇ ਪੱਤਰਕਾਰ ਵਜੋਂ ਹੈ।

**ਕੁਲਦੀਪ ਸਿੰਘ ਗਾਂਧੀ**

ਵੇਖੋ
ਗਾਂਧੀ, ਕੁਲਦੀਪ ਸਿੰਘ

**ਕਾਲੇਪਾਣੀ, ਦੀਵਾਨ ਸਿੰਘ**

ਵੇਖੋ
ਦੀਵਾਨ ਸਿੰਘ ਕਾਲੇਪਾਣੀ

**ਕੁਲਬੀਰ ਸਿੰਘ ਸਿੱਧੂ**

ਵੇਖੋ
ਸਿੱਧੂ, ਕੁਲਬੀਰ ਸਿੰਘ

**ਕੁਲਬੀਰ ਸਿੰਘ ਕਾਂਗ**

ਵੇਖੋ

ਕਾਂਗ, ਕੁਲਬੀਰ ਸਿੰਘ

**ਕੁਲਵੰਤ ਸਿੰਘ ਵਿਰਕ**

ਵੇਖੋ

ਵਿਰਕ, ਕੁਲਵੰਤ ਸਿੰਘ

**ਕੈਲਾਸ਼, ਜੀ. ਪੁਰੀ**

ਵੇਖੋ

ਪੁਰੀ, ਕੈਲਾਸ਼ ਜੀ.

**ਕਵਾਤੜਾ, ਸਵਰਨ** (-੧੯੫੦-)

ਆਪਦੀ ਪੜਚੋਲ—ਪੁਸਤਕ 'ਨਵੇਂ ਤੋਹਫੇ' ਅੰਮ੍ਰਿਤ ਪੁਸਤਕਾਲਾ ਪਟਿਆਲਾ ਨੇ ੧੯੫੦ ਵਿਚ ਪ੍ਰਕਾਸ਼ਿਤ ਕੀਤੀ।

**ਕੁਸ਼ਤਾ, ਮੌਲਾ ਬਖਸ਼**

ਵੇਖੋ

ਮੌਲਾ ਬਖਸ਼ ਕੁਸ਼ਤਾ

**ਕਿਸ਼ਨ ਸਿੰਘ ਆਰਿਫ** (੧੮੩੬—੧੯੦੦)

ਆਪ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਿਚ ਕਿਤਾਬਾਂ ਦੀ ਦੁਕਾਨ ਕਰਿਆ ਕਰਦੇ ਸਨ। ਆਪਦਾ ਧਾਰਮਕ ਸਿਦਕ ਗੁਲਾਬ ਦਾਸੀ ਪੰਥ ਨਾਲ ਪਰੋਤਾ ਹੋਇਆ ਸੀ। ਵੇਦਾਂਤ ਤੇ ਸੂਫ਼ੀਮੱਤ ਨਾਲ ਆਪ ਨੂੰ ਗੂੜ੍ਹਾ ਨਿਹੁੰ ਸੀ।

ਆਪਦੀ ਪ੍ਰਕਾਸ਼ਿਤ ਰਚਨਾ ਵਿਚ :

(੧) ਹੀਰਾ ਰਾਂਝਾ, (੨)ਰਾਜਾ ਰਸਾਲੂ ,(੩) ਦੁਲਾ ਭੱਟੀ, (੪) ਸ਼ੀਰੀਂ ਫਰਹਾਦ, (੫) ਪੂਰਨ ਭਗਤ, (੬) ਕਿਸ਼ਨ ਕੱਟਾਰ, (੭) ਰਾਜਨੀਤੀ, (੮) ਕਾਫੀਆਂ (੯) ਜਿਉ ਸਿਆਪਾ, (੧੦) ਕੋਰੜੇ, (੧੧) ਕਸੀਦਾ ਕਿਸ਼ਨ ਸਿੰਘ, (੧੨) ਦੀਵਾਨ, (੧੩) ਕਟਾਰ ਕਿਸ਼ਨ ਸਿੰਘ, (੧੪) ਰਾਜਾ ਭਰਥਰੀ, (੧੫) ਸੁਧਰਮੀ ਕਿਸ਼ਨ ਸਿੰਘ, (੧੬) ਬਿਬੇਕ ਬਾਣ ਆਦਿਕ ਕਿਰਤਾਂ ਸ਼ਾਮਲ ਹਨ।

ਹੋਰ ਵੀ ਕਈ ਕਾਵਿ-ਰੂਪ ਦੀਆਂ ਰਚਨਾਵਾਂ ਆਪਦੀ ਘਾਲਣਾ ਦਾ ਹਿੱਸਾ ਹਨ।

ਸ਼ਿੰਗਾਰ ਰਸ ਅਤੇ ਸ਼ਾਂਤ ਰਸ ਵਿਚ ਆਪ ਹਕੀਕੀ ਅਤੇ ਮਿਜਾਜ਼ੀ ਇਸ਼ਕ ਦਾ ਸੰਜੋਗ ਕਰਦੇ ਹਨ।

ਆਪ ਨੂੰ ਵਿਚਾਰਸ਼ੀਲ ਰਵਾਇਤੀ ਕਵੀਆਂ ਵਿਚ ਗਿਣਿਆ ਜਾਂਦਾ ਹੈ।

**ਕਿਸ਼ਨ ਸਿੰਘ ਬਾਬੂ** (੧੮੮੮—੪ ਜੂਨ ੧੯੪੫)

ਆਪਦਾ ਸਬੰਧ ਰਾਇਪੁਰ (ਮਾਲਵੇ) ਨਾਲ ਹੈ। ਇੰਜੀਨੀਅਰਿੰਗ ਕਾਲਜ ਰੰਗੂਨ ਤੋਂ ਗਰੈਜੂਏਟ ਕੋਰਸ ਪਾਸ ਕਰਨ ਪਿਛੋਂ ਆਪ ਬ੍ਰਹਮਾ ਵਿਚ ਓਵਰਸੀਅਰ ਲਗ ਗਏ। ਫਿਰ ਆਪ ਕਲਕਤੇ ਆ ਕੇ ਬੱਸਾਂ ਦਾ ਵਪਾਰ ਕਰਨ ਲਗ ਪਏ। ਬਾਅਦ ਵਿਚ ਰਾਇਪੁਰ ਆ ਗਏ ਤੇ ਪੰਥਕ ਸਰਗਰਮੀਆਂ ਨੂੰ ਤੇਜ਼ ਕਰਨ ਲਗ ਪਏ। ਪਿੰਡ ਦੇ ਖਾਲਸਾ ਹਾਈ ਸਕੂਲ ਦੇ ਸੰਚਾਲਕ ਸਨ ਤੇ ਪੰਜਾਬੀ ਬੋਲੀ ਤੇ ਸਾਹਿਤ ਦੇ ਉਸਰਈਆਂ ਨੂੰ ਸਰਪ੍ਰਸਤੀ ਦਿੰਦੇ ਸਨ।

''ਪੰਜਾਬੀ ਕਹਾਉਤਾਂ ਦਾ ਸੰਗ੍ਰਹਿ'' (ਅੰਗਰੇਜ਼ੀ-ਅਨੁਵਾਦ ਸਮੇਤ), 'ਰਾਏਪੁਰ ਦਾ ਇਤਿਹਾਸ', 'ਪੰਜਾਬੀ ਸੰਕੇਤ ਨਾਮੇ ਆਦਿਕ ਪੁਸਤਕਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਕਿਸ਼ਨ ਸਿੰਘ ਮੇਧਨੀ**

ਜਨਮ ਪਿੰਡ ਮੇਧਨੀ (ਨਾਭਾ) ਵਿਖੇ ਹੋਇਆ। ੧੯੨੧ ਵਿਚ ਪੰਡਤ ਕਰਤਾਰ ਸਿੰਘ ਦਾਖਾ ਤੋਂ ਅਧਿਆਤਮਕ ਵਿਦਿਆ ਲੈਣ ਪਿਛੋਂ ਗਿਆਨੀ ਕੀਤੀ

ਤੇ ਇਕਾਂਤ ਵਾਦੀ ਹੋ ਕੇ ਨਾਮ ਅਭਿਆਸ ਕਰਨ ਲਗ ਪਏ। ਆਪਨੂੰ ਕਾਵਿ-ਭਾਸ਼ਾ, ਨਿਆਇ ਅਤੇ ਵੇਦਾਂਤ ਵਿਚ ਨਿਪੁੰਨਤਾ ਪ੍ਰਾਪਤ ਸੀ। ਜਦੋਂ ਆਪ ਪਰਜਾ ਮੰਡਲ ਮਸਤੂਆਣਾ ਦੇ ਪਰਧਾਨ ਸਨ ਤਾਂ ਆਪਨੂੰ ਵਿਰੋਧੀਆਂ ਨੇ ਕਤਲ ਕ਼ਰਵਾ ਦਿਤਾ ।

'ਸੰਤ ਜੀਵਨ' (ਮੱਘਰ ਸਿੰਘ) ਆਪਦੀ ਇਕੋ ਇਕ ਪੁਸਤਕ ਹੈ।

**ਕ੍ਰਿਸ਼ਨ ਨੰਦ ਪੰਡਿਤ**

ਜਨਮ ਪਿੰਡ 'ਮਾਲੀ' (ਨਾਭੇ ਤੇ ਭਵਾਨੀਗੜ੍ਹ ਦੇ ਵਿਚਕਾਰ) ਵਿਖੇ ਹੋਇਆ। ਸਥਾਨਕ ਉਦਾਸੀ ਸੰਤਾਂ ਤੋਂ ਸਿਖਿਆ ਲੈਣ ਪਿਛੋਂ ਆਪ ਨੇ ਪੰਡਿਤ ਭੈਰੋਂ ਦੱਤ ਨਾਭੇ ਵਾਲਿਆਂ ਤੋਂ ਨਿਆਇ ਅਤੇ ਵਿਆਕਰਣ ਦੀ ਵਿਦਿਆ ਪ੍ਰਾਪਤ ਕੀਤੀ। ਫਿਰ ਕਾਂਸ਼ੀ ਤੋਂ ਸ਼ਾਸਤਰੀ ਪਾਸ ਕੀਤੀ। ਸਹਿਜ ਅਵਸਥਾ ਵਾਲੇ ਸੰਤ ਅਤੇ ਅਕਸੀਰ ਵਾਲੇ ਵੈਦ ਹਨ। 'ਮਹਾਨ ਕੋਸ਼ ਦੀ ਰਚਨਾ ਵਿਚ ਆਪ ਨੇ ਭਾਈ ਕਾਹਨ ਸਿੰਘ ਨਾਭਾ ਨੂੰ ਕਾਫੀ ਸਹਿਯੋਗ ਦਿਤਾ ਸੀ।

ਛੰਦਾਬੰਦੀ ਵਿਚ 'ਗੁਰੂ ਨਾਨਕ ਚੰਦਰੋਜ', 'ਈਸ਼ਵਰ ਸਿਧੀ', (ਸੰਸਕ੍ਰਿਤ)'ਸਾਧੂ ਬੋਲੇ ਦਾ ਇਤਿਹਾਸ ਆਦਿਕ ਰਚਨਾਵਾਂ ਰਚੀਆਂ ਹਨ।

ਅਜ ਕਲ ਖਨੌੜੇ ਦੇ ਮਹੰਤ ਹਨ ਅਤੇ ਅਧਿਆਤਮਵਾਦ ਦਾ ਪ੍ਰਚਾਰ ਕਰਦੇ ਹਨ।

**ਕੌਸ਼ਲ, ਹੰਸ ਰਾਜ** (੬ ਮਈ ੧੯੩੯--ਜੀਵਤ)

ਆਪ ਦੀ ਜਨਮ ਇਸਰਾ, ਜ਼ਿਲਾ ਸੰਗਰੂਰ ਦੇ ਨਿਵਾਸੀ ਸ੍ਰੀ ਤਿਲਕ ਰਾਜ ਦੇ ਘਰ ਹੋਇਆ। ਬੀ. ਏ ਬੀ. ਟੀ. ਕਰਨ ਪਿਛੋਂ ਆਪ ਬਰਨਾਲੇ ਵਿਚ ਜ਼ਿਲਾ ਵਿਦਿਅਕ ਹਦਾਇਤਕਾਰ (ਇੰਸਟਰਕਟਰ) ਲਗ ਗਏ।

ਪੰਜਾਬੀ ਰਸਾਲਿਆਂ ਵਿਚ ਆਪ ਦੀਆਂ ਕਵਿਤਾਵਾਂ ਕਹਾਣੀਆਂ ਛਪਦੀਆਂ ਰਹਿੰਦੀਆਂ ਹਨ।

# ਖ

**ਖੁਆਜਾ ਫਰਦ ਫਕੀਰ** (੧੧੧੬ ਹਿਜਰੀ---)

ਆਪ ਗੁਜਰਾਤ ਦੇ ਨਿਵਾਸੀ ਸਨ । ਸਾਰੀ ਉਮਰ ਸੂਫੀ ਮੱਤ ਦਾ ਪਰਚਾਰ ਕਰਦੇ ਰਹੇ । ਆਪ ਬੜੇ ਉੱਚੇ ਅਧਿਆਤਮਕ ਸੁਭਾਅ ਦੇ ਮਾਲਕ ਸਨ । ਮੀਆਂ ਮੁਹੰਮਦ (ਜਿਹਲਮ) ਦਾ ਵਿਚਾਰ ਹੈ ਕਿ :—

ਫਰਦ ਫਕੀਰ ਹੋਇਆ ਕੋਈ ਖਾਸਾ,
ਮਰਦ ਸਫਾਈ ਵਾਲਾ ।
ਫਕਾਹ ਅੰਦਰ ਭੀ ਚੁਸਤ ਸੁਖਨ ਹੈ,
ਇਸ਼ਕ ਅੰਦਰ ਖੁਸ਼ਹਾਲਾ ।

'ਫਰਦ' ਦੇ ਤਖਲਸ ਨੂੰ ਵੀ ਆਪਨੇ ਪ੍ਰਤੀਕ ਰੂਪ ਵਿਚ ਵਰਤਿਆ ਹੈ, ਅਰਥਾਤ ਇਸ ਤੋਂ ਉਪਨਾਮ ਤੇ ਅਰਥ, ਦੋਹਾਂ ਦਾ ਕੰਮ ਲਿਆ ਹੈ । ਫਰਦ ਦਾ ਭਾਵ ਆਪ ਅਨੁਸਾਰ 'ਕਲ' ਅਤੇ 'ਕਿਆਮਤ' ਵੀ ਹੈ ।

''ਰੌਸ਼ਨ ਦਿਲ'', ''ਕਸਬਨਾਮਾ ਬਾਫੰਦਗਾਨ'', ''ਕਸਬਨਾਮਾ ਹਮਾਜਾ'' ਆਦਿਕ ਤਸਨੀਫਾਂ ਤੋਂ ਇਲਾਵਾ ਬਹੁਤ ਸਾਰੀਆਂ ਸੀਹਰਫੀਆਂ ਅਤੇ ਕੁਝ ਬਾਰੂਂ ਮਾਹ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ ।

ਆਪਦੀ ਰਚਨਾ ਵਿਚ ਇਸਲਾਮ ਅਤੇ ਸੂਫੀ ਮੱਤ ਦੀ ਵਿਆਖਿਆ ਹੈ ।

**ਖੰਨਾ, ਗੁਰਾਂ ਦਿੱਤਾ** (੧੮੯੭—ਜੀਵਤ)

ਜਨਮ ਅੰਮ੍ਰਿਤਸਰ ਵਿਚ ਲਾਲਾ ਰਾਜਾ ਰਾਮ ਦੇ ਘਰ ਹੋਇਆ । ਗੁਰੂ ਘਰ ਦੀ ਪਰੇਮਣ ਮਾਤਾ ਹਰ ਕੌਰ ਨੇ ਆਪਨੂੰ ਹਿੰਦੀ, ਪੰਜਾਬੀ ਦੀ ਵਾਕਫੀਅਤ ਅੜੇ ਗੁਰਮਤ ਦੀ ਸਿਖਿਆ ਪਰਦਾਨ ਕੀਤੀ । ਵਡੇ ਹੋ ਕੇ ਆਪ ਮੁਨੀਮ ਦਾ ਕੰਮ ਕਰਨ ਲਗ ਪਏ । ਕਲਕਤੇ ਦੀ ਰੋਜ਼ਾਨਾ ਅਖਬਾਰ ਭਾਰਤ ਮਿਤਰ ਦੇ ਅਧਿਅਨ ਨੇ ਆਪਦੇ ਕਰਤਾਰੀ ਮਨ ਨੂੰ ਜਗਾਇਆ । ਪੰਜਾਬੀ ਵਿਚ ਆਪ ਸ. ਹੀਰਾ ਸਿੰਘ ਦਰਦ ਨੂੰ ਆਪਣਾ ਰਹਿਬਰ ਸਮਝਦੇ ਹਨ । ਜਲਿਆਂ ਵਾਲੇ ਬਾਗ ਦੇ ਖੂਨੀ ਜਲਸੇ (੧੯੧੯) ਵਿਚੋਂ ਬਚਣ ਪਿਛੋਂ ਸਾਮਰਾਜ ਵਿਰੋਧੀ ਲਹਿਰ ਵਿਚ ਸ਼ਾਮਲ ਹੋ ਗਏ ।

ਕੁਝ ਚਿਰ ਪਿਛੋਂ ਆਪ ਕਲਕਤੇ ਆ ਗਏ ਤੇ ਬੁਧ ਧਰਮ, ਕ੍ਰਾਂਤੀਕਾਰੀ ਲਹਿਰ ਅਤੇ ਬੰਗਾਲੀ ਸਾਹਿਤ ਦੇ ਪੁਜਾਰੀ ਬਣ ਗਏ । ਫਿਰ ਆਪਨੇ ਅੰਮ੍ਰਿਤਸਰ ਆ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਇਮੀ ਲਈ ਅਣਥਕ ਕੋਸ਼ਿਸ਼ਾਂ ਕੀਤੀਆਂ ।

੧. ਪ੍ਰਸਿਧ ਜੀਵਨੀਆਂ, ੨. ਚੌਣਵੇਂ ਫੁਲ, (ਕਹਾਣੀਆਂ) ੩. ਮਹਾਤਮਾ ਬੁਧ, ੪. ਜਾਤਕ ਕਥਾਵਾਂ ੫. ਪੰਜ ਤੰਤਰ ਦੀਆਂ ਕਹਾਣੀਆਂ, ੬. ਭਾਰਤ ਦੀਆਂ ਆਦਰਸ਼ ਦੇਵੀਆਂ ਆਦਿਕ ਪੁਸਤਕਾਂ ਆਪ ਦੀ ਘਾਲਣਾ ਵਿਚ ਸ਼ਾਮਲ ਹਨ । 'ਕੌਮੀ ਲਹਿਰਾਂ' ਅਤੇ 'ਅਮਰ ਜੋਤੀ' ਦੋ ਪੁਸਤਕਾਂ ਵਿਚ ਆਪਦੀਆਂ ਕਵਿਤਾਵਾਂ ਦਰਜ ਹਨ । ਹਿੰਦੀ, ਪੰਜਾਬੀ ਵਿਚ ਆਪਦੀਆਂ ਤਕਰੀਬਨ ੩੦ ਪੁਸਤਕਾਂ ਛਪ ਚੁਕੀਆਂ ਹਨ ।

ਆਪਦਾ ਸਥਾਨ ਉਚਤਮ ਦੇਸ਼ ਭਗਤ ਕਵੀਆਂ ਵਿਚ ਹੈ ।

**ਖੰਨਾ, ਰੌਸ਼ਨ** (੧੯੩੯—ਜੀਵਤ)

ਆਪਦੇ ਪਿਤਾ ਦਾ ਨਾਂ ਸ੍ਰੀ ਬਿਹਾਰੀ ਲਾਲ ਖੰਨਾ ਹੈ ਨਗਰੋਟਾ ਬਗਵਾਂ, ਜ਼ਿਲਾ ਕਾਂਗੜਾ ਵਿਚ ਸਾਬਣ ਦਾ ਕੰਮ ਕਰਦੇ ਹਨ।

ਪੰਜਾਬੀ ਵਿਚ ਕਹਾਣੀਆਂ ਦੀ ਰਚਦੇ ਹਨ।

**ਖੁਰਸ਼ੀਦ ਅਹਿਮਦ**

ਵੇਖੋ

ਅਹਿਮਦ ਰਾਹੀ

**ਖੁਲਦੀ, ਅਬਦੁਲ ਰਹਿਮਾਨ** (੧੭੬੨—੧੮੬੨)

ਆਪ ਜ਼ਿਲਾ ਗੁਜਰਾਂਵਾਲਾ ਦੇ ਪਿੰਡ ਵਡਾਲਾ ਸਿਧਵਾਂ ਵਿਚ ਰਹਿੰਦੇ ਸਨ। ਇਥੇ ਇਕ ਤਾਂ ਆਪ ਮਸੀਤ ਦੇ ਇਮਾਮ ਸਨ ਤੇ ਦੂਜੇ ਆਪਦੀ ਸੰਤ-ਸ਼ਖਸੀਅਤ ਵੀ ਦਿਲ ਖਿਚਵੀਂ ਸੀ। ਇਸ ਕਾਰਨ ਆਪ ਇਲਾਕੇ ਵਿਚ ਕਾਫੀ ਪ੍ਰਸਿਧ ਸਨ।

ਆਪਦਾ ਮੂਲ-ਵਿਸ਼ੇ ਮਾਅਰਫਤ ਅਤੇ ਅਧਿਆਤਮਵਾਦ ਹੈ। ਆਪਦੀ ਸੀਹਰਫੀ ਪ੍ਰਕਾਸ਼ਿਤ ਰੂਪ ਵਿਚ ਮਿਲਦੀ ਹੈ। ਆਪਦੀ ਕਵਿਤਾ ਵਿਚ ਕਿਤੇ ਕਿਤੇ ਨਿਰਾਸ਼ਾ ਵੀ ਹੈ। ਬਿੰਬਾਵਲੀ ਅਸਾਧਾਰਨ ਹੈ। ਮੌਤ ਹਾਵੀ ਹੈ। ਬੋਲੀ ਸਾਧਾਰਨ ਜੀਵਨ ਦੀ ਹੈ।

ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਅਲਫ ਏਸ ਅਵੱਲੜੀ ਮੌਤ ਨੇ ਜੀ,
ਕਹੇ ਕਹੇ ਜਵਨ ਏ ਮਾਰ ਸਟੇ।
ਕੁਝ ਪਕੜ ਮੁਰਦੇ ਪਾਏ ਵਿਚ ਕਬਰਾਂ,
ਕੁਝ ਘੱਤ ਖਿਚਾ ਉਤੇ ਸਾੜ ਸੁਟੇ।
ਕੁਝ ਕੁਤਿਆਂ ਖਾਧੇ ਨੇ ਵਿਚ ਖਾਈਆਂ,
ਕੁਝ ਸ਼ੇਰਾਂ ਬਘਿਆੜਾਂ ਨੇ ਪਾੜ ਸੁਟੇ।
ਅਬਦੁਲ ਰਹਿਮਾਨ ਖੁਲਦੀ ਇਸ ਮੌਤ ਨੇ ਜੀ,
ਕਈ ਲੱਖ ਗਿਰਾਂ ਉਜਾੜ ਸਟੇ।

ਆਪਦੀ ਪੁਸਤਕ 'ਸੀਹਰਫੀ ਖੁਲਦੀ' ਨੂੰ ਤੁਹਫਾ ਪੰਜਾਬ ਪਰੈਸ, ਲਾਹੌਰ ਨੇ ੧। ੮੭ ਈ: ਵਿਚ ਪ੍ਰਕਾਸ਼ਿਤ ਕੀਤਾ।

**ਖੁਸ਼ਹਾਲ ਚੰਦ, ਰਾਜਾ**

ਵੇਖੋ

ਖੁਸ਼ਹਾਲ ਰਾਏ, ਰਾਜਾ

**ਖੁਸ਼ਹਾਲ ਰਾਏ, ਰਾਜਾ** (੧੭੦੧—੧।੫੨ ਅੰਦਾਜ਼ਨ)

ਆਪਦਾ ਨਾਂ ਰਾਜਾ ਖੁਸ਼ਹਾਲ ਚੰਦ ਵੀ ਦਸਿਆ ਜਾਂਦਾ ਹੈ। ਆਪਦੇ ਪਿਤਾ ਜੀਵਨ ਦਾਸ ਜੀ ਔਰੰਗਜ਼ੇਬ ਅਤੇ ਬਹਾਦਰ ਸ਼ਾਹ ਦੋਹਾਂ ਵੇਲੇ ਮੁਗਲ ਦਰਬਾਰ ਦੀ ਸੇਵਾ ਕਰਦੇ ਰਹੇ। ਉਹ ਦੀਵਾਨੀ ਮਹਿਕਮੇ ਵਿਚ ਇਕ ਉਚ ਅਧਿਕਾਰੀ ਸਨ(ਦੇਖੋ ਜੀਵਨ ਦਾਸ)। ਪਿਤਾ ਦੀ ਮੌਤ ਪਿਛੋਂ ਖੁਸ਼ਹਾਲ ਰਾਏ ਹੁਰੀਂ ਵੀ ਮੁਗਲ ਸਰਕਾਰ ਵਿਚ ਨਿਯੁਕਤ ਹੋ ਗਏ।

ਬਾਦ ਵਿਚ ਆਪ ਨੂੰ ਜਾਂ ਤਾਂ ਜਮਾਂਦਰੂ ਹੱਕ ਵਜੋਂ ਤੇ ਜਾਂ ਬਖਸ਼ੀਸ਼ ਵਜੋਂ ਦਿਲੀ ਦੇ ਗਵਾਂਢ ਵਿਚ ਕਿਸੇ ਨਿਕੀ ਜਿਹੀ ਰਿਆਸਤ ਦਾ ਰਾਜ ਵੀ ਮਿਲਿਆ, ਆਪਦੇ ਨਾਂ ਨਾਲ 'ਰਾਜਾ' ਸ਼ਬਦ ਵੀ ਇਸੇ ਗਲ ਦਾ ਸੂਚਕ ਹੈ। ੧੭੩੩ ਤੋਂ ੧੭੩੬ ਤਕ ਮੁਹੰਮਦ ਸ਼ਾਹ ਰੰਗੀਲੇ ਨਾਲ ਮਰਹਟਿਆਂ ਦੀਆਂ ਕਈ ਲੜਾਈਆਂ ਵਿਚ ਖੁਸ਼ਹਾਲ ਰਾਏ ਹੁਰਾਂ ਮੁਹੰਮਦ ਸ਼ਾਹ ਦਾ ਸਾਥ ਦਿਤਾ ਤੇ ਯੁਧ-ਖੇਤਰ ਵਿਚ ਤਲਵਾਰ ਵੀ ਚਲਾਈ। ਇਸੇ ਪਰਕਾਰ ਉਹਨਾਂ ਸਭਿਆਚਾਰਕ ਪਖੋਂ ਵੀ ਰੰਗੀਲੇ ਨੂੰ ਪੂਰਾ ਸਹਿਯੋਗ ਦਿਤਾ। ਇਸ ਸਾਂਝ ਦਾ ਵਰਨਣ ਆਪ ਨੇ ਸਵੈਜੀਵਨਕ ਕਵਿਤਾਵਾਂ ਵਿਚ ਵਿਸਤਾਰ ਸਹਿਤ ਕੀਤਾ ਹੈ। ਅੰਦਾਜ਼ਾ ਹੈ ਕਿ ਰਾਜਾ ਜੀ ਦਿਲੀ ਦੀ

ਕਿਸੇ ਨਿਕਟ ਵਰਤੀ ਰਿਆਸਤ ਨਾਲ ਸਬੰਧਿਤ ਸਨ। ਜਲੰਧਰ ਦੇ ਨੇੜੇ ਵੀ ਆਪ ਨੂੰ ਜ਼ਮੀਨ ਮਿਲੀ ਸੀ। ਬੋਲੀ ਤੋਂ ਆਪਦੇ ਸਥਾਨ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿਉਂਕਿ ਇਸ ਵਿਚ ਹਰ ਰੰਗ ਮਿਲ ਜਾਂਦਾ ਹੈ।

ਰਾਜਾ ਜੀ ਦੀ ਸ਼ਖਸੀਅਤ ਤੇ ਰਚਨਾ ਵਿਚੋਂ ਪਰਤੱਖ ਹੈ। ਆਪ ਇਕ ਪਾਸੇ ਉਚ ਦਰਜੇ ਦੇ ਸੰਤ ਤੇ ਦੂਜੇ ਪਾਸੇ ਰੁਮਾਂਚਕ ਕਵੀ ਸਨ। ਆਪ ਦੀ ਜ਼ਿੰਦਗੀ ਪੇਚੀਦਗੀਆਂ ਅਤੇ ਵੰਨਗੀਆਂ ਨਾਲ ਭਰਪੂਰ ਸੀ। ਆਪ ਨੇ ਸ੍ਰਿਸ਼ਟੀ, ਪੰਜਾਬੀਅਤ ਤੇ ਭਾਰਤੀ ਕਲਚਰ ਦੇ ਇਕਾਗਰ ਚਿਤਰ ਉਸਾਰੇ ਹੋਏ ਸਨ। ਆਪ ਗੁਰੂ ਸਾਹਿਬਾਨ ਦੀ ਮਹਾਨਤਾ ਤੋਂ ਕਾਇਲ ਸਨ ਤੇ ਉਹਨਾਂ ਦੇ ਉਪਾਸ਼ਕ ਵੀ ਸਨ। ਦੂਜੇ ਪਾਸੇ ਮੁਗਲ ਦਰਬਾਰ ਨਾਲ ਵੀ ਆਪਦੀ ਨਿਰੰਤਰ ਸਾਂਝ ਕਾਇਮ ਰਹੀ। ਪਰ ਆਪਨੇ ਸ਼ਹੀਦ ਗੁਰੂ ਸਾਹਿਬਾਨ ਤੇ ਗੁਰੂ ਘਰਾਣੇ ਦੀਆਂ ਇਨਕਲਾਬੀ ਸਰਗਰਮੀਆਂ ਨੂੰ ਪੂਰੀ ਤਰ੍ਹਾਂ ਵਿਸਾਰਿਆ ਹੈ। ੧੭੩੯ ਵਿਚ ਨਾਦਰ ਸ਼ਾਹ ਨੇ ਦਿਲੀ ਵਿਚ ਜੋ ਕਤਲ-ਇ-ਆਮ ਕੀਤੀ, ਉਸ ਨੂੰ ਵੀ ਆਪਨੇ ਕਲਮਬੰਦ ਨਹੀਂ ਕੀਤਾ। ਅਜੇ ਕਿ ਇਹ ਘਟਨਾਵਾਂ ਆਪਦੇ ਰਚਨਾ-ਕਾਲ ਦੇ ਵਿਚ ਹੀ ਵਾਪਰੀਆਂ। ਸਪਸ਼ਟ ਹੈ ਕਿ ਆਪ ਦਿੱਲੀ ਨਾਲ ਸਬੰਧ ਵਿਗਾੜ ਕੇ ਖੁਸ਼ ਨਹੀਂ ਸਨ। ਸਮੇਂ-ਸਥਾਨ ਦੀਆਂ ਸੀਮਾਵਾਂ ਦੇ ਅਧੀਨ ਉਪਰੋਕਤ ਗਲਾਂ ਦੀ ਰੌਸ਼ਨੀ ਵਿਚ ਆਪਨੂੰ ਦੇਸ਼ਧਰੋਹੀ ਕਹਿਣਾ ਅਨੁਚਿਤ ਹੈ ਕਿਉਂਕਿ ਆਪਨੇ ਭਾਰਤੀ ਤੇ ਪੰਜਾਬੀ ਘਾਲਣਾ ਨੂੰ ਸਦਾ ਮਨ ਵਿਚ ਰਖਿਆ ਹੈ। ਨਾਲ ਹੀ ਸਮਕਾਲੀ ਹਿੰਦੂ ਰਾਜਸਤਾ ਵੀ ਅਵਸਾਦਗ੍ਰਸਤ ਸੀ। ਇਹ ਠੀਕ ਹੈ ਕਿ ਆਪ ਵਿਚ ਇਨਕਲਾਬੀ ਸਪਿਰਿਟ ਬਹੁਤ ਘਟ ਸੀ, ਪਰ ਆਪਦੀ ਮਹਾਨ ਰਚਨਾ ਨੂੰ ਮੁਖ ਰਖਦਿਆਂ ਇਸ ਘਾਟ ਨੂੰ ਵਿਸਾਰਨਾ ਹੀ ਪੈਂਦਾ ਹੈ। ਇਲੀਅਟ ਤੇ ਡਾਸਨ ਆਪਣੀ ਪੁਸਤਕ 'ਹਿਸਟਰੀ ਆਫ਼ ਇੰਡੀਆ ਐਜ਼ ਟੋਲਡ ਬਾਈ ਇਟਸ ਓਨ ਹਿਸਟੋਰੀਅਨਜ਼' ਵਿਚ ਇਕ ਥਾਂ ਉਤੇ ਖੁਸ਼ਹਾਲ ਚੰਦ ਦਾ ਇਹ ਕਥਨ ਦੇਂਦੇ ਹਨ: 'ਮੈਂ ਮੁਗਲ ਸਰਕਾਰ ਦੀ ਨੌਕਰੀ ਵਿਚ ਪ੍ਰਸੰਨ ਹਾਂ ਕਿਉਂਕਿ ਇਥੇ ਮੈਂ ਜੀਵਨ ਦੇ ਧਾਰਮਕ ਤੇ ਦੁਨਿਆਵੀ ਦੋਵੇਂ ਪਖ ਨਿਭਾ ਸਕਦਾ ਹਾਂ।'

ਆਪਦੀ ਰਚਨਾ ਇਤਿਹਾਸ, ਸਾਹਿਤ, ਬੋਲੀ ਅਤੇ ਸੰਗੀਤ ਸਾਰੇ ਪਖਾਂ ਤੋਂ ਅਦੁਤੀ ਹੈ। 'ਖੁਸ਼ਹਾਲ ਚੰਦ' ਨਾਂ ਥਲੇ ਆਪਦੀ ਪ੍ਰਸਿਧ ਫ਼ਾਰਸੀ ਪੁਸਤਕ 'ਤਾਰੀਖ ਮੁਹੰਮਦ ਸ਼ਾਹੀ, ਨਾਦਿਰੁਜ਼ ਜ਼ਮਾਨੀ' (ਸਮੇਂ ਦਾ ਅਦੁਤੀ ਮਨੁਖ) ਮਿਲਦੀ ਹੈ। ਇਸ ਨੂੰ ਸਾਰੇ ਇਤਿਹਾਸਕਾਰਾਂ ਨੇ ਵਰਤਿਆ ਹੈ। ਇਸਦਾ ਇਕ ਖ਼ਰੜਾ ਲੰਡਨ ਦੇ ਬ੍ਰਿਟਿਸ਼ ਮਿਊਜ਼ੀਅਮ ਵਿਚ ਸੁਰਖਿਅਤ ਪਿਆ ਹੈ। ਇਸੇ ਤਰ੍ਹਾਂ ਦੀ ਇਕ ਹੋਰ ਕਿਰਤ ਬਰਲਨ ਦੀ ਪਰਸ਼ੀਅਨ ਸਟੇਟ ਲਾਇਬਰੇਰੀ ਵਿਚ ਹੈ।

ਪੰਜਾਬੀ, ਬ੍ਰਜੀ ਅਤੇ ਸੰਤ ਭਾਸ਼ਾ ਵਿਚ ਆਪਦੀ ਰਚਨਾ 'ਖੁਸ਼ਹਾਲ ਰਾਏ' ਦੇ ਨਾਂ ਥਲੇ ਹੈ। ਮਹਿਕਮਾ ਪੰਜਾਬੀ ਪਟਿਆਲਾ (ਅਜ ਕਲ ਪੰਜਾਬੀ ਵਿਭਾਗ) ਵਲੋਂ ਸ੍ਰੀ ਸ. ਸ. ਅਮੋਲ ਨੇ ਇਸ ਘਾਲਣਾ ਨੂੰ ਸੰਪਾਦਿਤ ਕੀਤਾ ਹੈ। ਇਸ ਵਿਚ ਬਹੁਮੁਲਾ ਗਿਆਨ ਸੰਚਿਤ ਹੈ। ਖੁਸ਼ਹਾਲ ਰਾਏ ਹੁਰਾਂ ਦੀਆਂ ਕਵਿਤਾਵਾਂ ਦੇ ਸੰਗਰਹਿ ਦਾ ਨਾਂ ਮੂਲ ਅਨੁਸਾਰ 'ਬਿਸ਼ਨ ਪਦੇ' ਰਖਿਆ ਗਿਆ ਹੈ। ਇਹ ਸੰਗਰਹਿ ਸਾਨੂੰ ਕਵੀ ਦੀ ਅਨੇਕ-ਪਖੀ ਪ੍ਰਤਿਭਾ ਨਾਲ ਪ੍ਰਚਿਤ ਕਰਦਾ ਹੈ। ਸਾਰੀ ਰਚਨਾ ੬੩ ਰਾਗਾਂ ਦੇ ਅਧੀਨ ਹੈ। ਇਸਦਾ ਆਦਿ ਗਰੰਥ ਦੀ ਰਾਗਮਾਲਾ ਅਤੇ ਹੋਰ ਰਾਗਮਾਲਾ ਨਾਲ ਪਰਤਖ ਰਿਸ਼ਤਾ ਕਾਇਮ ਹੈ। ਹੋਰ, ਉਰਦੂ ਦੀਆਂ 'ਗਜ਼ਲ-ਨੁਮਾ ਨਜ਼ਮਾਂ' ਵੀ ਰਾਗਾਂ ਦੇ ਅਧੀਨ ਹਨ। ਹਰ ਕਵਿਤਾ ਸੰਗੀਤ ਦੀਆਂ ਬਰੀਕੀਆ ਅਨੁਸਾਰ ਹੈ। ਬਹੁਤ ਸਾਰੀਆਂ ਕਵਿਤਾਵਾਂ ਨਾਚ ਲਈ ਲਿਖੀਆਂ

ਗਈਆਂ ਹਨ। ਉਂਝ ਵੀ ਸ਼ਬਦਾਂ ਵਿਚ ਨਿਰਤ ਅਤੇ ਸੰਗੀਤ ਕਮਾਲ ਦਾ ਹੈ, ਜਿਵੇਂ :

ਛਨਨਨਨ ਘੁੰਘਰੂ ਘਨਨਨਨ ਘੰਟਾ,
ਝਨਨਨਨ ਝਾਂਝ ਕੀ ਧੁਨ ਸੁਹਾਈ।

ਪੰਜਾਬੀ ਰੁਮਾਂਸ ਨੂੰ ਇਸ ਪ੍ਰਕਾਰ ਚਿਤਰਿਆ ਹੈ :--

ਅਸੀਂ ਪ੍ਰੀਤ ਦੇ ਭਰੋਸੇ,
ਵਿਛੋੜੇ ਤੋਂ ਨਹ ਸੇ ਡਰਦੇ।
ਕੀ ਜਾਣਦੇ ਸਾਂ ਸੁਨ,
ਦਿਲਾਂ ਵਿਚ ਪਰਦੇ ਪਰਦੇ :

ਅਤੇ ਫਿਰ :—

ਚਲੋ ਨੀ ਖੇਡਣ ਜਾਵੇਂ,
ਆਇਆ ਫਗਣ ਮਾਹ।
ਵਰ੍ਹੇ ਦਿਹਾਂ ਤਕ ਮੂਲ ਨਾ ਮਿਲਸਾਂ,
ਜੇ ਕੋਈ ਕਰਸੀ ਨਾਂਹ।
ਸੁਹਣੀਆਂ ਹੋਇ ਸਜਣ ਨਾਲ ਖੇਡੋ,
ਮੂਲ ਨਾ ਹਟੋ ਪਿਛਾਂਹ।

ਕ੍ਰਿਸ਼ਨ-ਲੀਲਾ ਨੂੰ ਅਤੀਅੰਤ ਰੁਮਾਂਚਕ ਅਤੇ ਪ੍ਰਕਿਰਤੀਵਾਦੀ ਰੂਪ ਵਿਚ ਪੇਸ਼ ਕੀਤਾ ਹੈ :—

ਕਰ ਧਰ, ਅੰਗੀਆਂ ਟਟੋਰ, ਕਹਤ ਹੋ—
'ਰਾਖੀ ਗੋਂਦ ਛਿਪਾਇ,
ਹਮਰੇ ਕੁਮ ਕੁਮ ਕੁਮਾ ਔਰ ਪਿਚਕਾਰੀ,
ਲੈ ਗਏ ਆਪ ਚੁਰਾਇ।'
ਬਹੀਆਂ ਮਰੋਰ ਖਿਝਾਵਤ ਕਬਹੂੰ,
ਕਬਹੂੰ ਲੈਤ ਮਨਾਇ!
ਠਾਢੇ ਹੋ ਮਨਿਹਾਰ ਕਰਤ,
ਕਰ ਜੋਰੈਂ ਟਾਂਗ ਉਠਾਇ।

ਇਹ ਪਰੇਮ ਵਰਨਣ ਨਿਜੀ ਨਹੀਂ, ਸਗੋਂ ਸਮੂਹਕ ਹੈ।

ਪਰ ਦੂਜੇ ਪਾਸੇ ਅਧਿਆਤਮਕ ਕਵਿਤਾ ਵੀ ਕਮਾਲ ਦੀ ਹੈ!

ਹਿਤ ਚਿਤ ਲਾਇ ਕੈ, ਮੇਰੇ ਸਾਹਿਬਾ
ਹਾਂ, ਤੇਰੇ ਚਰਨ ਪੁਜੇਸਾਂ।
ਤਨਮਨ ਜੀਅੜਾ, ਮੇਰੇ ਸਾਹਿਬਾ, ਕਢ ਅਗੇ,
ਆਵੇ, ਮੇਰੇ ਗੋਬਿੰਦ, ਸਾਈਂ ਵੇ ਦੇਸਾਂ।
ਅਵੈ ਤੇਰੇ ਬਲ ਬਲ ਜਾਈ ਵੇ।

ਉਰਦੂ ਅਤੇ ਫਾਰਸੀ ਕਵਿਤਾ ਵਿਚ ਵੀ ਇਸੇ ਪ੍ਰਕਾਰ ਦਾ ਰੰਗ ਹੈ।

ਵਿਚਾਰ-ਪਖ ਤੋਂ ਆਪਦੀ ਕਵਿਤਾ ਅਨੇਕ ਵਿਸ਼ੈ ਨਿਭਾਉਂਦੀ ਹੈ—ਅਧਿਆਤਮਵਾਦ, ਰੁਮਾਂਸ, ਤਰਕ, ਸੂਫੀ ਮੱਤ ਸਦਾਚਾਰ, ਸੁਧਾਰ, ਧਰਮ, ਮੁਗਲ ਰਾਜ ਦਾ ਸਮਰਥਨ, ਸਿੱਖ ਘਾਲਣਾ ਦੀ ਪਰਸ਼ੰਸਾ, ਕ੍ਰਿਸ਼ਨ ਲੀਲਾ ਆਦਿਕ। ਆਪਦੀ ਬੋਲੀ ਸਾਂਝੀ ਪੰਜਾਬੀਅਤ ਦਾ ਸੁਨੇਹਾ ਦਿੰਦੀ ਹੈ।

ਅਤਕਥਨੀ ਦੀ ਅਣਹੋਂਦ ਹੈ। ਛੰਦਾਂ ਅਤੇ ਕਾਵਿ ਦੀਆਂ ਹੋਰ ਬਰੀਕੀਆਂ ਨੂੰ ਤਕਨੀਕੀ ਪਖੋਂ ਵੀ ਪੂਰਨਤਾ ਸਹਿਤ ਨਿਭਾਇਆ ਹੈ। ਰਾਗਾਂ ਦੇ ਨਿਭਾਅ ਵਿਚ ਪ੍ਰਬੀਨਤਾ ਹੈ। ਸ਼ੈਲੀ ਹਰ ਵਾਤਾਵਰਣ ਦੇ ਅਨੁਕੂਲ ਢਲਦੀ ਹੈ। ਗੁਰੂ ਘਰ ਦੀ ਵਡਿਆਈ ਸਮੇਂ ਬੋਲੀ ਵੀ ਗੁਰੂ ਘਰ ਦੀ ਹੋ ਜਾਂਦੀ ਹੈ :—

ਸਿਖਾ ਖਾਲਸੇ ਦਿਆ,
ਵੇ ਫਤੇ ਵਾਹੁਗੁਰੂ ਦੀ ਬੋਲ।

ਭਗਤੀ ਪ੍ਰਣਾਲੀ ਦੀ ਕਵਿਤਾ ਇਸ ਪ੍ਰਕਾਰ ਹੈ :—

ਸਤਗੁਰ ਪੂਰਾ ਸੰਤ ਸਹਾਈ।
ਤਾਂ ਕੀ ਉਪਮਾ ਕਥੀ ਨਾ ਜਾਈ।
ਏਕ ਅਨੇਕ ਸਗਲ ਜਗ ਛਾਇਆ,
ਨਮੇ ਨਮੇ ਤ੍ਰਿਭਵਨ ਪਤਿ ਕਾਇਆ।

ਉਰਦ ਕਵਿਤਾ ਸਮੇਂ ਰੰਗ ਹੋਰ ਹੋ ਜਾਂਦਾ ਹੈ, ਪਰ

ਪੰਜਾਬੀਅਤ ਕਵੀ ਦਾ ਖਹਿੜਾ ਨਹੀਂ ਛਡਦੀ :—

ਦੁਨੀਆਂ ਦੁਰੰਗੀ, ਦਗਲ ਦਗਾ ਬਾਜ਼,
ਝੂਠੀ ਕਪਟ ਭਰੀ, ਜਾਮੇ ਕਛੂ ਨਾਹੀ ਲਾਜ ।

ਜਾਂ

ਖੁਸ਼ਾਲ ਜ਼ਮਾਨੇ ਕੋ ਕਿਆ ਹੂਆ ।
ਜੋ ਮਿਹਰ ਰਹਮ ਉਲਟ ਹੂਏ ਜ਼ੋਰੋ ਜ਼ਫਾ ।

ਖੁਸ਼ਹਾਲ ਰਾਏ ਹੁਰਾਂ ਦੀ ਪ੍ਰਤਿਭਾ ਪੰਜਾਬੀਆਂ ਨੇ ਗੌਲੀ ਨਹੀਂ । ਅਸਲੀਅਤ ਇਹ ਹੈ ਕਿ ਆਪ ਇਤਿਹਾਸ ਅਤੇ ਸਾਹਿਤ ਦੋਹਾਂ ਪਖਾਂ ਤੋਂ ਪੰਜਾਬੀ ਵਿਚ ਉਹ ਸਥਾਨ ਰਖਦੇ ਹਨ, ਜੋ ਪਹਿਲੇ ਦਰਜੇ ਉਤੇ ਆਉਂਦਾ ਹੈ ।

**ਖੁਸ਼ੀ ਮੁਹੰਮਦ ਅੱਸਦ**

ਆਪ ਘੱਘ ਖੁਰਦ (ਬੂੰਗਾ) ਤਹਿਸੀਲ ਖੁਸ਼ਾਬ ਜ਼ਿਲਾ ਸਰਗੋਧਾ ਦੇ ਰਹਿਣ ਵਾਲੇ ਹਨ । ਨਿੱਕੀ ਉਮਰ ਤੋਂ ਹੀ ਆਪ ਰੋਮਾਂਟਕ ਕਵਿਤਾਵਾਂ ਲਿਖਦੇ ਆਏ ਹਨ । ਲਾਇਲਪੁਰ ਅਤੇ ਸਰਗੋਧੇ ਦੀਆਂ ਅਖਬਾਰਾਂ ਵਿਚ ਆਪਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ । ਅਜ ਕਲ ਲਾਇਲ ਪੁਰ ਵਿਚ ਰਹਿੰਦੇ ਹਨ ।

ਆਪਦੀ ਕਵਿਤਾ ਵਿਚ ਸ਼ਿੰਗਾਰ ਦੀ ਪਰਧਾਨਤਾ ਹੈ ।

**ਖੁਸ਼ੀ ਰਾਮ ਅਨਜਾਣ** (੨੨ ਅਕਤੂਬਰ ੧੯੩੪--ਜੀਵਤ)

ਆਪ ਸ੍ਰੀ ਬੂਟਾ ਰਾਮ ਦੇ ਸਪੁੱਤਰ ਅਤੇ ਡੇਰਾ ਬਾਬਾ ਨਾਨਕ ਦੇ ਨਿਵਾਸੀ ਹਨ ।

ਆਪ ਨਿੱਕੀਆਂ ਕਹਾਣੀਆਂ ਅਤੇ ਕਵਿਤਾਵਾਂ ਦੇ ਸਿਆਣੇ ਲੇਖਕ ਹਨ ।

ਆਪਦੀ ਵਿਚਾਰਧਾਰਾ ਮਨੁਖਵਾਦੀ ਹੈ ।

**ਖੁਸ਼ਵੰਤ ਸਿੰਘ** (੨ ਫ਼ਤਵਰੀ ੧੯੧੫—ਜੀਵਤ)

ਜਨਮ ਹਦਾਲੀ ਜ਼ਿਲਾ ਸ਼ਾਹਪੁਰ ਵਿਚ ਸ: ਸੋਭਾ ਸਿੰਘ ਦੇ ਘਰ ਹੋਇਆ । ਦਿੱਲੀ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚੋਂ ਵਿਦਿਆ ਪ੍ਰਾਪਤ ਕਰਨ ਪਿੱਛੋਂ ਆਪ ਨੇ ਲੰਡਨ ਯੂਨੀਵਰਸਿਟੀ ਤੋਂ ਬੈਰਿਸਟਰੀ (ਕਾਨੂੰਨ) ਪਾਸ ਕੀਤੀ , ੧੯੪੩ ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਵਿਚ ਹਿੰਦੂ ਕਾਨੂੰਨ ਦੇ ਅਧਿਆਪਕ ਰਹੇ ਤੇ ਨਾਲ ਨਾਲ ਵਕਾਲਤ ਵੀ ਕਰਦੇ ਰਹੇ । ਫਿਰ ੧੯੩੨ ਤੱਕ ਆਪ ਕੇਂਦਰੀ ਸਰਕਾਰ ਦੇ ਉਟਾਵਾ ਤੇ ਲੰਡਨ ਵਿਚ ਅਖਬਾਰੀ ਸਹਾਇਕ (ਪ੍ਰੈਸ ਅਟੈਚੀ) ਰਹੇ । ੧੯੫੪ ਤੱਕ ਆਲ ਇੰਡੀਆ ਰੇਡੀਓ ਦੀਆਂ ਬਾਹਰਮੁਖੀ ਸੇਵਾਵਾਂ (ਅੰਗ੍ਰੇਜ਼ੀ) ਦੇ ਇੰਚਾਰਜ ਰਹੇ । ਫਿਰ ੧੯੫੬ ਵਿਚ ਯੂਨੀਸਕੋ (ਪੈਰਿਸ) ਦੇ ਸਮੂਹਕ ਪਰਸਾਰ ਮਹਿਕਮੇ ਵਿਚ ਚਲੇ ਗਏ । ੧੯੫੮ ਵਿਚ ਕੇਂਦਰੀ ਸਰਕਾਰ ਦੇ ਪਤਰ 'ਯੋਜਨਾ' (ਅੰਗ੍ਰੇਜ਼ੀ ਤੇ ਹਿੰਦੀ) ਦੀ ਚੀਫ ਐਡੀਟਰੀ ਸੰਭਾਲੀ । ਆਪ ਰਾਕਫੈਲਰ ਫਾਊਂਡੇਸ਼ਨ ਦੇ ਅਧੀਨ ਸਿੱਖ ਇਤਿਹਾਸ ਦੀ ਖੋਜ ਕਰ ਰਹੇ ਹਨ ।

ਪੰਜਾਬੀ ਨੂੰ ਆਪਦੀ ਇਕੋ ਪੁਸਤਕ "ਨਾਂ ਵਿਚ ਕੀ ਪਿਆ ਹੈ" (ਕਹਾਣੀਆਂ) ਹੀ ਨੰਸੀਬ ਹੋ ਸਕੀ ਹੈ । ਆਪਦਾ ਸਾਰਾ ਧਿਆਨ ਪੰਜਾਬੀਅਤ ਅਤੇ ਸਿਖ ਇਤਿਹਾਸ ਨੂੰ ਬਿਦੇਸ਼ਾਂ ਵਿਚ ਪ੍ਰਸਿਧ ਕਰਨ ਵਲ ਲਗ ਰਿਹਾ ਹੈ ।

ਆਪਦੀ ਅੰਗਰੇਜ਼ੀ ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਇਤਿਹਾਸ ਤੇ ਧਰਮ : 'The Sikhs, The Sikhs Today, Sikhs' Morning Prayer.

ਗਲਪ : The Mark of Vishnu, Mano Majra, I Shall not Hear the Nightingale ਅਤੇ Umraojon

Ada (ਮੂਲ ਲੇਖਕ ਮੁੰਹਮਦ ਰੁਸਵਾ) 'A Train to Pakistan' (ਨਾਵਲ)।

ਆਪ ਦੁਆਰਾ ਭਾਰਤੀ ਤੇ ਬਿਦੇਸ਼ੀ ਰੇਡੀਓ ਤੋਂ ਪਰਸਾਰਿਤ ਲੇਖ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ। ਬਿਦੇਸ਼ੀ ਪਤਰਕਾਰੀ ਆਪਦੀ ਹੋਂਦ ਮਹਿਸੂਸ ਕਰਦੀ ਹੈ।

ਆਪਣੇ ਬਾਰੇ ਆਪਦਾ ਵਿਚਾਰ ਹੈ : ''ਮੈਂ ਸਿਖ ਜੀਵਨ ਜੀਉਂਦਾ ਹਾਂ।'' ਆਪਦਾ ਸਥਾਨ ਨਿਵੇਕਲਾ ਹੈ।

**ਗਿਆਂਦ** ਵੇਖੋ ਕਲਸਹਾਰ

**ਗਿਆਨ ਚੰਦ ਦੀਪਕ** (੧੦ ਜੂਨ ੧੯੩੩--ਜੀਵਤ)

ਆਪ ਆਰੀਆ ਉਪਦੇਸ਼ਕ ਪੰਡਿਤ ਧਰਮਪਾਲ ਦੇ ਸਪੁਤਰ ਅਤੇ ਸ਼ਿਮਲੇ ਦੇ ਸਰਕਾਰੀ ਮੁਲਾਜ਼ਮ ਹਨ।

ਪੰਜਾਬੀ ਅਤੇ ਹਿੰਦੀ ਵਿਚ ਕਵਿਤਾਵਾਂ ਦੀ ਰਚਨਾ ਕਰਦੇ ਹਨ।

**ਗੋਇਲ, ਪਰੇਮ ਭੂਸ਼ਨ** (ਜਨਵਰੀ ੧੯੩੬—ਜੀਵਤ)

ਆਪਦਾ ਜਨਮ ਜੈਤੋ ਮੰਡੀ ਵਿਚ ਸ੍ਰੀ ਰੁਲਦੂ ਰਾਮ ਅਗਰਵਾਲ ਦੇ ਘਰ ਹੋਇਆ। ਆਪ ਅੰਗਰੇਜ਼ੀ ਦੇ ਐਮ. ਏ. ਹਨ। ਇਸ ਤੋਂ ਸਿਵਾ ਆਪਨੇ ਗਿਆਨੀ ਅਤੇ ਪ੍ਰਭਾਕਰ ਵੀ ਕੀਤੀ। ਆਪ ਅਜ ਕਲ ਭਾਸ਼ਾ ਵਿਭਾਗ ਵਿਚ ਅਨੁਵਾਦਕ ਲਗੇ ਹੋਏ ਹਨ।

ਪੰਜਾਬੀ ਵਿਚ ਆਪਦਾ ਸਥਾਨ ਇਕ ਅਨੁਵਾਦਕ ਵਜੋਂ ਵਧੇਰੇ ਹੈ। ਪੰਜਾਬੀ ਦੇ ਸਰੇਸ਼ਟ ਰਸਾਲਿਆਂ ਵਿਚ ਆਪਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।

ਆਪ ਨੇ ਚੈਖਫ਼ ਦੀਆਂ ਕੁਝ ਰਚਨਾਵਾਂ ਅਨੁਵਾਦ ਕੀਤੀਆਂ ਹਨ। ਕੁਲਵੰਤ ਸਿੰਘ ਵਿਰਕ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੰਜਾਬੀ ਵਿਚੋਂ ਹਿੰਦੀ ਵਿਚ ਕੀਤੀਆਂ ਹਨ, ਜੋ ਹਿੰਦੀ ਦੇ ਸ਼ਰੋਮਣੀ ਮਾਸਕ ਪਤਰਾਂ ਵਿਚ ਛਪੀਆਂ ਹਨ।

# ਗ

**ਗੌਹਰ, ਦੇਸ ਰਾਜ** (੧੯੦੬—ਜੀਵਤ)

ਜਨਮ ਪਿੰਡ ਰਮਦਾਸ ਜ਼ਿਲਾ ਅੰਮ੍ਰਿਤਸਰ ਵਿਚ ਪੰਡਿਤ ਗੋਕਲ ਚੰਦ ਦੇ ਘਰ ਹੋਇਆ। ਬਾਰ੍ਹਾਂ ਵਰ੍ਹਿਆਂ ਦੀ ਉਮਰ ਤੋਂ ਹੀ ਪੰਜਾਬੀ ਤੇ ਉਰਦੂ ਵਿਚ ਕਵਿਤਾ ਲਿਖਦੇ ਆ ਰਹੇ ਹਨ। ਉਸਤਾਦ ਚੌਧਰੀ ਸ਼ਹਾਬੁਦੀਨ ਹਨ। ਉਹਨਾਂ ਦੀ ਪੁਸਤਕ 'ਮੁਸਦਸ ਹਾਲੀ' ਆਪਦੀ ਨਿਗਰਾਨੀ ਹੇਠ ਛਪੀ। ਅਜ ਕਲ ਲੋਕ ਸੰਪਰਕ ਵਿਭਾਗ ਵਿਚ ਸੁਪਰਵਾਈਜ਼ਰ ਹਨ।

ਆਪਦੀ ਰਚਨਾ ਪੁਸਤਕ-ਰੂਪ ਨਹੀਂ ਪ੍ਰਾਪਤ ਕਰ ਸਕੀ। ਸਾਂਝੀ ਪੰਜਾਬੀ ਕਲਚਰ ਦੇ ਧਾਰਨੀ ਹਨ।

**ਗੋਗੋਆਣੀ, ਜਗਜੀਤ ਸਿੰਘ**

ਜਨਮ ਪਿੰਡ ਗੋਗੋਆਣੀ (ਮਾਲਵਾ) ਵਿਚ ਸ. ਈਸ਼ਰ ਸਿੰਘ ਦੇ ਘਰ ਮਾਤਾ ਰਤਨ ਕੌਰ ਦੀ ਕੁਖੋਂ ਹੋਇਆ। ਦਸਵੀਂ ਕਰਨ ਪਿਛੋਂ ਆਪ 'ਕੌਮੀ ਦਰਦ' ਅੰਮ੍ਰਿਤਸਰ ਦੇ ਸੰਪਾਦਕ ਲਗ ਗਏ। ਇਹੋ ਅਖਬਾਰ 'ਖਾਲਸਾ ਸੇਵਕ' ਬਣੀ ਤਾਂ ਆਪ ਇਸਦੇ ਮੁਖ ਸੰਪਾਦਕ ਹੋ ਗਏ। ਜੈਤੋ ਦੇ ਮੋਰਚੇ ਵੇਲੇ ਆਪ ਵੀ ਛੇਵੇਂ ਸ਼ਹੀਦ ਜਥੇ ਵਿਚ ਸਨ ਅਤੇ ਨਾਭਾ ਬੀੜ ਕੇਸ ਵਿਚ ਆਪ ਨੂੰ ਕਾਫੀ ਕਸ਼ਟ ਸਹਾਰਨੇ ਪਏ। ਵੰਡ ਪਿਛੋਂ ਵੀ ਆਪ ਬਾਗੀ ਰਹੇ ਤੇ ਕਈ ਵਾਰੀ ਗ੍ਰਿਫਤਾਰ ਹੋਏ।

'ਖਾਲਸਾ ਸੇਵਕ' ਵਿਚ ਛਪੇ ਪਤਰਕਾਰਕ ਲੇਖ ਆਪਦੀ ਰਚਨਾ ਵਿਚ ਸ਼ਾਮਲ ਹਨ। ੧੯੬੩-੬੪

ਵਿਚ 'ਕੌਮੀ ਦਰਦ' ਜਲੰਧਰ ਦੇ ਸੰਪਾਦਕ ਵੀ ਰਹੇ।

**ਗੰਗਾ ਸਿੰਘ ਪ੍ਰਿੰਸੀਪਲ** (੧੮੯੦ ਅੰਦਾਜ਼ਨ—)

ਆਪਦਾ ਸਬੰਧ ਪਿੰਡ ਜਗਤਪੁਰਾ ਜ਼ਿਲਾ ਅੰਮ੍ਰਿਤਸਰ ਨਾਲ ਹੈ। ਆਪ ਸ. ਟਹਿਲ ਸਿੰਘ ਦੇ ਮੁਤਬੰਨੇ ਪੁਤਰ ਹਨ। ਹਿੰਦੀ ਸਭਾ ਸਕੂਲ ਅੰਮ੍ਰਿਤਸਰੋਂ ਦਸਵੀਂ ਪਾਸ ਕਰਨ ਪਿਛੋਂ ਆਪ ਉਪਦੇਸ਼ਕ ਵਿਦਿਆਲਾ ਤਰਨ-ਤਾਰਨ ਵਿਚ ਅਧਿਆਪਕ ਲਗ ਗਏ। ਪਰਉਪਕਾਰੀ ਸ: ਧਰਮ ਸਿੰਘ ਠੇਕੇਦਾਰ ਦੀ ਆਰਥਕ ਸਹਾਇਤਾ ਨਾਲ ਆਪ ਨੇ ਦਿਲੀ ਵਿਚ ਰਹਿ ਕੇ ਸਾਰੇ ਧਰਮਾਂ ਦਾ ਡੂੰਘਾ ਤੁਲਨਾਤਮਕ ਅਧਿਅਨ ਕੀਤਾ ਅਤੇ ਸਿਖ ਧਰਮ ਦੀ ਵਕਾਲਤ ਕਰਦਿਆਂ ਕਈ ਗੋਸ਼ਟੀਆਂ ਜਿਤੀਆਂ।

੧੯੨੭-੪੫ ਦੇ ਦੌਰਾਨ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ। ਕਾਫੀ ਚਿਰ 'ਅੰਮ੍ਰਿਤ' ਪੰਜਾਬੀ ਅਤੇ 'ਅੰਮ੍ਰਿਤ' ਹਿੰਦੀ ਦੇ ਸੰਪਾਦਕ ਵੀ ਰਹੇ ੧੯੪੭-੪੯ ਦੇ ਦੌਰਾਨ ਆਪ ਨੇ ਇੰਗਲੈਂਡ, ਜਰਮਨੀ, ਅਮਰੀਕਾ, ਜਾਪਾਨ ਅਤੇ ਚੀਨ ਦੀ ਯਾਤਰਾ ਕੀਤੀ। ਆਪਣੇ ਆਖਰੀ ਦਿਨਾਂ ਵਿਚ ਆਪ ਮੇਰਠ ਨੇੜੇ ਜੈਨਪੁਰ ਵਿਚ ਖੇਤੀ ਦੀ ਫਰਮ ਚਲਾਂਦੇ ਰਹੇ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਧਰਮ, ਇਤਿਹਾਸ : ੧. ਜੀਵਨ ਕਿਰਨਾਂ, ੨. ਬੰਦੀਛੋੜ, ੩. ਖਾਲਸਾ, ੪. ਨੌ ਰਤਨ, ੫. ਪ੍ਰੀਤ ਰੀਤ, ੬. ਬੈਰਾਗੀ ਤੋਂ ਸਿੰਘ, ੭. ਬਾਰਾਂ ਮਾਹ ਕਥਾ, ੮. ਲੈਕਚਰ ਮਹਾਂ ਚਾਨਣ, ੯. ਜੀਵਨ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ।

ਕਹਾਣੀ ਸੰਗ੍ਰਹਿ : ੧੦. ਬੀਤੀਆਂ।

ਆਮ ਵਾਕਫੀ : ਜਨਤਾ ਵਿਚ ਕਿਵੇਂ ਬੋਲੀਏ ?

ਆਪਦੀ ਪਹੁੰਚ ਦਾਰਸ਼ਨਿਕ ਅਤੇ ਸ਼ੈਲੀ ਸਾਦੀ ਤੇ ਸਰਲ ਹੈ।

ਆਪਦਾ ਸਥਾਨ ਚਿੰਤਕਾਂ ਵਿਚ ਹੈ।

**ਗੰਗਾ ਰਾਮ** (੧੮੩੫—੧੯੦੭)

ਅੰਮ੍ਰਿਤਸਰ ਦੇ ਚੌਕ ਪਾਸੀਆਂ ਵਿਚ ਆਪਦੀ ਦੁਕਾਨ ਬੜੀ ਪ੍ਰਸਿਧ ਹੋਇਆ ਕਰਦੀ ਸੀ, ਇਥੇ ਆਪ ਸੁਨਿਆਰੇ ਦਾ ਕੰਮ ਕਰਦੇ ਸਨ, ਅਤੇ ਨਾਲ ਨਾਲ ਲੋਕਾਂ ਦੇ ਜ਼ਖਮਾਂ, ਨਾਸੂਰਾਂ ਅਤੇ ਚਮੜੀ ਰੋਗਾਂ ਦਾ ਇਲਾਜ ਵੀ ਕਰਿਆ ਕਰਦੇ ਸਨ।

ਹਕੀਕਤ ਰਾਏ, ਰੂਪ ਬਸੰਤ, ਗੋਪੀ ਚੰਦ, ਰਾਜਾ ਭਰਥਰੀ ਅਤੇ ਸੁਹਣੀ ਮਹੀਂਵਾਲ ਆਪਦੇ ਪ੍ਰਸਿੱਧ ਕਿਸੇ ਹਨ : ਕਿਸਿਆਂ ਦੀ ਲੋਕ-ਪ੍ਰਿਅ ਪਰੰਪਰਾ ਵਿਪਰੀਤ ਆਪਨੇ ਹਿੰਦੂ ਪ੍ਰਭਾਵਾਂ ਨੂੰ ਵਧੇਰੇ ਮਾਤਰਾ ਵਿਚ ਵਰਤਿਆ। ਕਿਤੇ ਕਿਤੇ ਗੁਰਬਾਣੀ-ਪਰੰਪਰਾ ਦੇ ਝੁਲੇ ਵੀ ਪੈਂਦਾ ਹਨ। ਡਿਉਢ, ਦੋਹਿੜਾ, ਕਬਿਤ ਤੇ ਸਵਈਆ ਆਦਿਕ ਰੂਪ ਆਪ ਨੂੰ ਬੜੇ ਪਸੰਦ ਸਨ। ਆਪਦੀ ਸ਼ੈਲੀ ਨੂੰ ਸਾਦਗੀ ਅਤੇ ਸਰਲਤਾ ਦੇ ਗੁਣ ਸ਼ਿੰਗਾਰਦੇ ਹਨ। ਬਿੰਬਾਵਲੀ ਘੱਟ ਹੈ ਤੇ ਜਿੰਨੀ ਵੀ ਹੈ. ਰਵਾਇਤੀ ਹੈ।

ਫਾਗਣ ਫਰਕ ਨਾ ਸੁਹਣੀ ਕੀਤਾ,
ਫਿਰ ਗਈ ਇਸ਼ਕ ਦੁਹਾਈ, ਸੁਣੇ ਲੁਕਾਈ।
ਮਹੀਂਵਾਲ ਨੇ ਕੂਕ ਸੁਣੀ ਅਜ,
ਸੁਹਣੀ ਮੂਲ ਨਾ ਆਈ, ਕਿਨ ਅੜਕਾਈ।
ਕੁਟੀਆ ਛੋੜ ਘਾਟ ਵਲ ਆਇਆ
ਛਾਲ ਨਦੀ ਵਿਚ ਲਾਈ, ਜਾਨ ਗਵਾਈ।
ਗੰਗਾ ਰਾਮ ਪੜ੍ਹ ਖਿਜ਼ਰ ਜਨਾਜ਼ਾ,
ਦੋਹਾਂ ਦੀ ਕਬਰ ਬਣਾਈ, ਤੇ ਦਫਨਾਈ।

**ਗੰਡਾ ਸਿੰਘ** (੧੫ ਨਵੰਬਰ ੧੯੦੦—ਜੀਵਤ)

ਜਨਮ ਹਰਿਆਣਾ, ਜ਼ਿਲਾ ਹੁਸ਼ਿਆਰਪੁਰ ਵਿਚ ਸ. ਜੁਆਲਾ ਸਿੰਘ ਦੇ ਘਰ ਹੋਇਆ। ਦਸਵੀਂ ਕਰਨ ਪਿਛੋਂ ਅਬਦਾਲੀ (ਈਰਾਨ) ਜਾ ਕੇ ਪਰਸ਼ੀਅਨ ਤੇਲ ਕੰਪਨੀ ਦੇ ਮੁਲਾਜ਼ਮ ਲਗ ਗਏ। ੧੯੨੦—੩੦ ਦੇ ਦੌਰਾਨ ਆਪਨੇ ਇਰਾਕ ਦੀ ਵੀ ਯਾਤਰਾ ਕੀਤੀ। ਪੰਜਾਬ ਆ ਕੇ ਆਪ ਕੁਝ ਚਿਰ 'ਫੁਲਵਾੜੀ' ਮਾਸਕ ਦੇ ਸੰਪਾਦਕ ਰਹੇ। ਫਿਰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਇਤਿਹਾਸ ਦੇ ਖੋਜੀ ਲਗ ਗਏ। ਆਪਨੇ ਅਲੀ ਗੜ੍ਹ ਯੂਨੀਵਰਸਿਟੀ ਤੋਂ ਐਮ. ਏ. (ਇਤਿਹਾਸ) ਫਸਟ ਕਲਾਸ ਫ਼ਸਟ ਰਹਿੰਦਿਆਂ ਕੀਤੀ। ਬਾਅਦ ਵਿਚ ਪੰਜਾਬ ਯੂਨੀਵਰਸਿਟੀ ਤੋਂ ਪੀ. ਐਚ. ਡੀ. (ਇਤਿਹਾਸ) ਦੀ ਯੋਗਤਾ ਪ੍ਰਾਪਤ ਕੀਤੀ। ਫਿਰ ਪੁਰਾਤਤ੍ਵ ਮਹਿਕਮੇ (ਪੰਜਾਬ) ਦੇ ਅਤੇ ਪਿਛੋਂ ਪੰਜਾਬੀ ਮਹਿਕਮੇ ਦੇ ਡਾਇਰੈਕਟਰ ਰਹੇ। ੧੯੪੯—੫੭ ਦੇ ਦੌਰਾਨ ਆਪ ਸਰਕਾਰ ਪਟਿਆਲਾ ਦੇ ਮੀਤ ਸਕਤਰ ਰਹੇ। ਅਜ ਕਲ ਖਾਲਸਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਹਨ।

ਪੰਜਾਬੀ ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

'ਸਿਖੀ ਪ੍ਰਚਾਰ, 'ਸਿਖ ਇਤਿਹਾਸ'; 'ਕੁਝ ਕੁ ਪੁਰਾਤਨ ਇਤਿਹਾਸਕ ਪਤਰੇ,' 'ਮਹਾਰਾਜਾ ਕੌੜਾ ਮਲ' 'ਸ. ਸ਼ਾਮ ਸਿੰਘ ਅਟਾਰੀ ਵਾਲਾ,' 'ਕੂਕਿਆਂ ਦੀ ਵਿਥਿਆ', ਸਿੱਖ ਇਤਿਹਾਸ ਬਾਰੇ,' 'ਸਿੱਖ ਇਤਿਹਾਸ ਵਲ,' 'ਸਿੱਖ ਇਤਿਹਾਸਕ ਯਾਦਗਾਰਾਂ, 'ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ', ਆਦਿਕ ਆਪਦੀਆਂ ਇਤਿਹਾਸਾਤਮਕ ਕਿਰਤਾਂ ਹਨ।

''ਬੈਂਤਾਂ ਸ਼ੇਰ ਸਿੰਘ ਕੀਆ,' ''ਪੰਜਾਬ ਦੀਆਂ ਵਾਰਾਂ'' ''ਜੰਗਨਾਮਾ ਲਾਹੌਰ,'' ''ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ (ਸ਼ਾਹ ਮੁਹੰਮਦ) ''ਵਾਰ ਅੰਮ੍ਰਿਤਸਰ ਕੀ' ਆਦਿਕ ਪੁਸਤਕਾਂ ਵਿਚ ਸਾਹਿਤਕ ਤੇ ਇਤਿਹਾਸਕ ਖੋਜ ਪ੍ਰਧਾਨ ਹੈ।

''ਅਫਗਾਨਿਸਤਾਨ ਵਿਚ ਇਕ ਮਹੀਨਾ'' ਤੇ ''ਅਫਗਾਨਿਸਤਾਨ ਦਾ ਸਫਰ'' ਆਦਿਕ ਪੁਸਤਕਾਂ ਵਿਚ ਇਤਿਹਾਸਕ ਦ੍ਰਿਸ਼ਟੀਕੋਨ ਤੋਂ ਅਫਗਾਨਿਸਤਾਨ ਸਬੰਧੀ ਜਾਣਕਾਰੀ ਦਿਤੀ ਗਈ ਹੈ।

''ਅਮਰ ਨਾਮਾ'' (ਅਨੁਵਾਦ) ਤੇ ''ਮਹਾਤਮਾ ਯਸੂ ਮਸੀਹ ਪਹਾੜੀ ਉਪਰ'' ਆਦਿਕ ਪੁਸਤਕਾਂ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ।

ਪਤਰਾਂ ਵਿਚ ਛਪੀਆਂ ਬਹੁਤ ਸਾਰੀਆਂ ਵਿਕੋਲਿਤਰੀਆਂ ਰਚਨਾਵਾਂ ਅਤੇ ਅੰਗਰੇਜ਼ੀ ਤੇ ਉਰਦੂ ਵਿਚ ਛਪੀਆਂ ਕਈ ਪ੍ਰਮਾਣੀਕ ਪੁਸਤਕਾਂ ਵੀ ਆਪਦੀ ਘਾਲਣਾ ਦਾ ਹਿੱਸਾ ਹਨ।

ਆਪਦੀ ਵਾਰਤਕ ਸ਼ੈਲੀ ਉਚੇਰੇ ਦਰਜੇ ਦੀ ਹੈ। ਇਤਿਹਾਸਕਾਰ ਵਜੋਂ ਆਪਦਾ ਸਥਾਨ ਨਿਵੇਕਲਾ ਹੈ।

**ਗੋਂਦਾ ਸਿੰਘ, ਦੌਧਰ** (੧੯੮੭—ਜੀਵਤ)

ਆਪਦਾ ਜਨਮ ਪਿੰਡ ਦੌਧਰ (ਮਾਲਵਾ) ਵਿਚ ਸ. ਬੁਧ ਸਿੰਘ ਦੇ ਘਰ ਹੋਇਆ। ਜਵਾਨ ਹੋਣ ਤੇ ਰੁਜ਼ਗਾਰ ਲਈ ਮਲਾਇਆ ਚਲੇ ਗਏ। ਇਥੇ ਆਪ ਉਤੇ ਸ. ਤਿਰਲੋਕ ਸਿੰਘ ਥਾਣੇਦਾਰ ਨੇ ਗਦਰ-ਲਹਿਰ ਦਾ ਪ੍ਰਭਾਵ ਪਾਇਆ। ਕੁਝ ਚਿਰ ਹਿਰਾਸਤ ਵਿਚ ਰਹਿਣ ਪਿਛੋਂ ਕਲਕਤੇ ਆ ਕੇ ਕਮਿਊਨਿਸਟ ਆਗੂ ਬਾਬਾ ਰਤਨ ਸਿੰਘ ਨੂੰ ਮਿਲੇ ਜਿਹਨਾਂ ਆਪ ਨੂੰ ਗਦਰ ਪਾਰਟੀ ਵਿਚ ਸ਼ਾਮਲ ਕਰ ਲਿਆ। ੧੯੨੧ ਵਿਚ ਜਦੋਂ ਪ੍ਰਿੰਸ ਆਫ ਵੇਲਜ਼ ਕਲਕਤੇ ਆਇਆ, ਤਾਂ ਆਪਨੇ ਸਾਰੇ ਸ਼ਹਿਰ ਵਿਚ ਹੜਤਾਲ ਕਰਵਾਈ, ਇਸ ਤੇ ਆਪ ਨੂੰ ਕੈਦ ਕਰ ਲਿਆ ਗਿਆ।

੧੯੨੭ ਵਿਚ 'ਕਿਰਤੀ ਦੱਲ ਬੰਗਾਲ' ਦੀ ਸਥਾ-

ਪਨਾ ਕੀਤੀ ਅਤੇ ਇਕ ਅਖਬਾਰ ਵੀ ਜਾਰੀ ਕੀਤਾ। ਕਈ ਵਾਰੀ ਕੈਦ ਹੋਣ ਪਿਛੋਂ ੧੯੪੧ ਵਿਚ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਚੁਣੇ ਗਏ ਤੇ ਫਤਹਿਗੜ੍ਹ ਕੋਰੋਟਾਣਾ ਇਜਲਾਸ ਦੇ ਹੋਣ ਤੋਂ ਪਹਿਲਾਂ ਹੀ ਤਿੰਨ ਸਾਲ ਲਈ ਨਜ਼ਰਬੰਦ ਕਰ ਦਿਤੇ ਗਏ। ਆਪ ਅਜ ਕਲ ਵੀ ਕਮਿਊਨਿਸਟ ਆਗੂ ਹਨ।

ਕਲਕਤੇ ਦੀ ਇਕ ਪੰਜਾਬੀ ਅਖਬਾਰ ਵਿਚ ਪ੍ਰਕਾਸ਼ਿਤ ਲੇਖ ਆਪਦੀ ਲਿਖਤੀ ਘਾਲਣਾ ਵਿਚ ਗਿਣੇ ਜਾਂਦੇ ਹਨ।

**ਗੋਂਦਾਰਾ, ਗੁਰਪਰਤਾਪ ਸਿੰਘ** (੧੪ ਫਰਵਰੀ ੧੯੪੦—ਜੀਵਤ)

ਆਪ ਫਰੀਦਕੋਟ ਨਿਵਾਸੀ ਸ. ਪ੍ਰੀਤਮ ਸਿੰਘ ਗੋਂਦਾਰਾ ਦੇ ਸਪੁਤਰ ਹਨ। ਸਾਹਿਤ ਸਭਾਵਾਂ ਵਿਚ ਡੂੰਘੀ ਦਿਲਚਸਪੀ ਰਖਦੇ ਹਨ।

ਆਪ ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਗਾਂਧੀ, ਕੁਲਦੀਪ ਸਿੰਘ** (੬ ਫਰਵਰੀ ੧੯੪੧—ਜੀਵਤ)

ਆਪ ਸ. ਅਪਾਰ ਸਿੰਘ ਦੇ ਪੁਤਰ ਅਤੇ ਪਰਾਇਮਰੀ ਹੈਲਥ ਸੈਂਟਰ ਨਗਰੋਟਾ ਬਾਗਵਾਂ ਦੇ ਵਰਕਰ ਹਨ। ਫਾਰਮੇਸੀ ਦਾ ਗਿਆਨ ਆਪਦੀ ਸ਼ਖਸੀਅਤ ਦਾ ਇਕ ਹਿਸਾ ਹੈ।

ਉਰਦੂ, ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਗੁਪਤਾ, ਓਮ ਪ੍ਰਕਾਸ਼** (੧੧ ਮਾਰਚ ੧੯੨੬—ਜੀਵਤ)

ਜਨਮ ਪਿੰਡ ਕੋਟ ਈਸੇ ਖਾਂ ਜ਼ਿਲਾ ਫੀਰੋਜ਼ਪੁਰ ਵਿਚ ਲਾਲਾ ਨਥੂ ਰਾਮ ਵਕੀਲ ਦੇ ਘਰ ਹੋਇਆ। ਵਿਦਿਆ ਵਿਚ ਐਮ. ਏ. (ਅੰਗਰੇਜ਼ੀ, ਫਿਲਾਸਫੀ, ਹਿੰਦੀ) ਅਤੇ ਐਲ-ਐਲ. ਬੀ. ਦੀਆਂ ਯੋਗਤਾਵਾਂ ਸ਼ਾਮਲ ਹਨ। ਐਮ. ਏ. ਅੰਗਰੇਜ਼ੀ ਆਪ ਨੇ ਦਿਲੀ ਯੁਨੀਵਰਸਿਟੀ ਵਿਚ ਪਹਿਲੇ ਨੰਬਰ ਤੇ ਰਹਿੰਦਿਆਂ ਕੀਤੀ। ਅਜ ਕਲ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੰਦ੍ਰਵੀਂ ਸੋਲ੍ਹਵੀਂ ਦੀਆਂ ਅੰਗਰੇਜ਼ੀ ਜਮਾਤਾਂ ਪੜ੍ਹਾਂਦੇ ਹਨ।

ਆਪਦੀਆਂ ਰਚਨਾਵਾਂ (ਕਵਿਤਾ, ਕਹਾਣੀ, ਲੇਖ, ਇਕਾਂਗੀ) ਪੰਜਾਬੀ ਦੇ ਸਰਬੋਤਮ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ।

ਭਾਰਤੀ ਅਧਿਆਤਮਵਾਦ ਅਤੇ ਸਾਂਝੀ ਪਜਾਬੀ ਕਲਚਰ ਆਪਦੀ ਵਿਚਾਰਧਾਰਾ ਦੇ ਪਰਮੁੱਖ ਪੱਖ ਹਨ।

ਆਪਦੀ ਸ਼ੈਲੀ ਉਤੇ ਹਿੰਦੀ ਵਾਕ-ਬਣਤਰ ਦਾ ਪ੍ਰਭਾਵ ਹੈ।

ਭਾਵੇਂ ਅਜੇ ਤਕ ਆਪਦੀ ਪੰਜਾਬੀ ਕਿਤਾਬ ਨਹੀਂ ਛਪੀ ਪਰ ਆਪ ਨੂੰ ਉਚ ਕੋਟੀ ਦੇ ਲੇਖਕਾਂ ਵਿਚ ਗਿਣਿਆ ਜਾਂਦਾ ਹੈ।

ਪੰਜਾਬੀ ਵਿਚ ਆਪ ਅਨੁਭੂਤੀਸ਼ੀਲ ਲਹਿਰ ਦੇ ਬਾਨੀ ਹਨ। ਆਪ ਆਪਣੇ ਚਿੰਤਨ ਨੂੰ ਵਾਰਤਕ (ਖਾਸ ਕਰਕੇ ਨਿਬੰਧ) ਦੇ ਰੂਪ ਵਿਚ ਅਭਿਵਿਅਕਤ ਕਰਦੇ ਹਨ।

**ਗੁਪਤਾ, ਅਰੁਣ ਬਾਲਾ** (੩੧ ਅਗਸਤ ੧੯੪੦—ਜੀਵਤ)

ਆਪ ਦਾ ਜਨਮ ਕਪੂਰਥਲੇ ਵਿਚ ਸ੍ਰੀ ਜਗਨ ਨਾਥ ਅਗਰਵਾਲ ਦੇ ਘਰ ਹੋਇਆ। ਬਚਪਨ ਆਪਨੇ ਆਪਣੇ ਮਾਮਾ ਸ੍ਰੀ ਰੋਸ਼ਨ ਲਾਲ ਅਗਰਵਾਲ (ਤਰਨ ਤਾਰਨ) ਵਿਚ ਬਿਤਾਇਆ। ਮੈਟਰਿਕ ਤਕ ਆਪ ਤਰਨ ਤਾਰਨ ਰਹੇ। ਇਸੇ ਸਮੇਂ ਵਿਚ ਹੀ ਆਪ ਦੇ ਮਨ ਵਿਚ ਲਿਖਣ ਦੀ ਰੁਚੀ ਪੈਦਾ ਹੋਈ। ਆਪ ਉਚੀ

ਵਿਦਿਆ ਲਈ ਕਪੂਰਥਲੇ ਮਾਮਿਆਂ ਪਾਸ ਆ ਗਏ। ਇਥੇ ਆਪ ਨੇ ਐਮ. ਏ. ਪਾਸ ਕੀਤਾ। ਭਾਵੇਂ ਪੰਜਾਬੀ ਵਿਚ ਕੋਈ ਕਿਤਾਬ ਆਪ ਨੇ ਅਜੇ ਨਹੀਂ ਛਪਵਾਈ ਪਰ ਕਾਫੀ ਲੇਖ ਹਿੰਦੀ ਤੇ ਪੰਜਾਬੀ ਦੇ ਪਤਰਾਂ ਵਿਚ ਛਪ ਚੁਕੇ ਹਨ।

**ਗੁਪਤਾ, ਸੁਮਤਿ ਬਾਲਾ** (-੧੯੧੬-)

ਆਪਦੀ ਪੁਸਤਕ 'ਗ੍ਰਿਹ ਧਰਮ' ਪੰਜਾਬੀ ਸਟੀਮ ਪਰੈਸ ਲਾਹੌਰ ਨੇ ਦਸੰਬਰ ੧੯੧੬ ਵਿਚ ਪ੍ਰਕਾਸ਼ਿਤ ਕੀਤੀ।

**ਗੁਪਤਾ, ਚੁਨੀ ਲਾਲ** (੩ ਫਰਵਰੀ, ੧੯੪੦—ਜੀਵਤ)

ਆਪ ਸੁਨੇਹਰ, ਜ਼ਿਲਾ ਕਾਂਗੜਾ ਦੇ ਨਿਵਾਸੀ ਸ੍ਰੀ ਕਨ੍ਹਈਆ ਲਾਲ ਦੇ ਪੁਤਰ ਹਨ।

ਪੰਜਾਬੀ ਵਿਚ ਕਵਿਤਾਵਾਂ, ਕਹਾਣੀਆਂ ਲਿਖਦੇ ਹਨ।

**ਗੁਪਾਲ ਸਿੰਘ ਖਾਲਸਾ** (੧੩ ਨਵੰਬਰ ੧੯੦੩-ਜੀਵਤ)

ਜਨਮ ਪਿੰਡ ਲੀਲਾਂ, ਜ਼ਿਲਾ ਲੁਧਿਆਣਾ ਵਿਚ ਸ: ਦੇਵਾ ਸਿੰਘ ਦੇ ਘਰ ਹੋਇਆ। ਮਾਲਵਾ ਸਕੂਲ ਲੁਧਿਆਣਿਉਂ ਦਸਵੀਂ ਕਰਨ ਪਿਛੋਂ ੧੯੨੩ ਵਿਚ ਆਪ ਉਚੇਰੀ ਵਿਦਿਆ ਲਈ ਅਮਰੀਕਾ ਚਲੇ ਗਏ। ੧੯੨੩ ਵਿਚ ਵਾਪਸ ਆ ਕੇ ਆਪਨੇ ਪਛੜੀਆਂ ਸ਼ਰੇਣੀਆਂ ਦੀ ਉਨਤੀ ਲਈ ਸੰਗਰਾਮ ਸ਼ੁਰੂ ਕਰ ਦਿਤਾ। ੧੯੩੭ ਵਿਚ ਐਮ. ਐਲ. ਏ. ਚੁਣੇ ਗਏ ਤੇ ਸਰ ਸਿਕੰਦਰ ਹਯਾਤ ਦੇ ਪਾਰਲੀਮੈਂਟਰੀ ਸਕਤਰ ਬਣਾਏ ਗਏ। ੧੯੫੨ ਵਿਚ ਆਪ ਅਕਾਲੀ ਉਮੀਦ-ਵਾਰ ਵਜੋਂ ਲੁਧਿਆਣਿਓਂ ਜਿਤੇ। ੧੯੫੩ ਵਿਚ 'ਪ੍ਰਭਾਤ' (ਉਰਦੂ) ਦੇ ਐਡੀਟਰ ਲਗ ਗਏ ਤੇ ਕਾਫੀ ਚਿਰ ਸਰਕਾਰ ਨਾਲ ਕਾਨੂੰਨੀ ਲੁਕਣ ਮੀਚੀ ਖੇਡਦੇ ਰਹੇ।

ਆਪਨੇ ਪੰਜਾਬੀ ਮਾਸਕ 'ਕੋਹਿਨੂਰ' ਵੀ ਕਢਿਆ ਜੋ ਕਿ ਜਲਦੀ ਹੀ ਆਰਥਕਤਾ ਦੀ ਕਮਜ਼ੋਰੀ ਦਾ ਸ਼ਿਕਾਰ ਹੋ ਗਿਆ।

ਅਮਰੀਕੀ ਯਾਤਰਾ ਸਬੰਧੀ ਆਪਨੇ ਇਕ ਪੁਸਤਕ ਵੀ ਲਿਖੀ ਹੈ।

**ਗੁਪਾਲ ਸਿੰਘ, ਗੁਪਾਲ** (੧੮੪੬—੧੯੧੪)

ਆਪਦਾ ਜਨਮ ਜ਼ਿਲਾ ਗੁਰਦਾਸਪੁਰ ਦੇ ਪਿੰਡ ਧੜਮ ਕਲਾਂ ਦੇ ਵੰਝਲ ਰਾਮਗੜ੍ਹੀਏ ਸ: ਜਵਾਹਰ ਸਿੰਘ ਦੇ ਘਰ ਹੋਇਆ। ਆਪ ਮੁਢ ਵਿਚ ਹੀ ਮੁਸਲਮਾਨ ਸੂਫੀਆਂ ਦੇ ਪ੍ਰਭਾਵ ਥਲੇ ਆ ਗਏ। ਆਪ ਸੁਭਾਅ ਦੇ ਪੂਰੇ ਮਨੁਖਵਾਦੀ ਸਨ।

੧੮੭੬ ਵਿਚ ਕਿਸਾ ਬਹਿਰਾਮ, ੧੮੭੮ ਵਿਚ ਕਿਸਾ ਬਿਸ਼ਨੂੰ ਬੱਗਾ ਮੱਲ, ੧੮੯੩ ਵਿਚ ਸਸੀ ਪੁੰਨੂ, ੧੮੯੪ ਵਿਚ ਯੂਸਫ ਜ਼ੁਲੈਖਾਂ ਅਤੇ ੧੮੯੫ ਵਿਚ ਰਾਮਾਇਣ, ਆਪ ਨੇ ਇਹ ਸਭ ਰਚਨਾਵਾਂ ਕਵਿਤਾ ਦੇ ਮਾਧਿਅਮ ਵਿਚ ਰਚੀਆਂ। ਇਸ ਸਮੇਂ ਛਾਪਾਖਾਨਾ ਪਰਚਲਤ ਹੋ ਚੁਕਾ ਸੀ, ਇਸੇ ਕਰਕੇ ਇਹ ਰਚਨਾਵਾਂ ਛਪ ਕੇ ਲੱਖਾਂ ਲੋਕਾਂ ਤਕ ਪਹੁੰਚਣ ਵਿਚ ਕਾਮਯਾਬ ਹੋਈਆਂ।

ਕਿਉਂ ਜੋ ਆਪਦਾ ਮਾਧਿਅਮ ਛੰਦ-ਬੱਧ ਗਲਪ ਸੀ, ਇਸ ਲਈ ਕਾਵਿ-ਸ਼ੈਲੀ ਵਧੇਰੇ ਨਹੀਂ ਨਿਖਰੀ। ਬਿੰਬਾਂ ਦੀ ਘਾਟ ਹੈ, ਵਧੇਰੇ ਜ਼ੋਰ ਕਹਾਣੀ ਨੂੰ ਸਾਧਾਰਨ ਬੋਲੀ ਵਿਚ ਅਗੇ ਲਿਜਾਣ ਉਤੇ ਦਿਤਾ ਗਿਆ ਹੈ। ਫਜ਼ਲ ਸ਼ਾਹ ਦਾ ਪ੍ਰਭਾਵ ਵੀ ਆਪ ਨੇ ਅਪਨਾਇਆ। ਆਪ ਬੈਂਤਬਾਜ਼ੀ ਦੇ ਮਾਹਿਰ ਸਨ।

ਕਵਿਤਾ ਦਾ ਨਮੂਨਾ ਇਸ ਪਰਕਾਰ ਹੈ :

ਪਰੀ ਵੇਖਿਆ ਸ਼ਾਹ ਗਮਨਾਕ ਬੈਠਾ,
ਪੁਛੀ ਉਸ ਹਕੀਕਤ ਹਾਲ ਬੇਲੀ ।
ਕਿਉਂ ਗਮ ਦੇ ਵਿਚ ਹੈਰਾਨ ਹੋਇਉਂ ?
ਕੌਣ ਬੋਲਿਆ ਹੈ ਤੇਰੇ ਨਾਲ ਬੇਲੀ ?

**ਗੁਪਾਲ ਸਿੰਘ, ਦਰਦੀ** (੧੯੧੯—ਜੀਵਤ)

ਜਨਮ ਸਰਾਏ ਨਿਆਮਤ ਖਾਂ ਜ਼ਿਲਾ ਹਜ਼ਾਰਾ ਵਿਚ ਭਾਈ ਆਤਮਾ ਰਾਮ ਸਿੰਘ ਦੇ ਘਰ ਹੋਇਆ। ਹਰੀਪੁਰ ਦੇ ਖਾਲਸਾ ਸਕੂਲੋਂ ਦਸਵੀਂ ਕਰਨ ਪਿਛੋਂ ਆਪ ਨੇ ਅੰਮ੍ਰਿਤਸਰ ਦੇ ਖਾਲਸਾ ਕਾਲਜੋਂ ਅੰਗਰੇਜ਼ੀ ਦੀ ਐਮ. ਏ ਕੀਤੀ । ਵਿਦਿਆਰਥੀ ਹੁੰਦਿਆਂ ਆਪ ਸਪਤਾਹਿਕ 'ਮੌਜੀ' ਦੇ ਸੰਪਾਦਕ ਰਹੇ । ਡੀ. ਏ. ਵੀ. ਕਾਲਜ ਅਤੇ ਖਾਲਸਾ ਕਾਲਜ ਰਾਵਲਪਿੰਡੀ ਵਿਚ ਥੋੜ੍ਹਾ ਥੋੜ੍ਹਾ ਚਿਰ ਅਧਿਆਪਕ ਰਹਿਣ ਪਿਛੋਂ ਆਪ ਨੇ ਰਾਜਸੀ ਵਿਚਾਰਾਂ ਵਾਲ਼ੀ ਅਖਬਾਰ 'ਲਿਬਰੇਟਰ' ਕਢੀ। ਕੁਝ ਚਿਰ ਆਪ ਸ਼ਿਮਲੇ ਵਿਚ ਪੰਜਾਬ ਯੂਨੀਵਰਸਿਟੀ ਦੇ ਸੰਪਾਦਕ (ਪ੍ਰਕਾਸ਼ਨ ਵਿਭਾਗ, ਪੰਜਾਬੀ) ਵੀ ਰਹੇ। ਮਾਰਚ ੧੯੬੧ ਵਿਚ ਪੰਜਾਬ ਸਰਕਾਰ ਨੇ ਆਪਦੀ ਘਾਲਣਾ ਨੂੰ ਸਨਮਾਨਦਿਆਂ ਆਪ ਨੂੰ ੧੧੦੦ ਰੁਪੈ ਦੀ ਥੈਲੀ ਸਮੇਤ ਮਾਨ-ਪਤਰ ਪਰਦਾਨ ਕੀਤਾ। ਆਪ ਨੇ 'ਸ੍ਰੀ ਗੁਰੂ ਗਰੰਥ ਸਾਹਿਬ ਦੀ ਵਿਸ਼ੇਸ਼ਤਾ' ਪ੍ਰਗਟ ਕਰਕੇ ਡਾਕਟਰੇਟ ਦੀ ਡਿਗਰੀ ਵੀ ਪ੍ਰਾਪਤ ਕੀਤੀ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਆਲੋਚਨਾ : ਰੋਮਾਂਚਿਕ ਪੰਜਾਬੀ ਕਵੀ (੧੯੩੮), 'ਪੰਜਾਬੀ ਸਾਹਿਤ ਦਾ ਇਤਿਹਾਸ' (੧੯੪੨),'ਸਾਹਿਤ ਦੀ ਪਰਖ' (੧੯੫੦), 'ਸ੍ਰੀ ਗੁਰੂ ਗਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ' (੧੯੫੮) ।

ਕਵਿਤਾ : 'ਝਨਾਂ', 'ਹਨੇਰੇ ਸਵੇਰੇ ।'

ਕਹਾਣੀ : 'ਮਾਇਆ ਤੇ ਬ੍ਰਹਮ', 'ਕਾਮਨਾ ।'

ਆਪ ਨੇ ਪੂਰਨ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਨੁਵਾਦ ਅੰਗਰੇਜ਼ੀ ਵਿਚ ਕਰਕੇ ਜਗਤ-ਪ੍ਰਸਿਧਤਾ ਪ੍ਰਾਪਤ ਕੀਤੀ।

ਆਪਦੀ ਰਚਨਾ ਵਿਚ ਅਧਿਆਤਮਵਾਦ ਅਤੇ ਪ੍ਰਗਤੀਵਾਦ ਦਾ ਸੰਜੋਗ ਹੈ। ਸੰਸਾਰ ਸਾਹਿਤ ਦਾ ਗਿਆਨ ਆਪਦੀ ਵਿਚਾਰਧਾਰਾ ਵਿਚ ਪਰਤਖ ਹੈ। ਕਵੀ ਵਜੋਂ ਆਪ ਆਧੁਨਿਕ ਅਤੇ ਸੁਹਜਵਾਦੀ ਹਨ। ਆਪ ਦੀ ਕਵਿਤਾ ਕਹਾਣੀ-ਰੱਸ ਨੂੰ ਵਰਤਦੀ ਹੈ ਅਤੇ ਹਵਾਲਿਆਂ ਨਾਲ ਭਰਪੂਰ ਹੈ। ਬੋਲੀ ਸ਼ੁਧ ਕੇਂਦਰੀ ਹੈ। ਆਲੋਚਨਾ ਦੇ ਖੇਤਰ ਵਿਚ ਵੀ ਆਪਦੇ ਵਿਚਾਰਾਂ ਨੂੰ ਪ੍ਰਮਾਣੀਕ ਮੰਨਿਆ ਜਾਂਦਾ ਹੈ।

ਆਪਦਾ ਸਥਾਨ ਆਧੁਨਿਕ ਪੰਜਾਬੀ ਸਾਹਿਤ ਦੇ ਉਸਰਈਆਂ ਵਿਚ ਹੈ।

**ਗੋਪਾਲ, ਦੇਵ ਦੱਤ** (੫ ਅਗਸਤ ੧੯੧੩)

ਜਨਮ ਤੇਜ ਕਲਾਂ, ਜ਼ਿਲਾ ਗੁਰਦਾਸਪੁਰ ਵਿਚ ਨਹਿਰਾਂ ਦੇ ਜ਼ਿਲੇਦਾਰ ਸੰਤ ਰਾਮ ਗੋਪਾਲ ਦੇ ਘਰ ਹੋਇਆ। ਵਿਦਿਅਕ ਯੋਗਤਾਵਾਂ ਐਮ. ਏ. (ਫਾਰਸੀ) ਐਮ. ਏ. (ਪੰਜਾਬੀ), ਐਮ. ਓ. ਐਲ., ਗਿਆਨੀ, ਮੁਨਸ਼ੀ ਫਾਜ਼ਲ, ਅਦੀਬ ਫਾਜ਼ਲ, ਪ੍ਰਭਾਕਰ ਆਦਿਕ ਤਕ ਵਿਸਤ੍ਰਿਤ ਹਨ। ਅਜ ਕਲ ਕੰਨਿਆ ਮਹਾਂ ਵਿਦਿਆਲਾ ਜਲੰਧਰ ਦੇ ਪੰਜਾਬੀ ਦੇ ਅਧਿਆਪਕ ਹਨ।

ਰਚਨਾਵਾਂ ਦਾ ਵਿਸਤਾਰ ਇਸ ਪ੍ਰਕਾਰ ਹੈ ;—

ਵਿਦਿਅਕ : ਗੋਪਾਲ ਬਾਲ ਬੋਧ, ਗੋਪਾਲ ਪੋਥੀ (੪ ਜਿਲਦਾਂ), ਗੋਪਾਲ ਚਿੱਠੀ ਪੱਤਰ, ਗੋਪਾਲ ਪੰਜਾਬੀ ਲੇਖ, ਤਿੰਨ ਤਾਰੇ ।

ਅਨੁਵਾਦਿਤ : ਮਹਾਤਮਾ ਗਾਂਧੀ ਦੀਆਂ ਰਚਨਾਵਾਂ

ਜਿਵੇਂ : ਵਿਦਿਆਰਥੀਆਂ ਨੂੰ, ਸੱਚੀ ਸਿਖਿਆ, ਆਤਮ ਕਥਾ, ਪਿੰਡਾਂ ਦਾ ਪੁਨਰ ਨਿਰਮਾਣ ਆਦਿਕ।

ਧਾਰਮਕ : ਸਟੀਕਾਂ, ਸਲੋਕ ਬਾਬਾ ਫਰੀਦ. ਜਪੁਜੀ ਸਾਹਿਬ, ਸੁਖਮਨੀ ਸਾਹਿਬ ਆਦਿਕ।

ਸੰਪਾਦਿਤ : ਸਸੀ ਪੁੰਨੂੰ, ਹਾਸ਼ਮ।

ਅਣਛਪੀਆਂ ਤੇ ਰਸਾਲਿਆਂ ਵਿਚ ਛਪੀਆ ਰਚਨਾਵਾਂ ਵੀ ਘਾਲਣਾ ਵਿਚ ਸ਼ਾਮਲ ਹਨ। 'ਸਾਂਝੀ ਪੰਜਾਬੀ ਕਲਚਰ' ਆਪਦੀ ਵਿਚਾਰਧਾਰਾ ਹੈ।

**ਗੋਬਿੰਦ ਸਿੰਘ, ਗੁਰੂ** (੨੬ ਦਸੰਬਰ, ੧੬੬੬—੭ ਅਕਤੂਬਰ, ੧੭੦੮)

ਆਪਦਾ ਜਨਮ ਪਟਨੇ ਵਿਚ ਗੁਰੂ ਤੇਗ ਬਹਾਦਰ ਦੇ ਘਰ ਮਾਤਾ ਗੁਜਰੀ ਦੀ ਕੁਖੋਂ ਹੋਇਆ। ਆਪ ਦੀ ਪਾਲਣਾ ਵਧੇਰੇ ਕਰਕੇ ਮਾਮਾ ਕਿਰਪਾਲ ਨੇ ਕੀਤੀ। ਪਟਨੇ ਵਿਚ ਬਿਤਾਏ ਸਾਲਾਂ ਨੇ ਆਪ ਨੂੰ ਹਿੰਦੀ ਸਾਹਿਤ ਨਾਲ ਸਬੰਧਿਤ ਕੀਤਾ। ਬਚਪਨ ਵਿਚ ਹੀ ਆਪਨੇ ਸ਼ਾਂਤ ਸੁਭਾਅ ਪਿਤਾ ਦੇ ਵਿਪਰੀਤ ਰਾਜਸੀ, ਫੌਜੀ ਤੇ ਇਨਕਲਾਬੀ ਸੁਭਾਅ ਉਸਾਰ ਲਿਆ।

੧੬੭੩ ਵਿਚ ਆਪ ਪਰਵਾਰ ਨਾਲ ਪਿਤਾ ਜੀ ਕੋਲ ਅਨੰਦਪੁਰ ਆ ਗਏ। ਇਥੇ ਆਪਨੇ ਬੱਜਰ ਰਾਜਪੂਤ ਕੋਲੋਂ, ਫੌਜੀ ਸਿਖਿਆ, ਪੀਰ ਮੁਹੰਮਦ ਕੋਲੋਂ ਫਾਰਸੀ ਅਤੇ ਭਾਈ ਗੁਰਬਖਸ਼ ਸਿੰਘ ਕੋਲੋਂ ਪੰਜਾਬੀ ਸਿਖੀ। ੧੬੭੫ ਵਿਚ ਜਦੋਂ ਕਿ ਆਪ ਮਸਾਂ ਨੌਂ ਵਰ੍ਹਿਆਂ ਦੇ ਸਨ ਤਾਂ ਗੁਰੂ ਤੇਗ਼ਬਹਾਦਰ ਨੂੰ ਔਰੰਗਜ਼ੇਬ ਨੇ ਸ਼ਹੀਦ ਕਰਵਾ ਦਿਤਾ। ਇਸ ਘਟਨਾ ਨੇ ਗੁਰੂ ਗੋਬਿੰਦ ਸਿੰਘ ਦੇ ਖ਼ੂਨ ਵਿਚ ਬੀਰਤਾ ਦਾ ਵਿਸ਼ਵਾਸ਼ ਜਗਾ ਦਿਤਾ। ਜਵਾਨੀ ਦੇ ਸ਼ੁਰੂ ਵਿਚ ਹੀ ਆਪ ਪੰਜਾਬ ਭਰ ਦੇ ਸਿਖਾਂ ਵਿਚ ਆਗੂ ਵਜੋਂ ਪਰਵਾਨ ਹੋ ਗਏ। ਹਿੰਦੂ ਸਮਾਜ ਦਾ ਨਿਰਵਿਕਸਤ ਰੂਪ ਆਪ ਨੂੰ ਪਸੰਦ ਨਹੀਂ ਸੀ, ਸੋ ਰਾਜਸੀ ਜ਼ੁਲਮ ਨੂੰ ਖਤਮ ਕਰਨ ਅਤੇ ਕੌਮੀ ਸੁਭਾਅ ਨੂੰ ਮੁੜ-ਉਸਾਰਨ ਦੇ ਕੰਮਾਂ ਨੂੰ ਆਪਨੇ ਆਪਣੇ ਜੀਵਨ ਨਿਸ਼ਾਨਿਆਂ ਵਿਚ ਸ਼ਾਮਲ ਕਰ ਲਿਆ।

ਕੌਮੀ ਤੇ ਜਜ਼ਬਾਤੀ ਏਕਤਾ ਦੀ ਉਸਾਰੀ ਲਈ ਆਪ ਨੇ ਭਾਰਤੀ ਸਾਹਿਤ ਦੇ ਬੀਰਤਾ-ਭਰੇ ਗਰੰਥ ਅੰਤਰ ਅਨੁਵਾਦ ਦੇ ਅਧੀਨ ਲਿਆਂਦੇ। ਆਪ ਨੇ ਪਹਿਲਾਂ ਅਨੰਦ ਪੁਰ ਤੇ ਫਿਰ ਪਾਉਂਟੇ ਵਿਚ, ਯੂਨੀਵਰਸਿਟੀ ਦੇ ਢਾਂਚੇ ਉਤੇ ਇਕ ਸਭਿਆਚਾਰਕ ਜਥੇਬੰਦੀ ਦੀ ਸਥਾਪਨਾ ਕੀਤੀ ਅਤੇ ਸਾਧਾਰਨ ਲੋਕਾਂ ਵਿਚ ਵਿਦਵਤਾ ਦੀ ਜੋਤਿ ਜਗਾਈ। ਆਪ ਦੇ ਸਾਹਿਤਕ ਦਰਬਾਰ ਵਿਚ ੫੨ ਵਿਦਵਾਨ, ਕਵੀ ਅਤੇ ਅਨੁਵਾਦਕ ਕੰਮ ਕਰਦੇ ਸਨ।

੧੬੮੬ ਵਿਚ ਸਿਰੀਨਗਰ ਦੇ ਰਾਜਾ ਫਤੂਹ ਚੰਦ ਅਤੇ ਬਿਲਾਸਪੁਰ ਦੇ ਰਾਜਾ ਭੀਮ ਚੰਦ ਨੇ ਆਪ ਉਤੇ ਹਮਲਾ ਕਰ ਦਿਤਾ। ਇਸ ਸਮੇਂ ਪਾਉਂਟੇ ਵਿਚ ਸਨ। ਭੰਗਾਣੀ ਨਾਂ ਦੇ ਕਸਬੇ ਕੋਲ ਬੜਾ ਘਮਸਾਨ ਦਾ ਯੁਧ ਹੋਇਆ। ਇਸ ਵਿਚ ਪੀਰ ਬੁਧੂ ਸ਼ਾਹ ਦੀ ਸਮੇਂ ਸਿਰ ਪੁਜੀ ਸਹਾਇਤਾ ਕਾਰਨ ਸਿਖਾਂ ਦੀ ਜਿਤ ਹੋਈ।

ਫਿਰ ਨਾਦੌਨ ਦੇ ਸਥਾਨ ਉਤੇ ਗੁਰੂ ਸਾਹਿਬ ਦੀ ਸਿਧਾ ਟਾਕਰਾ ਮੁਗਲ ਫੌਜਾਂ ਨਾਲ ਹੋਇਆ। ਇਸ ਵਿਚ ਗੁਰੂ ਸਾਹਿਬ ਦੀ ਮਦਦ ਉਤੇ ਪਹਾੜੀ ਰਾਜੇ ਵੀ ਸਨ। ਪਹਾੜੀ ਰਾਜੇ ਅੰਤ ਵਿਚ ਹਾਰ ਮੰਨ ਗਏ। ਪਰ ਗੁਰੂ ਸਾਹਿਬ ਡਟੇ ਰਹੇ। ਭਾਈ ਨੰਦਲਾਲ ਦੇ ਦੁਪਾਸੀਂ ਪਰਭਾਵ ਕਾਰਨ ਸਿਧੀ ਟੱਕਰ ਟੱਲ ਗਈ।

੧੬੯੯ ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿਦ ਸਿੰਘ ਜੀ ਨੇ ਅਨੰਦ ਪੁਰ ਵਿਚ ਇਕ ਸਰਬ ਹਿੰਦ ਸਿਖ ਕਾਨਫਰੰਸ ਕੀਤੀ ਅਤੇ ਆਪਣੇ ਨਵੇਂ ਇਨਕਲਾਬੀ ਮੈਨੀਫੈਸਟੋ ਨੂੰ ਪਰਗਟ ਕੀਤਾ। ਇਥੇ ਆਪਨੇ

ਸਿਖ ਧਰਮ ਦੇ ਜਮਹੂਰੀ ਪੱਖ ਨੂੰ ਉਜਾਗਰ ਕੀਤਾ। ਖਾਲਸੇ ਦੀ ਸਾਜਨਾ ਕੀਤੀ ਅਤੇ ਇਸ ਨਾਲ ਆਪਣੀ ਇਕਮਿਕਤਾ ਦਰਸਾਈ। ਇਸ ਤੋਂ ਬਾਅਦ ਗੁਰੂ ਸਾਹਿਬ ਦੀਆਂ ਫੌਜਾਂ ਨੇ ਤਿੰਨ ਪ੍ਰਸਿਧ ਲੜਾਈਆਂ ਲੜੀਆਂ। ਆਪ ਦੇ ਚਾਰ ਪੁਤਰ ਮਾਰੇ ਗਏ। ਮਾਂ ਵੀ ਜ਼ਿੰਦਗੀ ਤਿਆਗ ਗਈ। ਪਰ ਆਪ ਦ੍ਰਿੜ ਤੇ ਸਾਬਤ ਰਹੇ। ੧੭੦੬ ਵਿਚ ਹੋਈ ਖਿਦਰਾਣੇ ਦੀ ਲੜਾਈ ਪਿਛੇ ਆਪ ਤਲਵੰਡੀ ਸਾਬੋ ਵਿਚ ਆ ਕੇ ਰਹਿਣ ਲਗੇ ਪਏ। ਇਥੇ ਵੀ ਆਪ ਨੇ ਰਾਜਸੀ ਤੇ ਸਾਹਿਤਕ ਸਰਗਰਮੀਆਂ ਜਾਰੀ ਰਖੀਆਂ। ਇਥੇ ਆਪਨੇ ਆਦਿ ਗਰੰਥ ਦੀ ਨਵ-ਸੰਪਾਦਨਾ ਕੀਤੀ ਅਤੇ ਆਪਣੀਆਂ ਰਚਨਾਵਾਂ ਨੂੰ ਵੀ ਸੰਗ੍ਰਹਿਤ ਕੀਤਾ।

੧੭੦੭ ਵਿਚ ਔਰੰਗਜ਼ੇਬ ਜੀ ਦੀ ਮੌਤ ਹੋ ਗਈ ਤੇ ਬਹਾਦਰ ਸ਼ਾਹ ਹੁਰੀਂ ਤਖਤ ਉਤੇ ਬੈਠੇ। ਨਵਾਂ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਮਿਤਰ ਬਣ ਗਿਆ। ਉਸੇ ਨਾਲ ਗੁਰੂ ਸਾਹਿਬ ਦਖਣ ਵਲ ਗਏ। ਰਾਹ ਵਿਚ ਨਾਂਦੇੜ ਦੇ ਸਥਾਨ ਉਤੇ ਇਕ ਪਠਾਣ ਨੇ ਆਪ ਉਤੇ ਛੁਰੇ ਦਾ ਵਾਰ ਕੀਤਾ। (ਵੇਖੋ ਅੰਤਿਕਾ)

**ਗੋਬਿੰਦ ਸਿੰਘ ਲਾਂਬਾ**

ਵੇਖੋ
ਲਾਂਬਾ, ਗੋਬਿੰਦ ਸਿੰਘ

**ਗਾਮੋ ਖਾਂ**

ਵੇਖੋ
ਗੁਲਾਮ ਹਸਨ ਖਾਨ

**ਗੁਰਇੰਦਰ ਸਿੰਘ ਪ੍ਰੀਤ** (੬ ਜੂਨ ੧੯੩੬—ਜੀਵਤ)

ਜਨਮ ਮਰਦਾਨ (ਸੂਬਾ ਸਰਹੱਦ) ਵਿਚ ਹੋਇਆ। ਵਿਦਿਆ ਦਸਵੀਂ ਤੇ ਗਿਆਨੀ ਤਕ ਹੈ ਅਤੇ ਅਜ ਕਲ ਆਪ ਚੰਡੀਗੜ੍ਹ ਸਰਕਾਰੀ ਛਾਪੇਖਾਨੇ ਵਿਚ ਮੁਲਾਜ਼ਮ ਹਨ।

ਸਰਬੋਤਮ ਰਸਾਲਿਆਂ ਵਿਚ ਆਪਦੇ ਖੋਜਕਾਰਕ ਲੇਖ ਛਪਦੇ ਰਹਿੰਦੇ ਹਨ। ਹੀਰ ਦਮੋਦਰ ਸਬੰਧੀ ਆਪ ਨੇ ਕੁਝ ਨਵੀਂ ਖੋਜ ਵੀ ਕੀਤੀ ਹੈ।

**ਗੋਰਖ ਨਾਥ** (ਦਸਵੀਂ ਸਦੀ)

ਜਨਮ ਤਹਿਸੀਲ ਗੁਜਰਖਾਨ (ਰਾਵਲਪਿੰਡੀ) ਦੇ ਇਕ ਪਿੰਡ ਵਿਚ ਹੋਇਆ, ਜਿਸਦਾ ਨਾਂ ਪਿਛੋਂ ਗੋਰਖਪੁਰ ਪੈ ਗਿਆ। ਮੈਤਰੀ ਉਪਨਿਸ਼ਦ ਤੋਂ ਪਰੇਰਨਾ ਲਈ। ਅਮਲੀ ਪਰਚਾਰਕ ਤੇ ਧਾਰਮਕ ਆਗੂ ਵੀ ਸਨ। ਅਫਗਾਨਿਸਤਾਨ, ਬਲੋਚਿਸਤਾਨ, ਨੇਪਾਲ, ਆਸਾਮ, ਬੰਗਾਲ, ਉੜੀਸਾ, ਮਧ ਭਾਰਤ, ਕਰਨਾਟਕ ਲੰਕਾ, ਮਹਾਂਰਾਸ਼ਟਰ ਤੇ ਸਿੰਧ ਤਕ ਆਪਦਾ ਪ੍ਰਭਾਵ ਪਿਆ। ਆਪ ਦੇ ਨਾਂ ਨਾਲ ਗੁਰੂ, ਸਤਿਗੁਰੂ, ਤੇ ਬਾਬਾ ਦੇ ਵਿਸ਼ੇਸ਼ਣ ਲਾਏ ਜਾਂਦੇ ਹਨ। ਕਬੀਰ ਅਨੁਸਾਰ ਸਾਰੇ ਪ੍ਰਸਿਧ ਅਧਿਆਤਮਕ ਆਗੂਆਂ ਵਿਚੋਂ ਗੋਰਖ, ਭਰਥਰੀ ਤੇ ਗੋਪੀਚੰਦ ਹੀ ਮਹਾਨ ਸਨ। ਕਬੀਰ ਜੀ ਭਰਥਰੀ ਜੀ ਨੂੰ ਬਾਬਾ ਗੋਰਖ ਦਾ ਚੇਲਾ ਦਸਦੇ ਹਨ। ਗੁਰੂ ਘਰ ਵਿਚ ਵੀ ਆਪਦੀ ਮਹਾਨਤਾ ਮੰਨੀ ਜਾਂਦੀ ਸੀ। ਦਸਿਆ ਜਾਂਦਾ ਹੈ ਕਿ ਆਪਦੇ ਗੁਰੂ ਮਛੰਦਰ ਜੀ ਸਨ। ਪਿਸ਼ਾਵਰ ਵਿਚ ਗੋਰਖ ਹਟੜੀ, ਜਿਹਲਮ ਜ਼ਿਲੇ ਵਿਚ ਗੋਰਖ ਦਾ ਟਿਲਾ, ਬਲੋਚਿਸਤਾਨ ਵਿਚ ਗੋਰਖ ਨਾਥ ਦੀ ਧੂਣੀ, ਆਦਿਕ ਸਥਾਨ ਅਤੇ ਪੰਜਾਬ ਵਿਚ ਕਈ ਹੋਰ ਸਥਾਨ ਗੋਰਖਨਾਥ ਨੂੰ ਸਮਰਪਿਤ ਹਨ।

ਬੋਲੀ ਪੰਜਾਬੀ ਪ੍ਰਭਾਵਿਤ ਮਧਕਾਲੀ ਸਾਧਭਾਸ਼ਾ ਹੈ। ਆਪ ਦੁਆਰਾ ਵਰਤੇ ਗਏ ਅਲਖ, ਅਗੰਮ, ਅਮੂਰਤ, ਸੁੰਨ, ਨਿਰਾਕਾਰ, ਅੰਮੀ, ਨਾਦ, ਬਿੰਦੂ, ਜਿਉਤੀ, ਨਿਰਵਾਨ ਪਦ, ਧਿਆਨ, ਗਿਆਨ, ਸਤਿਗੁਰੂ, ਜੀਵਨ

ਮੁਕਤ ਆਦਿਕ ਸ਼ਬਦ ਪੁਰਾਤਨ ਹਿੰਦੂ ਸ਼ੈਲੀ ਤੇ ਗੁਰੂ ਘਰ ਦੀ ਸ਼ੈਲੀ ਦੋਹਾਂ ਨਾਲ ਸੰਬੰਧਿਤ ਹਨ।

ਗੁਰੂ ਦੀ ਲੋੜ, ਪਰਸਾਦ (ਮਿਹਰ ਦੀ ਫਿਲਾਸਫੀ) ਤੇ ਸੇਵਾ ਭਾਵ ਆਪਦੀ ਵਿਚ·ਰਧਾਰਾ ਦੇ ਮੁਖ ਅੰਗ ਹਨ। ਪਰ ਜਿਥੇ ਗੁਰੂ ਘਰ ਦੀ ਲਹਿਰ ਵਿਚ ਸਮਾਜਕ ਰਾਜਸੀ ਤੇ ਆਰਥਕ ਸੰਤੁਲਨ ਲਈ ਅਮਲੀ ਯਤਨਾਂ ਉਤੇ ਜ਼ੋਰ ਦਿਤਾ ਗਿਆ ਹੈ, ਉਥੇ ਗੋਰਖ ਵਿਚ ਸਵੈ-ਕੇਂਦਰਨ ਅਧਿਕ ਹਨ। ਗੁਰੂ ਘਰ ਆਪ ਨਾਲ ਸਰੀਰ ਤੇ ਮਨ ਦੀ ਅਸਾਧਾਰਨ ਤੇ ਪਰਾਸਰੀਰਕ ਕਮਾਈ ਦੇ ਪੱਖ ਉਤੇ ਸਹਿਮਤ ਨਹੀਂ। ਗੋਰਖ ਦਾ ਨਾਤਾ ਪੂਰਵ-ਵੇਦਾਂਤੀ ਜੋਗ-ਫਿਲਾਸਫੀ ਨਾਲ ਹੈ, ਪਰ ਗੁਰੂ ਘਰ-ਮੁਸਲਮਾਨ ਤੇ ਹੋਰ ਸਮਕਾਲੀ ਪ੍ਰਭਾਵਾਂ ਨਾਲ ਅਨੁ-ਪ੍ਰਾਣਿਤ ਹੋਣ ਕਰਕੇ ਵਧੇਰੇ ਆਧੁਨਿਕ ਹੈ।

**ਗਾਰਗੀ, ਬਲਵੰਤ** (੧੯੧੬—ਜੀਵਤ)

ਜਨਮ : ਬਠਿੰਡੇ ਵਿਚ ਸ੍ਰੀ ਸ਼ਿਵ ਦਿਆਲ ਦੇ ਘਰ ਹੋਇਆ। ਐਫ. ਸੀ. ਕਾਲਜ ਲਾਹੌਰੋਂ ਅੰਗਰੇਜ਼ੀ ਅਤੇ ਰਾਜਸੀ ਵਿਗਿਆਨ ਦੀ ਐਮ. ਏ. ਕਰਨ ਪਿਛੋਂ ਆਪ ਸਾਹਿਤਕਾਰੀ ਵਾਲੇ ਪਾਸੇ ਮਗਨ ਹੋ ਗਏ। ਪ੍ਰੀਤ ਨਗਰ ਅਤੇ ਆਲ ਇੰਡੀਆ ਰੇਡੀਉ ਲਾਹੌਰ ਤੋਂ ਆਪ ਨੂੰ ਕਾਫੀ ਉਤਸ਼ਾਹ ਮਿਲਿਆ। ਸ੍ਰੀ ਰਾਬਿੰਦਰ ਨਾਥ ਟੈਗੋਰ ਦੀ ਪਰੇਰਨਾ ਉਤੇ ਆਪ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ।

'ਰੰਗ ਮੰਚ' ਦੇ ਨਿਭਾਅ ਦੇ ਸਬੰਧ ਵਿਚ ਆਪ ਤਕਰੀਬਨ ਸਾਰੀ ਦੁਨੀਆਂ ਵਿਚ ਫਿਰ ਚੁਕੇ ਹਨ। ਸਮਾਜਵਾਦੀ ਦੇਸ਼ਾਂ ਵਿਚ ਆਪਦੀ ਬੜੀ ਕਦਰ ਹੈ।

ਅਜ ਕਲ ਆਪ ਦਿਲੀ ਵਿਚ ਰਹਿ ਕੇ ਨਾਟਕਕਾਰੀ ਦਾ ਸ਼ੌਕ ਪੂਰਾ ਕਰ ਰਹੇ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਇਕਾਂਗੀ ਸੰਗ੍ਰਹਿ : ਸਤ ਚੌਣਵੇਂ ਇਕਾਂਗੀ, ਦਸਵੰਧ, ਕੁਆਰੀ ਟੀਸੀ, ਬੇਬੇ ਅਤੇ ਹੋਰ ਇਕਾਂਗੀ, ਦੋ ਪਾਸੇ, ਪਤਣ ਦੀ ਬੇੜੀ, ਡਾਕ ਘਰ (ਅਨੁਵਾਦ)।

ਨਾਟਕ : ਘੁੱਗੀ, ਕੇਸਰੋ, ਲੋਹਾ ਕੁਟ, ਨਵਾਂ ਮੁਹ, ਕਣਕ ਦੀ ਬਲੀ, ਸੈਲ ਪੱਥਰ।

ਨਾਵਲ : ਕੱਕਾ ਨੇਤਾ।

ਵਾਰਤਕ : ਰੰਗ ਮੰਚ, ਨਿੰਮ ਦੇ ਪੱਤੇ, ਆਦਿਕ। ਅੰਗਰੇਜ਼ੀ ਅਖਬਾਰਾਂ ਵਿਚ ਵੀ ਆਪਦੀਆਂ ਬਹਤੇ ਸਾਰੀਆਂ ਰਚਨਾਵਾਂ ਛਪ ਚੁਕੀਆਂ ਹਨ ਅਤੇ ਆਪਦੇ ਨਾਟਕ ਦੇਸ ਬਦੇਸ ਵਿਚ ਖੇਡੇ ਜਾ ਚੁਕੇ ਹਨ। ਪੰਜਾਬੀ ਕਲਚਰ ਅਤੇ ਸਮਾਜਵਾਦ ਆਪਦੀ ਵਿਚਾਰਧਾਰਾ ਦੇ ਵਿਸ਼ੇਸ਼ ਆਧਾਰ ਹਨ। ਖਾਸ ਕਰਕੇ ਮਾਲਵੇ ਦੀ, ਅਤੇ ਆਮ ਕਰਕੇ ਪੰਜਾਬ ਦੀ ਜ਼ਿੰਦਗੀ ਚਿਤਰਨ ਵਿਚ ਆਪ ਨੂੰ ਮੁਹਾਰਤ ਪ੍ਰਾਪਤ ਹੈ। ਆਪਦੀ ਬੋਲੀ ਅਤੀਅੰਤ ਠੇਠ ਅਤੇ ਸਿਆਣਪ ਤੇ ਵਿਅੰਗ ਨਾਲ ਭਰਪੂਰ ਹੈ।

ਆਪ ਨੇ ਸਾਰੀ ਦੁਨੀਆਂ ਵਿਚ ਪੰਜਾਬ ਦਾ ਨਾਂ ਉਚਾ ਕੀਤਾ ਹੈ।

ਆਪਦਾ ਸਥਾਨ ਉਚਤਮ ਅਤੇ ਵਿਚਾਰਸ਼ੀਲ ਸਾਹਿਤਕਾਰਾਂ ਵਿਚ ਹੈ।

**ਗੁਰਚਰਨ ਸਿੰਘ** (੧੯੧੭—ਜੀਵਤ)

ਜਨਮ ਜ਼ਿਲਾ ਜਲੰਧਰ ਦੇ ਲੰਮੇ ਪਿੰਡ ਵਿਚ ਸ. ਬੁੜ ਸਿੰਘ ਦੇ ਘਰ ਹੋਇਆ। ੧੯੪੦ ਵਿਚ ਖਾਲਸਾ ਕਾਲਜ ਅੰਮ੍ਰਿਤਸਰੋਂ ਅੰਗਰੇਜ਼ੀ ਦੀ ਐਮ. ਏ. ਕੀਤੀ ਤੇ ਰਾਜਸੀ ਖੇਤਰ ਵਿਚ ਕੁਦ ਪਏ। ਵੰਡ ਪਿਛੋਂ ਆਪ ਪੰਜਾਬ ਸਰਕਾਰ ਦੇ ਮੁੜ-ਵਸਾਉ ਮਹਿਕਮੇ ਵਿਚ ਕੰਮ ਕਰਦੇ ਰਹੇ। ੧੯੫੩ ਵਿਚ ਆਪਨੇ ਪੰਜਾਬੀ

ਦੀ ਐਮ. ਏ. ਕੀਤੀ। ਅਜ ਕਲ ਆਪ ਮਹਿੰਦਰਾ ਕਾਲ਼ਜ ਪਟਿਆਲਾ ਵਿਚ ਮਾਤ ਬੋਲੀ ਦੇ ਅਧਿਆਪਕ ਹਨ :

'ਵਗਦੀ ਸੀ ਰਾਵੀ' (ਨਾਵਲ)ਅਤੇ ਇਕ ਕਹਾਣੀ-ਸੰਗ੍ਰਹਿ ਤੋਂ ਛੁਟ 'ਪੰਜਾਬੀ ਨਾਟਕਕਾਰ', 'ਪੰਜਾਬੀ ਗਲਪਕਾਰ', 'ਮੋਹਨ ਸਿੰਘ ਤੇ ਉਸਦੀ ਕਵਿਤਾ', 'ਪੰਜਾਬੀ ਕਾਵਿ ਦਾ ਕਲਾ ਪੱਖ, ਆਦਿਕ ਪੁਸਤਕਾਂ ਅਤੇ ਗੋਸ਼ਟੀਆਂ ਉਤੇ ਪੜ੍ਹੇ ਗਏ ਕੁਝ ਖੋਜ-ਪਤਰ ਵੀ ਆਪਦੀ ਰਚਨਾਂ ਵਿਚ ਸ਼ਾਮਲ ਹਨ।

ਆਪ ਉਚ-ਕੋਟੀ ਦੇ ਵਿਦਵਾਨ, ਖੋਜੀ ਅਤੇ ਕਰਤਾਰੀ ਗਲਪਕਾਰ ਹਨ।

**ਗੁਰਚਰਨ ਸਿੰਘ ਗਿਆਨੀ ਮੁਕਤਸਰ**

ਆਪ ਵਿਦਵਾਨ ਅਤੇ ਗੁਰਸਿੱਖ ਪਤਰਕਾਰ ਹਨ। 'ਮਾਲਵਾ' ਨਾਂ ਦੀ ਅਖਬਾਰ ਰਾਹੀਂ ਆਪਨੇ ਮਾਲਵੇ ਦੇ ਬੁਧੀਮਾਨਾਂ ਨੂੰ ਦਿਨ ਦੀ ਰੌਸ਼ਨੀ ਵਿਚ ਲਿਆਂਦਾ ਅਤੇ ਬਹੁਤ ਸਾਰੇ ਪਤਰਕਾਰਕ ਲੇਖ ਲਿਖੇ।

**ਗੁਰਚਰਨ ਸਿੰਘ ਚਰਨ** (੧੯੨੮—ਜੀਵਤ)

ਆਪਦਾ ਜਨਮ ਖਾਨਦਾਨੀ ਵੈਦ ਸ. ਪਰੇਮ ਸਿੰਘ ਦੇ ਘਰ ਜੜ੍ਹਾਂਵਾਲੇ (ਲਾਇਲ ਪੁਰ) ਹੋਇਆ। ਆਪਨੇ ਐਫ. ਏ. ਤਕ ਪੜ੍ਹਾਈ ਕੀਤੀ। ਆਪ ਸਿਖ ਮਿਸ਼ਨਰੀ ਕਾਲਜ ਵਿਚ ਵੀ ਪੜ੍ਹਦੇ ਰਹੇ। ਨਨਕਾਣੇ ਸਾਹਿਬ ਦੀ ਸਟੇਜ ਤੋਂ ਆਪਨੇ ਕਈ ਇਨਾਮ ਜਿਤੇ। ੧੯੪੭ ਵਿਚ ਆਪ ਲੋਹਾਂਆਂ ਖਾਸ (ਜਲੰਧਰ) ਆ ਗਏ। ਆਪ ਵੀ ਵੈਦ ਹਨ. ਤੇ ਅਜਕਲ ਕਰਤਾਰਤਾ ਦੇ ਨਾਲ ਨਾਲ ਸਮਾਣਾ (ਪਟਿਆਲਾ) ਵਿਖੇ ਚਕਿਤਸਕ ਦਾ ਕੰਮ ਕਰਦੇ ਹਨ।

੧੯੫੮ ਵਿਚ ਆਪਦੀ ਪੁਸਤਕ 'ਪੂਰਬ ਬੋਲਿਆ' ਪ੍ਰਕਾਸ਼ਿਤ ਹੋਈ, ਇਸ ਵਿਚ ਰਾਣੀ ਜਿੰਦਾ ਤੇ ਸ਼ਹੀਦ ਊਧਮ ਸਿੰਘ ਦੇ ਜੀਵਨ-ਬਿਰਤਾਂਤ ਢੱਡ ਸਾਰੰਗੀਆਂ ਦੇ ਕੀਰਤਨ-ਮਾਧਿਅਮ ਵਿਚ ਹਨ। ਚਰਨ ਜੀ ਨੇ ਪੰਜਾਬੀ ਅਤੇ ਬ੍ਰਿਜ ਭਾਸ਼ਾ ਵਿਚ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਹਨ। ਆਪ ਸਟੇਜ ਦੇ ਵੀ ਮਾਹਿਰ ਹਨ। ਆਪਦੀ ਬੋਲੀ ਸਰਬ-ਸਾਧਾਰਨ ਹੈ ਉਰਦੂ ਦੀ ਸ਼ੈਲੀ ਦਾ ਪ੍ਰਭਾਵ ਤੀਬਰ ਹੈ।

**ਗੁਰਚਰਨ ਸਿੰਘ ਜਸੂਜਾ**

ਵੇਖ
ਜਸੂਜਾ, ਗੁਰਚਰਨ ਸਿੰਘ

**ਗੁਰਚਰਨ ਸਿੰਘ ਵੇਦ** (੧੭ ਜਨਵਰੀ, ੧੯੩੭—ਜੀਵਤ)

ਆਪ ਮੋਰੋ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ: ਜੀਵਨ ਸਿੰਘ ਦੇ ਸਪੁਤਰ ਹਨ। ਹੋਮਿਓਪੈਥੀ ਦਾ ਕੰਮ ਕਰਦੇ ਹਨ।

ਨਾਮਧਾਰੀ ਪੰਥ ਨਾਲ ਸਬੰਧਿਤ ਹੋਣ ਦੇ ਨਾਤੇ ਧਾਰਮਕ ਕਵਿਤਾਵਾਂ ਵਧੇਰੇ ਲਿਖਦੇ ਹਨ।

**ਗੁਰਚਰਨ ਰਾਮਪੁਰੀ** (੨੩ ਜਨਵਰੀ ੧੯੨੯—ਜੀਵਤ)

ਜਨਮ ਰਾਮਪੁਰ, ਜ਼ਿਲਾ ਪਟਿਆਲਾ ਵਿਚ ਸ. ਮੋਹਨ ਸਿੰਘ ਦੇ ਘਰ ਮਾਤਾ ਬਚਨ ਕੌਰ ਦੀ ਕਖੋਂ ਹੋਇਆ। ਬੀ. ਏ., ਗਿਆਨੀ ਅਤੇ ਸ਼ਿਲਪਕਾਰੀ ਦੇ ਡਿਪਲੋਮਾ ਤਕ ਆਪ ਦੀ ਵਿਦਿਅਕ ਯੋਗਤਾ ਹੈ। ਅਜ ਕਲ ਮਹਿਕਮਾ ਬਿਜਲੀ ਵਿਚ ਸ਼ਿਲਪਕਾਰ ਹਨ।

ਕਣਕਾਂ ਦੀ ਖੁਸ਼ਬੋ (੧੯੫੩) ਅਤੇ "ਕੌਲ ਕਰਾਰ" ਕਾਵਿ ਸੰਗ੍ਰਹਿ ਹਨ। ਦੂਜੀ ਕਿਤਾਬ ਦੀਆਂ ਬਾਰ੍ਹਾਂ ਕਵਿਤਾਵਾਂ ਰੂਸੀ ਵਿਚਲੇ "ਪੰਜਾਬੀ ਕਾਵਿ ਸੰਗ੍ਰਹਿ" ਵਿਚ ਸ਼ਾਮਲ ਹੋ ਚੁਕੀਆਂ ਹਨ। ਪੰਜਾਬੀ ਦੇ

ਸਰਬੋਤਮ ਰਸਾਲਿਆਂ ਵਿਚ ਆਪ ਦੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ।

ਆਪ ਦੀ ਵਿਚਾਰਧਾਰਾ ਮਨੁਖਵਾਦੀ ਹੈ ਤੇ ਆਪ ਸਾਂਝੀ ਪੰਜਾਬੀਅਤ ਦੇ ਅਗਰਗਾਮੀ ਚਿੰਤਕ ਹਨ।

**ਗੁਰਦਿਆਲ ਸਿੰਘ** (੨੫ ਦਸੰਬਰ ੧੯੪੦—ਜੀਵਤ)

ਆਪ ਕੋਕਰੀ ਕਲਾਂ, ਜ਼ਿਲਾ ਫਿਰੋਜ਼ਪੁਰ ਦੇ ਨਿਵਾਸੀ ਅਤੇ ਸ: ਜਸਵੰਤ ਸਿੰਘ ਦੇ ਸਪੁਤਰ ਹਨ। ਬੀ. ਏ., ਗਿਆਨੀ. ਓ. ਟੀ. ਹਨ। ਅਧਿਆਪਕ ਦਾ ਕੰਮ ਕਰਦੇ ਹਨ।

੧੯੫੮ ਤੋਂ ਨਿਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖ ਰਹੇ ਹਨ।

**ਗੁਰਦਿਆਲ ਸਿੰਘ ਘੱਗਾ**

ਜਨਮ ਮੁਕਤਸਰ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ। ਆਪ ਦੇ ਹਾਲਾਤ ਅਜਿਹੇ ਸਨ ਕਿ ਉਚੇਰੀ ਵਿਦਿਆ ਆਪ ਨੂੰ ਨਾ ਹੀ ਮਿਲ ਸਕੀ। ਪਰ ਆਪ ਅੰਦਰ ਦੇਸ਼ ਪਿਆਰ ਬੜਾ ਸੀ ਜਿਸ ਕਾਰਨ ਅਕਾਲੀ ਲਹਿਰ ਦੇ ਸੰਬੰਧ ਵਿਚ ਕਈ ਵਾਰੀ ਜੇਲ੍ਹ ਵੀ ਜਾਣਾ ਪਿਆ।

ਆਪ ''ਪੰਜਾਬੀ ਸ਼ੇਰ'' ਨਾਂ ਦੀ ਅਖ਼ਬਾਰ ਦੇ ਬਾਨੀ ਸੰਪਾਦਕ ਹਨ। ਇਸ ਵਿਚ ਛਪੇ ਪਤਰ-ਕਾਰਕ ਲੇਖ ਆਪ ਦੀ ਰਚਨਾ ਵਿਚ ਸ਼ਾਮਲ ਹਨ।

ਇਲਾਕੇ ਵਿਚ ਆਪ ਕਾਫ਼ੀ ਪ੍ਰਸਿੱਧ ਹੈ।

**ਗੁਰਦਿਆਲ ਸਿੰਘ ਨੀਰ** (ਵੀਹਵੀਂ ਸਦੀ—ਜੀਵਤ)·

ਆਪ ਪਿੰਡ ਬੂੜੇ ਨੰਗਲ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਹਨ।

ਪੰਜਾਬੀ ਵਿਚ ਗਜ਼ਲਾਂ ਅਤੇ ਗੀਤ ਲਿਖਦੇ ਹਨ। ਬੜੇ ਹੋਣਹਾਰ ਕਵੀ ਹਨ।

**ਗੁਰਦਿਆਲ ਸਿੰਘ ਫੁੱਲ**

ਵੇਖੋ
ਫੁੱਲ, ਗੁਰਦਿਆਲ ਸਿੰਘ

**ਗੁਰਦਿਆਲ ਸਿੰਘ ਮਾਸ਼ਟਰ** (੧੫ ਜੂਨ ੧੯੨੮—ਜੀਵਤ)

ਆਪ ਬੰਬਈ ਦੇ ਨਿਵਾਸੀ ਅਤੇ ਸ. ਠਾਕਰ ਸਿੰਘ ਦੇ ਸਪੁੱਤਰ ਹਨ।

ਕਾਫੀ ਚਿਰ ਬੰਬਈਓਂ ਨਿਕਲਦੇ ਪੰਜਾਬੀ ਪਾਖਿਅਕ ਪੱਤਰ 'ਫਿਲਮ' ਦੇ ਸੰਪਾਦਕ ਰਹੇ ਹਨ।

ਬੜੇ ਸੁਲਝੇ ਹੋਏ ਪਤਰਕਾਰ ਤੇ ਸਾਹਿਤਕਾਰ ਹਨ। ਆਪ ਦੀ ਵਿਚਾਰਧਾਰਾ ਸਮਾਜਵਾਦੀ ਹੈ।

**ਗੁਰਦਿਆਲ ਸਿੰਘ 'ਮਹਾਰਾਜ'** (ਵੀਹਵੀਂ ਸਦੀ)

ਆਪ ਦਾ ਜਨਮ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਚ ਨਾਮਧਾਰੀ ਆਗੂ ਸਤਿਗੁਰੂ ਹਰੀਸਿੰਘ ਦੇ ਘਰ ਹੋਇਆ।

ਆਪ ਸਪਤਾਹਿਕ 'ਸਤਿਯੁਗ' ਦੇ ਦੂਜੇ ਸੰਪਾਦਕ ਸਨ। ਆਪ ਨੂੰ ਨਾਮਧਾਰੀ ਇਤਿਹਾਸ ਅਤੇ ਸਾਹਿਤ ਦੀ ਰਚਨਾ ਦਾ ਬੜਾ ਸ਼ੌਕ ਸੀ।

ਆਪ ਤਕਰੀਬਨ ੧੯੩੮ ਵਿਚ ਚਲਾਣਾ ਕਰ ਗਏ।

**ਗੁਰਦਿਆਲ ਸਿੰਘ ਰਾਏ** (੧੯੩੮—ਜੀਵਤ)

ਜਨਮ ਤਿੰਨ ਸੁਖੀਆ (ਆਸਾਮ) ਵਿਚ ਸ. ਬਿਸ਼ਨ ਸਿੰਘ ਦੇ ਘਰ ਮਾਤਾ ਚੰਨਣ ਕੌਰ ਦੀ ਕੁਖੋਂ ਹੋਇਆ। ਵਿਦਿਆ ਬੀ. ਏ., ਗਿਆਨੀ ਹੈ। ਆਸਾਮ, ਉੱਤਰ ਪ੍ਰਦੇਸ਼, ਪੰਜਾਬ ਤੇ ਬਰਮਾਂ ਦੇ ਰਟਨ ਨੇ ਆਪ ਦਾ ਅਨੁਭਵ ਉਸਾਰਿਆ ਹੈ। ''ਪੱਤਣ'' ਮਾਸਕ ਦੇ ਦੇ ਸੰਪਾਦਕ ਵੀ ਰਹੇ। ਕੁਝ ਚਿਰ ਰੋਜ਼ਾਨਾ ਅਕਾਲੀ

ਪੱਤਰਕਾ ਵਿਚ ਉਪ ਸੰਪਾਦਕ ਵੀ ਰਹੇ।

ਕੁਝ ਕਵਿਤਾਵਾਂ 'ਅੱਗ' ਨਾਂ ਦੀ ਪੁਸਤਕਾ ਦੇ ਰੂਪ ਵਿਚ ਛਪੀਆਂ ਹਨ। ਬਹੁਤ ਸਾਰੀਆਂ ਰਚਨਾਵਾਂ ਰਸਾਲਿਆਂ ਵਿਚ ਛਪ ਚੁਕੀਆਂ ਹਨ। ਸਾਹਿਤ ਦੇ ਸਾਰੇ ਰੂਪਾਂ ਉਤੇ ਕਲਮ-ਅਜ਼ਮਈ ਕਰਦੇ ਹਨ।

ਵਿਅਕਤੀਗੱਤ ਵਿਸ਼ਾਦ ਆਪ ਦੀ ਪ੍ਰੇਰਨਾ ਦਾ ਸੋਮਾ ਹੈ।

**ਗੁਰਦਿਤ ਸਿੰਘ ਸਰਹਾਲੀ, ਬਾਬਾ**

ਆਪ ਦਾ ਜਨਮ ਸਰਹਾਲੀ, ਜ਼ਿਲਾ ਅੰਮ੍ਰਿਤਸਰ ਵਿਖੇ ਸ੍ਰੀ ਹੁਕਮ ਸਿੰਘ ਦੇ ਘਰ ਹੋਇਆ। ਵਿਦਿਆ ਪਾਉਣ ਪਿਛੋਂ ਆਪ ਸਿੰਘਾਪੁਰ, ਮਲਾਇਆ ਆਦਿਕ ਦੇਸ਼ਾਂ ਵਿਚ ਠੇਕੇਦਾਰੀ ਦਾ ਕੰਮ ਕਰਨ ਲਗ ਪਏ। ਇਨ੍ਹੀਂ ਦਿਨੀਂ ਗੁਰੂ ਨਾਨਕ ਜਹਾਜ਼ ਦਾ ਪਰੋਗਰਾਮ ਬਣਿਆ। ੧੯੦੯ ਵਿਚ ਸ. ਬਲਵੰਤ ਸਿੰਘ ਗ੍ਰੰਥੀ ਗੁਰਦਵਾਰਾ ਵੈਨਕੋਵਰ ਆਪ ਨੂੰ ਭਾਰਤ ਵਿਚ ਮਿਲੇ। ਬਹੁਤ ਪਾਸਿਆਂ ਤੋਂ ਪਰੇਰਨਾ ਮਿਲਣ ਉਤੇ ਗੁਰਦਿਤ ਸਿੰਘ ਹੁਰਾਂ ਦਾ ਜਹਾਜ ਦਾ ਕੰਮ ਆਪਣੇ ਜ਼ਿਮੇ ਲੈ ਲਿਆ। ਇਸ ਪ੍ਰੋਗਰਾਮ ਅਨੁਸਾਰ ਗੁਰੂ ਨਾਨਕ ਜਹਾਜ਼ ਕੈਨੇਡਾ ਜਾਣਾ ਸੀ, ਉਸ ਦੇਸ ਵਿਚ ਦਾਖ਼ਲ ਹੋਣ ਦੀ ਇਜ਼ਾਜਤ ਮਿਲ ਜਾਣ ਉਤੇ ਲੋਕਾਂ ਉਧਰ ਵਸ ਜਾਣਾ ਸੀ ਤੇ ਵਿਪਰੀਤ ਹਾਲਤ ਵਿਚ ਕੈਨੇਡਾ ਸਰਕਾਰ ਨੂੰ ਭੰਡਣਾ ਸੀ। ਆਜ਼ਾਦੀ ਲਈ ਆਪ ਦੀ ਘਾਲਣਾ ਬਹੁਤ ਵਡੀ ਹੈ।

"ਗੁਰੂ ਨਾਨਕ ਜਹਾਜ਼ ਦੀ ਕਥਾ" (ਦੋ ਭਾਗ) ਆਪਦੀ ਪ੍ਰਸਿੱਧ ਕਿਰਤ ਹੈ, ਜਿਸ ਦੀ ਵਾਰਤਕ ਸ਼ੈਲੀ ਤਕਨੀਕੀ ਪਖੋਂ ਇਤਿਹਾਸਕਾਰਕ ਹੈ।

**ਗੁਰਦਿਤ ਸਿੰਘ ਖੜਗ, ਕਵੀਸ਼ਰ** (--੧੯੦੦, ੩੦--)

ਆਪ ਵੀਹਵੀਂ ਸਦੀ ਦੇ ਪ੍ਰਸਿੱਧ ਕਿੱਸਾਕਾਰ ਹਨ। ਜੋਤਸ਼ ਤੇ ਜਾਦੂਗਰੀ ਵਾਲੇ ਪਾਸੇ ਵੀ ਕਾਫ਼ੀ ਮੁਹਾਰਤ ਰਖਦੇ ਹਨ। ਵਧੇਰੇ ਚਿਰ ਆਪ ਲੁਧਿਆਣੇ ਹੀ ਰਹੇ ਹਨ। ਕਲਾਸਕੀ ਕਾਵਿ-ਤਕਨੀਕਾਂ ਦੀ ਆਪ ਨੂੰ ਡੂੰਘੀ ਸੂਝ ਹੈ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

੧. ਬਨਾਰਸ ਦਾ ਜਾਦੂਗਰ (ਜਾਦੂ), ੨. ਮਹਾਂਦੇਵ ਜੋਤਿਸ਼ (ਜੋਤਸ਼), ੩. ਕਿੱਸਾ ਕੀ ਹੈ ? ਔਰ ਕਲੂਕਾਲ (ਕਵਿਤਾ), ੪. ਕਿੱਸਾ ਕਾਕੋ ਦਾ (ਕਵਿਤਾ), ੫. ਜੰਗ ਤੀਰਾਹ ਵੱਡਾ (ਇਤਿਹਾਸ), ੬. ਜੰਗ ਅੰਗ੍ਰੇਜ਼ ਬਹਾਦੁਰ ਚੱਕਰਵਰਤੀ ਰਾਜ (ਕਵਿਤਾ)।

**ਗੁਰਦਿਤ ਸਿੰਘ ਗਿਆਨੀ** (੧੯੨੩—ਜੀਵਤ)

ਆਪ ਦਾ ਜਨਮ ਰਿਆਸਤ ਮਲੇਰ ਕੋਟਲਾ ਦੇ ਪਿੰਡ ਮਿਠੇਵਾਲ ਵਿਚ ਧਾਰਮਕ ਸ਼ਖਸੀਅਤ ਦੇ ਮਾਲਕ ਵਿਅਕਤੀ ਸ. ਹੀਰਾ ਸਿੰਘ ਦੇ ਘਰ ਹੋਇਆ। ਧਰਮ ਦੀ ਸਿਖਿਆ ਆਪ ਨੂੰ ਵਿਰਸੇ ਵਿਚ ਮਿਲੀ। ੧੯੪੫ ਵਿਚ ਗਿਆਨੀ ਪਾਸ ਕਰਨ ਪਿਛੋਂ ਆਪ ਸਾਹਿਤ ਤੇ ਖੋਜ ਦੇ ਖੇਤਰ ਵਿਚ ਸਰਗਰਮ ਹੋ ਗਏ ਤੇ ਪਿਛੋਂ ਜਾ ਕੇ ਖੋਜ ਦੇ ਵਿਸ਼ੇਸ਼ਗ ਬਣ ਗਏ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਆਪ ਦਾ ਇਕ ਅੱਧ-ਛਪਿਆ ਕੋਸ਼ ਸੰਨ ਸੰਤਾਲੀ ਦੀ ਭੇਟ ਹੋ ਗਿਆ।

੧੯੪੮ ਵਿਚ ਆਪ ਨੇ ਪਟਿਆਲੇ ਤੋਂ 'ਜੀਵਨ ਸੰਦੇਸ਼' ਨਾਂ ਦਾ ਪਰਚਾ ਵੀ ਜਾਰੀ ਕੀਤਾ। ੧੯੫੦ ਵਿਚ ਆਪ ਨੇ ਦੈਨਿਕ 'ਪ੍ਰਕਾਸ਼' (ਫਾਰਸੀ ਲਿੱਪੀ) ਜਾਰੀ ਕੀਤਾ। ਇਹ ਦੈਨਿਕ ਅਜ ਕਲ ਚੰਡੀਗੜ੍ਹ ਤੋਂ ਗੁਰਮੁਖੀ ਲਿੱਪੀ ਵਿਚ ਛਪ ਰਿਹਾ ਹੈ। ਗਿਆਨੀ ਜੀ ਕਾਫ਼ੀ ਚਿਰ ਪੰਜਾਬ ਵਿਧਾਨ ਪਰੀਸ਼ਦ ਦੇ ਮੈਂਬਰ ਵੀ ਰਹੇ। ਅਜ ਕਲ ਆਪ ਚੰਡੀਗੜ੍ਹ ਰਹਿੰਦੇ ਹਨ।

ਵਿਕੋਲਿਤਰੇ ਅਲੋਚਨਾਤਮਕ ਤੇ ਖੋਜ-ਭਰਪੂਰ ਲੇਖ

ਅਤੇ ਅਛੋਹ ਸਿਖਰਾਂ (ਕਾਵਿ-ਸੰਗ੍ਰਹ)'ਪ੍ਰਾਚੀਨ ਵਾਰਾਂ', 'ਰਾਗ ਮਾਲਾ ਦੀ ਅਸਲੀਅਤ', 'ਗੁਰਬਾਣੀ ਦਾ ਇਤਿਹਾਸ', ਜੀਵਨ ਦਾ ਉਸਰਈਆ', 'ਮੇਰਾ ਪਿੰਡ' ਅਤੇ 'ਭਟਾਂ ਦੇ ਸਵਈਏ' ਆਦਿਕ । 'ਮੇਰਾ ਪਿੰਡ' ਨਾਂ ਦੀ ਪੁਸਤਕ ਪੰਜਾਬੀ ਵਾਰਤਕ ਦਾ ਵਧੀਆ ਨਮੂਨਾ ਹੈ ਅਤੇ 'ਪੰਜਾਬੀ ਕਲਚਰ' ਦਾ ਸਰ-ਬੋਤਮ ਚਿਤਰਨ ਹੈ ।

**ਗੁਰਦਿਤ ਸਿੰਘ ਮਿੱਠੇਵਾਲ** (੧੯੨੩--ਜੀਵਤ)

ਜਨਮ ਮਿੱਠੇਵਾਲ (ਮਾਲੇਰ ਕੋਟਲਾ) ਵਿਚ ਸ. ਹੀਰਾ ਸਿਘ ਦੇ ਘਰ ਹੋਇਆ । ਨਿੱਕੀ ਉਮਰ ਵਿਚ ਹੀ ਆਪ ਨੇ ਪ੍ਰਸਿੱਧ ਕਲਾਸਕੀ ਗ੍ਰੰਥਾਂ ਦਾ ਅਧਿਅਨ ਕਰ ਲਿਆ । ੧੯੪੫ ਵਿਚ ਗਿਆਨੀ ਕਰਨ ਪਿਛੋਂ ੧੯੪੬ ਵਿਚ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ ਲਿਖਿਆ ਜੋ ਕਿ ਵੰਡ ਦੀ ਭੇਟਾ ਹੋ ਗਿਆ । ੧੯੪੮ ਵਿਚ ਆਪ ਨੇ ਸਪਤਾਹਿਕ 'ਲੋਕ-ਸੇਵਕ' ਪਟਿਆਲਿਓਂ ਜਾਰੀ ਕੀਤਾ । ੧੯੫੦ ਵਿਚ ਆਪ ਨੇ ''ਜੀਵਨ ਸੰਦੇਸ਼'' ਨਾਂ ਦਾ ਰਸਾਲਾ ਵੀ ਕਢਿਆ ।

ਪੰਜਾਬੀ ਲਿਪੀ ਅਤੇ ਵਾਰ ਸਾਹਿਤ ਦਾ ਆਪ ਨੂੰ ਗੂੜ ਗਿਆਨ ਹੈ ।

ਆਪ ਨੂੰ ਸਿਆਣੇ ਪਤਰਕਾਰਾਂ ਵਿਚ ਗਿਣਿਆ ਜਾਂਦਾ ਹੈ ।

**ਗੁਰਦੀਪ ਕੌਰ**

ਪਿਤਾ ਦਾ ਨਾਮ : ਸ. ਗੁਰਬਖਸ਼ ਸਿਘ

ਗੁਰਦੀਪ ਕੌਰ ਕਿਰਨ ਨੇ ਪੰਜਾਬੀ ਵਿਚ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਹਨ, ਜੋ ਪੰਜਾਬੀ ਦੇ ਮਾਸਕ-ਪੱਤਰਾਂ ਵਿੱਚ ਛਪੀਆਂ ਹਨ । ਕਦੇ ਕਦੇ ਕਵਿਤਾਂ ਵੀ ਲਿਖੀ ਹੈ ।

ਮੈਟਰਿਕ ਅਜੀਤ ਸਰ ਮੋਹੀ ਜ਼ਿਲਾ ਲੁਧਿਆਣਾ ਤੋਂ ਕਰਕੇ ਜਲੰਧਰ ਆ ਕੇ ਬੀ. ਏ. ਪਾਸ ਕੀਤੀ । ੧੯੬੪ ਵਿਚ ਐੱਮ. ਏ. ਪੰਜਾਬੀ ਦਾ ਇਮਤਿਹਾਨ ਪੰਜਾਬ ਵਿਚੋਂ ਚੰਗੀ ਪੁਜੀਸ਼ਨ ਲੈ ਕੇ ਪਾਸ ਕੀਤਾ ।

**ਗੁਰਦੀਪ ਕੌਰ** (੧੧ ਫਰਵਰੀ, ੧੯੪੦—ਜੀਵਤ)

ਆਪ ਲੁਧਿਆਣਾ-ਨਿਵਾਸੀ ਡਾਕਟਰ ਮਹਿੰਦਰ ਸਿੰਘ ਦੀ ਸਪੁਤਰੀ ਹਨ ।

ਪ੍ਰਸਿੱਧ ਪੰਜਾਬੀ ਰਸਾਲਿਆਂ ਵਿਚ ਆਪ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ ।

ਆਪ ਦੀ ਰਚਨਾ ਵਿਚ ਵਿਚਾਰ-ਸ਼ੀਲਤਾ ਦੀ ਪ੍ਰਧਾਨਤਾ ਹੈ ।

**ਗੁਰਦਰਸ਼ਨ** (੧ ਨਵੰਬਰ ੧੯੩੯—ਜੀਵਤ)

ਜਨਮ ਮਲੌਟ ਮੰਡੀ, ਜ਼ਿਲਾ ਫ਼ੀਰੋਜ਼ਪੁਰ ਵਿਚ ਵੈਦ ਸਾਧੂ ਸਿੰਘ ਦੇ ਘਰ ਹੋਇਆ । ਦਸਵੀਂ ਤੇ ਗਿਆਨੀ ਕਰਨ ਪਿਛੋਂ ਆਯੁਰਵੈਦਿਕ ਸਿਖ ਲਈ ਤੇ ਵੈਦ ਦਾ ਕੰਮ ਕਰਨ ਲਗ ਪਏ ।

ਫ਼ਰਵਰੀ ੧੯੫੮ ਤੋਂ ਆਪ ਦੀਆਂ ਰਚਨਾਵਾਂ ਪ੍ਰਸਿੱਧ ਪੱਤਰਾਂ ਵਿਚ ਛਪ ਰਹੀਆਂ ਹਨ । ਟੈਗੋਰ ਤੇ ਚੈਖਵ ਆਦਿ ਦੇ ਅਨੁਵਾਦਕ ਵਜੋਂ ਵੀ ਕਾਫ਼ੀ ਮਾਨਤਾ ਮਿਲੀ ਹੈ ।

**ਗੁਰਦੇਵ ਸਿੰਘ ਮਾਨ**

ਵੇਖੋ

ਮਾਨ, ਗੁਰਦੇਵ ਸਿੰਘ

**ਗੌਰੀ ਨਾਥ ਗੋਹਰੀ** (੧੮੮੩--੧੯੦੮)

ਆਪ ਦੇ ਪਿਤਾ ਪੰਡਿਤ ਜੈ ਦਿਆਲ ਗੁਜਰਾਂਵਾਲੇ ਦੇ ਪ੍ਰੋਹਿਤ ਸਨ । ਗੋਹਰੀ ਜੀ ਨੇ ਦਸ ਸਾਲ ਪੜ੍ਹਾਈ

ਕਰਨ ਪਿਛੋਂ ਕਚਹਿਰੀ ਵਿਚ ਅਰਜ਼ੀ-ਨਵੀਸੀ ਦੀ ਨੌਕਰੀ ਸ਼ੁਰੂ ਕਰ ਦਿੱਤੀ। ਨਿੱਕੀ ਉਮਰ ਵਿਚ ਹੀ ਆਪ ਵਡੇ ਵਡੇ ਕਵੀ ਦਰਬਾਰਾਂ ਵਿਚ ਹਿੱਸਾ ਲੈਣ ਲਗ ਪਏ ਸਨ। ਪੰਡਿਤ ਗੌਰਾਂ, ਜਿਨ੍ਹਾਂ ਦਾ ਸਾਹਿਤਕ ਰਿਸ਼ਤਾ ਸਯਦ ਵਾਰਸ ਸਾਹ ਨਾਲ ਜੋੜਿਆ ਜਾਂਦਾ ਹੈ, ਆਪ ਦੇ ਉਸਤਾਦ ਸਨ । ਗੌਹਰੀ ਸਾਹਿਬ ਲਾਹੌਰ ਅਤੇ ਅੰਮ੍ਰਿਤਸਰ ਦੇ ਕਾਵਿ ਦੰਗਲਾਂ ਵਿਚ ਹਿੱਸਾ ਲੈਂਦੇ ਰਹੇ । ਆਪ ਦੇ ਵਿਰੋਧੀ ਮਾਸਟਰ ਮਥਰਾ ਸਿੰਘ ਸ਼ਫੀਰ ਨੇ ਵੀ ਅੰਤ ਵਿਚ ਆਪਦੀ ਸ਼ਗਿਰਦੀ ਕਰ ਲਈ ਸੀ। ੨੫ ਅਕਤੂਬਰ ੧੯੦੮ ਵਾਲੇ ਦਿਨ ਦੀਵਾਲੀ ਦੀਆਂ ਰੰਗੀਨ ਖੁਸ਼ੀਆਂ ਵਿਚਕਾਰ ਆਪ ਦਾ ਦੇਹਾਂਤ ਹੋਇਆ।

ਆਪ ਦੇ ਦੋ ਕਿੱਸੇ ''ਮਲਕੀ ਕੀਮਾ'' ਅਤੇ 'ਪੇਂਡੂ ਜੱਟੀ' ਪ੍ਰਕਾਸ਼ਿਤ ਹੋਏ ਸਨ ਪਰ ਉਹ ਹੁਣ ਨਹੀਂ ਮਿਲਦੇ। ਆਪ ਨੇ ਅੰਤ ਤੋਂ ਕੁਝ ਚਿਰ ਪਹਿਲਾਂ ਸੁਧਾਰਵਾਦੀ ਰੰਗਣ ਦੀ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ ਸੀ ਪਰ ਲੋਕਾਂ ਵਲੋਂ ਇਸ ਦਾ ਸੁਆਗਤ ਨਹੀਂ ਸੀ ਕੀਤਾ ਗਿਆ। ਆਪ ਦੇ ਪੁਤਰ ਪੰਡਿਤ ਨਰਿੰਦਰ ਨਾਥ ਦਾ ਕਥਨ ਹੈ ਕਿ ਮਰਦੇ ਸਮੇਂ ਵੀ ਆਪ ਨੇ ਇਕ ਕਵਿਤਾ ਲਿਖਵਾਈ। ਉਹ ਕਵਿਤਾ ਇਸ ਪਰਕਾਰ ਹੈ :—

ਦਿਲਾ ਤੁਧ ਪਾਸ ਸਬੂਤ ਕਾਮਲ,
ਤੈਨੂੰ ਗਮੀ ਕੀ ਰਾਜ ਸ਼ੁਮਾਰ ਵਾਲੀ।
ਦਿਲ ਦੇ ਦਾਗ ਦਾ ਦਿਹਾ ਚਰਾਗ ਰੋਸ਼ਨ,
ਬਲ ਬਲ ਬੁਝ ਗਈ ਸ਼ਮਾ ਮਜ਼ਾਰ ਵਾਲੀ।
ਦਾਮਨਗੀਰ ਕੀ ਮੁਨਕਰ ਨਕੀਰ ਹੋਸਣ,
ਬਗਲ ਵਿਚ ਤਸਵੀਰ ਹੈ ਯਾਰ ਵਾਲੀ।
ਗੌਰੀ ਨਾਥ ਆਪੇ ਪਲਾ ਸਾਫ਼ ਕਰ ਸੁਣ,
ਸੁਣ ਤਕਰੀਰ ਹੁਣ ਆਸ਼ਿਕ ਜ਼ਾਰ ਵਾਲੀ।

ਆਪ ਦਾ ਜੀਵਨ-ਸਿਦਕ ਤੇ ਲਿਖਣ ਢੰਗ ਉਪ-ਰੋਕਤ ਕਵਿਤਾ ਤੋਂ ਸਪਸ਼ਟ ਹੈ।

**ਗੁਰਨਾਮ ਸਿੰਘ ਤੀਰ**

ਅਜ ਕਲ ਆਪ ਲੋਕ ਸੰਪਰਕ ਵਿਭਾਗ ਪੰਜਾਬ ਦੇ ਮੀਤ ਸੰਚਾਲਕ ਹਨ।

ਰਚਨਾ ਵਿਸਤਾਰ ਇਸ ਪ੍ਰਕਾਰ ਹਨ:—

ਕਹਾਣੀ ੧. ਹਸਦੀ ਦੁਨੀਆਂ, ੨. ਪੱਛਮੀ ਸਭਿੱਤਾ, ੩. ਅੱਧੀ ਰਾਤ ਦੀਆ ਹਾਕਾਂ, ੪. ਗੁੱਝੀ ਪ੍ਰੀਤ।

ਨਾਟਕ: ੫. ਛੂਹ ਮੰਤਰ, ੬. ਤੁੱਥ ਮੁੱਥ।

ਕਵਿਤਾ : ੭. ਗੁੰਝਲਾਂ।

ਆਪ ਹਾਂਸ ਰਸ ਦੇ ਸ਼ੋ੍ਮਣੀ ਆਧੁਨਿਕ ਲਿਖਾਰੀ ਹਨ। ਆਪਦੀ ਰਚਨਾ ਵਿਚ ਮਨੁਖੀ ਜ਼ਿੰਦਗੀ ਦੀਆਂ ਦੀਆਂ ਬੁਨਿਆਦੀ ਸਚਾਈਆਂ ਦੀ ਪ੍ਰਧਾਨਤਾ ਹੈ।

**ਗੁਰਪਰਤਾਪ ਸਿੰਘ, ਗੌਂਦਾਰਾ**

ਵੇਖੋ
ਗੌਂਦਾਰਾ, ਗੁਰਪਰਤਾਪ ਸਿੰਘ

**ਗੁਰਪਾਲ ਸਿੰਘ ਖੈਰਾ** (੨੨ ਅਕਤੂਬਰ ੧੯੪੦—ਜੀਵਤ)

ਜਨਮ ਖੈਰਾ ਮੱਝਾ ਜ਼ਿਲਾ ਜਾਲੰਧਰ ਦੇ ਨਿਵਾਸੀ ਸ. ਜਗਤ ਸਿੰਘ ਦੇ ਘਰ ਹੋਇਆ।

ਕਵਿਤਾਵਾਂ ਕਹਾਣੀਆਂ ਤੇ ਨਾਟਕ ਲਿਖਦੇ ਹਨ।

**ਗਰੀਬ ਯਾਰ**

ਵੇਖੋ
ਮੁਹੰਮਦ ਸਰੂਰ, ਗਰੀਬ ਯਾਰ

**ਗੁਰਬਖਸ਼ ਸਿੰਘ, ਕੋਸਰੀ** (੧੮੮੧—ਮਾਰਚ ੧੯੫੮)

ਜਨਮ ਪਿੰਡ ਹਸਨਪੁਰ ਤਹਿਸੀਲ ਖਰੜ, ਜ਼ਿਲਾ

ਅੰਬਾਲਾ ਵਿਖੇ ਸ. ਧਿਆਨ ਸਿੰਘ ਦੇ ਘਰ ਹੋਇਆ। ਕੁਰਾਲੀ ਦੇ ਸਕੂਲ ਤੋਂ ਉਰਦੂ, ਫਾਰਸੀ ਦੀ ਵਿਦਿਆ ਲੈਣ ਪਿਛੋਂ ਆਪ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸਾਹਿਤ ਦਾ ਅਧਿਅਨ ਕੀਤਾ।

੧੯੦੬ ਵਿਚ ਮਲਾਇਆ ਜਾ ਕੇ ਖਾਲਸਾ ਦੀਵਾਨ ਦੀ ਸਥਾਪਨਾ ਕੀਤੀ ਅਤੇ ਫਿਰ ਆ ਕੇ ਭਾਈ ਦਿੱਤ ਸਿੰਘ ਕੰਨਿਆਂ ਪਾਠਸ਼ਾਲਾ ਦਾ ਪ੍ਰਬੰਧ ਕਰਨ ਲਗ ਪਏ। ੧੯੧੦ ਵਿਚ ਰੋਪੜ ਤੋਂ 'ਦਿੱਤ ਸਿੰਘ ਮੈਗਜ਼ੀਨ' ਜਾਰੀ ਕੀਤਾ। ਹੋਰ ਵੀ ਬਹੁਤ ਸਾਰੀਆਂ ਅਖਬਾਰਾਂ ਦੇ ਸੰਪਾਦਕ ਰਹੇ।

ਆਪ ਆਪਣੇ ਸਮੇਂ ਦੇ ਪ੍ਰਸਿੱਧ ਕਵੀ ਸਨ।

ਆਪ ਦੀਆਂ ਪ੍ਰਕਾਸ਼ਨਾਂ ਦਾ ਵਿਸਤਾਰ ਇੰਝ ਹੈ:—

੧. ਨਿੱਕੀਆਂ ਜਿੰਦਾਂ, ਵਡੇ ਸਾਕੇ, ੨. ਪੁਜਾਰੀ ਪ੍ਰਬੋਧ, ੩. ਗੁਰ ਸੰਗਤ ਮਹਿਮਾ, ੪. ਕਲਮ ਤੇ ਤਲਵਾਰ, ੫. ਧੂਰਤ ਕਹਾਣੀਆਂ, ੬. ਸੰਖੇਪ ਜੀਵਨ ਭਾਈ ਭਗਤ ਸਿੰਘ ਜੀ, ੭. ਭੁਲੜ ਜੱਟ, ੮. ਮਨੋਹਰ ਕੀਰਤਨ ਅਤੇ ੯..ਸੱਤ ਸਾਦਿਕ।

ਆਪ ਦਾ ਸਥਾਨ ਇਕ ਪਤਰਕਾਰ ਅਤੇ ਵਾਰਤਕ ਕਾਲ ਵਲੋਂ ਨਿਵੇਕਲਾ ਹੈ।

**ਗੁਰਬਖਸ਼ ਸਿੰਘ ਗਿਆਤਾ** (ਵੀਹਵੀਂ ਸਦੀ—ਜੀਵਤ)

ਆਪ ਸ. ਮੰਗਲ ਸਿੰਘ ਦੇ ਸਪੁੱਤਰ ਅਤੇ ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਵਿਦਿਆਰਥੀ ਹਨ।

ਆਪ ਪ੍ਰਯੋਗਵਾਦੀ ਕਵਿਤਾਵਾਂ ਲਿਖਦੇ ਹਨ।

**ਗੁਰਬਖਸ਼ ਸਿੰਘ**

ਬੰਨੋਆਣਾ ਜੀ ਪੱਤਰਕਾਰ ਹਨ। ਪ੍ਰਭਾਤ, ਅਜੀਤ, ਤੇ ਨਵਾਂ ਜ਼ਮਾਨਾ ਦੇ ਸੰਪਾਦਕੀ ਸਟਾਫ਼ ਵਿਚ ਕੰਮ ਕੀਤਾ ਹੈ! ਅਜ ਕਲ੍ਹ "ਨਵਾਂ ਜ਼ਮਾਨਾ ਵਿਚ ਕੰਮ ਕਰਦੇ ਹਨ। ਪੰਜਾਬੀ ਸਾਹਿਤ ਦੇ ਪਾਰਖੂ ਹਨ। ਪੰਜਾਬੀ ਸਾਹਿੱਤ ਦੇ ਵੱਖ ਵੱਖ ਪੱਖਾਂ ਤੇ ਕਈ ਵਧੀਆ ਲੇਖ ਲਿਖੇ ਹਨ। ਪੰਜਾਬੀ ਸਾਹਿਤ ਬਾਰੇ ਗੋਸ਼ਟੀਆਂ ਵਿੱਚ ਸਰਗਰਮ ਹਿੱਸਾ ਲੈਂਦੇ ਹਨ।

**ਗੁਰਬਖਸ਼ ਸਿੰਘ, ਡਾਕਟਰ** (੧੪ਮਈ ੧੯੧੬--ਜੀਵਤ)

ਜਨਮ ਤਰਨਤਾਰਨ, ਜ਼ਿਲਾ ਅੰਮ੍ਰਿਤਸਰ ਵਿਚ ਸ. ਲਾਭ ਸਿੰਘ ਦੇ ਘਰ ਹੋਇਆ। ੧੯੩੨ ਵਿਚ ਸਥਾਨਕ ਸਕੂਲੋਂ ਦਸਵੀਂ ਤੇ ੧੯੩੭ ਵਿਚ ਅੰਮ੍ਰਿਤਸਰ ਮੈਡੀਕਲ ਕਾਲਜੋਂ ਐਲ.ਐਸ. ਐਮ. ਐਫ. (ਡਾਕਟਰੀ) ਕਰਨ ਪਿਛੋਂ ਦਿੱਲੀ, ਅਜਮੇਰ, ਹਿੱਸਾਰ ਤੇ ਅੰਮ੍ਰਿਤਸਰ ਵਿਚ ਸਰਕਾਰੀ ਤੇ ਪ੍ਰਾਈਵੇਟ ਡਾਕਟਰੀ ਕਰਦੇ ਰਹੇ। ੧੯੩੮ ਵਿਚ ਆਪ ਨੇ 'ਸਵੇਰਾ' ਨਾਂ ਦਾ ਰਿਸਾਲਾ ਕਢਿਆ ਜਿਸ ਦਾ ਅੰਤ ਇਸੇ ਸਾਲ ਦੇ ਅੰਤ ਨਾਲ ਹੀ ਹੋ ਗਿਆ।

੧੯੪੫ ਤੋਂ ਅਜ ਤਕ, ਆਪ ਦੀਆਂ ਰਚਨਾਵਾਂ ਪ੍ਰਸਿੱਧ ਪੰਜਾਬੀ ਪਤਰਾਂ ਵਿਚ ਛਪ ਰਹੀਆਂ ਹਨ। 'ਖੇਡਾਂ 'ਚ ਰਧ ਵਸਦਾ' (ਲੇਖ), 'ਲਿਸ਼ਕਦੇ ਤਾਰੇ', ਪ੍ਰੀਤ ਤੇ ਪੈਸਾ' (ਕਵਿਤਾ), 'ਸਿਖ ਧਰਮ' (ਲੇਖ) 'ਸਹਾਰਾ' ਅਤੇ 'ਰਾਣੀ' (ਕਹਾਣੀਆਂ)—ਆਪ ਦੀਆਂ ਕੁਝ ਪੁਸਤਕਾਂ ਹਨ।

ਗੁਰੂ ਘਰ ਨਾਲ ਆਪ ਨੂੰ ਚੰਗਾ ਨਿਹੁੰ ਹੈ। ਆਪ ਦਾ ਧਰਮ ਸਾਂਝੀ ਮਨੁਖਤਾ ਹੈ।

ਸੁਹਜ ਦੀ ਆਪ ਨੂੰ ਬੜੀ ਲਾਲਸਾ ਹੈ।

**ਗੁਰਬਖਸ਼ ਸਿੰਘ ਪ੍ਰੀਤਲੜੀ** (੧੮੯੫—ਜੀਵਤ)

ਜਨਮ ਸਿਆਲ ਕੋਟ ਵਿਚ ਸ. ਪਿਸ਼ੋਰਾ ਸਿੰਘ ਦੇ ਘਰ ਹੋਇਆ। ਦਸਵੀਂ ਕਰਨ ਪਿਛੋਂ ਸਿਆਲਕੋਟ ਵਿਚ ਹੀ ਕਲਰਕ ਲਗ ਗਏ। ਰੁੜਕੀ ਤੋਂ ਇੰਜੀਨੀ-ਅਰਿੰਗ ਕਰਨ ਪਿਛੋਂ ਉਚੇਚੀ ਪੜ੍ਹਾਈ ਲਈ ਅਮਰੀਕਾ ਦੀ ਮਿਚੀਗਨ ਯੂਨੀਵਰਸਿਟੀ ਵਿਚ ਪੜ੍ਹਨ ਚਲੇ ਗਏ।

੧੯੨੪ ਤੋਂ ੧੯੩੨ ਤਕ ਭਾਰਤੀ ਰੇਲਵੇ ਵਿਚ ਇੰਜੀਨੀਅਰ ਰਹੇ ਤੇ ਫਿਰ ਨੁਸ਼ਹਿਰੇ ਵਿਚ 'ਸਮਾਧ ਅਕਾਲੀ ਫੂਲਾ ਸਿੰਘ' ਦੇ ਗੁਰਦੁਆਰੇ ਵਿਚ ਮੈਨੇਜਰ ਲਗ ਗਏ। ੧੯੩੩ ਵਿਚ ਆਪ ਨੇ ਆਪਣੇ ਮਾਸਕ ਪੱਤਰ 'ਪ੍ਰੀਤਲੜੀ' ਦੀ ਨੀਂਹ ਰੱਖੀ ਜਿਸ ਦਾ ਨਿਸ਼ਾਨਾ ਪੰਜਾਬੀਆਂ ਨੂੰ ਪੱਛਮ ਦੇ ਆਧੁਨਿਕ ਯੁਗ ਨਾਲ ਪ੍ਰਚਿਤ ਕਰਾਉਣਾ ਸੀ। ਆਪ ਨੇ ਬੜੀ ਦਲੇਰੀ ਨਾਲ ਸਿੱਖਾਂ ਦੇ ਵਹਿਮਾਂ ਦਾ ਖੰਡਨ ਕੀਤਾ। ੧੯੩੮ ਵਿਚ ਆਪ ਨੇ ਅਟਾਰੀ ਦੇ ਲਾਗੇ 'ਪ੍ਰੀਤ ਨਗਰ' ਦੀ ਨੀਂਹ ਰਖੀ ਜੋ ਕਿ ਜਲਦੀ ਹੀ ਵਸ ਗਿਆ। ੧੯੪੦ ਦੇ ਕਰੀਬ ਆਪਨੇ ਸੋਵੀਅਤ ਯੂਨੀਅਨ ਅਤੇ ਹੋਰ ਸਮਾਜਵਾਦੀ ਦੇਸ਼ਾਂ ਦਾ 'ਸੱਚ ਪਛਾਣਿਆ' ਅਤੇ ਪੰਜਾਬੀਆਂ ਨੂੰ ਇਹਨਾਂ ਦੀ ਜੀਵਨ-ਪਧਰ ਵਿਚਾਰਨ ਦੀ ਪਰੇਰਨਾ ਦਿਤੀ।

ਆਪਦਾ ਦੇਸ਼ਾਰਟਨ ਕਾਫੀ ਵਿਸ਼ਾਲ ਹੈ। ਅਮਰੀਕਾ ਪੀਰਾਨ, ਇਰਾਕ, ਸੋਵੀਅਤ ਯੂਨੀਅਨ, ਚੀਨ ਆਦਿ ਦੇਸ਼ਾਂ ਦੀ ਜ਼ਿੰਦਗੀ ਆਪ ਨੇ ਅੱਖੀਂ ਵੇਖੀ ਹੈ।

ਪੰਜਾਬੀ ਸਾਹਿਤਕਾਰੀ ਦੀ ਰਾਜਨੀਤੀ ਵਿਚ ਆਪ ਦਾ ਮਹੱਤਵ-ਪੂਰਨ ਸਥਾਨ ਹੈ। ਅਜ ਕਲ ਆਪ ਪੁਸਤਕਾਂ ਦੇ ਪ੍ਰਕਾਸ਼ਕ ਅਤੇ ਪ੍ਰੀਤ ਲੜੀ ਦੇ ਸੰਪਾਦਕ ਵਜੋਂ ਕਾਫੀ ਵਡੀ ਆਰਥਕ ਹਸਤੀ ਰਖਦੇ ਹਨ।

ਆਪਦੀ ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਹਾਣੀ : 'ਪ੍ਰੀਤ ਕਹਾਣੀਆਂ,' 'ਨਾਗ-ਪ੍ਰੀਤ ਦਾ ਜਾਦੂ', 'ਅਨੋਖੇ ਤੇ ਇਕਲੇ,' 'ਵੀਣਾ ਵਿਨੋਦ,' 'ਸ਼ਬ-ਨਮ', 'ਭਾਬੀ ਮੈਨਾ ਤੇ ਹੋਰ ਕਹਾਣੀਆਂ', 'ਆਸਮਾਨੀ ਮਹਾਂ ਨਦੀ', 'ਆਖਰੀ ਸਬਕ ਤੇ ਹੋਰ ਕਹਾਣੀਆਂ,' 'ਨਵੀਂ ਤਕੜੀ ਦੁਨੀਆਂ,' 'ਪ੍ਰੀਤਾਂ ਦੇ ਪਹਿਰੇਦਾਰ,' 'ਮੇਰੇ ਝਰੋਖੇ ਵਿਚੋਂ,' 'ਲਿਸ਼ਕਾਰ,' 'ਭਖਦੀ ਜੀਵਨ ਚੰਗਿਆੜੀ' ਆਦਿਕ।

ਨਾਵਲ : 'ਅਣਵਿਆਹੀ ਮਾਂ।'

ਨਾਟਕ : 'ਰਾਜਕੁਮਾਰੀ ਲਤਿਕਾ', 'ਪ੍ਰੀਤ ਮੁਕਟ', 'ਪੂਰਬ ਪੱਛਮ', 'ਪ੍ਰੀਤ ਮਣੀ,' 'ਸਾਡੀ ਹੋਣੀ ਦਾ ਸ਼ਿਕਾਰ,' 'ਮੋਲੀਏਰ ਦੇ ਦੋ ਨਾਟਕ' (ਅਨੁਵਾਦ), 'ਕੋਧਰੇ ਦੀ ਰੋਟੀ।'

ਵਾਰਤਕ : 'ਸਾਂਵੀ ਪੱਧਰ ਜ਼ਿੰਦਗੀ', 'ਸੁਖਾਵੀਂ ਸੁਧਰੀ ਜ਼ਿੰਦਗੀ,' 'ਮਨੋਹਰ ਸ਼ਖਸੀਅਤ,' 'ਕੁਦਰਤੀ ਮਜ਼ੂਬ', ਚੰਗੇਰੀ ਦੁਨੀਆਂ,' 'ਜ਼ਿੰਦਗੀ ਦੀ ਰਾਸ,' 'ਖੁਲ੍ਹਾ ਦਰ,' 'ਇਕ ਦੁਨੀਆਂ ਦੇ ਤੇਰਾਂ ਸੁਪਨੇ, 'ਨਵਾਂ ਸ਼ਿਵਾਲਾ', 'ਸੈ-ਪੂਰਨਤਾ ਦੀ ਲਗਨ'; 'ਸਾਡੇ ਵਾਰਸ', 'ਸੁਪਨੇ (ਅਨੁਵਾਦ), 'ਖੁਸ਼ਹਾਲ ਜੀਵਨ,' 'ਜ਼ਿੰਦਗੀ ਦੇ ਸਕੂਲ 'ਚੋਂ', 'ਪ੍ਰਸੰਨ ਲੰਮੀ ਉਮਰ', 'ਪ੍ਰਣ ਪੁਸਤਕ,' 'ਪ੍ਰੀਤ-ਮਾਰਗ', 'ਫੈਸਲੇ ਦੀ ਘੜੀ,' ਰੋਜ਼ਾਨਾ ਜ਼ਿੰਦਗੀ ਦੀ ਸਾਇੰਸ' ਆਦਿਕ।

ਜੀਵਨੀ : 'ਪਰਮ ਮਨੁਖ', ਮੇਰੀਆਂ ਅਭੁਲ ਯਾਦਾਂ,' 'ਮੇਰੀ ਜੀਵਨੀ', 'ਕਾਰਲ ਤੇ ਅੰਨ੍ਹਾ।'

ਆਪਦੀ ਵਿਚਾਰਧਾਰਾ ਸਮਾਜਵਾਦੀ ਰੰਗਣ ਦੀ ਹੈ। ਇਕ ਰੁਮਾਂਚਕ ਕਿਸਮ ਦਾ ਆਦਰਸ਼ਵਾਦ ਆਪਦੀ ਸ਼ੈਲੀ ਨੂੰ ਕਾਵਿ-ਮਈ ਬਣਾਉਂਦਾ ਹੈ। ਆਪਦੇ ਗਲਪ ਵਿਚ ਬਦੇਸ਼ੀ ਪਾਤਰ ਵੀ ਹਨ। ਸੰਜੁਗਤ· ਬ੍ਰਹਿਮੰਡ ਜੀਵਨ ਦਾ ਅਨੁਭਵ ਵੀ ਆਪਦੀ ਸਾਹਿਤਕ ਹੋਂਦ ਦਾ ਇਕ ਹਿਸਾ ਹੈ। ਕਹਾਣੀਆਂ ਰਵਾਇਤੀ ਨਿਯਮਾਂ ਨੂੰ ਨਹੀਂ ਮੰਨਦੀਆਂ। ਕਾਵਿਮਯਤਾ ਦੇ ਨਾਲ ਨਾਲ ਆਪ ਤਰਕ ਦਾ ਸਹਾਰਾ ਵੀ ਲੈਂਦੇ ਹਨ। ਆਪਦੀ ਸ਼ੈਲੀ ਉਤੇ ਅੰਗਰੇਜ਼ੀ ਦੇ ਵਿਆਕਰਣ-ਪ੍ਰਭਾਵ ਵੀ ਤੀਬਰ ਹਨ ਤੇ ਉਰਦੂ, ਫਾਰਸੀ ਦਾ ਭਾਸ਼ਾਈ ਪ੍ਰਭਾਵ ਵੀ ਪਰਤਖ ਹੈ।

ਪੰਜਾਬੀ ਪਾਠਕਾਂ ਦੀ ਜ਼ਿੰਦਗੀ ਉਤੇ ਆਪਦਾ ਡੂੰਘਾ ਪ੍ਰਭਾਵ ਹੈ।

ਆਪਨੂੰ ਆਧੁਨਿਕ ਸਾਹਿਤ ਦੇ ਮੁਢਲੇ ਉਸਰੀਈਆਂ ਵਿਚ ਗਿਣਿਆ ਜਾਂਦਾ ਹੈ।

**ਗੁਰਬਖਸ਼ ਬਾਹਲਵੀ** (੧੨੩੦—ਜੀਵਤ)

ਜਨਮ ਪਿੰਡ ਬਾਹਲੇ ਜ਼ਿਲਾ ਹੁਸ਼ਿਆਰਪੁਰ ਵਿਚ ਮਾਸਟਰ ਸੰਤ ਸਿੰਘ ਦੇ ਘਰ ਹੋਇਆ। ਵਿਦਿਆ ਤੇ ਨੌਕਰੀ ਦੇ ਸਬੰਧ ਵਿਚ ਮੋਗੇ, ਗੂਹਲੇ (ਕਰਨਾਲ) ਪਾਨੀਪਤ, ਅਹਿਮਦ ਗੜ੍ਹ, ਪਖੋਵਾਲ (ਲੁਧਿਆਣਾ) ਆਦਿਕ ਥਾਵਾਂ ਉਤੇ ਰਹੇ। ਅਜ ਕਲ ਭੋਗਪੁਰ ਵਿਚ ਪੰਚਾਇਤ ਅਫਸਰ ਹਨ।

''ਮੋਮ ਦੀ ਕੁੜੀ'', ''ਪੁਸ਼ਤੋਪੁਸ਼ਤ'' ਕਹਾਣੀ-ਸੰਗ੍ਰਹਿ ਅਤੇ ''ਸੀਮਾ'', ''ਰੂਪ ਰੇਖਾ'', ਆਦਿਕ ਕਾਵਿ-ਸੰਗ੍ਰਹਿ ਆਪਦੀ ਰਚਨਾ ਵਿਚ ਸ਼ਾਮਲ ਹਨ।

**ਗੁਰਬਖਸ਼ ਸਿੰਘ ਸ਼ੈਦਾ** (੧੯੧੨—ਜੀਵਤ)

ਆਪਦਾ ਜਨਮ ਪਿੰਡ ਸਿਆਲਬ ਜ਼ਿਲਾ ਅੰਬਾਲਾ ਵਿਚ ਸਰਦਾਰ ਪਰਸਾ ਸਿੰਘ ਦੇ ਘਰ ਹੋਇਆ। ਉਰਦੂ ਫਾਰਸੀ ਤੇ ਪੰਜਾਬੀ ਦੇ ਆਨਰਜ਼ ਇਮਤਿਹਾਨ ਪਾਸ ਕਰਨ ਪਿਛੋਂ ਆਪ ਪਟਿਆਲੇ ਦੇ ਖਾਲਸਾ ਹਾਈ ਸਕੂਲ ਵਿਚ ਉਰਦੂ ਫਾਰਸੀ ਦੇ ਅਧਿਆਪਕ ਲਗ ਪਏ। ੧੯੪੮ ਵਿਚ ਆਪਨੇ ਆਪਣਾ ਕਿਤਾ ਨਿਰੋਲ ਰਚਨਾ ਬਣਾ ਲਿਆ। ਆਪ ਨੇ ਮਾਸਕ 'ਬਾਲ ਸੰਮਾਤ' ਤੇ ਸਪਤਾਹਿਕ 'ਲੋਕ ਸਮਾਚਾਰ' ਨਾਵਾਂ ਦੇ ਦੋ ਪਰਚੇ ਵੀ ਜਾਰੀ ਕੀਤੇ।

'ਪੰਜਾਬੀ ਬਾਲ ਬੋਧ', 'ਚਾਨਣ ਚਿੱਟੀ', 'ਗਿਦੜ ਦਾ ਵਿਆਹ', 'ਹਾਸੇ ਦਾ ਪਹਾੜ; ਆਦਿਕ ਰਚਨਾਵਾਂ ਆਪਨੇ ਬਚਿਆਂ ਲਈ ਲਿਖੀਆਂ ਹਨ। ਆਪ ਵਿਸ਼ੇਸ਼ਗ ਵੀ ਬਾਲ-ਸਾਹਿਤ ਦੇ ਹਨ।

**ਗੁਰਬਚਨ ਸਿੰਘ** (੨੪ ਅਕਤੂਬਰ, ੧੯੨੪--ਜੀਵਤ)

ਜਨਮ ਅੰਮ੍ਰਿਤਸਰ ਨਿਵਾਸੀ ਸ. ਈਸ਼ਰ ਸਿੰਘ ਦੇ ਘਰ ਹੋਇਆ। ਅਜ ਕਲ ਆਪ ਜਮਸ਼ੇਦਪੁਰ ਰਹਿੰਦੇ ਹਨ।

'ਰੇਖਾਏ, 'ਬਨ-ਪਖੀ' ਆਦਿਕ ਨਾਵਲ ਅਤੇ 'ਯੁਗ ਔਰ ਦੇਵਤਾ' 'ਨੀਮ ਕੀ ਨਿੰਬੋਲੀਆਂ'ਆਦਿਕ ਕਹਾਣੀ ਸੰਗ੍ਰਹਿ ਆਪਦੀ ਪ੍ਰਕਾਸ਼ਿਤ ਹਿੰਦੀ ਰਚਨਾ ਵਿਚ ਸ਼ਾਮਲ ਹਨ।

ਆਪ ਹਿੰਦੀ ਵਿਚ 'ਪੰਜਾਬੀ ਸਾਹਿਤ ਦਾ ਇਤਿਹਾਸ' ਲਿਖ ਰਹੇ ਹਨ।

ਪੰਜਾਬੀਅਤ, ਪ੍ਰਗਤੀਵਾਦ ਅਤੇ ਮਨੁਖਵਾਦ ਆਪ ਦੀ ਸੋਚਣੀ ਦੇ ਕੁਝ ਪਖ ਹਨ।

**ਗੁਰਬਚਨ ਸਿੰਘ** (੧ ਅਕਤੂਬਰ ੧੯੩੯—ਜੀਵਤ)

ਆਪ ਪਿੰਡਾ ਨੌਰਾ ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਸ਼ਿਵ ਸਿੰਘ ਦੇ ਸਪੁੱਤਤ ਹਨ। ਅਜ ਕਲ ਆਸਾਮ ਵਿਚ ਹੁੰਦੇ ਹਨ।

ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

ਆਪਦੀ ਵਿਚਾਰਧਾਰਾ ਮਨੁਖਵਾਦੀ ਹੈ।

**ਗੁਰਬਚਨ ਸਿੰਘ ਆਜ਼ਾਦ ਭਾਰਤੀ** (੧ ਜਨਵਰੀ ੧੯੪੧—ਜੀਵਤ)

ਆਪ ਅੰਮ੍ਰਿਤਸਰ ਨਿਵਾਸੀ ਸ੍ਰੀ ਸਜਣ ਸਿੰਘ ਦੇ ਸਪੁੱਤਰ ਹਨ। ਗਿਆਨੀ ਵਿਚੋਂ ਪਹਿਲੀ ਯੂਨੀਵਰਸਿਟੀ ਪਦਵੀ ਜਿੱਤ ਚੁਕੇ ਹਨ। ਪੰਜਾਬੀ ਸਾਹਿਤ ਅਕਾਦਮੀ ਅਤੇ ਚੀਫ ਖਾਲਸਾ ਦੀਵਾਨ ਦੇ ਸਕਤ੍ ਰਹਿ ਚੁਕੇ ਹਨ।

ਕਵਿਤਾਵਾਂ ਕਹਾਣੀਆਂ ਅਤੇ ਇਕਾਂਗੀ ਲਿਖਦੇ ਹਨ।

ਬੜੇ ਸੁਲਝੇ ਹੋਏ ਸਰਗਰਮ ਅਤੇ ਭਾਵਕ ਪ੍ਰਗਤੀਵਾਦੀ ਸਾਹਿਤਕਾਰ ਹਨ।

ਆਪਦੀਆਂ ਕਾਫੀ ਰਚਨਾਵਾਂ ਰਸਾਲਿਆਂ ਵਿਚ ਛੱਪ ਚੁਕੀਆਂ ਹਨ।

**ਗੁਰਬਚਨ ਸਿੰਘ ਤਾਂਘੀ** (੧੯੩੧—ਜੀਵਤ)

ਆਪ ਸ: ਸ਼ੇਰ ਸਿੰਘ ਦੇ ਸਪੁੱਤਰ ਅਤੇ ਮਾਲਵਾ ਗਿਆਨੀ ਕਾਲਜ ਰਾਮਪੁਰਾ ਫੂਲ (ਬਠਿੰਡਾ) ਦੇ ਪ੍ਰਿੰਸੀਪਲ ਹਨ।

ਪੰਜਾਬੀ ਰਸਾਲਿਆਂ ਵਿਚ ਆਪਦੀਆਂ ਕਾਫੀ ਕਹਾਣੀਆਂ, ਕਵਿਤਾਵਾਂ ਛੱਪ ਚੁਕੀਆਂ ਹਨ।

**ਗੁਰਬਚਨ ਸਿੰਘ ਵਸ਼ਿਸ਼ਟ**

ਵੇਖੋ

ਵਸ਼ਿਸ਼ਟ, ਗੁਰਬਚਨ ਸਿੰਘ

**ਗੁਰਭਜਨ ਸਿੰਘ ਭੁਲਰ**

ਵੇਖੋ

ਭੁਲਰ, ਗੁਰਬਚਨ ਸਿੰਘ

**ਗੁਰਭਜਨ ਸਿੰਘ** (੧੫ ਅਗਸਤ ੧੯੪੪—ਜੀਵਤ)

ਜਨਮ ਪਿੰਡ ਦਾਸ, ਜ਼ਿਲਾ ਸ਼ੇਖੂਪੁਰਾ ਵਿਚ ਮਿਸਤਰੀ ਹਰਨਾਮ ਸਿੰਘ ਦੇ ਘਰ ਹੋਇਆ। ਨਮਾਧਾਰੀ ਮਹਾਂ ਵਿਦਿਆਲਾ, ਜੀਵਨ ਨਗਰ ਤੋਂ ਦਸਵੀਂ ਪਾਸ ਕਰਨ ਪਿਛੋਂ ਅਜ ਕਲ ਆਪ ਸੰਤ ਨਗਰ, ਜ਼ਿਲਾ ਹਿਸਾਰ ਵਿਚ ਰਹਿ ਰਹੇ ਹਨ। ਆਪ ਨਾਮਧਾਰੀ ਪੰਥ ਨਾਲ ਸਬੰਧਿਤ ਹਨ।

ਕਵਿਤਾ ਤੇ ਲੇਖ ਆਪਦੇ ਮਨ ਪਸੰਦ ਵਿਸੈ ਹਨ।

**ਗੁਰਮੁਹਿੰਦਰ ਸਿੰਘ ਗੁਜਰਖਾਨੀ** (੧ ਅਗਸਤ ੧੯੪੪—ਜੀਵਤ)

ਆਪ ਨਾਭੇ ਦੇ ਨਿਵਾਸੀ ਅਤੇ ਸ: ਹਰਨਾਮ ਸਿੰਘ ਦੇ ਸਪੁੱਤਰ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

**ਗੁਰਮਖ ਸਿੰਘ ਜੀਤ** (੨ ਨਵੰਬਰ ੧੯੨੨—ਜੀਵਤ)

ਜਨਮ ਮਿਢ ਰਾਂਝਾ, ਜ਼ਿਲਾ ਸਰਗੋਧਾ ਵਿਚ ਸ੍ਰੀ ਸੋਹਣਾ ਲਾਲ ਦੇ ਘਰ ਮਾਤਾ ਵੀਰਾਂ ਦੇਵੀ ਦੀ ਕਖੋਂ ਹੋਇਆ। ੧੯੪੯ ਵਿਚ ਰਾਜਸੀ ਵਿਗਿਆਨ ਦੀ ਐਮ. ਏ. ਕੀਤੀ। ਅਜ ਕਲ ਸਰਕਾਰੀ ਮੁਲਾਜ਼ਮ ਹਨ। ੧੯੪੨ ਤੋਂ ਆਪ ਕਰਤਾਰੀ ਰਚਨਾਵਾਂ ਰਚ ਰਹੇ ਹਨ। ਦਿੱਲੀ ਰਹਿੰਦੇ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

''ਅੰਮ੍ਰਿਤਾ ਪ੍ਰੀਤਮ ਦੀ ਕਾਵਿ-ਕਲਾ (੧੯੫੪)'' ''ਸਮਕਾਲੀ ਪੰਜਾਬੀ ਕਹਾਣੀ'' (੧੯੫੭) ਆਪਦੀਆਂ ਦੋ ਆਲੋਚਨਾਤਮਕ ਪੁਸਤਕਾਂ ਹਨ। ''ਕਾਲੇ ਆਦਮੀ'' (੧੯੫੬), ''ਧਰਤੀ ਸੁਨਹਿਰੀ''(੧੯੫੮) ਅਤੇ ''ਦਸਵਾਂ ਗ੍ਰਹਿ'' ਆਪਦੇ ਤਿੰਨ ਕਰਾਨੀ ਸੰਗ੍ਰਿਹ ਪ੍ਰਕਾਸ਼ਿਤ ਹੋ ਚੁਕੇ ਹਨ। ''ਧਾਨ ਦਾ ਟੋਟਾ'', ''ਜਵਾਲਾ ਮੁਖੀ'' ਅਤੇ ''ਮਾਛੀ'' ਆਪ ਦੁਆਰਾ ਅਨੁਵਾਦਕ ਤਿੰਨ ਨਾਵਲ ਹਨ।

ਆਪ ਨੂੰ ਸਿਆਣ ਅਗਰਗਾਮੀ ਤੇ ਵਿਚਾਰਸ਼ੀਲ ਸਾਹਿਤਕਾਰਾਂ ਵਿਚ ਗਿਣਿਆ ਜਾਂਦਾ ਹੈ।

**ਗੁਰਮੁਖ ਸਿੰਘ ਗੁਰਮੁਖ**

ਜਨਮ ਲਾਹੌਰ ਵਿਚ ਸ: ਝੰਡਾ ਸਿੰਘ ਦੇ ਘਰ ਹੋਇਆ। ਆਪਦੇ ਦਾਦਕਿਆਂ ਦਾ ਮਹਾਰਾਜਾ ਰਣਜੀਤ

ਸਿਘ ਦੀਆਂ ਫੌਜਾਂ ਵਿਚ ਚੰਗਾ ਸਥਾਨ ਸੀ। ੧੯੧੩ ਵਿਚ ਦਸਵੀਂ ਪਾਸ ਕੀਤੀ ਤੇ ਕੁਝ ਚਿਰ ਪਿਛੋਂ ਪਤਰਕਾਰੀ ਵਲ ਆ ਗਏ। ਹੁਣ ਤਕ ਆਪ 'ਖਾਲਸਾ ਸੇਵਕ', 'ਅਕਾਲੀ', 'ਮਿਲਾਪ', 'ਅਜੀਤ', 'ਵਰਤਮਾਨ', 'ਸਿੱਖ', 'ਪੰਜਾਬੀ ਪੰਚ', 'ਬੀਰ ਖਾਲਸਾ', 'ਮੌਜੀ', 'ਪ੍ਰੀਤਮ', 'ਸਾਹਿਤ ਸਮਾਚਾਰ', 'ਬਾਲ ਦਰਬਾਰ' ਆਦਿਕ ਵਿਚ ਸੰਪਾਦਤ ਤੇ ਉਪ-ਸੰਪਾਦਕ ਰਹਿ ਚੁਕੇ ਹਨ। ਅਜ ਕਲ ਅੰਮ੍ਰਿਤਸਰ ਵਿਚ ਰਹਿੰਦੇ ਹਨ।

ਆਪਦੀ ਰਚਨਾ (ਅਨੁਵਾਦਿਤ ਤੇ ਮੂਲ) ਵਿਚ ਹੇਠ ਲਿਖੀਆਂ ਪੁਸਤਕਾਂ ਸ਼ਾਮਲ ਹਨ !

ਇਤਿਹਾਸ: 'ਸਿੱਖ ਇਤਿਹਾਸ', 'ਪੰਜਾਬ ਦਾ ਇਤਿਹਾਸ' 'ਨਾਭੇ ਦਾ ਇਤਿਹਾਸ'।

ਜੀਵਨੀਆਂ: 'ਨੇਤਾ ਜੀ ਤੇ ਆਜ਼ਾਦ ਹਿੰਦ ਫੌਜ', 'ਜਲਾਵਤਨ ਮਹਾਰਾਜਾ', 'ਗੁਰੂ ਨਾਨਕ ਦੇਵ ਜੀ', (ਉਰਦੂ), 'ਗੁਰੂ ਗੋਬਿੰਦ ਸਿੰਘ ਜੀ', 'ਸ਼ਹੀਦਾਨਿ—'ਨਨਕਾਣਾ' (ਉਰਦੂ), ਨਾਵਲ: 'ਕਮਲਾ', 'ਸ਼ੈਤਾਨ ਦਾ ਪੁਜਾਰੀ', 'ਅਮਰੀਕਨ ਲੇਡੀ', 'ਬੀਵੀ ਕਾ ਗੁਨਾਹ' (ਉਰਦੂ) ਸੂਚਨਾ: 'ਦੌਲਤ ਕੀ ਦੇਵੀ (ਉਰਦੂ) ਆਦਿਕ।

ਆਪ ਕਾਫੀ ਹੰਢੇ ਵਰਤੇ ਪਤਰਕਾਰ ਤੇ ਲਿਖਾਰੀ ਹਨ ਅਤੇ ਸਿੱਖ ਇਤਿਹਾਸ ਨਾਲ ਆਪਦਾ ਡੂੰਘਾ ਨਿਹੁੰ ਹੈ।

**ਗੁਰਮੁਖ ਸਿੰਘ ਚੰਧੜ** (੧੮੪੯—੨੮ ਸਤੰਬਰ ੧੯੯੮)

ਜਨਮ ਕਪੂਰਥਲੇ ਵਿਚ ਸ: ਵਿਸਾਵਾ ਸਿੰਘ ਦੇ ਘਰ ਹੋਇਆ। ਆਪਦੇ ਪਿਤਾ ਮਹਾਰਾਜਾ ਸ਼ੇਰ ਸਿੰਘ ਲਾਹੌਰ ਅਤੇ ਮਹਾਰਾਜਾ ਰਣਧੀਰ ਸਿੰਘ ਤੇ ਕੰਵਰ ਬਿਕਰਮ ਸਿੰਘ ਕਪੂਰਥਲਾ ਪਾਸ ਰਸੋਈਏ ਸਨ। ਕੰਵਰ ਬਿਕਰਮ ਸਿੰਘ ਦੀ ਸਰਪ੍ਰਸਤੀ ਹੇਠ ਆਪਨੇ ਗੌਰਮੈਂਟ ਕਾਲਜ ਲਾਹੌਰ ਤੋਂ ਵਿਦਿਆ ਪ੍ਰਾਪਤ ਕੀਤੀ। ਅੰਗਰੇਜ਼ੀ ਗਿਆਨ ਨੇ ਆਪਨੂੰ ਰਾਜਨੀਤੀ, ਧਰਮ ਪ੍ਰਚਾਰ ਅਤੇ ਅੰਗਰੇਜ਼ੀ ਪਤਰਕਾਰੀ ਦੇ ਖੇਤਰ ਵਿਚ ਆਪਨੂੰ ਕਾਫੀ ਸਰਗਰਮ ਕੀਤਾ। ੧੮੭੯ ਵਿਚ ਆਪਨੇ ਲਾਹੌਰ ਸਿੰਘ ਸਭਾ ਦੀ ਨੀਂਹ ਰਖੀ ਅਤੇ ਸਿੰਘ ਸਭਾ ਲਹਿਰ ਚਲਾ ਦਿਤੀ। ੧੮੮੦ ਵਿਚ ਖਾਲਸਾ ਪ੍ਰੈਸ ਅਤੇ ੧੮੮੩ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਸਥਾਪਿਤ ਕੀਤਾ। ਆਪਨੇ 'ਗੁਰਮੁਖੀ ਅਖਬਾਰ (੧੮੮੦), ਵਿਦਿਆਲਕ ਪੰਜਾਬ (੧੮੮੧) ਸੁਧਾਰਕ, (੧੮੮੫) ਖਾਲਸਾ ਗਜ਼ਟ, ਖਾਲਸਾ ਅਖਬਾਰ'' (੧੮੮੫) ਆਦਿਕ ਪਤਰਾਂ ਨੂੰ ਹੋਂਦ ਵਿਚ ਲਿਆਂਦਾ। ਆਪ ਓਰੀਐਂਟਲ ਕਾਲਜ ਲਾਹੌਰ ਵਿਚ ਪਰੋਫੈਸਰ ਵੀ ਰਹੇ। ਆਪਦਾ ਦੇਹਾਂਤ ਕੰਡਾ ਘਾਟ (ਪਟਿਆਲਾ) ਵਿਚ ਹੋਇਆ।

ਇਨ੍ਹਾਂ ਅਖਬਾਰਾਂ ਵਿਚ ਛੱਪੀਆਂ ਮੌਲਿਕ ਅਤੇ ਪਤਰਕਾਰਕ ਰਚਨਾਵਾਂ ਆਪਨੂੰ ਇਕ ਵਧੀਆ ਵਾਰਤਕਕਾਰ ਬਣਾਉਂਦੀਆਂ ਹਨ।

**ਗੁਰਮੁਖ ਸਿੰਘ ਮੁਸਾਫਰ** (੧੮੯੯—ਜੀਵਤ)

ਜਨਮ: ਅਥੱਵਾਲ ਜ਼ਿਲਾ ਅਟਕ ਵਿਚ ਸ: ਸੁਜਾਨ ਸਿੰਘ ਦੇ ਘਰ ਹੋਇਆ। ਵਿਦਿਆ ਦਸਵੀਂ ਅਤੇ ਗਿਆਨੀ ਤਕ ਹੈ। ੧੯੨੧ ਵਿਚ ਹੋਏ ਨਨਕਾਣਾ ਸਾਹਿਬ ਵਾਲੇ ਸਾਕੇ ਨੇ ਆਪ ਵਿਚਲੇ ਕਵੀ ਨੂੰ ਪ੍ਰਚੰਡ ਕੀਤਾ ਅਤੇ ਆਪ ਇਨਕਲਾਬੀ ਕਵੀ ਬਣ ਗਏ। ਕੁਝ ਚਿਰ ਆਪ ਸਧਦ (ਰਾਵਲ ਪਿੰਡੀ) ਵਿਚ ਸਕੂਲ ਮਾਸਟਰ ਵੀ ਰਹੇ। ਆਪਨੇ ਅਕਾਲੀ ਲਹਿਰ ਸਬੰਧੀ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ। ਕਈ ਵਾਰੀ ਜੇਲ੍ਹ ਯਾਤਰਾ ਵੀ ਕੀਤੀ ਅਤੇ ਪ੍ਰਵਾਰਕ ਹਿੱਤਾਂ ਨੂੰ ਕੁਰਬਾਨ ਕੀਤਾ। ਕੁਝ ਚਿਰ ਆਪ 'ਅਕਾਲ-ਤਖਤ' ਦੇ ਜਥੇਦਾਰ ਅਤੇ ਰੋਜ਼ਾਨਾ 'ਅਕਾਲੀ' ਦੇ ਸੰਪਾਦਕ ਵੀ ਰਹੇ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਕਵਿਤਾ: 'ਸਬਰ ਦੇ ਬਾਣ', 'ਪ੍ਰੇਮ ਦੇ ਬਾਣ', 'ਜੀਵਨ ਪੰਧ', 'ਟੁੱਟੇ ਖੰਭ', 'ਮੁਸਾਫਰੀਆਂ', 'ਕਾਵਿ-ਸੁਨੇਹੇ' ਆਦਿਕ।

ਕਹਾਣੀ: 'ਸਸਤਾ ਤਮਾਸ਼ਾ', 'ਸਭ ਹੱਛਾ', 'ਚੋਣਵੀਆਂ ਕਹਾਣੀਆਂ', 'ਵਖਰੀ ਦੁਨੀਆਂ', 'ਆਲ੍ਹਣੇ ਦੇ ਬੋਟ', 'ਗੁਟਾਰ' ਆਦਿਕ।

ਇਤਿਹਾਸ ਅਤੇ ਜੀਵਨੀ: 'ਬਾਗ਼ੀ ਜਰਨੈਲ, 'ਨੇਤਾ ਜੀ ਤੇ ਇਤਿਹਾਸ ਹਿੰਦ ਫੌਜ' ਆਦਿਕ।

ਵੰਡ ਪਿਛੋਂ ਆਪਨੇ ਰਾਜਨੀਤੀ ਵਿਚ ਹੋਰ ਵੀ ਸਰਗਰਮ ਹਿੱਸਾ ਲਿਆ। 'ਆਪ ਪੰਜਾਬ ਪ੍ਰਦੇਸ਼ ਕਾਂਗਰਸ' ਦੇ ਪਰਧਾਨ ਵੀ ਰਹਿ ਚੁਕੇ ਹਨ। ੧੯੬੨ ਤਕ ਆਪ ਭਾਰਤੀ ਪਾਰਲੀਮੈਂਟ ਦੇ ਮੈਂਬਰ ਰਹੇ।

ਬੰਦੀ ਜੀਵਨ ਸਬੰਧੀ ਆਪਨੇ ਬਹੁਤ ਸਾਰੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖੀਆਂ ਹਨ। ਜੇਲ੍ਹ ਸੁਧਾਰ ਦਾ ਵਿਚਾਰ ਆਪਨੇ ਆਪਣੇ ਵਿਚਾਰਾਂ ਦਾ ਕੇਂਦਰ ਵੀ ਬਣਾਈ ਰਖਿਆ ਹੈ। ਆਪ ਸਾਂਝੀ ਪੰਜਾਬੀਅਤ ਦੇ ਹਾਮੀ ਹਨ। ਆਪਦੀ ਕਵਿਤਾ ਰਵਾਇਤੀ ਛੰਦਾਂ ਵਿਚ ਸਟੇਜੀ ਵਿਚਾਰਸ਼ੀਲਤਾ ਨੂੰ ਪੇਸ਼ ਕਰਦੀ ਹੈ। ਬੋਲੀ ਕੇਂਦਰੀ ਪੰਜਾਬੀ ਹੈ।

ਆਪ ਨੂੰ ਪੰਜਾਬੀ ਦੇ ਮੁਢਲੇ ਲੇਖਕਾਂ ਵਿਚ ਗਿਣਿਆ ਜਾਂਦਾ ਹੈ।

**ਗੁਰਮੁਖ ਨਿਹਾਲ ਸਿੰਘ** (੧੪ ਮਾਰਚ ੧੮੯੫—ਜੀਵਤ

ਜਨਮ ਫਿਰੋਜ਼ਪੁਰ ਵਿਚ ਨਿਹਾਲ ਸਿੰਘ ਸੂਰੀ ਦੇ ਘਰ ਹੋਇਆ। ਰਾਵਲਪਿੰਡੀਉਂ ਆਰੰਭਕ ਵਿਦਿਆ ਪ੍ਰਾਪਤ ਕਰਨ ਪਿਛੋਂ ਆਪ ਲੰਡਨ ਦੀ ਯੂਨੀਵਰਸਿਟੀ ਚੋਂ ੧੯੧੭ ਵਿਚ ਗ੍ਰੈਜੂਏਟ ਬਣੇ ਨਾਲ ਹੀ ਆਪਨੇ ਲੋਕ-ਪ੍ਰਬੰਧ (ਪਬਲਿਕ ਐਡਮਨਿਸਟਰੇਸ਼ਨ) ਦੀ ਆਨਰਜ਼ ਅਤੇ ਅਰਥ ਸ਼ਾਸਤਰ ਦੀ ਆਨਰਜ਼ ਬੀ. ਐਸ. ਸੀ ਕੀਤੀ। ੧੯੧੮ ਵਿਚ ਆਪਨੇ ਖੋਜ ਸਮੇਤ [illegible] . ਐਸ. ਸੀ. ਕੀਤੀ ਤੇ ਜੂਨ ੧੯੧੯ ਵਿਚ ਬਾ[illegible]ਵਿਚ ਬੁਲਾ ਲਏ ਗਏ। ਭਾਰਤ ਆਉਂਦਿਆਂ ਹੀ ਆਪ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਰਾਜਨੀਤੀ ਦੇ ਪਰੋਫੈਸਰ ਲਗ ਗਏ। ਇਥੇ ਤਕਰੀਬਨ ੧੯ ਸਾਲ ਰਹੇ।

੧੯੩੯ ਤੋਂ ੧੯੫੨ ਤੁਕ ਆਪ ਐਚ. ਐਲ. ਕਾਲਜ ਆਫ ਕਮਰਸ ਅਹਿਮਦਾ ਬਾਦ, ਰਾਮ ਜਸ ਕਾਲਜ ਦਿੱਲੀ ਅਤੇ ਐਸ. ਆਰ. ਕਾਲਜ ਆਫ ਕਾਮਰਸ ਦਿੱਲੀ ਪ੍ਰਿੰਸੀਪਲ ਰਹੇ। ੭ ਮਈ ੧੯੫੨ ਵਾਲੇ ਦਿਨ ਆਪ ਦਿੱਲੀ ਰਾਜ ਦੀ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ। ਕੁਝ ਚਿਰ ਦਿੱਲੀ ਦੇ ਮੁਖ ਮੰਤਰੀ ਰਹਿਣ ਪਿਛੋਂ ਆਪ ੧ ਨਵੰਬਰ ੧੯੫੬ ਤੋਂ ਰਾਜਸਥਾਨ ਦੇ ਰਾਜਪਾਲ ਹਨ। ਦਿੱਲੀ, ਲਖਨਊ, ਬੰਬਈ ਅਤੇ ਬਨਾਰਸ ਯੂਨੀਵਰਸਟੀਆਂ ਦੀਆਂ ਕਈ ਉਚੇਰੀਆਂ ਕਮੇਟੀਆਂ ਵਿਚ ਆਪਨੂੰ ਨਵੇਕਲਾ ਸਥਾਨ ਪ੍ਰਾਪਤ ਹੈ। ਰਾਜਨੀਤੀ ਦੀਆਂ ਕਈ ਸਿਧਾਂਤਕ ਭਾਰਤੀ ਸਭਾਵਾਂ ਦੇ ਆਪ ਉਚਤੱਮ ਅਹੁਦੇਦਾਰ ਰਹਿ ਚੁਕੇ ਹਨ। ਪੰਜਾਬ ਅਤੇ ਬੰਗਾਲ ਦੀ ਵੰਡ ਬਾਰੇ ਭਵਿਖਬਾਣੀ ਆਪਨੇ ੧੯੪੩ ਵਿਚ ਹੀ ਕਰ ਦਿਤੀ ਸੀ।

'ਸਤਨਾਜਾ' ਨਾਂ ਦੀ ਪੁਸਤਕ ਵਿਚ ਆਪਨੇ ਯੂਰਪ ਅਤੇ ਅਮਰੀਕਾ ਦੇ ਸੱਤ ਪ੍ਰਸਿੱਧ ਨਾਵਲਾਂ ਉਤੇ ਆਧਾਰਿਤ ਕਹਾਣੀਆਂ ਰੂਪਾਂਤ੍ਰਿਤ ਕੀਤੀਆਂ ਹਨ। 'ਰਾਜਨੀਤੀ ਅਤੇ ਧਰਮ' ਅਤੇ 'ਸਿੱਖੀ ਅਤੇ ਵਰਤਮਾਨ ਯੁਗ' ਦੋ ਪੁਸਤਕਾਵਾਂ ਅਤੇ ਪੰਜਾਬੀ ਮਾਸਕ ਪਤਰਾਂ ਵਿਚ ਛਪੀਆਂ ਵਿਕੋਲਿਤਰੀਆਂ ਰਚਨਾਵਾਂ ਵੀ ਆਪਣੀ ਘਾਲਣਾ ਵਿਚ ਸ਼ਾਮਲ ਹਨ।

ਅੰਗਰੇਜੀ ਅਤੇ ਹਿੰਦੀ ਵਿਚ ਆਪਨੇ ਰਾਜਨੀਤੀ ਸਬੰਧੀ ਪ੍ਰਮਾਣੀਕ ਅਤੇ ਖੋਜ ਭਰਪੂਰ ਪੁਸਤਕਾਂ ਲਿਖੀਆਂ ਹਨ।

ਆਪਦਾ ਸਥਾਨ ਬੁਧੀ ਮਾਨ ਵਿਚਾਰਕਾਂ ਵਿਚ ਹੈ।

**ਗੁਰਮੀਤ ਸਿੰਘ** (੪ ਅਗਸਤ ੧੯੩੮—ਜੀਵਤ)

ਆਪ ਜਲੰਧਰ ਨਿਵਾਸੀ ਸ: ਗੁਰਬਚਨ ਸਿੰਘ ਦੇ ਸਪੁੱਤਰ ਹਨ।

ਆਪਦੀਆਂ ਕਹਾਣੀਆਂ ਪ੍ਰਸਿੱਧ ਪਤਰਾਂ ਵਿਚ ਛੱਪ ਚੁਕੀਆਂ ਹਨ।

**ਗੁਰਮੇਲ ਸਿੰਘ ਦੀਪਕ** (੭ ਅਕਤੂਬਰ ੧੯੪੪—ਜੀਵਤ)

ਆਪ ਸਿਆਲ ਕੋਟ ਨਿਵਾਸੀ ਸ: ਜਗਤ ਸਿੰਘ ਦੇ ਸਪੁੱਤਰ ਹਨ। ਵਿਦਿਆ ਦਸਵੀਂ ਤਕ ਹੈ। ਅਜ ਕਲ ਸੰਤ ਨਗਰ ਵਿਚ ਵਾਹੀ ਕਰਦੇ ਹਨ। ਨਾਮਧਾਰੀ ਪੰਥ ਨਾਲ ਸਬੰਧਿਤ ਹਨ।

ਕਵਿਤਾਵਾਂ ਦੀ ਰਚਨਾ ਵਿਚ ਆਪਦੀ ਡੂੰਘੀ ਦਿਲ-ਚਸਪੀ ਹੈ।

**ਗੁਰਮੇਲ ਸਿੰਘ ਰਾਹੀ** (੨੩ ਮਈ, ੧੯੩੫—ਜੀਵਤ)

ਜਨਮ ਪਿੰਡ ਕੰਦੋਲਾ ਕਲਾਂ ਜ਼ਿਲਾ ਜਲੰਧਰ ਵਿਚ ਲੰਬੜਦਾਰ ਨਿਰੰਜਣ ਸਿੰਘ ਦੇ ਘਰ ਹੋਇਆ। ਖੇਤੀ ਬਾੜੀ ਦੀ ਐਮ. ਐਸ ਸੀ. ਕਰਨ ਪਿਛੋਂ ਅਜ ਕਲ ਮਹਿਕਮਾ ਖੇਤੀ ਬਾੜੀ ਵਿਚ ਐਕਸਟੈਨਸ਼ਨ ਅਫਸਰ ਲਗੇ ਹੋਏ ਹਨ।

ਪੰਜਾਬੀ ਦੇ ਉਤਮ ਰਸਾਲਿਆਂ ਵਿਚ ਪ੍ਰਕਾਸ਼ਿਤ ਕਵਿਤਾਵਾਂ ਤੇ ਨਿਬੰਧ ਆਪਦੀ ਘਾਲਣਾ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ। ਆਪਨੇ 'ਲਿਮੀਟੇਸ਼ਨਜ਼ ਆਫ਼ ਸਾਇੰਸ' (ਅੰਗਰੇਜ਼ੀ) ਅਤੇ 'ਦੇਵਦਾਸ' ਬੰਗਾਲੀ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਹੈ ਜੋ ਕਿ ਅਣਛਪਿਆ ਪਿਆ ਹੈ। ਕਾਵਿ-ਸ਼ੈਲੀ ਅਤੀਅੰਤ ਸੁਹਜ ਮਈ ਹੈ। ਆਪ ਅਗਰਗਾਮੀ ਵਿਚਾਰਧਾਰਾ ਦੇ ਸਾਹਿਤਕਾਰ ਹਨ।

**ਗੁਰੂ ਵਿਲਾਸ ੬**

ਲੇਖਕ ਨੇ ਆਪਾ ਗੁਪਤ ਰਖਿਆ ਹੈ। 'ਗੁਰੂ ੬ ਵਿਚ ਗੁਰੂ ਹਰਗੋਬਿੰਦ ਨਾਲ ਸਬੰਧਿਤ ਘਟਨਾਵਾਂ ਦਾ ਵਿਸਤਾਰ ਦਿਤਾ ਗਿਆ ਹੈ। ਕਰਤਾ ਜੀ ਨੇ ਦਸਿਆ ਹੈ ਕਿ 'ਭਾਈ ਮਨੀ ਸਾਹਿਬ ਨਨਕਾਣੇ ਸਾਹਿਬ ਵਿਚ ਨਨਕ ਸਰ ਦੇ ਕੰਢੇ ਉਤੇ ਭਾਈ ਭਗਤ ਸਿੰਘ ਜੀ ਨੂੰ ਕਥਾ ਸੁਣਾਇਆ ਕਰਦੇ ਸਨ। ਨਾਲ ਲਗਦੇ ਮੇਰੇ ਗੁਰੂ ਸ੍ਰੀ ਧਰਮ ਸਿੰਘ ਜੀ ਵੀ ਸੁਣਦੇ ਰਹੇ। ਉਨ੍ਹਾਂ ਮੈਨੂੰ ਸੁਣਾਈ ਤੇ ਮੈਂ ਅਗੋਂ ਛੰਦਬਧ ਕੀਤੀ। ਮਿਤੀ ਬਾਰੇ ਕਵੀ ਜੀ ਆਪ ਹੀ ਲਿਖਦੇ ਹਨ:-

ਸਤ੍ਰਾ ਸੈ ਬੀਤੇ ਤਬੈ ਬਰਖ ਪਝੱਤਰ ਜਾਨ।
ਸਾਵਨ ਮਾਸ ਇਕੀਸ ਦਿਨ ਗਯੋ ਸੁਖਦ ਪਹਿਚਾਨ।
ਸੁਦੀ ਪੱਖ ਦਿਨ ਪੰਚਮੀ ਸ੍ਰੀ ਗੁਰ ਕੇ ਪਰਸਾਦ।
ਪਾਇ ਭੋਗ ਗੁਰ ਗਾਥ ਕਾ ਕਰ ਕਵਿਤਾ ਅਹਿਲਾਦ।

ਇਸ ਕਵਿਤਾ ਦੇ ਇਕੀ ਅਧਿਆਇ ਹਨ। ਭਾਈ ਕਾਨ੍ਹ ਸਿੰਘ ਜੀ ਨੇ ਗੁਰੁਮਤ ਸੁਧਾਕਰ, 'ਕਲਾ ੪' ਵਿਚ ਇਹਨਾਂ ਸਬੰਧੀ ਵਿਸਤੀਰਤ ਵਿਚਾਰ ਪ੍ਰਗਟ ਕੀਤੇ ਹਨ।

ਗੁਰੂ ਵਿਲਾਸ ਠੇਠ ਪੰਜਾਬੀ ਰਚਨਾ ਹੈ। ਸਿਰਫ ਕਵੀ ਵਾਕ ਹਿੰਦੀ ਵਿਚ ਹਨ। ਸ਼ੈਲੀ ਸਰਲਤਾ ਅਤੇ ਸੁੰਦਰਤਾ ਨਾਲ ਅਨੁਪ੍ਰਾਣਿਤ ਹੈ। ਮੂਲ ਘਨਕਲਾ ਛੰਦ ਵਿਚ ਹੈ। ਨਮੂਨਾ :—

ਪੜ੍ਹਦਾ ਸਾਂ ਮੈਂ ਪਾਪਾਂ ਪੱਟੀ,
ਬਹਿੰਦਾ ਕੂੜ ਕਪਟ ਦੀ ਹੱਟੀ,
ਸਤਿਗੁਰ ਮੇਰੀ ਦੁਵਿੱਧਾ ਕੱਟੀ,
ਨਰਕੋਂ ਪਕੜ ਨਿਕਾਲਿਆ।
ਕੋਠੀ ਅੰਧੀ ਸੂਝੇ ਨਾਹੀਂ,
ਗੋਤੇ ਖਾਂਦਾ ਮਾਇਆ ਮਾਹੀਂ,

ਸਤਿਗੁਰ ਸੱਚੇ ਨੇ ਸਲਾਹੀਂ,
ਚਾਨਣ ਕਰ ਵੇਖਾਲਿਆ ।
(ਗੁਰਵਿਲਾਸ ੧੦ ਲਈ ਵੇਖੋ ਸੁੱਖਾ ਸਿੰਘ)

**ਗਰੇਵਾਲ, ਸੁਖਦੇਵ ਸਿੰਘ** (੧੮ ਮਈ ੧੯੩੧—ਜੀਵੰਤ)

ਜਨਮ ਪਿੰਡ ਆਸੀ ਕਲਾਂ, ਜ਼ਿਲਾ ਲੁਧਿਆਣਾ ਵਿਖੇ ਸ: ਹਰਨਾਮ ਸਿੰਘ ਦੇ ਘਰ ਹੋਇਆ । ਵਿਦਿਆ ਐਮ. ਏ. (ਪੰਜਾਬੀ), ਬੀ. ਟੀ. ਤਕ ਹੈ । ਅਜ ਕਲ ਸ਼ਿਮਲੇ ਵਿਚ ਅਧਿਆਪਕ ਹਨ ।

੧੯੫੦ ਤੋਂ ਆਪ ਦੀਆਂ ਕਵਿਤਾਵਾਂ ਪ੍ਰਸਿੱਧ ਪੰਜਾਬੀ ਪਤਰਾਂ ਵਿਚ ਛਪ ਰਹੀਆਂ ਹਨ । ਆਪਦੀ ਰਚਨਾ ਵਿਚ ਨਿਜੀ ਪੀੜ ਪਰਧਾਨ ਹੈ ।

**ਗਰੇਵਾਲ ਹਰਿੰਦਰ ਕੌਰ** (-੧੯੪੯-)

ਆਪਦਾ ਕਹਾਣੀ-ਸੰਗ੍ਰਿਹ 'ਦੂਰ ਨੇੜਿਉਂ' ੧੯੪੯ ਪ੍ਰਕਾਸ਼ਿਤ ਹੋਇਆ ।

**ਗਰੇਵਾਲ ਜਲਵੰਤ ਸਿੰਘ**

ਆਪ ਅਕਾਲੀ ਲਹਿਰ ਦੇ ਸਰਗਰਮ ਤੇ ਭੁਲੇ ਵਿਸਰੇ ਵਰਕਰ ਹਨ । 'ਅਕਾਲੀ' ਅਖਬਾਰ ਦੀ ਆਪਨੇ ਵੱਡੀ ਆਰਥਿਕ ਸਹਾਇਤਾ ਕੀਤੀ । ਆਪ ਅਕਾਲੀ ਜਥਾ ਮਿੰਟਗੁਮਰੀ ਦੇ ਜਥੇਦਾਰ ਸਨ ।

ਆਪਦੀ ਰਚਨਾ ਪਤਰਕਾਰਕ ਸ਼ੈਲੀ ਦੀ ਹੈ ।

**ਗਰੇਵਾਲ, ਬਲਬੀਰ ਸਿੰਘ** (੮ ਅਕਤੂਬਰ ੧੯੨੬—ਜੀਵਤ)

ਜਨਮ ਪਿੰਡ ਲੋਹ ਗੜ੍ਹ ਜ਼ਿਲਾ ਲੁਧਿਆਣਾ ਵਿਚ ਸ: ਪ੍ਰੀਤਮ ਸਿੰਘ ਦੇ ਘਰ ਹੋਇਆ ।

'ਕੇਲੇ ਮੁਢ ਕਰੀਰ' ਨਾਂ ਦੇ ਕਹਾਣੀ ਸੰਗ੍ਰਿਹ ਦੇ ਇਲਾਵਾ ਕੁਝ ਹੋਰ ਕਹਾਣੀਆਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ ।

ਆਪਦਾ ਸਥਾਨ ਸਰਗਰਮ ਕਹਾਣੀਕਾਰਾਂ ਵਿਚ ਹੈ ।

**ਗੁਰਸ਼ਰਨ ਸਿੰਘ ਸ਼ਰਨ** (੧੫ ਫਰਵਰੀ ੧੯੩੨—ਜੀਵਤ)

ਆਪਦਾ ਜਨਮ ਚੱਕ ੫੫੦ ਮੋਹਲੀਆਂ ਵਾਲਾ, ਜ਼ਿਲਾ ਲਾਇਲਪੁਰ ਵਿਚ ਸ: ਇੰਦਰ ਸਿੰਘ ਦੇ ਘਰ ਹੋਇਆ । ਰਾਜਸੀ ਵਿਗਿਆਨ ਦੀ ਐਮ. ਏ., ਗਿਆਨੀ ਤੇ ਬੀ. ਟੀ. ਆਦਿਕ ਯੋਗਤਾਵਾਂ ਆਪਦੇ ਅਨੁਭਵ ਦਾ ਵਿਸ਼ੇਸ਼ ਭਾਗ ਹਨ । ਅਜ ਕਲ ਰਾਮਗੜ੍ਹੀਆ ਟਰੇਨਿੰਗ ਕਾਲਜ ਫਗਵਾੜਾ ਵਿਚ ਲੈਕਚਰਾਰ ਹਨ । ਸਿਖਾਂ ਦੇ ਪ੍ਰਸਿੱਧ ਪੰਜਾਬੀ ਤੇ ਅੰਗਰੇਜ਼ੀ ਅਖਬਾਰਾਂ ਰਾਹੀਂ ਆਪ-ਰਚਨਾਵਾਂ ਚੋਖੀ ਮਾਤਰਾ ਵਿਚ ਲੋਕਾਂ ਕੋਲ ਪਹੁੰਚ ਚੁਕੀਆਂ ਹਨ ।

**ਗਿਲ, ਸੁਰਿੰਦਰ ਸਿੰਘ** (੬ ਮਾਰਚ ੧੯੪੧—ਜੀਵਤ

ਜਨਮ ਰੂਮੀ ਜ਼ਿਲਾ ਲੁਧਿਆਣਾ ਦੇ ਨਿਵਾਸੀ ਸ: ਸੋਦਾਗਰ ਸਿੰਘ ਦੇ ਘਰ ਹੋਇਆ । ਵਿਦਿਆ ਦਸਵੀਂ ਤੇ ਗਿਆਨੀ ਤਕ ਹੈ । ਅਜ ਕਲ ਸੁਲਤਾਨਪੁਰ ਲੋਧੀ ਚ ਇਕ ਸਕੂਲ ਵਿਚ ਡਰਾਇੰਗ ਮਾਸਟਰ ਹਨ ।

੧੯੫੮ ਤੋਂ ਆਪਦੀਆਂ ਕਵਿਤਾਵਾਂ ਪ੍ਰਸਿੱਧ ਪੰਜਾਬੀ ਪੱਤਰਾਂ ਵਿਚ ਛਪ ਰਹੀਆਂ ਹਨ । 'ਏਨੀ ਮੇਰੀ ਬਾਤ' ਨਾਂ ਦੀ ਕਿਤਾਬ ਵਿਚ ਆਪਦੀ ਲੋਕ-ਕਹਾਣੀ 'ਜੁਗਤੀ ਜੱਟ' ਦਰਜ ਹੈ ।

ਆਪਦੀਆਂ ਕਵਿਤਾਵਾਂ ਵਿਚ ਸੁਹਜ ਤੇ ਪ੍ਰਗਤੀਵਾਦ ਦੀ ਪਰਧਾਨਤਾ ਹੈ ।

**ਗਿੱਲ, ਕਰਤਾਰ ਸਿੰਘ** (੧੯੦੨—ਜੀਵਤ)

ਜਨਮ ਫ਼ਤਹਗੜ੍ਹ ਕੋਰੋਟਾਵਾ (ਮੋਗਾ) ਵਿਖੇ ਸ:

ਬਸਾਵਾ ਸਿੰਘ ਦੇ ਘਰ ਹੋਇਆ। ਵਿਦਿਅਕ ਯੋਗਤਾ ਬੀ. ਏ. ਬੀ. ਟੀ. ਤਕ ਹੈ। ਜ਼ੀਰਾ, ਨਥਾਨਾ, ਕੋਕਰੀ ਕਲਾਂ ਆਦਿਕ ਪਿੰਡਾਂ ਵਿਚ ਆਪ ਮੁਖ ਅਧਿਆਪਕ ਰਹੇ।

'ਸੁਖ ਜੀਵਨ' ਤੇ 'ਸਾਹਿਤ ਪ੍ਰੀਤ' ਪਤਰਾਂ ਵਿਚ ਆਪਦੀਆਂ ਰਚਨਾਵਾਂ ਮਿਲਦੀਆਂ ਹਨ। ਜਿਨ੍ਹਾਂ ਦਾ ਪਰਧਾਨ ਵਿਚਾਰ 'ਨਵ ਉਸਾਰੀ' ਹੈ।

**ਗਿੱਲ, ਕਰਮਜੀਤ ਸਿੰਘ** (੧੨ ਦਸੰਬਰ ੧੯੩੮—ਜੀਵਤ)

ਆਪ ਪਿੰਡ ਘੁਗਸ਼ੋਰ, ਡਾਕਖਾਨਾ ਕਰਤਾਰਪੁਰ ਜ਼ਿਲਾ ਜਲੰਧਰ ਦੇ ਨਿਵਾਸੀ ਸ੍ਰੀ ਮੰਗਲ ਸਿੰਘ ਦੇ ਸਪੁੱਤਰ ਹਨ। ਵਿਦਿਆ ਬੀ. ਏ. ਤਕ ਹੈ। ਕੁਝ ਚਿਰ ਅਕਾਲੀ ਪੱਤਰਕਾ ਵਿਚ ਵੀ ਰਹੇ ਹਨ।

ਪੰਜਾਬੀ ਵਿਚ ਇਕਾਂਗੀ ਅਤੇ ਲੇਖ ਲਿਖਦੇ ਹਨ।

**ਗੁਲਾਟੀ, ਜਗਜੀਤ ਸਿੰਘ** (—ਜੀਵਤ)

ਆਪਦਾ ਜਨਮ ਲਾਇਲ ਪੁਰ ਵਿਚ ਹੋਇਆ। ਖਾਲਸਾ ਕਾਲਜ ਲਾਇਲਪੁਰ ਦੇ ਪ੍ਰਸਿੱਧ ਖਿਡਾਰੀ ਸਨ। ਪੂਰਬੀ ਪੰਜਾਬ ਆ ਕੇ ਸਿਵਲ ਸਪਲਾਈ ਵਿਚ ਰਹੇ। ਅਜ ਕਲ ਸੀ. ਆਈ. ਡੀ. ਵਿਚ ਅਸਿਸਟੈਂਟ ਹਨ।

'ਨਵੀਆਂ ਕੀਮਤਾਂ' ਆਦਿਕ ਰਸਾਲਿਆਂ ਵਿਚ ਛਪੀਆਂ ਰਚਨਾਵਾਂ ਆਪਦੀ ਰਚਨਾ ਵਿਚ ਸ਼ਾਮਲ ਹਨ।

ਵਿਸ਼ਾਲ ਕਲਪਨਾ ਅਤੇ ਸੂਖਮਤਾ ਦੇ ਮਾਲਕ ਹਨ।

**ਗਿਲ, ਤ੍ਰਿਲੋਚਨ ਸਿੰਘ** (੧੩ ਅਪ੍ਰੈਲ ੧੯੩੫—ਜੀਵਤ)

ਜਨਮ ਫਤਹਗੜ੍ਹ ਕੋਰੋਟਾਵਾ (ਮੋਗਾ) ਵਿਚ ਹੈਡ-ਮਾਸਟਰ ਕਰਤਾਰ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਪੈਦਾ ਹੋਇਆ। ਵਿਦਿਆ ਵਿਚ ਐਮ. ਏ., ਗਿਆਨੀ ਪਰਭਾਕਰ, ਬੀ. ਐਡ. ਦੀਆਂ ਯੋਗਤਾਵਾਂ ਸ਼ਾਮਲ ਹਨ।

ਰਚਨਾ ਦਾਂ ਵਿਸਤਾਰ ਇਸ ਪ੍ਰਕਾਰ ਹੈ :—

ਨਾਟਕ 'ਨਵੀਂ ਦੁਨੀਆਂ' ਤੇ 'ਅਸ਼ੋਕ'।

ਨਾਵਲ: 'ਕਾਲਿੰਗਾ ਦੀ ਫਤਹ'

ਵਿਦਿਅਕ: 'ਪੰਜਾਬੀ ਸਿਖਿਆ ਵਿਧੀ', 'ਸਿਖਿਆ ਸਾਰ', 'ਆਦਰਸ਼ ਪੰਜਾਬੀ ਲੇਖ', 'ਆਦਰਸ਼ ਪੰਜਾਬੀ ਵਿਆਕਰਣ' ਆਦਿਕ।

ਕਵਿਤਾ: 'ਗਿੱਲੇ ਲੋਚਨ'

ਬਾਲਾਂ ਲਈ: 'ਬਾਲ ਅਵਸਥਾ', ਜਾਦੂ ਦੀ ਕਹਾਣੀ 'ਬਾਲ ਕਹਾਣੀਆਂ' 'ਵਿਸ਼ਵ ਲੋਕ ਕਹਾਣੀਆਂ', ਸੋਨ ਕੁਮਾਰੀ ਤੇ ਹੋਰ ਕਹਾਣੀਆਂ' ਅਤੇ 'ਬਾਲ ਬੁਝਾਰਤਾਂ ਤੇ ਹਸਾਉਣੀਆਂ'।

੧੯੫੨ ਤੋਂ ੧੯੬੦ ਤਕ ਆਪ ਮੋਗਿਉਂ ਛਪਦੇ ਪਤਰ 'ਸਾਹਿਤ ਪ੍ਰੀਤ' ਦੇ ਸੰਪਾਦਕ ਵੀ ਰਹੇ ਹਨ।

**ਗਿੱਲ, ਪਿਆਰਾ ਸਿੰਘ** (੨੪ ਅਕਤੂਬਰ ੧੯੦੫—ਜੀਵਤ)

ਜਨਮ ਆਪਣੇ ਨਾਨਕੇ ਘਰ ਤਲਵੰਡੀ ਧੰਨਾ, ਤਹਿ-ਸੀਲ ਨਵਾਂ ਸ਼ਹਿਰ, ਜ਼ਿਲਾ ਜਲੰਧਰ ਵਿਚ ਨਾਨਕੇ ਘਰ ਮਾਤਾ ਰਲੀ ਦੀ ਕੁਖੋਂ ਹੋਇਆ। ਪਿਤਾ ਸ: ਜਵਾਲਾ ਸਿੰਘ ਗਿੱਲ ਟਾਵਾਂਢੀ ਪਿੰਡ ਜਗਤਪੁਰ ਦੇ ਨਿਵਾਸੀ ਸਨ। ੧੯੨੧ ਤੋਂ ੨੮ ਤਕ ਖਾਲਸਾ ਮਿਡਲ ਸਕੂਲ ਖਾਨਖਾਨਾ (ਜਲੰਧਰ) ੧੯੩੦ ਤਕ ਖਾਲਸਾ ਹਾਈ ਸਕੂਲ ਸਿਆਲਕੋਟ ਤੇ ਜੂਨ ੧੯੪੭ ਤਕ ਮੱਰੇ

ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਰਹੇ। ਪਹਿਲੀ ਮਾਰਚ ੧੯੪੮ ਤੋਂ ਹੁਣ ਤਕ ਲਾਇਲ ਪੁਰ ਖਾਲਸਾ ਕਾਲਜ ਜਲੰਧਰ ਵਿਚ ਪੰਜਾਬੀ, ਉਰਦੂ ਤੇ ਧਰਮ ਦੇ ਅਧਿਆਪਕ ਹਨ।

ਨਾਟਕ ਰਤਨਕਾਰ ੧੯੩੪ ਆਪਦੀ ਪ੍ਰਸਿੱਧ ਆਲੋਚਨਾਤਮਕ ਪੁਸਤਕ ਹੈ। ਪੰਜਾਬੀ ਸਿਖਿਆਵਲੀ (ਚਾਰ ਅੰਕ), ਅਮਰਜੀਤ ਪੰਜਾਬੀ ਵਿਆਕਰਣ, ਆਦਰਸ਼ ਪੰਜਾਬੀ ਵਿਆਕਰਣ, ਧਰਮ ਸਿਖਿਆ (ਚਾਰ ਅੰਕ) ਆਦਿਕ ਵਿਦਿਅਕ ਪੁਸਤਕਾਂ ਅਤੇ ਪ੍ਰਸਿੱਧ ਪਤਰਾਂ ਵਿਚ ਛਪੀਆਂ ਕਿਰਤਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ।

ਆਪ ਸਾਂਝੀ ਪੰਜਾਬੀ ਕਲਚਰ ਅਤੇ ਠੇਠ ਪੰਜਾਬੀ ਸ਼ੈਲੀ ਦੇ ਹੱਕ ਵਿਚ ਹਨ।

**ਗੁਲਾਮ ਅਹਿਮਦ**

ਵੇਖੋ
ਅਹਿਮਦ ਰਾਹੀ

**ਗੁਲਾਮ ਅਹਿਮਦ ਸਾਈਂ ਲੋਕ** (੧੮੨੩—੧੯੨੮)

ਆਪ ਗੜ੍ਹ ਸ਼ੰਕਰ ਜ਼ਿਲਾ ਹੁਸ਼ਿਆਰਪੁਰ ਦੇ ਪ੍ਰਸਿੱਧ ਮੁਸਲਮਾਨ ਰਾਜਪੂਤ ਕਲਾਕਾਰ ਸਨ। ਆਪ ਇਕ ਕਿਸਾਨ ਸਨ ਅਤੇ ਕਵਿਤਾ ਤੇ ਪੋਸਤ ਨੂੰ ਹੀ ਜੀਵਨ ਆਧਾਰ ਸਮਝਦੇ ਸਨ।

ਆਪਨੇ ਬਹੁਤ ਸਾਰੀ ਕਵਿਤਾ ਰਚੀ ਹੈ ਜਿਸਦਾ ਮੁਖ ਵਿਸ਼ੈ ਇਸਲਾਮੀ ਇਤਿਹਾਸ ਨੂੰ ਉਜਾਗਰ ਕਰਨਾ ਹੈ। ਆਪ ਇਕ ਸੱਚੇ ਪੰਜਾਬੀ ਸਨ ਅਤੇ ਨਾਲ ਨਾਲ ਇਸਲਾਮ ਇਤਿਹਾਸ ਦੇ ਬਹਾਦਰੀ ਅਤੇ ਰੁਮਾਂਚ ਵਾਲੇ ਕਾਰਨਾਮਿਆਂ ਤੋਂ ਪ੍ਰੇਰਨਾ ਪ੍ਰਾਪਤ ਕਰਦੇ ਹਨ। ਆਪਦੀ ਬੋਲੀ ਸ਼ੁਧ ਪੰਜਾਬੀ ਹੈ ਅਤੇ ਬਿੰਬਾਵਲੀ ਵਿਚ ਕਮਾਲ ਦੀ ਮੌਲਿਕਤਾ ਹੈ ਜਿਵੇਂ :—

ਅਲਫ਼ ਅਲਾ ਰਸੂਲ ਦਾ ਵਾਸਤਾ ਈ,
ਉਡ ਜਾਈਂ ਕਬੂਤਰਾ ਕਾਲਿਆ ਓ।
'ਕਾਲਾ ਮਾਤਮੀ' ਰੰਗ ਲਿਬਾਸ ਸੋਹਣਾ,
ਐਸੇ ਵਾਸਤੇ ਮੈਂ ਤੈਨੂੰ ਪਾਲਿਆ ਓ'।

ਆਪਦੀ ਧਰਮ-ਪੁਸਤਕ 'ਰਾਧਾ ਸਵਾਮੀ ਮੱਤ ਆਦਰਸ਼' ਵਜ਼ੀਰ ਹਿੰਦ ਨੇ ਪ੍ਰਕਾਸ਼ਿਤ ਕੀਤੀ।

**ਗੁਲਾਮ ਹਸਨ ਖ਼ਾਨ** (੧੮੬੦—੧੯੧੬)

ਆਪਦਾ ਪੂਰਾ ਨਾਂ ਨਵਾਬ ਗੁਲਾਮ ਹਸਨ ਖਾਨ ਸੀ। ਲੋਕ ਪ੍ਰੀਅ 'ਹਕੀਮ ਗਾਮੋ ਖਾਂ' ਦੇ ਨਾਂ ਨਾਲ ਸਨ।

ਆਪਦੇ ਪਿਤਾ ਨਵਾਬ ਕਾਬਲ ਖਾਂ ਨਵਾਬ ਬਹਾਵਲ ਪੁਰ ਦੇ ਖਾਸ ਨਜ਼ਦੀਕੀ ਰਿਸ਼ਤੇਦਾਰ ਸਨ। ਖਾਨਦਾਨੀ ਅਮੀਰੀ ਗੁਲਾਮ ਹਸਨ ਹੁਰਾਂ ਨੂੰ ਵਿਰਸੇ ਵਿਚ ਹੀ ਮਿਲੀ। ੧੮੫੭ ਵਿਚ ਆਪਦੇ ਦਾਦਾ ਜੀ ਲਾਹੌਰ ਦੇ ਕਿਲ੍ਹੇ ਵਿਚ ਲਿਆਂਦੇ ਗਏ। ਇਸ ਸਮੇਂ ਕਾਬਲ ਖਾਂ ਹੁਰੀਂ ਵੀ ਨਾਲ ਸਨ। ਕਿਲ੍ਹੇ ਵਿਚ ਹੀ ਗੁਲਾਮ ਹਸਨ ਹੁਰਾਂ ਦਾ ਜਨਮ ਹੋਇਆ। ਸਰਕਾਰੀ ਸਕੂਲ ਖੁਲ੍ਹਣ ਉਤੇ ਆਪ ਅੰਗਰੇਜ਼ੀ ਤਰੀਕੇ ਦੀ ਪੜ੍ਹਾਈ ਕਰਨ ਲਗ ਪਏ। ਆਪਦੇ ਪਿਤਾ ਆਪਦੀ ਮੁਢਲੀ ਪੜ੍ਹਾਈ ਦੇ ਦੌਰਾਨ ਹੀ ਚਲਾਣਾ ਕਰ ਗਏ। ਇਸ ਕਰਕੇ ਆਪਨੇ ਪੜ੍ਹਾਈ ਛਡ ਦਿਤੀ ਤੇ ਰੁਗਜ਼ਾਰ ਭਾਲਣ ਲਗੇ।

ਲਾਹੌਰ ਵਿਚ ਇਸ ਸਮੇਂ (ਤਕਰੀਬਨ ੧੮੭੫) ਬਹੁਤ ਸਾਰੀਆਂ ਸਾਹਿਤ ਸਭਾਵਾਂ ਬਣੀਆਂ ਹੋਈਆਂ ਸਨ। ਕਿਸੇ ਉਸਤਾਦ ਸ਼ਾਇਰ ਦੇ ਸ਼ਾਗਿਰਦ ਅਤੇ ਸ਼ਰਧਾਲੂ ਰਲਕੇ ਇਨ੍ਹਾਂ ਦੀ ਜਥੇਬੰਦੀ ਕਰਦੇ ਸਨ। ਬੈਂਤਬਾਜ਼ੀ ਤੇ ਦਿਮਗੀ ਅਯਾਸ਼ੀ ਆਮ ਹੋਇਆ ਕਰਦੀ ਸੀ। ਆਪ ਉਤੇ ਵੀ ਇਨ੍ਹਾਂ ਜਥੇਬੰਦੀਆਂ ਦਾ ਪ੍ਰਭਾਵ ਪਿਆ ਤੇ ਆਪਨੇ ਪ੍ਰਸਿੱਧ ਬੁਝਾਰਤ-ਗੋ ਕਰੀਮ ਬਖਸ਼ ਨੂੰ

ਉਸਤਾਦ ਧਾਰ ਲਿਆ । ਅਗੋਂ ਆਪਨੇ ਵੀ ਇਸੇ ਪਰਕਾਰ ਦੀ ਸੰਸਥਾ ਚਲਾਈ ਜਿਸ ਵਿਚ ਆਪਦੇ ਸ਼ਾਗਿਰਦ ਹਾਫ਼ਜ਼ ਬਖਸ਼ੀ, ਖਲੀਫਾ ਫੀਰੋਜ਼, ਘਸੀਟਾ ਮਲ ਗਮਨਾਕ ਅਤੇ ਮੇਲਾ ਰਾਮ ਗਮਗੀਨ ਪ੍ਰਸਿੱਧ ਮੈਂਬਰ ਸਨ । ਵੀਹਵੀਂ ਸਦੀ ਦੇ ਸ਼ੁਰੂ ਵਿਚ ਆਪ ਦੁਨੀਆਂ ਤੋਂ ਉਦਾਸ ਹੋ ਗਏ ਤੇ ਆਪਣੇ ਤਕੀਏ ਵਿਚ ਇਕਾਂਤ ਦਾ ਜੀਵਨ ਬਿਤਾਉਣ ਲਗੇ ।

ਆਪਦੀ ਕਵਿਤਾ ਵਿਚ ਕਲਪਨਾ ਬੜੀ ਸ਼ਕਤੀ-ਸ਼ਾਲੀ ਹੈ । ਬਿੰਬਾਵਲੀ ਅਮੀਰ ਹੈ । ਲੋਕ-ਬੋਲੀ, ਰਸ ਅਤੇ ਮਿਠਾਸ ਵੀ ਆਪਦੀ ਸ਼ੈਲੀ ਦੇ ਕੁਝ ਪੱਖ ਹਨ। ਪੰਜਾਬੀ ਵਿਚ ਸਭ ਤੋਂ ਪਹਿਲਾਂ ਗਜ਼ਲ ਆਪਨੇ ਹੀ ਲਿਖੀ । ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਕੰਘੀ ਫੇਰ ਕੇ ਯਾਰ ਨੇ ਮਾਂਗ ਕਢੀ,
ਨੁਕਤਾ ਲਭਿਆ ਅਸਾਂ ਇਸ ਬਾਤ ਵਿਚੋਂ ।
ਕੋਈ ਸਾਹਿਬ ਸਿਕੰਦਰ ਨੂੰ ਜਾ ਆਖੇ,
ਕਢੀ ਯਾਰ ਨੇ ਰਾਹ ਜ਼ੁਲਮਾਤ ਵਿਚੋਂ ।

**ਗਿੱਲ, ਮੰਗਲ ਸਿੰਘ** (੧੮੯੬—ਜੀਵਤ)

ਜਨਮ ਪਿੰਡ ਗਿੱਲ ਜ਼ਿਲਾ ਲੁਧਿਆਣਾ ਵਿਚ ਸ: ਕਪੂਰ ਸਿੰਘ ਦੇ ਘਰ ਹੋਇਆ । ੧੯੧੪ ਵਿਚ ਬੀ. ਟੀ. ਕੀਤੀ ਅਤੇ ੧੯੧੭ ਵਿਚ ਅੰਗਰੇਜ਼ੀ ਸੈਨਾ ਦੇ ਅਧੀਨ ਜਰਮਨ ਜੰਗ ਵਿਚ ਜਾ ਸ਼ਾਮਲ ਹੋਏ । ਇਥੇ ਆਪ ਅੰਦਰ ਦੇਸ਼ ਭਗਤੀ ਦਾ ਪ੍ਰਾਕਰਮ ਜਾਗਿਆ ਤੇ ੧੯੧੯ ਵਿਚ ਜੰਗ ਦੇ ਖਤਮ ਹੋਣ ਤੇ ਨਵੇਂ ਵਿਚਾਰ ਲੈ ਕੇ ਵਾਪਸ ਆਏ । ੨੧ ਮਈ ੧੯੨੦ ਵਿਚ ਆਪਨੇ 'ਅਕਾਲੀ' ਅਖਬਾਰ ਦੀ ਨੀਂਹ ਰਖੀ । ਅਖਬਾਰ ਦੀ ਨਿਡਰ ਸੰਪਾਦਨਾ ਕਾਰਨ ਆਪ ੧੯੨੧-੨੩ ਦੇ ਦੌਰਾਨ ਅੰਗਰੇਜ਼ਾਂ ਦੀ ਕੈਦ ਵਿਚ ਰਹੇ । ਜੇਲ੍ਹ ਵਿਚ ਸਪੈਸ਼ਲ ਕਲਾਸ ਮਿਲੀ ਜਿਸਨੂੰ ਆਪਨੇ ਤਿਆਗ ਦਿਤਾ । ਆਪ ਕੈਦ ਵਿਚ ਸਨ ਜਦੋਂ ਆਪਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣ ਲਿਆ ਗਿਆ । ਅੰਗਰੇਜ਼ਾਂ ਵਿਰੁਧ ਆਪਨੇ ਕਈ ਮੋਰਚੇ ਸਰਗਰਮ ਕੀਤੇ । ਅਜ ਕਲ ਲੁਧਿਆਣੇ ਹੁੰਦੇ ਹਨ ।

'ਅਕਾਲੀ' ਵਿਚ ਛਪੀਆਂ ਸਾਮਿਅਕ ਤੇ ਸਦੈਵੀ ਮਹੱਤਤਾ ਦੀਆਂ ਪਤਰਕਾਰਕ ਰਚਨਾਵਾਂ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਗੁਲਾਮ ਨਬੀ** (੧੮੩੪—੧੯੨੯)

ਆਪਦਾ ਜਨਮ ਕਲਾਨੌਰ, ਜ਼ਿਲਾ ਗੁਰਦਾਸ ਪੁਰ ਵਿਚ ਮੌਲਵੀ ਗੁਲਾਮ ਰਸੂਲ ਦੇ ਘਰ ਹੋਇਆ । ਤਕਰੀਬਨ ੧੮੫੦ ਵਿਚ ਆਪ ਅੰਮ੍ਰਿਤਸਰ ਆ ਗਏ ਤੇ ਅੰਤ ਤਕ ਆਪ ਪੁਤਰਾਂ ਦੀ ਸਹਾਇਤਾ ਨਾਲ ਹਾਲ ਬਾਜ਼ਾਰ ਦੇ ਬਿਜਲੀ ਵਾਲੇ ਚੌਂਕ ਵਿਚ ਜਿਲਦਸਾਜ਼ੀ ਦਾ ਕੰਮ ਕਰਦੇ ਰਹੇ। ਇਸਦੇ ਨਾਲ ਨਾਲ ਕਟੜਾ ਮੋਤੀ ਰਾਮ ਵਾਲੀ ਮਸੀਤ ਦੇ ਇਮਾਮ ਵੀ ਰਹੇ । ਸਾਰੀ ਉਮਰ ਆਪਨੇ ਇਕ ਉਦਾਸ ਅਤੇ ਵਿਚਾਰਸ਼ੀਲ ਧਾਰਮਕ ਸਿਦਕੀ ਦੇ ਰੂਪ ਵਿਚ ਗੁਜ਼ਾਰੀ ।

ਆਪਨੇ ਸਭ ਤੋਂ ਪਹਿਲਾਂ 'ਕਸ਼ਕੌਲ ਕਲੰਦਰੀ' ਨਾਂ ਦਾ ਸੀਹਰਫੀ-ਸੰਗ੍ਰਹਿ ਛਪਵਾਇਆ ਤੇ ਫਿਰ ਗੁਲਜ਼ਾਰ ਅਹਿਮਦੀ ਨਾਲ ਰਲ ਕੇ ਫ਼ਾਰਸੀ ਦੀ ਪ੍ਰਸਿੱਧ ਰਚਨਾ 'ਅਲਨਬਵਾ' ਦਾ ਪੰਜਾਬੀ ਕਵਿਤਾ ਵਿਚ ਅਨੁਵਾਦ ਕੀਤਾ । ਇਸ ਪੁਸਤਕ ਵਿਚ ਵਾਹਿਗੁਰੂ ਦੀ ਉਸਤਤ ਕੀਤੀ ਗਈ ਹੈ । ਅਰਬੀ ਫਾਰਸੀ ਨਾਲ ਪ੍ਰਭਾਵਿਤ ਪੰਜਾਬੀ ਕਵਿਤਾ ਦੇ ਮਧਿਅਮ ਵਿਚ 'ਇਖਲਾਕ ਅਲਸਾਲਹੀਨ' (ਵਲੀਆਂ ਦੇ ਹਾਲਾਤ), ਸਫਰ-ਨਾਮਾ ਹਿਜਾਜ਼, ਹਲੀਆ ਮਸਜ਼ਦ, ਨਬਵੀ ਆਦਿਕ ਪ੍ਰਸਿਧ ਪੁਸਤਕਾਵਾਂ ਲਿਖੀਆਂ ।

ਆਪਦੀ ਮੁਸਲਮਾਨੀ ਵਿਚਾਰਧਾਰਾ ਵਿਚੋਂ ਨਿਰਾਸਾ, ਗੰਭੀਰਤਾ ਅਤੇ ਦ੍ਰਿੜਤਾ ਦਾ ਅਨੁਭਵ

ਹੁੰਦਾ ਹੈ। ਬੋਲੀ ਠੇਠ ਪੰਜਾਬੀ ਹੈ। ਆਪਣੀ ਸ਼ਖਸੀਅਤ ਪੂਰਨਤਾ ਵਲ ਵਧੇਰੇ ਪ੍ਰੇਰਿਤ ਸੀ। ਬਿੰਬਾਵਲੀ ਭਰਪੂਰ ਹੈ।

ਖੇ— ਖ਼ੁਸ਼ੀ ਨਾ ਹੋਈ ਨਸੀਬ ਮੇਰੇ,
ਰਹੀ ਤਤੜੀ ਯਾਰ ਤੋਂ ਦੂਰ ਸਈਓ।
ਐਬਾਂ ਭਰੀ ਕੁਚਜੜੀ ਕੁਹਜੜੀ ਮੈਂ,
ਉਹਦੇ ਤਾਬਿਆ ਮੁਲਕ ਤੇ ਹੂਰ ਸਈਓ।
ਮੈਂ ਤਾਂ ਰਬ ਦਾ ਵਾਸਤਾ ਪਾਵਨੀ ਹਾਂ,
ਨਹੀਂ ਰਖਦਾ ਵਿਚ ਹਜ਼ੂਰ ਸਈਓ।
ਦਿਤਾ ਯਾਰ ਦੁਰਕਾਰ ਗੁਲਾਮ ਨਬੀ,
ਪੇਸ਼ ਆਇਆ ਜੇ ਮੈਨੂੰ ਗਰੂਰ ਸਈਓ।

–ਕਸ਼ਕੋਲ ਕਲੰਦਰੀ

**ਗੁਲਾਮ ਮੁਸਤਫਾ** (੧੭੫੧—੧੮੭੦)

ਆਪਦੇ ਪਿਤਾ ਮੌਲਵੀ ਖੁਦਾ ਬਖਸ਼ ਗੁਰਦਾਸਪੁਰ ਜ਼ਿਲੇ ਦੇ ਪਿੰਡ ਚੱਕ ਕਾਦੀਆਂ ਵਿਚ ਰਿਹਾ ਕਰਦੇ ਸਨ। ਮੁਸਤਫਾ ਅਜੇ ਨਿੱਕੇ ਹੀ ਸਨ ਕਿ ਆਪਦੇ ਪਿਤਾ ਆਪਨੂੰ ਚਕ ਕਾਦੀਆਂ ਤੋਂ ਸਿਆਲਕੋਟ ਜ਼ਿਲੇ ਦੇ ਪਿੰਡ ਕੋਟਲੀ ਲੁਹਾਰਾਂ ਵਿਚ ਲੈ ਆਏ। ਇਥੇ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ। ਯਤੀਮ ਮੁਸਤਫਾ ਜੀ ਬੇਰੁਜ਼ਗਾਰੀ ਤੋਂ ਤੰਗ ਆ ਕੇ ਇਕ ਨਾਲੇ ਵਿਚ ਛਾਲ ਮਾਰਕੇ ਆਤਮਘਾਤ ਕਰਨ ਹੀ ਵਾਲੇ ਸਨ ਕਿ ਇਕ ਬਜ਼ੁਰਗ ਨੇ ਆਪਨੂੰ ਇਸ ਕਾਰਜ ਤੋਂ ਰੋਕ ਲਿਆ ਤੇ ਅਧਿਆਤਮਕਤਾ ਵਲ ਪ੍ਰੇਰਿਆ। ਕੁਝ ਚਿਰ ਪਿਛੋਂ ਮੁਸਤਫਾ ਜੀ ਨੇ ਉਰਦੂ, ਫਾਰਸੀ ਤੇ ਅਰਬੀ ਦੀ ਵਿਦਵਤਾ ਕਮਾ ਲਈ। ਆਪਦੇ ਪੋਤਰੇ ਮੌਲਵੀ ਸ਼ਾਹ ਦੀਨ ਹੁਰੀਂ ਵੀ ਪੰਜਾਬੀ ਦੇ ਵਿਦਵਾਨ ਸੇਵਕ ਸਨ।

ਮੁਸਤਫਾ ਜੀ ਦੀ ਰਚਨਾ ਵਿਚ ਬਹੁਤ ਸਾਰੀਆਂ ਸੀਹਰਫੀਆਂ, ਆਬਿਅਤ ਆਦਿਕ ਸ਼ਾਮਲ ਹਨ। ਆਪਦੀ ਰਚਨਾ 'ਜੰਗਨਾਮਾ ਇਮਾਮ ਅਲਹੱਕ' ਪ੍ਰਕਾਸ਼ਿਤ ਰੂਪ ਵਿਚ ਮਿਲਦੀ ਹੈ। ਆਪਦੀ ਸ਼ੈਲੀ ਵਿਚ ਫਾਰਸੀ ਦਾ ਪ੍ਰਭਾਵ ਤੀਬਰ ਹੈ। ਮੁਸਲਮਾਨੀ ਇਤਿਹਾਸ ਅਤੇ ਧਰਮ ਆਪਦਾ ਸਿਦਕ ਹੈ ਅਤੇ ਹਰ ਰਚਨਾ ਵਿਚ ਆਪਨੇ ਇਸਦਾ ਪ੍ਰਕਾਸ਼ ਕੀਤਾ ਹੈ।

ਹਜ਼ਰਤ ਅਲੀਹੱਕ ਨਾਲ ਵਰਤੀ ਜੋ ਕੁਝ ਆ।
ਜ਼ਿਕਰ ਉਨ੍ਹਾਂ ਦੇ ਜੰਗ ਦਾ ਸਾਰਾ ਦਿਆਂ ਸੁਣਾ।
ਅੰਦਰ ਮੁਲਕ ਪੰਜਾਬ ਦੇ ਰਾਜਾ ਸੀ ਇਕ ਜਾਣ।
ਸਾਹਨ ਪਾਲ ਸੀ ਉਸਦਾ ਆਹਾ ਨਾਮ ਪਛਾਣ।
ਰਾਜੇ ਜਿਹੜੇ ਹਿੰਦ ਦੇ ਸਭਨਾਂ ਦਾ ਸਰਦਾਰ।
ਰਖਦਾ ਲਸ਼ਕਰ ਬਹੁਤ ਸੀ, ਗਿਰਦੇ ਲਖ ਹਜ਼ਾਰ।

'ਜੰਗਨਾਮੇ' ਵਿਚੋਂ'

**ਗੁਲਾਮ, ਮੁਹਈਉੱਲਦੀਨ** (ਯਾਰ੍ਹਵੀਂ—ਬਾਰ੍ਹਵੀਂ ਸਦੀ ਹਿਜਰੀ)

ਆਪ ਕਸੂਰ ਜ਼ਿਲਾ ਲਾਹੌਰ ਦੇ ਨਿਵਾਸੀ ਸਨ। ਲਾਹੌਰ, ਮੁਲਤਾਨ, ਸਿਆਲਕੋਟ ਦੇ ਸਾਹਿਤਕ ਕੇਂਦਰਾਂ ਵਿਚ ਆਪ ਪਰਵਾਨ ਸਨ। ਦਸਿਆ ਜਾਂਦਾ ਹੈ ਕਿ ਆਪ ਹੀ ਵਾਰਸ ਦੇ 'ਮਖਦੂਮ'* ਸਨ। (ਗੁਲਾਮ ਮੁਹਈਉਲਦੀਨ ਅਤੇ ਗੁਲਾਮ ਮੁਰਤਫਾ ਦੋਨਾਵਾਂ ਸਬੰਧੀ ਵਿਦਵਾਨਾਂ ਵਿਚ ਮਤਭੇਦ ਹੈ।)

'ਰਸਾਲਾ ਜ਼ਾਦ ਅਲਰਾਜ਼' (੧੧੬੭ ਹਿਜਰੀ) ਆਪਦੀ ਪ੍ਰਸਿੱਧ ਪੰਜਾਬੀ ਰਚਨਾ ਹੈ।

ਆਪਦੀ ਰਚਨਾ ਵਿਚ ਇਸਲਾਮ ਦੀ ਸਿਧਾਂਤਕ ਵਿਆਖਿਆ ਹੈ।

**ਗੁਲਾਮ ਮੁਹੰਮਦ ਗਾਮ** (੧੮੬੦ ਅੰਦਾਜ਼ਨ—੬ ਜੁਲਾਈ ੧੬੩੮)

ਆਪਦਾ ਜਨਮ ਇਕ ਕਕੇਜ਼ਈ ਜ਼ਾਤ ਦੇ ਦਰਜ਼ੀ

*ਵਾਰਸ ਸ਼ਾਹ ਵਸਨੀਕ ਜੰਡਿਆਲੜੇ ਦਾ ਤੇ ਸ਼ਾਗਿਰਦ ਮਖਦੂਮ ਕਸੂਰ ਦਾ ਏ।

ਘਰ ਹੋਇਆ । ਚੌਥੀ ਤਕ ਪੜ੍ਹਾਈ ਕਰਨ ਪਿਛੋਂ ਗਾਮ ਸਾਹਿਬ ਕਬਾਬ ਵੇਚਣ ਦਾ ਕੰਮ ਕਰਨ ਲਗ ਪਏ। ਤਕਰੀਬਨ ੧੮੭੫ ਵਿਚ ਬਿਸ਼ਨੂੰ ਕਵੀ ਜੀ (ਬਿਸ਼ਨ ਦਾਸ) ਆਪਦੇ ਵਾਕਫ਼ ਬਣੇ। ਆਪ ਵੀ ਉਸਦੀ ਵੇਖਾ ਵੇਖੀ ਕਵੀ ਬਣ ਗਏ। ਤੇ ਜਦੋਂ ਆਪ ਵਿਚਲਾ ਕਵੀ ਬਾਲਗ਼ ਹੋ ਗਿਆ ਤਾਂ ਆਪਨੇ ਹਕੀਮ ਆਗਾ ਅਲੀ ਖਾਂ ਨੂੰ ਉਸਤਾਦ ਧਾਰ ਲਿਆ। ਹਕੀਮ ਜੀ ਦਾ ਅਖਾੜਾ (ਕਵੀ ਸੰਸਥਾ) ਬਾਅਦ ਵਿਚ ਦੋ ਧਿਰਾਂ ਵਿਚ ਵੰਡਿਆ ਗਿਆ। ਜਿਨ੍ਹਾਂ ਦੇ ਖਲੀਫੇ ਦਿਲਗੀਰ ਤੇ ਕੁਮਾਰ ਬਣੇ। ਆਪ ਕੁਮਾਰ ਜੀ ਦੇ ਸ਼ਾਗਿਰਦ ਬਣ ਗਏ। ਕਵੀ ਦਰਬਾਰਾਂ ਅਤੇ ਪਬਲਿਕ ਜਲਸਿਆਂ ਵਿਚ ਗ਼ਾਮ ਸਾਹਿਬ ਦੀ ਬੜੀ ਇਜ਼ਤ ਸੀ। ਆਪ ਮਿਲਣਸਾਰ ਇੰਨੇ ਸਨ ਕਿ ਦੋਸਤਾਂ ਮਿਤਰਾਂ ਨੂੰ ਕਬਾਬਾਂ ਤੇ ਸ਼ੇਅਰਾਂ ਦੇ ਪ੍ਰੀਤੀ ਭੋਜਨ ਆਮ ਹੀ ਕਰਦੇ ਰਹਿੰਦੇ ਸਨ। ਆਪਦਾ ਮੁਕਾਬਲਾ ਆਮ ਕਰਕੇ ਇਸ਼ਕ ਲਹਿਰ, ਖੁਲਕ, ਨਵਾਬ ਗਾਮੋ ਖਾਂ ਆਦਿਕ ਕਵੀਆਂ ਨਾਲ ਹੋਇਆ ਕਰਦਾ ਸੀ। ਆਪਦੀ ਇਕ ਸਤ੍ਹੈਜੀਵ-ਨਕ ਕਵਿਤਾ ਇਸ ਪ੍ਰਕਾਰ ਹੈ :—

ਹੁਣ ਮੈਂ ਆਪਣੀ ਦਸਨਾ ਗਲ ਤੁਹਾਨੂੰ,
ਹੋਇਆ ਪੈਦਾ ਇਕ ਬੰਦਾ ਅਜੀਬ ਹਾਂ ਮੈਂ।
ਪਾਵਾਂ ਸੋਨੇ ਨੂੰ ਹੱਥ, ਹੋ ਜਾਏ ਮਿੱਟੀ,
ਐਸਾ ਦੁਨੀਆਂ ਵਿਚ ਸਾਹਿਬ ਨਸੀਬ ਹਾਂ ਮੈਂ।
ਰੰਜੋ ਗਮ ਹਮਸਾਏ ਨੇ, ਖਾਸ ਮੇਰੇ,
ਰਹਿੰਦਾ ਇਨ੍ਹਾਂ ਦੇ ਬਿਲਕੁਲ ਕਰੀਬ ਹਾਂ ਮੈਂ।
ਤੁਸੀਂ ਜਿਤਨੇ ਹੋ ਅਸ਼ਖਾਸ ਏਥੇ।
ਤੁਹਾਡੇ ਸਾਰਿਆਂ ਕੋਲੋਂ, ਗਰੀਬ ਹਾਂ ਮੈਂ।

ਛੇਕੜਲੀ ਉਮਰ ਵਿਚ ਆਪ ਖਾਲਸ ਧਾਰਮਕ ਕਵਿਤਾ ਲਿਖਣ ਲਗ ਪਏ। ਮਸੀਤ ਵਜ਼ੀਰ ਖਾਂ ਇਮਾਮ ਨੇ ਆਪਣਾ ਵਜ਼ੀਫ਼ਾ ਵੀ ਲਾ ਦਿਤਾ ਸੀ। ਮਲਕ ਲਾਲ ਦੀਨ ਕੈਸਰ, ਮੀਰ ਦੀਨ ਮੀਰ ਜਲਾਲ ਪੁਰੀ ਆਪਦੇ ਪ੍ਰਸਿੱਧ ਸ਼ਾਗਿਰਦ ਸਨ। ਆਪਦੀ ਮੌਤ ਨੂੰ ਸਾਰੇ ਸ਼ਹਿਰ ਵਿਚ ਮਹਿਸੂਸ ਕੀਤਾ ਗਿਆ ਤੇ ਬੜੀ ਸ਼ਾਨ ਨਾਲ ਆਪਨੂੰ ਦਫਨਾਇਆ ਗਿਆ।

ਆਪਦੀ ਪੰਜਾਬੀ ਵਿਚ ਉਰਦੂ ਦਾ ਪ੍ਰਭਾਵ ਤੀਬਰ ਹੈ। ਸ਼ੈਲੀ ਵਿਚ ਬਿੰਬਾਂ ਦੀ ਘਾਟ ਹੈ। ਵਿਚਾਰਧਾਰਾ ਸਾਧਾਰਨ ਜ਼ਿੰਦਗੀ ਦੀ ਹੈ। ਆਪਨੂੰ ਰੂਪਵਾਦੀ ਪੰਥ ਦਾ ਕਵੀ ਕਿਹਾ ਜਾ ਸਕਦਾ ਹੈ।

**ਗੁਲਾਮ ਯਾਹੀਆ, ਸਯਦ**

ਵੇਖੋ
ਸਯਦ, ਗੁਲਾਮ ਯਾਹੀਆ

**ਗੁਲਾਮ ਯਕੂਬ ਅਨਵਰ** (੧੯੧੫—ਜੀਵਤ)

ਜਨਮ ਗੁਜਰਾਂਵਾਲੇ ਵਿਚ ਪ੍ਰਸਿੱਧ ਪੰਜਾਬੀ ਕਵੀ ਖਾਨ ਅਬਦੁਲ ਗਨੀ ਵਫ਼ਾ ਦੇ ਘਰ ਹੋਇਆ। ਅਜ ਕਲ ਆਪ ਪਛਮੀ ਪਾਕਿਸਤਾਨ ਦੀ ਹਾਈ ਕੋਰਟ ਦੇ ਵਕੀਲ ਹਨ। ਪੰਜਾਬੀ, ਹਿੰਦੀ, ਉਰਦੂ, ਫਾਰਸੀ, ਅੰਗਰੇਜ਼ੀ ਦਾ ਗਿਆਨ ਆਪਦੀ ਸ਼ਖਸੀਅਤ ਦਾ ਇਕ ਹਿੱਸਾ ਹੈ।

ਆਪਦਾ ਮਨ-ਪਸੰਦ ਕਾਵਿ-ਰੂਪ ਗਜ਼ਲ ਹੈ। ਆਪ ਪਾਕਿਸਤਾਨ ਦੇ ਪੰਜਾਬੀ ਸਾਹਿਤ ਅਤੇ ਪਛਮ ਦੇ ਫ਼ਾਂਸੀਸੀ, ਅੰਗਰੇਜ਼ੀ ਸਾਹਿਤ ਵਿਚਕਾਰ ਪੁੱਲ ਹਨ। ਦੋਹਾਂ ਦਾ ਪ੍ਰਸਪਰ ਅਨੁਵਾਦ ਆਪਦਾ ਪਿਆਰਾ ਸ਼ੌਕ ਹੈ।

ਪਾਕਿਸਤਾਨ ਦੇ ਅੰਗਰੇਜ਼ੀ, ਉਰਦੂ ਅਤੇ ਪੰਜਾਬੀ ਰਸਾਲਿਆਂ ਵਿਚ ਆਪਦੀਆਂ ਕਵਿਤਾਵਾਂ ਅਤੇ ਹੋਰ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।

ਆਪ ਸਾਂਝੀ ਪੰਜਾਬੀ ਕਲਚਰ ਦੇ ਉਪਾਸ਼ਕ ਹਨ।

ਆਪਦਾ ਸਥਾਨ ਬੁਧੀਮਾਨ ਲੇਖਕਾਂ ਵਿਚ ਹੈ।

**ਗੁਲਜ਼ਾਰ ਸਿੰਘ ਸੰਧੂ** (੨੭ ਫਰਵਰੀ ੧੯੩੫—ਜੀਵਤ)

ਜਨਮ ਕੋਟਲਾ ਬੂਡਲਾ, ਜ਼ਿਲਾ ਲੁਧਿਆਣਾ ਵਿਚ ਸ: ਹਰੀ ਸਿੰਘ ਦੇ ਘਰ ਹੋਇਆ। ਆਰੀਆ ਸਕੂਲ ਖੰਨਿਉਂ ਦਸਵੀਂ, ਖਾਲਸਾ ਕਾਲਜ ਮਾਹਿਲ ਪੁਰੋਂ ਬੀ. ਏ. ਅਤੇ ਦਿਲੀਉਂ ਐਮ. ਏ. ਅੰਗਰੇਜ਼ੀ (੧੯੫੮) ਕਰਨ ਪਿਛੋਂ ਅਜ ਕਲ ਆਪ ਸਾਹਿਤਕ ਪਤਰਕਾਰੀ ਦੇ ਖੇਤਰ ਵਿਚ ਸਰਗਰਮ ਹਨ। ਵਿਦਿਆ-ਰਥੀ ਜੀਵਨ ਦੇ ਦੌਰਾਨ 'ਪ੍ਰੀਤਮ' ਅਤੇ 'ਫਤਹ' ਦੇ ਸੰਪਾਦਕ ਵੀ ਰਹੇ। ੧੯੫੬ ਤੋਂ ਦਿੱਲੀ ਵਿਚ ਕੇਂਦਰੀ ਸਰਕਾਰ ਦੇ ਮਹਿਕਮਾ ਜ਼ਰਾਇਤ ਵਿਚ ਉਪ-ਸੰਪਾਦਕ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਵਾਰਤਕ: 'ਸਾਡੇ ਹਾਰ ਸ਼ਿੰਗਾਰ' (੧੯੫੯)

ਅਨੁਵਾਦ 'ਟੈੱਸ' (੧੯੬੦) 'ਪਾਕਿਸਤਾਨ ਮੇਲ' (੧੯੬੦) 'ਜੀਵਨ ਤੇ ਸਾਹਿਤ' (੧੯੬੧)। ਪੰਜਾਬ ਸਰਕਾਰ ਦੀ ਪ੍ਰਕਾਸ਼ਨਾ 'ਪੰਜਾਬ' ਵਿਚ ਵੀ ਆਪ ਦੁਆਰਾ ਰਚਿਤ ਦੋ ਕਾਂਡ ਦਰਜ ਹਨ।

ਅੰਗਰੇਜ਼ੀ ਪਤਰਕਾਰੀ ਨਾਲ ਵੀ ਆਪ ਨੂੰ ਗੂੜ੍ਹਾ ਨਿਹੁੰ ਹੈ। ਪੰਜਾਬੀ ਕਲਚਰ ਦੇ ਅਧਿਅਨ ਵਿਚ ਆਪਨੂੰ ਪਰਬੀਨਤਾ ਪ੍ਰਾਪਤ ਹੈ।

**ਗੁਲਵੰਤ ਫਾਰਗ** (੧੫ ਫਰਵਰੀ ੧੯੩੨—ਜੀਵਤ)

ਜਨਮ ਪਿੰਡ ਬਾਹਲੇ ਜ਼ਿਲਾ ਹੁਸ਼ਿਆਰਪੁਰ ਵਿਚ ਮਾਸਟਰ ਸੰਤਾ ਸਿੰਘ ਦੇ ਘਰ ਹੋਇਆ। ਵਿਦਿਆ ਐਮ. ਏ., ਬੀ. ਟੀ. ਤਕ ਹੈ। ਕੁਝ ਚਿਰ ਕਾਲਜ ਦੇ ਅਧਿਆਪਕ ਵੀ ਰਹੇ ਹਨ। ਅਜ ਕਲ ਕੇਂਦਰੀ ਖੇਤੀ ਵਿਭਾਗ ਵਿਚ ਉਪ ਸੰਪਾਦਕ ਹਨ।

'ਚਾਂਦੀ ਦਾ ਪੁਲ' ਆਪਦਾ ਕਹਾਣੀ ਸੰਗ੍ਰਹ ਹੈ। 'ਪਤਝੜ' ਨਾਂ ਦੀ ਪੁਸਤਕ ਵਿਚ ਆਪਦੀਆਂ ਕਵਿਤਾਵਾਂ ਵੀ ਦਰਜ ਹਨ। ਕੁਝ ਆਲੋਚਨਾਤਮਕ ਅਤੇ ਸੂਚਨਾਤਮਕ ਰਚਨਾ ਵੀ ਆਪਦੀ ਰਚਨਾ ਵਿਚ ਸ਼ਾਮਲ ਹੈ।

ਆਪਨੂੰ ਸਿਆਣੇ ਸਾਹਿਤਕਾਰਾਂ ਵਿਚ ਗਿਣਿਆ ਜਾਂਦਾ ਹੈ।

**ਗੜਗੱਜ, ਅਰਜਨ ਸਿੰਘ**

ਵੇਖੋ
ਅਰਜਨ ਸਿੰਘ ਗੜਗੱਜ

## ਘ

### ਘਾਸੀ ਰਾਮ (੧੮੦੫—੧੮੮੫)

ਆਪ ਜ਼ਿਲਾ ਗੁਰਦਾਸਪੁਰ ਦੇ ਕਸਬਾ ਬਟਾਲਾ ਦੇ ਨਿਵਾਸੀ ਸਨ। ਆਪਦਾ ਸਬੰਧ ਇਕ ਪੁਰੋਹਿਤ ਬ੍ਰਾਹਮਣ ਘਰਾਣੇ ਨਾਲ ਸੀ। ਆਪਨੇ ਵੀ ਪੁਰੋਹਿਤ ਦਾ ਪੇਸ਼ਾ ਹੀ ਅਖਤਿਆਰ ਕੀਤਾ। ਆਪਦੀ ਕਵਿਤਾ ਦੀ ਉਚਿੱਤਾ ਨੂੰ ਮੰਨਦਿਆਂ ਸਥਾਨਕ ਮਿਉਂਸਪਲ ਕਮੇਟੀ ਨੇ ਆਪਨੂੰ ੫੦ ਰੁਪਏ ਦਾ ਇਨਾਮ ਵੀ ਦਿਤਾ ਸੀ।

ਆਪਦੇ ਕਬਿੱਤ, ਬੈਂਤ, ਦੋਹਿੜੇ, ਸਵਈਏ ਆਦਿਕ ਲੋਕ ਸਾਹਿਤ ਦਾ ਅੰਗ ਬਣ ਗਏ ਹਨ। ਇਲਾਕੇ ਦੇ ਮੇਲਿਆਂ ਵਿਚ ਆਪਦੀਆਂ ਕਿਰਤਾਂ ਗਾਈਆਂ ਜਾਂਦੀਆਂ ਹਨ। ਆਪਦੀਆਂ ਡਿਉਢਾਂ ਤਾਂ ਬਹੁਤ ਹੀ ਪ੍ਰਸਿੱਧ ਹਨ।

ਇਕ ਸੈ-ਜੀਵਨਕ ਕਵਿਤਾ ਵਿਚ ਆਪਨੇ ਦਸਿਆ ਹੈ ਕਿ:—

ਅਲਫ ਅਸਾਂ ਨਾ ਕੁਝ ਹੋਸ਼ ਕੀਤੀ,
ਰਿਹਾ ਕੰਮ ਕਰਦਾ ਐਰ ਗੈਰ ਯਾਰਾ।
ਹੁਨਰ ਸਿਖਿਆ ਨਾ ਕੋਈ ਇਲਮ ਪੜ੍ਹਿਆ,
ਕਹੀ ਮਾਰ ਲਈ ਆਪਣੇ ਪੈਰ ਯਾਰਾ।
ਖਰਾਬਾਤ ਖਰੂਦ ਵਿਚ ਰਿਹਾ ਫਿਰਦਾ,
ਹੱਥੀ ਮੁਲ ਲੈ ਕੇ ਜ਼ਹਿਰ ਯਾਰਾ।
ਘਾਸੀ ਰਾਮ ਇਹ ਭੀ ਅਜਬ ਆਦਮੀ ਨੇ,
ਖਾਂਦੇ ਜ਼ਹਿਰ ਫਿਰ ਢੂੰਡਦੇ ਖੈਰ ਯਾਰਾ।

### ਘੁੰਮਣ, ਕਪੂਰ ਸਿੰਘ (੧੯੨੭—ਜੀਵਤ)

ਜਨਮ: ਪਿੰਡ ਦੁਲਚੀਕੇ, ਜ਼ਿਲਾ ਸਿਆਲਕੋਟ ਵਿਚ ਗਿ: ਬੁਢਾ ਸਿੰਘ ਦੇ ਘਰ ਹੋਇਆ। ੧੯੪੬ ਵਿਚ ਮੱਰੇ ਕਾਲਜ ਸਿਆਲਕੋਟੋਂ ਬੀ. ਏ. ਤੇ ੧੯੫੪ ਵਿਚ ਦਿੱਲੀ ਤੋਂ ਪ੍ਰਾਈਵੇਟ ਐਮ. ਏ. ਪੰਜਾਬੀ ਕਰਨ ਪਿਛੋਂ ਮਹਿਕਮਾ ਪੰਜਾਬੀ ਪਟਿਆਲਾ ਵਿਚ ਅਨੁਵਾਦ ਇਨ-ਚਾਰਜ ਲਗ ਗਏ। ਅਜ ਕਲ ਆਪਦਾ ਸ਼ੁਗਲ ਰੰਗਮੰਚ ਹੈ। ਆਪਦੇ ਪਰਵਾਰ ਦੇ ਸਾਰੇ ਜੀਅ ਨਾਟਕੀ ਕਲਾਕਾਰ ਹਨ। ਆਪ ਕੌਮੀ ਤੇ ਸੂਬਾਈ ਪੱਧਰ ਤੇ ਕਈ ਇਨਾਮ ਜਿੱਤ ਚੁਕੇ ਹਨ। ਨਾਟਕ ਤੇ ਖੇਤਰ ਵਿਚ ਆਪਦਾ ਸਥਾਨ ਪਰਵਾਨ ਕਰ ਲਿਆ ਗਿਆ ਗਿਆ ਹੈ।

'ਰੱਬ ਦੇ ਰੰਗ', 'ਜ਼ੈਲਦਾਰ', 'ਦੋ ਜੋਤਾਂ ਦੋ ਮੂਰਤਾਂ', 'ਗਲਤ ਕੀਮਤਾਂ' ਆਪਦੇ ਚਾਰ ਇਕਾਂਗੀ ਸੰਗ੍ਰਿਹ ਹਨ ਅਤੇ 'ਜੀਉਂਦੀ ਲਾਸ਼', 'ਅਣਹੋਣੀ', 'ਜੋੜੀਆਂ ਜਗ ਥੋੜੀਆਂ' ਤਿੰਨ ਪੂਰੇ ਨਾਟਕ। 'ਦੋ ਜੋਤਾਂ ਦੋ ਮੂਰਤਾਂ' ੧੯੬੧ ਤੋਂ ਗਿਆਨੀ ਦੇ ਕੋਰਸ ਵਿਚ ਲਗਿਆ ਰਿਹਾ ਹੈ।

ਆਪਦੀ ਵਿਚਾਰਧਾਰਾ ਮਨੁੱਖਵਾਦੀ ਹੈ ਤੇ ਪੰਜਾਬ ਦੀ ਤਲਖੀਆਂ ਭਰੀ ਜ਼ਿੰਦਗੀ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਦੀ ਜਾਚ ਆਪਦੀ ਸ਼ਖਸੀਅਤ ਦਾ ਇਕ ਹਿੱਸਾ ਹੈ। ਪੰਜਾਬੀਅਤ ਆਪਦੀ ਸੈਲੀ ਦਾ ਇਕ ਵਿਸ਼ੇਸ਼ ਪੱਖ ਹੈ।

# ਚ

**ਚਾਹਿਲ, ਪ੍ਰੀਤਮ ਸਿੰਘ** (੧੯੧੦—ਜੀਵਤ)

ਜਨਮ ਪਿੰਡ ਬਪਿਆਣਾ ਤਹਿਸੀਲ ਮਾਲਸਾ, 'ਰਿਆਸਤ' ਪਟਿਆਲਾ ਵਿਚ ਹੋਇਆ। ਲਾਹੌਰ ਦੇ ਸਰਕਾਰੀ ਕਾਲਜੋਂ ਬੀ. ਏ. ਅਤੇ ਲਾਅ ਕਾਲਜੋਂ ਐਲ. ਐਲ. ਬੀ. ਕਰਨ ਪਿਛੋਂ ਆਪ ਪਤਰਕਾਰੀ ਵਲ ਆ ਗਏ। ਆਪਦਾ ਮਾਸਿਕ ਪਤਰ 'ਜੀਵਨ ਪ੍ਰੀਤੀ' ਅਜ ਤਕ ਪ੍ਰਮੁਖ ਪਤਰਾਂ ਦੀ ਕਤਾਰ ਵਿਚ ਹੈ!

ਕੁਝ ਪਤਰਕਾਰਕ ਲੇਖ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਚਾਹਿਲ, ਪ੍ਰੀਤਮ ਸਿੰਘ** (੫ ਅਕਤੂਬਰ ੧੯੩੭—ਜੀਵਤ)

ਆਪ ਕੋਟ ਕਪੂਰਾ ਨਿਵਾਸੀ ਸ: ਇੰਦਰ ਸਿੰਘ ਦੇ ਸਪੁੱਤਰ ਹਨ। ਸਾਹਿਤ ਸਕਾਈ ਹਨ। ਅਧਿਆਪਕ ਦਾ ਕੰਮ ਕਰਦੇ ਹਨ। ਵਿਦਿਆ ਐਫ. ਏ. ਗਿਆਨੀ, ਓ. ਟੀ. ਰਤਨ ਤਕ ਹੈ।

ਪੰਜਾਬੀ ਵਿਚ ਵਿਚਾਰਸ਼ੀਲ ਕਹਾਣੀਆਂ, ਕਵਿਤਾਵਾਂ ਲਿਖਦੇ ਹਨ।

**ਚਤਰ ਸਿੰਘ, ਬੀਰ** (੨੭ ਅਗਸਤ ੧੯੨੫—ਜੀਵਤ)

ਜਨਮ ਪਿੰਡ ਚੁਤਾਲਾ, ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਸ: ਕਰਮ ਸਿੰਘ ਦੇ ਘਰ ਹੋਇਆ। ਤਰਨ ਤਾਰਨ ਦੇ ਖਾਲਸਾ ਸਕੂਲੋਂ ਦਸਵੀਂ ਕਰਨ ਪਿਛੋਂ ਰੁਜ਼ਗਾਰ ਦੇ ਸਬੰਧ ਵਿਚ ਲਾਹੌਰ ਤੇ ਫਗਵਾੜੇ ਵੀ ਰਹੇ। ਅਜ ਕਲ ਤ੍ਰਿਲਕ ਨਗਰ ਦਿੱਲੀ ਦੇ ਸਰਕਾਰੀ ਸਕੂਲ ਵਿਚ ਅਧਿਆਪਕ ਹਨ। ਵਿਦਿਅਕ ਤੇ ਸਾਹਿਤਕ ਕਾਨਫਰੰਸਾਂ ਵਿਚ ਆਪਦੀਆਂ ਕਵਿਤਾਵਾਂ ਨੂੰ ਕਾਫੀ ਮਾਨਤਾ ਮਿਲਦੀ ਹੈ।

'ਝਾਂਜਰ ਛਣਕ ਪਈ' (੧੯੫੪) ਨਾਂ ਦੀ ਪੁਸਤਕ ਵਿਚ ਆਪਦੀਆਂ ਕਵਿਤਾਵਾਂ ਦਰਜ ਹਨ। ਬਹੁਤ ਸਾਰੇ ਰਸਾਲਿਆਂ ਵਿਚ ਛਪੀਆਂ ਕਵਿਤਾਵਾਂ ਤੇ ਅਣਛਪੀਆਂ ਰਚਨਾਵਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਚੰਦਾ ਸਿੰਘ** (ਉਨ੍ਹੀਵੀਂ ਸਦੀ)

੧੮੭੨ ਵਿਚ ਨਾਮਧਾਰੀ 'ਸਤਿਗੁਰੂ' ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਵਿਚ ਕੈਦ ਕਰ ਦਿਤਾ ਗਿਆ। ਆਪਨੇ ਉਨ੍ਹਾਂ ਦੀ ਯਾਦ ਵਿਚ ਇਕ ਬੜਾ ਸੁੰਦਰ ਬਾਰਾਂ ਮਾਹ ਰਚਿਆ।

**ਚੰਦਾ ਸਿੰਘ ਵਕੀਲ**

ਆਪਦਾ ਜਨਮ ਪਿੰਡ ਕਾਲਿਆਂ ਵਾਲੇ (ਸਰਾਵਾ-ਮਾਲਵਾ) ਵਿਖੇ ਹੋਇਆ। ਲਾਹੌਰ ਰਹਿ ਕੇ ਐਲ. ਐਲ. ਬੀ. ਕੀਤੀ। ਮਾਤਾ ਨਿਕਲਣ ਕਰਕੇ ਨੇਤਰਹੀਨ ਹੋ ਗਏ। ਫ਼ਿਰੋਜ਼ਪੁਰ ਰਹਿ ਕੇ ਵਕਾਲਤ ਕੀਤੀ। ਧਰਮ ਪਰਚਾਰ ਦੇ ਕੰਮਾਂ ਵਿਚ ਆਪ ਬੜੇ ਸਰਗਰਮ ਰਹਿੰਦੇ ਸਨ। ਇਕ ਲੱਖ ਰੁਪਏ ਦਾਨ ਕਰਕੇ ਗੁਰਦੁਆਰਾ ਅਕਾਲ ਗੜ੍ਹ ਬਣਵਾਇਆ। ਇਕ ਅੰਗਰੇਜ਼ ਡਿਪਟੀ-ਕਮਿਸ਼ਨਰ ਨਾਲ ਵੀ ਆਪਨੇ ਕਾਨੂੰਨੀ ਲੜਾਈ ਲੜੀ।

ਆਪ ਦੁਆਰਾ ਰਚਿਤ 'ਸਿੱਖ ਮਹਾਂ ਭਾਰਤ', 'ਜਪਾ ਜਾਪ' ਆਦਿਕ ਪੁਸਤਕਾਂ ਅਣਛਪੀਆਂ ਪਈਆਂ ਹਨ।

**ਚੰਦਰ ਪ੍ਰਕਾਸ਼, ਪੁਰੀ**

ਵੇਖੋ

ਪੁਰੀ, ਚੰਦਰ ਪਰਕਾਸ਼

**ਚੌਧਰੀ, ਜੀ. ਡੀ.** (੧੦ ਜੁਲਾਈ ੧੯੩੭—ਜੀਵਤ)

ਜਨਮ ਚੁਗ ਮਾਣੇ ਕਾ, ਜ਼ਿਲਾ ਮਿੰਟਗੁਮਰੀ ਵਿਚ ਸ੍ਰੀ ਬੂਟਾ ਰਾਮ ਦੇ ਘਰ ਹੋਇਆ। ਫਾਜ਼ਿਲਕਾ ਦੇ ਸਰਕਾਰੀ ਸਕੂਲੋਂ ਦਸਵੀਂ ਅਤੇ ਐਮ. ਆਰ. ਕਾਲਜੋਂ ਬੀ. ਏ. ਕਰਨ ਪਿਛੋਂ ਅਜ ਕਲ ਸਿਹਤ ਵਿਭਾਗ, ਪੰਜਾਬ ਵਿਚ ਕੰਮ ਕਰਦੇ ਹਨ। ਕਬੱਡੀ ਦੇ ਚੰਗੇ ਖਿਡਾਰੀ ਹਨ।

ਪ੍ਰਸਿੱਧ ਰਸਾਲਿਆਂ ਵਿਚ ਆਪਦੀਆਂ ਬਹੁਤ ਸਾਰੀਆਂ ਕਰਤਾਰੀ ਰਚਨਾਵਾਂ ਛਪ ਚੁਕੀਆਂ ਹਨ। ਕਵਿਤਾਵਾਂ ਕਹਾਣੀਆਂ ਦੇ ਇਲਾਵਾ ਆਪ ਸਿਧਾਂਤਕ ਲੇਖ ਵੀ ਲਿਖਦੇ ਹਨ, ਜਿਨ੍ਹਾਂ ਵਿਚ ਗੁਰੂ ਘਰ ਦੀ ਵਿਚਾਰਧਾਰਾ ਸਬੰਧੀ ਆਪਦੇ ਨਵੇਕਲੇ ਅਨੁਭਵ ਦਰਜ ਹੁੰਦੇ ਹਨ ।ਆਪਦੀ ਰਚਨਾ ਵਿਚ ਅਧਿਆਤਮ ਅਤੇ ਸਮਾਜਵਾਦ ਦਾ ਸੰਜੋਗ ਹੈ।

'ਪੰਜਾਬੀਅਤ' ਆਪਦੀ ਸ਼ੈਲੀ ਦਾ ਵਿਸ਼ੇਸ਼ ਪੱਖ ਹੈ।

**ਚੌਧਰੀ, ਨਜ਼ੀਰ ਅਹਿਮਦ** (ਜਨਵਰੀ ੧੯੨੭—ਜੀਵਤ)

ਜਨਮ ਚੱਕ ੬੫ ਜਨੂਬੀ ਜ਼ਿਲਾ ਸਰਗੋਧਾ ਵਿਚ ਹੋਇਆ। ਆਪਦੇ ਮਾਪਿਆਂ ਦਾ ਪਿਛਾ ਸ਼ਾਦੀਵਾਲ ਖੁਰਦ (ਗੁਜਰਾਤ) ਦਾ ਹੈ। ਜ਼ਮੀਨ ਦੇ ਸਿਲਸਿਲੇ ਵਿਚ ਕੁਝ ਚਿਰ ਪਿਛੋਂ ਲਾਇਲ ਜ਼ਿਲਾ ਮੁਜ਼ੱਫਰਗੜ੍ਹ ਵਿਚ ਆ ਗਏ। ਅਜ ਕਲ ਆਪ ਇਥੇ ਇਕ ਰਜੇਪੁਜੇ ਜ਼ਿਮੀਦਾਰ ਹਨ। ਪਹਿਲਾਂ ਆਪਨੇ ਵਰਨੈਕੁਲਰ ਫ਼ਾਈਨਲ ਕਰਕੇ ਅਗੋਂ ਪੜ੍ਹਾਈ ਛਡ ਦਿਤੀ ਸੀ। ੧੯੫੪ ਵਿਕ ਆਪਨੇ ਅਦੀਬ ਫ਼ਾਜ਼ਲ ਵੀ ਪਾਸ ਕਰ ਲਈ।

ਆਪਦੀਆਂ ਗਜ਼ਲਾਂ, ਨਜ਼ਮਾਂ ਅਤੇ ਕਹਾਣੀਆਂ ਪਾਕਿਸਤਾਨ ਦੇ ਪ੍ਰਸਿਧ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ।

ਆਪਦੀ ਵਿਚਾਰਧਾਰਾ ਵਿਚ ਸਾਂਝੀ ਪੰਜਾਬੀਅਤ ਮਨੁਖਵਾਦ ਦੀ ਪਰਧਾਨਤਾ ਹੈ।

**ਚੰਨਣ ਸਿੰਘ** (-੧੯੫੦-)

੧੯੫੦ ਵਿਚ ਆਪਦੀਆਂ ਹੇਠ ਲਿਖੀਆਂ ਕਾਵਿ ਪੁਸਤਕਾਂ ਦਰਬਾਰਾ ਸਿੰਘ ਜੋਧ ਸਿੰਘ ਪਟਿਆਲਾ ਨੇ ਪ੍ਰਕਾਸ਼ਿਤ ਕੀਤੀਆਂ।

ਆਵਾਜ਼ਾਂ ਸੱਜੀ ਪੁੰਨੂੰ,ਰਾਜਾ ਚੰਦਰ ਰਾਸ, ਸੀਤਾ ਬਨਵਾਸ, ਅਮਰ ਸਿੰਘ ਰਾਠੌਰ।

ਆਪ ਰਵਾਇਤੀ ਸ਼ੈਲੀ ਦੇ ਲੋਕ ਕਵੀ ਹਨ। ਪਿੰਡਾਂ ਵਿਚ ਆਪਦੀ ਕੀਰਤੀ ਕਾਫੀ ਵਿਸਤਰਿਤ ਹੈ।

**ਚੰਨਣ ਸਿੰਘ ਚੰਨ** (੧੯੩੨—ਜੀਵਤ)

ਆਪ ਸ: ਬਾਬੂ ਸਿੰਘ ਦੇ ਸਪੁੱਤਰ ਅਤੇ ਸ਼ਿਮਲੇ ਦੇ ਸਰਕਾਰੀ ਪ੍ਰੈਸ ਵਰਕਰ ਹਨ। ਸਥਾਨਕ ਪੰਜਾਬੀ ਸਭਾ ਸ਼ਿਮਲਾ ਦੇ ਪ੍ਰਧਾਨ ਹਨ।

ਪੰਜਾਬੀ ਵਿਚ ਆਪ ਬੜੀਆਂ ਸੂਖਮ ਕਵਿਤਾਵਾਂ ਲਿਖਦੇ ਹਨ। ਸਾਂਝੇ ਪੰਜਾਬੀ ਕਲਚਰ ਅਤੇ ਪ੍ਰਗਤੀਵਾਦ ਆਪਦੀ ਰਚਨਾ ਦੇ ਦੋ ਪੱਖ ਹਨ।

**ਚਾਨੇ, ਤਰਸੇਮ ਸਿੰਘ** (੧੯੩੫—ਜੀਵਤ)

ਆਪ ਸਰੀਂਹ ਜ਼ਿਲਾ ਜਲੰਧਰ ਦੇ ਨਿਵਾਸੀ ਸ: ਸੁੰਦਰ ਸਿੰਘ ਦੇ ਸਪੁੱਤਰ ਹਨ। ਲਕੜੀ ਦੇ ਦਸਤਕਾਰ ਹਨ।

ਪੰਜਾਬੀ ਵਿਚ ਕਵਿਤਾਵਾਂ ਅਤੇ ਨਿੱਕੀਆਂ ਕਹਾਣੀਆਂ ਲਿਖਦੇ ਹਨ।

**ਚੂਨੀ ਲਾਲ ਗੁਪਤਾ**

ਵੇਖੋ

ਗੁਪਤਾ, ਚੂਨੀ ਲਾਲ

**ਚੋਪੜਾ, ਅਮਰ ਨਾਥ**

ਵੇਖੋ

ਅਮਰ ਨਾਥ ਮੁਨਸਫ਼

**ਚੰਬੇਲ ਸਿੰਘ ਬਾਜਵਾ**

ਵੇਖੋ

ਬਾਜਵਾ, ਚੰਬੇਲ ਸਿੰਘ

**ਚਰਾਗ ਦੀਨ, ਇਸ਼ਕ ਲਹਿਰ** (੧੮੬੯—੨੬ ਨਵੰਬਰ ੧੯੪੮)

ਆਪ ਪੂਰੀ ਤਰ੍ਹਾਂ ਅਨਪੜ੍ਹ ਸਨ । ਰੁਜ਼ਗਾਰ ਅਤੇ ਆਤਮਕ ਸ਼ਾਂਤੀ ਦੀ ਭਾਲ ਵਿਚ ਆਪਨੇ ਅਫ਼ਰੀਕਾ, ਬਸਰਾ, ਬਗਦਾਦ, ਕੋਫਾ ਤੇ ਨਜ਼ਫ਼ ਆਦਿਕ ਥਾਵਾਂ ਦਾ ਰਟਨ ਕੀਤਾ । ਆਪ ਜੁਤੀਆਂ ਸੀਉਣ ਦੇ ਕੰਮ ਵਿਚ ਬੜੇ ਮਾਹਰ ਸਨ । ਆਪਨੇ ਰੇਲਵੇ ਕੈਰਜ ਸ਼ਾਪ ਵਿਚ ਕਪੜੇ ਸੀਉਣ ਦਾ ਵੀ ਕੰਮ ਕੀਤਾ । ਤਕਰੀਬਨ ੧੯੮੭ ਵਿਚ ਆਪਨੇ ਮੀਆਂ ਫਜ਼ਲਦੀਨ ਲੁਹਾਰ ਤੋਂ ਬੈਂਤਬਾਜ਼ੀ ਦੀ ਪ੍ਰੇਰਨਾ ਲਈ । ਆਪਨੂੰ ਆਪਣੇ ਸ਼ਿਅਰ ਜ਼ਬਾਨੀ ਯਾਦ ਸਨ । ਹਾਫ਼ਜ਼ ਬਖਸ਼ੀ, ਸੋਖਤਾ, ਅੰਮ੍ਰਿਤ-ਸਰੀ ਡਾਕਟਰ ਫਕੀਰ ਅਤੇ ਗਾਮ ਲਾਹੌਰੀ ਨਾਲ ਆਪਦਾ ਮੁਕਾਬਲਾ ਹੋਇਆ ਕਰਦਾ ਸੀ । ਪੰਜਾਬੀ ਸਾਹਿਤ ਵਿਚ ਆਪਨੇ ਵੀ ਆਪਣੀ ਕਾਵਿ-ਸੰਸਥਾ ਚਲਾਈ । ਗੁਲਾਮ ਮੁਹੀਉਲ ਦੀਨ, ਨਜ਼ਰ ਅਬਦੁਲ ਕਰੀਮ ਉਮਰ, ਮੁਹੰਮਦ ਯੂਸਫ਼ ਮੌਜ ਕੁਰੈਸ਼ੀ ਆਦਿਕ ਕਵੀ ਆਪਦੇ ਸ਼ਗਿਰਦ ਸਨ । ਕੁਰੈਸ਼ੀ ਸਾਹਿਬ ਨੇ ਪਿਛੋਂ ਉਰਦੂ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ ।

ਇਸ਼ਕ ਲਹਿਰ ਦੀ ਕਾਵਿ-ਸ਼ੈਲੀ ਰਵਾਇਤੀ ਤੇ ਰੂਪਵਾਦੀ ਹੈ । ਬਿੰਬ ਪ੍ਰਚਲਿਤ ਤੇ ਬੋਲੀ ਸ਼ੁਧ ਪੰਜਾਬੀ ਹੈ । ਉਰਦੂ ਪ੍ਰਭਾਵਾਂ ਦੀ ਤੀਬਰਤਾ ਕਿਤੇ ਕਿਤੇ ਵਧ ਜਾਂਦੀ ਹੈ :—

ਸੋਹਣੀ ਫੇਰ ਮੁੜ ਅਜ਼ਲ ਨੂੰ ਕਹਿਣ ਲਗੀ,
ਤੂੰ ਜ਼ਰਾ ਤੇ ਠਹਿਰ ਕੇ ਆਵਣਾ ਸੀ ।
ਅਜੇ ਦਿਲ ਦੀ ਸਿਤਾਰ ਨੂੰ ਮੇਲ ਕੇ ਤੇ,
ਉਹ ਮੈਂ ਗੀਤ ਪਿਆਰੇ ਦਾ ਗਾਵਣਾ ਸੀ ।

**ਚਿਰਾਗ ਦੀਨ ਚਿਰਾਗ**

ਜਨਮ ੧੦੮੦ ਹਿਜਰੀ ਦੇ ਕਰੀਬ ਪਿੰਡ ਖੇੜ, ਜ਼ਿਲਾ ਡੇਰਾ ਗਾਜ਼ੀ ਖਾਂ ਦੇ ਇਕ ਔਵਾਨ ਘਰਾਣੇ ਵਿਚ ਹੋਇਆ । ਬਹਾਦਰ ਸ਼ਾਹ ਸਮੇਂ ੧੧੨੧ ਹਿਜਰੀ ਵਿਚ ਆਪਨੇ 'ਹੀਰ' ਲਿਖੀ । ਵਾਰਸ ਸ਼ਾਹ ਨੇ ਆਪਣੀ ਹੀਰ ਇਸ ਤੋਂ ਸੱਠ ਵਰ੍ਹੇ ਪਿਛੋਂ ਲਿਖੀ ।

ਮੁਲਤਾਨੀ ਦੇ ਪ੍ਰਭਾਵ ਆਪਦੀ ਸ਼ੈਲੀ ਨੂੰ ਲੌਕਿਕ ਬਣਾਉਂਦੇ ਹਨ ।

**ਚਿਰਾਗ ਦੀਨ ਦਾਮਨ** (੧੯੦੬—ਜੀਵਤ)

ਜਨਮ ਲਾਹੌਰ ਨਿਵਾਸੀ ਮੀਆਂ ਬਖਸ਼ ਦੇ ਘਰ ਹੋਇਆ । ਹਮਦਮ ਜੀ ਆਪਦੇ ਉਸਤਾਦ ਸਨ । ਸਥਾਨਕ ਦੇਵ ਸਮਾਜ ਸਕੂਲੋਂ ਦਸਵੀਂ ਕਰਨ ਪਿਛੋਂ ਜਲਦੀ ਹੀ ਸਟੇਜੀ ਕਵੀ ਵਜੋਂ ਪਰਵਾਨ ਹੋ ਗਏ ।

ਸਾਂਝੀ ਪੰਜਾਬੀ ਕਲਚਰ ਆਪਦਾ ਧਰਮ ਹੈ । ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਮੈਨੂੰ ਪਾਗਲਪਨ ਦਰਕਾਰ ।
ਇਹ ਦੁਨੀਆ ਕੀ ਰੌਲਾ ਗੌਲਾ,
ਕੋਈ ਕਹਿੰਦਾ ਏ ਮੌਲਾ ਮੌਲਾ ।
ਕੋਈ ਕਰਦਾ ਏ ਟਾਲ ਮਟੋਲਾ,

ਕੋਈ ਪਾਂਵਦਾ ਚਾਲਮਚੋਲਾ ।
ਮੈਨੂੰ ਕੁਝ ਪਤਾ ਨਹੀਂ ਲਗਦਾ,
ਕੀ ਹੁੰਦਾ ਏ ਵਿਚ ਸੰਸਾਰ ।

**ਚੌਰੰਗੀ ਨਾਥ** (ਦਸਵੀਂ ਸਦੀ)

ਨਾਇਕ ਪੂਰਨ ਭਗਤ ਦੀ ਕਹਾਣੀ ਆਪ ਨਾਲ ਜੋੜੀ ਜਾਂਦੀ ਹੈ । ਲੋਕ-ਸਾਹਿਤ ਨੇ ਆਪਨੂੰ ਅਮਰ ਕੀਤਾ । ਰਵਾਇਤ ਅਨੁਸਾਰ ਆਪਦਾ ਪਿਤਾ ਸਲਵਾਨ ਸਿਆਲਕੋਟ ਦਾ ਰਾਜਾ ਸੀ । ਭਰ ਜੁਆਨ ਹਾਣੀ ਮਤਰੇਈ ਮਾਂ ਆਪ ਪੁਰ ਮੋਹਿਤ ਹੋਈ । ਆਪਦੇ ਇਨਕਾਰ ਪੁਰ ਉਸ ਸਲਵਾਨ ਸਾਹਮਣੇ ਉਲਟਾ ਆਪ ਪੁਰ ਦੋਸ਼ ਲਾਏ । ਮੌਤ-ਦੰਡ ਮਿਲਿਆ, ਪਰ ਤਰਸਵਾਨ ਜਲਾਦਾਂ ਨੇ ਸਿਰਫ ਹੱਥ ਹੀ ਵੱਢੇ ਤੇ ਖੂਹ ਵਿਚ ਸੁਟ ਦਿਤਾ । ਕਿਸੇ ਗੋਰਖ-ਪੰਥੀ ਨੇ ਕਢ ਲਿਆ ਤੇ ਪੰਥ ਵਿਚ ਸ਼ਾਮਲ ਕਰ ਲਿਆ । ਕਾਦਰਯਾਰ ਦੇ ਕਿੱਸੇ ਅਨੁਸਾਰ ਫਿਰ ਆਪ ਪੁਰ ਸੁੰਦਰਾਂ ਰਾਣੀ ਮੋਹਤ ਹੋਈ । ਪਰ ਆਪਨੇ ਉਸਨੂੰ ਵੀ ਅਪਨਾਉਣ ਤੋਂ ਪਿਛੋਂ ਠੁਕਰਾ ਦਿਤਾ ਤੇ ਉਸਨੇ ਪਿਛੋਂ ਆਤਮਘਾਤ ਕਰ ਲਿਆ । ਆਪਦੀ ਰਚਨਾ ਦਾ ਵਿਸਤਾਰ ਨਹੀਂ ਮਿਲਦਾ ।

**ਚਰਨ ਅਸ਼ੋਕ** (੧ ਜਨਵਰੀ ੧੯੩੩—ਜੀਵਤ)

ਜਨਮ ਪਿੰਡ ਜੋਗੀ ਚੋਮਾ, ਜ਼ਿਲਾ ਗੁਰਦਾਸਪੁਰ ਵਿਚ ਗਰੰਥੀ ਮੰਗਲ ਸਿੰਘ ਸ਼ਾਂਤ ਦੇ ਘਰ ਹੋਇਆ । ਆਪਦੇ ਪਿਤਾ ਨੇ ਆਪਦੀ ਸ਼ਖਸੀਅਤ ਨਾ ਉਸਾਰੀ ਤੇ ਫਲ ਸਵਰੂਪ ਆਪ 'ਖੀਸੇ ਕੱਟ ਤੇ 'ਨੰਗਰਬਾਜ਼' ਵੀ ਰਹੇ । ਹੁਣ ੧੯੫੪ ਤੋਂ ਆਪ ਅਧਿਆਪਕ ਦੀ ਨੌਕਰੀ ਕਰ ਰਹੇ ਹਨ ਅਤੇ ਅਮਲਾਂ ਤੇ ਅਸੂਲਾਂ ਦੀ ਸਹਾਇਤਾ ਨਾਲ ਸਾਂਝੀ ਪੰਜਾਬੀ ਕਲਚਰ ਉਸਾਰਨ ਦਾ ਯਤਨ ਕਰ ਰਹੇ ਹਨ ।

ਆਪਦੀਆਂ ਬਹੁਤ ਸਾਰੀਆਂ ਕਵਿਤਾਵਾਂ ਤੇ ਕਹਾਣੀਆਂ ਪ੍ਰਸਿੱਧ ਮਾਸਕ ਪਤਰਾਂ ਵਿਚ ਛਪ ਚੁਕੀਆਂ ਹਨ । ਵਿਅੰਗ, ਸ਼ੈਲੀ ਘੋਲ, ਇਤਿਹਾਸ-ਮਿਥਿਹਾਸ ਦੀ ਸੂਝ, ਸੁਹਜ, ਪ੍ਰਗਤੀਵਾਦ ਆਪਦੀ ਕਵਿਤਾ ਦੇ ਕੁਝ ਪੱਖ ਹਨ । ਆਪਦੀ ਵਿਚਾਰਸ਼ੀਲਤਾ ਵੀ ਉਚੇਰੇ ਪੱਧਰ ਦੀ ਹੈ ।

**ਚਰਨ ਸਿੰਘ ਨਿਰਮਾਣ** (੧੯੧੮—੧੮ ਨਵੰਬਰ ੧੯੬੧)

ਜਨਮ: ਚਾਹਪੀਨ (ਬ੍ਰਹਮਾ) ਵਿਚ ਸ: ਅਮੀਰ ਸਿੰਘ ਦੇ ਘਰ ਮਾਤਾ ਰਾਜ ਕਰਨੀ ਦੀ ਕੁਖੋਂ ਹੋਇਆ । ਵਿਦਿਆ ਬੀ. ਏ., ਗਿਆਨੀ ਤਕ ਹੈ । ੧੯੩੫ ਦੀ ਸਿੱਖ ਵਿਦਿਅਕ ਕਾਨਫ਼ਰੰਸ ਵਿਰ ਆਪਨੇ ਪਹਿਲਾ ਇਨਾਮ ਜਿਤਿਆ । ਕੇਸਰ ਕਿਆਰੀ, ਮੰਜੀ ਠਾਕਰ, ਚੰਦਨ ਰਹਿਨੁਮਾਏ ਦਿਹਾਤ (ਉਰਦੂ), ਬ੍ਰਹਮਾ ਦਰਪਣ ਅਤੇ ਮਾਡਰਨ ਵਰਲਡ ਦੇ ਸੰਪਾਦਕ ਵੀ ਰਹਿ ਚੁਕੇ ਹਨ । ਜਲੰਧਰ, ਦਿੱਲੀ, ਜੰਮੂ, ਸ੍ਰੀ ਨਗਰ ਤੋਂ ਵੀ ਆਪਦੀਆਂ ਰਚਨਾਵਾਂ ਵੀ ਪਰਸਾਰਿਤ ਹੁੰਦੀਆਂ ਰਹੀਆਂ । 'ਜੀਵਨ ਆਸ਼ਾ' (੧੯੪੪), 'ਹਸਦਾ ਪੰਜਾਬ' ਆਦਿਕ ਪੁਸਤਕਾਂ ਵਿਚ ਅਤੇ ਰਸਾਲਿਆਂ ਵਿਚ ਪ੍ਰਕਾਸ਼ਿਤ ਰਚਨਾਵਾਂ ਆਪਦੀ ਘਾਲਣਾ ਵਿਚ ਸ਼ਾਮਲ ਹਨ ।

ਆਪ ਇਕ ਸਰਗਰਮ ਸਾਹਿਤਕਾਰ ਅਤੇ ਪਤਰਕਾਰ ਸਨ । ਸਾਂਝੀ ਪੰਜਾਬੀਅਤ ਆਪਦੀ ਵਿਚਾਰਧਾਰਾ ਸੀ ।

**ਚਰਨ ਸਿੰਘ, ਸ਼ਹੀਦ** (੧੮੯੧—੨੪ ਅਗਸਤ ੧੯੩੫)

ਆਪਦਾ ਜਨਮ ਅੰਮ੍ਰਿਤਸਰ ਵਿਚ ਸ; ਸੂਬਾ ਸਿੰਘ ਦੇ ਘਰ ਹੋਇਆ । ਆਪਨੇ ਆਪਣੇ ਨਾਂ

ਨਾਲ ਅੰਗਰੇਜ਼ਾਂ ਦੀ ਰੀਸੇ 'ਸ.ਸ.' ਜਮ੍ਹਾਂ ਕੀਤਾ। ਦਸਵੀਂ ਕਰਨ ਪਿਛੋਂ ਆਪ ਸਾਹਿਤ ਵਲ ਜੁਟ ਪਏ। ਕੁਝ ਚਿਰ ਪਟਿਆਲਾ ਰਿਆਸਤ ਵਿਚ ਪਵਲੀਸਿਟੀ ਅਫਸਰ ਤੇ ਰਾਜ-ਕਵੀ ਰਹਿਣ ਪਿਛੋਂ ਆਪਨੇ ਅੰਮ੍ਰਿਤ-ਸਰ ਆ ਕੇ 'ਸ਼ਹੀਦ' ਨਾਂ ਦਾ ਅਖ਼ਬਾਰ ਜਾਰੀ ਕੀਤਾ। ਆਪ ਸਪਤਾਹਿਕ 'ਮੌਜੀ' ਤੇ 'ਹੰਸ' ਦੇ ਵੀ ਸੰਪਾਦਕ ਰਹੇ। ਆਪਨੇ ਉਮਰ ਦਾ ਵਧੇਰੇ ਹਿੱਸਾ ਪੰਜਾਬੀ ਕਲਚਰ ਦੀ ਪੁਨਰ ਸਥਾਪਨਾ ਵਿਚ ਲਾਇਆ। ਆਪ 'ਪੰਜਾਬੀ ਸਭਾ ਅੰਮ੍ਰਿਤਸਰ' ਦੇ ਮੋਢੀਆਂ ਵਿਚੋਂ ਹਨ। ੧੯੩੫ ਵਿਚ ਸ਼ਿਮਲੇ ਦੇ ਇਕ ਹਸਪਤਾਲ ਚੋਂ ਅਪੈਂਡਕਸ ਦਾ ਅਪਰੇਸ਼ਨ ਕਰਾਇਆ ਜਿਸਦੀ ਅਸਫਲਤਾ ਦੇ ਕਾਰਨ ਆਪਦੀ ਮੌਤ ਹੋ ਗਈ।

ਆਪਦੀਆਂ ਰਚਨਾਵਾਂ ਦਾ ਵਿਸਤਾਰ ਇਸ ਪਰਕਾਰ ਹੈ :—

ਨਾਵਲ: ਸ਼ਾਮ ਸੁੰਦਰ, ਚੰਚਲ ਮੂਰਤੀ, ਦਲੇਰ ਕੌਰ (ਦੋ ਭਾਗ), ਗ੍ਰਿਹਸਤ ਦੀ ਬੇੜੀ, ਰਣਜੀਤ ਕੌਰ, ਸੁਆਦ ਦੇ ਟੱਕਰੇ. ਹਾਸੇ ਦੀ ਵਰਖਾ, ਦੋ ਵਹੁਟੀਆਂ, ਕਾਲਾ ਦੇਵੀ ਦੀ ਲੁਟ, ਜੋਗਣ, ਜਾਦੂਗਰਨੀ, ਜਗਤ ਤਮਾਸ਼ਾ (ਤਿੰਨ ਭਾਗ), ਸ਼੍ਰੀ ਪਰਤਾਪ ਉਦਯ ਅਤੇ ਮੰਨੋ ਭਾਵੇਂ ਨਾ ਮੰਨੋ।

ਕਵਿਤਾ :— ਬਾਦਸ਼ਾਹੀਆਂ, ਅਹਸ਼ੀ ਕਿੰਗਰੇ, ਇਸ਼ਕ ਮੁਸ਼ਕ ਅਤੇ ਰਾਜਸੀ ਹੁਲਾਰੇ।

ਕਹਾਣੀ: ਹਸਦੇ ਹੰਝੂ।

ਗੱਦ : 'ਜਵੇਲਾ' ਅਤੇ 'ਜੀਵਨ ਜਗਤੀ'

ਜੀਵਨੀ : ਨਿਪੋਲੀਅਨ ਬੋਨਾਪਾਰਟ

ਬਚਿਆਂ ਲਈ : 'ਦਿਲ ਪਰਚਾਵਾ' ਅਤੇ 'ਦਿਲ ਦੇ ਪੁਆੜੇ'

ਫੁਟਕਲ : ਢਾਈ ਸੌ ਹੀਰੇ।

ਆਪਦੇ ਨਾਵਲਾਂ ਦਾ ਉਦੇਸ਼ ਧਾਰਮਕ ਅਤੇ ਸਮਾਜਿਕ ਜ਼ਿੰਦਗੀ ਨੂੰ ਸੁਧਾਰਵਾਦੀ ਲੀਹਾਂ ਉਤੇ ਸੰਤੁਲਿਤ ਕਰਨਾ ਹੈ। ਆਪ ਵੀਰ ਸਿੰਘ ਵੈਦ ਪ੍ਰਣਾਲੀ ਦੇ ਗਲਪਕਾਰ ਹਨ। ਆਪ ਪੰਜਾਬੀ ਕਹਾਣੀ ਦੇ ਵੀ ਬਾਨੀ ਹਨ। ਅਜ ਦੇ ਵਿਪਰੀਤ ਆਪਦੀਆਂ ਕਹਾਣੀਆਂ ਵਿਚ ਮਨੋ ਵਿਗਿਆਨਕ ਦ੍ਰਿਸ਼ਟੀ ਦੀ ਘਾਟ ਪਰ ਵਿਅੰਗ ਤੇ ਹਾਸ ਰਸ ਦੀ ਪਰਧਾਨਤਾ ਹੈ। ਪਖੰਡੀਆਂ ਤੇ ਕੂੜਾਂ ਦਾ ਆਪ ਮਖੌਲ ਉਡਾਉਂਦੇ ਹਨ। ਆਪਦੀਆਂ ਕਹਾਣੀਆਂ ਵਿਚ ਮਨੋਰੰਜਨ ਕਾਫੀ ਹੈ, ਭਾਵੇਂ ਕਿ ਅਜੋਕੀਆਂ ਤਕਨੀਕਾਂ ਨਹੀਂ ਵਰਤੀਆਂ ਗਈਆਂ। ਆਪਦੀ ਕਵਿਤਾ ਵਿਚ ਵੀ ਕਹਾਣੀਆਂ ਹੁੰਦੀਆਂ ਹਨ। ਕਵਿਤਾ ਮਾਧਿਅਮ ਦੀਆਂ ਕਹਾਣੀਆਂ ਦਾ ਪਾਤਰ ਸੁਥਰਾ ਅਤੇ ਵਾਰਤਕ ਕਹਾਣੀਆਂ ਦਾ ਪਾਤਰ ਬਾਬਾ ਵਰਿਆਮਾ ਆਪਦੀ ਸ਼ਖਸੀਅਤ ਦੇ ਵੀ ਦੋ ਪਾਸਾਰ ਹਨ। ਖਾਲਸ ਗੱਦ ਦੀਆਂ ਰਚਨਾਵਾਂ ਵਿਚ ਵੀ ਆਪਨੇ ਧਾਰਮਕ ਜ਼ਿੰਦਗੀ ਪੇਸ਼ ਕੀਤੀ ਹੈ।

ਆਪਦੀ ਬੋਲੀ ਠੇਠ ਪੰਜਾਬੀ, ਸ਼ਬਦ ਪ੍ਰਯੋਗ ਭਰੀ ਅਤੇ ਸਰਲ ਹੈ। ਆਪਦੀ ਵਾਰਤਕ ਸ਼ੈਲੀ ਪੰਜਾਬੀ ਵਿਚ ਆਪਣੀ ਮਿਸਾਲ ਆਪ ਹੈ।

**ਚਰਨ, ਗੁਰਚਰਨ ਸਿੰਘ**

ਵੇਖੋ

ਗੁਰਚਰਨ ਸਿਘ, ਚਰਨ

**ਚਰਨਜੀਤ ਸਿੰਘ ਤੂਰ** (੧੦ ਅਕਤੂਬਰ ੧੯੪੦— ਜੀਵਤ)

ਜਨਮ: ਬੋਂਸੀ ਪਠਾਣਾਂ ਜ਼ਿਲਾ ਪਟਿਆਲੇ ਦੇ ਨਿਵਾਸੀ ਸ: ਕਰਤਾਰ ਸਿੰਘ ਦੇ ਘਰ ਹੋਇਆ।

ਪੰਜਾਬੀ ਵਿਚ ਕਹਾਣੀਆਂ, ਕਵਿਤਾਵਾਂ ਦੀ ਰਚਨਾ ਕਰਦੇ ਹਨ।

**ਚਰਪਟ ਨਾਥ** (ਦਸਵੀਂ ਸਦੀ)

ਮਿਤੀ ਅਨਿਸਚਤ। ਡਾਕਟਰ ਮੋਹਣ ਸਿੰਘ ਅਨੁਸਾਰ 'ਆਪ ਦਸਵੀਂ ਸਦੀ ਵਿਚ ਹੋਏ। ਚੰਬਾ ਰਿਆਸਤ ਦੇ ਬਾਨੀ ਸਹਿਲਾ ਵਰਮਾ ਦੇ ਗੁਰੂ ਸਨ। ਦਰ ਦਰ ਮੰਗਣ ਦੀ ਪਿਰਤ ਆਪਨੇ ਪਾਈ। ਮਹਾਨਕੋਸ਼ ਅਨੁਸਾਰ ਆਪ 'ਇਕ ਗੋਰਖ ਪੰਥੀ' ਯੋਗੀ ਸਨ। ਆਪਦੀ ਬਹਿਸ ਗੁਰੂ ਨਾਨਕ ਸਾਹਿਬ ਨਾਲ ਹੋਈ।

'ਚਰਪਟ ਬੋਲੇ ਅਉਧੂ ਨਾਨਕ' (ਸਿਧ ਗੋਸਟਿ)

ਇਸ ਪਰਕਾਰ ਆਪਦਾ ਸਮਾਂ ਪੰਦ੍ਰਵੀਂ ਸਦੀ ਚਾਹੀਦਾ ਹੈ। ਮਹਾਨਕੋਸ਼ ਵਿਚ ਇਹ ਵੀ ਆਇਆ ਹੈ ਕਿ ਚਰਪਟ ਨਾਥ ਇਕ ਯੋਗੀ ਸੀ ਜੋ ਮਛੇਂਦਰ ਨਾਥ ਦੀ ਦ੍ਰਿਸ਼ਟੀ ਤੋਂ ਪੈਦਾ ਹੋਇਆ :—

ਚਕ੍ਰਿਤ ਚਿੱਤ ਚਟਪਟ ਹ੍ਵੈ ਦਿਖਸਾ
ਚਰਪਟ ਨਾਥ ਤਦਿਨ ਸੇ ਨਿਕਸਾ
(ਦਸਮ ਗਰੰਥ)

ਆਪਦੀ ਕਵਿਤਾ ਵਿਚ ਜੋਗ ਤੇ ਅਧਿਆਤਮਵਾਦ ਦੀ ਪ੍ਰੌੜਤਾ ਤੇ ਕਪਟ ਤੇ ਰੀਤੀਵਾਦ ਦਾ ਵਿਰੋਧ ਹੈ। ਸ਼ੈਲੀ ਵਿਚ ਵਿਅੰਗ ਪ੍ਰਧਾਨ ਹੈ। ਇਸਤ੍ਰੀ ਨੂੰ ਮਾਰਗ ਵਿਚ ਰੁਕਾਵਟ ਸਮਝਦੇ ਹਨ। ਬੋਲੀ ਗੋਰਖ ਨਾਥ ਨਾਲੋਂ ਵਧੇਰੇ ਪੰਜਾਬੀ ਹੈ। ਆਪਦੀ ਕਵਿਤਾ ਦਾ ਵਿਸਤਾਰ ਨਹੀਂ ਮਿਲਦਾ।

**ਚੇੜਾ, ਹਰਭਜਨ ਸਿੰਘ** (ਦਸੰਬਰ ੧੯੩੭—ਜੀਵਤ)

ਜਨਮ ਸ: ਪ੍ਰੇਮ ਸਿੰਘ ਚੇੜਾ ਦੇ ਘਰ ਹੋਇਆ। ਵਿਦਿਆ ਗਿਆਨੀ ਤਕ ਹੈ। ਕਾਫੀ ਚਿਰ ਟ੍ਰਾਂਸਪੋਰਟ ਦੇ ਟ੍ਰੇਂਡ-ਯੂਨੀਅਨਸਟ ਰਹਿਣ ਪਿਛੋਂ ਅਜ ਕਲ ਬਰਦਵਾਨ ਵਿਚ ਮਜ਼ਦੂਰੀ ਕਰਦੇ ਹਨ।

ਪ੍ਰਗਤੀਵਾਦੀ ਕਵਿਤਾਵਾਂ, ਕਹਾਣੀਆਂ ਲਿਖਣ ਵਿਚ ਆਪਦੀ ਬੜੀ ਦਿਲਚਸਪੀ ਹੈ।

# ਜ

**ਜਸੂਜਾ, ਗੁਰਚਰਨ ਸਿੰਘ** (੧ ਮਈ ੧੯੨੫—ਜੀਵਤ)

ਜਨਮ ਅੰਮ੍ਰਿਤਸਰ ਵਿਚ ਸ: ਮੋਹਨ ਸਿੰਘ ਜਸੂਜਾ ਦੇ ਘਰ ਹੋਇਆ। ਵਿਦਿਆ ਐਮ. ਏ. ਪੰਜਾਬੀ ਤਕ ਹੈ। ਕੁਝ ਚਿਰ ਲਈ ਅਧਿਆਪਕ, ਸੰਪਾਦਕ (ਖਾਲਸਾ ਸੇਵਕ' ਅਤੇ 'ਲਿਖਾਰੀ') ਤੇ ਬੈਂਕ ਕਰਮਚਾਰੀ ਰਹਿਣ ਪਿਛੋਂ ਅਜ ਕਲ ਆਪ ਸੁਰਖੀਆਂ ਪਾਊਡਰਾਂ ਆਦਿ ਦਾ ਵਪਾਰ ਕਰ ਰਹੇ ਹਨ।

'ਪੰਜਾਬੀ ਸਾਹਿਤਕਾਰ' (ਪੜਚੋਲ), 'ਗਉ ਮੁਖਾ ਸ਼ੇਰ ਮੁਖਾ' ,(ਇਕਾਂਗੀ ਸੰਗ੍ਰਹਿ) ਤੇ 'ਮਕੜੀ ਦਾ ਜਾਲ' ਆਪਦੀਆਂ ਤਿੰਨ ਪੁਸਤਕਾਂ ਹਨ। ਰੂਸ ਦੀਇਕ ਸਾਹਿਤ ਸਭਾ ਨੇ ਆਪਦੇ ਇਕ ਨਾਟਕ ਨੂੰ ਆਪਣੀ ਬੋਲੀ ਵਿਚ ਛਪਵਾਇਆ ਹੈ।

ਆਪਨੂੰ ਵਿਚਾਰਸ਼ੀਲ ਨਾਟਕਕਾਰਾਂ ਵਿਚ ਗਿਣਿਆ ਜਾਂਦਾ ਹੈ।

**ਜਸਦੇਵ ਸਿੰਘ, ਸੰਧੂ**

ਵੇਖੋ

ਸੰਧੂ, ਜਸਦੇਵ ਸਿੰਘ

**ਜ. ਸ. ਬੇਦੀ**

ਵੇਖੋ

ਬੇਦੀ, ਜ. ਸ.

**ਜਸਮੇਰ ਸਿੰਘ ਮੌਜੀ** (੪ ਜਨਵਰੀ ੧੯੩੯—ਜੀਵਤ)

ਜਨਮ ਪਿੰਡ ਸ਼ੇਰ ਪੁਰ ਖੁਰਦ ਜ਼ਿਲਾ ਲੁਧਿਆਣਾ ਵਿਚ ਸ: ਪੁਰਨ ਸਿਘ ਦੇ ਘਰ ਹੋਇਆ।

ਆਪ ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਦੀ ਰਚਨਾ ਕਰਦੇ ਹਨ।

**ਜਸਵੰਤ ਸਿੰਘ** (੧ ਜੂਨ ੧੯੧੫—ਜੀਵਤ)

ਆਪ ਸ਼ਾਹਬਾਦ ਜ਼ਿਲਾ ਕਰਨਾਲ ਦੇ ਨਿਵਾਸੀ ਸ: ਕਪੂਰ ਸਿੰਘ ਜਾਗੀਰਦਾਰ ਦੇ ਸਪੁੱਤਰ ਹਨ। ਵਿਦਿਆ ਬੀ. ਏ., ਗਿਆਨੀ ਤਕ ਹੈ।

ਅਜ ਕਲ ਗਰਾਮ ਸੇਵਕ ਸੈਂਟਰ ਨਾਭੇ ਵਿਚ ਕੰਮ ਕਰ ਰਹੇ ਹਨ।

ਸਹਿਕਾਰਤਾ ਸਬੰਧੀ ਆਪ ਬਹੁਤ ਸਾਰੀਆਂ ਗੱਦ ਰਚਨਾਵਾਂ ਰਚ ਚੁਕੇ ਹਨ।

**ਜਸਵੰਤ ਸਿੰਘ ਅੰਮ੍ਰਿਤ** (ਵੀਹਵੀਂ ਸਦੀ—ਜੀਵਤ)

ਆਪ ਪਿਡ ਵਿਠਵਾਂ ਜ਼ਿਲਾ ਗੁਰਦਾਸ ਪੁਰ ਦੇ ਨਿਵਾਸੀ ਹਨ।

ਗੀਤਾਂ ਅਤੇ ਗਜ਼ਲਾਂ ਦੀ ਰਚਨਾ ਕਚਦੇ ਹਨ।

**ਜਸਵੰਤ ਸਿੰਘ ਸਹਿਰਾਈ** (-੧੯੫੧-)

ਆਪਦਾ ਕਹਾਣੀ-ਸੰਗ੍ਰਹਿ 'ਬਦਨਾਮ ਸੜਕ ਤੇ' ੧੯੫੧ ਵਿਚ ਹਿੰਦ ਪਬਲਿਸ਼ਰਜ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ।

**ਜਸਵੰਤ ਸਿੰਘ ਸਾਗਰ** (੧ ਜਨਵਰੀ ੧੯੩੩—ਜੀਵਤ)

ਆਪ ਸ: ਬੀਰ ਸਿੰਘ ਦੇ ਸਪੁੱਤਰ ਅਤੇ ਪਟਿਆਲੇ ਦੇ ਸਰਗਰਮ ਸਾਹਿਤਕਾਰ ਜਥੇਬੰਦਕ ਹਨ। ਨਾਟਕਕਾਰੀ ਨਾਲ ਵਿਸ਼ੇਸ਼ ਪਿਆਰ ਹੈ।

ਗੀਤਾਂ ਦੀ ਰਚਨਾ ਤੇ ਉਨ੍ਹਾਂ ਦੇ ਸੰਗੀਤ ਗਾਇਨ ਵਲ ਵੀ ਕਾਫੀ ਝੁਕਾਅ ਹੈ।

ਆਪਦੀਆਂ ਕਾਫੀ ਰਚਨਾਵਾਂ ਸਟੇਜ ਅਤੇ ਪਤਰਾਂ ਰਾਹੀਂ ਆਮ ਲੋਕਾਂ ਤਕ ਪਹੁੰਚ ਚੁਕੀਆਂ ਹਨ।

**ਜਸਵੰਤ ਸਿੰਘ ਸੁਰਜੀਤ** (੧੯੩੨—ਜੀਵਤ)

ਆਪ ਜਲੰਧਰ ਨਿਵਾਸੀ ਸ: ਵਧਾਵਾ ਸਿਘ ਦੇ ਸਪੁੱਤਰ ਅਤੇ ਆਲ ਇੰਡੀਆ ਰੇਡੀਓ ਦੇ ਕਲਾਕਾਰ ਹਨ। ਕਾਫੀ ਚਿਰ ਅਕਾਲੀ ਪਤ੍ਰਕਾ ਦੇ ਉਪ ਸੰਪਾਦਕ ਵੀ ਰਹੇ ਹਨ।

ਪੰਜਾਬੀ ਵਿਚ ਕਈ ਦਰਜਨ ਨਾਟਕ ਅਤੇ ਕਹਾਣੀਆਂ ਲਿਖ ਚੁਕੇ ਹਨ। ਰੋਜ਼ਾਨਾ ਪਤਰਾਂ ਵਿਚ ਆਪਦੀਆਂ ਕਾਫੀ ਰਚਨਾਵਾਂ ਵੀ ਛਪ ਚੁਕੀਆਂ ਹਨ।

**ਜਸਵੰਤ ਸਿੰਘ ਕੰਵਲ**

ਨਾਨਕ ਸਿੰਘ ਤੋਂ ਬਾਅਦ ਪੰਜਾਬੀ ਦੇ ਹਰ ਮਨ ਪਿਆਰੇ ਨਾਵਲਕਾਰ ਜਸਵੰਤ ਸਿਘ ਕੰਵਲ ਹਨ।

ਆਪ ਢੁਡੀਕੇ ਜ਼ਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਹਨ। ਉਮਰ ਲਗ ਪਗ ਚਾਲੀ ਸਾਲ ਹੈ। ਪਿੰਡ ਵਿਚ ਹੀ ਰਹਿੰਦੇ ਹਨ।

ਆਪਦੇ ਨਾਵਲ ਹੇਠ ਲਿਖੇ ਹਨ :—

੧. ਸੱਚ ਨੂੰ ਫ਼ਾਂਸੀ
੨. ਪਾਲੀ
੩. ਪੂਰਨਮਾਸ਼ੀ
੪. ਰਾਤ ਬਾਕੀ ਹੈ।
੫. ਸਿਵਲ ਲਾਈਨਜ਼
੬. ਰੂਪਧਾਰਾ
੭. ਹਾਣੀ
੮. ਭਵਾਨੀ

ਕਹਾਣੀਆਂ ਦੇ ਵੀ ਤਿੰਨ ਸੰਗ੍ਰਹਿ ਛਪੇ ਹਨ।

(ਵੇਖੋ ਅੰਤਿਕਾ)

**ਜਸਵੰਤ ਸਿੰਘ ਜੱਸ** (੧੩ ਅਪ੍ਰੈਲ ੧੯੨੯—ਜੀਵਤ)

ਜਨਮ ਪਿੰਡ ਨੁਸ਼ਹਿਰਾ ਪੰਨੂਆ ਤਹਿਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਵਿਚ ਸ: ਸੇਵਾ ਸਿੰਘ ਸੇਵਕ ਦੇ ਘਰ ਮਾਤਾ ਤੇਜਿੰਦਰ ਕੌਰ ਦੀ ਕੁਖੋਂ ਹੋਇਆ। ਵਿਦਿਆ ਐਮ. ਏ., ਐਮ. ਐਡ. ਤਕ ਹੈ। ਐਮ. ਏ. ਕਰਨ ਪਿਛੋਂ ਹਿੱਸਾਰ ਦੇ ਸਰਕਾਰੀ ਕਾਲਜ ਵਿਚ ਅਧਿਆਪਕ ਰਹੇ। ਅਜ ਕਲ ਅਧਿਆਪਕਾਂ ਦੇ ਸਰਕਾਰੀ ਟਰੇਨਿੰਗ ਕਾਲਜ ਜਾਲੰਧਰ ਵਿਚ ਅਧਿਆਪਕ ਤੇ 'ਐਜੂਕੇਸ਼ਨ' ਤ੍ਰੈਮਾਸਕ ਦੇ ਪੰਜਾਬੀ ਭਾਗ ਦੇ ਸੰਪਾਦਕ ਹਨ।

'ਬਾਬਾ ਰਾਮ ਸਿਘ' ਨਾਂ ਦੀ ਪੁਸਤਕ ਆਪਦੀ ਘਾਲਣਾ ਹੈ। ਇਸ ਦੀ ਖੋਜ-ਮਹੱਤਤਾ ਨੂੰ ਮੁਖ ਰਖਦਿਆਂ ਆਪਨੂੰ ਮੈਕਾਲਫ ਮੈਮੋਰੀਅਲ ਗੋਲਡ ਮੈਡਲ' ਮਿਲਿਆ। ਪ੍ਰਸਿੱਧ ਪਤਰਾਂ ਵਿਚ ਆਪਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।

(ਵੇਖੋ ਸੇਵਾ ਸਿੰਘ ਸੇਵਕ)

**ਜਸਵੰਤ ਸਿੰਘ ਜੋਸ਼** (੫ ਫਰਵਰੀ ੧੯੪੪—ਜੀਵਤ)

ਆਪ ਦਾ ਜਨਮ ਖਿਹਾਲਾ ਜ਼ਿਲਾ ਲਾਇਲਪੁਰ ਵਿਚ ਸ: ਹਜ਼ਾਰਾ ਸਿੰਘ ਦੇ ਘਰ ਹੋਇਆ।

ਆਪ ਨਾਮਧਾਰੀ ਪੰਥ ਦੇ ਉਭਰਦੇ ਸਾਹਿਤਕਾਰ ਹਨ।

**ਜਸਵੰਤ ਸਿੰਘ ਨੇਕੀ** (੨੭ ਅਗਸਤ ੧੯੨੫—ਜੀਵਤ)

ਜਨਮ ਮੁਰੀਦ, ਜ਼ਿਲਾ ਜਿਹਲਮ ਵਿਚ ਸ: ਹਰੀ

ਗੁਲਾਬ ਸਿੰਘ ਦੇ ਘਰ ਹੋਇਆ। ਦਸਵੀਂ ਖਾਲਸਾ ਸਕੂਲ ਕੋਟਾ ਤੋਂ ਸਾਰੇ ਬਲੋਚਿਸਤਾਨ ਵਿਚੋਂ ਫ਼ਸਟ ਰਹਿੰਦਿਆਂ ਕੀਤੀ। ੧੯੪੩ ਵਿਚ ਐਫ. ਸੀ. ਕਾਲਜ ਲਾਹੌਰੋਂ ਐਫ. ਐਸ. ਸੀ., ੧੯੪੯ ਵਿਚ ਮੈਡੀਕਲ ਕਾਲਜ ਅੰਮ੍ਰਿਤਸਰੋਂ ਐਮ. ਬੀ. ਬੀ. ਐਸ. ਕਰਨ ਪਿਛੋਂ ਅਲੀਗੜ੍ਹ ਚਲੇ ਗਏ ਜਿਥੇ ਆਪਨੇ ਫਸਟ ਕਲਾਸ ਫਸਟ ਰਹਿੰਦਿਆਂ ਮਨੋਵਿਗਿਆਨ ਦੀ ਐਮ. ਏ. ਕੀਤੀ। ਬੰਗਲੌਰ ਦੇ ਆਲ ਇੰਡੀਆ ਇਨਸਟੀਚਿਊਟ ਆਫ ਮੈਂਟਲ ਸਾਇੰਸਜ਼ ਤੋਂ ਆਪਨੇ ਡੀ. ਪੀ. ਐਮ. ਪਾਸ ਕੀਤੀ। ਅਜ ਕਲ ਆਪ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਮਨੋ-ਚਿਕਿਤਸਾ ਦੇ ਅਸਿਸਟੈਂਟ ਪਰੋਫੈਸਰ ਹਨ।

ਅਰਦਾਸ (ਵਾਰਤਕ) ਅਤੇ 'ਅਸਲੇ ਤੇ ਉਹਲੇ' (ਕਵਿਤਾ) ਦੋ ਪੁਸਤਕਾਂ ਹਨ। ਸਾਮਵਾਦ ਦੇ ਵਿਰੁਧ ਹਨ ਅਤੇ ਆਪਣੇ ਆ ਪਨੂੰ ਸਿੱਖ ਅਗਾਂਹ ਵਧੂ ਕਹਿੰਦੇ ਹਨ। ਆਪਦਾ ਸੁਭਾਅ ਟਿਕ ਹਮਦਰਦ ਮਨੋਵਿਗਿਆਨੀ ਹੋਣ ਦੇ ਨਾਤੇ ਬੜਾ ਡੂੰਘਾ ਅਤੇ ਪਿਆਰ ਭਰਪੂਰ ਹੈ।

ਆਪਦੀ ਕਵਿਤਾ ਵਿਚ ਮੌਲਿਕਤਾ ਦਾ ਪੱਖ ਬਲਵਾਨ ਹੈ।

**ਜਸਵੰਤ ਸਿੰਘ ਰਾਹੀ** (-੧੯੫੨-)

ਆਪਦਾ ਕਾਵਿ-ਸੰਗ੍ਰਹਿ 'ਲਿਸ਼ਕਾਂ' ੧੯੫੨ ਵਿਚ ਪ੍ਰੀਤ-ਨਗਰ ਸ਼ਾਪ, ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ।

ਆਪ ਇਕ ਅਗਰਗਾਮੀ ਕਵੀ ਹਨ। ਪ੍ਰਮੁਖ ਪਤਰਾਂ ਵਿਚ ਵੀ ਆਪਦੀਆਂ ਰਚਨਾਵਾਂ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ।

**ਜਸਵੰਤ ਸਿਘ ਵਢਾ** (੨੪ ਮਈ ੧੯੩੩—ਜੀਵਤ)

ਜਨਮ ਬਰਨਾਲੇ ਵਿਚ ਖੁਡੀ ਕਲਾਂ ਦੇ ਨਿਵਾਸੀ ਸ: ਕਿਰਪਾਲ ਸਿੰਘ ਦੇ ਘਰ ਹੋਇਆ। ਆਪ ਰੇਲਵੇ ਮੁਲਾਜ਼ਮ ਪਿਤਾ ਨਾਲ ਵਖੋ ਵਖ ਸੂਬਿਆਂ ਵਿਚ ਰਹਿ ਚੁਕੇ ਹਨ। ਕਲਕੱਤੇ ਦੇ ਮਾਸਕ 'ਦੀਪ' ਵਿਚ ਵੀ ਕੰਮ ਕਰਦੇ ਰਹੇ। ਅਜ ਕਲ ਸਰਕਾਰੀ ਅਧਿਆਪਕ ਹਨ। ਵਿਦਿਆ ਪੰਜਾਬੀ ਦੀ ਐਮ. ਏ. ਤਕ ਹੈ।

ਕਹਾਣੀਆਂ ਤੇ ਕਵਿਤਾਵਾਂ ਸਰਵੋਤਮ ਰਸਾਲਿਆਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ।

ਆਪ ਇਕ ਵਿਚਾਰਸ਼ੀਲ ਸਾਹਿਤਕਾਰ ਹਨ।

**ਜਸਵੰਤ ਸਿੰਘ ਵੰਤਾ**

ਪੰਜਾਬੀ ਦੇ ਪ੍ਰਸਿੱਧ ਸਟੇਜ ਕਵੀ ਹਨ।

**ਜਸਵੰਤ ਕੌਰ ਆਹਲੂਵਾਲੀਆ**

ਵੇਖੋ

ਆਹਲੂਵਾਲੀਆ, ਜਸਵੰਤ ਕੌਰ

**ਜਸਵੰਤ ਦੀਪ** (੨੩ ਜੁਲਾਈ ੧੯੪੧—ਜੀਵਤ)

ਆਪ ਲੋਹੀਆਂ ਜ਼ਿਲਾ ਜਲੰਧਰ ਦੇ ਨਿਵਾਸੀ ਸ: ਮਾਛੀ ਸਿੰਘ ਦੇ ਸਪੁੱਤਰ ਹਨ।

ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

**ਜਸਵੰਤ ਰਾਏ, ਰਾਏ** (੨੫ ਜਨਵਰੀ ੧੯੦੭—ਜੀਵਤ)

ਜਨਮ ਪਿੰਡ ਰਮਦਾਸ ਜ਼ਿਲਾ ਅੰਮ੍ਰਿਤਸਰ ਵਿਚ ਪੰਡਤ ਗੁਰਬਖਸ਼ ਰਾਏ ਦੇ ਘਰ ਹੋਇਆ।

ਬਾਬਾ ਬੁਢਾ ਖਾਲਸਾ ਹਾਈ ਸਕੂਲ ਰਮਦਾਸ ਤੋਂ ਦਸਵੀਂ ਪਾਸ ਕੀਤੀ ਤੇ ਫਿਰ ਲਾਹੌਰ ਆ ਕੇ ਬਾਰ੍ਹਵੀਂ ਤੇ ਗਿਆਨੀ ਪਾਸ ਕੀਤੀ। 'ਹਮਦਮ' ਆਪਦੇ ਉਸਤਾਦ ਸਨ। ੧੯੩੮ ਵਿਚ ਸਰਕਾਰ ਵਲੋਂ ਮੈਡਲ

ਮਿਲਿੰਆ। ਅਜ ਕਲ ਰੋਜ਼ਾਨਾ 'ਪ੍ਰਤਾਪ' ਜਲੰਧਰ ਦੇ ਉਪ-ਸੰਪਾਦਕ ਹਨ।

ਆਪਦਾ ਕਾਵਿ-ਸੰਗ੍ਰਹਿ 'ਆਪਣਾ ਆਪ' 'ਦੇਵਨਾਂ-ਗਿਰੀ ਲਿਪੀ) ੧੯੪੩ ਵਿਚ ਪ੍ਰਕਾਸ਼ਿਤ ਹੋਇਆ। 'ਗੀਤਾ ਗਿਆਨ' ਨਾ ਦੀ ਪੁਸਤਕ ਵਿਚ ਵੇਦਾਂਤੇ ਗੀਤਾਂ ਦੇ ਸਲੋਕਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ। ਸਾਂਝੀ ਪੰਜਾਬੀ ਕਲਚਰ ਦੇ ਧਾਰਨੀ ਹਨ।

ਪ੍ਰਸਿੱਧ ਸਟੇਜੀ ਤੇ ਰੇਡੀਆਈ ਕਵੀਆਂ ਵਿਚੋਂ ਇਕ ਹਨ।

**ਜੋਹਰ, ਓਮ ਪ੍ਰਕਾਸ਼** (ਵੀਹਵੀਂ ਸਦੀ—ਜੀਵਤ)

ਆਪ ਪਿੰਡ ਲੱਧਾ ਮੁੰਡਾ, ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ੍ਰੀ ਰਾਮ ਲਾਲ ਹਕੀਮ ਦੇ ਸਪੁੱਤਰ ਹਨ। ਸਕੂਲ ਅਧਿਆਪਕ ਦਾ ਕੰਮ ਕਰਦੇ ਹਨ।

ਆਪ ਵਧੇਰੇ ਕਰਕੇ ਬਾਲ ਸਾਹਿਤ ਦੀ ਰਚਨਾ ਕਰਦੇ ਹਨ। ਬੜੇ ਬੁੱਧੀਮਾਨ ਸਾਹਿਤਕਾਰ ਹਨ।

**ਜੋਹਰ, ਐਮ. ਐਸ.**

'ਬਾਲਮੀਕੀ ਰਮਾਇਣ' (ਧਰਮ ਪੁਸਤਕ) ਅਤੇ 'ਵਹੁਟੀ ਗਭਰੂ' (ਨਾਵਲ) ਆਪਦੀਆਂ ਦੋ ਰਚਨਾਵਾਂ ਹਨ।

**ਜੋਹਰ ਇੰਦਰ ਸਿੰਘ** (੨੦ਵੀਂ ਸਦੀ)

ਆਪਦੀ ਇਤਿਹਾਸ ਪੁਸਤਕ 'ਪਰਚਾਰ ਸਾਗਰ' ੪੦੦ ਸਫ਼ਿਆਂ ਦੇ ਵਿਸਤਾਰ ਵਿਚ ਪ੍ਰਕਾਸ਼ਿਤ ਹੋ ਚੁਕੀ ਹੈ।

**ਜੋਹਰ, ਸੁਰਿੰਦਰ ਸਿੰਘ** (੧੨ ਜੁਲਾਈ ੧੯੨੭—ਜੀਵਤ)

ਆਪਦਾ ਜਨਮ ਸਰਾਏ ਆਲਮਗੀਰ ਜ਼ਿਲਾ ਗੁਜਰਾਤ ਵਿਚ ਸ: ਚੱਤਰ ਸਿੰਘ ਜੌਹਰ ਦੇ ਘਰ ਹੋਇਆ। ੧੯੫੩ ਵਿਚ ਪੰਜਾਬੀ ਦੀ ਐਮ. ਏ. ਕੀਤੀ। ਸਾਢੇ ਤਿਨ ਸਾਲ ਲੋਕ ਸੰਪਰਕ ਵਿਭਾਗ ਵਿਚ ਸੰਪਾਦਕ ਰਹੇ। ੧੯੫੪ ਤੋਂ ਕੇਂਦਰੀ ਸਰਕਾਰ ਸੂਚਨਾ ਪਰਸਾਰ ਵਜ਼ਾਰਤ ਦੇ ਅਧੀਨ ਫ਼ੀਲਡ ਪਬਲੀਸਿਟੀ ਅਫ਼ਸਰ ਹਨ। ਪ੍ਰੋ: ਗੁਰਚਰਨ ਸਿੰਘ ਨਾਲ ਰਲਕੇ 'ਮੋਹਨ ਸਿੰਘ ਤੇ ਉਸਦੀ ਕਵਿਤਾ' ਅਤੇ 'ਫਸਲ ਰਖਿਆ' ਦੋ ਪੁਸਤਕਾਂ ਲਿਖੀਆਂ। 'ਰਾਬਿੰਦਰ ਨਾਥ ਟੈਗੋਰ—ਜੀਵਨ ਤੇ ਰਚਨਾ' ਆਪਦੀ ਅਲੋਚਨਾਤਮਕ ਕਿਰਤ ਹੈ।

ਆਪਦਾ ਸਥਾਨ ਵਿਦਵਾਨ ਬੁਧੀਮਾਨਾਂ ਵਿਚ ਹੈ।

**ਜੋਹਰ, ਪ੍ਰੀਤਮ ਕੌਰ** (੩ ਫਰਵਰੀ ੧੯੨੮—ਜੀਵਤ)

ਆਪ ਜੰਮੂ ਨਿਵਾਸੀ ਸ: ਰਘਬੀਰ ਸਿੰਘ ਦੀ ਸਪੁੱਤਰੀ ਅਤੇ ਗ੍ਰਾਮ ਸੇਵਕ ਕਾਲਜ ਨਾਭਾ ਦੀ ਅਧਿਆਪਕਾ ਹਨ। ਅਰਥ ਸ਼ਾਸਤਰ ਦੀ ਐਮ. ਏ., ਪੰਜਾਬੀ ਦੀ ਗਿਆਨੀ ਅਤੇ ਗ੍ਰਹਿ-ਵਿਗਿਆਨ ਦੇ ਬਦੇਸ਼ ਸਿਖਿਅਤ ਮਾਹਿਰ ਹਨ।

ਪੰਜਾਬੀ ਵਿਚ ਆਪਦੀਆਂ ।ਤੰਨ ਸੂਚਨਾ-ਕਾਰਕ ਪੁਸਤਕਾਂ ਆ ਚੁਕੀਆਂ ਹਨ।

**ਜੈ ਕਿਸ਼ਨ** (ਸਤਾਰ੍ਹਵੀਂ-ਅਠਾਰ੍ਹਵੀ ਸਦੀ)

ਆਪ ਭਵਾਨੀ ਦਾਸ ਦੇ ਸਪੁਤਰ ਅਤੇ ਕਿਰਪਾ ਰਾਮ ਦੇ ਚੇਲੇ ਸਨ।

ਆਪਦੀ ਪ੍ਰਸਿੱਧ ਰਚਨਾ 'ਰੂਪ ਦੀਪ ਪਿੰਗਲ' ਬੜੀ ਪ੍ਰਮਾਣੀਕ ਮੰਨੀ ਜਾਂਦੀ ਹੈ। ਇਸ ਵਿਚ ੫੨ ਛੰਦਾਂ ਦਾ ਵਿਗਿਆਨਕ ਅਧਿਅਨ ਹੈ।

ਇਹ ਰਚਨਾ ੧੭੧੯ ਈਸਵੀ (ਸੰਮਤ ੧੭੭੬) ਦੀ ਮੰਨੀ ਜਾਂਦੀ ਹੈ।

**ਜੰਗ ਸਿੰਘ** (ਅਕਾਲੀ ਲਹਿਰ)

ਆਪਦਾ ਜਨਮ ਪਿਡ ਸੁਖਨਾ (ਮਾਲਵਾ) ਦੇ ਨਿਵਾਸੀ ਸ: ਸੰਤ ਸਿੰਘ ਦੇ ਘਰ ਮਾਤਾ ਦਾਨ ਕੌਰ ਦੀ ਕੁਖੋਂ ਹੋਇਆ । ਡਸਕੇ, ਸੰਗਰੂਰ ਦੇ ਮੋਰਚਿਆਂ ਵਿਚ ਆਪਨੇ ਸਰਗਰਮ ਹਿੱਸਾ ਲਿਆ ਅਤੇ ਅੰਗਰੇਜ਼ਾਂ ਦੀਆਂ ਕੈਦਾਂ ਕੱਟੀਆਂ ।

'ਅਕਾਲੀ ਪਰਦੇਸੀ' ਨਾਂ ਦੀ ਅਖਬਾਰ ਵਿਚ ਛਪੇ ਸੰਪਾਦਕੀ ਲੇਖ ਆਪਦੀ ਘਾਲਣਾ ਵਿਚ ਸ਼ਾਮਲ ਹਨ ।

ਆਪਦੀ ਵਿਦਿਆ ਵਿਚ ਦਸਵੀਂ ਤੇ ਗਿਆਨੀ ਦੀਆਂ ਯੋਗਤਾਵਾਂ ਸ਼ਾਮਲ ਹਨ । 'ਅਕਾਲੀ' ਵਿਚ ਸਹਾਇਕ ਸੰਪਾਦਕ ਰਹਿਣ ਪਿਛੋਂ ਆਪ 'ਖਾਲਸਾ ਸੇਵਕ' ਦੇ ਸੰਪਾਦਕ ਰਹੇ । ਕੁਝ ਚਿਰ ਪਟਿਆਲਿਉਂ ਨਿਕਲਦੀ ਅਖਬਾਰ 'ਰਣਜੀਤ' ਦੇ ਵੀ ਸੰਪਾਦਕ ਰਹੇ । ਫਿਰ ਪਰਵਾਰ ਸਮੇਤ ਮਲਾਇਆ ਚਲੇ ਗਏ ਜਿਥੇ ਆਪ ਨੇ ਅਕਾਲੀ ਲਹਿਰ ਦੇ ਸਬੰਧ ਵਿਚ ਕੈਦ ਵੀ ਕੱਟੀ ।

ਆਪ ਨੂੰ ਭਾਰਤੀ ਆਜ਼ਾਦੀ ਲਹਿਰ ਦੇ ਉਚਤਮ ਘੁਲਾਟੀਆਂ ਵਿਚ ਗਿਣਿਆ ਜਾ ਸਕਦਾ ਹੈ । ਆਪ ਜਿਥੇ ਵੀ ਰਹੇ ਸਿਖ ਧਰਮ, ਪੰਜਾਬੀ ਬੋਲੀ ਅਤੇ ਭਾਰਤੀ ਆਜ਼ਾਦੀ ਦਾ ਪਰਚਾਰ ਕਰਦੇ ਰਹੇ ਤੇ ਤਸੀਹੇ ਸਹਿੰਦੇ ਰਹੇ ।

**ਜੋਗਾ ਸਿੰਘ ਢਿਲੋਂ**

ਵੇਖੋ
ਢਿਲੋਂ, ਜੋਗਾ ਸਿੰਘ

**ਜਗਜੀਤ ਸਿੰਘ**

ਜਨਮ ਸ: ਅਮਰ ਸਿਘ ਦੇ ਘਰ ਹੋਇਆ । ਰਹਿੰਦੇ ਠੀਕਰੀਵਾਲਾ ਜ਼ਿਲਾ ਸੰਗਰੂਰ ਵਿਖੇ ਹਨ । ਵਿਦਿਆ ਬੀ. ਏ. ਤਕ ਹੈ ।

'ਇਕ ਜੀਵਨ-ਇਕ ਇਤਿਹਾਸ' (ਸ਼ਹੀਦ ਸੇਵਾ ਸਿਘ ਠੀਕਰੀ ਵਾਲਾ ਦੀ ਜੀਵਨੀ ੧੯੫੯) ਨਾਂ ਦੀ ਪੁਸਤਕ ਆਪਦੀ ਘਾਲਣਾ ਵਿਚ ਸ਼ਾਮਲ ਹੈ ।

**ਜਗਜੀਤ ਸਿੰਘ**

ਪੰਜਾਬੀ ਦੇ ਨੌਜਵਾਨ ਆਲੋਚਕ ਹਨ । ਤ੍ਰੈਮਾਸਕ 'ਸੰਕੇਤ' ਜਲੰਧਰ ਦੇ ਸੰਪਾਦਕ ਹਨ । 'ਸੰਕੇਤ' ਵਿਚ ਨਵੀਨ ਸਾਹਿਤ ਦਾ ਮੁਲਅੰਕਣ ਨਵੀਂ ਦ੍ਰਿਸ਼ਟੀ ਤੋਂ ਕਰਦੇ ਦਨ । ਪ੍ਰਸਿੱਧ ਜਗਜੀਤ ਸਿੰਘ ਛਾਬੜਾ ਦੇ ਨਾਂ ਨਾਲ ਹਨ ।

ਇਕ ਆਲੋਚਨਾਤਮਕ ਅਧਿਅਨ ਦੀ ਪੁਸਤਕ 'ਵਾਰਸ਼ ਸ਼ਾਹ' ਛਪ ਚੁਕੀ ਹੈ ।

'ਆਧੁਨਿਕ ਪੰਜਾਬੀ ਸਾਹਿਤ' ਬਾਰੇ ਕੁਝ ਹੋਰ ਰਚਨਾਵਾਂ ਤਿਆਰ ਹਨ ।

ਅਜ ਕਲ ਰਾਮ ਗੜ੍ਹੀਆ ਕਾਲਜ ਫਗਵਾੜਾ ਵਿਚ ਲੈਕਚਰਾਰ ਹਨ ।

**ਜਗਜੀਤ ਸਿੰਘ**

ਵੇਖੋ
ਗੁਲਾਟੀ, ਜਗਜੀਤ ਸਿੰਘ

**ਜਗਜੀਤ ਸਿੰਘ** (੨੭ ਸਤੰਬਰ ੧੯੪੪—ਜੀਵਤ)

ਆਪ ਨਗਰੋਟਾ ਬਗਵਾਂ ਜ਼ਿਲਾ ਕਾਂਗੜਾ ਦੇ ਨਿਵਾਸੀ ਸ: ਬਲਵੰਤ ਸਿੰਘ ਪ੍ਰਭਾਕਰ ਦੇ ਸਪੁੱਤਰ ਹਨ ।

ਪੰਜਾਬੀ ਅਤੇ ਹਿੰਦੀ ਵਿਚ ਕਵਿਤਾਵਾਂ ਕਹਾਣੀਆਂ ਲਿਖਦੇ ਹਨ ।

**ਜਗਤ ਸਿੰਘ ਸੇਵਕ** (੧੮੭੬—੧੯੪੫)

ਆਪਦਾ ਜਨਮ ਅੰਮ੍ਰਿਤਸਰ ਵਿਚ ਹੋਇਆ। ਆਪਨੇ ਵਿਦਿਅਕ ਯੋਗਤਾਵਾਂ ਤੋਂ ਬਿਨਾਂ ਵੀ ਪਤਰਕਾਰਕ ਪ੍ਰਤਿਭਾ ਕਮਾਈ ਅਤੇ ਜੀਵਨ ਭਰ ਪੰਜਾਬੀ ਪਤਰਕਾਰੀ ਦੀ ਸੇਵਾ ਕੀਤੀ। ਆਪਨੇ ੧੯੦੨ ਤੋਂ ਲੈ ਕੇ ਅੰਤ ਸਮੇਂ ਤਕ ਖਾਲਸਾ ਸੇਵਕ, ਕਿਰਪਾਨ ਬਹਾਦਰ, ਗਿਆਨੀ, ਸੁਖ ਜੀਵਨ ਆਦਿਕ ਪਤਰਾਂ ਵਿਚ ਕੰਮ ਕੀਤਾ।

ਪਤਰਾਂ ਵਿਚ ਛਪੀਆਂ ਆਪਦੀਆਂ ਵਿਕੋਲਿਤਰੀਆਂ ਰਚਨਾਵਾਂ ਵਿਚ ਸਾਂਝੀਵਾਲ ਸਿੱਖ ਵਿਚਾਰਾਂ ਦੀ ਪਰਧਾਨਤਾ ਹੈ। 'ਸੇਵਕ ਪੋਥੀ' 'ਪਹਿਲੀ ਜਾਣ ਪਛਾਣ' 'ਸੇਵਕ ਪੰਜਾਬੀ ਬਾਲ ਸੋਧ' ਆਦਿਕ ਆਪਦੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਸਬੰਧ ਸਾਹਿਤ ਨਾਲ ਘਟ ਤੇ ਵਿਦਿਆ ਨਾਲ ਵਧੇਰੇ ਹੈ।

**ਜਗਤਜੀਤ ਸਿੰਘ** (੬ ਜੂਨ ੧੯੨੩—ਜੀਵਤ)

ਜਨਮ ਸਿਆਲ ਕੋਟ ਵਿਚ ਸ: ਸੰਪੂਰਨ ਸਿੰਘ ਦੇ ਘਰ ਹੋਇਆ। ਵਿਦਿਆ ਬੀ. ਏ. ਤਕ ਹੈ।

'ਮਨੋਕਲਪਣਾ' ਅਤੇ 'ਦਾਗ' ਆਪਦੀਆਂ ਦੋ ਪੁਸਤਕਾਂ ਹਨ। 'ਦਾਗ' ਵਿਚ ਅਤਿਅੰਤ ਸੂਖਮ ਕਵਿਤਾਵਾਂ ਹਨ, ਆਪ ਉਤੇ ਪ੍ਰਕਿਰਤੀਵਾਦ ਦਾ ਪ੍ਰਭਾਵ ਵੀ ਹੈ।

**ਜਗਤਜੀਤ ਸ਼ਰਮਾ**

ਵੇਖੋ
ਸ਼ਰਮਾ, ਜਗਤਜੀਤ

**ਜੋਗਿੰਦਰ ਸਿੰਘ** (੧੧ ਅਕਤੂਬਰ ੧੯੪੨—ਜੀਵਤ)

ਆਪ ਪਟਿਅਲੇ ਦੇ ਸਾਹਿਤ-ਸਭੀਏ ਹਨ। ਪੰਜਾਬੀ ਵਿਚ ਨਿਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

ਆਪਦੀਆਂ ਬਹੁਤ ਸਾਰੀਆਂ ਰਚਨਾਵਾਂ ਪੰਜਾਬੀ ਦੇ ਪ੍ਰਸਿਧ ਰਸਾਲਿਆਂ ਵਿਚ ਪ੍ਰਕਾਸ਼ਿਤ ਹੋ ਚੁਕੀਆਂ ਹਨ।

**ਜੋਗਿੰਦਰ ਸਿੰਘ, ਸਰ** (੧੮੭੭—੨੨ ਦਸੰਬਰ ੧੯੬੬)

ਜਨਮ ਪਿੰਡ ਰਸੂਲਪੁਰ, ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਸ: ਜਵਾਲਾ ਸਿੰਘ ਦੇ ਘਰ ਹੋਇਆ। ਮੁਢਲੀ ਤੇ ਉਚੇਰੀ ਵਿਦਿਆ ਘਰ ਵਿਚ ਹੀ ਅਮੀਰਾਨਾ ਢੰਗ ਨਾਲ ਪ੍ਰਾਪਤ ਕੀਤੀ। ੧੯੧੦ ਵਿਚ ਮਹਾਰਾਜਾ ਪਟਿਆਲਾ ਨੇ ਆਪ ਨੂੰ ਰਿਆਸਤ ਦਾ ਗ੍ਰਹਿ ਮੰਤਰੀ ਬਣਾ ਲਿਆ। ਫਿਰ ੧੯੨੬ ਤੋਂ ੧੯੨੭ ਦੇ ਦੌਰਾਨ ਆਪ ਪੰਜਾਬ ਵਿਚ ਖੇਤੀ ਬਾੜੀ ਦੇ ਵਜ਼ੀਰ ਰਹੇ। ਮਾਰਚ ੧੯੨੯ ਵਿਚ ਅੰਗ੍ਰੇਜ਼ਾਂ ਨੇ ਆਪ ਨੂੰ ਸਰ ਦਾ ਖਿਤਾਬ ਦਿਤਾ। ੧੯੩੭-੪੦ ਵਿਚ ਆਪ ਰਿਆਸਤ ਪਟਿਆਲਾ ਦੇ ਮੁਖ ਮੰਤਰੀ ਰਹੇ। ਪੰਜ ਸਾਲ ਦੇ ਲਗਭਗ ਵਾਇਸਰਾਏ ਦੀ ਕੌਂਸਲ ਆਫ਼ ਸਟੇਟ ਦੇ ਮੈਂਬਰ ਰਹੇ। ਆਪ ਖਾਲਸਾ ਨੈਸ਼ਨਲ ਪਾਰਟੀ ਦੇ ਮੋਢੀਆਂ ਵਿਚੋਂ ਸਨ। ਆਪਨੂੰ ਬਰਤਾਨਵੀ ਸਾਮਰਾਜ ਨਾਲ ਹਮਦਰਦੀ ਨਹੀਂ ਸੀ। ਜੋਗਿੰਦਰ ਨਗਰ ਦਾ ਬਿਜਲੀ ਕੇਂਦਰ ਆਪਦੇ ਯਤਨਾਂ ਨਾਲ ਬਣਿਆ। ੧੯੪੬ ਵਿਚ ਭਾਰਤ ਦੀ ਆਰਜ਼ੀ ਸਰਕਾਰ ਬਣੀ ਤਾਂ ਅਕਾਲੀਆਂ ਨੇ ਆਪ ਨੂੰ ਆਪਣਾ ਪ੍ਰਤੀਨਿਧ ਨਾ ਚੁਣਿਆ। ਇਸੇ ਵਰ੍ਹੇ ਆਪਦੀ ਮੌਤ ਹੋ ਗਈ।

ਸਿੱਖ ਸਿਆਸਤ ਵਿਚ ਵੀ ਆਪਦਾ ਨਿਵੇਕਲਾ ਸਥਾਨ ਸੀ। ਆਪਨੇ ਦੂਜੀ, ਪੰਜਵੀਂ, ਅਠਾਰ੍ਹਵੀਂ ਤੇ ਤਈਵੀਂ ਸਿੱਖ ਵਿਦਿਅਕ ਕਾਨਫਰੰਸ ਦੀ ਪ੍ਰਧਾਨਗੀ ਕੀਤੀ।

'ਕਮਲਾ' ਤੇ 'ਕਾਮਨੀ' ਆਪਦੇ ਦੋ ਨਾਵਲ ਹਨ ਜਿਨ੍ਹਾਂ ਨੂੰ ਸ: ਅਵਤਾਰ ਸਿੰਘ ਆਜ਼ਾਦ ਨੇ ਪੰਜਾਬੀ

ਵਿਚ ਅਨੁਵਾਦਿਤ ਕੀਤਾ ਹੈ। ਆਪਦੇ ਵਿਦਵਤਾ ਭਰੇ ਲੇਖ ਅਕਸਰ ਬਦੇਸ਼ੀ ਰਸਾਲਿਆਂ ਵਿਚ ਛਪਦੇ ਰਹਿਦੇ ਸਨ। ਆਪ ਅੰਗਰੇਜ਼ੀ ਮੈਗਜ਼ੀਨ ''ਈਸਟ ਐਂਡ ਵੈਸਟ'' ਦੇ ਸੰਪਾਦਕ ਵੀ ਸਨ।

**ਜੁਗਿੰਦਰ ਸਿੰਘ ਜੋਸ਼** (੧੯੨੯—ਜੀਵਤ)

ਆਪਦਾ ਜਨਮ ਟੋਭਾ ਟੇਕ ਸਿਘ ਜ਼ਿਲਾ ਲਾਇਲ-ਪੁਰ ਵਿਖੇ ਸਰਦਾਰ ਸੰਤ ਸਿਘ ਆਹਲੂਵਾਲੀਆ ਦੇ ਘਰ ਹੋਇਆ। ਦਸਵੀਂ ਪਾਸ ਕਰਨ ਪਿਛੋਂ ਆਪ ਕਵਿਤਾ ਅਤੇ ਪਤਰਕਾਰੀ ਦੇ ਖੇਤਰ ਵਿਚ ਸਰਗਰਮ ਹੋ ਗਏ। ਆਪਨੇ ਜਮਸ਼ੈਦਪੁਰ ਤੋਂ ਦੋ ਪੰਜਾਬੀ ਰਸਾਲੇ 'ਕਿਰਨ' ਤੇ 'ਪੰਜਾਬੀ ਸੰਸਾਰ' ਜਾਰੀ ਕੀਤੇ। 'ਕਿਰਨ' ਮਾਸਕ ਅਜ ਕਲ ਕਪੂਰਥਲਿਓਂ ਨਿਕਲ ਰਿਹਾ ਹੈ ਤੇ 'ਪੰਜਾਬੀ ਸੰਸਾਰ' ਬੰਦ ਹੋ ਗਿਆ ਹੈ। ਕਪੂਰਥਲੇ ਆ ਕੇ ਆਪ ਮਿਉਂਸਪਲ ਕਮਿਸ਼ਨਰ ਵੀ ਰਹੇ।

ਉਪਰ ਦਸੇ ਅਤੇ ਹੋਰ ਮਾਸਕਾਂ ਵਿਚ ਪ੍ਰਕਾਸ਼ਤ ਵਿਕੋਲਿਤਰੀਆਂ ਰਚਨਾਵਾਂ ਆਪਦੀ ਘਾਲਣਾ ਹਨ।

**ਜੁਗਿੰਦਰ ਸਿੰਘ ਨਿਰਾਲਾ** (੧੯੪੪—ਜੀਵਤ)

ਜਨਮ ਬਰਨਾਲਾ, ਜ਼ਿਲਾ ਸੰਗਰੂਰ ਵਿਚ ਸ: ਲਾਲ ਸਿੰਘ ਦੇ ਘਰ ਹੋਇਆ। ਘਰ ਵਿਚ ਬਚਪਨ ਤੋਂ ਆਪਨੂੰ ਸਾਹਿਤਕ ਵਾਤਾਵਰਣ ਮਿਲਿਆ। ਅਜ ਕਲ ਆਪ ਬਰਨਾਲੇ ਵਿਚ ਹੀ ਰਹਿੰਦੇ ਹਨ।

ਪ੍ਰਸਿਧ ਮਾਸਕ ਪਤਰਾਂ ਅਤੇ ਕੁਝ ਸੰਪਾਦਿਤ ਕਹਾਣੀ-ਸੰਗ੍ਰਹਿਆਂ ਵਿਚ ਆਪਦੀਆਂ ਰਚਨਾਵਾਂ ਛਪ ਚੁਕੀਆਂ ਹਨ।

ਆਪਦੀ ਵਿਚਾਰਧਾਰਾ ਪ੍ਰਗਤੀਵਾਦੀ ਹੈ।

**ਜੋਗਿੰਦਰ ਸਿੰਘ ਪ੍ਰੋਫੈਸਰ** (੧੬ ਜੂਨ ੧੯੧੧—ਜੀਵਤ)

ਆਪਦਾ ਜਨਮ ਰਾਮਪੁਰ ਜ਼ਿਲਾ ਪਟਿਆਲਾ ਵਿਚ ਸ: ਦਰਸ਼ਨ ਸਿੰਘ ਦੇ ਘਰ ਹੋਇਆ। ੧੯੪੦ ਵਿਚ ਫ਼ਾਰਸੀ ਦੀ ਐਮ. ਏ. ਕੀਤੀ। ਅਜ ਕਲ ਪੰਜਾਬੀ ਵਿਭਾਗ, ਪੰਜਾਬ, ਪਟਿਆਲਾ ਦੇ ਮੀਤ ਨਿਦੇਸ਼ਕ ਹਨ।

ਪਿੰਗਲ ਤੇ ਅਰੂਜ਼, ਭਾਰਤ ਦਾ ਸੰਵਿਧਾਨ ਆਦਿਕ ਆਪਦੀਆਂ ਮਹੱਤਵ-ਪੂਰਨ ਕਿਰਤਾਂ ਹਨ।

ਭਾਸ਼ਾਂ ਵਿਗਿਆਨ ਅਤੇ ਸਾਹਿਤਕ ਖੋਜ ਬਾਰੇ ਆਪਦੇ ਕਈ ਦਰਜਨ ਲੇਖ ਪੰਜਾਬੀ ਦੁਨੀਆਂ ਅਤੇ ਆਲੋਚਨਾ ਵਿਚ ਛਪ ਚੁਕੇ ਹਨ।

ਆਪਦਾ ਸਥਾਨ ਉਚੇਰੇ ਵਿਦਵਾਨਾਂ ਵਿਚ ਹੈ।

**ਜੋਗਿੰਦਰ ਸਿੰਘ ਬਿਰੰਗ**

ਵੇਖੋ

ਬਿਰੰਗ, ਜੋਗਿੰਦਰ ਸਿੰਘ

**ਜੋਗਿੰਦਰ ਸਿੰਘ ਮੀਤ** (੩੦ ਜਨਵਰੀ, ੧੯੩੧—ਜੀਵਤ)

ਆਪ ਸ: ਦਰਬਾਰਾ ਸਿੰਘ ਦੇ ਪੁਤਰ ਅਤੇ ਸ਼ਿਮਲੇ ਦੇ ਵਪਾਰੀ ਹਨ। ਆਪਦੀ ਵਿਦਿਆ ਵਿਚ ਐਫ. ਏ. ਅਤੇ ਗਿਆਨੀ ਦੀਆਂ ਯੋਗਤਾਵਾਂ ਸ਼ਾਮਲ ਹਨ।

ਪੰਜਾਬੀ ਕਵਿਤਾ ਦੀ ਰਚਨਾ ਆਪਦਾ ਮਨ ਪਸੰਦ ਸ਼ੌਕ ਹੈ।

ਸਟੇਜ ਦਾ ਮਾਧਿਅਮ ਆਪ ਲਈ ਸਾਧਾਰਨ ਹੈ।

**ਜੋਗਿੰਦਰ ਸਿੰਘ ਰਮਦੇਵ**

ਵੇਖੋ

ਰਮਦੇਵ, ਜੋਗਿੰਦਰ ਸਿੰਘ

**ਜੁਗਿੰਦਰ ਸਿੰਘ ਸ਼ਾਦ** (-੧੯੪੦, ੪੮-)

ਆਪ ਇਕ ਉਰਦੂ-ਪ੍ਰਭਾਵਿਤ ਪੰਜਾਬੀ ਕ਼ਹਾਣੀਕਾਰ ਹਨ। ਆਧੁਨਿਕ ਉਰਦੂ ਸਾਹਿਤ ਦੀ ਖੁਲ੍ਹ ਆਪਦੀ ਸਮੁਚੀ ਰਚਨਾ ਵਿਚ ਵਿਆਪਕ ਹੈ।

'ਸੈਨਤਾਂ', 'ਗੁਨਾਹ ਦੀਆਂ ਰਾਤਾਂ', 'ਪਾਸ਼ਾ', ਤੇ 'ਕਲੀਆਂ ਤੇ ਕੰਡੇ', ਆਪਦੇ **ਚਾਰ** ਕਹਾਣੀ-ਸੰਗ੍ਰਹਿ ਪ੍ਰਕਾਸ਼ਤ ਰੂਪ ਵਿਚ ਮਿਲਦੇ ਹਨ।

**ਜੋਗਿੰਦਰ ਸਿੰਘ ਜ਼ਖਮੀ** (੧੯ ਅਕਤੂਬਰ, ੧੯੩੫—ਜੀਵਤ)

ਜਨਮ ਪਿੰਡ ਡੱਲੀ (ਭੋਗਪੁਰ), ਜ਼ਿਲਾ ਜਲੰਧਰ ਵਿਚ ਸ੍ਰੀ ਖੁਸ਼ੀ ਰਾਮ ਦੇ ਘਰ ਹੋਇਆ। ਟਾਂਡਾ ਉੜਮੁੜ ਦੇ ਸਰਕਾਰੀ ਸਕੂਲੋਂ ਦਸਵੀਂ ਕਰਨ ਪਿਛੋਂ ਆਪ ਕੁਝ ਚਿਰ ਮਹਿਕਮਾ ਜ਼ਰਾਇਤ ਵਿਚ ਰਹੇ ਤੇ ਫਿਰ ਪਜਾਬ ਸਟੇਟ ਲਾਇਬਰੇਰੀ ਚੰਡੀਗੜ੍ਹ ਵਿਚ ਰੀਸਟੋਰਰ ਲਗ ਗਏ। ਅਜ ਕਲ੍ਹ ਇਥੇ ਹੀ ਹਨ।

ਪੰਜਾਬੀ ਦੇ ਵਖੋ ਵਖ ਰਸਾਲਿਆਂ ਤੇ ਸੰਗ੍ਰਹਿਆਂ ਵਿਚ ਆਪਦੀਆਂ ਕਹਾਣੀਆਂ ਛਪ ਚੁਕੀਆਂ ਹਨ। ਦੁਆਬੇ ਦੀ ਜ਼ਿੰਦਗੀ ਦਾ ਚਿਤਰਨ ਆਪਦੇ ਵਸ ਦੀ ਗਲ ਹੈ।

**ਜਗਦੀਸ਼ ਅਰਮਾਨੀ** (੧੦ ਨਵੰਬਰ ੧੯੩੭—ਜੀਵਤ)

ਆਪ ਸੁਰਗਵਾਸੀ ਸ: ਆਇਆ ਸਿਘ ਦੇ ਸਪੁਤਰ ਅਤੇ ਪਟਿਆਲੇ ਦੇ ਸਰਗਰਮ ਸਾਹਿਤਕਾਰ ਹਨ। ਆਪ ਬੀ. ਏ; ਬੀ, ਟੀ. ਹਨ ਅਤੇ ਸਰਕਾਰੀ ਅਧਿਆਪਕ ਦਾ ਕੰਮ ਕਰਦੇ ਹਨ।

ਆਪਦੀਆਂ ਕਹਾਣੀਆਂ ਪਰਮੁਖ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ।

**ਜਗਦੀਸ਼ ਮਿੱਤਰ ਮਸਤਾਨਾ** (੧੦ ਅਗਸਤ ੧੯੪੪—ਜੀਵਤ)

ਆਪ ਮੁਕੇਰੀਆਂ-ਨਿਵਾਸੀ ਸ੍ਰੀ ਮਿਲਖੀ ਰਾਮ ਦੇ ਸਪੁਤਰ ਹਨ।

ਪੰਜਾਬੀ ਵਿਚ ਬਾਲ-ਸਾਹਿਤ ਦੀਆਂ ਰਚਨਾਵਾਂ ਕਰਦੇ ਹਨ। ਸਾਹਿਤਕ ਪੱਤਰਕਾਰੀ ਵਿਚ ਸਰਗਰਮ ਰਹਿੰਦੇ ਹਨ।

**ਜਗਦੀਸ਼ ਲਾਲ ਮਦਾਨ**

ਵੇਖੋ

ਮਦਾਨ, ਜਗਦੀਸ਼ ਲਾਲ

**ਜੱਗੀ, ਬਦਰੀ ਨਾਥ** (੧੦ ਦਸੰਬਰ ੧੯੩੭—ਜੀਵਤ)

ਆਪ ਸ੍ਰੀ ਰਾਮ ਚੰਦ ਦੇ ਪੁਤਰ ਅਤੇ ਨਗਰੋਟਾ ਬਗਵਾਂ ਦੇ ਜੂਨੀਅਰ ਬੇਸਿਕ ਅਧਿਆਪਕ ਹਨ।

ਹਿੰਦੀ, ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਜਗਮੋਹਨ ਸਿੰਘ ਪਾਹੂਜਾ**

ਵੇਖੋ

ਪਾਹੂਜਾ, ਜਗਮੋਹਨ ਸਿੰਘ

**ਜਗੀਰ ਸਿੰਘ ਰੋਡੇ** (੧੯੧੦—ਜੀਵਤ)

ਜਨਮ ਪਿੰਡ ਰੋਡੇ (ਮਾਲਵਾ) ਵਿਚ ਸ: ਬੂੜ ਸਿਘ ਦੇ ਘਰ ਹੋਇਆ। ਭੂਪਿੰਦਰ ਖਾਲਸਾ ਹਾਈ ਸਕੂਲ ਮੋਗਾ ਤੋਂ ਦਸਵੀਂ ਕਰਨ ਪਿਛੋਂ ਆਪ ਨੇ ਗਿਆਨੀ ਪਾਸ ਕੀਤੀ ਅਤੇ ਕੁਝ ਚਿਰ ਪੁਲੀਸ ਵਿਚ

ਰਹਿਣ ਪਿਛੋਂ ਮਲਾਇਆ ਗਏ। ੯ ਮਹੀਨੇ ਪਿਛੋਂ ਆਪ ਵਿਰ ਭਾਰਤ ਆ ਰ.ਏ ਤੇ ਧਾਰਮਕ ਤੇ ਰਾਜਸੀ ਸਟਗਰਮੀਆਂ ਵਿਚ ਰੁਝ ਗਏ। ਦੁਬਾਰਾ ਕੁਝ ਚਿਰ ਮਲਾਇਆ ਰਹਿਣ ਪਿਛੋਂ ਆਪ ਭਾਰਤ ਆ ਕੇ ਮੋਗਿਓਂ ਨਿਕਲਦੇ ਪਤਰ 'ਨਵਾਂ ਸੰਸਾਰ' ਦੇ ਸੰਪਾਦਕ ਰਹੇ। ਆਪ ਜਪਾਨ ਪੱਖੀ ਹੋਣ ਦੇ ਦੋਸ਼ ਵਿਚ ਗਿਫ਼ਤਾਰ ਵੀ ਹੋਏ ਪਰ ਪੁਲੀਸ ਆਪ ਵਿਰੁਧ ਕੋਈ ਸਬੂਤ ਨਾ ਲਭ ਸਕੀ।

ਨਵਾਂ ਸੰਸਾਰ ਵਿਚ ਛਪੇ ਪਤਰਕਾਰਕ ਲੇਖ ਆਪਦੀ ਰਚਨਾ ਹਨ।

**ਜਗਰਾਜ ਸਨੇਹੀ** (੩੧ ਦਸੰਬਰ ੧੯੩੯—ਜੀਵਤ)

ਆਪ ਸ: ਕਰਤਾਰ ਸਿਘ ਦੇ ਸਪੁੱਤਰ ਅਤੇ ਮਿਲਰਗੰਜ ਲੁਧਿਆਣਾ ਦੇ ਨਿਵਾਸੀ ਹਨ। ਵਿਦਿਆ ਦਸਵੀਂ ਤਕ ਹੈ।

ਆਪਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਤੇ ਕਹਾਣੀਆਂ ਅਖਬਾਰਾਂ ਵਿਚ ਪ੍ਰਕਾਸ਼ਿਤ ਹੋ ਚੁਕੀਆਂ ਹਨ।

**ਜ. ਜ. ਮ. ਸਿੰਘ ਭੱਲਾ**

ਵੇਖੋ

ਭੱਲਾ, ਜ. ਜ. ਮ. ਸਿਘ

**ਜੀ. ਡੀ. ਚੌਧਰੀ**

ਵੇਖੋ

ਚੌਧਰੀ, ਜੀ. ਡੀ.

**ਜੀਤ ਸਿੰਘ, ਸੀਤਲ** (੧ ਸਤੰਬਰ ੧੯੧੧—ਜੀਵਤ)

ਜਨਮ ਪਿਡ ਚੱਕ ਕਾਜ਼ੀ ਜ਼ਿਲਾ ਸਿਆਲਕੋਟ ਵਿਚ ਸ: ਜਛੰਦ ਸਿਘ ਦੇ ਘਰ ਹੋਇਆ। ੧੯੩੧ ਵਿਚ ਮੱਰੇ ਕਾਲਜ ਸਿਆਲਕੋਟ ਬੀ. ਏ. ਅਤੇ ੧੯੩੩ ਵਿਚ ਐਮ. ਏ., ਐਮ. ਓ. ਐਲ ਅਤੇ ਫਾਰਸੀ ਆਨਰਜ਼ ਕਰਨ ਪਿਛੋਂ ੧੯੩੯ ਵਿਚ ਆਪ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਫਾਰਸੀ-ਉਰਦੂ ਦੇ ਮੁਖ ਅਧਿਆਪਕ ਲਗ ਗਏ। ਫਿਰ ੧੯੪੦ ਤੋਂ ੧੯੪੬ ਤਕ ਆਪ ਦਿਆਲ ਸਿੰਘ ਕਾਲਜ ਲਾਹੌਰ ਵਿਚ ਫਾਰਸੀ, ਉਰਦੂ ਅਤੇ ਪੰਜਾਬੀ ਪੜ੍ਹਾਉਂਦੇ ਰਹੇ। ੧੯੪੭ ਵਿਚ ਆਪ ਰਣਬੀਰ ਕਾਲਜ ਸੰਗਰੂਰ ਵਿਚ ਆ ਗਏ ਤੇ ੧੯੫੦ ਵਿਚ ਪੰਜਾਬੀ ਦੀ ਐਮ. ਏ. ਕਰਨ ਪਿਛੋਂ ੧੯੫੩ ਵਿਚ ਮਹਿਕਮਾ ਪਟਿਆਲਾ ਵਿਚ ਕੋਸ਼ਕਾਰੀ ਦੇ ਨਿਗਰਾਨ ਲਗ ਗਏ। ੧੯੫੬ ਵਿਚ ਆਪ ਭਾਸ਼ਾ ਵਿਭਾਗ ਪੰਜਾਬ ਦੇ ਸਹਾਇਕ ਸੰਚਾਲਕ ਅਤੇ ੧੯੬੦ (ਪਹਿਲੀ ਨਵੰਬਰ) ਵਿਚ ਪੰਜਾਬੀ ਵਿਭਾਗ, ਪੰਜਾਬ ਦੇ ਮੁਖੀ ਲਗ ਗਏ। ੧੯੫੯ ਵਿਚ ਆਪਨੂੰ ਹੀਰ ਵਾਰਸ ਦੀ ਖੋਜ ਦੇ ਸਬੰਧ ਵਿਚ ਪੰਜਾਬ ਯੂਨੀਵਰਸ਼ਿਟੀ ਵਲੋਂ ਪੀ. ਐਚ. ਡੀ. ਮਿਲੀ।

ਸੱਤ ਸਹੇਲੀਆਂ (ਕਹਾਣੀ-ਸੰਗ੍ਰਹਿ, ੧੯੪੨), ਹਾਜੀ ਬਾਬਾ ਇਸਫਹਾਨੀ (ਅਨੁਵਾਦ, ੧੯੫੪), ਭੂਮਿਕਾ ਹੀਰ ਵਾਰਿਸ (੧੯੫੦) ਆਦਿਕ ਆਪਦੀਆਂ ਮੁਖ ਰਚਨਾਵਾਂ ਹਨ। ਪ੍ਰੀਤਮ, ਫਤਹਿ, ਪੰਜਾਬੀ ਦੁਨੀਆਂ ਜਨ-ਸਾਹਿਤ ਵਿਚ ਛੱਪੇ ਸਾਹਿਤਕ, ਕੋਸ਼ਕਾਰਕ ਅਤੇ ਪਤਰਕਾਰਕ ਲੇਖ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

ਗੁਰੂ ਘਰ ਦੀ ਵਿਚਾਰਧਾਰਾ, ਸਰਬ-ਸਾਧਾਰਨਤਾ ਆਦਿਕ ਆਪਦੀ ਰਚਨਾ ਦੇ ਕੁਝ ਪੱਖ ਹਨ।

**ਜੈ ਦੇਵ**

ਆਪ ਬੰਗਾਲ ਦੇ ਰਾਜਾ ਬੱਲਾਲਸੇਨ ਦੇ ਪੁਤਰ ਰਾਜਾ ਲਕਸ਼ਮਣ ਸੈਨ (੧੧੧੯—੧੧੯੯) ਦੇ

ਦੋਸਤ ਤੇ ਸਮਕਾਲੀ ਸਨ। ਪਿਤਾ ਕਨੌਜ ਨਿਵਾਸੀ ਭੋਜ ਦੇਵ ਬ੍ਰਾਹਮਣ ਦੇ ਘਰ ਰਾਮਾਦੇਵੀ ਦੀ ਕੁਖੋਂ ਕੇਂਦੂਲੀ (ਜ਼ਿਲਾ ਬੀਰਭੂਮੀ) ਵਿਚ ਜਨਮ ਹੋਇਆ। ਆਪ ਆਪਣੀ ਪਤਨੀ ਪਦਮਾਵਤੀ ਨਾਲ ਰਲ ਕੇ ਸੰਗੀਤਕਾਰੀ ਦੀ ਮਦਦ ਨਾਲ ਬੜੀ ਸੁਰ ਨਾਲ ਭਜਨ ਗਾਉਂਦੇ ਸਨ। ਕਾਫੀ ਚਿਰ ਰਾਜਾ ਲਕਸ਼ਮਣ ਸੈਨ ਕੋਲ ਰਹੇ।

ਗੀਤ-ਗੋਵਿੰਦ ਆਪਦੀ ਸੰਸਾਰ-ਪ੍ਰਸਿਧ ਰਚਨਾ ਹੈ। ਇਸ ਵਿਚ ਸਰੋਦ ਅਤੇ ਨਾਟਕੀਯਤਾ ਪ੍ਰਧਾਨ ਹੈ। ਰਹਸਮਈ ਸੰਕੇਤ ਤੇ ਅਲੰਕਾਰ ਕਾਫੀ ਵਰਤੇ ਹਨ। Lassen ਤੇ Pischel ਅਨੁਸਾਰ ਆਪਦੀ ਰਚਨਾ ਪਹਿਲਾਂ ਲੋਕ ਬੋਲੀ ਅਰਥਾਤ ਪ੍ਰਾਕ੍ਰਿਤ ਤੇ ਅਪਭ੍ਰੰਸ਼ ਵਿਚ ਸੀ ਤੇ ਬਾਅਦ ਵਿਚ ਇਸਨੂੰ ਸੰਸਕ੍ਰਿਤ ਰੂਪ ਦਿਤਾ ਗਿਆ। ਆਪ ਵੈਸ਼ਨਵ ਕ੍ਰਿਸ਼ਨ ਉਪਾਸ਼ਕ ਸਨ ਪਰ ਤਤ੍ਵੇਤਾ ਸਾਧੂਆਂ ਸੰਗ ਅਨੰਤਤਾ ਤੇ ਵਿਸਮਾਦ ਵਲ ਆ ਗਏ। ਇਹੋ ਆਪ ਦੀ ਗੁਰੂ ਘਰ ਨਾਲ ਵਿਚਾਰਧਾਰਕ ਸਾਂਝ ਹੈ। ਆਪਦੇ ਹਿੰਦੀ ਤੇ ਪ੍ਰਾਕ੍ਰਿਤ ਦੇ ਦੋ ਸ਼ਬਦ ਆਦਿ ਗ੍ਰੰਥ ਵਿਚ ਦਰਜ ਹਨ।

"ਜੈ ਦੇਵ ਤਿਆਗਿਓ ਅਹੰਮੇਵ"

(ਮਹਲਾ ੫)

"ਬਦਤ ਜੈਦੇਵ ਜੈਦੇਵ ਕਉ ਰੰਮਿਆ"

(ਮਾਰੂ ਜੈਦੇਵ)

**ਜੋਧ ਸਿੰਘ, ਗਿਆਨੀ** (੧੮੭੬—੧੯੩੭)

ਆਪ ਪ੍ਰਸਿਧ ਪੰਜਾਬੀ ਲੇਖਕ ਸ. ਸ. ਅਮੋਲ ਦੇ ਪਿਤਾ ਅਤੇ ਅੰਮ੍ਰਿਤਸਰ-ਨਿਵਾਸੀ ਸਰਦਾਰ ਹੁਕਮ ਸਿੰਘ ਜਗੀਰਦਾਰ ਦੇ ਪੁਤਰ ਸਨ। ਆਪ ਨੇ ਮੈਟਰਿਕ ਤਕ ਦੀ ਪੜ੍ਹਾਈ ਸਥਾਨਕ ਸਕੂਲ ਵਿਚ ਕੀਤੀ, ਇਸ ਤੋਂ ਬਾਅਦ ਆਪ ੧੮੯੬ ਤਕ ਅੰਗਰੇਜ਼ਾਂ ਅਧੀਨ ਇਕ ਸਿੱਖ ਪਲਟਨ ਦੇ ਗਰੰਥੀ ਰਹੇ। ਕਵਿਤਾ ਆਪ ਨੇ ੧੮੮੮ ਵਿਚ ਹੀ ਲਿਖਣੀ ਸ਼ੁਰੂ ਕਰ ਦਿਤੀ ਸੀ। ਆਪ ਨੂੰ ਧਾਰਮਕ ਪਿਆਰ ਦੀ ਦੀਵਾਨਗੀ ਵਿਚ ਕਈ ਵਾਰੀ ਗੁਰੂ ਗੋਬਿੰਦ ਸਿੰਘ ਨਾਲ ਨਾਲ ਵਿਅਕਤੀਗੱਤ ਤੌਰ ਉਤੇ ਮਿਲਣ ਦੇ ਝਉਲੇ ਵੀ ਪੈਂਦੇ ਸਨ।

ਕਲਗੀਧਰ ਹੁਲਾਸ, ਨਿਰੰਕਾਰੀ ਹੁਲਾਸ, ਸ਼ਹੀਦ ਹੁਲਾਸ, ਧਰਮ ਹੁਲਾਰਾ, ਸਾਖੀ ਪੁਰਾਣ ਆਦਿਕ ਆਪਦੀਆਂ ਪ੍ਰਸਿਧ ਕਵਿ-ਪੁਸਤਕਾਂ ਹਨ। ਆਪ ਨੇ ਵਾਰਤਕ ਵਿਚ ਵੀ ਕਈ ਰਚਨਾਵਾਂ ਰਚੀਆਂ। ਜਿਨ੍ਹਾਂ ਵਿਚੋਂ ਦਸ਼ਮੇਸ਼ ਗੁਰੂ, ਮਹਾਂ ਭਾਰਤ (ਅਨੁਵਾਦ) ਅਤੇ ਬਾਲਮੀਕੀ ਰਾਮਾਇਣ (ਅਨੁਵਾਦ) ਪ੍ਰਸਿਧ ਹਨ। ੧੯੦੧ ਵਿਚ ਆਪ ਨੇ 'ਗੁਰਮਤ ਪ੍ਰਚਾਰ' ਨਾਂ ਦਾ ਰਸਾਲਾ ਵੀ ਸ਼ਰੂ ਕੀਤਾ।

ਆਪਦੀ ਵਿਚਾਰਧਾਰਾ ਸਿੱਖੀ ਤੋਂ ਅਤੀਅੰਤ ਪ੍ਰੇਰਿਤ ਹੈ। ਵਰਤਮਾਨ ਦੇ ਸਮਾਜਕ ਦੁਖਾਂ ਦਾ ਹਲ ਆਪ ਅਤੀਤ ਵਿਚ ਭਾਲਦੇ ਹਨ। ਆਪਦੀ ਸ਼ੈਲੀ ਵਿਚੋਂ ਸਾਂਝੀ ਪੰਜਾਬੀਅਤ ਦਾ ਅਧਿਅਨ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਵਿਚ ਉਰਦੂ, ਹਿੰਦੀ ਤੇ ਪੰਜਾਬੀ ਤਿੰਨ ਬੋਲੀਆਂ ਦੀਆਂ ਰਵਾਇਤੀ ਸ਼ੈਲੀਆਂ ਦਾ ਸੰਜੋਗ ਮਿਲਦਾ ਹੈ।

ਕਲਗੀਧਰ ਹੁਲਾਸ ਵਿਚ ਆਪ ਨੇ ਆਪਣੇ ਸਿਦਕ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ :

ਪਾਣੀ ਅਖੀਆਂ ਥੀਂ ਮੇਰੇ ਗਿਰੇ ਛਮ ਛਮ,
ਡਿੱਠਾ ਉਸ ਵੇਲੇ ਸਿਖ ਹੋਰ ਭਾਈ।
ਬੜਾ ਸੂਰਮਾ ਘੋੜ ਸਵਾਰ ਆਹਾ,
ਹੱਥ ਬਾਜ਼ ਸੰਦੀ ਉਸ ਡੋਰ ਭਾਈ।

'ਸਾਥੀ ਜਾਵੰਦੇ ਨੀ ਤੁਰੇ ਉਹ ਤੇਰੇ,
ਕਾਹਨੂੰ ਹੌਸਲਾ ਦਿਤਾ ਹੀ ਛੋੜ ਭਾਈ ?'
ਇਹ ਆਖਦੇ ਈ ਰਵਾਂ ਆਪ ਹੋਏ,
ਗਾਇਬ ਹੋ ਗਏ ਨੇ ਅਲਫੋਰ ਭਾਈ ।

ਉਪਰੋਕਤ ਕਵਿਤ ਵਿਚ ਇਸ਼ਾਰਾ ਦਸ਼ਮੇਸ਼-ਦਰਸ਼ਨ ਵਲ ਹੈ ।

**ਜੋਧ ਸਿੰਘ, ਭਾਈ** (੩੧ ਮਈ ੧੮੮੨—ਜੀਵਤ)

ਆਪਦਾ ਜਨਮ ਘੁੰਗਰੀਲਾ, ਤਹਿਸੀਲ ਗੁਜਰਖਾਨ, ਜ਼ਿਲਾ ਰਾਵਲ ਪਿੰਡੀ ਵਿਖੇ ਥਲਵੀਂ ਮਧ ਸ਼ਰੇਣੀ ਦੇ ਇਕ ਘਰਾਣੇ ਵਿਚ ਹੋਇਆ । ੧੯੦੬ ਵਿਚ ਆਪ ਨੇ ਪੰਜਾਬ ਯੂਨੀਵਰਸਿਟੀ ਵਿਚ ਅਵਲ ਰਹਿੰਦਿਆਂ ਗਣਿਤ ਦੀ ਐਮ. ਏ. ਕੀਤੀ । ਫਿਰ ੧੯੫੨ ਤਕ ਆਪ ਅਧਿਆਪਕ ਦਾ ਕੰਮ ਕਰਦੇ ਰਹੇ । ੧੬ ਵਰ੍ਹੇ ਆਪ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ । ੧੯੪੮ ਵਿਚ ਆਪ ਸੋਸ਼ਲਿਸਟ ਪਾਰਟੀ ਨਾਲ ਸੰਬੰਧਿਤ ਹੋ ਗਏ । ੧੯੨੫--੨੬ ਵਿਚ ਆਪ ਪੰਜਾਬ ਯੂਨੀਵਰਸਿਟੀ ਦੇ ਸੈਨਿਟਰ ਨਾਮਜ਼ਦ ਕੀਤੇ ਗਏ । ਉਦੋਂ ਤੋਂ ਆਪ ਨਿਰੰਤਰ ਪੰਜਾਬ ਯੂਨੀਵਰਸਿਟੀ ਦੇ ਫੈਲੋ ਚਲੇ ਆ ਰਹੇ ਹਨ । ੧੯੩੪ ਤੋਂ ਆਪ ਯੂਨੀਵਰਸਿਟੀ ਦੇ ਸਿੰਡਿਕ ਹਨ । ਆਪ ਯੂਨੀਵਰਸਿਟੀ ਵਿਚ ਇਕ ਉੱਚ ਅਧਿਕਾਰੀ ਵਜੋਂ ਪੰਜਾਬੀ ਦੇ ਹੱਕਾਂ ਦੀ ਰਾਖੀ ਕਰਦੇ ਰਹੇ ਹਨ । ਚੀਫ ਖਾਲਸਾ ਦੀਵਾਨ ਰਾਹੀਂ ਵੀ ਆਪ ਸਿੱਖ ਬੱਚੇ ਬੱਚੀਆਂ ਦੀ ਸੁਯੋਗ ਪੜ੍ਹਾਈ ਦਾ ਪ੍ਰਬੰਧ ਕਰਵਾਂਦੇ ਰਹੇ । ਆਪਦਾ ਸਥਾਨ ਵਿਦਵਾਨ, ਵਿਦਿਆਕਾਰ ਅਤੇ ਵਿਦਿਅਕ ਲੀਡਰ ਦੇ ਰੂਪ ਵਿਚ ਨਵੇਕਲਾ ਹੈ । ਆਪ ਸਾਹਿਤ ਅਕਾਦਮੀ, ਭਾਸ਼ਾ ਵਿਭਾਗ ਦੇ ਸਲਾਹਕਾਰ ਮੰਡਲ, ਪੰਜਾਬੀ ਬੋਰਡ ਆਫ ਸਟਡੀਜ਼ (ਪੰਜਾਬ ਯੂਨੀਵਰਸਿਟੀ), ਪੰਜਾਬੀ ਰੀਸਰਚ ਕਮੇਟੀ ਅਤੇ ਰੀਸਰਚ ਬੋਰਡ ਦੇ ਚੋਣਵੇਂ ਮੈ ਬਰ ਹਨ । ਸਿੱਖ-ਰਾਜਨੀਤੀ ਅਤੇ ਪੰਜਾਬੀ ਨਾਲ ਸੰਬੰਧਤ ਰਾਜ-ਸੱਤਾ, ਦੋਹਾਂ ਵਿਚ ਆਪ ਆਹਾਰ-ਸ਼ਕਤੀ ਹਨ । ਆਪ ੧੯੫੮-੫੯ ਵਿਚ ਭਾਸ਼ਾ ਸਦ-ਭਾਵਨਾ ਕਮਿਸ਼ਨ ਦੇ ਮੈਂਬਰ ਵੀ ਰਹੇ । 'ਪੰਜਾਬੀ ਯੂਨੀਵਰਸਿਟੀ' ਦੀ ਸਥਾਪਨਾ ਦੇ ਵੇਲੇ ਤੋਂ ਹੀ ਇਸ ਨਾਲ ਸੰਬੰਧਤ ਹੋ ਗਏ । ਆਪ ਇਸਦੇ ਪਹਿਲੇ ਵਾਈਸ ਚਾਂਸਲਰ ਹਨ ।

'ਜੀਵਨ ਦਾ ਅਰਥ', 'ਗੁਰਮਤ ਨਿਰਣੈ', 'ਗੁਰੂ ਸਾਹਿਬ ਤੇ ਵੇਦ', 'ਪ੍ਰਾਚੀਨ ਬੀੜਾਂ ਬਾਰੇ', 'ਸਿੱਖੀ ਕੀ ਹੈ', 'ਜਪੁਜੀ ਸਾਹਿਬ ਸਟੀਕ', 'ਭਗਤ ਬਾਣੀ ਸਟੀਕ' ਆਦਿਕ ਪੁਸਤਕਾਂ ਆਪਦੀ ਘਾਲਣਾ ਹਨ । ਵਿਦਿਆ-ਕਾਰੀ ਦੇ ਖੇਤਰ ਵਿਚ 'ਬਾਲ ਬੋਧ', 'ਪੰਜਾਬੀ ਗੁਰਮੁਖੀ ਰੀਡਰ' (ਲੜੀ), 'ਪੰਜਾਬ ਦੀ ਬੋਲੀ' ਤੇ 'ਮੈਟ੍ਰਿਕੁਲੇਸ਼ਨ ਪੰਜਾਬੀ ਕੋਰਸ' ਆਦਿਕ ਪੁਸਤਕਾਂ ਵਰਨਣ ਯੋਗ ਹਨ ।

ਸਾਹਿਤ ਵਿਚ ਆਪਦਾ ਸਥਾਨ ਇਕ ਸ਼ੁਧ ਵਾਰਤਕਕਾਰ ਵਜੋਂ ਹੈ । ਆਪ ਆਪਣੇ ਪਚੀਦਾ ਵਿਚਾਰਾਂ ਨੂੰ ਘੱਟ ਤੋਂ ਘਟ ਸ਼ਬਦਾਂ ਵਿਚ ਪ੍ਰਗਟ ਕਰਨ ਦਾ ਯਤਨ ਕਰਦੇ ਹਨ । ਆਪਦੀ ਬੋਲੀ ਠੇਠ ਪੰਜਾਬੀ ਹੈ ਤੇ ਪਹੁੰਚ ਤਾਰਕਿਕ ਤੇ ਵਿਸ਼ਲੇਸ਼ਨਕਾਰੀ ਹੈ ।

**ਜੋਹਨ ਅਕਬਰ ਰਾਹੀ** (੧੩ ਮਾਰਚ, ੧੯੩੬—ਜੀਵਤ)

ਜਨਮ ਲੁਧਿਆਣੇ ਵਿਚ ਸ੍ਰੀ ਅਬਦੁਲਾ ਸੰਮਾ ਖਾਂ ਦੇ ਘਰ ਹੋਇਆ । ਸਥਾਨਕ ਖਾਲਸਾ ਨੈਸ਼ਨਲ ਸਕੂਲੋਂ ਦਸਵੀਂ ਕਰਨ ਪਿਛੋਂ ਕੁਝ ਤਕਨੀਕੀ ਵਿਦਿਆ ਪ੍ਰਾਪਤ ਕੀਤੀ ਤੇ ਫਿਰ ਕ੍ਰਿਸਚੀਅਨ ਮੈਡੀਕਲ ਕਾਲਜ

ਵਿਚ ਬਲੱਡ ਬੈਂਕ ਦੇ ਸੀਨੀਅਰ ਟੈਕਨੀਸ਼ੀਅਨ ਲਗ ਗਏ।

ਉਰਦੂ ਅਤੇ ਪੰਜਾਬੀ ਦੇ ਰਸਾਲਿਆਂ ਵਿਚ ਆਪ-ਦੀਆਂ ਰਚਨਾਵਾਂ ਆਮ ਛਪਦੀਆਂ ਰਹਿੰਦੀਆਂ ਹਨ।

ਆਪ ਬੜੇ ਸਿਆਣੇ ਅਤੇ ਪ੍ਰਤਿਭਾਸ਼ੀਲ ਕਵੀ ਹਨ।

**ਜਾਨ ਨਿਸਾਰ, ਮੀਰਾਂ ਬਖਸ਼**

ਵੇਖੋ
ਮੀਰਾਂ ਬਖਸ਼, ਜਾਨ ਨਿਸਾਰ

**ਜੈਨ, ਬਨਾਰਸੀ ਦਾਸ** (੧੮੮੯-੧੨ ਅਪ੍ਰੈਲ ੧੯੫੪)

ਜਨਮ ਲੁਧਿਆਣੇ ਵਿਚ ਲਾਲਾ ਸ਼ਿਵ ਚੰਦ ਜੈਨ ਦੇ ਘਰ ਹੋਇਆ। ੧੯੧੨ ਵਿਚ ਆਪਨੇ ਗੌਰਮਿੰਟ ਕਾਲਜ ਲਾਹੌਰ ਤੋਂ ਬੀ. ਏ. ਕੀਤੀ ਤੇ ਉਚੇਰੀ ਵਿਦਿਆ ਲਈ ਓਰੀਐਂਟਲ ਕਾਲਜ ਵਿਚ ਦਾਖਲ ਹੋ ਗਏ। ਪ੍ਰਿੰਸੀਪਲ ਵੂਲਨਰ ਦੀ ਪ੍ਰੇਰਨਾ ਨੇ ਆਪਨੂੰ ਭਾਸ਼ਾ ਵਿਗਿਆਨ ਦਾ ਵਿਸ਼ੇਸ਼ਗ ਬਣਾ ਦਿਤਾ।

ਮਿਓ ਖੋਜ-ਵਜ਼ੀਫ਼ੇ ਦੀ ਪ੍ਰਾਪਤੀ ਉਤੇ ਆਪਨੇ ੧੯੧੩-੧੫ ਵਿਚ ਪੰਜਾਬੀ ਦਾ ਵਿਗਿਆਨਕ ਅਧਿਅਨ ਕੀਤਾ। ੧੯੧੫ ਵਿਚ ਆਪਨੇ ਸੰਸਕ੍ਰਿਤ ਦੀ ਐਮ. ਏ. ਕਰ ਲਈ। ੧੯੧੯ ਵਿਚ ਪੰਜਾਬ ਯੂਨੀ-ਵਰਸਿਟੀ ਲਾਹੌਰ ਨੇ ਆਪਨੂੰ ਪੰਜਾਬੀ ਅੰਗਰੇਜ਼ੀ-ਕੋਸ਼ ਤਿਆਰ ਕਰਨ ਦਾ ਕੰਮ ਦਿਤਾ। ੧੯੨੪ ਵਿਚ ਆਪ ਹੋਰ ਉਚੇਰੀ ਵਿਦਿਆ ਲਈ ਵਲਾਇਤ ਚਲੇ ਗਏ ਤੇ ੧੯੨੬ ਵਿਚ ਆਪਨੇ 'ਲੁਧਿਆਣੇ ਦੀ ਬੋਲੀ ਪੰਜਾਬੀ ਦਾ ਧੁਨੀਵਿਚਾਰ (Phonology) ਲਿਖ ਕੇ ਲੰਡਨ ਯੂਨੀਵਰਸਿਟੀ ਤੋਂ ਪੀ. ਐਚ. ਡੀ. ਪ੍ਰਾਪਤ ਕੀਤੀ। ਵਾਪਸ ਪੰਜਾਬ ਆ ਕੇ ਆਪਨੇ ਪੰਜਾਬੀ-ਅੰਗਰੇਜ਼ੀ ਕੋਸ਼ ਪੂਰਨ ਕੀਤਾ। ੧੯੨੮ ਵਿਚ ਪੰਜਾਬ ਯੂਨੀਵਰਸਿਟੀ ਵਿਚ ਹੀ ਹਿੰਦੀ ਦੇ ਅਧਿਆਪਕ ਲਗ ਗਏ ਤੇ ੧੯੪੭ ਵਿਚ ਰਿਟਾਇਰ ਹੋ ਗਏ। ੧੯੪੯ ਵਿਚ ਆਪ ਮਹਿਕਮਾ ਪੰਜਾਬੀ, ਪਟਿਆਲਾ ਵਿਚ ਕੋਸ਼ਕਾਰੀ ਦੇ ਸੁਪਰਵਾਈਜ਼ਰ ਲਗ ਗਏ। ੧੯੫੩ ਵਿਚ ਆਪ ਰਿਟਾਇਰ ਹੋ ਕੇ ਲੁਧਿਆਣੇ ਆ ਗਏ। ਤੇ ੧੯੫੪ ਵਿਚ ਅਚਾਨਕ ਚਲਾਣਾ ਕਰ ਗਏ।

ਆਪਨੇ ਅੰਗਰੇਜ਼ੀ ਦੇ ਮਾਧਿਅਮ ਵਿਚ ਪੰਜਾਬ ਦੀ ਆਵਾਜ਼ ਬਾਹਰਲੇ ਜਗਤ ਤਕ ਪਹੁੰਚਾਉਣ ਲਈ ਕਾਫੀ ਵਡੀ ਘਾਲਣਾ ਘਾਲੀ। 'ਪੰਜਾਬੀ ਫਿਲਾਲੋਜੀ' ਆਪਦੀ ਪ੍ਰਸਿੱਧ ਪੁਸਤਕ ਹੈ। ਸ਼ਿਮਲੇ ਦੇ 'ਇਨਸਾਈ-ਕਲੋਪੀਡੀਆਂ ਆਫ ਪੰਜਾਬੀ ਲਿਟਰੇਚਰ ਦਾ ਪੰਜਾਬੀ ਸਬੰਧੀ ਭਾਗ ਆਪਨੇ ਲਿਖਿਆ। ਪੰਜਾਬ ਦੇ ਸਾਹਿਤ ਬਾਰੇ ਆਪਨੇ ਜਰਮਨ ਪੁਸਤਕ H.V. Glassen-pps' Geschischte de Literaturen Inder Von ihre anfang his gegen-wart, ਵਿਚ ਵਿਸਤਰਿਤ ਲੇਖ ਛਪਵਾਇਆ। 'ਪੰਜਾਬੀ ਪ੍ਰਕਾਸ਼' 'ਲਵ ਕੁਸ਼ ਦੀ ਵਾਰ (ਦੇਵਨਾਗਿਰੀ ਲਿਪੀ) 'ਕਿੱਸਾ ਹੀਰ ਰਾਂਝਾ ਮੁਕਬਲ ਅਤੇ ਪੰਜਾਬੀ ਜ਼ਬਾਨ ਤੇ ਉਸਦਾ ਲਿਟਰੇਚਰ' (ਫਾਰਸੀ ਲਿੱਪੀ) ਆਦਿਕ ਪੁਸਤਕਾਂ ਵਿਚ ਆਪਨੇ ਪੰਜਾਬੀ ਜ਼ਿੰਦਗੀ ਦਾ ਚਾਨਣਾ ਪੱਖ ਪੇਸ਼ ਕੀਤਾ ਹੈ।

ਪੰਜਾਬੀ ਸਾਹਿਤ ਵਿਚ ਆਪਦਾ ਸਥਾਨ ਇਕ ਖੋਜੀ ਤੇ ਭਾਸ਼ਾ ਵਿਗਿਆਨੀ ਵਜੋਂ ਹੈ। ਆਪਦੀ ਵਾਰਤਕ ਸ਼ੈਲੀ ਅੱਤ ਨਿਰਪੇਖ ਅਤੇ ਸਰਲ ਹੈ।

**ਜਾਨ, ਮੀਆਂ**

ਵੇਖੋ
ਦੀਨ ਮੁਹੰਮਦ, ਜਾਨ

**ਜਾਨ ਮੁਹੰਮਦ, ਮੌਲਵੀ** (੧੮੨੦—੧੮੬੫)

ਆਪ ਜ਼ਿਲਾ ਮਿੰਟਗੁਮਰੀ ਦੇ ਪਿੰਡ ਫੁਲਰ ਵਨ ਕੇ' ਦੇ ਵਸਨੀਕ ਸਨ। ਆਪ ਸੁਭਾਅ ਦੇ ਮਨੁਖਵਾਦੀ ਅਤੇ ਦੀਨ ਦੇ ਪੱਕੇ ਅਮਲੀ ਮੁਸਲਮਾਨ ਸਨ। ਆਪਦਾ ਪੁਤਰ ਮੌਲਵੀ ਬਾਰਕ ਅਲਾ ਨਿੱਕੀ ਉਮਰ ਵਿਚ ਹੀ ਮਰ ਗਿਆ। ਆਪ ਇਸ ਸਦਮੇ ਨੂੰ ਸਹਿ ਨਾ ਸਕੇ ਅਤੇ ਉਸਦੇ ਵਿਯੋਗ ਵਿਚ ਦੀਵਾਨੇ ਜਹੇ ਹੋ ਗਏ। ਇਸ ਦੀਵਾਨਗੀ ਨੇ ਆਪਨੂੰ ਉਚੀ ਪੱਧਰ ਦਾ ਕਵੀ ਬਣਾ ਦਿਤਾ। ਪੰਜਾਬੀ ਸਾਹਿਤ ਨੂੰ ਮੌਲਵੀ ਜੀ ਦੀ ਦੇਣ ਕਾਫ਼ੀ ਵਡੀ ਹੈ। ਕਿੱਸਾ ਸੀਹਰਫੀ, ਮਾਹੀਆ, ਢੋਲਾ ਬੈਂਤ ਆਦਿ ਸਾਰੇ ਕਾਵਿ-ਰੂਪ ਆਪਨੇ ਨਿਭਾਏ ਹਨ। ਨਵੇਂ ਤੋਲਾਂ ਦਾ ਪਰਯੋਗ ਕਰਨ ਵਿਚ ਵੀ ਆਪਨੇ ਕਾਫ਼ੀ ਦਿਲਚਸਪੀ ਵਿਖਾਈ ਹੈ। ਆਪਦੀ ਬੋਲੀ ਸ਼ੁਧ ਪੰਜਾਬੀ ਹੈ। ਸ਼ੈਲੀ, ਸੋਜ਼, ਤੜਪ ਅਤੇ ਸਾਧਾਰਨ ਜੀਵਨ ਦੀ ਬਿੰਬਾਵਲੀ ਨਾਲ ਸ਼ਿੰਗਾਰੀ ਹੋਈ ਹੈ। ਨਮੂਨਾ ਇਸ ਪ੍ਰਕਾਰ ਹੈ :—

ਹਾਲ ਮੇਰਾ, ਵੇਖ ਮਾਹੀ,
ਨੀਰ ਅੱਖੀਂ ਥੀਂ ਵਗਦਾ।
ਮਾਰ ਲਾਟਾਂ ਧੜਕਦਾ ਦਿਲ,
ਵਿਚ ਭਾਂਬੜ ਅੱਗ ਦਾ।
'ਘੱਤ ਪਾਣੀ, ਜਾ ਬੁਝਾਏ,
ਕੌਣ ਆਖੇ ਲਗਦਾ।
'ਜਾਨ ਦਿਲ ਥੀਂ ਯਾ ਮੁਹੰਮਦ,
ਹੈ ਉਲ੍ਹਾਮਾ ਜਗ ਦਾ।

**ਜੀਬ ਅੱਲਾ, ਮੌਲਵੀ** (੧੮੭੧—੧੯੫੪)

ਆਪਦਾ ਜਨਮ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਕੰਬੋ ਵਿਚ ਮੌਲਵੀ ਨਿਜ਼ਾਮ ਦੀਨ ਕੰਬੋ ਦੇ ਘਰ ਹੋਇਆ। ਸਕੂਲ ਤੋਂ ਉਰਦੂ, ਫਾਰਸੀ ਤੇ ਅੰਗਰੇਜ਼ੀ ਪੜ੍ਹੀ, ਮੌਲਵੀ ਮਹਿੰਦੀ ਸ਼ਾਹ ਕੋਲੋਂ ਫਾਰਸੀ ਪੁਸਤਕਾਂ ਮੌਲਵੀ ਅਬੂਜੀਦ ਅੱਲਾ ਤੋਂ ਕੁਰਾਨ ਦੀ ਸਿਖਿਆ ਅਤੇ ਹਕੀਮ ਮੌਲਵੀ ਨੂਰ ਅਲਹਸਨ ਤੋਂ ਹਿਕਮਤ ਲਈ। ਤਕਰੀਬਨ ਵੀਹ ਸਾਲ ਆਪਨੇ ਪੁਲੀਸ ਦੀ ਨੌਕਰੀ ਕੀਤੀ। ਆਪ ਕਾਂਸਟੇਬਲ ਤੋਂ ਥਾਣੇਦਾਰ ਵੀ ਬਣੇ, ਪਰ ਆਪਦਾ ਚਿੱਤ ਨਾ ਲੱਗਾ। ਫਿਰ ਆਪਨੇ ਮੁਖਤਾਰ ਆਮ ਦਾ ਕੰਮ ਵੀ ਕੀਤਾ। ਆਪ ਕੁਝ ਚਿਰ ਅੰਮ੍ਰਿਤਸਰ ਵਿਚ ਕਿਤਾਬਾਂ ਦੀ ਦੁਕਾਨ ਕਰਦੇ ਰਹੇ ਤੇ ਸੰਤਾਲੀ ਤੋਂ ਬਾਅਦ ਬਹਾਵਲਪੁਰ ਜਾ ਵਸੇ। ਆਪਦਾ ਸ਼ਾਗਿਰਦ ਮੌਲਾ ਦਾਦ ਕਾਂਸਟੇਬਲ ਵੀ ਚੰਗਾ ਕਵੀ ਸੀ।

ਖਜ਼ੀਨਤਾ ਅਲਸਰਾਰ, ਜੀਬ ਅਲਸਕ ਲੀਨ, ਤਫਸੀਰ ਲਾਈਨ, ਤਫਸੀਰ ਸੂਰਹਿ ਫਾਤਹ, ਤਫਸੀਰ ਸੂਰ ਵਾਜ਼ਹੀ, ਯੂਸਫ ਜ਼ੁਲੈਖਾਂ, ਗੁਲਜ਼ਾਰ ਆਦਿਮ, ਗੁਲਜ਼ਾਰ ਮੂਸਾ, ਗੁਲਜ਼ਾਰ ਈਸਾ, ਨਜਮੂਹਾ ਜੀਬ ਅਲਾ, ਨੂਰਾ ਲੁਆਇਉਨ ਨੀ ਕਿੱਸਾ, ਮੂਸਾ ਵਹਾਰ ਦਿਨ, ਅਕਰਾਮ ਮੁਸਤਫਾ, ਸਵਾਨਹਿ ਨੋਸ਼ਾ ਕਿੱਸਾ ਜਾਬਰ, ਜੰਗ ਨਾਮਾ ਜੀਬ ਅਲਾ ਮਿਹਰਾਜ ਨਾਮਾ, ਅਹਿਵਾਲ ਅਲਾਖਰਤ, ਖਵਾਨ ਲਗਮਾ, ਤਫਸੀਰ ਸੂਰਾ ਯੂਸਫ, ਸ਼ਰਾ ਨਜਾਤ ਆਲਮੂਮਨੀਨ ਆਦਿਕ ਆਪਦੀਆਂ ਪੁਸਤਕਾਂ ਹਨ, ਜਿਨ੍ਹਾਂ ਦਾ ਪਰਧਾਨ ਵਿਸ਼ੈ ਇਸਲਾਮ ਹੈ। ਆਪਨੇ ਕੁਰਾਨ ਮਜੀਦ ਦੇ ਨੌਂ ਪਾਰਿਆਂ ਦੀ ਵੱਖ ਵੱਖ ਤਫਸੀਰ ਵੀ ਕੀਤੀ। ਆਪਦੀ ਪ੍ਰਸਿਧ ਪੁਸਤਕ 'ਤਾਰੀਖ ਕੰਬੋਆਂ' ਹੈ, ਜਿਸ ਵਿਚ ਕੰਬੋ-ਬਰਾਦਰੀ ਦਾ ਇਤਿਹਾਸ ਬੜੇ ਸੋਹਣੇ ਰੂਪ ਵਿਚ ਦਿਤਾ ਗਿਆ ਹੈ।

ਆਪਦੀ ਬੋਲੀ ਵਿਚ ਸਾਧਾਰਨਤਾ ਵਧੇਰੇ ਹੈ। ਕਵਿਤਾ ਵਿਚ ਬਿੰਬਾਂ ਦੀ ਭਰਮਾਰ ਹੋਣ ਕਰਕੇ ਰਸ ਤਾਕਤਵਰ ਹੈ। ਧਾਰਮਕ ਸਿਦਕ ਆਪਨੂੰ ਸ਼ੁਧ ਰੂਪ

ਵਿਚ ਇਕ ਪੰਜਾਬੀ ਬਣਾਉਂਦਾ ਹੈ :

ਬੇਖਬਰੀ ਨਾਦਾਨੀ ਅੰਦਰ, ਸਾਲ ਹਜ਼ਾਰ ਗੁਜ਼ਰਦੇ ।
ਬੇ ਮੁਹਾਚ ਸ਼ੁਤਰ ਦੇ ਵਾਂਗੂ, ਸਰਗਰਦਾਨੀ ਫਿਰਦੇ ।
ਕੌਮ ਕੰਬੋ ਜਹਾਲਤ ਅੰਦਰ ਯਕਤਾ ਤੇ ਲਾਸਾਨੀ ।
ਹਸਬ ਨਸਬ ਦਾ ਪਤਾ ਨਾ ਕਿਸਨੂੰ, ਗਜ਼ੀ ਅੰਦਰ ਹੈਰਾਨੀ

'ਤਾਰੀਖ ਕੰਬੋਆਂ' ਵਿਚੋਂ ।

**ਜੀ. ਬੀ. ਸਿੰਘ** (੧੮ ਫਰਵਰੀ ੧੮੭੭—੩੦ ਜਨਵਰੀ ੧੯੫੦)

ਜਨਮ ਗਜਿਆਨਾ, ਜ਼ਿਲਾ ਗੁਜਰਾਵਾਲਾ ਵਿਚ ਸ: ਤੇਜਾ ਸਿੰਘ ਕਪੂਰ ਦੇ ਘਰ ਹੋਇਆ । ਬੀ. ਏ. ਕਰਨ ਪਿਛੋਂ ਆਪਨੇ ਟਾਮਸਨ ਇੰਜਨੀਅਰੰਗ ਕਾਲਜ ਰੁੜਕੀ ਦਾ ਕੋਰਸ ਪਾਸ ਕੀਤਾ ਅਤੇ ਭਾਰਤ ਸਰਕਾਰ ਦੇ ਮਹਿਕਮਾ ਤਾਰ ਵਿਚ ਇੰਜੀਨੀਅਰ ਲਗ ਗਏ । ਨੌਕਰੀ ਨੇ ਆਪਨੂੰ ਦੇਸ਼ਾਟਨ ਦਾ ਮੌਕਾ ਦਿਤਾ । ੧੯੩੨ ਵਿਚ ਆਪ ਰਿਟਾਇਰ ਹੋ ਕੇ ਮਾਡਲ ਟਾਊਨ ਲਾਹੌਰ ਵਿਚ ਰਹਿਣ ਲਗ ਪਏ । ਖੋਜ ਅਤੇ ਵਿਚਾਰ ਦਾ ਸ਼ੌਕ ਆਪਨੂੰ ਮੁਢ ਤੋਂ ਹੀ ਸੀ । ਇਥੇ ਆਪਨੇ ਕਾਫੀ ਲੇਖ ਆਦਿਕ ਲਿਖੇ । ਵੰਡ ਪਿਛੋਂ ਆਪਣੇ ਪੁਤਰ ਡਾ: ਹਰਬੰਸ ਸਿੰਘ ਕੋਲ ਇੰਗਲੈਂਡ ਦੇ ਕਸਬੇ ਨੌਰਿਚ ਵਿਚ ਚਲੇ ਗਏ । ਇਥੇ ਹੀ ਆਪਦੀ ਮੌਤ ਹੋਈ ।

ਪੰਜਾਬੀ ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

'ਵੈਸ਼ਨਵ ਧਰਮ' (੧੯੧੩), 'ਗੁਰਮੁਖੀ ਦੇ ਜਨਮ ਪੁਰ ਵਿਚਾਰ' (੧੯੧੪), 'ਯੋਗ ਤੇ ਯੋਗੀ (੧੯੧੫), 'ਗੁਰੂ ਗਰੰਥ ਸਾਹਿਬ ਵਿਚ ਆਏ ਭਗਤ ਤੇ ਉਹਨਾਂ ਦੀ ਬਾਣੀ, 'ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ', 'ਗੁਰਮੁਖੀ ਲਿਪੀ ਦਾ ਜਨਮ ਦੇ ਵਿਕਾਸ' (੧੯੪੯) ।

ਪੰਜਾਬੀ ਵਿਚ ਪਹਿਲੀ ਵਾਰ ਆਪਨੇ ਵਿਗਿਆਨਕ ਲੀਹਾਂ ਉਤੇ ਖੋਜ ਕੀਤੀ । ਗੁਰਮੁਖੀ ਲਿੱਪੀ ਨੂੰ ਆਪਨੇ ਸਿਖਾਂ ਵਿਚਲੇ ਫਿਰਕਾ ਪ੍ਰਸਤ ਲੋਕਾਂ ਤੋਂ ਆਜ਼ਾਦ ਕਰਾਇਆ ਅਤੇ ਸਾਬਤ ਕੀਤਾ ਕਿ ਗੁਰੂ ਨਾਨਕ ਸਾਹਿਬ ਤੋਂ' ਦੋ ਤਿੰਨ ਸੌ ਵਰ੍ਹੇ ਪਹਿਲਾਂ ਵੀ ਗੁਰਮੁਖੀ ਲਿਪੀ ਪੰਜਾਬ ਅਤੇ ਇਸ ਦੇ ਆਸ ਪਾਸ ਆਮ ਪ੍ਰਚਲਿਤ ਸੀ ।

ਇਕ ਵਾਰਤਕਕਾਰ ਵਜੋਂ ਵੀ ਆਪਦਾ ਸਥਾਨ ਉਚੇਰੇ ਵਿਦਵਾਨਾਂ ਵਿਚ ਹੈ । ਆਪਦੀ ਸ਼ੈਲੀ ਬੜੀ ਵਿਸ਼ਲੇਸ਼ਨਾਤਮਕ ਅਤੇ ਸ਼ਬਦਾਵਲੀ ਸਰਲ ਹੈ ।

ਆਪਨੂੰ ਪੰਜਾਬੀ ਦੇ ਉਚਤਮ ਖੋਜੀਆਂ ਵਿਚ ਗਿਣਿਆ ਜਾਂਦਾ ਹੈ ।

**ਜਾਲੱਪ**

ਵੇਖੋ
ਕਲਸਹਾਰ

**ਜਾਲੀ, ਰਾਜਿੰਦਰ ਸਿੰਘ** (੨ ਜੂਨ ੧੯੩੭—ਜੀਵਤ)

ਜਨਮ ਦਿੱਲੀ ਵਿਚ ਸ: ਹਰਦਿਤ ਸਿੰਘ ਜਾਲੀ ਦੇ ਘਰ ਹੋਇਆ । ਗਿਆਨੀ ਅਤੇ ਬੀ. ਏ. (ਅੰਗਰੇਜ਼ੀ) ਹਨ । ਕੇਂਦਰੀ ਖੇਤੀਬਾੜੀ ਵਿਭਾਗ ਵਿਚ ਕੰਮ ਕਰਦੇ ਹਨ ।

ਪੰਜਾਬੀ ਦੇ ਪ੍ਰਸਿਧ ਰਸਾਲਿਆਂ ਵਿਚ ਆਪਦੀਆਂ ਬਹੁਤ ਸਾਰੀਆਂ ਕਵਿਤਾਵਾਂ, ਕਹਾਣੀਆਂ ਛਪ ਚੁਕੀਆਂ ਹਨ ।

ਆਪ ਬੜੇ ਸੂਝਵਾਨ ਤੇ ਅੰਤਰਮੁਖੀ ਹਨ ।

**ਜਸ਼ਵੰਤ ਸਿੰਘ ਗਰੇਵਾਲ**

ਵੇਖੋ
ਗਰੇਵਾਲ ਜਸ਼ਵੰਤ ਸਿੰਘ

**ਜੀਵਾ ਸਿੰਘ**

ਆਪ ਪਿੰਡ ਖੱਟਕੇ ਜ਼ਿਲਾ ਲੁਧਿਆਣਾ ਦੇ ਹਨ। ਆਪਦੀ ਰਚਨਾ 'ਸੋਹਣੀ' ਬੜੀ ਪ੍ਰਸਿੱਧ ਹੈ।

**ਜੀਵਨ ਸਿੰਘ**( ੧੯੧੪—ਜੀਵਤ)

ਆਪਦਾ ਜਨਮ ਡੀ. ਬੀ. ਮਿਡਲ ਸਕੂਲ, ਮਰਦਵਾਲ (ਸ਼ਾਹ ਪੁਰ) ਦੇ ਮੁਖ ਅਧਿਆਪਕ ਸ: ਮਹਾਂ ਸਿੰਘ ਦੇ ਘਰ ਹੋਇਆ। ਆਪਨੇ ਪਿੰਡ ਦੇ ਸਕੂਲੋਂ ਅਠਵੀਂ, ਗੌਰਮਿੰਟ ਹਾਈ ਸਕੂਲ ਨੁਸ਼ਹਿਰਉਂ ਦਸਵੀਂ, ਗੌਰਮਿੰਟ ਕਾਲਜ ਸ਼ਾਹਪੁਰੋਂ ਐਫ਼. ਏ., ਸਨਾਤਨ ਧਰਮ ਕਾਲਜ ਲਾਹੌਰੋਂ ਬੀ. ਏ. ਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਏ. ਕੀਤੀ। ਖਾਲਸ ਕਾਲਜ ਦੇ ਪੱਤਰ 'ਦਰਬਾਰ' ਦੇ ਆਪ ਸੰਪਾਦਕ ਤੇ ਮੁਖ-ਸੰਪਾਦਕ ਰਹੇ। ੧੯੩੮-੩੯ ਵਿਚ ਆਪ ਲਾਹੌਰ ਦੇ ਅੰਗਰੇਜ਼ੀ ਪੱਤਰ 'ਨਾਰਦਰਨ ਰੀਵੀਊ' ਨੂੰ ਸੰਪਾਦਿਤ ਕਰਦੇ ਰਹੇ। ੧੯੪੦ ਵਿਚ ਆਪਨੇ ਲਾਹੌਰ ਬੁਕ ਸ਼ਾਪ ਦੀ ਨੀਂਹ ਰਖੀ ਤੇ ਪੰਜਾਬੀ ਵਿਚ ਸਭ ਤੋਂ ਜ਼ਿਆਦਾ ਕਿਤਾਬਾਂ ਛਾਪੀਆਂ।

੧੯੫੧ ਤੋਂ 'ਸਾਹਿਤ ਸਮਾਚਾਰ' ਤੇ 'ਬਾਲ ਦਰਬਾਰ' ਦੋ ਪਰਚੇ ਆਪਦੀ ਮੁਖ ਸੰਪਾਦਨਾ ਥਲੇ ਚਲ ਰਹੇ ਹਨ। 'ਵਿਨਗੇਟ, ਦੀ ਫੈਂਟਮ' ਆਪ ਦੁਆਰਾ ਅਨੁਵਾਦਿਤ ਪੁਸਤਕ ਹੈ। 'ਵਾਵਰੋਲੇ' ਨਾਂ ਦੀ ਪੁਸਤਕ ਵਿਚ ਆਪਨੇ ਉਪਿੰਦਰ ਨਾਥ ਆਸ਼ਿਕ ਦੀਆਂ ਕਹਾਣੀਆਂ ਨੂੰ ਅਨੁਵਾਦਿਤ ਤੇ ਸੰਪਾਦਿਤ ਕੀਤਾ ਹੈ।

ਆਪਦਾ ਸਥਾਨ ਪੰਜਾਬੀ ਦੇ ਸਰਪ੍ਰਸਤਾਂ ਵਿਚ ਹੈ।

**ਜੀਵਨ ਦਾਸ** (੧੬੭੦—੧੭੧੫ ਅੰਦਾਜ਼ਨ)

ਆਪਦੇ ਪਿਤਾ ਆਨੰਦ ਰਾਮ ਕਾਇਸਥ ਸਨ। ਜੀਵਨ ਦਾਸ ਹੁਰੀਂ ਔਰੰਗਜ਼ੇਬ ਅਤੇ ਬਹਾਦਰ ਸ਼ਾਹ ਦੋਹਾਂ ਵੇਲੇ ਮੁਗਲ ਦਰਬਾਰ ਦੀ ਸੇਵਾ ਕਰਦੇ ਰਹੇ। ਆਪ ਦੀਵਾਨੀ ਮਹਿਕਮੇ ਵਿਚ ਇਕ ਉੱਚ ਅਧਿਕਾਰੀ ਅਤੇ ਮੁਗਲ ਸਰਕਾਰ ਦੇ ਬਖਸ਼ੀ ਸਨ। ਆਪਦੀ ਵਫ਼ਾਦਾਰੀ ਤੋਂ ਮੁਗਲ ਬੜੇ ਪ੍ਰਭਾਵਿਤ ਸਨ। ਇਸ ਨੂੰ ਮੁਖ ਰਖਦਿਆਂ ਆਪਨੂੰ ੧੫੦ ਸਵਾਰਾਂ ਦਾ ਸਰਦਾਰ ਵੀ ਬਣਾ ਦਿਤਾ ਗਿਆ ਸੀ। ਆਪਦੀ ਮੌਤ ਪਿਛੋਂ ਆਪਦੇ ਵੱਡੇ ਪੁਤਰ 'ਖੂਬ ਚੰਦ' ਨੂੰ ਆਪਦੀ ਥਾਂ ਦਿਤੀ ਗਈ ਅਤੇ ਨਿਕੇ ਪੁਤਰ ਖੁਸ਼ਹਾਲ ਚੰਦ ਨੂੰ ਇਕ ਹੋਰ ਪਦਵੀ ਪਰਦਾਨ ਕੀਤੀ ਗਈ। ਨਿੱਕੇ ਪੁਤਰ ਖੁਸ਼ਹਾਲ ਚੰਦ ਹੁਰਾਂ ਬਾਅਦ ਵਿਚ ਮੁਗਲ ਸਰਕਾਰ ਨਾਲ, ਖਾਸ ਕਰਕੇ ਮੁਹੰਮਦ ਸ਼ਾਹ ਨਾਲ ਘਨੇਰੇ ਸਬੰਧ ਸਬੰਧ ਕਾਇਮ ਕੀਤੇ। ਉਹਨਾਂ ਪ੍ਰਤਿਭਾਸ਼ੀਲ ਕਵੀ ਹੋਣ ਦਾ ਸਬੂਤ ਦਿਤਾ (ਵੇਖੋ ਖੁਸ਼ਹਾਲ ਚੰਦ, ਰਾਜਾ)

ਜੀਵਨ ਦਾਸ ਹੁਰੀਂ ਬੜੇ ਸਿਆਣੇ ਕਵੀ ਸਨ। ਅੰਦਾਜ਼ਾ ਹੈ ਕਿ ਆਪ ਪੰਜਾਬੀ ਅਤੇ ਪੰਜਾਬੀ ਪ੍ਰਭਾਵਿਤ ਬ੍ਰਜੀ ਤੇ ਹਿੰਦੀ ਵਿਚ ਹੀ ਕਵਿਤਾ ਲਿਖਦੇ ਹੋਣਗੇ ਕਿਉਂਕਿ ਆਪਦੇ ਪੁਤਰ ਖੁਸ਼ਹਾਲ ਚੰਦ ਦੀ ਮਹਾਨਤਾ ਆਪਤੋਂ ਅਣ-ਪ੍ਰੇਰਿਤ ਨਹੀਂ ਹੋ ਸਕਦੀ। ਆਪਦੀ ਰਚਨਾ ਦਾ ਵਿਸਤਾਰ ਨਹੀਂ ਮਿਲਦਾ। ਆਪਦੀ ਕਾਵਿ-ਕਲਾ ਦੀ ਉੱਚਤਾ ਨੂੰ ਮੁਖ ਰਖਦਿਆਂ ਔਰੰਗਜ਼ੇਬ ਨੇ ਆਪਨੂੰ ੨੦੦ ਰੁਪਏ ਦਾ ਇਨਾਮ ਵੀ ਦਿਤਾ ਸੀ।

**ਜੋਸ਼, ਜੋਗਿੰਦਰ ਸਿੰਘ**

ਵੇਖੋ
ਜੋਗਿੰਦਰ ਸਿੰਘ ਜੋਸ਼

**ਜੋਸ਼ਵਾ ਫ਼ਜ਼ਲਦੀਨ** (ਜਨਮ ੧੯੦੩)

ਆਪਦਾ ਜਨਮ ੧੯੦੩ ਵਿਚ ਜਿਹਲਮ ਦੇ ਨਿਵਾਸੀ ਫ਼ਜ਼ਲਦੀਨ ਦੇ ਘਰ ਹੋਇਆ। ਮੁਢਲੀ ਵਿਦਿਆ ਸਥਾਨਕ ਸਕੂਲਾਂ ਵਿਚ ਹੀ ਪ੍ਰਾਪਤ ਕੀਤੀ। ੧੯੨੬ ਵਿਚ ਐਫ. ਸੀ. ਕਾਲਜ ਲਾਹੌਰ ਤੋਂ ਬੀ ਏ. ਕਰਕੇ ਮਿਸ਼ਨ ਸਕੂਲ ਅੰਬਾਲਾ ਵਿਚ ਅਧਿਆਪਕ ਲਗ ਗਏ। ੧੯੩੩ ਦੇ ਵਰ੍ਹੇ ਐਲ. ਐਲ. ਬੀ. ਪਾਸ ਕਰਕੇ ਲਾਇਲ ਪੁਰ ਆ ਗਏ ਤੇ ਵਕਾਲਤ ਸ਼ੁਰੂ ਕਰ ਦਿਤੀ। ਇਥੇ ਹੀ ਆਪ ਜੀ ਦੇ ਪਿਤਾ ਜੀ ਕੰਮ ਕਰਦੇ ਸਨ। ਕੁਝ ਚਿਰ ਪਿਛੋਂ ਜੋਸ਼ਵਾ ਜੀ ਲਾਹੌਰ ਆ ਗਏ। ਹੁਣ ਤਕ ਇਥੇ ਹੀ ਵਕਾਲਤ ਕਰ ਰਹੇ ਹਨ। ਮਾਰਚ ੧੯੫੧ ਵਿਚ ਆਪ ਈਸਾਈ ਹਲਕੇ ਤੋਂ ਐਮ. ਐਲ. ਏ. ਚੁਣੇ ਗਏ ਤੇ ੨੪ ਅਗਸਤ ੧੯੫੭ ਨੂੰ ਮੀਤ ਕਾਨੂੰਨ ਮੰਤਰੀ ਨਿਯੁਕਤ ਕੀਤੇ ਗਏ।

ਆਪ ਵਿਚਲੀ ਪੰਜਾਬੀਅਤ ਦਾ ਅੰਦਾਜ਼ਾ ਆਪ ਦੁਆਰਾ ਸੰਪਾਦਿਤ ਮਾਸਕ ਪੱਤਰ 'ਪੰਜਾਬੀ ਦਰਬਾਰ' ਤੋਂ ਲਾਇਆ ਜਾ ਸਕਦਾ ਹੈ ਜੋ ਲਾਇਲਪੁਰੋਂ ਛੇ ਸਾਲ ਸਫਲਤਾ ਸਹਿਤ ਚਲਦਾ ਰਿਹਾ। ਇਸ ਪਰਚੇ ਵਿਚ ਆਪਨੇ ਪੰਜਾਬੀ ਬੋਲੀ ਦੀ ਉਰਦੂ ਲਿੱਪੀ ਨੂੰ ਸੁਯੋਗ ਬਣਾਉਣ ਦਾ ਯਤਨ ਯਤਨ ਕੀਤਾ। ਆਪਦੇ ਸੰਪਾਦਕੀ ਨੋਟਾਂ ਵਿਚ ਪੰਜਾਬੀ ਕਲਚਰ ਸਬੰਧੀ ਉਚੀ ਪੱਧਰ ਦੇ ਵਿਚਾਰ ਮਿਲਦੇ ਹਨ। ਇਸ ਪੱਤਰ ਨੇ ਪੰਜਾਬੀ ਸਾਹਿਤ ਦੀ ਅਦੁੱਤੀ ਸੇਵਾ ਕੀਤੀ।

ਆਪਦੀਆਂ ਪੁਸਤਕਾਂ ਅਦਬੀ ਅਫਸਾਨੇ, ਯਸੂਹ ਮਸੀਹ ਦੀ ਜ਼ਿੰਦਗੀ (ਵਾਰਤਕ), ਦਿਹਾਤੀ ਤਲਵਾਰ (ਨਾਟਕ), ਮੁੰਢੇ ਦਾ ਮੁਲ (ਕਹਾਣੀ), ਬਰਕਤੇ (ਨਿੱਕਾ ਨਾਵਲ), ਪਤੀਵ੍ਰਤਾ ਕਮਲਾ (ਕਹਾਣੀ), ਤਾਰੇ (ਕਵਿਤਾ) ਅਤੇ ਪ੍ਰਭਾ (ਨਾਵਲ) ਮੂਲ ਰੂਪ ਵਿਚ ਇਕ ਸੁੰਦਰ ਪੰਜਾਬੀ ਸ਼ੈਲੀ ਨਾਲ ਅਨੁਪ੍ਰਾਣਿਤ ਹਨ। ਆਪਦੀ ਸ਼ੈਲੀ ਵਿਚ ਸਾਦਗੀ, ਮਿੱਠਤ, ਸਾਊਪੁਣਾ ਤੇ ਸੰਜਮ ਹੈ। ਕਵਿਤਾ ਵਿਚ ਸਰੋਦ ਦੀ ਪਰਧਾਨਤਾ ਹੈ।

ਇਸ ਤੋਂ ਬਿਨਾ ਉਰਦੂ ਅਤੇ ਅੰਗਰੇਜ਼ੀ ਵਿਚ ਵੀ ਆਪਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ।

# ਠ

**ਠਾਕੁਰ, ਸੁਖਰਾਜ ਦਾਸ** (-੧੯੦੪-)

ਆਪਦੀ ਜੀਵਨੀ-ਪੁਸਤਕ 'ਸ੍ਰੀ ਮਾਨ ਹਨੂਮਾਨ ਜੀ ਕਾ ਜੀਵਨ ਚਰਿਤਰ (ਭਾਗ ੧) ਐਂਗਲੋ ਸੰਸਕ੍ਰਿਤ ਪ੍ਰੈਸ ਲਾਹੌਰ ਨੇ ੧੯੦੪ ਵਿਚ ਪ੍ਰਕਾਸ਼ਿਤ ਕੀਤੀ ।

**ਠਾਕਰ ਸਿਘ ਕੰਵਲ** (੪ ਮਾਰਚ ੧੯੨੭—ਜੀਵਤ)

ਅਜ ਕਲ ਆਪ ਖਟਾਲੇ ਵਿਚ ਇਕ ਤਕਨੀਕੀ ਅਫਸਰ ਹਨ । ਕਾਫੀ ਚਿਰ ਪਜਾਬੀ ਆਦਰਸ਼ਕ ਸਭਾ ਫਤੀਦਾਬਾਦ ਦੇ ਪਰਧਾਨ ਵੀ ਰਹੇ ।

ਕਵਿਤਾਵਾਂ ਅਤੇ ਕਹਾਣੀਆਂ ਰਜਣ ਦੇ ਇਲਾਵਾ ਆਪ ਲੋਕ-ਸੰਗੀਤ ਤੇ ਲੋਕ ਨਾਚ ਵਿਚ ਵੀ ਅਮਲੀ ਦਿਲਚਸਪੀ ਰਖਦੇ ਹਨ ।

ਆਪਦੀ ਵਿਚਾਰਧਾਰਾ ਅਗਰਗਾਮੀ ਹੈ ।

**ਠਾਕੁਰ, ਪ੍ਰੀਤਮ ਦਾਸ** (੧੯੩੦—ਜੀਵਤ)

ਆਪ ਜਵੰਦਾ ਰਾਮ ਦੇ ਸਪੁੱਤਰ ਅਤੇ ਲੁਧਿਆਣੇ ਦੇ ਨਿੰਵਾਸੀ ਹਨ ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ ।

**ਡੀ. ਆਰ. ਭੰਡਾਰੀ**

ਵੇਖੋ
ਭੰਡਾਰੀ, ਡੀ. ਆਰ.

**ਭਗਰਾ, ਸਾਧੂ ਸਿੰਘ** (੧੮ ਜਨਵਰੀ ੧੯੩੯—ਜੀਵਤ)

ਆਪ ਜਮਸ਼ੇਰ ਜ਼ਿਲਾ ਜਾਲੰਧਰ ਦੇ ਨਿਵਾਸੀ ਸ੍ਰੀ ਜੀ. ਐਲ. ਡੋਗਰਾ ਦੇ ਸਪੁੱਤਰ ਅਤੇ ਭਾਰਤੀ ਸੈਨਾ ਦੇ ਉਚੇਰੇ ਮੁਲਾਜ਼ਮ ਹਨ। ਵਿਦਿਆ ਬੀ. ਏ. ਤਕ ਹੈ।

# ਭ

ਹਿੰਦੀ ਅਤੇ ਪੰਜਾਬੀ ਵਿਚ ਆਪਦੀਆਂ ਕਾਫੀ ਕਵਿਤਾਵਾਂ ਕਹਾਣੀਆਂ ਛਪ ਚੁਕੀਆਂ ਹਨ।

**ਭੋਗਰਾ, ਬ੍ਰਹਮ ਸਾਗਰ** (੧੯੪੦—ਜੀਵਤ)

ਆਪ ਸ਼ਿਮਲਾ ਨਿਵਾਸੀ ਸ੍ਰੀ ਰਾਮ ਰਤਨ ਭੋਗਰਾ ਦੇ ਸਪੁੱਤਰ ਹਨ।

ਪਜਾਬੀ ਵਿਚ ਆਪ ਕਵਿਤਾਵਾਂ ਕਹਾਣੀਆਂ ਲਿਖਦੇ ਹਨ।

## ਦ

**ਢਿਲੋਂ, ਹਰਦਿਤ ਸਿੰਘ** (੧੯੦੨—ਜੀਵਤ)

ਜਨਮ ਪਿੰਡ ਬੁੱਟਰ, ਤਹਿਸੀਲ ਮੋਗਾ, ਜ਼ਿਲਾ ਫਿਰੋਜ਼ਪੁਰ ਵਿਚ ਇਕ ਕੱਟੜ ਸਿਘ ਸਭੀਏ ਸਰਦਾਰ ਰਾਮ ਸਿੰਘ ਦੇ ਘਰ ਹੋਇਆ। ਵਿਦਿਆ ਪੀ. ਐਚ. ਡੀ. ਤਕ ਹੈ। ੧੦ ਸਾਲ ਆਪ ਅਮਰੀਕਾ ਵਿਚ ਰਹਿ ਚੁਕੇ ਹਨ ਅਤੇ ਇੰਝ ਆਪਦਾ ਅਨੁਭਵ ਕਾਫੀ ਵਿਸ਼ਾਲ ਹੈ।

'ਅਰਥ-ਵਿਗਿਆਨ ਦੇ ਮੁਢਲੇ ਅਸੂਲ', 'ਗਰੀਬ ਹਿੰਦੁਸਤਾਨ', 'ਪੂਰਬ ਤੇ ਪੱਛਮ', 'ਅਮਰੀਕਾ ਦਾ ਚੱਕਰ', 'ਸਾਡਾ ਦੇਸ' ਆਦਿਕ ਆਪਦੀਆਂ ਪ੍ਰਸਿਧ ਸਮਾਜ-ਸ਼ਾਸਤ੍ਰਿਕ ਪੁਸਤਕਾਂ ਹਨ। ਇਤਿਹਾਸ ਦੀ ਸਹਾਇਤਾ ਵੀ ਲੈਂਦੇ ਹਨ। 'ਸੁੰਦਰਵਾੜੀ', 'ਮਹਾਂ-ਪੁਰਸਾਂ ਦੀ ਬਾਲ-ਲੀਲਾ', 'ਭਾਰਤ ਦੇ ਇਤਿਹਾਸਕ ਸਥਾਨ' ਆਦਿਕ ਪੁਸਤਕਾਂ ਸੁੰਦਰ ਸ਼ੈਲੀ ਵਿਚ ਹਨ।

ਆਪਦੀ ਵਾਰਤਕ ਸ਼ੈਲੀ ਵਿਚ ਬਿਬੇਕ ਦੀ ਪ੍ਰਧਾਨਤਾ ਹੈ।

**ਢਿਲੋਂ, ਜੋਗਾ ਸਿੰਘ** (੨੫ ਨਵੰਬਰ, ੧੯੪੨—ਜੀਵਤ)

ਜਨਮ ਪਿੰਡ ਖਾਨੇਕੇ ਜ਼ਿਲਾ ਸੰਗਰੂਰ ਵਿਚ ਸ: ਪ੍ਰੀਤਮ ਸਿੰਘ ਦੇ ਘਰ ਹੋਇਆ। ਵਿਦਿਆ ਐਫ. ਏ. ਤਕ ਹੈ। ਲਿਖਣ-ਪ੍ਰੇਰਨਾ ਆਪ ਨੂੰ ਆਪਣੇ ਪਾਠਕ ਪਿਤਾ ਤੋਂ ਮਿਲੀ।

ਆਪਦੀਆਂ ਬਹੁਤ ਸਾਰੀਆਂ ਵਿਕੋਲਿਤਰੀਆਂ ਰਚ-ਨਾਵਾਂ ਮਾਸਕ ਪਤਰਾਂ ਵਿਚ ਛਪ ਚੁਕੀਆਂ ਹਨ।

ਆਪ ਇਕ ਪੰਗਰਦੇ ਬੁਧੀਮਾਨ ਹਨ।

**ਢਿਲੋਂ, ਦਰਸ਼ਨ ਸਿੰਘ** (੧੫ ਮਾਰਚ ੧੯੩੪—ਜੀਵਤ)

ਆਪ ਸ: ਅਮਰ ਸਿੰਘ ਦੇ ਸਪੁਤਰ ਹਨ। ਕਾਫੀ ਚਿਰ ਆਪ ਜਲੰਧਰ ਵਿਚ ਵੀ ਅਧਿਆਪਕ ਰਹੇ ਹਨ।

ਪੰਜਾਬੀ ਵਿਚ ਵਿਅੰਗਾਤਮਕ ਕਹਾਣੀਆਂ ਕਵਿਤਾਵਾਂ ਆਦਿਕ ਲਿਖਦੇ ਹਨ। ਬਹੁਤ ਸਾਰੀਆਂ ਰਚਨਾਵਾਂ ਛਪ ਚੁਕੀਆਂ ਹਨ।

ਵਿਚਾਰਧਾਰਾ ਅਗਰਗਾਮੀ ਹੈ।

**ਤਖਤ ਸਿੰਘ** ੧੫ (ਸਤੰਬਰ ੧੯੧੪—ਜੀਵਤ)

ਜਨਮ ਲਾਇਲਪੁਰ ਵਿਚ ਸ: ਸੁੰਦਰ ਸਿਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਹੋਇਆ । ਚੱਕ ੫੦ ਤੋਂ ਚੌਥੀ, ੫੧ ਤੋਂ ਛੇਵੀਂ ਅਤੇ ਡਿਜਕੋਟ ਦੇ ਡਿਸਟ੍ਰਿਕਟ ਬੋਰਡ ਸਕੂਲੋਂ ਅਠਵੀਂ ਕਰਨ ਪਿਛੋਂ ਸਮੁੰਦਰੀ ਦੇ ਡਿਸਟ੍ਰਿਕਟ ਬੋਰਡ ਸਕੂਲੋਂ ਦਸਵੀਂ ਕੀਤੀ । ੧੯੩੬ ਵਿਚ ਖਾਲਸਾ ਕਾਲਜ ਲਾਇਲਪੁਰੋਂ ਬਾਰ੍ਹਵੀਂ ਤੇ ੧੯੩੮ ਵਿਚ ਸਥਾਨਕ ਸਰਕਾਰੀ ਕਾਲਜੋਂ ਚੌਧਵੀਂ ਕੀਤੀ । ਉਰਦੂ ਕਵਿਤਾ ਰਚਣ ਦੀ ਜਾਗ ਛੇਵੀਂ ਜਮਾਤ ਤੋਂ ਹੀ ਲਗ ਗਈ ਸੀ । ਕਾਲਜ-ਜ਼ਿੰਦਗੀ ਸਮੇਂ ਆਪ ਕਾਲਜ ਮੈਗਜ਼ੀਨ ਦੇ ਉਰਦੂ ਤੇ ਅੰਗਰੇਜ਼ੀ ਭਾਗ ਦੇ ਸੰਪਾਦਕ ਵੀ ਰਹੇ । ੧੯੪੪ ਵਿਚ ਲਾਹੌਰੋਂ ਬੀ. ਟੀ. ਕੀਤੀ । ਫ਼ਿਰ ਆਪਣਾ ਵਤਨ ਛਡ ਕੇ ਜੀਂਦ ਰਿਆਸਤ ਦੇ ਇਕ ਪੇਂਡੂ ਮਿਡਲ ਸਕੂਲ ਵਿਚ ਮੁਖ ਅਧਿਆਪਕ ਲਗ ਗਏ । ਦੋ ਤਿਨ ਹੋਰ ਥਾਵਾਂ ਤੇ ਕੰਮ ਕਰਨ ਪਿਛੋਂ ਚੱਕ ੫੧ ਵਿਚ ਹੀ ਮੁਖ ਅਧਿਆਪਕ ਲਗ ਗਏ ।

ਵੰਡ ਪਿਛੋਂ ਵੀ ਮੁਖ ਅਧਿਆਪਕ ਹੀ ਰਹੇ । ਅਜ ਕਲ ਕੋਕੜੀ ਕਲਾਂ, ਜ਼ਿਲਾ ਫਿਰੋਜ਼ਪੁਰ ਦੇ ਸਕੂਲੇ ਹਨ । ੧੯੫੫ ਵਿਚ ਆਪਦਾ ਨਿੱਕਾ ਵੀਰ ਕਰਨੈਲ ਸਿਘ ਗਵਾ ਦਾ ਪਹਿਲਾ ਸ਼ਹੀਦ ਹੋਇਆ, ਜਿਸਦੇ ਦਰਦ-ਭਰੇ ਸਨਮਾਨ ਨੇ ਆਪਣੀ ਕਲਾ ਨੂੰ ਹੋਰ ਵੀ ਇਨਕਲਾਬੀ ਬਣਾਇਆ । ਪ੍ਰੋ: ਮੋਹਨ ਸਿਘ ਨੇ ਆਪ ਵਿਚਲੇ ਪੰਜਾਬੀ ਨੂੰ ਹਲੂਣਿਆਂ ਜਿਸ ਸਦਕਾ ਆਪ ਨੂੰ ਅਜ ਮਾਤ ਭਾਸ਼ਾ ਦੇ ਉਚੇਰੇ ਕਵੀਆਂ ਵਿਚ ਗਿਣਿਆ ਜਾਂਦਾ ਹੈ ।

'ਵੰਗਾਰ', 'ਕਾਵਿ-ਹਿਲੂਣੇ' (੧੯੫੬), 'ਹੰਭਲੇ' (੧੯੫੮) 'ਸ਼ਹੀਦ ਕਰਨੈਲ ਸਿੰਘ', 'ਅਣਖ ਦੇ ਫੁਲ' (੧੯੫੯) 'ਮਹਿਕਾਂ ਭਰੀ ਸਵੇਰ' (੧੯੬੧) ਆਦਿਕ ਆਪਦੀਆਂ ਕਾਵਿ-ਪੁਸਤਕਾਂ ਹਨ ।

**ਤੇਗ ਬਹਾਦਰ, ਗੁਰੂ** (੧ ਅਪਰੈਲ ੧੬੨੨—੧੬੭੫)

ਅਠਵੇਂ ਗੁਰੂ ਦੇ ਜੋਤੀ ਜੋਤਿ ਸਮਾਉਣ ਪਿਛੋਂ ਬਹੁਤ ਸਾਰੇ ਦਾਅਵੇਦਾਰ ਆਪਣੇ ਆਪ ਨੂੰ ਗੁਰੂ ਅਖਵਾਉਣ ਲਗ ਪਏ । ਸ੍ਰੀ ਤੇਗ ਬਹਾਦਰ ਹੁਰੀਂ ਇਨ੍ਹਾਂ ਝਗੜਿਆਂ ਤੋਂ ਇਕ ਪਾਸੇ ਰਹਿਕੇ ਜ਼ਿੰਦਗੀ ਬਤੀਤ ਕਰ ਰਹੇ ਸਨ । ਹਾਲਾਤ ਨੇ ਆਪ ਨੂੰ ਉਦਾਸ-ਚਿੱਤ ਬਣਾ ਦਿਤਾ ਸੀ । ੪੪ ਸਾਲ ਦੀ ਉਮਰ ਵਿਚ ਸਿਖਾਂ ਦੇ ਮਜਬੂਰ ਕਰਨ ਉਤੇ ਆਪ ਮੈਦਾਨ ਵਿਚ ਨਿਤਰੇ ਤੇ ਸਿਖਾਂ ਦੀ ਧਾਰਮਕ ਅਗਵਾਈ ਕਰਨ ਲਗ ਪਏ । ਧੀਰ ਮਲ ਨਾਂ ਦਾ ਨਿਕਟਵਰਤੀ ਰਿਸ਼ਤੇਦਾਰ ਆਪ ਨਾਲ ਦੁਸ਼ਮਣੀ ਕਮਾਉਂਦਾ ਸੀ । ਉਸ ਆਪਨੂੰ ਮਰਵਾਉਣ ਦਾ ਯਤਨ ਵੀ ਕੀਤਾ । ਪਰ ਆਪ ਬਚ ਗਏ । ਸਿਖਾਂ ਨੇ ਇਸ ਘਟਨਾ ਨੂੰ ਮੁਖ ਰਖਦਿਆਂ ਧੀਰ-ਮਲ ਦੇ ਘਰੋਂ ਆਦਿ ਗ੍ਰੰਥ ਜੀ ਦੀ ਅਸਲੀ ਬੀੜ ਚੁੱਕ ਲਿਆਂਦੀ । ਪਰ ਗੁਰੂ ਤੇਗ ਬਹਾਦਰ ਹੁਰਾਂ ਇਹ ਉਸ

ਨੂੰ ਵਾਪਸ ਕਰ ਦਿਤੀ ।

ਗੁਰੂ ਤੇਗ ਬਹਾਦਰ ਸਾਹਿਬ ਅੰਮ੍ਰਿਤਸਰ ਤੇ ਕੀਰਤਪੁਰ ਗਏ ਜਿਥੇ ਧੀਰਮਲੀਆਂ ਨੇ ਆਪਦਾ ਤ੍ਰਿਸਕਾਰ ਕੀਤਾ । ਇਸ ਉਤੇ ਆਪਨੇ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਜ਼ਮੀਨ ਖ਼ਰੀਦ ਕੇ ਉਥੇ ਅਨੰਦਪੁਰ ਵਸਾਇਆ । ਇਥੇ ਵੀ ਆਪ ਦਾ ਦਿਲ ਨਾ ਲਗਾ ਤੇ ਆਪ ਮਾਲਵੇ ਅੜੇ ਹਰਿਆਨੇ ਵਿਚ ਜਾ ਕੇ ਸਿੱਖੀ ਦਾ ਪਰਚਾਰ ਕਰਨ ਲਗ ਪਏ । ਇਸੇ ਦੌਰਾਨ ਆਪਨੂੰ ਔਰੰਗਜ਼ੇਬ ਨੇ ਕੈਦ ਕਰਵਾਇਆ, ਪਰ ਰਾਜਾ ਰਾਮ ਸਿੰਘ ਨੇ ਵਿਚ ਪੈ ਕੇ ਆਪ ਨੂੰ ਰਿਹਾ ਕਰਵਾ ਦਿਤਾ ।

ਗੁਰੂ ਸਾਹਿਬ ਆਗਰੇ, ਅਲਾਹਬਾਦ, ਬਨਾਰਸ, ਗਇਆ, ਪਟਨਾ ਆਦਿਕ ਸ਼ਹਿਰਾਂ ਦੀ ਯਾਤਰਾ ਕਰਦੇ ਰਹੇ ਤੇ ਫਿਰ ਪਰਵਾਰ ਨੂੰ ਪਟਨੇ ਛਡ ਕੇ ਢਾਕੇ ਚਲੇ ਗਏ । ਬਾਦ ਵਿਚ ਆਪ ਆਸਾਮ ਆ ਗਏ । ਰਾਜਾ ਰਾਮ ਸਿੰਘ ਆਸਾਮੀਆਂ ਵਿਰੁਧ ਚੜ੍ਹਾਈ ਕਰਕੇ ਆਇਆ । ਪਰ ਗੁਰੂ ਮਾਹਿਬ ਨੇ ਦੋਹਾਂ ਧਿਰਾਂ ਵਿਚਕਾਰ ਸਮਝੌਤਾ ਕਰਵਾ ਦਿਤਾ । ੧੬੬੬ ਵਿਚ ਆਪਦੇ ਘਰ ਪਟਨੇ ਵਿਚ ਪੁਤਰ ਗੋਬਿੰਦ ਦਾ ਜਨਮ ਹੋਇਆ । ਆਪ ਫਿਰ ਅਨੰਦਪੁਰ ਆ ਗਏ ਤੇ ਪਰਵਾਰ ਨੂੰ ਵੀ ਉਥੇ ਹੀ ਸਦ ਲਿਆ । ਇਸ ਸਮੇਂ ਔਰੰਗਜ਼ੇਬ ਜੀ ਭਾਰਤ ਵਿਚ ਧਾਰਮਕ ਇਕ-ਰੂਪਤਾ ਲਿਆਉਣ ਦਾ ਯਤਨ ਕਰ ਰਹੇ ਸਨ, ਕਸ਼ਮੀਰ ਅਤੇ ਪੰਜਾਬ ਦੇ ਸਿੱਖ ਤੇ ਹਿੰਦੂ ਜਬਰੀ ਧਰਮ ਤਬ-ਦੀਲੀ ਦੀ ਪਾਲਿਸੀ ਤੋਂ ਤੰਗ ਸਨ । ਉਨ੍ਹਾਂ ਦੀ ਫਰਿਆਦ ਸੁਣਕੇ ਗੁਰੂ ਸਾਹਿਬ ਨੇ ਗੈਰ-ਮੁਸਲਿਮ ਲੋਕਾਂ ਵਿਚ ਸੈ-ਵਿਸ਼ਵਾਸ ਦੀ ਜੋਤਿ ਜਗਾਉਣੀ ਸ਼ੁਰੂ ਕਰ ਦਿਤੀ । ਆਪ ਨੂੰ ਨੌਂ ਸਾਲ ਦੇ ਬਾਲ ਗੋਬਿੰਦ ਦੀ ਮਹਾਨਤਾ ਉਤੇ ਵੀ ਵਿਸ਼ਵਾਸ ਸੀ, ਇਸ ਲਈ ਆਪ ਨਿਡਰਤਾ ਦਾ ਪਰਚਾਰ ਕਰਨ ਫਿਰ ਯਾਤਰਾ ਉਤੇ ਟੁਰ ਪਏ । ਆਗਰੇ ਪਹੁੰਚੇ ਤਾਂ ਔਰੰਗਜ਼ੇਬ ਨੇ ਆਪ ਨੂੰ ਗਰਿਫਤਾਰ ਕਰਾਕੇ ਦਿਲੀ ਮੰਗਾ ਲਿਆ । ਇਥੇ ਨਵੰਬਰ ੧੬੭੫ ਵਿਚ ਆਪ ਨੂੰ ਸ਼ਹੀਦ ਕਰ ਦਿਤਾ ਗਿਆ ।

ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਸ਼ਹਿਰ ਅੰਮ੍ਰਿਤਸਰ, ਗੁਰੂ ਕੇ ਮਹਿਲ ਵਿਚ ਗੁਰੂ ਹਰ ਗੋਬਿੰਦ ਜੀ ਦੇ ਘਰ ਹੋਇਆ ਸੀ ।

ਆਦਿ ਗ੍ਰੰਥ ਵਿਚ ਗੁਰੂ ਤੇਗ ਬਹਾਦਰ ਜੀ ਦੇ ੫੯ ਸ਼ਬਦ ਤੇ ੫੬ ਸਲੋਕ ਹਨ । ਇਹ ਸਾਰੀ ਰਚਨਾ ਆਪ ਦੀ ਅੰਤਮ-ਪਖੀ ਪ੍ਰਭੂਭਗਤੀ ਦੀ ਸੂਚਕ ਹੈ । ਇਸ ਵਿਚ ਸੰਸਾਰੀ ਰਿਸ਼ਤਿਆਂ ਦੇ ਕੂੜ ਪ੍ਰਤੀ ਨਿਰਾਸ਼ਾ ਹੈ । ਰਚਨਾ ਦੀ ਭਾਸ਼ਾ ਸਮੇਂ ਦੀ ਅੰਤਰ-ਪ੍ਰਾਂਤਕ ਸਾਹਿਤਕ ਸੰਤ-ਭਾਖਾ ਹੈ ।

ਪੰਜਾਬ ਦੇ ਸਾਹਿਤ ਅਤੇ ਇਤਿਹਾਸ ਵਿਚ ਆਪਦਾ ਸਥਾਨ ਅਤਿਅੰਤ ਉਚਾ ਹੈ ।

**ਤੇਜਾ ਸਿੰਘ ਸੋਢੀ**

ਵੇਖੋ

ਸੋਢੀ, ਤੇਜਾ ਸਿੰਘ

**ਤੇਜਾ ਸਿੰਘ ਸਾਥਰ** (੧੯੦੭—ਜੀਵਤ)

ਆਪਦਾ ਜਨਮ ਚੱਕ ੧੨੦ ਨਾਨਕਪੁਰਾ, ਜ਼ਿਲਾ ਲਾਇਲਪੁਰ ਵਿਚ ਸ: ਨਾਨਕ ਸਿੰਘ ਦੇ ਘਰ ਹੋਇਆ। ਕਰਿਆਨੇ ਦੀ ਹੱਟੀ, ਘੜੀ ਸਾਜ਼ੀ, ਫੋਟੋਗ੍ਰਾਫੀ, ਰੀਕਾਰਡ-ਗੀਤਕਾਰੀ ਆਦਿਕ ਕਈ ਕੰਮ ਕਰਨ ਪਿਛੋਂ ਅਜ ਕਲ ਦਿੱਲੀ ਵਿਚ ਆਪਣਾ ਵਧੇਰੇ ਵਕਤ ਕਵੀ ਦਰਬਾਰਾਂ ਤੇ ਜਥੇਬੰਦੀਆਂ ਵਿਚ ਗੁਜ਼ਾਰਦੇ ਹਨ। 'ਸੈਨਾਪਤੀ' ਨਾਂ ਦਾ ਸਪਤਾਹਿਕ ਵੀ ਸੰਪਾਦਿਤ

ਕਰਦੇ ਹਨ।

ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ :—

ਕਵਿਤਾ : ਪਰਛਾਵੇਂ, ਯਾਦਗਾਰ, ਮਨ ਮੰਦਰ, ਛਣਕਾਰ, ਵਧੀ ਚਲੋ, ਮੇਰੀ ਦੁਨੀਆਂ, ਰਾਜ ਕਰੇਗਾ ਖਾਲਸਾ, ਮੇਰੀ ਪ੍ਰਸਿਧ ਕਵਿਤਾ, ਪੂਰਬ ਦਾ ਚਾਨਣ ਅਤੇ ਨਿਰੀ ਅੱਗ।

ਕਹਾਣੀਆਂ : ਲਹੂ ਚੂਸ।

ਆਲੋਚਨਾ : ਨਵੀਨ ਸਾਹਿਤ।

ਆਪ ਮੂਲ ਰੂਪ ਵਿਚ ਸਿੱਖ ਇਤਿਹਾਸ ਤੇ ਧਰਮ ਦੇ ਰਵਾਇਤੀ ਕਵੀ ਹਨ। 'ਨਿਰੀ ਅੱਗ' ਨਾਂ ਦੇ ਕਾਵਿ-ਸੰਗ੍ਰਹਿ ਵਿਚ ਰਵਾਇਤ ਵਲੋਂ ਕੁਝ ਵਖਰਤਾ ਮਿਲਦੀ ਹੈ। ਜੀਵਨ-ਅਨੁਭਵ ਨੇ ਆਪਦੀ ਸ਼ੈਲੀ ਵਿਚ ਠੇਠ ਪੰਜਾਬੀਅਤ, ਸਰਲਤਾ ਤੇ ਪ੍ਰਮਾਣ-ਭਰਪੂਰਤਾ ਦੇ ਗੁਣ ਲੈ ਆਂਦੇ ਹਨ।

**ਤੇਜਾ ਸਿੰਘ ਸਮੁੰਦਰੀ** (੧੮੮੧--੨੭ ਜੁਲਾਈ ੧੯੨੬)

ਜਨਮ : ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਸ: ਦੇਵਾ ਸਿੰਘ ਰਸਾਲਦਾਰ ਮੇਜਰ ਦੇ ਘਰ ਹੋਇਆ ਨਿੱਕੀ ਉਮਰੇ ਹੀ ਆਪ ਨੂੰ ਗੁਰਬਾਣੀ ਨਾਲ ਨਿਹੁੰ ਹੋ ਗਿਆ। ੧੮ ਸਾਲ ਦੀ ਉਮਰ ਵਿਚ ਆਪ ਪਿਤਾ ਜੀ ਵਾਲੇ ਰਸਾਲੇ ਵਿਚ ਹੀ ਭਰਤੀ ਹੋਏ ਪਰ ਫੌਜ ਵਿਚ ਆਪਦਾ ਦਿਲ ਨਾ ਲਗਾ ਤੇ ਆਪ ਅਸਤੀਫਾ ਦੇ ਕੇ ਧਾਰਮਕ ਸਰਗਰਮੀਆਂ ਵਿਚ ਰੁਝ ਗਏ। ੧੯੧੪ ਤੋਂ ਅੰਤ ਤਕ ਆਪਨੇ ਸਾਰੀਆਂ ਸਿਖ ਲਹਿਰਾਂ ਵਿਚ ਆਗੂ ਦੇ ਰੂਪ ਵਿਚ ਹਿੱਸਾ ਲਿਆ ਅਤੇ ਅੰਗ੍ਰੇਜ਼ੀ ਸਰਕਾਰ ਦੇ ਤਸੀਹੇ ਸਹਾਰੇ।

'ਪਰਦੇਸੀ ਖਾਲਸਾ' ਅਤੇ 'ਅਕਾਲੀ' ਆਦਿਕ ਅਖਬਾਰਾਂ ਦੀ ਸਥਾਪਨਾ ਲਈ ਆਪਦੀ ਘਾਲਣਾ ਵਰਨਣ ਯੋਗ ਹੈ।

**ਤੇਜਾ ਸਿੰਘ ਕੌਹਲੀ**

ਵੇਖੋ

ਕੌਹਲੀ, ਤੇਜਾ ਸਿੰਘ

**ਤੇਜਾ ਸਿੰਘ, ਜਸਟਿਸ** (੧੮੮੯—ਜੀਵਤ)

ਆਪਦਾ ਜਨਮ ਗੁਜਰਖਾਨ, ਜ਼ਿਲਾ ਰਾਵਲਪਿੰਡੀ ਵਿਚ ਹੋਇਆ। ਆਪ ਦੇ ਪਿਤਾ ਇਕ ਸਕੂਲ ਦੇ ਹੈਡਮਾਸਟਰ ਸਨ ਅਤੇ ਪੂਰਨ ਗੁਰਸਿੱਖ ਹੋਣ ਦੇ ਨਾਤੇ ਚੰਗੀ ਸਮਾਜਕ ਮਹੱਤਤਾ ਦੇ ਮਾਲਕ ਸਨ। ਮੁਢਲੀ ਵਿਦਿਆ ਕੱਲਰ ਅਤੇ ਗੁਜਰਖਾਨ ਤੋਂ ਪ੍ਰਾਪਤ ਕਰਨ ਪਿਛੋਂ, ਸ: ਤੇਜਾ ਸਿੰਘ ਹੁਰਾਂ ੧੯੦੬ ਵਿਚ ਮਿਸ਼ਨ ਹਾਈ ਸਕੂਲ ਰਾਵਲਪਿੰਡੀ ਤੋਂ ਮੈਟਰਿਕ ਕੀਤੀ। ਅਠਵੀਂ ਵਿਚ ਆਪਨੇ ਵਜ਼ੀਫਾ ਜਿਤਿਆ ਤੇ ਦਸਵੀਂ ਵਿਚ ਵਜ਼ੀਫਾ ਜਿਤਣ ਦੇ ਨਾਲ ਨਾਲ ਸਕੂਲ ਵਿਚੋਂ ਫਸਟ ਵੀ ਆਏ। ੧੯੧੦ ਵਿਚ ਗਾਰਡਨ ਕਾਲਜ ਰਾਵਲਪਿੰਡੀ ਤੋਂ ਬੀ. ਏ. ਕੀਤੀ। ਕਾਲਜ ਵਿਚ ਆਪ ਹਰ ਇਮਤਿਹਾਨ ਵਿਚੋਂ ਫਸਟ ਆਉਂਦੇ ਰਹੇ! ਰਹੇ। ੧੯੦੭ ਵਿਚ ਸ: ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਦੀਆਂ ਇਨਕਲਾਬੀ ਸਰਗਰਮੀਆਂ ਰਾਵਲਪਿੰਡੀ ਵੀ ਪਹੁੰਚ ਗਈਆਂ। ਆਪਨੇ ਯੰਗਮੈਨ ਸੁਸਾਇਟੀ ਦੇ ਜਨਰਲ ਸਕਤਰ ਵਜੋਂ ਥਾਂ ਥਾਂ ਤੇ ਜਲਸੇ ਕੀਤੇ। ਆਪ ਨੇ ਕਈ ਟ੍ਰੈਕਟ ਪ੍ਰਕਾਸ਼ਿਤ ਕੀਤੇ ਅਤੇ 'ਫਰੀ ਨਾਈਟ ਕਾਲਜ' ਵਿਚ ਪੜ੍ਹਾਈ ਵੀ. ਕਰਾਈ। ੧੯੧੩ ਵਿਚ ਕਾਨੂੰਨ (ਲਾਅ) ਪਾਸ ਕਰਨ ਪਿਛੋਂ ਗੁਜਰਖਾਨ ਵਿਚ ਆ ਕੇ ਵਕਾਲਤ ਕਰਨ ਲਗ ਪਏ। ਇਥੇ ਆਪ ਨੇ ਖਾਲਸਾ ਹਾਈ ਸਕੂਲ ਸਥਾਪਤ ਕੀਤਾ। ਆਪ ਕਈ ਸਾਲ ਇਸ ਸੰਸਥਾ ਦੇ ਆਨਰੇਰੀ ਸਕੱਤਰ ਵੀ ਰਹੇ। ਅੰਗ੍ਰੇਜ਼

ਵਿਰੋਧੀ ਕਾਂਗਰਸੀਆਂ ਤੇ ਅਕਾਲੀਆਂ ਦੇ ਮੁਕਦਮੇ ਆਪ ਮੁਫ਼ਤ ਲੜਦੇ ਸਨ। ਆਪ ਨੇ ਕਈ ਸਾਲ ਸ੍ਰੀ ਗੁਰੂ ਸਿੰਘ ਸਭਾ ਰਾਵਲਪਿੰਡੀ ਦਾ ਪ੍ਰਧਾਨਗੀ ਵੀ ਨਿਭਾਈ। ੧੯੩੨ ਵਿਚ ਅੰਗ੍ਰੇਜ਼ ਸਰਕਾਰ ਨੇ ਆਪਨੂੰ ਸੈਸ਼ਨ ਜੱਜ ਨਿਯਤ ਕਰ ਦਿਤਾ। ਅੰਗ੍ਰੇਜ਼ਾਂ ਨੂੰ ਪੰਜਾਬ ਉਤੇ ਰਾਜ ਕਰਦਿਆਂ ੯੪ ਸਾਲ ਹੋ ਚੁਕੇ ਸਨ, ਇਹ ਪਹਿਲਾ ਮੌਕਾ ਸੀ ਕਿ ਕਿਸੇ ਸਿੱਖ ਨੂੰ ਜੱਜ ਨਿਯੁਕਤ ਕੀਤਾ ਗਿਆ ਹੋਵੇ। ੧੯੪੩ ਵਿਚ ਆਪਨੂੰ ਪੰਜਾਬ ਹਾਈਕੋਰਟ ਦਾ ਜੱਜ ਨੀਯਤ ਕਰ ਦਿਤਾ। ੧੯੫੩ ਵਿਚ ਆਪ ਇਸ ਸੇਵਾ ਤੋਂ ਰੀਟਾਇਰ ਹੋਏ।

ਅਣਵੰਡੇ ਪੰਜਾਬ ਦੀ ਯੂਨੀਵਰਸਿਟੀ ਵਿਚ ਵੀ ਆਪ ਸੈਨਿਟ ਤੇ ਸਿੰਡੀਕੇਟ ਦੇ ਮੈਂਬਰ ਸਨ। ਵੰਡ ਪਿਛੋਂ ਆਪ ਪੂਰਬੀ ਪੰਜਾਬ ਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਥਾਪੇ ਗਏ। ਪੈਪਸੂ ਹਾਈਕੋਰਟ ਦੀਆਂ ਵਧੇਰੇ ਜ਼ਿੰਮੇਵਾਰੀਆਂ ਨੂੰ ਮੁਖ ਰਖਦਿਆਂ ਆਪ ਨੇ ਵਾਈਸ ਚਾਂਸਲਰ ਦੀ ਪਦਵੀ ਤਿਆਗ ਦਿਤੀ। ਪਰ ਹੁਣ ਤਕ ਵੀ ਆਪ ਯੂਨੀਵਰਸਿਟੀ ਦੇ ਸੈਨਿਟਰ ਤੇ ਸਿੰਡਿਕ ਹਨ। ਆਪ ਨੇ ਪੰਜਾਬੀ ਤੇ ਹਿੰਦੀ ਪ੍ਰਕਾਸ਼ਨਾਂ ਲਈ ਇਕ ਕਮੇਟੀ ਬਣਾਈ ਜੋ ਹੁਣ ਤਕ ਸਫਲਤਾ ਸਹਿਤ ਚਲ ਰਹੀ ਹੈ। ਆਪ ਰੈਡ ਕਲਿਫ਼ ਬਾਉਂਡਰੀ ਕਮਿਸ਼ਨ, ਸੈਂਟਰਲ ਐਡਵਾਇਜ਼ਰੀ ਬੋਰਡ ਆਫ ਐਜੂਕੇਸ਼ਨ ਇਨ ਇੰਡੀਆ ਅਤੇ ਲੈਂਗੂਏਜ ਕਮਿਸ਼ਨ ਦੇ ਵੀ ਮੈਂਬਰ ਰਹੇ। ਦਿੱਲੀ ਅਤੇ ਕਲਕੱਤੇ ਦੀਆਂ ਯੂਨੀਵਰਸਿਟੀਆਂ ਦੇ ਵੀ ਆਪ ਕੋਰਟ ਮੈਂਬਰ ਹਨ। ਪੰਜਾਬ ਦੀ ਦੇਸੀ ਵਿਦਿਅਕ ਪ੍ਰਣਾਲੀ ਨੂੰ ਆਪਦੀ ਦੇਣ ਵਰਨਣ ਯੋਗ ਹੈ। ਬਹੁਤ ਸਾਰੀਆਂ ਗੈਰ ਸਰਕਾਰੀ ਵਿਦਿਅਕ ਸੰਸਥਾਵਾਂ ਵੀ ਆਪਦੀ ਸਰਪ੍ਰਸਤੀ ਮਾਣਦੀਆਂ ਹਨ। ਯੂਨੈਸਕੋ ਦੀ ਛਤਰ ਛਾਇਆ ਹੇਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਲਈ ਸਾਹਿਤ ਅਕਾਦਮੀ ਵਲੋਂ ਇਕ ਕਮੇਟੀ ਬਣਾਈ ਗਈ ਸੀ, ਆਪਨੂੰ ਇਸ ਦਾ ਪ੍ਰਧਾਨ ਥਾਪਿਆ ਗਿਆ।

ਆਪਦੀ ਵਧੇਰੇ ਦੇਣ ਪੰਜਾਬੀ ਕਲਚਰ ਅਤੇ ਸਭਿਅਤਾ ਨੂੰ ਹੈ। ਆਪ ਦੀ ਪੁਸਤਕ 'ਕਮੈਂਟਰੀ ਆਨ ਪੰਜਾਬ ਪ੍ਰੀਜ਼ੰਪਸ਼ਨ ਐਕਟ' ਪੰਜਾਬ ਯੂਨੀਵਰਸਿਟੀ ਦੇ ਕੋਰਸ ਵਿਚ ਰਹੀ। ਅਕਾਲੀ-ਦਲ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਸੰਜੁਗਤ ਕਰਨ ਲਈ ਆਪ ਸਮੇਂ ਸਮੇਂ ਯਤਨ ਕਰਦੇ ਰਹੇ। ਆਪ ਨੇ ਦਿੱਲੀ ਵਿਚ ਸਰਬ-ਪਾਰਟੀ ਕਨਵੈਨਸ਼ਨ ਬੁਲਾਈ ਅਤੇ ਸਿਖਾਂ ਦੇ ਹੱਕਾਂ ਬਾਰੇ ਪ੍ਰਧਾਨ ਮੰਤਰੀ ਨੂੰ ਵਾਕਫੀ ਕਰਾਈ। ਭਾਰਤ ਵਲੋਂ ਸੋਵੀਅਤ ਯੂਨੀਅਨ ਵਿਚ ਭੇਜੇ ਗਏ ਇਕ ਕਲਚਰਲ ਡੈਲੀਗੇਸ਼ਨ ਦੇ ਆਪ ਆਗੂ ਸਨ। ਆਪ ਅਜ ਕਲ ਦਿੱਲੀ ਵਿਚ ਰਹਿੰਦੇ ਹਨ। ਆਪਦੇ ਸਪੁਤਰ ਸ: ਗੁਰਦੇਵ ਸਿੰਘ ਪੰਜਾਬ ਹਾਈਕੋਰਟ ਦੇ ਜੱਜ ਹਨ।

ਆਪ ਨੇ ਗੁਰੂ ਨਾਨਕ ਸਾਹਿਬ ਦੀ ਰਚਨਾ 'ਜਪੁਜੀ' ਦਾ ਅੰਗਰੇਜ਼ੀ ਅਨੁਵਾਦ ਕੀਤਾ ਤੇ ਅੰਗਰੇਜ਼ੀ ਜਾਣਦੇ ਪਾਠਕਾਂ ਨੂੰ ਪੰਜਾਬ ਦੀ ਅਧਿਆਤਮਕ ਧਾਰਾ ਤੋਂ ਜਾਣੂ ਕਰਵਾਇਆ। ਇਸੇ ਪ੍ਰਕਾਰ ਆਪ ਨੇ ਇਸ ਰਚਨਾ ਨੂੰ ਪੰਜਾਬੀ ਵਿਚ ਸੰਪਾਦਿਤ ਕੀਤਾ ਤੇ ਨਾਲ ਗੁਰਮਤ ਫ਼ਿਲਾਸਫੀ ਨੂੰ ਆਧੁਨਿਕਤਾ ਦੇ ਪਰਸੰਗ ਵਿਚ ਪੇਸ਼ ਕਰਨ ਦੀ ਪਹਿਲ ਕੀਤੀ। ਇਸ ਰਚਨਾ ਦੀ ਬੋਲੀ ਸਾਧਾਰਨ ਜੀਵਨ ਦੀ ਪੰਜਾਬੀ ਹੈ। ਸ਼ੈਲੀ ਵਿਚ ਵਾਰਤਕ ਦੀ ਨਿਰਪੇਖਤਾ ਅਤੇ ਸੰਖੇਪਤਾ ਹੈ।

**ਤੇਜਾ ਸਿੰਘ ਪ੍ਰਿੰਸੀਪਲ** (੧੮੮੩—੧੦ ਜਨਵਰੀ ੧੯੫੮)

ਆਪ ਦਾ ਜਨਮ ਪਿੰਡ ਅਡਿਆਲਾ, ਜ਼ਿਲਾ ਰਾਵਲਪਿੰਡੀ ਵਿਖੇ ਭਾਈ ਭਲਕਾਰ ਸਿੰਘ ਦੇ ਘਰ ਹੋਇਆ। ਢੱਲਿਓਂ ਚੌਥੀ, ਸਰਗੋਧਿਉਂ ਅਠਵੀਂ

ਤੇ ੧੯੧੪ ਵਿਚ ਖਾਲਸਾ ਕਾਲਜ ਅੰਮ੍ਰਿਤਸਰੋਂ ਬੀ. ਏ. ਕਰਨ ਪਿਛੋਂ ਆਪ ਗਾਰਡਨ ਕਾਲਜ, ਰਾਵਲਪਿੰਡੀ ਵਿਚ ਅੰਗ੍ਰੇਜ਼ੀ ਤੇ ਇਤਿਹਾਸ ਦੇ ਅਧਿਆਪਕ ਲਗ ਗਏ। ਐਮ. ਏ. ਕਰਨ ਪਿਛੋਂ ੨੬ ਵਰ੍ਹੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅੰਗ੍ਰੇਜ਼ੀ, ਇਤਿਹਾਸ ਤੇ ਧਾਰਮਕ ਦੇ ਅਧਿਆਪਕ ਲਗੇ ਰਹੇ। ਸਿੱਖ ਲਹਿਰਾਂ ਨਾਲ ਵੀ ਆਪ ਸੰਬੰਧਿਤ ਰਹੇ ਤੇ ਤੇ ਗੁਰਦੁਆਰਾ ਸੁਧਾਰ ਲਹਿਰ ਸਮੇਂ ਕੈਦ ਵੀ ਹੋਏ। ਆਪ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਯੂਨੀਵਰਸਿਟੀ ਸੈਨਿਟ ਦੇ ਮੈਂਬਰ ਰਹੇ। ਆਪ ੧੯੪੫ ਵਿਚ ਖਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ, ੧੯੪੮ ਵਿਚ ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ ਦੇ ਸਕੱਤਰ ਅਤੇ ੧੯੪੯ ਵਿਚ ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਨਿਯੁਕਤ ਹੋਏ। ਆਪਨੇ ੧੯੫੨ ਤਕ ਮਹਿਕਮਾ ਪੰਜਾਬੀ ਪਟਿਆਲਾ ਦੇ ਮੋਢੀ ਡਾਇਰੈਕਟਰ ਦੀ ਸੇਵਾ ਨਿਭਾਈ। ਆਪ ਨੂੰ ਇਸ ਮਹਿਕਮੇ ਵਲੋਂ ਵੀ ਸਨਮਾਨਿਆ ਗਿਆ। ਪੰਜਾਬੀ ਨਾਲ ਸੰਬੰਧਿਤ ਰਾਜਨੀਤੀ ਵਿਚ ਆਪਦਾ ਨਿਵੇਕਲਾ ਸਥਾਨ ਸੀ। ਰੀਟਾਇਰ ਹੋਣ ਪਿਛੋਂ ਵੀ ਵੀ ਆਪ ਸਾਹਿਤਕ ਤੇ ਜਥੇਬੰਦਕ ਸਰਗਰਮੀਆਂ ਵਿਚ ਦਿਲਚਸਪੀ ਲੈਂਦੇ ਰਹੇ ਤੇ ਅੰਮ੍ਰਿਤਸਰ ਵਿਖੇ ੧੯੫੮ ਦੇ ਸਾਲ ਚਲਾਣਾ ਕਰ ਗਏ।

ਆਪਦੀ ਘਾਲਣਾ ਦਾ ਵੇਰਵਾ ਇਸ ਪ੍ਰਕਾਰ ਹੈ :

ਲੇਖ : ਨਵੀਆਂ ਸੋਚਾਂ, ਸਹਿਜ ਸੁਭਾ, ਸਭਿਆਚਾਰ, ਘਰ ਦਾ ਪਿਆਰ ਅਤੇ ਸਿਮਰਤੀਆਂ (ਸ੍ਵੈ-ਜੀਵਨਕ ਲੇਖ)

ਵਿਆਕਰਣ ਤੇ ਅਰਥਕਾਰੀ : ਸ਼ਬਦਾਦਿਕ ਲਗਾ ਮਾਤਰਾਂ, ਸ਼ਬਦਾਰਥ ਗੁਰੂ ਗਰੰਥ ਸਾਹਿਬ, ਜਪੁਜੀ ਸਟੀਕ ਆਸਾ ਦੀ ਵਾਰ ਸਟੀਕ, ਐਂਗਲੋ ਪੰਜਾਬੀ ਡਿਕਸ਼ਨਰੀ ਪੰਜਾਬੀ ਸ਼ਬਦ ਜੋੜ, ਪੰਜਾਬੀ ਕਿਵੇਂ ਲਿਖੀਏ ਅਤੇ ਨਵਾਂ ਪੰਜਾਬੀ ਪਿੰਗਲ।

ਆਲੋਚਨਾ : ਸਾਹਿਤ ਦਰਸ਼ਨ, ਚੋਣਵੀਂ ਪੰਜਾਬੀ ਕਵਿਤਾ ਅਤੇ ਪੰਜਾਬੀ ਭੌਰੇ (ਨ. ਸ. ਅਮੋਲ ਜੀ ਨਾਲ ਰਲ ਕੇ)।

ਜੀਵਨੀ : ਆਰਸੀ (ਆਪਣੇ ਬਾਰੇ)।

ਅੰਗ੍ਰੇਜ਼ੀ ਵਿਚ ਵੀ ਆਪਨੇ ਕਾਫੀ ਪੁਸਤਕਾਂ ਲਿਖੀਆਂ ਜਿਨ੍ਹਾਂ ਦਾ ਮੰਤਵ ਸਿਖੀ ਤੇ ਪੰਜਾਬੀ ਦਾ ਪਰਚਾਰ ਹੈ :

Psalm of Peace, Claims of Punjabi Language, Short History of the Sikhs (ਤਿੰਨ ਜਿਲਦਾਂ, ਸਹਿ-ਕਰਤਾ ਡਾ: ਗੰਡਾ ਸਿੰਘ) Essays in Sikhism, Sikhism—its Ideals and Institutions. Growth of Responsibility in Sikhism, High Roads to Sikh History.

ਪੰਜਾਬੀ ਵਿਚ ਸਭ ਤੋਂ ਜ਼ਿਆਦਾ ਮੁਖਬੰਦ ਆਪਨੇ ਲਿਖੇ। ਪ੍ਰੌਗਰਦੇ ਸਾਹਿਤਕਾਰਾਂ ਨੂੰ ਪਰਮੁਖਤਾ ਦੇ ਖੇਤਰ ਵਿ ਚ ਲਿਆਉਣ ਲਈ ਆਪਨੇ ਭਾਵਕ ਤੇ ਨਿਸ਼ਕਾਮ ਯਤਨ ਕੀਤੇ। ਆਪ ਪੰਜਾਬੀ ਕਲਚਰ ਨੂੰ ਅਤੀਅੰਤ ਅਮੀਰ ਮੰਨਦੇ ਸਨ ਤੇ ਸਿੱਖੀ-ਸਿਦਕ ਪ੍ਰਤੀ ਸਿਧਾਂਤਕ ਪਖੋਂ ਸ਼ਰਧਾਲੂ ਸਨ। ਪੰਜਾਬੀ ਅਤੇ ਸਿੱਖ ਪਰੰਪਰਾ ਨੂੰ ਸੂਤਰਬੱਧ ਕਰਕੇ ਹੀ ਆਪ ਸੰਤੁਸ਼ਟ ਰਹਿੰਦੇ ਸਨ। ਆਪਨੂੰ ਪੰਜਾਬੀ, ਦੇ ਸਰਵੋਤਮ ਵਾਰਤਕਕਾਰਾਂ ਵਿਚੋਂ ਮੰਨਿਆ ਜਾਂਦਾ ਹੈ। ਆਪਦੀ ਵਾਰਤਕ ਸ਼ੈਲੀ ਵਿਆਖਿਆ, ਗਿਆਨ ਬਿਰਤਾਂਤ ਤੇ ਮਨੋਰੰਜਨ ਨਾਲ ਭਰਪੂਰ ਹੈ। ਹੋਰ ਪਠੋਹਾਰੀਆਂ ਦੇ ਵਿਪਰੀਤ ਸਰਲ ਤੇ ਟਕਸਾਲੀ ਬੋਲੀ ਦੇ ਸੁਆਮੀ ਹਨ। ਆਪਦੀ

ਵਿਚਾਰਧਾਰਾ ਗੁਰਮਤ ਨਾਲ ਚਰੰਜੀਵ ਹੈ। ਕੋਸ਼ਕਾਰੀ ਦੇ ਖੇਤਰ ਵਿਚ ਵੀ ਆਪਦਾ ਸਥਾਨ ਪੰਜਾਬੀ ਨਵੇ-ਕਲਾ ਹੈ।

**ਤੇਜਾ ਸਿੰਘ, ਬਾਬੂ, ਭਸੌੜ** (੧੮੬੬—੧੯੪੩)

ਜਨਮ ਪਿੰਡ ਰਾਮਗੜ੍ਹ, ਜ਼ਿਲਾ ਪਟਿਆਲਾ ਵਿਖੇ ਸ: ਬੁੱਧ ਸਿੰਘ ਦੇ **ਘਰ** ਹੋਇਆ। ਆਪਦਾ ਪਹਿਲਾ ਨਾਮ ਨਰੈਣ ਸਿੰਘ ਸੀ। ਨਾਨਕੇ ਪਿੰਡ ਭਸੌੜ ਦੀ ਅੱਲ ਆਪਦੇ ਨਾਂ ਨਾਲ ਸਬੰਧਿਤ ਹੋ ਗਈ। ਘਰੋਂ ਉਪਰਾਮ ਹੋ ਕੇ ਪਟਿਆਲਾ ਫੌਜ ਵਿਚ ਦਾਖਲ ਹੋਏ। ਫਿਰ ਰੁੜਕੀ ਤੋਂ ਸਬ-ਓਵਰਸੀਅਰੀ ਕਰਨ ਪਿਛੋਂ ਮਹਿਕਮਾ ਨਹਿਰ ਵਿਚ ਨੌਕਰੀ ਕਰਨ ਲਗ ਪਏ ਤੇ ਰੀਟਾਇਰ ਹੋਣ ਪਿਛੋਂ ਭਸੌੜ ਆ ਟਿਕੇ। ਚੀਫ ਖਾਲਸਾ ਦੀਵਾਨ, ਸਿੰਘ ਸਭਾ ਭਸੌੜ ਤੇ ਪੰਚ ਖਾਲਸਾ ਦੀਵਾਨ ਦੀ ਰਾਜਨੀਤੀ ਵਿਚ ਸਰਗਰਮ ਸਨ। ਖਾਲਸਾ ਕੁਆਰੀ ਕਾਲਜ ਭਸੌੜ ਦੀ ਸਥਾਪਨਾ ਆਪਨੇ ਹੀ ਕੀਤੀ।

ਰਾਗ ਮਾਲਾ, ਆਦਿ ਗਰੰਥ ਦੀਆਂ ਸੰਪਾਦਿਤ ਐਡੀਸ਼ਨਾਂ ਵਿਚ ਆਪਨੇ ਕੁਝ ਮੂਲ ਨੂੰ ਬਦਲਾਇਆ ਅਤੇ ਗੁਰਮੁਖੀ ਕੋਰਸ ਛਪਵਾਏ, ਜਿਸ ਕਾਰਨ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੇ ਇਕ ਹੁਕਮ-ਨਾਮੇ (੯ ਅਗਸਤ ੧੯੨੮) ਦੁਆਰਾ ਆਪਨੂੰ ਤੇ ਆਪਦੀ ਪਤਨੀ ਨਿਰੰਜਣ ਕੌਰ ਨੂੰ ਪੰਥ ਵਿਚੋਂ ਛੇਕ ਦਿਤਾ ਗਿਆ ਸੀ।

**ਤੇਜਾ ਸਿੰਘ ਮੌਜੀ** (੧੯੦੯—ਜੀਵਤ)

ਜਨਮ ਮੋਹੀ ਕਲਾਂ, ਜ਼ਿਲਾ ਪਟਿਆਲਾ ਵਿਖੇ ਸ: ਜੀਉਣ ਸਿੰਘ ਦੇ ਘਰ ਮਾਤਾ ਪੰਜਾਬ ਕੌਰ ਦੀ ਕੁਖੋਂ ਹੋਇਆ। ਅਠਵੀਂ ਤਕ ਵਿਦਿਆ ਪ੍ਰਾਪਤ ਕਰਨ ਪਿਛੋਂ ਪਹਿਲਾਂ ਖੇਤੀ ਬਾੜੀ ਅਤੇ ਫਿਰ ਫੌਜੀ ਸੇਵਾ ਕਰਦੇ ਰਹੇ। ਅਜ ਕਲ੍ਹ ਡਾਕਟਰੀ ਕਰਦੇ ਹਨ। ਮੁਢ ਤੋਂ ਹੀ ਅਗਾਂਹ-ਵਧੂ ਸਮਾਜਕ ਤੇ ਰਾਜਸੀ ਸਰਗਰਮੀਆਂ ਵਿਚ ਹਿਸਾ ਲੈਂਦੇ ਰਹੇ ਅਤੇ ਕਈ ਵਾਰੀ ਕੈਦ ਵੀ ਹੋਏ।

ਕਵਿਤਾ ਅਤੇ ਨਾਟਕ ਨਾਲ ਆਪਨੂੰ ਗੂੜ੍ਹਾ ਨਿਹੁੰ ਹੈ। ਆਪਦੀਆਂ ਰਚਨਾਵਾਂ ਅਜੇ ਪੁਸਤਕ-ਰੂਪ ਵਿਚ ਪ੍ਰਗਟ ਨਹੀਂ ਹੋਈਆਂ।

ਆਪ ਦੀ ਵਿਚਾਰਧਾਰਾ ਪ੍ਰਗਤੀਵਾਦੀ ਹੈ।

**ਤੇਜ ਵਿੱਗ**

ਵੇਖੋ

ਵਿੱਗ, **ਤੇਜ**

**ਤੇਰਾ ਸਿੰਘ ਚੰਨ** (੬ ਜਨਵਰੀ, ੧੯੨੧--ਜੀਵਤ)

ਆਪਦਾ ਜਨਮ ਬਿਲਾਵਲ ਪਿੰਡ, ਤਹਿਸੀਲ ਫਤਹਿ ਜੰਗ, ਜ਼ਿਲਾ ਕੈਮਲਪੁਰ ਵਿਚ ਹੋਇਆ ਤੇ ਪਾਲਣਾ ਚੂਹੜਕਾਣਾ ਵਿਚ ਹੋਈ। ੧੯੩੮ ਵਿਚ ਦਸਵੀਂ, ੧੯੩੯ ਵਿਚ ਗਿਆਨੀ ਅਤੇ ੧੯੬੦ ਵਿਚ ਬੀ. ਏ. ਕੀਤੀ। ਅੰਗਰੇਜ਼ ਵਿਰੋਧੀ ਲਹਿਰ ਵਿਚ ਆਪ ਨੇ ਕਾਂਗਰਸ ਦੇ ਅਧੀਨ ਕੰਮ ਕੀਤਾ, ਫਿਰ ੧੯੪੭ ਵਿਚ ਕਮਿਊਨਿਸਟ ਪਾਰਟੀ ਵਿਚ ਆ ਗਏ। ਅਜ ਕਲ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਅਤੇ 'ਅਮਨ ਦੇ ਸਿਪਾਹੀ' ਵੀ ਹਨ। ਆਪ ਦੇ ਗੀਤ ਪੰਜਾਬੀ ਲੋਕਾਂ ਦੀ ਅਗਾਂਹ-ਵਧੂ ਲਹਿਰ ਦਾ ਇਕ ਭਾਗ ਹਨ।

'ਅਮਰ ਪੰਜਾਬ' ਵਿਚ ਆਪ ਦੇ ਉਪਰੇਟੇ ਦਰਜ ਹਨ।

ਆਪ ਅਗਰਗਾਮੀ ਸਾਂਝੀ ਪੰਜਾਬੀ ਕਲਚਰ ਦੇ ਉਪਾਸ਼ਕ ਹਨ।

**ਤਾਰਾ ਸਿੰਘ ਅਨਜਾਣ** (੪ ਅਕਤੂਬਰ, ੧੯੪੪— ਜੀਵਤ)

ਆਪਦਾ ਜਨਮ ਰਾਏਵਿੰਡ ਮੰਡੀ ਜ਼ਿਲਾ ਲਾਹੌਰ ਵਿਖੇ ਸ: ਭਗਤ ਸਿੰਘ ਮਿਸਤਰੀ ਦੇ ਘਰ ਹੋਇਆ। ੧੯੬੦ ਵਿਚ ਵਿਦਵਾਨ ਅਤੇ ੧੯੬੧ ਵਿਚ ਆਪਨੇ ਹਾਇਰ ਸੈਕੰਡਰੀ ਪਾਸ ਕੀਤੀ। ਅਜ ਕਲ ਆਪ ਸਰਸਾ (ਹਿਸਾਰ) ਵਿਚ ਵਿਦਿਆਰਥੀ ਹਨ। ਘਰ ਵੀ ਇਥੇ ਹੈ। ਨਾਮਧਾਰੀ ਜਗਤ ਨਾਲ ਸਬੰਧਿਤ ਹਨ।

ਕਹਾਣੀਆਂ, ਕਵਿਤਾਵਾਂ, ਇਕਾਂਗੀ ਅਤੇ ਧਾਰਮਕ ਵਿਚਾਰਧਾਰਕ ਲੇਖ ਲਿਖਦੇ ਹਨ। ਸਮਾਜਵਾਦ ਅਤੇ ਗੁਰਸਿੱਖੀ ਆਪ ਦੇ ਸਿਦਕ ਦੇ ਦੋ ਪੱਖ ਹਨ।

**ਤਾਰਾ ਸਿੰਘ ਗਿਆਨੀ** (-੧੯੪੩, ੪੫-)

ਆਪ ਵੰਡ-ਪੂਰਵ ਦੇ ਸਰਗਰਮ ਗਲਪਕਾਰਾਂ ਵਿਚੋਂ ਇਕ ਹਨ।

'ਫਰਾਂਸ ਦੀਆਂ ਰਾਤਾਂ' (ਕਹਾਣੀਆਂ), 'ਬਰਫ ਦਾ ਤੂਫਾਨ' (ਨਾਵਲ), 'ਜਿਮ ਬਾਰਨੇਟ' (ਨਾਵਲ), 'ਤਿੰਨ ਵਿਧਵਾਂ' (ਨਾਵਲ), 'ਸਾਰੁਕਤਾਵਲੀ' (ਸਟੀਕ), 'ਦਰਸ਼ਨ ਅਭਿਲਾਸ਼ੀ' (ਨਾਟਕ), ਆਦਿਕ ਪੁਸਤਕਾਂ ਆਪਦੀ ਰਚਨਾ ਦਾ ਵਿਸ਼ੇਸ਼ ਭਾਗ ਹਨ।

**ਤਾਰਾ ਸਿੰਘ ਨਰੋਤਮ** (੧੮੨੨—੧੮੯੧)

ਆਪਦਾ ਜਨਮ ਪਿੰਡ ਕਾਲਮਾਂ ਜ਼ਿਲਾ ਗੁਰਦਾਸਪੁਰ ਵਿਖੇ ਹੋਇਆ। ਨਿਰਮਲ ਭੇਖ ਦੀ ਸੰਗਤ ਨੇਵਿਦਵਾਨ ਬਣਾ ਦਿਤਾ। ਕਾਫੀ ਦੇਸ਼ਾਟਨ ਕਰਨ ਤੇ ਕੁਝ ਚਿਰ ਗਿਰਵੜੀ ਜ਼ਿਲਾ ਹੁਸ਼ਿਆਰਪੁਰ ਵਿਚ ਰਹਿਣ ਪਿਛੋਂ ਪਟਿਆਲੇ ਆ ਕੇ ਵਸ ਗਏ। ਮਹਾਰਾਜਾ ਨਰਿੰਦਰ ਸਿੰਘ ਤੇ ਮਹਿੰਦਰ ਸਿੰਘ ਦੀ ਸਰਪ੍ਰਸਤੀ ਵੀ ਆਪ ਨੂੰ ਪ੍ਰਾਪਤ ਹੋਈ। ਆਪ ਦੇ ਦੇਹਾਂਤ ਪਿਛੋਂ ਮਹਾਰਾਜਾ ਰਾਜਿੰਦਰ ਸਿੰਘ ਨੇ ਆਪਦੀਆਂ ਰਚਨਾਵਾਂ ਪ੍ਰਕਾਸ਼ਤ ਕਰਵਾ ਦਿਤੀਆਂ। ਗਿ: ਗਿਆਨ ਸਿੰਘ ਆਪ ਦੇ ਸ਼ਗਿਰਦ ਸਨ।

ਆਪਦੀਆਂ ਰਚਨਾਵਾਂ ਇਸ ਪ੍ਰਕਾਰ ਹਨ :—

੧. ਸ੍ਰੀ ਗੁਰੂ ਤੀਰਥ ਸੰਗਰਹਿ ੨. ਗੁਰਮਤ ਨਿਰਣੈ ਸਾਗਰ ੩. ਵਾਹਿਗੁਰੂ ਨਾਮ ੪. ਸ੍ਰੀ ਗੁਰੂ ਗਿਆਰਥ ਕੋਸ਼ (ਦੋ ਭਾਗ), ੫. ਅਕਾਲ ਮੂਰਤੀ ਪ੍ਰਦਰਸ਼ਨ, ੬. ਟੀਕਾ ਸ੍ਰੀ ਰਾਗ, ੭. ਟੀਕਾ ਗੁਰ ਭਾਵ ਦੀਪਕ ੮. ਭਗਤ ਬਾਣੀ ਸਟੀਕ ੯. ਪੰਜ ਕਕਾਰ ੧੦. ਟੀਕਾ ਸ੍ਰੀ ਜਪੁਜੀ ਸਾਹਿਬ, ੧੧. ਟੀਕਾ ਸ੍ਰੀ ਗੁਰੂ ਗਰੰਥ ਸਾਹਿਬ।

ਪੰਜਾਬੀ ਸਾਹਿਤ ਵਿਚ ਆਪਦਾ ਸਥਾਨ ਇਕ ਮੁਢਲੇ ਟੀਕਾਕਾਰ ਵਜੋਂ ਹੈ।

**ਤਾਰਾ ਸਿੰਘ, ਮਾਸਟਰ** (੧੮੮੫—ਜੀਵਤ)

ਆਪ ਦਾ ਜਨਮ ਹਰਿਆਲ, ਜ਼ਿਲਾ ਰਾਵਲਪਿੰਡੀ ਵਿਚ ਬਖਸ਼ੀ ਗੋਪੀ ਚੰਦ ਦੇ ਘਰ ਹੋਇਆ। ਆਪਦਾ ਪਹਿਲਾ ਨਾਂ ਨਾਨਕ ਚੰਦ ਸੀ। ਸੰਤ ਅਤਰ ਸਿੰਘ ਨੇ ਆਪਨੂੰ ਕੇਸਾਧਾਰੀ ਬਣਾਇਆ। ਬੀ. ਏ., ਬੀ. ਟੀ., ਕਰਨ ਪਿਛੋਂ ਖਾਲਸਾ ਹਾਈ ਸਕੂਲ, ਲਾਇਲਪੁਰ ਦੇ ਮੁਖ ਅਧਿਆਪਕ ਲਗ ਗਏ। ਅਕਾਲੀ ਲਹਿਰ ਦੇ ਸਬੰਧ ਵਿਚ ਕਾਫੀ ਦੇਰ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਰਹੇ। ਵੰਡ ਪਿਛੋਂ ਆਪ ਸਿਖਾਂ ਦੇ ਸੰਪਰਦਾਇਕ ਹੱਕਾਂ ਲਈ ਰਾਜਨੀਤਕ ਯਤਨ ਕਰ ਰਹੇ ਹਨ। ਸਿਖਾਂ ਦੀ ਬਹੁ-ਗਿਣਤੀ ਆਪ ਨੂੰ ਆਗੂ ਮੰਨਦੀ ਹੈ। ਕਾਂਗਰਸ ਸਰਕਾਰ ਨਾਲ ਵੀ ਰੁਸੇਵੇਂ ਮੰਨੇਵੇਂ ਹੁੰਦੇ ਰਹਿੰਦੇ ਹਨ। ਵੰਡ ਪਿਛੋਂ ਵੀ ਆਪ ਕਾਫੀ ਦੇਰ 'ਆਜ਼ਾਦ-ਭਾਰਤੀ' ਜੇਲ੍ਹਾਂ ਵਿਚ ਰਹੇ ਹਨ। ੧੯੬੧ ਵਿਚ ਆਪ ਨੇ ੪੮ ਦਿਨ ਦਾ ਮਰਨ ਵਰਤ ਰਖਿਆ।

ਪੰਜਾਬੀ ਵਿਚ ਆਪਦਾ ਸਥਾਨ ਇਕ ਪਤਰਕਾਰ ਅਤੇ ਵਾਰਤਕਕਾਰ ਵਜੋਂ ਹੈ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਨਾਵਲ : ਪ੍ਰੇਮ ਲਗਨ।

ਧਾਰਮਕ ਵਾਰਤਕ : ਬਾਬਾ ਤੇਗਾ ਸਿੰਘ, ਕਿਉਂ ਵਰਨੀ ਕਿਵ ਜਾਣਾ, ਪਿਰਮ ਪਿਆਲਾ, ਸਿਖ ਸੰਗਤਾਂ ਦੀ ਸੇਵਾ ਵਿਚ ਅਪੀਲ, ਗੁਰੂ ਪੰਥ ਦੀ ਚੜ੍ਹਦੀ ਕਲਾ।

ਰਾਜਸੀ ਵਾਰਤਕ : ਸਿਖ ਹਿੰਦੂ ਤਅੱਲਕਾਤ ਦੀ ਮੌਜੂਦਾ ਦਸ਼ਾ, ਪਾਕਿਸਤਾਨ, ਸਿਖ ਰਾਜਨੀਤੀ, ਬੰਬ ਦੇ ਗੋਲੇ, ਸਿਖ ਤੇ ਕਮਿਊਨਿਜ਼ਮ, ਪੰਥਕ ਨਿਸ਼ਾਨ, ਪੰਥ ਆਜ਼ਾਦ, ਪੰਥ ਜ਼ਿੰਦਾਬਾਦ।

ਸੈ-ਜੀਵਨੀ : ਮੇਰੀ ਯਾਦ।

ਸਮਾਜਕ ਵਾਰਤਕ : ਗ੍ਰਹਿਸਤ-ਧਰਮ ਸਿਖਿਆ।

'ਅਕਾਲੀ' (ਹੁਣ ਜਥੇਦਾਰ) ਵਿਚ ਛਪੇ ਲੇਖ ਵੀ ਆਪਦੀ ਘਾਲਣਾ ਦਾ ਇਕ ਹਿੱਸਾ ਹਨ।

ਆਪਦੀ ਵਿਚਾਰਧਾਰਾ ਸੰਪਰਦਾਇਕ ਹੈ ਤੇ ਸ਼ੈਲੀ ਉਤੇ ਚਲੰਤ ਪਤਰਕਾਰੀ ਦਾ ਪ੍ਰਭਾਵ ਹੈ।

**ਤਾਰਾ ਸਿੰਘ ਮੋਹਿਨ ਜੀ** (੧੯੦੨—ਜੀਵਤ)

ਆਪਦਾ ਜਨਮ ਪਿੰਡੀ ਲਾਲ, ਜ਼ਿਲਾ ਗੁਜਰਾਤ ਵਿਚ ਹੋਇਆ। ਬਚਪਨ ਤੋਂ ਹੀ ਆਪ ਦਾ ਝੁਕਾਅ ਅਧਿਆਤਮਵਾਦ ਵਲ ਸੀ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਤੋਂ ਆਪਨੇ ਹੋਰ ਵੀ ਸ਼ਕਤੀ-ਸ਼ਾਲੀ ਅਧਿਆਤਮਕ ਪ੍ਰਭਾਵ ਗ੍ਰਹਿਣ ਕੀਤੇ। ਹੌਲੀ ਹੌਲੀ ਆਪ ਬਹੁਤ ਸਾਰੇ ਸਿਖਾਂ ਦੇ ਅਧਿਆਤਮਕ ਆਗੂ ਬਣ ਗਏ ਤੇ ਆਪਦਾ ਨਾਂ 'ਸੰਤ ਮੋਹਿਨ ਜੀ ਕਮਲੀ ਵਾਲੇ' ਪ੍ਰਸਿਧ ਹੋ ਗਿਆ। ਆਪ ਨੇ ਅਕਾਲੀ ਲਹਿਰ ਵਿਚ ਸਰਗਰਮ ਹਿੱਸਾ ਲਿਆ। ਆਪ ਨੇ ਸਟੇਜੀ ਕਵਿਤਾਵਾਂ ਤੇ ਪਤਰਕਾਰਕ ਲੇਖਾਂ ਰਾਹੀਂ ਬਰਤਾਨਵੀ ਸਾਮਰਾਜ ਦੀ ਨਿਖੇਧੀ ਕੀਤੀ। ਵੰਡ ਪਿਛੋਂ ਆਪ ਨੇ ਪਟਿਆਲਿਓਂ ਦੋ ਰਸਾਲੇ 'ਅੰਮ੍ਰਿਤ ਵੇਲਾ' ਅਤੇ 'ਅਕਾਲ ਨਗਾਰਾ' ਜਾਰੀ ਕੀਤੇ।

ਪਤਰਾਂ ਵਿਚ ਪ੍ਰਕਾਸ਼ਿਤ ਲੇਖ ਤੇ ਕਵਿਤਾਵਾਂ ਆਪ ਦੀ ਰਚਨਾ ਹਨ। ਅਧਿਆਤਮਿਕਤਾ ਆਪਦੀ ਘਾਲਣਾ ਦਾ ਧੁਰਾ ਹੈ।

**ਤਰਸੇਮ ਸਿੰਘ ਚਾਨੇ**

ਵੇਖੋ
ਚਾਨੇ, ਤਰਸੇਮ ਸਿੰਘ

**ਤਰਸੇਮ ਲਾਲ ਸੂਡ੍ਹੀ** (੧ ਮਾਰਚ ੧੯੪੦—ਜੀਵਤ)

ਆਪ ਸ੍ਰੀ ਪੂਰਨ ਚੰਦ ਦੇ ਸਪੁਤਰ ਅਤੇ ਸ਼ਿਮਲੇ ਦੇ ਸਰਕਾਰੀ ਮੁਲਾਜ਼ਮ ਹਨ।

ਆਪ ਪੰਜਾਬੀ ਵਿਚ ਗਜ਼ਲਾਂ ਦੀ ਰਚਨਾ ਕਰਦੇ ਹਨ।

**ਤਰਸੇਮ ਲਾਲ ਤੁਲਸੀ** (੩੦ ਦਸੰਬਰ ੧੯੪੨—ਜੀਵਤ)

ਆਪ ਸ੍ਰੀ ਲੇਖ ਰਾਮ ਗੌਇਲ ਦੇ ਸਪੁਤਰ ਅਤੇ ਤੱਪਾ, ਜ਼ਿਲਾ ਸੰਗਰੂਰ ਦੇ ਨਿਵਾਸੀ ਹਨ। ਵਿਦਿਆ ਗਿਆਨੀ ਤਕ ਹੈ।

ਸਾਹਿਤਕ ਅਤੇ ਜਥੇਬੰਦਕ ਰੁਚੀਆਂ ਦੇ ਮਾਲਕ ਹਨ। ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

**ਤੀਰਥ ਰਾਮ ਪ੍ਰੀਤ** (੭ ਜੂਨ ੧੯੪੧—ਜੀਵਤ)

ਆਪ ਪਿੰਡ ਸੀਂਹ ਭੱਟੀ, ਡਾਕਖਾਨਾ ਘੁੜੇਵਾਹ,

ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ੍ਰੀ ਨੰਦ ਲਾਲ ਦੇ ਸਪੁਤਰ ਹਨ। ਅਜ ਕਲ ਜਲੰਧਰ ਹੁੰਦੇ ਹਨ।

ਪੰਜਾਬੀ ਵਿਚ ਨਾਵਲ, ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

**ਤਨਸੁਖ** (ਅਠਾਰ੍ਹਵੀਂ ਸਦੀ ਦਾ ਅੰਤ)

ਆਪ ਲਾਹੌਰ ਦੇ ਨਿਵਾਸੀ ਅਤੇ ਗੁਰੂ ਗੋਬਿੰਦ ਸਿੰਘ (੧੬੬੬—੧੭੦੮) ਦੇ ਸਿਖ ਹਨ।

ਪੰਚ ਤੰਤਰ ਦਾ ਹਿੰਦੀ ਅਨੁਵਾਦ ਆਪਦੀ ਰਚਨਾ ਦਾ ਇਕ ਭਾਗ ਹੈ। ਇਲਾਕੇ ਅਤੇ ਸ਼ੈਲੀ ਦੇ ਪ੍ਰਭਾਵ ਆਪ ਨੂੰ ਪੰਜਾਬੀ ਦੇ ਸਾਹਿਤਕਾਰਾਂ ਵਿਚ ਸ਼ਾਮਲ ਕਰਦੇ ਹਨ :

ਤਨਸੁਖ ਕਵੀ ਬਸੈ ਲਹੌਰ।
ਕਰਮ ਰੇਖ ਆਇਓ ਥੰਭੌਰ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਵੀ ਆਪ ਦੇ ਸਿਦਕ ਵਿਚ ਹੀ ਹੈ।

**ਤਨਵੀਰ ਬੁਖਾਰੀ**

ਵੇਖੋ
ਫਕੀਰ ਮੁਹੰਮਦ ਸ਼ਾਹ, ਤਨਵੀਰ ਬੁਖ਼ਾਰੀ

**ਤਾਰਨ ਸਿੰਘ** (੮ ਫਰਵਰੀ ੧੯੨੨—ਜੀਵਤ)

ਜਨਮ ਕਲਰ ਕਹਾਰ, ਤਹਿਸੀਲ ਚੱਕਵਾਲ, ਜ਼ਿਲਾ ਜਿਹਲਮ ਵਿਚ ਸ: ਨਿਧਾਨ ਸਿੰਘ ਦੇ ਘਰ ਮਾਤਾ ਗਿਆਨ ਕੌਰ ਦੀ ਕੁਖੋਂ ਹੋਇਆ। ਵਿਦਿਆ ਪ੍ਰਾਪਤੀ ਲਈ ਆਪ ਚੱਕਵਾਲ, ਲਾਹੌਰ ਤੇ ਅੰਮ੍ਰਿਤਸਰ ਵੀ ਰਹੇ। ਦੋ ਢਾਈ ਸਾਲ ਪੰਜਾਬ ਸਕੱਤਰੇਤ ਸ਼ਿਮਲੇ ਵਿਚ ਰਹਿਣ ਪਿਛੋਂ ਆਪ ਫਗਵਾੜੇ ਦੇ ਰਾਮਗੜ੍ਹੀਆ ਕਾਲਜ ਵਿਚ ਅਧਿਆਪਕ ਲਗ ਗਏ। ਫਿਰ ਆਪ ੧੯੫੨--੫੭ ਦੇ ਦੌਰਾਨ ਖਲਸਾ ਕਾਲਜ ਅੰਮ੍ਰਿਤਸਰ ਵਿਚ ਅਤੇ ੧੯੫੭—੫੯ ਵਿਚ ਬ੍ਰਿੰਦਾਬਨ ਵਿਚ ਵੀ ਰਹੇ। ਵਿਦਿਆਕਾਰੀ ਦੇ ਸਬੰਧ ਵਿਚ ਆਪ ਮਲਾਇਆ ਵੀ ਗਏ। ਆਪਦੀ ਵਿਦਿਆ ਵਿਚ ਐਮ. ਅਤੇ ਪੀ: ਐਚ. ਡੀ. ਦੀਆਂ ਯੋਗਤਾਵਾਂ ਸ਼ਾਮਲ ਹਨ।

ਖੋਜਕਾਰੀ ਨਾਲ ਸਬੰਧਿਤ ਲੇਖਾਂ ਦੇ ਨਾਲ ਆਪ ਮੌਲਿਕ ਅਧਿਆਤਮਕ ਲੇਖ ਵੀ ਲਿਖਦੇ ਹਨ। ਪ੍ਰਸਿਧ ਰਸਾਲਿਆਂ ਵਿਚ ਛਪੇ ਵਿਕੋਲਿਤਰੇ ਲੇਖ ਅਤੇ ਭਾਸ਼ਾ ਵਿਭਾਗ ਅਤੇ ਪੰਜਾਬ ਯੂਨੀਵਰਸਿਟੀ ਅਧੀਨ ਸੰਪਾਦਤ ਖੋਜ ਪਤਰ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

ਆਪਦੀ ਵਿਚਾਰਧਾਰਾ ਵਿਚ ਅਧਿਆਤਮ ਅਤੇ ਸਮਾਜਵਾਦ ਦਾ ਸੰਜੋਗ ਹੈ ਅਤੇ ਆਪਦੀ ਸਮੁਚੀ ਸ਼ੈਲੀ ਵਿਦਵਤਾ-ਭਰਪੂਰ ਹੈ।

**ਤਰਨ ਸਿੰਘ ਵਹਿਮੀ** (ਨਵੰਬਰ ੧੯੦੨—ਜੀਵਤ)

ਪਿੰਡ ਹਿੰਦੂ ਚੱਕ, ਜ਼ਿਲਾ ਗੁਜਰਾਂਵਾਲਾ ਵਿਚ ਸ: ਸੰਤ ਸਿੰਘ ਦੇ ਘਰ ਮਾਤਾ ਜੀਉਣ ਕੌਰ ਦੀ ਕੁਖੋਂ ਹੋਇਆ। ਪੰਜ ਜਮਾਤਾਂ ਤਕ ਸਕੂਲੀ ਵਿਦਿਆ ਪ੍ਰਾਪਤ ਕਰਨ ਪਿਛੋਂ ਆਪਨੇ ਹਿੰਦੀ, ਅਰਬੀ, ਫਾਰਸੀ ਅਤੇ ਪੰਜਾਬੀ ਦਾ ਗਿਆਨ ਘਰ ਵਿਚ ਹੀ ਹਾਸਲ ਕੀਤਾ। ਅਜ ਕਲ ਆਪ ਰਾਮਪੁਰ, ਜ਼ਿਲਾ ਹਿਸਾਰ ਵਿਚ ਖੇਤੀ ਦੀ ਕਿਰਤ ਕਰਦੇ ਹਨ।

ਆਪਦੀ ਪ੍ਰਕਾਸ਼ਿਤ ਰਚਨਾ ਵਿਚ 'ਪੰਜ ਨਿਰਨੇ', 'ਸੋਰਠ ਬੀਜਾ ਤੇ ਹੋਰ ਪ੍ਰੇਮ ਕਥਾਵਾਂ', ਗੁਰ ਪ੍ਰਕਾਸ਼ 'ਗੁਰੂ ਬੰਸਾਵਲੀ' ਆਦਿਕ ਪੁਸਤਕਾਂ ਸ਼ਾਮਲ ਹਨ।

ਰੂਹਾਨੀ ਤੌਰ ਉਤੇ ਆਪ ਨਾਮਧਾਰੀ ਪੰਥ ਨਾਲ ਸਬੰਧਤ ਹਨ ਅਤੇ ਆਪਣੇ ਪੰਥ ਦੇ ਇਤਿਹਾਸਕਾਰ ਹਨ।

**ਤਰਨਜੀਤ ਕੌਰ** (੧੫ ਦਸੰਬਰ ੧੯੪੨—ਜੀਵਤ)

ਆਪ ਸ: ਮੁਹਿੰਦਰ ਸਿੰਘ ਦੀ ਸਪੁਤਰੀ ਹਨ। ਸ਼ਿਮਲੇ ਵਿਚ ਰਹਿੰਦੇ ਹਨ।

ਪੰਜਾਬੀ ਅਤੇ ਹਿੰਦੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਤਰਲੋਕ ਸਿੰਘ ਆਨੰਦ**

ਵੇਖੋ

ਆਨੰਦ, ਤਰਲੋਕ ਸਿਘ

**ਤਿਰਲੋਕ ਸਿੰਘ ਆਰਟਿਸਟ** (੧੦ ਦਸੰਬਰ ੧੯੧੪—ਜੀਵਤ)

ਆਪਦਾ ਜਨਮ ਜਰਤੌਲੀ, ਜ਼ਿਲਾ ਲੁਧਿਆਣਾ ਵਿਚ ਸ: ਗੁਰਦਿਤ ਸਿੰਘ ਦੇ ਘਰ ਹੋਇਆ। ਆਸਾਮ ਬੰਗਾਲ ਵਿਚ ਰਹਿਣ ਦਾ ਮੌਕਾ ਵੀ ਮਿਲਿਆ। ਅਜ ਕਲ ਭਾਸ਼ਾ ਵਿਭਾਗ, ਪੰਜਾਬ ਵਿਚ ਚਿਤਰਕਾਰ ਹਨ।

ਬੰਗਾਲੀ ਰਚਨਾਵਾਂ ਦੇ ਅਨੁਵਾਦਕ ਅਤੇ ਪੰਜਾਬੀ ਸਾਹਿਤਕ ਵਿਚਾਰਕ ਦੇ ਰੂਪਕਾਰ ਹੋਣ ਦੇ ਨਾਤੇ ਆਪ ਦਾ ਸਥਾਨ ਉਚੇ ਕਲਾਕਾਰਾਂ ਵਿਚ ਹੈ।

'ਚਿਤਰ-ਕਲਾ ਦੇ ਸਿਧਾਂਤ' ਨਾਂ ਦੀ ਪੁਸਤਕ ਛਪਵਾਉਣ ਦੇ ਆਹਰ ਵਿਚ ਹਨ ਆਪਨੇ ਕਿਲਾ ਰਾਏ-ਦੇ ਸਕੂਲੋਂ ਅਠਵੀਂ ਕੀਤੀ। ਕਾਫੀ ਚਿਰ ਆਪਣੇ ਪਿਤਾ ਜੀ ਨਾਲ ਆਸਾਮ ਵੀ ਰਹੇ। ਆਸਾਮੀ, ਬੰਗਾਲੀ ਨਾਲ ਵੀ ਆਪ ਨੂੰ ਕਾਫੀ ਨਿਹੁੰ ਹੋਇਆ। ਇੰਜੀਨੀ-ਅਰਿੰਗ ਸਿਖਣੀ ਸ਼ੁਰੂ ਕੀਤੀ ਪਰ ਇਧਰ ਆਪ ਦਾ ਦਿਲ ਨਾ ਲਗਾ ਤੇ ਆਪ ਚਿਤਰਕਾਰੀ ਵਲ ਆ ਗਏ। ਕਲਕਤੇ ਜਾ ਕੇ ਆਪ ਨੇ ਸ: ਠਾਕਰ ਸਿੰਘ ਅਤੇ ਹੈਮੇਵ ਮੈਜਿਮਦਾਰ ਤੋਂ ਚਿਤਰਕਾਰੀ ਦੀ ਉੱਚ ਵਿਦਿਆ ਪ੍ਰਾਪਤ ਕੀਤੀ। ਆਪ ਨੇ ਕਾਂਗਸਸ ਦੀ ਅਜ਼ਾਦੀ ਲਹਿਰ ਵਿਚ ਚਿਤਰਕਾਰੀ ਰਾਹੀਂ ਹਿਸਾ ਪਾਇਆ ਤੇ ਕਾਫੀ ਨਾਮਣਾ ਖਟਿਆ।

੧੯੪੯ ਵਿਚ ਆਪ ਨੂੰ ਪਟਿਆਲਾ ਰਿਆਸਤ ਦਾ ਰਾਜ ਚਿਤਰਕਾਰ ਨਿਯਤ ਕੀਤਾ ਗਿਆ। ਅਜ ਕਲ ਭਾਸ਼ਾ ਵਿਭਾਗ ਵਿਚ ਹਨ। 'ਸਾਂਝੀ ਪੰਜਾਬੀ ਕਲਚਰ' ਆਪਦੀ ਵਿਚਾਰਧਾਰਾ ਹੈ।

**ਤਰਲੋਕ ਸਿੰਘ ਮਨਸੂਰ** (੧੯੨੩—ਜੀਵਤ)

ਆਪ ਦਾ ਜਨਮ ਆਲੋਮਹਾਰ, ਜ਼ਿਲਾ ਸਿਆਲਕੋਟ ਵਿਚ ਸ: ਅਮਰ ਸਿੰਘ ਦੇ ਘਰ ਮਾਤਾ ਸੰਤ ਕੌਰ ਦੀ ਕੁਖੋਂ ਹੋਇਆ। ਹਵਾਈ ਸੈਨਾ ਵਿਚ ਰਹਿ ਕੇ ਆਪ ਨੇ ਭਾਰਤ ਦਾ ਰਟਨ ਕੀਤਾ ਤੇ ਇੰਜ ਕੌਮਾਂਤਰੀ ਤੇ ਭਾਸ਼ਾਂਤਰੀ ਸਬੰਧ ਪੈਦਾ ਕੀਤੇ। ੧੯੪੮ ਵਿਚ ਆਪ ਨੇ ਪੰਜਾਬੀ ਲਿਖਣੀ ਸਿਖੀ ਤੇ ਅਗਲੇ ਵਰ੍ਹੇ ਆਪਦਾ ਕਹਾਣੀ-ਸੰਗ੍ਰਹਿ 'ਅਧੂਰੀ ਕਹਾਣੀ' ਪ੍ਰਕਾਸ਼ਤ ਹੋਂ ਗਆ। ੧੯੬੦ ਵਿਚ ਚੰਗੇਰਾ ਕਹਾਣੀ ਸੰਗ੍ਰਹਿ 'ਮੌਸਮ ਖ਼ਰਾਬ ਹੈ' ਛਪਿਆ। ਰੂਸੀ, ਚੈੱਕ, ਪੌਲਿਸ਼ ਆਦਿਕ ਬੋਲੀਆਂ ਵਿਚ ਵੀ ਕਹਾਣੀਆਂ ਅਨੁਵਾਦ ਹੋ ਕੇ ਛਪ ਚੁਕੀਆਂ ਹਨ। ਅਜ ਕਲ ਜਲੰਧਰ ਛਾਉਣੀ ਰਹਿੰਦੇ ਹਨ।

ਆਪ ਜਨਸਾਧਾਰਨ ਦੀਆਂ ਮਾਨਸਕ ਸਮਸਿਆਵਾਂ ਨੂੰ ਸਾਹਿਤ ਬਨਾਉਣ ਵਲ ਸਮਰਪਿਤ ਹਨ। ਵਾਰਤਕ ਸ਼ੈਲੀ ਆਮ ਲੋਕਾਂ ਦੇ ਸੰਕਲਪ ਵਿਚ ਢਲੀ ਹੋਈ ਹੈ।

**ਤਿਰਲੋਚਨ** (-੧੨੬੭-)

ਆਪਦਾ ਜਨਮ ਜ਼ਿਲਾ ਸ਼ੋਲਾਪੁਰ ਦੇ ਪਿੰਡ ਬਾਰਸੀ ਵਿਚ ੧੨੬੭ ਈਸਵੀ ਨੂੰ ਇਕ ਵੈਸ਼ ਘਰਾਣੇ ਵਿਚ ਹੋਇਆ। ਆਪ ਨਾਮ ਦੇਵ ਜੀ ਦੇ ਦੋਸਤ ਸਨ। ਗਿਆਨ ਦੇਵ ਜੀ ਤੋਂ ਧਾਰਮਕ ਅਤੇ ਨਾਮਦੇਵ ਤੋਂ ਅਧਿਆਤਮਕ ਸਿਖਿਆ ਪ੍ਰਾਪਤ ਕੀਤੀ। ਆਪ ਨਾਲ

ਪਤਨੀ ਇਸ ਕਰ ਕੇ ਨਾਰਾਜ਼ ਹੋਈ ਕਿ ਆਪ ਨੇ ਜਿਥੇ ਉਸ ਨੂੰ ਸਾਰੇ ਸੁਖ ਪਹੁੰਚਾਏ, ਉਥੇ ਪੁਤਰ ਲਈ ਅਰਦਾਸ ਨਾ ਕੀਤੀ। ਆਦਿ ਗ੍ਰੰਥ ਵਿਚ ਆਪਦੇ ਚਾਰ ਸਲੋਕ ਹਨ।

ਆਪਦੀ ਰਚਨਾ ਵਿਚ ਸਾਧਾਰਨ ਜੀਵਨ ਦੇ ਬਿੰਬ ਸਮਾਨਤਾ ਤੇ ਮਨੁਖਵਾਦ ਦੀ ਵਿਚਾਰਧਾਰਾ ਨੂੰ ਉਸਾਰਦੇ ਹਨ। ਬੋਲੀ ਸਾਧ ਭਾਸ਼ਾ ਹੈ ਤੇ ਪੰਜਾਬੀ ਦੇ ਨੇੜੇ ਹੈ।

**ਤ੍ਰਿਲੋਚਨ ਸਿੰਘ ਗਿਲ**

ਵੇਖ
ਗਿਲ, ਤ੍ਰਿਲੋਚਨ ਸਿੰਘ

**ਤਿਰਲੋਚਨ ਸਿੰਘ ਡਾਕਟਰ** (-੧੯੫੧-)

ਆਪਦੀਆਂ ਹੇਠ ਲਿਖੀਆਂ ਤਿੰਨ ਪੁਸਤਕਾਂ ੧੯੫੧ ਵਿਚ ਓਰੀਐਂਟਲ ਪਬਲਿਸ਼ਰਜ਼ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀਆਂ : 'ਜਿਸਮਾਂ ਉਹਲੇ' (ਕਹਾਣੀਆਂ), 'ਬਦਲਦੇ ਦਿਲ' (ਅਨੁਵਾਦਿਤ ਨਾਵਲ), ਅਤੇ 'ਸਾਹਿਤਕ ਲੇਖ' (ਲਖ)।

**ਤਿਰਲੋਚਨ ਸਿੰਘ ਤਰਸੀ** (੧੨ ਜੂਨ·੧੯੩੯—ਜੀਵਤ)

ਆਪਦਾ ਜਨਮ ਗੁਜਰਾਂਵਾਲੇ ਸ: ਸੰਤ ਸਿੰਘ ਵਿੱਗ ਦੇ ਘਰ, ਮਾਤਾ ਕੁਲਦੀਪ ਕੌਰ ਦੀ ਕੁਖੋਂ ਹੋਇਆ। ਵੰਡ ਪਿਛੋਂ ਆਪਦਾ ਪਰਵਾਰ ਲੁਧਿਆਣੇ ਆ ਵਸਿਆ। ਦਸਵੀਂ ਕਰਨ ਪਿਛੋਂ ਆਪ ਸਰਕਾਰੀ ਨੌਕਰੀ ਕਰਨ ਲਗ ਪਏ ਤੇ ਇਸ ਸਬੰਧ ਵਿਚ ਮਦਰਾਸ, ਜਮਨਾਨਗਰ ਅਤੇ ਪੂਨੇ ਰਹੇ।

ਆਪਦੀਆਂ ਬਹੁਤ ਸਾਰੀਆਂ ਕਹਾਣੀਆਂ ਕਵਿਤਾਵਾਂ ਪ੍ਰਸਿਧ ਰਸਾਲਿਆਂ ਵਿਚ ਛਪ ਚੁਕੀਆਂ ਹਨ। ਜਨ ਸਾਧਾਰਨ ਦੀ ਜ਼ਿੰਦਗੀ ਆਪਦੀ ਰਚਨਾ ਦਾ ਵਿਸ਼ੈ ਹੁੰਦੀ ਹੈ। ੧੯੬੧ ਵਿਚ ਆਲ ਇੰਡੀਆ ਲਿਟਰੇਰੀ ਕੌਂਸਲ ਵਲੋਂ ਕਰਾਏ ਗਏ ਅੰਤਰ-ਭਾਸ਼ਾਈ ਮੁਕਾਬਲੇ ਵਿਚ ਆਪਦੀ ਕਹਾਣੀ ਪਹਿਲੀਆਂ ਤਿੰਨ ਕਹਾਣੀਆਂ ਵਿਚ ਰਖੀ ਗਈ।

**ਤਿਰਲੋਚਨ ਸਿੰਘ ਪ੍ਰੇਮ** (-੧੯੩੮,੫੦-)

ਪੰਜਾਬੀ ਦੇ ਆਧੁਨਿਕ ਗਲਪਕਾਰਾਂ ਵਿਚ ਆਪਦਾ ਸਥਾਨ ਇਕ ਸੂਖਮ ਰੁਮਾਂਚਵਾਦੀ ਵਜੋਂ ਹੈ।

'ਪਿਆਰ ਦੀ ਜਿੱਤ' (ਨਾਵਲ), 'ਅਜ ਦਾ ਪਿਆਰ' (ਨਾਵਲ), 'ਰਬੀ ਨੂਰ' (ਨਾਵਲ), 'ਪ੍ਰੇਮ-ਕਲੀਆਂ' (ਕਹਾਣੀਆਂ) ਆਦਿਕ ਪੁਸਤਕਾਂ ਆਪਦੀ ਰਚਨਾ ਦਾ ਵਿਸ਼ੇਸ਼ ਭਾਗ ਹਨ।

**ਤੂਰ, ਰਾਜਿੰਦਰ ਸਿੰਘ** (੧੪ ਅਕਤੂਬਰ ੧੯੪੩—ਜੀਵਤ)

ਆਪ ਗਿਆਨੀ ਬੀਰ ਸਿਘ ਦੇ ਸਪੁਤਰ ਅਤੇ ਪਿੰਡ ਸਵੱਦੀ ਜ਼ਿਲਾ ਲੁਧਿਆਣਾ ਦੇ ਨਿਵਾਸੀ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਤੁਲਸੀ, ਇੰਦਰਜੀਤ ਸਿੰਘ** (੨ ਅਪਰੈਲ ੧੯੨੬—ਜੀਵਤ)

ਆਪਦਾ ਜਨਮ ਪਿੰਡ ਕਾਨ੍ਹਾ ਕਾਛਾ ਜ਼ਿਲਾ ਲਾਹੌਰ ਵਿਖੇ ਸ: ਮੂਲ ਸਿੰਘ ਦੇ ਘਰ ਹੋਇਆ। ਐਫ. ਏ. ਕਰਨ ਪਿਛੋਂ ਮਾਸਕ 'ਉਜਾਲਾ' ਉਰਦੂ, ਲਾਹੌਰ ਦੇ ਮੁਖ ਸੰਪਾਦਕ ਲਗ ਪਏ। ਫਿਰ ਰੇਲਵੇ ਵਿਚ ਮੁਲਾਜ਼ਮਤ ਕਰਨ ਲਗ ਪਏ। ੧੯੬੧ ਵਿਚ ਗਵਰਨਰ ਨੇ ਸਰਕਾਰ ਪਾਸ ਸਿਫਾਰਸ਼ ਕੀਤੀ ਕਿ ਤੁਲਸੀ ਨੂੰ ਰਾਜਕਵੀ ਵਜੋਂ ਸਵੀਕਾਰ ਕੀਤਾ ਜਾਵੇ।

੧੯੫੦ ਵਿਚ ਸਾਹਿਤਕ ਸਰਗਰਮੀਆਂ ਤੇਜ਼ ਹੋ ਗਈਆਂ ਜਦੋਂ ਕਿ ਆਪ ਦੁਆਰਾ ਰਚਿਤ ਕਵਿਤਾ 'ਵਾਘੇ ਤੋਂ ਉਸ ਪਾਰ' ਲੋਕਾਂ ਨੇ ਬੜੀ ਪਸੰਦ ਕੀਤੀ।

ਆਪਦੇ ਗੀਤ ਰੇਡੀਓ ਅਤੇ ਸਟੇਜਾਂ ਤੋਂ ਹੀ ਨਹੀਂ ਸਗੋਂ ਸਾਧਾਰਨ ਲੋਕਾਂ ਤੋਂ ਵੀ ਸੁਣੇ ਜਾ ਸਕਦੇ ਹਨ।

ਆਟਾ ਗੁਨ੍ਹ ਕੇ ਪਕਾ ਦੇ ਫੁਲਕੇ,
ਅਸਾਂ ਜਾਣਾ ਪਰਾਏ ਅਜ ਮੁਲਕੇ।

**ਤੁਲਸੀ, ਬਲਜੀਤ** (੧੪ ਫਰਵਰੀ ੧੯੧੫--ਜੀਵਤ)

ਜਨਮ ਜਿਹਲਮ ਸ਼ਹਿਰ ਵਿਚ ਸ੍ਰੀ ਬੂਆ ਰਾਮ ਦੇ ਘਰ ਮਾਤਾ ਮਿਹਰ ਕੌਰ ਦੀ ਕੁਖੋਂ ਹੋਇਆ। ਆਪਦਾ ਖ਼ਾਨਦਾਨੀ ਸਬੰਧ ਪ੍ਰਸਿਧ ਇਤਿਹਾਸਕ ਵਿਅਕਤੀ ਜੱਸਾ ਸਿਘ ਆਹਲੂਵਾਲੀਆ ਨਾਲ ਹੈ। ਲੇਡੀ ਮੈਕਲੈਗਨ ਸਕੂਲ ਲਾਹੌਰੋਂ ਦਸਵੀਂ ਕਰਨ ਪਿਛੋਂ ਸਾਹਿਤਕਾਰੀ ਵਲ ਆ ਗਏ। ੧੯੩੬ ਵਿਚ ਬੀ. ਏ. ਅਤੇ ੩੮ ਬੀ. ਟੀ. ਹੋ ਗਏ। ਬਲਜੀਤ ਕੌਰ ਬੱਲ ਦੇ ਨਾਮ ਹੇਠ ਆਪ ਬਚਪਨ ਤੋਂ ਹੀ ਸਾਹਿਤ-ਪ੍ਰਕਾਸ਼ਨਾ ਕਰਨ ਲਗ ਪਏ। ਸਿਖ ਐਜੂਕੇਸ਼ਨਲ ਕਾਨਫਰੰਸਾਂ ਵਿਚ ਆਪਦੀਆਂ ਕਵਿਤਾਵਾਂ ਪਹਿਲੇ ਨੰਬਰ ਉਤੇ ਆਉਂਦੀਆਂ ਰਹੀਆਂ ਆਪਦੀਆਂ ਪਹਿਲੇਰੀਆਂ ਬੈਂਤਾਂ ਬੜੀਆਂ ਮਾਹਰਕੇ ਦੀਆਂ ਸਾਬਤ ਹੋਈਆਂ :

—''ਤੇਰਾ ਸ਼ਹੁ ਵਸੇ ਤੇਰੀ ਰੂਹ ਅੰਦਰ,
ਉਹਨੂੰ ਜੰਗਲਾਂ ਬਣਾਂ ਵਿਚ ਟੋਲਨੈਂ ਕਿਉਂ ?''
—''ਓ ਤੂੰ ਬੈਠ ਕੇ ਕੱਚ ਦੇ ਮਹਿਲ ਅੰਦਰ,
ਇੱਟਾਂ ਜਾਂਦਿਆਂ ਰਾਹੀਆਂ ਨੂੰ ਮਾਰੀਆਂ ਕਿਉਂ ?''

ਆਪਦੀ ਸ਼ਾਦੀ ਦਸੰਬਰ ੧੯੩੮ ਵਿਚ ਸ: ਗੁਰਚਰਨ ਸਿਘ ਤੁਲਸੀ ਨਾਲ ਹੋਈ।

ਆਪਦੇ ਨਿਜੀ ਪਰਵਾਰਕ ਅਤੇ ਸਮਾਜਕ ਜੀਵਨ ਵਿਚ ਸਹਿਜ ਦੀ ਪਰਧਾਨਤਾ ਹੈ, ਜਿਸਦਾ ਆਧਾਰ—ਕਾਰਨ ਆਪਦੀ ਅੰਤਰਮੁਖਤਾ ਹੈ। ਕਾਫੀ ਚਿਰ ਆਪ ਸਰਕਾਰੀ ਅਧਿਆਪਕਾ ਰਹੇ ਅਤੇ ਨਾਲੋ ਨਾਲ ਸਮਾਜ-ਕਲਿਆਣ ਦੀਆਂ ਸਭਾਵਾਂ ਵਿਚ ਵੀ ਕੰਮ ਕਰਦੇ ਰਹੇ।

ਪਟਿਆਲੇ ਵਿਚ ਸਕੂਲਾਂ ਦੇ ਜ਼ਿਲਾ ਇੰਸਪੈਕਟ੍ਰੈਸ ਵੀ ਰਹੇ। ਅਜ ਕਲ ਆਪ ਸੋਸ਼ਲ ਵੈਲਫੇਅਰ ਵਿਭਾਗ ਦੇ ਮੀਤ ਸੰਚਾਲਕ ਹਨ।

ਆਪਦੀ ਕਾਵਿ-ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਨੀਲ ਕੰਠ (੧੯੪੫), ਪਾਰਸ ਟੱਟੇ (੧੯੫੪), ਨੀਲਾਂਬਰ (੧੯੫੫), ਤਿੰਨ ਵਾਰਾਂ (੧੯੫੫), ਨੀਲ ਕਮਲ (੧੯੫੫), ਪ੍ਰੇਮਾਂਜਲੀ (੧੯੫੬), ਮੌਲਸਰੀ (੧੯੫੮), ਜੋਤ ਦਰਸ਼ਨ (੧੯੫੯), ਅਤੇ 'ਮੌਜੇ-ਬਹਿਰ' (੧੯੬੦)। ਇਕ ਦੋ ਪੁਸਤਕਾਂ ਹਿੰਦੀ ਤੇ ਉਰਦੂ ਅੱਖਰਾਂ ਵਿਚ ਵੀ ਹਨ।

ਆਪ ਮੂਲ ਰੂਪ ਵਿਚ ਆਤਮ ਕੇਂਦਰਤ ਅਤੇ ਆਤਮਵਾਦੀ ਕਵਿਤਰੀ ਹਨ। ਸਮਾਧੀ ਆਪਦਾ ਕਾਵਿ-ਸੋਮਾ ਹੈ।

ਆਪਦਾ ਸਥਾਨ ਉਚੇਰੇ ਸਾਹਿਤਕਾਰਾਂ ਵਿਚ ਹੈ।

**ਤਾਲਿਬ, ਗੁਰਬਚਨ ਸਿੰਘ** (੧੯੧੧—ਜੀਵਤ)

ਜਨਮ ਸੰਗਰੂਰ ਵਿਚ ਸ: ਕਰਤਾਰ ਸਿੰਘ ਦੇ ਘਰ ਹੋਇਆ। ਖਾਲਸਾ ਕਾਲਜ ਅੰਮ੍ਰਿਤਸਰੋਂ ਅੰਗ੍ਰੇਜ਼ੀ ਦੀ ਐਮ. ਏ. ਕਰਨ ਪਿਛੋਂ ਉਥੇ ਹੀ ਪੜ੍ਹਾਉਣ ਲਗ ਪਏ ਕੁਝ ਚਿਰ ਸਿਖ ਨੈਸ਼ਨਲ ਕਾਲਜ, ਲਾਹੌਰ ਵੀ ਰਹੇ। ਵੰਡ ਪਿਛੋਂ ਲਾਇਲਪੁਰ ਖਾਲਸਾ ਕਾਲਜ ਜਲੰਧਰ (੧੯੪੯—੧੯੫੨—੫੭), ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ (੧੯੫੧—੫੨), ਅਤੇ ਗੁਰੂ ਨਾਨਕ ਖਾਲਸਾ ਕਾਲਜ ਬੰਬਈ (੧੯੫੭—੬੦) ਦੇ ਪ੍ਰਿੰਸੀਪਲ ਰਹੇ। ਅਜ ਕਲ ਨੈਸ਼ਨਲ ਕਾਲਜ ਸਰਸੇ ਵਿਚ ਹਨ। ਦਿੱਲੀ, ਬੰਬਈ ਅਤੇ ਪੰਜਾਬ ਦੀਆਂ

ਯੂਨੀਵਰਸਿਟੀਆਂ, ਆਲ ਇੰਡੀਆਂ ਰੇਡੀਓ, ਭਾਰਤੀ ਸਾਹਿਤ ਅਕਾਦਮੀ ਅਤੇ ਹੋਰ ਬਹੁਤ ਸਾਰੀਆਂ ਸਾਹਿਤਕ ਵਿਦਿਅਕ ਸੰਸਥਾਵਾਂ ਵਿਚ ਆਪਦੀ ਚੰਗੀ ਮਾਨਤਾ ਹੈ ।

"ਅਣਪਛਾਤੇ ਰਾਹ, (੧੯੫੨), ਵਿਚ ਆਪਦੇ ਮੌਲਿਕ ਲੇਖ ਹਨ । ਆਧੁਨਿਕ ਪੰਜਾਬੀ ਵਾਰਤਕ (੧੯੪੯), ਨਵੀਨ ਕਹਾਣੀ ਸੰਗ੍ਰਹਿ (੧੯੫੮), ਆਧੁਨਿਕ ਪੰਜਾਬੀ ਕਾਵਿ (੧੯੫੫), ਲਹਿਰਾਂ (੧੯੫੦) ਆਧੁਨਿਕ ਵਾਰਤਕ ਲਿਖਾਰੀ (੧੯੫੭) ਅਤੇ 'ਪੰਜਾਬੀ ਉਤੇ ਯੋਰਪੀਨ ਬੋਲੀਆਂ ਦਾ ਪ੍ਰਭਾਵ (੧੯੫੫ ਦਾ ਗੋਸ਼ਟੀ ਪੇਪਰ) ਆਦਿਕ ਆਪ ਦੁਆਰਾ ਸੰਪਾਦਿਤ ਪੁਸਤਕਾਂ ਹਨ ।

ਆਪਦਾ ਸਥਾਨ ਵਧੇਰੇ ਕਰਕੇ ਇਕ ਆਲੋਚਕ ਅਤੇ ਵਿਦਿਆਕਾਰ ਵਜੋਂ ਹੈ ।

**ਤੀਵਾੜੀ, ਕੇਦਾਰ ਨਾਥ ਪੰਡਤ** (੧੯੦੪—ਜੀਵਤ)

ਆਪਦਾ ਜਨਮ ੪ ਸਤੰਬਰ ੧੯੦੪ ਨੂੰ ਕਪੂਰਥਲੇ ਵਿਚ ਪੰਡਤ ਭਗਤ ਰਾਮ ਤੀਵਾੜੀ ਦੇ ਘਰ ਹੋਇਆ । ਸ੍ਰੀ ਭਗਤ ਰਾਮ ਪਟਿਆਲਾ ਰਿਆਸਤ ਵਿਚ ਸਕੂਲਾਂ ਦੇ ਇੰਸਪੈਕਟਰ ਸਨ । ਕੇਦਾਰ ਨਾਥ ਜੀ ਮੁਢ ਤੋਂ ਲੈ ਕੇ ਬੀ. ਏ. ਤਕ ਹਰ ਇਮਤਿਹਾਨ ਵਿਚ ਅਵਲ ਰਹਿੰਦੇ ਰਹੇ । ੧੯੨੪ ਵਿਚ ਆਪਨੇ ਮਹਿੰਦਰਾ ਕਾਲਜ ਪਟਿਆਲਾ ਤੋਂ ਬੀ. ਏ. (ਆਨਰਜ਼) ਦਾ ਇਮਤਿਹਾਨ ਤੇ ਸੰਸਕ੍ਰਿਤ ਤੇ ਅੰਗਰੇਜ਼ੀ ਦੋਹਾਂ ਵਿਚ ਪਹਿਲਾ ਦਰਜਾ ਪਰਾਪਤ ਕਰਕੇ ਦੋ ਤਗਮੇ ਜਿੱਤੇ । ਫਿਰ ਆਪ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਚਲੇ ਗਏ । ਜਿਥੇ ਆਪ ਨੇ ੧੯੨੬ ਵਿਚ ਐਲ. ਐਲ. ਬੀ: ੧੯੨੭ ਵਿਚ ਅਗਰੇਜ਼ੀ ਦੀ ਐਮ. ਏ. ਤੇ ੧੯੨੮ ਵਿਚ ਹਿੰਦੀ ਦੀ ਐਮ. ਏ. ਕੀਤੀ । ਇਸ ਤੋਂ ਬਾਅਦ ਆਪ ਆਰੀਆ ਕਾਲਜ ਪਰੋਫੈਸਰ ਵੀ ਲਗੇ ਰਹੈ । ੧੯੨੯ ਵਿਚ ਆਪ ਆਜ਼ਾਦੀ ਦੀ ਜੰਗ ਵਿਚ ਕੁਦ ਪਏ ਤੇ ਪਡਤ ਮਦਨ ਮੋਹਨ ਮਾਲਵੀਆ ਜੀ ਦੇ ਵਿਅਕਤੀਗਤ ਸਕਤਰ ਲਗ ਗਏ । ਜਦੋਂ ਮਾਲਵੀਆ ਜੀ ਗੋਲਮੇਜ਼ ਕਾਨਫਰੰਸ ਵਿਚ ਹਿੱਸਾ ਲੈਣ ਲਈ ਲੰਡਨ ਗਏ ਤਾਂ ਕੇਦਾਰ ਨਾਥ ਜੀ ਬਨਾਰਸੋਂ ਪਟਿਆਲੇ ਆ ਗਏ ਤੇ ਇਥੇ ਵਕਾਲਤ ਸ਼ੁਰੂ ਕਰ ਦਿਤੀ । ਇਥੇ ਆ ਕੇ ਆਪਨੇ ਅੰਗ੍ਰੇਜ਼ੀ ਕਵਿਤਾ ਤਿਆਗ ਕੇ ਪੰਜਾਬੀ ਕਵਿਤਾ ਲਿਖਣ ਲਗ ਪਏ ਤੇ ਮਾਤਰੀ ਕਲਚਰ ਨੂੰ ਅਮੀਰ ਕੀਤਾ । ਅਜ ਕਲ ਆਪ ਚੰਡੀਗੜ੍ਹ ਹਾਈਕੋਰਟ ਵਿਚ ਵਕਾਲਤ ਕਰਦੇ ਹਨ ।

'ਕਿਣ ਮਿਣ ਕਣੀਆਂ' ਆਪਦਾ ਇਕੋ ਇਕ ਕਾਵਿ-ਸੰਗ੍ਰਹਿ ਹੈ । ਸ਼ੇਅਰਾਂ ਵਿਚਲੀ ਰਵਾਨੀ ਕਮਾਲ ਦੀ ਹੈ । ਵਿਸ਼ੇਸ਼ ਗਲ ਪੰਜਾਬੀਅਤ ਦੀ ਭਰਪੂਰਤਾ ਹੈ । ਅਲੰਕਾਰਾਂ ਵਿਚ ਅਤਿਅੰਤ ਨਵੀਨਤਾ ਹੈ । ਕਵਿਤਾ ਤੋਂ ਪਤਾ ਲਗਦਾ ਹੈ ਕਿ ਆਪ ਨੂੰ ਪੰਜਾਬੀ ਕਲਚਰ ਸਭ ਤੋਂ ਪਿਆਰੀ ਹੈ ।

**ਤੀਵਾੜੀ, ਵਿਸ਼ਵਾ ਨਾਥ** (੧੭ ਮਾਰਚ ੧੯੩੬—ਜੀਵਤ)

ਆਪਦਾ ਜਨਮ ਪਟਿਆਲੇ ਵਿਚ ਸ੍ਰੀ ਬੈਜ ਨਾਥ ਤੀਵਾੜੀ ਦੇ ਘਰ ਹੋਇਆ । ਪੰਜਾਬੀ ਕਲਚਰ ਨਾਲ ਆਪ ਨੂੰ ਮੁਢ ਤੋਂ ਹੀ ਪਿਆਰ ਸੀ ਕਿਉਂਕਿ ਪੰਜਾਬੀ-ਪਰੇਮੀ ਅਧਿਆਪਕਾਂ ਦੀ ਸਰਪ੍ਰਸਤੀ ਮਿਲੀ । ੧੯੪੯ ਵਿਚ ਗਿਆਨੀ, ੧੯੫੪ ਵਿਚ ਬੀ. ਏ. (ਆਨਰਜ਼) ਪੰਜਾਬੀ ਤੇ ੧੯੫੬ ਵਿਚ ਐਮ. ਏ. ਪੰਜਾਬੀ ਕਰਨ ਪਿਛੋਂ ਸਵਾ ਕੁ ਸਾਲ ਭਾਸ਼ਾ ਵਿਭਾਗ ਵਿਚ ਖੋਜ ਕਰਦੇ ਰਹੇ । ਪਹਿਲੀ ਤੋਂ ਸੋਲ੍ਹਵੀਂ ਤਕ ਆਪ ਨੇ ਅਨੇਕਾਂ ਇਨਾਮ ਜਿਤੇ ਤੇ ਮਲਾਂ ਮਾਰੀਆਂ । ਬੀ. ਏ. (ਆਨਰਜ਼) ਤੇ ਐਮ. ਏ. ਦੇ ਇਮਤਿਹਾਨਾਂ ਵਿਚ ਫਸਟ ਕਲਾਸ

ਫਸਟ ਰਹੇ। ਮਈ ੧੯੫੮ ਵਿਚ ਸਰਕਾਰੀ ਕਾਲਜ ਰੋਪੜ ਵਿਚ ਅਧਿਆਪਕ ਲਗ ਗਏ। ਫਿਰ ਕੁਝ ਚਿਰ ਮਹਿਦਰਾ ਕਾਲਜ ਪਟਿਆਲੇ ਵੀ ਰਹੇ। ਪਿਛੋਂ ਟਾਂਡੇ ਵਿਚ ਹੋਈ ਤਬਦੀਲੀ ਨੂੰ ਅਪਰਵਾਨ ਕਰਦਿਆਂ ਆਪ ਸਰਕਾਰੀ ਨੌਕਰੀ ਛਡ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਮਹਿਕਮੇ ਵਿਚ ਅਧਿਆਪਕ ਲਗ ਗਏ ਹਨ।

ਵਿਦਿਆਰਥੀ-ਨੇਤਾ ਵਜੋਂ ਆਪਦੀ ਘਾਲਣਾ ਕਾਫੀ ਹੈ। ਆਪ ਲੰਕਾ ਵਿਚ ਹੋਈ ਕੌਮਾਂਤਰੀ ਅਮਨ ਕਾਨਫਰੰਸ ਵਿਚ ਵੀ ਭਾਸ਼ਨ ਕਰਨ ਗਏ। ਇਸੇ ਪ੍ਰਕਾਰ ਸਾਹਿਤ ਸਭਾਵਾਂ ਦੀ ਜਥੇਬੰਦੀ ਵਿਚ ਵੀ ਕਾਫੀ ਸਰਗਰਮੀ ਵਿਖਾਈ।

ਯਾਦਾਂ ਵਿਚੋਂ ਯਾਦਾਂ (ਕਾਵਿ-ਸੰਗ੍ਰਹਿ) ਤੇ ਡੇਲੀਆ (ਕਹਾਣੀ-ਸੰਗ੍ਰਹਿ) ਦੋ ਮੌਲਿਕ ਕਿਰਤਾਂ ਹਨ। ਆਪਦੀ ਪਹੁੰਚ ਨਿਜੀ ਅਨੁਭਵ ਵਾਲੀ ਤੇ ਮਨੋਵਿਗਿਆਨਕ ਹੈ ੧੯੬੪ ਵਿਚ ਆਪ ਨੂੰ ਕਿੱਸਾ 'ਮਿਰਜ਼ਾ ਸਾਹਿਬਾਂ' ਦੀ ਖੋਜ ਬਦਲੇ ਪੰਜਾਬ ਯੂਨੀਵਰਸਿਟੀ ਵਲੋਂ ਡਾਕਟਰੇਟ ਮਿਲੀ।

## ਥ

**ਥਾਪਰ, ਰਾਜਿਦਰ ਸਿਘ** (੧੫ ਅਕਤੂਬਰ ੧੯੧੫—ਜੀਵਤ)

ਆਪਦਾ ਜਨਮ ਰਾਵਲਪਿਡੀ ਦੇ ਜ਼ਿਲਾ ਤੇ ਸੈਸ਼ਨ ਜੱਜ ਸ: ਸੇਵਾ ਰਾਮ ਸਿਘ ਦੇ ਘਰ ਹੋਇਆ। ੧੯੩੫ ਵਿਚ ਸਰਕਾਰੀ ਕਾਲਜ ਲਾਹੌਰੋਂ ਬੀ. ਏ. ਕਰਨ ਪਿਛੋਂ ੧੯੩੭ ਵਿਚ ਲਾਹੌਰ ਦੇ ਹੀ ਲਾਅ ਕਾਲਜ ਤੋਂ ਐਲ. ਐਲ. ਬੀ. ਕੀਤੀ। ਅਜ ਕਲ ਦਿਲੀ ਵਿਚ ਹਨ। ਪਜਾਬੀ, ਹਿੰਦੀ, ਉਰਦੂ, ਅਗਰੇਜ਼ੀ, ਫਾਰਸੀ ਅਤੇ ਬੰਗਾਲੀ ਦਾ ਗਿਆਨ ਆਪ ਦੀ ਸ਼ਖਸੀਅਤ ਦਾ ਇਕ ਹਿਸਾ ਹੈ।

ਆਪਨੇ ਪ੍ਰਧਾਨ ਮੰਤਰੀ ਨਹਿਰੂ ਦੀ ਅੰਗਰੇਜ਼ੀ 'ਮਾਈ ਆਟੋਬਾਇਓਗ੍ਰਾਫੀ' ਨੂੰ ਪੰਜਾਬੀ 'ਮੇਰੀ ਕਹਾਣੀ' ਵਿਚ ਰੂਪਾਂਤਰਿਤ ਕੀਤਾ। Arthur Koestler ਦੇ ਨਾਵਲ 'Darkness at Noon' ਨੂੰ ਆਪਨੇ ਪੰਜਾਬੀ 'ਦੁਪਹਿਰੀ ਹਨੇਰਾ' ਦਾ ਰੂਪ ਦਿਤਾ। ਪ੍ਰਿੰਸੀਪਲ ਕੇ ਐਸ. ਥਾਪਰ ਦੇ ਸਹਿਯੋਗ ਨਾਲ 'ਲੇਖ ਤੇ ਜੀਵਨੀਆਂ' ਨਾਂ ਦੀ ਮੌਲਿਕ ਰਚਨਾ ਕੀਤੀ। ਪ੍ਰਿੰਸੀਪਲ ਕੇ. ਐਸ. ਥਾਪਰ ਤੇ ਸ: ਅਵਤਾਰ ਸਿਘ ਆਜ਼ਾਦ ਦੇ ਸਹਿਯੋਗ ਨਾਲ ਸਕੂਲ ਵਿਦਿਆਰਥੀਆਂ ਲਈ 'ਨਵੀਨ ਪੋਥੀ' ਰਚੀ। ਗੀਤਾਂਜਲੀ ਦਾ ਅਨੁਵਾਦ ਤੇ ਗੀਤ-ਗੋਬਿੰਦ (ਜੈ ਦੇਵ) ਦਾ ਕਾਵਿ-ਨਾਟ-ਰੂਪਾਂਤਰ ਆਦਿ ਅਣਪ੍ਰਕਾਸ਼ਿਤ ਰਚਨਾਵਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

ਆਪਦਾ ਸਥਾਨ ਇਕ ਚੰਗੇ ਵਾਰਤਕਕਾਰ ਵਜੋਂ ਹੈ।

## ਦ

**ਦਿਆਲ ਸਿਘ ਜੰਗਪੁਰੀ** (੨ ਦਸੰਬਰ ੧੯੩੩—ਜੀਵਤ)

ਜੰਗਪੁਰਾ, ਡਾਕਖਾਨਾ ਬਨੂੜ ਜ਼ਿਲਾ ਪਟਿਆਲਾ ਦੇ ਨਿਵਾਸੀ ਸ: ਤੇਜਾ ਸਿਘ ਦੇ ਸਪੁਤਰ ਹਨ। ਕੁਝ ਚਿਰ ਸੈਨਾ ਵਿਚ ਰਹਿਣ ਪਿਛੋਂ ਅਜ ਸਰਕਾਰੀ ਅਧਿਆਪਕ ਹਨ।

ਬਹੁਤ ਸਾਰੀਆਂ ਕਵਿਤਾਵਾਂ ਰਸਾਲਿਆਂ ਵਿਚ ਪ੍ਰਕਾਸ਼ਿਤ ਹੋ ਚੁਕੀਆਂ ਹਨ।

**ਦਿਆਲ ਚੰਦ ਮਿਗਲਾਨੀ**

ਵੇਖੋ
ਮਿਗਲਾਨੀ ਦਿਆਲ ਚੰਦ

**ਦਿਆਲ ਦੱਤ ਦੀਪਕ** (੧੯੩੧—ਜੀਵਤ)

ਆਪ ਸ੍ਰੀ ਕਰਮ ਚੰਦ ਦੇ ਸਪੁੱਤਰ ਅਤੇ ਸ਼ਿਮਲੇ ਦੇ ਸਰਕਾਰੀ ਪ੍ਰੈਸ-ਵਰਕਰ ਹਨ।

ਰਸਾਲਿਆਂ ਰਾਹੀਂ ਅਤੇ ਰੇਡੀਓ ਰਾਹੀਂ ਕਾਫੀ ਕਵਿਤਾਵਾਂ ਆਮ ਲੋਕਾਂ ਤਕ ਪਹੁੰਚ ਚੁਕੀਆਂ ਹਨ।

**ਦੇਸ ਰਾਜ ਗੌਹਰ**

ਵੇਖੋ
ਗੌਹਰ, ਦੇਸ ਰਾਜ

**ਦਾਖਾ, ਕਰਤਾਰ ਸਿੰਘ**

ਵੇਖੋ
ਕਰਤਾਰ ਸਿੰਘ ਦਾਖਾ

**ਦਿੱਤ ਸਿੰਘ, ਗਿਆਨੀ** (੧੮੫੩—੧੯੦੧)

ਆਪਦਾ ਜਨਮ ਪਿੰਡ ਅਨੰਦਪੁਰ ਕਲੌੜ, ਤਹਿਸੀਲ ਬੱਸੀ ਰਿਆਸਤ ਪਟਿਆਲਾ ਵਿਖੇ ਸ: ਦੀਵਾਨ ਸਿੰਘ ਦੇ ਘਰ ਹੋਇਆ। ਇਕ ਹੋਰ ਮੱਤ ਅਨੁਸਾਰ ਆਪਦਾ ਜਨਮ ਪਿੰਡ ਝਲੀਆਂ (ਚਮਕੌਰ ਸਾਹਿਬ ਦੇ ਨੇੜੇ) ਵਿਚ ਰਵਿਦਾਸੀਆਂ ਦੇ ਘਰ ਹੋਇਆ। ਨਿੱਕੀ ਉਮਰ ਵਿਚ ਹੀ ਆਪ ਗੁਲਾਬਦਾਸੀਆਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਮਿਸ਼ਨ ਵਿਚ ਕੰਮ ਕਰਨ ਲਗ ਪਏ। ਆਪ ਨੇ ਮੁਢਲੀ ਵਿਦਿਆ ਸਾਧੂਆਂ ਤੋਂ ਹੀ ਪ੍ਰਾਪਤ ਕੀਤੀ। ਸੰਨ ੧੮੮੦ ਆਪਦਾ ਪਰਿਚਯ ਸ: ਜਵਾਹਰ ਸਿੰਘ ਕਪੂਰ ਲਾਹੌਰ ਵਾਲਿਆਂ ਨਾਲ ਹੋਇਆ ਤੇ ਉਹਨਾਂ ਰਾਹੀਂ ਆਪ ਭਾਈ ਗੁਰਮੁਖ ਸਿੰਘ ਨੂੰ ਮਿਲੇ। ਸਿੰਘ ਸਭਾ ਲਹਿਰ ਦੇ ਉਪਾਸ਼ਕ ਬਣ ਕੇ ਆਪਨੇ ੧੮੮੬ ਤੋਂ ਦੇਹਾਂਤ (੧੯੦੧) ਤਕ 'ਖਾਲਸਾ' ਅਖਬਾਰ ਦੀ ਸੰਪਾਦਨਾ ਕੀਤੀ।

ਆਪ ਸਮੇਂ ਦੇ ਮੰਨੇ ਪ੍ਰਮੰਨੇ ਪਤਰਕਾਰ ਤੇ ਗੋਸ਼ਟਕਾਰ ਸਨ। ਆਪ ਨੇ ਆਰੀਆ ਸਮਾਜ ਦੇ ਪਰਮੁਖ ਵਿਅਕਤੀ ਸੁਆਮੀ ਦਿਆ ਨੰਦ ਜੀ ਨੂੰ ਵੀ ਆਪਣੀ ਯੋਗਤਾ ਤੇ ਸਿੱਖੀ ਤੋਂ ਕਾਇਲ ਕੀਤਾ। ਸੁਧਾਰਕ ਲਹਿਰ ਵਿਚ ਵੀ ਆਪ ਨੇ ਕਾਫੀ ਵਡਾ ਹਿਸਾ ਪਾਇਆ।

ਕਵਿਤਾ-ਵਾਰਤਕ ਦੇ ਰਲਵੇਂ ਮਾਧਿਅਮ ਵਿਚ ਸੁਧਾਰ ਦੀ ਦਿਸ਼ਟੀ ਤੋਂ ਗੁਗਾ ਗਪੌੜਾ, ਦੰਭ ਵਿਦਾਰਨ, ਸੁਲਤਾਨ ਪੁਆੜਾ, ਪਮਾ ਪ੍ਰਬੋਧ, ਮੀਰਾਂ ਮਨੌਤ, ਅਬਲਾ ਨਿੰਦ ਆਦਿਕ ਪੁਸਤਕਾਂ ਲਿਖੀਆਂ। ਇਤਿਹਾਸ ਦੀ ਦ੍ਰਿਸ਼ਟੀ ਤੋਂ ਆਪ ਨੇ ਗੁਰੂ ਅਰਜਨ ਪ੍ਰਬੋਧ, ਗੁਰੂ ਨਾਨਕ ਪਬੋਧ, ਜਨਮਸਾਖੀ ਗੁਰੂ ਨਾਨਕ ਸਾਹਿਬ ਜੀ, ਤਾਰਾ ਸਿਘ ਦੀ ਸ਼ਹੀਦੀ, ਜੀਵਨ ਕਥਾ ਗੁਰੂ ਅਰਜਨ ਦੇਵ ਜੀ, ਜੀਵਨ ਕਥਾ ਗੁਰੂ ਤੇਗ ਬਹਾਦਰ ਜੀ, ਸ਼ਹੀਦੀਆਂ, ਸਿੱਖ ਬੱਚੇ ਦੀ ਸ਼ਹੀਦੀ ਸੁਬੇਗ ਸਿਘ ਦੀ ਸ਼ਹੀਦੀ, ਭਾਈ ਤਾਰੂ ਸਿਘ ਦੀ ਸ਼ਹੀਦੀ, ਭਾਈ ਬੋਤਾ ਸਿਘ ਦੀ ਸ਼ਹੀਦੀ, ਮੀਰਾਂ ਕੌਟੀਏ ਮਤਾਬ ਸਿਘ ਦੀ ਬਹਾਦਰੀ, ਜੀਵਨ ਕਥਾ ਗੁਰੂ ਹਰਿ ਰਾਇ ਸਾਹਿਬ ਜੀ, ਜੀਵਨਕਥਾ ਗੁਰੂ ਅੰਗਦ ਸਾਹਿਬ ਜੀ ਆਦਿਕ ਪੁਸਤਕਾਂ ਦੀ ਰਚਨਾ ਕੀਤੀ। ਪ੍ਰਤੀਗਿਆ ਪਾਲਨ 'ਸਮਸਿਆ ਪੂਰਤੀ' ਅਤੇ 'ਗੁਰੂ ਅਰਜਨ ਚਰਿਤ' ਦਾ ਮਾਧਿਅਮ ਕਵਿਤਾ ਹੈ। ਧਰਮ ਦੇ ਪਰਸੰਗ ਵਿਚ ਆਪ ਦੁਆਰਾ ਰਚਿਤ ਖਾਲਸਾ ਪਤਿਤ ਪਾਵਨ, ਦੁਰਗਾ ਪ੍ਰਬੋਧ, ਨਕਲੀ ਸਿਖ ਧਰਮ ਦਰਪਣ, 'ਮੇਰਾ ਸਾਧੂ ਦਯਾ ਨੰਦ ਦਾ ਸੰਬਾਦ' ਆਦਿਕ ਪੁਸਤਕਾਂ ਵਰਨਣ ਯੋਗ ਹਨ। ਨੀਤੀ ਸਬੰਧੀ ਵੀ ਆਪਨੇ ਦੋ ਪੁਸਤਕਾਂ ਲਿਖੀਆਂ—'ਨੀਤੀ ਪ੍ਰਕਾਸ਼' ਅਤੇ 'ਮਨ ਸੰਬੋਧਨ ਗ੍ਰੰਥ'।

ਆਪਦੀਆਂ ਰਚਨਾਵਾਂ ਦਾ ਮੰਤਵ ਸਿੱਖ ਕੌਮ ਨੂੰ ਖਾਲਸ ਅਧਿਆਤਮਵਾਦ ਦੇ ਅਧੀਨ ਇਕਾਗਰ ਕਰਨਾ ਹੈ। ਸੁਧਾਰ ਆਪਦਾ ਸਿਦਕ ਹੈ। ਆਪ ਨੇ ਸਮੇਂ ਦੀ ਸਾਹਿਤਕ ਬੋਲੀ ਵਰਤੀ ਹੈ। ਪਰਧਾਨਤਾ ਠੇਠ ਪਜਾਬੀ ਦੀ ਹੈ ਪਰ ਬਿਜੀ ਅਤੇ ਹਿਦੀ ਦਾ ਪ੍ਰਭਾਵ ਤੀਬਰ ਹੈ। ਆਪ ਸਾਂਝੀ ਪਜਾਬੀ ਕਲਚਰ ਦੇ ਵੀ ਉਪਾਸ਼ਕ ਸਨ ਭਾਵੇਂ ਕਿ ਆਪਦਾ ਸਬੰਧ ਵਧੇਰੇ ਕਰਕੇ ਸਿਖੀ ਨਾਲ ਸੀ। ਆਪਦੀ ਕਵਿਤਾ ਤੇ ਵਾਰਤਕ ਦੀ ਸ਼ੈਲੀ ਸਰਬ ਸਾਧਾਰਨ ਅਤੇ ਪ੍ਰਮਾਣਾਂ ਸਾਖੀਆ ਨਾਲ ਭਰਪੂਰ ਹੈ।

**ਦਾਦੂ** (?—੧੬੦੩)

ਜਨਮ ਅਹਿਮਦਾਬਾਦ ਵਿਚ ਹੋਇਆ। ਕਬੀਰ ਪਥੀ ਸੰਤਾਂ ਨੇ ਆਪਨੂੰ ਅਧਿਆਤਮ ਵਲ ਪਰੇਰਿਆ।

ਆਪਦੇ ਸ਼ਲੋਕ ਸਾਧੂਆਂ ਵਿਚ ਬੜੇ ਪ੍ਰਚਲਿਤ ਹਨ। ੧੬੦੭ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦਾਦੂ-ਦਵਾਰੋ ਦੇ ਮਹੰਤ ਜੈਤਰਾਮ ਨੂੰ ਮਿਲੇ।

ਦਾਦੂ ਜੀ ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਦਾਦੂ ਦਵਾ ਦੂਰਿ ਕਰ,
ਕਲਿ ਕਾ ਲੀਜੈ ਭਾਇ।
ਜੇ ਕੋ ਮਾਰੇ ਈਂਟ ਢਿਮ,
ਲੀਜੇ ਸੀਸ ਚਢਾਇ।

(ਦਸਵੇਂ ਗੁਰੂ ਜੀ ਨੇ ਆਪ ਦੀ ਮੜ੍ਹੀ ਉਤੇ ਕਮਾਨ ਦੇ ਗੋਸ਼ੇ ਨਾਲ ਪਰਨਾਮ ਕੀਤਾ, ਜਿਸਤੇ ਸਿੰਘਾਂ ਨੇ ਉਨ੍ਹਾਂ ਨੂੰ ਤਨਖਾਹੀਆ ਠਹਿਰਾਇਆ।)

**ਦੀਨ ਮੁਹੰਮਦ ਸੌਦਾਈ** (੧੯੦੬—੧੯੩੪)

ਆਪਦਾ ਜਨਮ ਵੀਰਵਾਲ, ਜ਼ਿਲਾ ਅਮ੍ਰਿਤਸਰ ਵਿਚ ਚੌਧਰੀ ਮੁਹੰਮਦ ਦੀਨ ਰਾਜਪੂਤ ਦੇ ਘਰ ਹੋਇਆ। ਆਪ ਨੇ ੧੯੧੯ ਦੀ ਖਿਲਾਫ਼ਤ ਤੇ ਸਿਵਲ ਨਾਫ਼ਰਮਾਨੀ ਲਹਿਰ ਵਿਚ ਹਿਸਾ ਲਿਆ ਤੇ ਮਾਰਸ਼ਲ-ਲਾਅ ਸਮੇਂ ੧੮ ਮਹੀਨੇ ਕੈਦ ਕੱਟੀ। ਕੈਦ ਦੇ ਦੌਰਾਨ ਆਪ ਨੇ ੫੦ ਦੇ ਕਰੀਬ ਕਿੱਸੇ ਲਿਖੇ। ਇਹ ਕਾਫੀ ਲੋਕ-ਪਰਵਾਨ ਹੋਏ।

ਸਦਾਕਤ ਸੌਦਾਈ, ਨੂਹਾ ਸੌਦਾਈ, ਤੁਹਫਾ ਸੌਦਾਈ, ਪਕੀ ਰੋਟੀ ਸੌਦਾਈ, ਹਾਤਮਤਾਈ, ਗੁਲ-ਬਕਾਉਲੀ

ਆਦਿਕ ਆਪਦੇ ਪ੍ਰਸਿਧ ਕਿੱਸੇ ਹਨ।

ਆਪਦੇ ਗੀਤਾਂ ਵਿਚ ਸਰੋਦੀ ਪੱਖ ਬੜਾ ਬਲਵਾਨ ਹੈ। ਬੋਲੀ ਲੋਕਿਕ ਹੈ। ਵਿਚਾਰਧਾਰਾ ਉਤੇ ਇਸਲਾਮੀ ਕਲਚਰ ਦਾ ਪ੍ਰਭਾਵ ਤੀਬਰ ਹੈ।

ਉਠ ਸ਼ਹਿਰ ਮਦੀਨੇ ਨੂੰ ਚਲ ਜਿੰਦੜੀ,
ਦਰ ਪਾਕ ਰਸੂਲ ਦਾ ਮਲ ਜਿੰਦੜੀ।

**ਦੀਨ ਮੁਹੰਮਦ, ਜਾਨ** (੧੮੫੦—੧੯੦੨)

ਆਪਦੇ ਪਿਤਾ ਸਰਦਾਰ ਕਾਹਨ ਸਿੰਘ ਪਿੰਡ ਬਾਲੀਆ ਜ਼ਿਲਾ ਅੰਮਿਤਸਰ ਦੇ ਚੰਗੇ ਰਜੇ ਪਜੇ ਜ਼ਿਮੀਂਦਾਰ ਸਨ। ੧੮੭੨ ਵਿਚ ਪਾਲ ਸਿੰਘ ਹੁਰੀਂ (ਜਾਨ ਜੀ ਦਾ ਮੂਲ ਨਾਮ) ਫੌਜ ਵਿਚ ਭਰਤੀ ਹੋ ਗਏ। ਆਪ ਬੜੇ ਭਾਵਕ ਸਨ ਅਤੇ ਸਿਦਕ ਅਗੇ ਹਮੇਸ਼ਾ ਈਨ ਮੰਨ ਲੈਂਦੇ ਸਨ। ਫੌਜ ਵਿਚ ਆਪ ਸ੍ਰੀ ਗੁਰੂ ਗਰੰਥ ਸਾਹਿਬ ਦੀ ਕਥਾ ਬੜੇ ਪ੍ਰੇਮ ਨਾਲ ਕਰਦੇ ਹੁੰਦੇ ਸਨ। ਫਿਰ ਆਪ ਇਸਲਾਮ ਤੋਂ ਕਾਇਲ ਹੋ ਗਏ ਅਤੇ ਨੌਕਰੀ ਛਡ ਕੇ ਮੁਸਲਮਾਨੀ ਸਿਦਕ ਦਾ ਪਰਚਾਰ ਕਰਨ ਲਗ ਪਏ। ਪਹਿਲਾਂ ਆਪਨੇ ਆਪਣਾ ਤਖ਼ਲਸ 'ਮਸਤਾਨ' ਰਖਿਆ, ਪਰ ਪਿਛੋਂ 'ਜਾਨ'। ਆਪਦਾ ਨਾਂ 'ਦੀਨ ਮੁਹੰਮਦ, ਜਾਨ' ਹਰਮਨ ਪਿਆਰਾ ਹੋ ਗਿਆ।

ਦਸਿਆ ਜਾਂਦਾ ਹੈ ਕਿ ਆਪ ਨੇ ਇਸਲਾਮ ਨੂੰ ਜਨ-ਸਧਾਰਨ ਤਕ ਪਹੁੰਚਾਉਣ ਲਈ ਕੁਰਾਨ ਮਜੀਦ ਦੇ ਕੁਝ ਵਿਸ਼ੇਸ਼ ਭਾਗ ਪੰਜਾਬੀ ਵਿਚ ਅਨੁਵਾਦ ਕੀਤੇ ਤੇ ਕਈ ਪਵਿਤਰ ਧਾਰਮਕ ਸਤਰਾਂ ਨੂੰ ਅਤਿਅੰਤ ਕਲਾਮਈ ਢੰਗ ਨਾਲ ਪੰਜਾਬੀ ਕਵਿਤਾ ਵਿਚ ਪੇਸ਼ ਕੀਤਾ। 'ਪੰਦਨਾਮਾ ਮੀਆਂ ਜਾਨ', 'ਵੁਰਾ ਮੁਹੰਮਦੀ ਮੀਆਂ ਜਾਨ' (੧੮੭੫ ਵਿਚ ਪ੍ਰਕਾਸ਼ਿਤ), 'ਤਫਸੀਰ ਰਬਾਅ ਅਮ' (੧੮੯੨ ਵਿਚ ਪ੍ਰਕਾਸ਼ਿਤ), ਕੁਰਾਨ ਮਜੀਦ ਦੇ ਤੀਹਵੇਂ ਪਾਰੇ ਦਾ ਆਖਰੀ ਭਾਗ), ਤਫਸੀਰ ਅਵਲ, ਦੋਮ, ਸੋਮ, ਤਫਸੀਰ ਬਿਸਮਿਲਾ ਸਨ' ਆਦਿਕ ਰਚਨਾਵਾਂ ਆਪਦੀ ਉਚੇਰੀ ਵਿਦਵਤਾ ਦੀਆਂ ਸੂਚਕ ਹਨ। ਦਸਿਆ ਜਾਂਦਾ ਹੈ ਕਿ ਇਹ ਸਭ ਰਚਨਾਵਾਂ ੧੯੪੭ ਦੇ ਫ਼ਸਾਦਾਂ ਵਿਚ ਤਬਾਹ ਹੋ ਗਈਆ ਹਨ। ਮੀਆਂ ਜੀ ਅੰਮ੍ਰਿਤਸਰ ਦੀ ਕੋਤਵਾਲੀ ਦੇ ਨੇੜੇ ਇਕ ਮਸੀਤ ਦੇ ਥੜੇ ਉਤੇ ਖਲੋ ਕੇ ਲੋਕਾਂ ਨੂੰ ਕਬਿਤ ਸੁਣਾਉਂਦੇ ਰਹਿੰਦੇ। ਆਪ ਨੇ ਏ-ਇਨਸਾਫ਼ ਅਫ਼ਸਰਾਂ ਵਿਰੁਧ ਨਿਧੜਕ ਹੋ ਕੇ ਕਵਿਤਾਵਾਂ ਲਿਖੀਆਂ। ਵਿਅਕਤੀਗਤ ਵਿਰੋਧ ਪ੍ਰਗਟ ਕਰਨ ਲਈ ਵੀ ਆਪ ਕਬਿੱਤ ਦਾ ਮਾਧਿਅਮ ਵਰਤਦੇ ਸਨ।

ਆਪਦੀ ਬੋਲੀ ਵਿਚ ਉਰਦੂ ਦਾ ਪ੍ਰਭਾਵ ਤੀਬਰ ਹੈ। ਆਪ ਜ਼ਿੰਦਗੀ ਭਰ ਸਾਂਝੀ ਪੰਜਾਬੀਅਤ ਉਸਾਰਨ ਲਈ ਯਤਨ ਕਰਦੇ ਰਹੇ। ਆਪਦੀ ਸ਼ੈਲੀ ਨੂੰ ਮੁਖ ਰਖਦਿਆਂ ਆਪ ਨੂੰ ਰੂਪਵਾਦ ਦਾ ਵਿਰੋਧੀ ਕਹਿਣਾ ਚਾਹੀਦਾ ਹੈ ਕਿਉਂਕਿ ਆਪਨੇ ਰਵਾਇਤੀ ਬੈਂਤਬਾਜ਼ੀ ਨੂੰ ਤਿਆਗ ਕੇ ਫ਼ਿਲਾਸਫੀ ਨੂੰ ਪੰਜਾਬੀ ਦੇ ਸਾਧਾਰਨ ਕਬਿੱਤਾਂ ਵਿਚ ਪੇਸ਼ ਕੀਤਾ :—

ਅਲਾ ਜਲ ਹੈ ਜਲਾਲ, ਓਸ ਕਾਲ ਨਾ ਜ਼ਵਾਲ,
ਉਠ ਸੁਰਤ ਸੰਭਾਲ, ਕਰ ਨਾਮ ਗਾਫਲਾ।
ਇਹ ਦੁਨੀਆਂ ਜੰਜਾਲ, ਮੱਤ ਫਸੀਂ ਵਿਚ ਜਾਲ,
ਅਜ ਕਲ ਮਾਰੂ ਕਾਲ, ਤੈਨੂੰ ਸਮਝ ਤੂੰ ਆਕਲਾ।
ਓਸ ਰਬ ਦੇ ਹਜ਼ੂਰ, ਜਦੋਂ ਹੋਵੀਂ ਮਨਜ਼ੂਰ,
ਖ਼ੁਸ਼ੀ ਹੋਵਸੀ ਜ਼ਰੂਰ, ਵਿਚ ਜਨਤਾ ਦੇ ਵਾਸਲਾ।
ਹਿੰਦੂ ਪੜ੍ਹਣ ਪੁਰਾਣ, ਮੁਸਲਮਾਨ ਜੋ ਕੁਰਾਨ,
ਕਿਸੇ ਵਿਰਲੇ ਪਛਾਣ, ਸਤਾਨ ਫਿਰੀਂ ਹਾਸਲਾ।

**ਦਮੋਦਰ**

ਦਮੋਦਰ ਦਾਸ ਗੁਲਾਟੀ ਨੇ ਲੋਧੀ ਰਾਜ ਤੇ ਅਕਬਰ ਰਾਜ, ਦੋਵੇਂ ਵੇਖੇ ਜਾਪਦੇ ਹਨ। ਰਿਚਰਡ ਟੈਂਪਲ

ਅਨੁਸਾਰ ਆਪਦਾ ਮੂਲ ਪੇਸ਼ਾ ਪਟਵਾਰੀ ਸੀ। ਆਪਦੇ ਕਿਸੇ ਦੇ ਨੇੜ-ਜੀਵਨਕ ਅੰਸ਼ ਵਿਚੋਂ ਪਤਾ ਲਗਦਾ ਹੈ ਆਪਨੇ ਚੂਚਕ ਦੀ ਪਰੇਰਨਾ ਉਤੇ ਝੰਗ ਵਿਚ ਕਰਿਆਨੇ ਦੀ ਹਟੀ ਪਾਈ ਹੋਈ ਸੀ।

ਹੀਰ ਦਾਂ ਕਿੱਸਾ ਪਹਿਲੀ ਵਾਰੀ ਆਪਨੇ ਲਿਖਿਆ। ਆਪ ਰਾਂਝੇ ਦਾ ਸਰਪ੍ਰਸਤ ਹੋਣ ਦਾ ਦਾਅਵਾ ਕਰਦੇ ਹਨ। ਇਸ ਦਾਅਵੇ ਨੂੰ ਆਧੁਨਿਕ ਖੋਜੀਆਂ ਦੀ ਬਹੁ-ਗਿਣਤੀ ਨੇ ਸੱਚ ਮੰਨਿਆ ਹੈ। ਕਿੱਸੇ ਦੇ ਕੁਲ ੯੯੧ ਬੰਦ ਹਨ। ਬੋਲੀ ਮੁਲਤਾਨੀ ਪੰਜਾਬੀ ਹੈ। ਸ਼ਿੰਗਾਰ, ਹਾਸ ਤੇ ਬੀਰ ਰਸ ਪਰਧਾਨ ਹਨ। ਸਾਦਗੀ ਸ਼ੁਧ ਪੰਜਾਬੀਅਤ, ਹਿੰਦੂਤਵ ਵੀ ਆਪਦੀ ਰਚਨਾ ਕੁਝ ਪੱਖ ਹਨ।

**ਦਰਸ਼ਨ ਸਿਘ ਆਵਾਰਾ** (੨੦ ਦਸੰਬਰ ੧੯੦੬—ਜੀਵਤ)

ਆਪਦਾ ਜਨਮ ਭਾਈ ਅਤਰ ਸਿੰਘ ਪਿੰਡ ਕਾਲਾ ਗੁਜਰਾ, ਜ਼ਿਲਾ ਜਿਹਲਮ ਦੇ ਘਰ ਹੋਇਆ। ਬਚਪਨ ਵਿਚ ਹੀ ਆਪ ਗੁਜਰਾਂਵਾਲੇ ਆ ਗਏ ਤੇ ੧੯੨੩ ਵਿਚ ਸਥਾਨਕ ਖਾਲਸਾ ਹਾਈ ਸਕੂਲੋਂ ਦਸਵੀਂ ਕਰਨ ਪਿਛੋਂ ਬਜਾਜੀ ਦਾ ਜੱਦੀ ਪੇਸ਼ਾ ਅਪਨਾ ਲਿਆ। ਵੰਡ ਪਿਛੋਂ ਪਟਿਆਲੇ ਆ ਗਏ ਤੇ ਮਹਿਕਮਾ ਪੰਜਾਬੀ ਵਿਚ ਕੋਸ਼ਕਾਰ ਲਗ ਗਏ।

ਵੰਡ ਤੋਂ ਪਹਿਲਾਂ ਆਪ ਅੰਗਰੇਜ਼ਾਂ ਨਾਲ ਮੱਥਾ ਲੈਂਦੇ ਰਹੇ। ਆਪਦਾ ਕਾਵਿ-ਸੰਗ੍ਰਹਿ 'ਬਿਜਲੀ ਦੀ ਕੜਕ' (੧੯੨੩) ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਦਿਤਾ। ਆਪ ਉਤੇ ਮੁਕਦਮਾ ਚਲਾਇਆ ਗਿਆ, ਪਰ ਆਪ ਅੰਡਰਗਰਾਊਂਡ ਹੋ ਗਏ। ਗੁਪਤੇਸ਼ਵਰ ਕਵੀ ਹੋਣ ਦੇ ਦੌਰਾਨ 'ਦਿਲਜੀਤ', 'ਲੰਗੜ', 'ਦੁਖੀ ਮੁਰਦਾ', 'ਫੁੱਲ ਸੁੰਘਣਾ', ਆਦਿ ਤਖਲਸਾਂ ਹੇਠ ਰਚਨਾਵਾਂ ਛਪਵਾਈਆਂ। ਉਤਰੀ ਭਾਰਤ ਦਾ ਰਟਨ ਵੀ ਇਸੇ ਨੱਠ ਭਜ ਦੇ ਦੌਰਾਨ ਕੀਤਾ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਵਿਤਾ : 'ਬਗਾਵਤ', 'ਮੈਂ ਬਾਗ਼ੀ ਹਾਂ', 'ਇਨਕਲਾਬ ਦੀ ਰਾਹ ਤੇ', 'ਬਿਜਲੀਆਂ ਦੀ ਕੜਕ', 'ਹਲਚਲ', 'ਗੁਸਤਾਖੀਆਂ' ਆਦਿਕ।

ਬਾਲ-ਸਾਹਿਤ : ਲਾਡੂ ਤੇ ਮਿਠੂ, ਅਸ਼ੋਕ ਚੱਕਰ, ਮਾਸਟਰ ਜੀ, ਸਾਡਾ ਦੇਸ਼, ਗਾਂਧੀ ਜੀ ਦੇ ਸਿਧਾਂਤ, ਮਹਾਤਮਾ ਗਾਂਧੀ ਜੀ ਦੀ ਕਹਾਣੀ।

ਕਹਾਣੀਆਂ : ਜੀਵਨ ਚੋਂ

ਨਾਵਲ : ਸਵਰਗ ਨਰਕ, ਪਰਦੇਸੀ ਸਜਣ ਆਏ ਆਦਿਕ।

ਜ਼ਿੰਦਗੀ ਤੇ ਸਾਹਿਤ ਦੋਹਾਂ ਵਿਚ ਰੂਪਵਾਦ ਦਾ ਖੰਡਨ ਆਪ ਇਨਕਲਾਬੀ ਰੂਪ ਵਿਚ ਕਰਦੇ ਹਨ। ਆਪ ਸ਼ਰੀਅਤ ਦੇ ਵਿਰੋਧੀ ਤੇ ਮਨੁਖਵਾਦ ਦੇ ਹਾਮੀ ਹਨ।

**ਦਰਸ਼ਨ ਸਿੰਘ ਅਜ਼ੀਜ਼** (੧੯੩੮—ਜੀਵਤ)

ਜਨਮ ਪਿੰਡ ਬੋਪਾ ਰਾਏ ਕਲਾਂ, ਜ਼ਿਲਾ ਲੁਧਿਆਣਾ ਵਿਚ ਸ: ਹਰਨਾਮ ਸਿੰਘ ਦੇ ਘਰ ਹੋਇਆ। ਗੁਰੂ ਸਰ ਸਧਾਰੋਂ ਆਪ ਨੇ ਐਫ. ਐਸ. ਸੀ. ਤਕ ਵਿਦਿਆ ਪ੍ਰਾਪਤ ਕੀਤੀ। ਅਜ ਕਲ ਆਪ ਸੈਂਟਰਲ ਪਾਲਿ-ਟੈਕਨਿਕ ਇੰਸਟੀਚਿਊਟ ਚੰਡੀਗੜ੍ਹ ਵਿਚ ਲਾਇਬ੍ਰੇਰੀਅਨ ਹਨ।

'ਝੜਦੇ ਪੱਤੇ' ਅਤੇ 'ਬੂਟਾ ਸਿੰਘ' ਆਪ ਦੇ ਦੋ ਨਾਵਲ ਹਨ।

**ਦਰਸ਼ਨ ਸਿੰਘ ਢਿਲੋਂ**

ਵੇਖੋ

ਢਿਲੋਂ ਦਰਸ਼ਨ ਸਿਘ

**ਦਰਸ਼ਨ ਪ੍ਰੇਮੀ**

ਵੇਖੋ

ਗੁਰਦਰਸ਼ਨ

**ਦਰਸ਼ਨ ਭਟੀ ਨੂਰ**

ਵੇਖੋ

ਨੂਰ, ਦਰਸ਼ਨ ਭੱਟੀ

**ਦਿਲਜੀਤ ਸਿੰਘ ਜੀਤ** (੧੦ ਦਸੰਬਰ ੧੯੪੧—ਜੀਵਤ)

ਆਪ ਆਪਣੇ ਪਿਤਾ ਸ: ਹੁਕਮ ਸਿੰਘ ਸਹਿਤ ਚੰਡੀਗੜ੍ਹ ਵਿਚ ਕਰਿਆਨੇ ਅਤੇ ਮੁਨਿਆਰੀ ਦੀ ਦੁਕਾਨ ਕਰਦੇ ਹਨ।

ਪੰਜਾਬੀ ਅਤੇ ਉਰਦੂ ਵਿਚ ਕਹਾਣੀਆਂ ਲਿਖਦੇ ਹਨ। 'ਤੀਨ ਤਰੰਗੇ' ਮਾਸਕ ਦੇ ਸੰਪਾਦਕੀ ਮਡਲ ਵਿਚ ਵੀ ਸ਼ਾਮਲ ਰਹੇ ਹਨ।

**ਦਲਜੀਤ ਸਿੰਘ ਪੱਡਾ**

ਵੇਖੋ

ਪੱਡਾ, ਦਲਜੀਤ ਸਿੰਘ

**ਦਲਜੀਤ ਸਿੰਘ ਭਾਟੀਆ**

ਵੇਖੋ

ਭਾਟੀਆ, ਦਲਜੀਤ ਸਿੰਘ

**ਦਲੀਪ ਸਿੰਘ** (੨੦ ਜੁਲਾਈ ੧੯੪੩—ਜੀਵਤ)

ਆਪ ਪਿੰਡ ਸੁਲਤਾਨੀ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ੍ਰੀ ਬਿਸ਼ਨ ਸਿੰਘ ਦੇ ਸਪੁਤਰ ਹਨ।

ਪੰਜਾਬੀ ਵਿਚ ਨਿਕੀਆਂ ਕਵਿਤਾਵਾਂ ਲਿਖਦੇ ਹਨ।

**ਦਲੀਪ ਸਿੰਘ ਦੀਪ** (੧ ਅਪਰੈਲ ੧੯੩੯—ਜੀਵਤ)

ਜਨਮ ਟਪਿਆਲਾ ਜ਼ਿਲਾ ਸ਼ੇਖੂਪੁਟਾ ਵਿਚ ਇਕ ਸਾਧਾਰਨ ਦੁਕਾਨਦਾਰ ਸ: ਸ਼ਾਮ ਸਿੰਘ ਦੇ ਘਰ ਹੋਇਆ। ਆਪ ਦਿਲੀ ਯੂਨੀਵਰਸਿਟੀ ਤੋਂ ਐਮ. ਏ. ਪੰਜਾਬੀ ਕਰਨ ਪਿਛੋਂ ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਅਧਿਆਪਕ ਲਗ ਗਏ। ਅਜ ਕਲ ਸਰਸੇ ਦੇ ਨੈਸ਼ਨਲ ਕਾਲਜ ਵਿਚ ਪੰਜਾਬੀ ਪੜ੍ਹਾਉਂਦੇ ਹਨ।

'ਪਾਪਾਂ ਬਾਝੋਂ ਹੋਵੈ ਨਾਹੀਂ' ਅਤੇ 'ਮੌਤ ਹਾਰ ਗਈ' ਆਪਦੇ ਦੋ ਕਹਾਣੀ-ਸੰਗ੍ਰਹਿ ਛਪ ਚੁਕੇ ਹਨ, ਬਹੁਤ ਸਾਰੀਆਂ ਰਚਨਾਵਾਂ ਪ੍ਰਸਿਧ ਪਤਰਾਂ ਵਿਚ ਛਪ ਚੁਕੀਆਂ ਹਨ। ਗੁਰਬਾਣੀ ਦੀ ਪ੍ਰਮਾਣੀਕਤਾ ਮੰਨਣ ਵਾਲੇ ਅਗਰਗਾਮੀ ਸਾਹਿਤਕਾਰ ਹਨ। ਸਾਇੰਸ ਤੇ ਅਧਿਆਤਮਵਾਦ ਦੇ ਸੁਮੇਲ ਨੂੰ ਮੰਨਦੇ ਹਨ ਅਤੇ ਸਾਂਝੀ ਪੰਜਾਬੀ ਕਲਚਰ ਦੇ ਉਪਾਸ਼ਕ ਹਨ। ਆਪ ਨੂੰ ਵਿਚਾਰਸ਼ੀਲ ਕਹਾਣੀਕਾਰਾਂ ਵਿਚ ਗਿਣਿਆ ਜਾਂਦਾ ਹੈ।

**ਦੇਵਾ ਸਿੰਘ ਸੰਤ**

ਆਪਦਾ ਜਨਮ ਜਨੇਤਪੁਰਾ, ਜ਼ਿਲਾ ਲੁਧਿਆਣਾ ਵਿਚ ਹੋਇਆ। ਭਾਈ ਗੁਰਦਿਤ ਸਿੰਘ ਨਾਂ ਦੇ ਮਹਾਂ-ਪੁਰਸ਼ ਨੇ ਆਪ ਨੂੰ ਅਧਿਆਤਮਕ ਵਿਦਵਤਾ ਵਲ ਲਿਆਂਦਾ। ਜਲਦੀ ਹੀ ਆਪ ਬਹੁਤ ਸਾਰੇ ਲੋਕਾਂ ਦੇ ਰੂਹਾਨੀ ਆਗੂ ਬਣ ਗਏ। ਹਿੰਦੀ ਅਤੇ ਪੰਜਾਬੀ ਵਿਚ ਆਪ ਨੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ।

੧. ਅਧਿਆਤਮਕ ਅਨੁਭਵ ਵਿਵੇਕ ੨. ਸੁਗਮ ਜਪੁ ਪ੍ਰਦੀਪ ੩. ਸਿਧ ਗੋਸ਼ਟ ਸਟੀਕ ਆਦਿਕ ਆਪ ਦੀਆਂ ਪੰਜਾਬੀ ਪ੍ਰਕਾਸ਼ਨਾਵਾਂ ਹਨ।

**ਦੇਵਕੀ ਨੰਦਨ** (ਆਰੰਭਕ ੨੦ਵੀਂ ਸਦੀ)

ਆਪ ਦੇ ਤਿੰਨ ਨਾਵਲ—'ਭੂਤਨਾਥ' (੬ ਭਾਗ), 'ਕੁਸਮ ਕੁਮਾਰੀ ਚੰਦਰਕਾਂਤਾ' (੨੪ ਭਾਗ) ਵੀਹਵੀਂ ਸਦੀ ਦੇ ਪਹਿਲੇਰੇ ਦਹਾਕਿਆਂ ਵਿਚ ਬੜੇ ਹਰਮਨ ਪਿਆਰੇ ਰਹੇ ਸਨ। ਇਨ੍ਹਾਂ ਗਲਪ-ਕਿਰਤਾਂ ਵਿਚ

ਰੁਮਾਂਚ, ਜਾਦੂ, ਜਾਸੂਸੀ ਅਤੇ ਪਰਾਚੀਨਤਾ ਦੀ ਪ੍ਰਧਾਨਤਾ ਹੈ ।

**ਦੇਵੀ ਦਾਸ ਹਿੰਦੀ** (੧੮੯੦—੧੯੪੫ ਅਦਾਜ਼ਨ)

ਜਨਮ ਪਿੰਡ ਨੁਸ਼ਹਿਰਾ ਨੰਗਲੀ ਜ਼ਿਲਾ ਅੰਮ੍ਰਿਤਸਰ ਵਿਚ ਪੰਡਿਤ ਮਾਧੋ ਰਾਮ ਦੇ ਘਰ ਹੋਇਆ । ਆਪਦੇ ਦਾਦਾ ਰੁਲਦੂ ਰਮ ਹੁਰੀਂ, ਦਸਿਆ ਜਾਂਦਾ ਹੈ ਕਿ ਮਹਾਂ ਕਵੀ ਹਾਸ਼ਮ ਦੇ ਦੋਸਤ ਸਨ । ਉਹਨਾਂ ਦੀ ਅਚੇਤ ਪਰੇਰਨਾ ਨਾਲ ਹੀ ਆਪਦਾ ਕਵੀ ਮਨ ਜਾਗਿਆ । ਹਕੀਮ ਪਿਤਾ ਆਪਨੂੰ ਨਿਕੀ ਉਮਰ ਵਿਚ ਹੀ ਅੰਮ੍ਰਿਤਸਰ ਲੈ ਆਏ, ਇਥੇ ਆਪਨੇ ਸਰਕਾਰੀ ਸਕੂਲੋਂ ਦਸਵੀਂ ਕੀਤੀ ਤੇ ਫਿਰ ਮੈਡੀਕਲ ਕਾਲਜੋਂ ਡਾਕਟਰੀ ਕਰਨ ਪਿਛੋਂ ਆਪ ਪ੍ਰਾਈਵੇਟ ਡਾਕਟਰੀ ਚਲਾਣ ਲਗ ਪਏ । ਆਪਦੀਆਂ ਤਿੰਨ ਸ਼ਾਦੀਆਂ ਹੋਈਆਂ । ਪਹਿਲੀ ਪਤਨੀ ਦੀ ਮੌਤ ਪਿਛੋਂ ਦੂਜੀ ਤੇ ਫਿਰ ਤੀਜੀ ।

ਆਪ ਉਰਦੂ ਥਾਣੀਂ ਹੁੰਦੇ ਪੰਜਾਬੀ ਵਿਚ ਆਏ । ਮੁਣਸ਼ੀ ਮੁਹੰਮਦ ਇਸਮਾਈਲ ਮੁਸ਼ਤਾਕ ਨੂੰ ਉਸਤਾਦ ਧਾਰਨ ਪਿਛੋਂ ਆਪ ਪੰਜਾਬੀ ਕਲਚਰ ਦੇ ਹੀ ਉਪਾਸ਼ਕ ਬਣ ਗਏ । ਸੈਂਟਰਲ ਪੰਜਾਬੀ ਸਭਾ ਅਤੇ ਹਿੰਦੂ ਪੰਜਾਬੀ ਸਭਾ ਦੇ ਪਰਧਾਨ ਵੀ ਰਹੇ ।

ਵਕਤ ਮੁਤਾਬਕ ਆਪ ਸੁਦੇਸੀ ਅਗਰਗਾਮੀ ਸਾਹਿਤ ਵਾਲੇ ਪਾਸੇ ਵੀ ਸਰਗਰਮ ਸਨ ।

੧੯੩੭ ਵਿਚ ਆਪਦੀ ਆਰਥਕਤਾ ਕਮਜ਼ੋਰ ਹੋ ਗਈ ਤੇ ਅਗਲੇ ਸਾਲ ਆਪਨੂੰ ਆਪਣਾ ਪਿਤਾ-ਪੁਰਖੀ ਮਕਾਨ ਵੀ ਵੇਚਣਾ ਪਿਆ । ਅਗਲੇਰੇ ਵਰ੍ਹੇ ਆਪ ਆਪਣੇ ਸ਼ਾਗਿਰਦ ਹਰਨਾਮ ਸਿਘ ਕੋਲ ਮਿਕਲੋਡ ਗੰਜ, ਰਿਆਸਤ ਬਹਾਵਲਪੁਰ ਵਿਚ ਜਾ ਕੇ ਕਾਮਯਾਬੀ ਨਾਲ ਫਿਰ ਡਾਕਟਰੀ ਚਲਾਣ ਲਗ ਪਏ ।

ਹਰਨਾਮ ਸਿੰਘ ਹਸਰਤ (ਹੈਰਤ), ਕਰਤਾਰ ਸਿੰਘ ਤਾਂਘ, ਨੀਲਮ, ਬੇਕਲ, ਹੀਰਾ ਸਿਘ ਕਿਰਤੀ ਆਦਿਕ ਕਵੀ ਆਪਦੇ ਹੀ ਸ਼ਗਿਰਦ ਹਨ ।

ਆਪਦਾ ਦੇਹਾਂਤ ਬੀਮਾਰੀ ਕਾਰਨ ਹੋਇਆ ।

ਆਪਦੀ ਕਵਿਤਾ ਦਾ ਰੂਪਕ ਆਧਾਰ ਪਰੰਪਰਾ ਹੈ । ਪਰ ਆਪਦੇ ਵਿਚਾਰ ਨਵੀਨ ਹਨ ।

ਹਾਸ ਰਸ, ਸ਼ਿੰਗਾਰ ਰਸ, ਸੁਹਜ ਸਵਾਦ, ਪੰਜਾਬੀ-ਅਤ ਆਦਿਕ ਆਪਦੀ ਰਚਨਾ ਦੇ ਵਿਸ਼ੇਸ ਪੱਖ ਹਨ ।

**ਦੇਵਿੰਦਰ ਸਿੰਘ** (੧੩ ਜਨਵਰੀ ੧੯੨੬—ਜੀਵਤ)

ਜਨਮ ਕਪੂਰਥਲੇ ਵਿਚ ਸ: ਹਰਦਿਆਲ ਸਿੰਘ ਸਿੱਧੂ ਦੇ ਘਰ ਹੋਇਆ । ਅਜ ਕਲ ਆਪ ਆਲ ਇੰਡੀਆ ਰੇਡੀਉ ਦਿੱਲੀ ਦੇ ਮੁਲਾਜ਼ਮ ਹਨ । ਅੰਗਰੇਜ਼ੀ ਐਮ. ਏ. ਅਤੇ ਫ਼ਰਾਂਸੀਸੀ ਬੀ. ਏ. ਦੀਆਂ ਯੋਗਤਾਵਾਂ ਆਪਦੀ ਵਿਦਿਆ ਵਿਚ ਸ਼ਾਮਲ ਹਨ ।

ਕਹਾਣੀਆਂ, ਨਾਵਲਾਂ ਅਤੇ ਨਾਟਕਾਂ ਦੀ ਰਚਨਾ ਵਿਚ ਪਰਬੀਨ ਹਨ ।

'ਗੀਤ ਤੇ ਪੱਥਰ', 'ਦੋ ਕਿਨਾਰੇ' ਆਦਿਕ ਕਹਾਣੀ ਸੰਗ੍ਰਹਿ ਅਤੇ 'ਖੁਸ਼ਬੋ' ਨਾਵਲ ਆਦਿਕ ਪੁਸਤਕਾਂ ਆਪਦੀ ਘਾਲਣਾ ਦਾ ਵਿਸ਼ੇਸ਼ ਭਾਗ ਹਨ ।

ਵੰਡ ਦੇ ਜਜ਼ਬਾਤ ਆਪਨੇ ਬੜੇ ਸੂਖਮ ਰੂਪ ਵਿਚ ਪੇਸ਼ ਕੀਤੇ ਹਨ ।

ਆਪਦਾ ਸਥਾਨ ਉਚੇਰੇ ਸਾਹਿਤਕਾਰਾਂ ਵਿਚ ਹੈ ।

**ਦੇਵਿੰਦਰ ਸਿੰਘ ਵਿਦਿਆਰਥੀ** (੬ ਸਤੰਬਰ ੧੯੧੧ ਜੀਵਤ)

ਜਨਮ ਕਸੌਲੀ ਵਿਚ ਭਾਈ ਮੰਗਲ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਹੋਇਆ । ੧੯੩੪--੪੮ ਦੇ ਦੌਰਾਨ ਆਪ ਨਾਭੇ ਵਿਚ ਸਰਕਾਰੀ ਗ੍ਰੰਥੀ ਰਹੇ । ੧੯੪੮ ਤੋਂ ਪੈਪਸੂ ਤੇ ਫਿਰ ਪੰਜਾਬ ਸਿਵਲ ਸਕੱਤਰੇਤ ਵਿਚ ਕੰਮ ਕਰ ਰਹੇ ਹਨ, ਅਜ ਕਲ ਇਥੇ ਆਪ ਗ੍ਰਹਿ ਵਿਭਾਗ ਵਿਚ ਅਫਸਰ ਹਨ ।

ਆਪਦੀ ਵਿਦਿਆ ਵਿਚ ਐਮ. ਏ. ਹਿੰਦੀ ਅਤੇ ਗਿਆਨੀ ਦੀਆਂ ਯੋਗਤਾਵਾਂ ਸ਼ਾਮਲ ਹਨ।

ਆਪ ਦਾ ਕਾਵਿ-ਸੰਗ੍ਰਹਿ 'ਅਣਗ਼ੰਦੇ ਹਾਰ' ਪ੍ਰਕਾਸ਼ਿਤ ਹੋ ਚੁਕਾ ਹੈ ਅਤੇ ਬਹੁਤ ਸਾਰੀਆਂ ਮੌਲਿਕ ਅਤੇ ਅਨੁਵਾਦਿਤ ਰਚਨਾਵਾਂ ਅਣਛਪੀਆਂ ਪਈਆਂ ਹਨ। ਭਾਸ਼ਾ ਅਤੇ ਸਾਹਿਤ ਸਬੰਧੀ ਆਪਦੇ ਲੇਖ ਮਾਸਕ ਪਤਰਾਂ ਵਿਚ ਛਪਦੇ ਰਹਿੰਦੇ ਹਨ।

ਆਪ ਮੂਲ ਰੂਪ ਵਿਚ ਇਕ ਵਿਦਵਾਨ ਹਨ।

**ਦੇਵਿੰਦਰ ਸਤਿਆਰਥੀ** (੨੮ ਮਈ ੧੯੦੮—ਜੀਵਤ)

ਜਨਮ ਭਦੌੜ, ਜ਼ਿਲਾ ਸੰਗਰੂਰ ਵਿਚ ਲਾਲਾ ਧਨੀ ਰਾਮ ਦੇ ਘਰ ਹੋਇਆ। ੧੯੨੭ ਵਿਚ ਆਪ ਨੇ ਯੂਨੀਵਰਸਿਟੀ ਦੀ ਪੜ੍ਹਾਈ ਛਡ ਦਿਤੀ ਤੇ ਸੁਦੇਸ਼ ਬਰਮਾ ਤੇ ਲੰਕਾ ਦਾ ਰਟਨ ਕਰਨ ਲਗ ਪਏ। ਵੀਹ ਵਰ੍ਹਿਆਂ ਦੀ ਇਸ ਯਾਤਰਾ ਦੇ ਦੌਰਾਨ ਆਪ ਬੰਗਾਲ ਵਿਚ ਰਾਬਿੰਦਰ ਨਾਥ ਟੈਗੋਰ ਨੂੰ ਵੀ ਮਿਲੇ ਤੇ ਇਸ ਸਮੇਂ ਆਪ ਨੇ ਵੰਨ ਸੁਵੰਨੇ ਲੋਕ-ਗੀਤ ਇਕਠੇ ਕੀਤੇ। ਭਾਰਤ ਸਰਕਾਰ ਦੇ ਵਖੋ ਵਖ ਪਤਰਾਂ ਨੂੰ ਆਪ ਸੰਪਾਦਿਤ ਕਰਦੇ ਰਹੇ ਹਨ। ਅਜ ਕਲ ਦਿਲੀ ਹੁੰਦੇ ਹਨ। ਹਿੰਦੀ, ਪੰਜਾਬੀ ਤੋਂ ਇਲਾਵਾ ਹੋਰ ਬੋਲੀਆਂ ਵਿਚ ਵੀ ਆਪਦਾ ਸਨਮਾਨ ਕੀਤਾ ਜਾਂਦਾ ਹੈ।

'ਗਿਧਾ', ਤੇ 'ਦੀਵਾ ਬਲੇ ਸਾਰੀ ਰਾਤ' ਵਿਚ ਆਪ ਨੇ ਲੋਕ ਗੀਤ ਇਕਠੇ ਕੀਤੇ ਹਨ। 'ਧਰਤੀ ਦੀਆਂ ਵਾਜਾਂ', 'ਮੁੜ੍ਹਕਾ ਤੇ ਕਣਕ', 'ਬੁਢੀ ਨਹੀਂ ਧਰਤੀ', 'ਲਕ ਟੂਣੂ ਟੂਣੂ' ਆਦਿਕ ਆਪਦੇ ਕਾਵਿ-ਸੰਗ੍ਰਹਿ ਹਨ। 'ਕੁੰਗ ਪੋਸ਼', 'ਸੋਨਾ ਗਾਚੀ', 'ਦੇਵਤਾ ਡਿਗ ਪਿਆ' ਆਦਿਕ ਪੁਸਤਕਾਂ ਵਿਚ ਆਪਦੀਆਂ ਕਹਾਣੀਆਂ ਦਰਜ ਹਨ।

ਭਾਰਤ ਉਤੇ ਪੱਛਮ ਦੀ ਵਿਸ਼ਾਦਿਤ ਸਭਿਅਤਾ ਦੇ ਪ੍ਰਭਾਵਾਂ ਪ੍ਰਤੀ ਆਪ ਬੜੇ ਚੇਤੰਨ ਤੇ ਆਲੋਚਨਾਤਮਕ ਰਹਿੰਦੇ ਹਨ। ਲੋਕ-ਜੀਵਨ ਦੇ ਸਭਿਆਚਾਰਕ ਪੱਖ ਨਾਲ ਆਪ ਨੂੰ ਬੜਾ ਨਿਹੁੰ ਹੈ। ਆਪਦੀ ਸਮੁਚੀ ਸ਼ੈਲੀ ਉਤੇ ਪ੍ਰਤੀਕਵਾਦ ਦਾ ਪ੍ਰਭਾਵ ਤੀਬਰ ਹੈ।

ਆਪਨੂੰ ਉੱਚਤਮ ਸਾਹਿਤਕਾਰਾਂ ਵਿਚ ਗਿਣਿਆ ਜਾਂਦਾ ਹੈ।

**ਦੀਵਾਨ ਸਿੰਘ** (੧੯੨੧—ਜੀਵਤ)

ਜਨਮ ਜ਼ਿਲਾ ਸਰਗੋਧਾ ਦੇ ਚੱਕ ੧੧੫ ਜਨੂਬੀ (ਦਖਣੀ) ਵਿਚ ਸ: ਉਜਾਗਰ ਸਿੰਘ ਦੇ ਘਰ ਹੋਇਆ। ਆਪਦੇ ਦਾਦਾ ਜੀ ਜਿਨ੍ਹਾਂ ਸਰਗੋਧੇ ਦੀ ਬਾਰ ਵਸਾਈ ਸੀ, ਜ਼ੈਲਦਾਰ, ਆਨਰੇਰੀ ਮੈਜਿਸਟਰੇਟ ਅਤੇ ਅੰਗ੍ਰੇਜ਼ੀ-ਫਾਰਸੀ ਦੇ ਵਿਦਵਾਨ ਸਨ। ਆਪਦੇ ਪਿਤਾ ਗੁਰਬਾਣੀ ਦੇ ਰਸੀਏ ਸਨ, ਸੋ ਵਿਦਵਤਾ ਆਪ ਨੂੰ ਵਿਰਸੇ ਵਿਚ ਹੀ ਮਿਲੀ। ਖਾਲਸਾ ਸਕੂਲ ਸਰਗੋਧਿਓਂ ਦਸਵੀਂ ਕਰਨ ਪਿਛੋਂ ਆਪ ਨੇ ਲਾਹੌਰੋਂ ੧੯੪੨ ਵਿਚ ਅੰਗ੍ਰੇਜ਼ੀ ੧੯੪੩ ਵਿਚ ਫਾਰਸੀ ਦੀ ਐਮ.ਏ. ਕੀਤੀ ਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਉਰਦੂ-ਫਾਰਸੀ ਵਿਭਾਗ ਦੇ ਮੁਖੀ ਲਗ ਗਏ। ੧੯੫੧ ਵਿਚ ਆਪ ਨੇ ਪਹਿਲੀ ਪ੍ਰਾਂਤਕ ਥਾਂ ਪ੍ਰਾਪਤ ਕਰਦਿਆਂ ਪੰਜਾਬੀ ਦੀ ਐਮ. ਏ. ਕੀਤੀ। ਸਾਹਿਤਕ-ਵਿਦਿਅਕ ਖੇਤਰ ਵਿਚ ਆਪ ਸਰਗਰਮ ਰਹਿੰਦੇ ਹਨ। ਆਪ ਨੂੰ ਚੰਗੇਰੇ ਅਧਿਆਪਕਾਂ ਤੇ ਆਲੋਚਕਾਂ ਵਿਚ ਗਿਣਿਆ ਜਾਂਦਾ ਹੈ।

'ਬਾਬਾ ਫਰੀਦ ਦਰਸ਼ਨ' [੧੯੫੨], 'ਸਾਹਿਤ ਆਦਰਸ਼' [੧੯੫੪], 'ਕਿੱਸਾ ਸਸੀ ਪੁੰਨੂੰ ਹਾਸ਼ਮ ਸ਼ਾਹ', 'ਕਿੱਸਾ ਸੋਹਣੀ ਮਹੀਂਵਾਲ ਫ਼ਜ਼ਲ ਸ਼ਾਹ' (੧੯੫੬—ਸਹਿ-ਸੰਪਾਦਕ ਡਾਕਟਰ ਰੌਸ਼ਨ ਲਾਲ ਆਹੂਜਾ), ਸੂਫ਼ੀਵਾਦ ਤੇ ਹੋਰ ਲੇਖ (੧੯੫੭) ਆਦਿਕ ਆਪਦੀਆਂ ਦਾਰਸ਼ਨਿਕ, ਆਲੋਚਨਾਤਮਕ ਪੁਸਤਕਾਂ ਹਨ। ਕਾਵਿ-ਸੰਗ੍ਰਹਿ 'ਰਸ ਰੰਗ' ਅਤੇ ਜੀਵਨੀ-ਸੰਗ੍ਰਹਿ 'ਅਮਰ ਜੋਤਾਂ' (੧੯੫੪), ਦੋ

ਪੁਸਤਕਾਂ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ ।

**ਦੀਵਾਨ ਸਿਘ ਕਾਲੇਪਾਣੀ** (੧੮੯੪—੧੯੪੪)

ਆਪਦਾ ਜਨਮ ਪਿੰਡ ਗੁਰੂ ਕੀ ਗਲੋਟੀਆਂ ਖੁਰਦ ਜ਼ਿਲਾ ਸਿਆਲਕੋਟ ਵਿਖੇ ਢਿਲੋਂ ਜੱਟ ਸ: ਸੁੰਦਰ ਸਿਘ ਦੇ ਘਰ ਹੋਇਆ । ਪਿੰਡ ਦੇ ਸਕੂਲੋਂ ਮੁਢਲੀ ਵਿਦਿਆ, ਡਸਕੇ ਦੇ ਮਿਸ਼ਨ ਸਕੂਲੋਂ ਅਠਵੀਂ, ਖਾਲਸਾ ਸਕੂਲੋਂ ਦਸਵੀਂ, ਆਗਰੇ ਦੇ ਮੈਡੀਕਲ ਕਾਲਜੋਂ ਡਾਕਟਰੀ ਕਰਨ ਪਿਛੋਂ ਆਪ ੧੯੧੯ ਦੇ ਸਾਲ ਫੌਜੀ ਹਸਪਤਾਲ ਰਾਵਲਪਿੰਡੀ ਵਿਚ ਡਾਕਟਰ ਲਗ ਗਏ । ੧੯੨੭ ਵਿਚ ਆਪ ਅੰਡੇਮਾਨ ਟਾਪੂਆਂ ਵਿਚ ਜਾ ਕੇ ਸਰਕਾਰੀ ਹਸਪਤਾਲ ਦੇ ਇਨਚਾਰਜ ਲਗ ਗਏ ਕਿਉਂਕਿ ਆਪ ਬਚਪਨ ਵਿਚ ਹੀ ਯਤੀਮ ਹੋ ਗਏ ਸਨ, ਇਸੇ ਲਈ ਆਪਦੀ ਇਹ ਉਨਤੀ ਆਪਦੇ ਸੈ-ਵਿਸ਼ਵਾਸ ਦੀ ਸੂਚਕ ਹੈ । ੧੯੪੫ ਵਿਚ ਜਾਪਾਨੀ ਧਾੜਵੀਆਂ ਨੇ ਅੰਡੇਮਾਨ ਉਤੇ ਕਬਜ਼ਾ ਕੀਤਾ, ਤੇ ਬਾਕੀਆਂ ਸਹਿਤ ਆਪ ਨੂੰ ਵੀ ਤਸੀਹੇ ਦੇ ਕੇ ਮਾਰ ਦਿਤਾ ।

ਦਸਵੀਂ ਦੀ ਪੜ੍ਹਾਈ ਦੇ ਦੌਰਾਨ ਪਾਦਰੀ ਵਿਲੀਅਸ ਸਕਾਟ ਦੀ ਸੰਗਤ ਨੇ ਆਪਨੂੰ ਅੰਗਰੇਜ਼ੀ ਕਵਿਤਾਕਾਰੀ ਲਈ ਪਰੇਰਿਆ । ਸਿਆਲਕੋਟ ਨਿਵਾਸੀ ਪ੍ਰੋ: ਹਰੀ ਸਿੰਘ ਚੀਮਾ ਨੇ ਆਪਨੂੰ ਸਾਂਝੀ ਕਲਚਰ ਦਾ ਅਹਿਸਾਸ ਕਰਾਇਆ ਤੇ ਹੀਰ ਵਾਰਸ ਸ਼ਾਹ ਪੜ੍ਹਨ ਲਈ ਪਰੇਰਿਆ ।

ਕਾਵਿ-ਸੰਗ੍ਰਹਿ 'ਵਗਦੇ ਪਾਣੀ', ਮਾਸਕ ਪਤਰਾਂ ਵਿਚ ਛੱਪੀ ਰਚਨਾ ਤੇ ਕੁਝ ਅਣਛਪੀ ਰਚਨਾ ਆਪਦੀ ਘਾਲਣਾ ਹੈ ।

**ਦੀਵਾਨ ਸਿੰਘ ਮਹਿਰਮ** (੫ ਜਨਵਰੀ ੧੯੧੪—ਜੀਵਤ)

ਆਪਦਾ ਜਨਮ ਨੰਗਲ ਸਾਹੁ ਜ਼ਿਲਾ ਸਿਆਲਕੋਟ ਵਿਚ ਸ: ਰਾਮ ਸਿੰਘ ਦੇ ਘਰ ਹੋਇਆ । ਦਸਵੀਂ ਤੇ ਗਿਆਨੀ ਕਰਨ ਪਿਛੋਂ ਆਪ ਕਾਦੀਆਂ ਦੇ ਖਾਲਸਾ ਹਾਈ ਸਕੂਲ ਵਿਚ ਅਧਿਆਪਕ ਲਗ ਗਏ ।

ਆਪਨੇ ਪੰਜਾਬੀ ਵਿਚ ਬਹੁਤ ਸਾਰੀਆਂ ਗਜ਼ਲਾਂ ਲਿਖੀਆਂ ਹਨ । ਰਸਾਲਿਆਂ ਵਿਚ ਪ੍ਰਕਾਸ਼ਿਤ ਹੋਈ ਰਚਨਾ ਅਤੇ ਕਵੀ ਦਰਬਾਰਾਂ ਵਿਚ ਬੋਲੀਆਂ ਅਨੇਕਾਂ ਕਵਿਤਾਵਾਂ ਆਪਦੀ ਬਹੁਮੁਲੀ ਘਾਲਣਾ ਦੀਆਂ ਸੂਚਕ ਹਨ । ਆਪਦੀ ਕਵਿਤਾ ਵਿਚ ਬੁੱਧੀ-ਪਰਧਾਨ ਵਿਅੰਗ ਚੋਖੀ ਮਾਤਰਾ ਵਿਚ ਹਨ । ਦਸਿਆ ਜਾਂਦਾ ਹੈ ਕਿ ਆਪਦੀ ਆਵਾਜ਼ ਵੀ ਕਾਫੀ ਮਰਦਾਵੀਂ ਤੇ ਸੁਰੀਲੀ ਹੈ ।

ਹੱਥਾਂ ਵਿਚੋਂ ਯਾਰ ਨਿਕਲਦਾ ਜਾ ਰਿਹੈ ।
ਕਬਜ਼ੇ ਵਿਚੋਂ ਸੰਸਾਰ ਨਿਕਲਦਾ ਜਾ ਰਿਹੈ ।
ਲੁਟ ਲਿਆ ਰਾਹਵਾਂ ਨੇ ਮੇਰਾ ਕਾਫਲਾ ।
ਮੰਜ਼ਲ ਤੋਂ ਅਸਵਾਰ ਨਿਕਲਦਾ ਜਾ ਰਿਹੈ ।
(ਇਕ ਗਜ਼ਲ ਚੋਂ)

# ਧ

**ਧਿਆਨ ਸਿੰਘ, ਡਾਕਟਰ** (੧੨ ਅਗਸਤ ੧੯੧੨—ਜੀਵਤ)

ਆਪਦਾ ਜਨਮ ਗੁਰੂ ਕੀਆਂ ਗਲ੍ਹੌਟੀਆਂ ਜ਼ਿਲਾ ਸਿਆਲਕੋਟ ਵਿਚ ਸੰਤ ਕਰਮ ਸਿਘ ਦੇ ਘਰ ਹੋਇਆ ੧੯੩੩ ਤੋਂ ਪੰਜਾਬ ਕਾਂਗਰਸ ਦੇ ਸਰਗਰਮ ਤੇ ਆਗੂ ਮੈਂਬਰ ਚਲੇ ਆ ਰਹੇ ਹਨ।

ਅਜ ਕਲ ਰੋਜ਼ਾਨਾ 'ਨਵਾਂ ਹਿੰਦੁਸਤਾਨ' ਦਿੱਲੀ ਦੇ ਮੁਖ ਸੰਪਾਦਕ ਹਨ। ਇਸ ਪਤਰ ਵਿਚ ਆਪਦੇ ਰਾਜਸੀ ਅਤੇ ਸਮਾਜਕ-ਸੁਧਾਰਕ ਲੇਖ ਚੋਖੀ ਮਾਤਰਾ ਵਿਚ ਪ੍ਰਕਾਸ਼ਿਤ ਹੋ ਚੁਕੇ ਹਨ।

**ਧਿਆਨ ਸਿੰਘ ਮਿੰਟਗੁਮਰੀ** (ਉਨੀਵੀਂ, ਵੀਹਵੀਂ ਸਦੀ)

ਆਪ ਨਾਮਧਾਰੀ ਆਗੂ ਸਤਿਗੁਰੂ ਪਰਤਾਪ ਸਿੰਘ ਦੇ ਵਿਦਿਆ-ਗੁਰੂ ਸਨ।

ਸ੍ਰੀ ਸਤਿਗੁਰੂ ਬਿਲਾਸ, ਪਾਤਸ਼ਾਹੀ ਬਾਰ੍ਹਵੀਂ, ਆਪ ਦੀ ਪ੍ਰਸਿਧ ਕਾਵਿ-ਪੁਸਤਕ ਹੈ।

**ਧੰਨਾ**

ਟਾਂਕ ਰਿਆਸਤ ਵਿਚ ਦਿਓਲੀ ਲਾਗੇ ਪਿੰਡ ਧੂਆਨ ਵਿਚ ਆਪਦਾ ਜਨਮ ਜਟਾਂ ਦੇ ਘਰ ਹੋਇਆ। ਇਕ ਬ੍ਰਾਹਮਣ ਨੂੰ ਮੂਰਤੀ ਪੂਜਾ ਕਾਰਨ ਸੁਖੀ ਵੇਖਕੇ, ਉਸਦੀ ਰੀਸ ਕੀਤੀ। ਛੇ ਦਿਨ ਤੇ ਛੇ ਰਾਤਾਂ ਠਾਕਰ ਪੂਜਦੇ ਰਹੇ, ਤਾਂ ਜਾ ਕੇ ਗਿਆਨ ਹੋਇਆ। ਫਿਰ ਕਾਂਸ਼ੀ ਜਾ ਕੇ ਰਾਮਾ ਨੰਦ ਜੀ ਨੂੰ ਗੁਰੂ ਧਾਰਿਆ ਤੇ ਮਹਾਨ ਅਧਿਆਤਮਕ ਪ੍ਰਾਪਤੀਆਂ ਸਦਕਾ ਵਿਸ਼ਵ-ਰੂਪ ਜਗਨਾਥ ਦਾ ਉਪਾਸ਼ਕ ਹੋ ਕੇ ਪਰਮ ਪਦ ਦੇ ਅਧਿਕਾਰੀ ਹੋਏ।

ਆਦਿ ਗਰੰਥ ਵਿਚ ਆਪਦੇ ਚਾਰ ਸ਼ਬਦ ਹਨ ਜਿਨ੍ਹਾਂ ਵਿਚ ਠਾਕਰ ਪੂਜਾ ਦੁਆਰਾ ਅਧਿਆਤਮਵਾਦ ਪ੍ਰਗਟਾਇਆ ਗਿਆ ਹੈ। ਬੋਲੀ ਅਸਾਨ ਤੇ ਕਿਤੇ ਕਿਤੇ ਸਾਦੀ ਜਟਕੀ ਹੈ।

ਮਿਲੇ ਪ੍ਰਤਖਿ ਗੁਸਾਈਆਂ ਧੰਨਾ ਵਡਭਾਗਾ।
(ਆਸਾ ਧੰਨਾ)

**ਧਨਾ ਸਿੰਘ** (ਸਤਾਰ੍ਹਵੀਂ—ਅਠਾਰ੍ਹਵੀਂ ਸਦੀ)

ਗੁਰੂ ਗੋਬਿੰਦ ਸਿੰਘ ਦੇ ਘਾਹੀ ਸਨ। ਚੰਦਨ ਜੀ (ਕਵੀ) ਨੇ ਇਕ ਵਾਰੀ ਚੈਲਿੰਜ ਵਜੋਂ ਦਸ਼ਮੇਸ਼ ਦਰਬਾਰ ਦੇ ਕਵੀਆਂ ਨੂੰ ਸਵੈਯਾ ਸੁਣਾਇਆ :—

ਨਵਸਾਤ ਤਿਯੇ, ਨਵਸਾਤ ਕਿਯੇ।
ਨਵਸਾਤ ਪਿਯੇ, ਨਵਸਾਤ ਪਿਲਾਏ।
ਨਵਸਾਤ ਰਚੇ, ਨਵਸਾਤ ਬਚੇ,
ਨਵਸਾਤ ਪਿਯਾ ਪਹਿ ਦਾਯਕ ਪਾਏ।
ਜੀਤ ਕਲਾ ਨਵਸਾਤਨ ਕੀ,
ਨਵਸਾਤਨ ਕੇ ਮੁਖ ਅੰਦਰ ਛਾਏ।
ਮਾਨਹੁ ਮੇਘ ਕਿ ਮੰਡਲ ਮੇ,
ਕਾਵਿ ਚੰਦਨ ਚੰਦ ਕਲੇਵਰ ਛਾਏ।

ਦਸਮੇਸ਼ ਜੀ ਨੇ ਕਿਹਾ ਇਸਦੇ ਅਰਥ ਕੋਈ ਘਾਹੀ ਹੀ ਕਰ ਸਕਦਾ ਹੈ। ਧੰਨਾ ਸਿਘ ਨੇ ਅਰਥ

ਕੀਤੇ :—ਸੋਲ੍ਹਾਂ (ਨੌਂ ਸਤ) ਵਰ੍ਹਿਆਂ ਦੀ ਯੁਵਤੀ ਨੇ ਸੋਲਾਂ ਸ਼ਿੰਗਾਰ ਕੀਤੇ। ਪਤੀ ਸੋਲ੍ਹਾਂ ਮਹੀਨਿਆਂ ਪਿਛੋਂ ਪਰਦੇਸੋਂ ਆਇਆ ਸੀ, ਇਸਤਰੀ ਨੇ ਸੋਲ੍ਹਾਂ ਪਰਕਾਰ ਦੇ ਭੋਜਨ ਖਵਾਏ। ਫਿਰ ਸੋਲ੍ਹਾਂ ਘਰਾਂ ਵਾਲੀ ਚੌਪੜ ਦੀ ਬਾਜ਼ੀ ਰਚੀ। ਸੋਲ੍ਹਾਂ ਵਾਲੀ ਬਾਜ਼ੀ ਜਿੱਤ ਕੇ ਸੋਲ੍ਹਾਂ ਆਨੇ ਵਾਲੇ ਰੁਪਏ ਪ੍ਰਾਪਤ ਕੀਤੇ। ਜਦ ਪਤੀ ਨੇ ਇਸਤ੍ਰੀ ਨੂੰ ਜਿਤਿਆ ਤਾਂ ਸੋਲ੍ਹਾਂ ਕਲਾਂ ਚੰਦ੍ਰਵਤ ਵਾਲੀ ਯੁਵਤੀ ਨੇ ਸੰਗਦਿਆਂ ਸੰਗਦਿਆਂ ਚਿਹਰੇ ਨੂੰ ਘੁੰਢ ਵਿਚ ਇੰਝ ਲੁਕਾ ਲਿਆ ਜਿਵੇਂ ਕਿ ਚੰਨ ਬਦਲੀਆਂ ਉਹਲੇ ਲੁਕ ਜਾਂਦਾ ਹੈ।

ਫਿਰ ਧੰਨਾ ਸਿੰਘ ਨੇ ਸਵੈਯਾ ਸੁਣਾਇਆ—

'ਮੀਨ ਮਰੇ ਜਲ ਜਲ ਕੇ ਪਰ ਸੇ,
ਕਬਹੁ ਨਾ ਮਰੈ ਤਨ ਤਾਪ ਕੇ ਆਏ.....।

ਪਰ ਚੰਦਨ ਜੀ ਇਸਦੀ ਵਿਆਖਿਆ ਨਾ ਕਰ ਸਕੇ। ਚੰਦਨ ਜੀ ਨੇ ਦਸਮੇਸ਼ ਜੀ ਤੋਂ ਮੁਆਫ਼ੀ ਮੰਗ ਲਈ। ਉਹ ਉਹਨਾਂ ਦੀ ਉਸ ਮਹਾਨਤਾ ਤੋਂ ਬੜੇ ਕਾਇਲ ਹੋਏ ਜਿਸ ਨਾਲ ਉਹਨਾ ਨੀਚਾਂ ਨੂੰ ਕਰਤਾਰ ਬਣਾ ਦਿਤਾ ਸੀ।

**ਧਨੀ ਰਾਮ ਚਾਤ੍ਰਿਕ** (੧੮੭੬—੧੮ ਦਸੰਬਰ ੧੯੫੪)

ਜਨਮ ਪਸੀਆਂ ਵਾਲਾ ਜ਼ਿਲਾ ਸਿਆਲਕੋਟ ਵਿਚ ਪਹੂ ਰਾਮ ਦੇ ਘਰ ਹੋਇਆ। ਨਿੱਕੀ ਉਮਰ ਵਿਚ ਹੀ ਲੋਪੋਕੇ (ਅੰਮ੍ਰਿਤਸਚ) ਆ ਗਏ ਜਿਥੇ ਕਿ ਆਪ ਨੇ ਪੰਜਾਬੀ, ਹਿੰਦੀ ਤੇ ਲੰਡਿਆਂ ਦੀ ਵਿਦਿਆ ਪ੍ਰਾਪਤ ਕੀਤੀ। ੧੮੯੦ ਦੇ ਕਰੀਬ ਆਪ ਨੇ ਵਸ਼ੀਕਾ ਨਵੀਸੀ ਦਾ ਕੰਮ ਸ਼ੁਰੂ ਕੀਤਾ, ਫਿਰ ਵਜ਼ੀਰ-ਇ-ਹਿੰਦ ਪ੍ਰੈਸ ਵਿਚ ਕਾਤਬ ਲਗ ਗਏ। ਪ੍ਰੈਸ ਦੇ ਮਾਲਕ ਭਾਈ ਵੀਰ ਸਿੰਘ ਜੀ ਦੀ ਸ਼ਖਸੀਅਤ ਦਾ ਪ੍ਰਭਾਵ ਗ੍ਰਹਿਣ ਕਰਦਿਆਂ ਆਪ ਵੀ ਕਵੀ ਬਣ ਗਏ। ੧੯੫੪ ਵਿਚ ਬੰਬਈ ਜਾ ਕੇ ਟਾਈਪ ਬਣਾਉਣੀ ਸਿਖੀ ਤੇ ਅੰਮ੍ਰਿਤਸਰ ਆ ਕੇ ਆਪਨੇ 'ਸਟੈਂਡਰਡ ਟਾਈਪ ਫਾਊਂਡਰੀ' ਸਥਾਪਿਤ ਕੀਤੀ। ਪੰਜਾਬੀ ਛਾਪਕਾਰੀ ਨੂੰ ਆਪਨੇ ਸੁਹਣੇਰਾ ਬਣਾਇਆ। ੧੯੨੬ ਵਿਚ ਆਪ ਪੰਜਾਬੀ ਸਭਾ ਦੇ ਪ੍ਰਧਾਨ ਚੁਣੇ ਗਏ। ਆਪਨੇ ਆਪਣੀ ਉਮਰ ਮਨੁਖਵਾਦ ਅਤੇ ਸਾਂਝੀ ਪੰਜਾਬੀ ਕਲਚਰ ਨੂੰ ਸਮਰਪਿਤ ਕੀਤੀ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਕਿੱਸਾ : 'ਨਲ ਦਮਯੰਤੀ' (੧੯੦੬), 'ਭਰਥਰੀ ਹਰੀ' (੧੯੦੬), 'ਧਰਮਬੀਰ' (੧੯੦੯)।

ਕਵਿਤਾ : 'ਫੁੱਲਾਂ ਦੀ ਟੋਕਰੀ'', 'ਚੰਦਨਵਾੜੀ' (੧੯੩੧), 'ਕੇਸਰ ਕਿਆਰੀ' (੧੯੪੦), 'ਨਵਾਂ ਜਹਾਨ' (੧੯੪੫ ਦੀਆਂ ਕਵਿਤਾਵਾਂ), 'ਸੂਫੀ ਖਾਨਾ' (੧੯੫੦ ਤਕ ਦੀ ਕਾਵਿ ਰਚਨਾ), 'ਨੂਰ ਜਹਾਨ ਬੇਗਮ' (੧੯੪੦ ਵਿਚ ਲਿਖੀ ਲੰਮੀ ਕਵਿਤਾ)।

ਨਾਵਲ : 'ਰੁਮਈਆ ਸੇਠ'।

ਕਹਾਣੀ : 'ਈਸਮ ਮੋਤੀ' (ਅਨੁਵਾਦ)।

ਪੰਜਾਬੀ ਕਵਿਤਾ ਦੀ ਪੁਰਾਣੀ ਪਰੰਪਰਾ ਨੂੰ ਆਪਨੇ ਆਧੁਨਿਕ ਰੰਗਣ ਦਿਤੀ। ਕਬਿੱਤ, ਬੈਂਤ, ਦੋਹਾਂ ਤੇ ਦਵਈਆ ਆਦਿਕ ਪੰਜਾਬੀ ਛੰਦਾਂ ਤੋਂ ਇਲਾਵਾ ਆਪਨੇ ਉਰਦੂ ਹਿੰਦੀ ਦੇ ਤੋਲਾਂ ਨੂੰ ਵੀ ਆਪਣੀ ਰਚਨਾ ਦਾ ਮਾਧਿਅਮ ਬਣਾਇਆ।

ਸੂਫੀਵਾਦ ਅਤੇ ਭਗਤੀ ਲਹਿਰ ਨਾਲ ਆਪਨੂੰ ਸੱਚੀ ਹਮਦਰਦੀ ਸੀ। ਸ਼ੈਲੀ ਅਤੇ ਬੋਲੀ ਵਿਚ ਸ਼ੁਧ ਪੰਜਾਬੀਅਤ ਦੇ ਗੁਣ ਵਰਤਮਾਨ ਹਨ। ਬਿਆਨੀਆ ਤੇ ਰੁਮਾਂਚਕ ਕਵਿਤਾ ਦੀ ਸਿਰਜਨਾ ਵਿਚ ਆਪ ਬੜੇ ਪ੍ਰਤਿਭਾਸ਼ੀਲ ਸਨ। ਪੰਜਾਬੀ ਜ਼ਿੰਦਗੀ ਸਬੰਧੀ ਆਪਨੇ ਹਲਕੇ ਫੁਲਕੇ ਗੀਤ ਵੀ ਲਿਖੇ ਹਨ।

ਆਪਦੀ ਰਚਨਾ ਵਿਚ ਪੁਰਾਤਨਤਾ ਤੇ ਨਵੀਨਤਾ ਦਾ ਸੰਜੋਗ ਹੈ। ਸਰਮਾਇਦਾਰੀ ਦਾ ਖੰਡਨ ਕਰਨ

ਸਮੇਂ ਆਪ ਪੱਕੇ ਸਾਮਵਾਦੀ ਤੇ ਅਧਿਆਤਮਕ ਅਨੁਭਵ ਪ੍ਰਗਟ ਕਰਨ ਸਮੇਂ ਪੱਕੇ ਭਗਤ ਨਜ਼ਰ ਆਉਂਦੇ ਹਨ। ਕੁਦਰਤ ਵਰਨਣ 'ਸਦਾਚਾਰ', 'ਦੇਸ਼ ਪਿਆਰ' ਆਪਦੀ ਕਵਿਤਾ ਦਾ ਇਕ ਹੋਰ ਪੱਖ ਹੈ। ਆਪਦਾ ਸਥਾਨ ਆਧੁਨਿਕ ਪੰਜਾਬੀਅਤ ਸਾਹਿਤ ਦੇ ਉਸਰਈਆਂ ਵਿਚ ਹੈ।

**ਧੀਰ, ਅਵਤਾਰ ਸਿੰਘ** (੨੦ਵੀਂ ਸਦੀ)

ਆਪਦਾ ਸਬੰਧ ਫੀਰੋਜ਼ਪੁਰ ਨਾਲ ਹੈ। 'ਰਾਤਾਂ ਕਾਲੀਆਂ' ਤੇ 'ਚੰਦ ਪਰਦੇਸੀ' ਆਪਦੀਆਂ ਕਾਵਿ-ਪੁਸਤਕਾਂ ਹਨ।

**ਧੀਰ, ਸੰਤੋਖ ਸਿੰਘ** (੧੯੨੦—ਜੀਵਤ)

ਜਨਮ ਪਿੰਡ ਡਡਹੇੜੀ, ਜ਼ਿਲਾ ਲੁਧਿਆਣਾ ਵਿਚ ਅਗਰਗਾਮੀ ਸਿੰਘ ਸਭੀਏ ਸ: ਈਸ਼ਰ ਸਿੰਘ ਦਰਦ ਦੇ ਘਰ ਹੋਇਆ। ਦਸਵੀਂ ਕਰਨ ਪਿਛੋਂ ਕੁਝ ਚਿਰ ਕਲਰਕੀ ਕਰਦੇ ਰਹੇ ਤੇ ਫਿਰ ਸਾਰੇ ਪਾਸੇ ਛਡਕੇ ਸਾਹਿਤਕਾਰੀ ਨੂੰ ਸਮਰਪਿਤ ਹੋ ਗਏ। ਵੰਡ ਪਿਛੋਂ ਦੀ ਪੇਂਡੂ ਪੰਜਾਬੀ ਜ਼ਿੰਦਗੀ ਆਪਦੇ ਅਧਿਅਨ ਦਾ ਮੁਖ ਕੇਂਦਰ ਹੈ। ਸਮਾਜਵਾਦੀ ਲਹਿਰ ਨਾਲ ਗੂਹੜਾ ਨਿਹੁੰ ਹੈ। ਅਜ ਕਲ ਮੰਡੀ ਗੋਬਿੰਦਗੜ੍ਹ ਵਿਚ ਰਹਿੰਦੇ ਹਨ। 'ਸੰਸਾਰ ਅਮਨ ਲਹਿਰ' ਵਿਚ ਵੀ ਸਰਗਰਮ ਰਹਿ ਚੁਕੇ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ।

ਕਹਾਣੀ-ਸੰਗ੍ਰਹਿ : ਸਿਟਿਆਂ ਦੀ ਛਾਂ, ਪੰਜਾਬ ਦੀਆਂ ਲੋਕ ਕਹਾਣੀਆਂ, ਸਵੇਰ ਹੋਣ ਤਕ ਆਦਿਕ।

ਕਾਵਿ-ਸੰਗ੍ਰਹਿ : ਗੁਡੀਆਂ ਪਟੋਲੇ, ਪੁਰਖ ਫੁਟਾਲਾ ਸਿਟਿਆਂ ਦੀ ਛਾਂ, ਧਰਤੀ ਮੰਗਦੀ ਮੀਂਹ ਵੇ, ਬਿਰਹੜੇ।

ਆਪਦਾ ਸਥਾਨ ਵਧੇਰੇ ਕਰਕੇ ਕਹਾਣੀਕਾਰ ਵਜੋਂ ਹੈ ਪਰ ਪਿਛਲੇਰੇ ਕਾਵਿ-ਸੰਗ੍ਰਹਿਆਂ ਨੇ ਆਪਨੂੰ ਕਵੀ ਵਜੋਂ ਵੀ ਪਰਵਾਨ ਕਰਾਇਆ ਹੈ।

**ਧੀਰ, ਨਰਿੰਦਰ** (੧੭ ਫਰਵਰੀ ੧੯੨੫—ਜੀਵਤ)

ਜਨਮ ਗਵਾਲੀਅਰ ਵਿਚ ਸ੍ਰੀ ਕੁਲਵੰਤ ਰਾਏ ਦੇ ਘਰ ਹੋਇਆ। ਜਨਮ-ਸਥਾਨ ਤੋਂ ਬਿਨਾਂ ਆਪ ਉਜੈਨ, ਇੰਦੌਰ, ਦਿੱਲੀ, ਬੰਬਈ ਲੁਧਿਆਣਾ ਤੇ ਖੰਨਾ ਵਿਚ ਵੀ ਰਹੇ। ਵਿਦਿਆ ਐਫ. ਏ. ਤਕ ਹੈ। ਆਪ ਨਵਯੁਗ (ਅਜ ਕਲ ਧਰਮ ਯੁਗ ੧੯੪੨—੪੪), ਨੀਰਵ, ਉਜੈਨ (੧੯੪੪—੪੬), ਸਾਧਨਾ, ਸੰਗ੍ਰਾਮ ਵਿਕਰਮ, ਰੰਗੀਲੀ ਕਹਾਣੀਆਂ, ਮਸਤੀ ਮਨੋਂਜ ਆਦਿਕ ਹਿੰਦੀ ਪਤਰਾਂ ਦੇ ਸੰਪਾਦਕ ਰਹਿ ਚੁਕੇ ਹਨ। ਹਿੰਦੀ ਵਿਚ ਛਪੀਆਂ ੧੩ ਕਿਤਾਬਾਂ ਦੀ ਵਿਚਾਰਧਾਰਾ ਮਨੁਖਵਾਦ, ਸਾਂਝੀ ਭਾਰਤੀਅਤਾ ਤੇ ਪੰਜਾਬੀਅਤ ਹੈ। ਆਪਦੀ ਪੁਸਤਕ 'ਮੈਂ ਧਰਤੀ ਪੰਜਾਬ ਕੀ' ਨੂੰ ੨੦੦੦ ਰੁਪਏ ਦਾ ਰਾਸ਼ਟਰਪਤੀ ਇਨਾਮ ਮਿਲਿਆ। ਇਸ ਪੁਸਤਕ ਦਾ ਪੰਜਾਬੀ ਰੂਪ ਅਤੇ 'ਨਾਥ ਸਿੱਧ ਸਾਹਿਤ' ਨਾਂ ਦੀ ਖੋਜ-ਰਚਨਾ ਪੰਜਾਬੀ ਘਾਲਣਾ ਵਿਚ ਸ਼ਾਮਲ ਹੈ। ਭਾਰਤ ਦੇ ਉਚਤਮ ਵਿਦਵਾਨਾਂ ਤੇ ਕਲਾ-ਪ੍ਰਬੀਨਾਂ ਨਾਲ ਸਾਂਝ ਹੈ। ਅਜ ਕਲ ੧੨/੩੬ ਤਿਲਕ ਨਗਰ ਨਵੀਂ ਦਿਲੀ ਵਿਚ ਰਹਿੰਦੇ ਹਨ।

ਪੰਜਾਬੀ ਸਾਹਿਤ ਵਿਚ ਆਪਦਾ ਸਥਾਨ ਇਕ ਵਿਦਵਾਨ, ਖੋਜੀ ਤੇ ਲੋਕ-ਸਾਹਿਤ ਵਿਸ਼ੇਸ਼ਗ ਵਜੋਂ ਹੈ।

**ਧਰਮ ਸਿੰਘ** (੧੫ ਅਗਸਤ ੧੯੩੫—ਜੀਵਤ)

ਆਪ ਪੱਜੋਦਿਓਤਾ, ਜ਼ਿਲਾ ਹੁਸ਼ਿਆਰਪੁਰ ਦੇ ਨਿਵਾਸੀ ਸ: ਗੋਪਾਲ ਸਿੰਘ ਦੇ ਸਪੁਤਰ ਹਨ। ਵਿਦਿਆ ਬੀ. ਏ., ਬੀ. ਟੀ. ਤਕ ਹੈ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਧਰਮ ਕੌਰ ਅੰਮ੍ਰਿਤ** (੧੯੨੫—ਜੀਵਤ)

ਜਨਮ ਧੂਰੀ, ਰਿਆਸਤ ਪਟਿਆਲਾ ਵਿਚ ਦੀਵਾਨ ਸਿੰਘ ਪੁਸਤਕਾਂ ਵਾਲੇ ਦੇ ਘਰ ਹੋਇਆ । ਬੀ. ਏ. ਕਰਨ ਪਿਛੋਂ ਆਪਦਾ ਵਿਆਹ ਪੱਤਰਕਾਰ ਸ: ਗੁਰਚਰਨ ਸਿੰਘ ਸਾਖੀ ਨਾਲ ਕਰ ਦਿਤਾ ਗਿਆ । ਜਿਸ ਕਾਰਨ ਆਪਦੀਆਂ ਕੁਦਰਤੀ ਸਾਹਿਤਕ ਰੁਚੀਆਂ ਨੂੰ ਪਰਫੁੱਲਤ ਹੋਣ ਦਾ ਚੰਗਾ ਮੌਕਾ ਮਿਲ ਗਿਆ, ਤਿੰਨ ਕੁ ਸਾਲ ਆਪ ਮਾਸਕ 'ਅੰਮ੍ਰਿਤ' ਦੇ ਸੰਪਾਦਕ ਵੀ ਰਹੇ ।

ਅਜ ਕਲ ਮਾਸਕ 'ਕੋਮਲ ਸੰਸਾਰ' ਆਪਦੀ ਸੰਪਾਦਕੀ ਥਲੇ ਛਪਦਾ ਹੈ ਅਤੇ ਹੋਰ ਸਾਖੀ ਰਸਾਲੇ ਆਪਦੀ ਨਿਗਰਾਨੀ ਮਾਣਦੇ ਹਨ ।

'ਭੁਖੀਆਂ ਅੱਖਾਂ' ਨਾਂ ਦੇ ਕਹਾਣੀ-ਸੰਗ੍ਰਹਿ ਵਿਚ ਆਪਨੇ ਇਸਤ੍ਰੀ ਅਨੁਭਵ ਦੇ ਕਈ ਨਵੇਕਲੇ ਚਿੱਤਰ ਪੇਸ਼ ਕੀਤੇ ਹਨ ।

**ਧਰਮ ਦੱਤ ਸ਼ਰਮਾ**

ਵੇਖੋ
ਸ਼ਰਮਾ, ਧਰਮ ਦੱਤ

**ਧਰਮਾਨੰਤ ਸਿੰਘ** (੧੫ ਅਗਸਤ ੧੮੮੮—ਜੀਵਤ)

ਜਨਮ ਅੰਬਾਲਾ ਛਾਉਣੀ ਵਿਚ ਸ: ਧਰਮ ਸਿੰਘ ਦੇ ਘਰ ਹੋਇਆ । ਬਿਜਲੀ ਦੀ ਇੰਜੀਨੀਅਰਿੰਗ ਕਰਨ ਪਿਛੋਂ ੧੯੦੬ ਵਿਚ ਵਲੈਤ ਚਲੇ ਗਏ ਤੇ ਫਿਰ ੧੯੧੨ ਵਿਚ ਵਾਪਸ ਆ ਕੇ ਤਰਨਤਾਰਨ ਦੇ ਸਿੱਖ ਮਿਸ਼ਨਰੀ ਕਾਲਜ ਵਿਚ ਪ੍ਰਿੰਸੀਪਲ ਲਗ ਗਏ । ਅੰਗ੍ਰੇਜ਼ੀ, ਫਾਰਸੀ ਤੇ ਸੰਸਕ੍ਰਿਤ ਦਾ ਗਿਆਨ ਵੀ ਆਪ ਦੀ ਸ਼ਖਸੀਅਤ ਵਿਚ ਸ਼ਾਮਲ ਹੈ ।

ਵਲੈਤ ਰਹਿੰਦਿਆਂ ਆਪਨੇ ਆਪਣੀ ਪੁਸਤਕ ''ਪਲੈਟੋ ਐਂਡ ਦੀ ਟੱਰੂਅ ਐਨਲਾਈਟਨਰ ਆਫ ਦੀ ਸੋਲ'' ਛਪਵਾਈ ਅਤੇ ਮਾਰੂ ਸੋਹਲਿਆਂ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ ।

ਆਪਦੇ ਕੁਝ ਲੈਕਚਰ ਪੰਜਾਬੀ ਪੁਸਤਕ 'ਸੁਲੇਖ ਰਤਨਾਵਲੀ' (ਸੰਪਾਦਕ ਗਿ: ਉਤਮ ਸਿੰਘ) ਵਿਚ ਮਿਲਦੇ ਹਨ ।

**ਧਰਮਪਾਲ ਸਿੰਘ** (੨੩ ਸਤੰਬਰ ੧੯੩੧—ਜੀਵਤ)

ਆਪ ਪਿੰਡ ਮੋਹੀ ਜ਼ਿਲਾ ਲੁਧਿਆਣਾ ਦੇ ਨਿਵਾਸੀ ਸ: ਅਜਮੇਰ ਸਿੰਘ ਦੇ ਸਪੁਤਰ ਅਤੇ ਭਾਰਤੀ ਸੈਨਾ ਦੇ ਮੁਲਾਜ਼ਮ ਹਨ ।

ਪੰਜਾਬੀ ਅਤੇ ਉਰਦੂ ਦੇ ਬੜੇ ਸਰਗਰਮ ਕਹਾਣੀਕਾਰ ਅਤੇ ਕਵੀ ਹਨ ।

ਆਪਦੀਆਂ ਕਾਫੀ ਰਚਨਾਵਾਂ ਰਸਾਲ਼ਿਆਂ ਵਿਚ ਛਪ ਚੁਕੀਆਂ ਹਨ ।

**ਨਿਊਟਨ ਈ. ਪੀ.** (-੧੮੬੬-)

ਆਪਦੀ ਪੜਤ ਸਹਿਆਂ ਦੀ ਵਿਆਕਰਣ 'ਪੰਜਾਬੀ ਗ੍ਰਾਮਰ' ਐਡਨਬਰਾ ਇੰਗਲੈਂਡ ਵਿਚ ੧੮੬੬ ਦੇ ਸਾਲ ਪ੍ਰਕਾਸ਼ਿਤ ਹੋਈ।

**ਨਿਆਮਤ ਖਾਂ ਜਾਨ** (੧੫੬੩—੧੬੭੨)

ਜਨਮ : ਫਤਹਪੁਰ, ਜ਼ਿਲਾ ਆਗਰਾ ਦੇ ਚੌਹਾਨ ਰਾਜਪੂਤ ਦੀਵਾਨ ਅਲਫ ਖ਼ਾਂ ਦੇ ਘਰ ਹੋਇਆ। ਆਪ ਦਾ ਪਿੱਛਾ ਹਿਸਾਰ ਦੇ ਇਕ ਰਾਜਸੀ ਖਾਨਦਾਨ ਨਾਲ ਸਬੰਧਤ ਹੈ। ਆਪਦੇ ਪਿਤਾ ਅਕਬਰ ਦੇ ਜੇਤੂ ਫੌਜੀ ਆਗੂਆਂ ਵਿਚੋਂ ਸਨ।

'ਅਲਫ ਖਾਂ ਦੀ ਵਾਰ' ਆਪਦੀ ਪ੍ਰਸਿਧ ਰਚਨਾ ਹੈ। 'ਰਾਜਸਥਾਨ ਭਾਰਤੀ' ਦੇ ਕਰਤਾ ਅਗਰ ਚੰਦ ਨਾਹਟਾ ਬੀਕਾਨੇਰੀ ਅਨੁਸਾਰ ਆਪਦੀ ਹਿੰਦੀ ਰਚਨਾ ਵਿਚ ੭੫ ਤੋਂ ਵਧ ਕਿਤਾਬਾਂ ਸ਼ਾਮਲ ਹਨ।

ਆਪਦੀ ਵਾਰ ਸ਼ੁਧ ਪੰਜਾਬੀ ਸ਼ੈਲੀ ਵਿਚ ਬੀਰ ਰਸ ਉਪਜਾਂਦੀ ਹੈ।

**ਨਾਸਰ, ਸ਼ੇਰ ਮੁਹੰਮਦ**

ਵੇਖੋ

ਸ਼ੇਰ ਮੁਹੰਮਦ ਨਾਸਰ

**ਨਾਹਰ ਸਿੰਘ ਗਿਆਨੀ**

ਜਨਮ ਗੁਜਰਵਾਲ, ਜ਼ਿਲਾ ਲੁਧਿਆਣਾ ਵਿਚ ਸ: ਠਾਕਰ ਸਿੰਘ ਦੇ ਘਰ ਹੋਇਆ। ਬੀ. ਏ. ਕਰਨ ਪਿਛੋਂ ਆਪ ਪਤਰਕਾਰੀ ਤੇ ਸਾਹਿਤਕਾਰੀ ਵਲ ਹੋਰ ਵੀ ਸਰਗਰਮ ਹੋ ਗਏ। 'ਅਸਲੀ ਕੌਮੀ ਦਰਦ', 'ਸਿਖ ਸੇਵਕ', 'ਦੁਸ਼ਟ ਦਮਨ', 'ਗੁਰ ਸੇਵਕ', 'ਪੰਜਾਬੀ ਰਤਨ' ਆਦਿਕ ਅਖਬਾਰਾਂ ਵਿਚ ਛਪੇ ਆਪ ਦੇ ਪਤਰਕਾਰਕ ਲੇਖ ਧਿਆਨ ਯੋਗ ਹਨ।

'ਚੌਹਾਂ ਜੁਗਾਂ ਦਾ ਨਬੇੜਾ', 'ਇਤਿਹਾਸ ਸ੍ਰੀ ਪੰਜਾ ਸਾਹਿਬ', 'ਗੁਰੂ ਬਾਬੇ ਦੇ ਦੋ ਗੁਰਮੁਖ ਪਿਆਰਿਆਂ ਦੀ ਜੀਵਨ ਵਿਥਿਆ' ਆਦਿਕ ਆਪਦੀਆਂ ਪ੍ਰਸਿਧ ਪੁਸਤਕਾਂ ਹਨ। ਇਨ੍ਹਾਂ ਰਚਨਾਵਾਂ ਵਿਚਲੀ ਸਾਹਿਤਕਤਾ ਤੇ ਇਤਿਹਾਸਕਾਰਕ ਸੂਝ ਵਰਣਨਯੋਗ ਹੈ।

ਆਪ ਕਾਫੀ ਸਮਾਂ ਪੰਜਾਬ ਦੀ ਗੱਦਰ ਪਾਰਟੀ ਨਾਲ ਸਬੰਧਤ ਰਹੇ। ਦੂਜੇ ਲਾਹੌਰ ਸਾਜ਼ਸ਼ ਕੇਸ ਵਿਚ ਆਪਨੂੰ ੩੦ ਮਾਰਚ ੧੯੧੬ ਨੂੰ ਕੈਦ ਦੀ ਸਜ਼ਾ ਹੋਈ। ਪੰਜ ਸਾਲਾਂ ਪਿਛੋਂ ਰਿਹਾ ਹੋਣ ਤੇ ਵੀ ਇਨਕਲਾਬੀ ਸਰਗਰਮੀਆਂ ਵਿਚ ਮਗਨ ਰਹੇ।

ਬਦੇਸ਼-ਨਿਵਾਸੀ ਸਿਖਾਂ ਦੀ ਸਹਾਇਤਾ ਨਾਲ ਚਲਣ ਵਾਲੇ ਅਖਬਾਰ 'ਅਸਲੀ ਕੌਮੀ ਦਰਦ' ਵਿਚ ਆਪ ਦੇ ਵਿਚਾਰ ਅੰਕਿਤ ਹਨ। 'ਸਿਖ ਸੇਵਕ', 'ਦੁਸ਼ਟ ਦਮਨ' 'ਗੁਰ ਸੇਵਕ' ਆਦਿ ਅਖਬਾਰਾਂ ਵਿਚ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਰਹੇ। ੧੯੨੮ ਵਿਚ ਅੰਮ੍ਰਿਤਸਰ ਸਿਖ ਲੀਗ ਦੇ ਸਕਤ੍ ਚੁਣੇ ਗਏ। ਆਰਥਕਤਾ ਮੁਢ

ਤੋਂ ਹੀ ਖਰਾਬ ਰਹੀ। ੧੯੦੪ ਤੋਂ ਬਾਅਦ ਲਗਾਤਾਰ ਭਾਈ ਰਣਧੀਰ ਸਿੰਘ ਨਾਲ ਰਹੇ ਤੇ ੧੯੨੪ ਵਿਚ ਆਪ ਨੂੰ ਇਨਕਲਾਬੀ ਸਰਗਰਮੀਆਂ ਦੇ ਦੋਸ਼ ਵਿਚ ਜ਼ਿਲਾ ਬੋਰਡ ਦੀ ਨੌਕਰੀਓਂ ਵਖਰਿਆਂ ਕੀਤਾ ਗਿਆ। ੬੩ ਵਰ੍ਹਿਆਂ ਦੀ ਉਮਰ ਵਿਚ ਬੀ. ਏ. ਪਾਸ ਕੀਤੀ।

ਦਸਿਆ ਜਾਂਦਾ ਹੈ ਕਿ ਆਪਦੇ ਪਿਤਾ ਜੀ ਦੀ ਦਾੜ੍ਹੀ ਉਹਨਾਂ ਦੇ ਖਲੋਤਿਆਂ ਵੀ ਪੈਰਾਂ ਤਕ ਲੰਮੀ ਸੀ। ੧੯੫੫ ਤੋਂ ਆਪ ਸਪਤਾਹਿਕ 'ਪੰਜਾਬੀ ਰਤਨ' ਦੇ ਸੰਪਾਦਕ ਹਨ।

ਆਪਦੀ ਰਚਨਾ ਵਿਚ 'ਆਜ਼ਾਦੀ ਦੇ ਮੋਢੀ' ਇਤਿਹਾਸ ਮੁਕਤਸਰ' ਆਦਿਕ ਪ੍ਰਸਿਧ ਪੁਸਤਕਾਂ ਵੀ ਸ਼ਾਮਲ ਹਨ। ਸ਼ੈਲੀ ਅਤਿਅੰਤ ਲੌਕਿਕ ਪਰ ਵਿਦਵਤਾ ਭਰਪੂਰ ਹੈ।

**ਨਿਹਾਲ ਸਿੰਘ ਸੂਰੀ**

ਵੇਖੋ

ਸੂਰੀ, ਨਿਹਾਲ ਸਿੰਘ

**ਨਿਹਾਲ ਸਿੰਘ ਗਿਆਨੀ**

ਆਪਦਾ ਜਨਮ ਪਿੰਡ ਕਮਾਲੀਆ ਜ਼ਿਲਾ ਲਾਇਲਪੁਰ ਵਿਚ ਸ: ਕਿਸ਼ਨ ਸਿੰਘ ਦੇ ਘਰ ਹੋਇਆ। ਸੰਤ ਸੰਗਤ ਸਿੰਘ ਕਮਾਲੀਆ ਵਾਲਿਆਂ ਤੋਂ ਗੁਰੂ ਘਰ ਦਾ ਗਿਆਨ ਪ੍ਰਾਪਤ ਕਰਨ ਪਿਛੋਂ ਆਪ ਨੇ ਲਾਇਲਪੁਰ ਦੇ ਖਾਲਸਾ ਸਕੂਲੋਂ ਦਸਵੀਂ ਕੀਤੀ ਤੇ ਫਿਰ ਜੇ. ਵੀ. ਕਰ ਕੇ ਗੁੰਠੇ ਗੰਜ਼ਰੇ ਦੇ ਮਿਡਲ ਸਕੂਲ ਦੇ ਮੁਖ ਅਧਿਆਪਕ ਲਗ ਗਏ। ਕੁਝ ਚਿਰ ਪਿਛੋਂ ਆਪ ਨੇ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰੋਂ ਵਿਦਿਆ ਪ੍ਰਾਪਤ ਕੀਤੀ ਅਤੇ ਪ੍ਰਚਾਰਕ ਬਣ ਗਏ। ਹੈਦਰਾਬਾਦ ਸਿੰਧ ਵਿਚ ਆਪ ਨੇ ਸਿਖ ਵਿਦਿਆਕਾਰੀ ਨੂੰ ਬਹੁਤ ਅਗੇ ਲਿਜਾਇਆ।

ਆਪ ਸਮੇਂ ਦੇ ਲੋਕ-ਪ੍ਰਿਅ ਕਵੀ ਸਨ।

**ਨਿਹਾਲ ਸਿੰਘ ਮਾਸਟਰ** (੨੪ ਸਤੰਬਰ ੧੯੧੦—ਜੀਵਤ)

ਆਪਦਾ ਜਨਮ ਗਿਲ, ਜ਼ਿਲਾ ਸ਼ੇਖੂਪੁਰਾ ਵਿਚ ਸ: ਅਰੂੜ ਸਿੰਘ ਦੇ ਘਰ ਹੋਇਆ। ਆਪਦੀ ਵਿਦਿਆ ਬੀ. ਏ. ਗਿਆਨੀ ਤਕ ਹੈ। ਨਾਮਧਾਰੀ ਵਿਦਵਾਨਾਂ ਵਿਚ ਆਪਦਾ ਉੱਚਾ ਸਥਾਨ ਹੈ। ਅਜ ਕਲ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਦੇ ਮੁਖ ਅਧਿਆਪਕ ਹਨ। ਸਥਾਨਕ ਨਾਮਧਾਰੀ ਸਾਹਿਤ ਸਭਾ ਦੀ ਪ੍ਰਧਾਨਗੀ ਵੀ ਕਰਦੇ ਹਨ।

ਕੁਝ ਨਾਮਧਾਰੀ ਵਿਦਿਅਕ ਪੁਸਤਕਾਂ ਅਤੇ ਵਿਕੋਲਿਤਰੇ ਪ੍ਰਕਾਸ਼ਿਤ ਲੇਖ ਆਪਦੀ ਰਚਨਾ ਵਿਚ ਸ਼ਾਮਲ ਹਨ।

**ਨਿਹਾਲ ਸਿੰਘ ਰਸ** (੨੫ ਅਕਤੂਬਰ ੧੯੦੭—ਜੀਵਤ)

ਜਨਮ ਅੰਮ੍ਰਿਤਸਰ ਵਿਚ ਸ: ਜਗਤ ਸਿੰਘ ਸੋਢੀ ਦੇ ਘਰ ਹੋਇਆ। ਵਿਧਵਾ ਮਾਂ ਤੇ ਮਾਮਾ ਸੋਢੀ ਚਰਨ ਸਿੰਘ ਐਡਵੋਕੇਟ ਨੇ ਪਾਲਿਆ। ਖਾਲਸਾ ਕਾਲਜ ਅੰਮ੍ਰਿਤਸਰੋਂ ਐਫ. ਐਸ. ਸੀ., ੧੯੨੬ ਵਿਚ ਗਿਆਨੀ ਤੇ ੧੯੨੮ ਵਿਚ ਬੀ. ਏ. ਕਰਨ ਪਿਛੋਂ ੧੯੩੦ ਤੋਂ ੩੫ ਤਕ ਸਥਾਨਕ ਸ੍ਰੀ ਗੁਰੂ ਰਾਮਦਾਸ ਗਰਲਜ਼ ਹਾਈ ਸਕੂਲ ਵਿਚ ਪੰਜਾਬੀ ਦੇ ਅਧਿਆਪਕ ਰਹੇ। ੧੯੩੫ ਤੋਂ ਹੁਣ ਤਕ ਅੰਮ੍ਰਿਤਸਰ ਵਿਚ ਪੰਜਾਬ ਗਿਆਨੀ ਕਾਲਜ ਚਲਾ ਰਹੇ ਹਨ। 'ਪੰਜਾਬ ਹੰਸ', 'ਕਲਾਕਾਰ' ਮਾਸਕ ਤੇ 'ਮੇਰਾ ਪੰਜਾਬ' ਸਪਤਾਹਿਕ ਪੱਤਰ ਵੀ ਚਲਾਏ, ਪਰ ਆਰਥਿਕਤਾ ਨੇ ਫੇਲ੍ਹ ਕਰ ਦਿਤੇ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਸੰਪਾਦਨਾ : ਬਾਈ ਵਾਰਾਂ ਸਟੀਕ, ਸਲੋਕ ਫਰੀਦ ਜੀ ਸਟੀਕ, ਅਮਰ ਬਾਣੀ ਸਟੀਕ, ਗੋਲਡਨ ਗਿਆਨੀ ਗਾਈਡ (੧੯੪੦-੪੬), ਰਸ ਸ਼ਬਦ ਰਤਨਾਕਰ।

ਨਾਟਕ : ਜਿਓਂ ਭਾਵੇਂ (ਸ਼ੈਕਸਪੀਅਰ ਦੇ ਐਜ਼ ਯੂ ਲਾਈਕ ਇਟ' ਦਾ ਅਨੁਵਾਦ), ਬਦਲਦੀ ਦੁਨੀਆਂ (ਪੂਰਾ ਨਾਟਕ), ਰੀਹਰਸਲ (ਇਕਾਂਗੀ ਸੰਗ੍ਰਹਿ)।

ਆਲੋਚਨਾ : ਪੰਜਾਬੀ ਸਾਹਿਤ ਦਾ ਵਿਕਾਸ, ਅਤੇ ਪੰਜਾਬੀ ਪਿੰਗਲ ਤੇ ਅਲੰਕਾਰ।

ਵਿਦਿਅਕ : 'ਪੰਜਾਬੀ ਵਿਆਕਰਣ', 'ਹਿੰਦ ਦਾ ਇਤਿਹਾਸ'।

**ਨੇਕ ਆਲਮ ਪੀਰ** (੧੮੫੭—?)

ਆਪਦਾ ਜਨਮ ਜ਼ਿਲਾ ਗੁਜਰਾਤ ਦੇ ਪਿੰਡ ਕਲਾਚੌਰ ਫੈਜ਼ ਅਹਿਮਦ ਹੁਰਾਂ ਦੇ ਘਰ ਹੋਇਆ। ੧੮੭੫ ਵਿਚ ਆਪਨੇ ਮਿਡਲ ਪਾਸ ਕਰਕੇ ਕੜਿਆਣੇ (ਗੁਜਰਾਤ) ਦੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਦੀ ਨੌਕਰੀ ਕਰ ਲਈ। ਫਿਰ ਆਪਨੇ ਰਾਵਲਪਿੰਡੀਓਂ ਨਾਰਮਲ ਪਾਸ ਕੀਤਾ ਤੇ ਜਲਾਲਪੁਰ ਜਟਾਂ ਦੇ ਮਿਡਲ ਸਕੂਲ ਵਿਚ ਉਪ ਮੁਖ ਅਧਿਆਪਕ ਲਗ ਗਏ। ਮੁਆਇਨਾ ਕਰਨ ਆਏ ਇਨਸਪੈਕਟਰ ਹੈਰਸਨ ਨੇ ਅਠਵੀਂ ਜਮਾਤ ਨੂੰ ਹਿਸਾਬ ਦਾ ਇਕ ਸਵਾਲ ਪਾਇਆ। ਸਬੱਬ ਨਾਲ ਇਸ ਨੂੰ ਨਾ ਹੀ ਹੈਡਮਾਸਟਰ ਕਰ ਸਕਿਆ ਤੇ ਨਾ ਹੀ ਇਨਸਪੈਕਟਰ ਆਪ। ਪੀਰ ਸਾਹਿਬ ਨੇ ਇਜਾਜ਼ਤ ਮੰਗ ਕੇ ਇਹੋ ਸਵਾਲ ਪੰਜ ਤਰੀਕਿਆਂ ਨਾਲ ਹਲ ਕਰ ਦਿਤਾ। ਇਸ ਤੇ ਆਪਨੂੰ ਗੌਰਮਿੰਟ ਹਾਈ ਸਕੂਲ ਕੁਹਾਟ ਵਿਚ ਹਿਸਾਬ ਦਾ ਅਧਿਆਪਕ ਨਿਯਤ ਕਰ ਦਿਤਾ ਗਿਆ। ਫਿਰ ਆਪ ਉਚੇਰੀ ਵਿਦਿਆ ਦੀ ਟਰੇਨਿੰਗ ਲੈਣ ਲਾਹੌਰ ਆਏ। ਇਥੇ ਆਪਨੇ ਮੈਟਰਿਕ ਅੰਗਰੇਜ਼ੀ ਤੇ ਮੁਣਸ਼ੀ ਫਾਜ਼ਲ ਦਾ ਇਮਤਿਹਾਨ ਵੀ ਪਾਸ ਕਰ ਲਿਆ। ਆਪ ਨੇ ਵਿਸ਼ੇਸ਼ ਆਗਿਆ ਲੈ ਕੇ ਉਰਦੂ ਵਿਚ ਕਾਨੂੰਨ ਦਾ ਇਮਤਿਹਾਨ ਪਾਸ ਕੀਤਾ ਤੇ ੧੯੧੩ ਤੋਂ ਗੁਜਰਾਤ ਵਿਚ ਵਕਾਲਤ ਸ਼ੁਰੂ ਕਰ ਦਿਤੀ। ਬਾਅਦ ਵਿਚ ਆਪ ਸਮਾਜਕ ਤੇ ਰਾਜਸੀ ਨਿਜ਼ਾਮ ਤੋਂ ਤੰਗ ਆ ਗਏ ਤੇ ਦੁਨਿਆਵੀ ਝਮੇਲੇ ਛਡ ਕੇ ਦਰਵੇਸ਼ ਬਣ ਗਏ। ਫਿਰ ਅੰਤ-ਉਮਰ ਤਕ ਲੋਕਾਂ ਵਿਚ ਧਾਰਮਕ ਕੀਮਤਾਂ ਦਾ ਪਰਚਾਰ ਤੇ ਕਿੱਸਿਆਂ ਦੇ ਪ੍ਰੀਤ-ਸਿਧਾਂਤ ਦਾ ਪਰਸਾਰ ਕਰਦੇ ਰਹੇ। ਜਦੋਂ ਆਪ ਨੇ ਵਰਿਆਂ ਦੇ ਸਨ ਤਾਂ ਕਵਿਤਾ ਆਪਦੇ ਵਸ ਵਿਚ ਸੀ। ਇਕ ਵਾਰੀ ਰਿਸ਼ਵਤ ਦੇ ਝੂਠੇ ਦੂਸ਼ਨ ਅਧੀਨ ਨੌਕਰੀਓਂ ਹਟਾਏ ਇਕ ਪਟਵਾਰੀ ਨੇ ਆਪਨੂੰ ਸਰਕਾਰ ਦੀ ਬੇ-ਇਨਸਾਫੀ ਵਿਰੁਧ ਕਵਿਤਾ ਲਿਖਣ ਲਈ ਕਿਹਾ। ਆਪਨੇ ਸ਼ੇਅਰ ਇੰਨੇ ਸ਼ਕਤੀਸ਼ਾਲੀ ਲਿਖੇ ਕਿ ਉਹ ਲੋਕਾਂ ਵਿਚ ਪ੍ਰਚਲਿਤ ਹੋ ਗਏ ਤੇ ਸਰਕਾਰ ਨੂੰ ਪਟਵਾਰੀ ਦਾ ਰੁਜ਼ਗਾਰ ਵਾਪਸ ਕਰਨਾ ਪਿਆ। ਆਪ ਨੇ ਕਿਸੇ ਉਸਤਾਦ ਦੀ ਸ਼ਗਿਰਦੀ ਨਹੀਂ ਕੀਤੀ ਪਰ ਸੈਫੁਲ ਮਲੂਕ ਦੇ ਕਰਤਾ ਮੀਆਂ ਮੁਹੰਮਦ ਸਾਹਿਬ ਦਾ ਸਹਿਯੋਗ ਜ਼ਰੂਰ ਲਿਆ। ਆਪਨੇ ਆਪਣੀ ਕਵਿਤਾ ਵਿਚ ਆਪਣੀ ਕਾਵਿ ਕਲਾ ਦੀ ਅਤਿਅੰਤ ਪਰਸੰਸਾ ਵੀ ਕੀਤੀ ਤੇ ਵਾਰਸ ਸ਼ਾਹ ਹੁਰਾਂ ਨੂੰ ਵੀ ਵੰਗਾਰਿਆ।

ਕਿੱਸਾ ਅਸਗਰ ਸਗਰਾ, ਪਹੁ ਫੁਟੀ, ਇਸ਼ਕ ਮੁਹੰਮਦੀ, ਸੱਚੀ ਮਾਲਾ, ਪੈਰ ਦਾ ਵਣਜਾਰਾ, ਮਦ-ਹਿਆਤ ਮਸਾਇਖ ਆਦਿਕ ਪ੍ਰਕਾਸ਼ਿਤ ਪੁਸਤਕਾਂ ਆਪ ਦੀ ਰਚਨਾ ਹਨ।

ਆਪਦੀ ਕਵਿਤਾ ਵਿਚ ਫਾਰਸੀ ਦਾ ਪ੍ਰਭਾਵ ਕਿਤੇ ਕਿਤੇ ਚੁਭਵਾਂ ਵੀ ਹੈ। ਆਪਦੇ ਬਿੰਬ ਗਿਣਤੀ ਵਿਚ ਭਾਵੇਂ ਘਟ ਹਨ ਪਰ ਹਨ ਉਚੇਰੀ ਮੌਲਿਕਤਾ ਨਾਲ ਭਰਪੂਰ :

ਅਸਾਂ ਸ਼ਾਇਰ ਪੰਜਾਬ ਦੇ ਬਹੁਤ ਡਿਠੇ,

ਠਪੀ ਰਹਿਣ ਦੇ ਗਲ ਅਖਵਾਲ ਨਾਹੀਂ ।
ਫ਼ਜ਼ਲ ਸ਼ਾਹ ਵਗੈਰਾ ਛਡ ਯਾਰਾ,
ਵਾਰਸ ਸ਼ਾਹ ਭੀ ਅਜ ਖੁਸ਼ਹਾਲ ਨਾਹੀਂ ।

**ਨਾਕਿਸ, ਨਿਰੰਜਨ ਸਿੰਘ**

ਵੇਖੋ

ਨਿਰੰਜਨ ਸਿੰਘ ਨਾਕਿਸ

**ਨਾਗਰਾ, ਸਰਦਾਰਾ ਸਿੰਘ** (੨੦ਵੀਂ ਸਦੀ)

ਆਪ ਕਾਫੀ ਚਿਰ 'ਪੰਜਾਬੀ ਜਨਤਾ' ਸਪਤਾਹਿਕ ਜਲੰਧਰ ਦੇ ਸੰਪਾਦਕ ਰਹੇ ਹਨ । ਆਪਦੇ ਪਤਰਕਾਰਕ ਲੇਖਾਂ ਵਿਚ ਸਿਆਣਪ ਅਤੇ ਅਗਰਗਾਮਤਾ ਹੈ ।

**ਨਾਗਰਾ, ਸਵਰਨਜੀਤ** (੭ ਜੁਲਾਈ ੧੯੩੬—ਜੀਵਤ)

ਆਪ ਸ: ਕਰਮ ਸਿੰਘ ਨਾਗਰਾ ਦੇ ਸਪੁਤਰ ਅਤੇ ਨੰਗਲ ਦੇ ਸਰਕਾਰੀ ਮੁਲਾਜ਼ਮ ਹਨ ।

ਪੰਜਾਬੀ ਅਤੇ ਅੰਗਰੇਜ਼ੀ ਵਿਚ ਕਹਾਣੀਆਂ ਅਤੇ ਇਕਾਂਗੀ ਲਿਖਦੇ ਹਨ ।

**ਨਜਾਬਤ** (ਅਠਾਰ੍ਹਵੀਂ-ਉਨ੍ਹੀਵੀਂ ਸਦੀ)

ਆਪਦਾ ਸਬੰਧ ਮਟੀਲਾਂ ਹਰਲਾਂ ਜ਼ਿਲਾ ਸ਼ਾਹਪੁਰ ਦੇ ਇਕ ਹਰਲ ਰਾਜਪੁਤ ਘਰਾਣੇ ਨਾਲ ਹੈ । ਦਸਿਆ ਜਾਂਦਾ ਹੈ ਕਿ ਆਪਦੇ ਸਮੇਂ ਲੋਕ-ਚਰਚਾ ਦਾ ਵਿਸ਼ੈ ਨਾਦਰਸ਼ਾਹ ਸੀ ਜਿਸ ਤੋਂ ਆਪ ਦੇ ਅੰਦਰ ਸੰਸਕਾਰ ਜਾਗੇ ਤੇ ਆਪ ਨੇ 'ਵਾਰ' ਦੀ ਰਚਨਾ ਕੀਤੀ । ਪੰਡਤ ਹਰੀ ਕਿਸ਼ਨ ਕੌਲ ਅਨੁਸਾਰ 'ਨਜਾਬਤ' ਇਸ ਵਾਰ ਦਾ ਅਸਲੀ ਕਰਤਾ ਨਹੀਂ । ਉਹਨਾਂ ਦਾ ਵਿਚਾਰ ਹੈ ਕਿ ਰਾਵਲਪਿੰਡੀ ਦਾ ਨਿਵਾਸੀ ਸਯਦ ਸ਼ਾਹ ਚਿਰਾਗ ਇਸ ਵਾਰ ਦਾ ਮੂਲ ਲੇਖਕ ਹੈ ਅਤੇ ਨਜਾਬਤ ਨਕਲੀਆ ਹੈ । ਪਰ ਇਸ ਵਾਰ ਦੀ ਹਿੰਦਵੀ ਸ਼ੈਲੀ ਸਿਧ ਕਰਦੀ ਹੈ ਕਿ ਇਸਦਾ ਕਰਤਾ ਮੁਸਲਮਾਨ ਨਹੀਂ ।

ਆਪਦੀ ਵਾਰ ਨੂੰ ਪੰਜਾਬੀ ਸਾਹਿਤ ਵਿਚ ਬੜਾ ਉਚਾ ਸਥਾਨ ਪ੍ਰਾਪਤ ਹੈ । ਇਸ ਨੂੰ ਬੀਰ ਰਸ ਅਤੇ ਦੇਸ਼ ਭਗਤੀ ਦਾ ਇਹ ਇਕ ਵਧੀਆ ਨਮੂਨਾ ਸਮਝਿਆ ਜਾਂਦਾ ਹੈ ।

**ਨਿੱਜਰ, ਬਖਸ਼ੀਸ਼ ਸਿੰਘ** (੩੦ ਸਤੰਬਰ ੧੯੨੨—ਜੀਵਤ)

ਜਨਮ ਡੁਮੇਲੀ ਜ਼ਿਲਾ ਜਾਲੰਧਰ ਵਿਚ ਸ: ਊਧਮ ਸਿੰਘ ਨਿੱਜਰ ਦੇ ਘਰ ਹੋਇਆ । ਆਪ ਇਤਿਹਾਸ, ਫਾਰਸੀ ਅਤੇ ਪੰਜਾਬੀ ਦੀ ਐਮ. ਏ. ਹਨ । ਉਰਦੂ, ਫ਼ਾਰਸੀ, ਤੇ ਪੰਜਾਬੀ ਦੀਆਂ ਆਨਰਜ਼ ਅਤੇ ਐਮ. ਓ. ਐਲ. ਦੀਆਂ ਯੋਗਤਾਵਾਂ ਵੀ ਆਪਦੀ ਵਿਦਿਅਕ ਪ੍ਰਾਪਤੀ ਵਿਚ ਸ਼ਾਮਲ ਹਨ ।

ਤਕਰੀਬਨ ਪੰਦਰਾਂ ਸਾਲ ਵਖੋ ਵਖ ਕਾਲਜਾਂ ਵਿਚ ਪਰੋਫੈਸਰ ਰਹਿਣ ਪਿਛੋਂ ਅਜ ਕਲ ਆਪ ਪੰਜਾਬ ਸਟੇਟ ਆਰਕਾਈਵਜ਼ ਵਿਚ ਸੀਨੀਅਰ ਟੈਕਨੀਕਲ ਅਸਿਸਟੈਂਟ (ਪੀ. ਈ. ਐਸ.) ਹਨ ।

ਅੰਗਰੇਜ਼ੀ, ਪੰਜਾਬੀ ਰਚਨਾ ਇਸ ਪ੍ਰਕਾਰ ਹੈ :—

੧. ਲਾਹੌਰ ਦਰਬਾਰ ਦੇ ਰਤਨ ੨. ਰਾਬਿੰਦਰ ਨਾਥ ਟੈਗੋਰ ਐਂਡ ਦੀ ਪੰਜਾਬ ੩. ਅਮੀਰ ਤੈਮੂਰ ਐਂਡ ਦੀ ਪੰਜਾਬ ੪. ਫਰੀਦ-ਗੰਜ-ਇ-ਸ਼ੱਕਰ ੫. ਬੁਲ੍ਹੇ ਸ਼ਾਹ ੬. ਰਾਜਾ ਰਸਾਲੂ ੭. ਜਲ੍ਹਿਆਂ ਵਾਲਾ ਬਾਗ ੮. ਲਦਾਖ ੯. ਜਲੰਧਰ ੧੦. ਭੂਆ ਪਰੇਮੋ ੧੧. ਇਕ ਯਾਦ ੧੨. ਭੈਣ ਸ਼ਰੀਫਾਂ ੧੩. ਜਪਾਨਣ ਕੁੜੀ ਆਦਿਕ ।

ਉਪਰੋਕਤ ਰਚਨਾਵਾਂ ਜਾਗ੍ਰਤੀ, ਪੰਜਾਬੀ ਦੁਨੀਆਂ, ਸੈਨਿਕ ਸਮਾਚਾਰ, ਪੰਜ ਦਰਿਆ ਆਦਿਕ ਵਿਚ ਪ੍ਰਕਾਸ਼ਿਤ ਹੋਈਆਂ ਹਨ ।

ਆਪਦੀ ਵਿਚਾਰਧਾਰਾ ਮਨੁਖਵਾਦ ਤੇ ਅੰਤਰ ਰਾਸ਼ਟਰਵਾਦ ਹੈ ।

**ਨੰਦਾ, ਹਰਜੀਤ ਸਿੰਘ** (੩ ਸਤੰਬਰ ੧੯੪੧—ਜੀਵਤ)

ਆਪ ਸੁਰਗਵਾਸੀ ਸ: ਸੋਹਣ ਸਿਘ ਦੇ ਸਪੁਤਰ ਅਤੇ ਨਾਭੇ ਦੇ ਸਰਗਰਮ ਸਾਹਿਤਕਾਰ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਨੰਦ ਲਾਲ, ਭਾਈ** (੧੬੩੩—੧੭੦੫)

ਜਨਮ ਗਜ਼ਨੀ ਵਿਚ ਸ੍ਰੀ ਛਜੂ ਰਾਮ ਦੇ ਘਰ ਹੋਇਆ। ੧੬੫੨ ਵਿਚ (ਪਿਤਾ ਦੀ ਮੌਤ ਤੋਂ ਬਾਅਦ) ਆਪ ਪ੍ਰਵਾਰ ਦੇ ਨਾਲ ਮੁਲਤਾਨ ਚਲੇ ਆਏ। ਸਿਖ ਸਹੁਰਾ-ਘਰ ਨੇ ਆਪਦੇ ਹਿਰਦੇ ਵਿਚ ਗੁਰੂ ਘਰ ਪ੍ਰਤੀ ਸ਼ਰਧਾ ਜਗਾਈ।

੧੬੮੨ ਵਿਚ ਆਪ ਗੁਰੂ ਗੋਬਿੰਦ ਸਿੰਘ ਨੂੰ ਮਿਲੇ ਅਤੇ ਉਨ੍ਹਾਂ ਦੀ ਮਾਰਫ਼ਤ ਆਪ ਸ਼ਾਹਜ਼ਾਦਾ ਮੁਅਜ਼ਮ (ਬਹਾਦਰ ਸ਼ਾਹ) ਪਾਸ ਮੁਸਾਹਿਬ ਤੇ ਮੀਰ ਮੁਣਸ਼ੀ ਲਗ ਗਏ। ਪਿਛੋਂ ਔਰੰਗਜ਼ੇਬ ਨੇ ਆਪ ਨੂੰ ਇਸਲਾਮ ਵਿਚ ਲਿਆਣਾ ਚਾਹਿਆ ਤਾਂ ਆਪ ੧੬੯੭ ਵਿਚ ਫਿਰ ਗੁਰੂ ਗੋਬਿੰਦ ਸਿੰਘ ਜੀ ਪਾਸ ਆ ਗਏ। ਆਪ ਉਹਨਾਂ ਦੇ ਸਚੇ ਸਹਾਇਕ ਦੋਸਤ ਅਤੇ ਆਸ਼ਕ ਸਨ। ਜਦੋਂ ਦਸਮੇਸ਼ ਜੀ ਅਨੰਦਪੁਰ ਨੂੰ ਛਡਣ ਲਗੇ ਤਾਂ ਆਪ ਮੁਲਤਾਨ ਆ ਗਏ। ਇਥੇ ਹੀ ਆਪ ਦਾ ਦੇਹਾਂਤ ਹੋਇਆ।

'ਜ਼ਿੰਦਗੀ ਨਾਮਾ', 'ਗੰਜ ਨਾਮਾ', 'ਦੀਵਾਨ-ਇ-ਗੋਇਆ', 'ਤੋਸੀ ਫੋਸਨਾ', 'ਜੋਤਿ ਵਿਗਾਸ', 'ਇਨਸ਼ਾ ਦਸਤੂਰ','ਅਰਜੂਲ', 'ਇਲਫ਼ਾਸ', 'ਖਾਤਮਹ' ਆਦਿਕ ਫਾਰਸੀ ਰਚਨਾਵਾਂ ਆਪਨੂੰ ਪਹੁੰਚੇ ਹੋਏ ਕਵੀਆਂ ਦੀ ਕਤਾਰ ਵਿਚ ਖੜਾ ਕਰਦੀਆਂ ਹਨ। 'ਤਨਖਾਹ ਨਾਮਾ' ਨਾਂ ਦੀ ਹਿੰਦੀ ਰਚਨਾ ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ।

ਗੁਰ-ਮਹਿਮਾ, ਭਗਤੀ ਅਤੇ ਗਿਆਨ, ਆਪਦੀ ਰਚਨਾਂ ਦੇ ਤਿੰਨ ਪੱਖ ਹਨ।

**ਨੰਦੜਾ, ਅਜੀਤ ਸਿੰਘ** (੧੧ ਸਤੰਬਰ ੧੯੩੪—ਜੀਵਤ)

ਆਪ ਜਲੰਧਰ ਨਿਵਾਸੀ ਸ: ਉਜਾਗਰ ਸਿੰਘ ਨੰਦੜਾ ਦੇ ਸਪੁਤਰ ਅਤੇ ਬਿਜਲੀ ਦੇ ਵਰਕਰ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਨਿਧਾਨ ਸਿੰਘ ਆਲਮ** (ਵੀਹਵੀਂ ਸਦੀ)

ਆਪਦਾ ਜਨਮ ਲੋਪੋਕੇ ਜ਼ਿਲਾ ਅੰਮ੍ਰਿਤਸਰ ਵਿਚ ਸ: ਸੋਹਣ ਸਿੰਘ ਸੂਬੇਦਾਰ ਦੇ ਘਰ ਹੋਇਆ। ਆਪਦੀ ਵਿਦਿਆ ਤਾਂ ਦਸਵੀਂ ਤਕ ਹੈ ਪਰ ਕੁਦਰਤ ਵਲੋਂ ਹੀ ਇਕ ਬਹੁ ਪੱਖੀ ਪ੍ਰਤਿਭਾ ਦੇ ਮਾਲਕ ਸਨ।

(੧) ਵਿਖਿਆਨ ਮਾਲਾ (੨) ਬਾਰ੍ਹਵਾਂ ਜਾਮਾ ਤੇ ਹਵਨ ਪਰਬੋਧ (੩) ਸੂਤਰ ਦਰਸ਼ਨ (੪) ਸਿਖ ਧਰਮ ਤੇ ਮਾਸ (੫) ਗੁਰੂ ਪਦ ਪਰਕਾਸ਼, ਤਿੰਨ ਭਾਗ (੬) ਜੁਗ ਪਲਟਾਊ ਸਤਿਗੁਰੂ (੭) ਰੂਹਾਨੀ ਟੈਲੀਫੋਨ ਆਦਿਕ ਆਪਦੀਆਂ ਪ੍ਰਸਿਧ ਪੁਸਤਕਾਂ ਹਨ।

ਆਪਦਾ ਸਥਾਨ ਪੰਜਾਬੀ ਵਿਦਵਤਾ ਦੇ ਉਚਤਮ ਉਸਰਈਆਂ ਵਿਚ ਹੈ। ਆਪ ਨਾਮਧਾਰੀ ਨਾਲ ਸਬੰਧਤ ਹਨ।

**ਨਿਧਾਨ ਸਿੰਘ ਭੂੰਦੜ**

ਜਨਮ ਪਿੰਡ ਭੂੰਦੜ (ਮਾਲਵਾ) ਵਿਚ ਸ: ਬਿਸ਼ਨ ਸਿੰਘ ਦੇ ਘਰ ਮਾਤਾ ਰਤਨ ਕੌਰ ਦੀ ਕੁਖੋਂ ਹੋਇਆ। ਜੈਤੋ ਦੇ ਸ਼ਹੀਦੀ ਜਥੇ ਵਿਚ ਆਪ ਵੀ ਸ਼ਾਮਲ ਹੋਏ ਅਤੇ ਆਪਦੀਆਂ ਜੋਸ਼ੀਲੀਆਂ ਕਵਿਤਾਵਾਂ ਨੇ ਮੋਰਚੇ ਨੂੰ ਕਾਫ਼ੀ ਗਰਮ ਰਖਿਆ।

'ਗੂੰਥੀ ਬਬੇਕ ਨਾਮ ਦੀ' ਆਪਦੀ ਪ੍ਰਸਿਧ ਪੁਸਤਕ ਹੈ।

**ਨੌਨਿਹਾਲ ਸਿੰਘ ਢਿਲੋਂ** (੨੫ ਜਨਵਰੀ ੧੯੪੩—ਜੀਵਤ)

ਆਪ ਪਿੰਡ ਬਹਾਦਰਪੁਰ ਜ਼ਿਲਾ ਅੰਮ੍ਰਿਤਸਰ ਦੇ ਨਿਵਾਸੀ ਸ: ਬਿਸ਼ਨ ਸਿੰਘ ਢਿਲੋਂ ਦੇ ਸਪੁਤਰ ਹਨ।

ਕਹਾਣੀਆਂ ਲਿਖਦੇ ਹਨ।

**ਨਾਨਕ ਸਿੰਘ** (੧੮੯੭—ਜੀਵਤ)

ਆਪਦਾ ਜਨਮ ਚੱਕ ਹਮੀਦ ਜਲਪਾਂ ਜ਼ਿਲਾ ਜਿਹਲਮ ਵਿਚ ਭਾਈ ਬਹਾਦਰ ਚੰਦ ਦੇ ਘਰ ਹੋਇਆ। ਭਾਈ ਜੀ ਪਿਸ਼ੌਰ ਵਿਚ ਆੜ੍ਹਤ ਕਰਦੇ ਹੁੰਦੇ ਸਨ। ਹੰਸ ਰਾਜ (ਨਾਨਕ ਸਿੰਘ ਦੇ ਮੂਲ ਨਾਮ) ਹੁਰੀ। ਨਿਕੇ ਹੀ ਸਨ ਕਿ ਭਾਈ ਜੀ ਦਾ ਦੇਹਾਂਤ ਹੋ ਗਿਆ। ਰੁਜ਼ਗਾਰ ਦੀ ਭਾਲ ਵਿਚ ਆਪ ਪਿਸ਼ੌਰ ਚਲੇ ਗਏ : ਇਥੇ ਆਪ ਵਿਚ ਕੁਝ ਐਬ ਆ ਗਏ ਪਰ ੧੯੧੫ ਵਿਚ ਗਿਆਨੀ ਬਾਗ ਸਿੰਘ ਨਾਂ ਦੇ ਇਕ ਭੱਦਰ ਪੁਰਸ਼ ਨੇ ਆਪ ਵਿਚਲੀ ਪ੍ਰਤਿਭਾ ਜਗਾਈ ਤੇ ਆਪਨੂੰ ਸਿੰਘ ਸਜਾ ਦਿਤਾ। ੧੯੧੦ ਵਿਚ, ਜਦੋਂ ਕਿ ਆਪ ਤੇਰਾਂ ਸਾਲਾਂ ਦੇ ਹੀ ਸਨ ਕਿ ਆਪਦੀ ਸੀਹਰਫੀ ਪ੍ਰਕਾਸ਼ਿਤ ਹੋ ਗਈ ਪਰ ਆਪਨੇ ੧੯੧੫ ਵਿਚ 'ਸਤਿਗੁਰ ਮਹਿਮਾ' ਨਾਂ ਦੀ ਧਾਰਮਕ ਗੀਤਾਵਲੀ ਛਪਵਾਈ। ਦਸਿਆ ਜਾਂਦਾ ਹੈ ਕਿ ੧੯੧੫ ਤੋਂ ੧੯੪੯ ਤਕ ਇਸ ਰਚਨਾ ਦੀਆਂ ਚਾਰ ਲਖ ਕਾਪੀਆਂ ਵਿਕੀਆਂ। ਗਰੀਬੀ ਕਾਰਨ ਆਪਨੇ ਸ਼ੁਰੂ ਵਿਚ ਹੀ ਇਸ ਪੁਸਤਕ ਦੇ ਅਧਿਕਾਰ ਵੇਚ ਦਿਤੇ। ੧੯੨੨ ਵਿਚ ਆਪਨੂੰ ਅਕਾਲੀ ਲਹਿਰ ਦਾ ਹਿਸੇਦਾਰ ਹੋਣ ਕਰਕੇ ਗ੍ਰਿਫਤਾਰ ਹੋਣਾ ਪਿਆ। ਜੇਲ੍ਹ ਜੀਵਨ ਵਿਚ ਆਪਨੂੰ ਸ਼ਰਤ ਚੰਦਰ ਚੈਟਰਜੀ ਦੇ ਨਾਵਲ ਪੜ੍ਹ ਕੇ ਮੌਲਿਕ ਰਚਨਾ ਕਰਨ ਦੀ ਪਰੇਰਨਾ ਮਿਲੀ।

ਆਪਦੇ ਨਾਵਲਾਂ ਦੀ ਸੂਚੀ ਇਸ ਪਰਕਾਰ ਹੈ :—

ਮਤਰੇਈ ਮਾਂ, ਕਾਲ ਚੱਕਰ, ਮਿਠਾ ਮਹੁਰਾ, ਪ੍ਰੇਮ ਸੰਗੀਤ, ਚਿੱਟਾ ਲਹੂ, ਫੈਲਾਦੀ ਫੁਲ, ਕਾਗਤਾਂ ਦੀ ਬੇੜੀ, ਪਤਝੜ ਦੇ ਪੰਛੀ, ਪਿਆਰ ਦੀ ਦੁਨੀਆਂ, ਪ੍ਰਾਸਚਿਤ (ਅਨੁਵਾਦ), ਧੁੰਦਲੇ ਪਰਛਾਵੇਂ, ਲਵ ਮੈਰਿਜ, ਗਰੀਬ ਦੀ ਦੁਨੀਆਂ, ਅਧ ਖਿੜਿਆ ਫੁਲ, ਪਵਿਤਰ ਪਾਪੀ, ਜੀਵਨ ਸੰਗਰਾਮ, ਦੂਰ ਕਿਨਾਰਾ, ਟੁਟੀ ਵੀਣਾ, ਗੰਗਾਜਲੀ ਵਿਚ ਸ਼ਰਾਬ, ਖੂਨ ਦੇ ਸੋਹਿਲੇ, ਅੱਗ ਦੀ ਖੇਡ, ਮੰਝਧਾਰ, ਚਿਤਰਕਾਰ, ਕੱਟੀ ਹੋਈ ਪਤੰਗ, ਸੁਮਨ ਕਾਂਤਾ, ਆਦਮਖੋਰ, ਨਾਸੂਰ, ਸੰਗਮ, ਇਕ ਮਿਆਨ ਦੋ ਤਲਵਾਰਾਂ, ਛਲਾਵਾ, ਪਾਪ ਦੀ ਖੱਟੀ (ਅਨੁਵਾਦ), ਸੂਲਾਂ ਦੀ ਸੇਜ (ਅਨੁਵਾਦ), ਫਰਾਂਸ ਦਾ ਡਾਕੂ (ਆ ਧਾਰਿਤ), ਰਜਨੀ (ਅਨੁਵਾਦ), ਪੱਥਰ ਕਾਂਬਾ (ਅਨੁਵਾਦ)।

ਹੰਝੂਆਂ ਦੇ ਹਾਰ, ਸਧਰਾਂ ਦੇ ਹਾਰ, ਮਿਧੇ ਹੋਏ ਫੁਲ ਠੰਡੀਆਂ ਥਾਂਵਾਂ, ਤਸਵੀਰ ਦੇ ਦੋ ਪਾਸੇ (ਅਨੁਵਾਦ), ਉਲਝਣਾਂ, ਆਦਿਕ ਆਪਦੇ ਕਹਾਣੀ ਸੰਗ੍ਰਹਿ ਹਨ। 'ਮੇਰੀ ਦੁਨੀਆਂ' ਨਾਂ ਦੀ ਪੁਸਤਕ ਵਿਚ ਆਪ ਨੇ ਆਪਣੀ ਜੀਵਨੀ ਲਿਖੀ ਹੈ। ਬੀ. ਏ. ਪਾਸ ਆਪਦਾ ਇਕੋ ਇਕ ਪੂਰਾ ਨਾਟਕ ਹੈ।

ਸਤਿਗੁਰ ਮਹਿਮਾ, ਖੂਨੀ ਵਿਸਾਖੀ, ਤੇ ਗੁਰਕੀਰਤ ਆਪਦੇ ਤਿੰਨ ਕਾਵਿ-ਸੰਗ੍ਰਹਿ ਹਨ।

ਆਪਨੇ ਲੋਕ-ਸਾਹਿਤ ਨਾਂ ਦਾ ਮਾਸਕ ਪਤਰ ਜਾਰੀ ਕੀਤਾ ਜੋ ਕਮਜ਼ੋਰ ਆਰਥਕਤਾ ਕਾਰਨ ਬੰਦ ਕਰਨਾ ਪਿਆ। ਇਸ ਵਿਚ ਛਪੇ ਆਪਦੇ ਮੁਖ ਲੇਖ ਅਤੇ ਹੋਲੇ ਲੇਖ ਵੀ ਆਪਦੀ ਘਾਲਣਾ ਦਾ ਹਿਸਾ ਹਨ।

**ਨਾਨਕ ਸਿੰਘ ਲੋਚ** (੧੯੦੯—ਜੀਵਤ)

ਜਨਮ ਹਜਰੋਂ ਜ਼ਿਲਾ ਕੈਮਲਪੁਰ ਵਿਚ ਸ: ਰਣਜੀਤ ਸਿੰਘ ਦੇ ਘਰ ਹੋਇਆ। ਬ੍ਰਾਹਮਣ ਘਰਾਣੇ ਦੇ

ਵਿਦਿਅਕ ਵਿਰਸੇ ਨੇ ਆਪਨੂੰ ਵਿਚਾਰਸ਼ੀਲ ਬਣਾ ਦਿਤਾ। ਆਪ ਗਿਆਨੀ ਤੇ ਓ. ਟੀ. ਹਨ ਅਤੇ ੧੯੩੦ ਤੋਂ ਸਕੂਲ ਮਾਸਟਰੀ ਦਾ ਕੰਮ ਕਰ ਰਹੇ ਹਨ। ਅਜਕਲ ਸ਼ਰਕਾਰੀ ਹਾਇਰ ਸੈਕੰਡਰੀ ਸਕੂਲ ਛਛਰੌਲੀ (ਅੰਬਾਲਾ) ਵਿਚ ਹਨ। ਆਪਦੀਆਂ ਰਚਨਾਵਾਂ ਰਸਾਲਿਆਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ।

ਆਪ ਇਕ ਸਰਗਰਮ ਅਤੇ ਆਸ਼ਾਵਾਦੀ ਕਵੀ ਹਨ ਭਾਵੇਂ ਕਿ ਅਪਨੀ ਪਤਨੀ ਦੀ ਮੌਤ ਦੀ ਛਾਪ ਆਪਦੀ ਸਾਰੀ ਰਚਨਾ ਉਤੇ ਕਿਸੇ ਨਾ ਕਿਸੇ ਰੂਪ ਵਿਚ ਵਰਤਮਾਨ ਹੀ ਹੈ।

**ਨਾਨਕ ਦੇਵ, ਗੁਰੂ** (੧੫ ਅਪਰੈਲ ੧੪੬੯—੫ ਸਤੰਬਰ ੧੫੩੯)

ਆਪਦਾ ਜਨਮ ਤਲਵੰਡੀ, ਜ਼ਿਲਾ ਸ਼ੇਖੂਪੁਰਾ ਵਿਚ ਮਹਿਤਾ ਕਾਲੂ ਚੰਦ ਬੇਦੀ ਦੇ ਘਰ ਮਾਤਾ ਤ੍ਰਿਪਤਾ ਦੀ ਕੁਖੋਂ ਹੋਇਆ। ਮੁਢਲੀ ਉਮਰ ਵਿਚ ਆਪ ਨੇ ਪੰਡਤ ਤੇ ਮੌਲਵੀ ਕੋਲੋਂ ਸ਼ਾਸਤਰੀ ਪੁਸਤਕਾਂ ਅਤੇ ਫਾਰਸੀ ਦੀ ਵਿਦਿਆ ਪ੍ਰਾਪਤ ਕੀਤੀ। ਆਪਦਾ ਵਿਆਹ ਸੁਲੱਖਣੀ ਨਾਂ ਦੀ ਕੁੜੀ ਨਾਲ ਹੋਇਆ ਜਿਸ ਤੋਂ ਸ੍ਰੀ ਚੰਦ ਅਤੇ ਲਖਮੀ ਚੰਦ ਦਾ ਜਨਮ ਲਿਆ। ਆਪ ਨੇ ੧੫੦੭ ਵਿਚ ਜਗਨ ਨਾਥ, ਬਨਾਰਸ, ਪਟਨਾ, ਬੰਗਾਲ ਲੰਕਾ, ਮਹਾਂਰਾਸ਼ਟਰ, ਰਾਜਸਥਾਨ ਵਲ ਦਾ ਰਟਨ ਕੀਤਾ। ਫਿਰ ੧੫੧੫ ਵਿਚ ਕਸ਼ਮੀਰ, ਤਿੱਬਤ, ਕੋਹ ਆਬੂ, ਸਿੰਹਲਦੀਪ ਆਦਿਕ ਵਲ ਗਏ। ੧੫੧੭ ਵਿਚ ਗੜਵਾਲ, ਸਿੱਕਮ, ਭੂਟਾਨ ਆਦਿਕ ਵਲ ਅਤੇ ੧੫੧੯ ਵਿਚ ਪਾਕਪਟਨ, ਮੱਕਾ ਮਦੀਨਾ, ਬਗਦਾਦ ਆਦਿਕ ਦਾ ਚੱਕਰ ਲਾਉਣ ਪਿਛੋਂ ਆਪ ਕਰਤਾਰਪੁਰ (ਰਾਵੀ) ਆ ਕੇ ਟਿਕ ਗਏ ਤੇ ਖੇਤੀ ਅਤੇ ਧਾਰਮਕ ਜਥੇਬੰਦੀ ਕਰਨ ਲਗ ਪਏ। ਭਾਈ ਲਹਿਣਾ ਜੀ ਨੂੰ ਆਪਣਾ ਜਾਨਸ਼ੀਨ ਥਾਪਣ ਪਿਛੋਂ ਇਥੇ ਹੀ ਆਪ ਜੋਤੀ ਜੋਤ ਸਮਾ ਗਏ।

ਆਪ ਨੇ ਹੇਠ ਲਿਖੇ ੧੯ ਰਾਗਾਂ ਵਿਚ ਬਾਣੀ ਲਿਖੀ ਹੈ :

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ।

ਉਪਰੋਕਤ ਰਾਗਾਂ ਵਿਚ ੨੦੭ ਸ਼ਬਦ, ੧੧੩ ਅਸ਼ਟਪਦੀਆਂ, ੨ ਸੁਚਜੀ ਕੁਚਜੀ, ੨੫ ਛੰਤ, ੨ ਪਹਰੇ, ੫ ਅਲਾਹਣੀਆਂ ਅਤੇ ੨੨ ਸੋਹਲੇ ਹਨ।

ਇਸ ਦੇ ਇਲਾਵਾ ਆਸਾ-ਪੱਟੀ (੩੫ ਪਉੜੀਆਂ), ਬਿਲਾਵਲ ਸੂਹੀ-ਥਿਤੀ (੨੦ ਪਉੜੀਆਂ), ਰਾਮਕਲੀ-ਓਅੰਕਾਰ (੫੪ ਪਉੜੀਆਂ), ਸਿਧ ਗੋਸ਼ਟਿ (੭੩ ਪਉੜੀਆਂ) ਜਪੁਜੀ (੩੮ ਪਉੜੀਆਂ, ੨ ਸਲੋਕ) ਜਹੀਆਂ ਪ੍ਰਸਿਧ ਬਾਣੀਆਂ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ।

ਆਪਦੇ ੨੨੪ ਸਲੋਕ ਗੁਰੂ ਅਰਜਨ ਸਾਹਿਬ ਨੇ ਵਖੋ ਵਖ ੧੨ ਵਾਰਾਂ ਵਿਚ ਸੰਪਾਦਿਤ ਕੀਤੇ ਹਨ ਅਤੇ ੩੨ ਵਾਰਾਂ ਤੋਂ ਵਧੀਕ ਸਲੋਕ ਆਦਿ ਗਰੰਥ ਦੇ ਅੰਤ ਵਿਚ ਦਰਜ ਕੀਤੇ ਹਨ।

ਗੁਰ ਨਾਨਕ ਸਾਹਿਬ ਨੇ ਆਪ ਹੇਠ ਲਿਖੀਆਂ ਤਿੰਨ ਵਾਰਾਂ ਲਿਖੀਆ ਹਨ :

ਮਾਝ ਕੀ ਵਾਰ (੨੭ ਪਉੜੀਆਂ)
ਆਸਾ ਦੀ ਵਾਰ (੨੪ ਪਉੜੀਆਂ)
ਮਲ੍ਹਾਰ ਕੀ ਵਾਰ (੨੭ ਪਉੜੀਆਂ)

ਵਿਚਾਰਧਾਰਾ : ਗੁਰੂ ਨਾਨਕ ਸਾਹਿਬ ਨਾ ਕੇਵਲ ਇਕ ਮਹਾਨ ਸਮਾਜਕ ਆਗੂ ਹੀ ਸਨ, ਸਗੋਂ ਇਕ ਨਵੀਂ ਵਿਚਾਰਧਾਰਾ ਦੇ ਬਾਨੀ ਵੀ ਸਨ। ਆਪਨੇ

ਆਪਣੇ ਭੂਤ ਅਤੇ ਵਰਤਮਾਨ ਦੀਆਂ ਸਾਰੀਆਂ ਫ਼ਿਲਾਸਫ਼ੀਆਂ ਦਾ ਤੁਲਨਾਤਮਕ ਅਧਿਅਨ ਕੀਤਾ ਅਤੇ ਸਮਕਾਲੀ ਧਰਮਾਂ ਦੇ ਉਘੇ ਕੇਂਦਰਾਂ ਵਿਚ ਜਾ ਕੇ ਸਾਰੀਆਂ ਰਹੁ-ਰੀਤਾਂ ਨੂੰ ਅਖੀਂ ਵੇਖਿਆ। ਆਪ ਨੂੰ ਇਸਲਾਮ ਦੀ ਸਿਧਾਂਤਕ ਅਗਰਗਾਮਤਾ ਨੇ ਅਤਿਅੰਤ ਪ੍ਰਭਾਵਤ ਕੀਤਾ। ਮਨੁਖੀ ਏਕਤਾ; ਇਕ ਪਰਮਾਤਮਾ ਦਾ ਸੰਕਲਪ ਅਤੇ ਰੂਪਵਾਦ ਦਾ ਖੰਡਨ ਆਪਦੀ ਵਿਚਾਰ ਧਾਰਾ ਦੇ ਕੁਝ ਹੋਰ ਪੱਖ ਹਨ।

ਗੁਰੂ ਨਾਨਕ ਸਾਹਿਬ ਮਹਿਸੂਸ ਕਰਦੇ ਸਨ ਸਾਰਾ ਬ੍ਰਹਿਮੰਡ ਜੀਵਨ ਸੰਜੁਗਤ ਰੂਪ ਚਲ ਰਿਹਾ ਹੈ ਅਤੇ ਨਿਰਾਕਾਰ ਰੂਪ ਵਿਚ ਪਰਮਾਤਮਾ ਸਰਬ ਵਿਆਪਕ ਅਤੇ ਸਾਕਾਰ ਵਿਚ ਪੁਰਖ ਹੈ। ਕੁਦਰਤ ਦਾ ਸਾਰਾ ਜੜ੍ਹ ਅਤੇ ਚੇਤਨ ਨਿਜ਼ਾਮ ਇਕ ਨਿਯਮ ਵਿਚ ਚਲ ਰਿਹਾ ਹੈ ਅਤੇ ਕੋਈ ਵੀ ਚੀਜ਼ ਇਸ ਨਿਯਮ ਤੋਂ ਬਾਹਰ ਨਹੀਂ ਹੋ ਸਕਦੀ। ਆਪ ਨੇ ਦਸਿਆ ਕਿ ਅਨੰਤ ਨਿਜ਼ਾਮ ਦਾ ਇਕ ਅਲਪ ਰੂਪ ਮਨੁਖੀ ਸਰੀਰ ਵਿਚ ਵੀ ਵਰਤਮਾਨ ਹੈ ਜਿਸ ਨੂੰ ਸਮਝੇ ਬਿਨਾਂ ਮਨੁਖੀ ਜ਼ਿੰਦਗੀ ਨਰਕ ਬਣੀ ਰਹਿੰਦੀ ਹੈ। ਅਨੰਤ, ਅਕਾਲ ਤੇ ਅਨਾਦੀ ਨਿਰਾਕਾਰ ਸ਼ਕਤੀ ਨੇ ਸਾਰੀ ਸਾਕਾਰੀ ਸਿਰਜਨਾ ਸਿਰਫ ਸੈ-ਪ੍ਰਗਟਾਵੇ ਲਈ ਕੀਤੀ ਹੈ।

ਗੁਰੂ ਨਾਨਕ ਸਾਹਿਬ ਨੇ ਦਸਿਆ ਕਿ ਹਉਮੈ ਜੋ ਕਿ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿਕ ਰੂਪ ਧਾਰ ਕੇ ਮਨੁਖ ਦਾ ਅਮਨ ਭੰਗ ਕਰਦੀ ਹੈ, ਸਾਰੇ ਦੁਖਾਂ ਦਾ ਕਾਰਨ ਹੈ। ਸੁਖ ਦੀ ਪ੍ਰਾਪਤੀ ਹਉਮੈ ਨੂੰ ਵਸ ਵਿਚ ਰਖਣ ਨਾਲ ਹੁੰਦੀ ਹੈ। ਸ੍ਰਿਸ਼ਟੀ ਦਾ ਇਕਾਗਰ ਚਿਤਰ ਉਸਰਨ ਪਿਛੋਂ ਹਉਮੈ ਖ਼ਤਮ ਹੋ ਜਾਂਦੀ ਹੈ ਕਿਉਂ ਕਿ ਉਸ ਹਾਲਤ ਵਿਚ ਪ੍ਰਾਣੀ ਨੂੰ ਇਸ ਦੇ ਬਨਾਵਟੀਪੁਣੇ ਦਾ ਪਤਾ ਲਗ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਦਾ ਯਕੀਨ ਸੀ ਕਿ ਗੁਰੂ ਦੀ ਸਹਾਇਤਾ ਬਿਨਾਂ ਪਰਮਾਤਮਾ ਦੀ ਪਰਾਪਤੀ ਅਸੰਭਵ ਹੈ ਅਤੇ ਸਚੇ ਗੁਰੂ ਦੀ ਪ੍ਰਾਪਤੀ ਪਰਮਾਤਮਾ ਦੀ ਕਿਰਪਾ ਬਿਨਾਂ ਕਦੀ ਨਹੀਂ ਹੋ ਸਕਦੀ।

ਕਲਾ ਦੇ ਪੱਖ ਤੋਂ ਅਸੀਂ ਗੁਰੂ ਨਾਨਕ ਸਾਹਿਬ ਨੂੰ ਸਮੇਂ ਦਾ ਇਨਕਲਾਬੀ ਕਵੀ ਆਖ ਸਕਦੇ ਹਾਂ, ਕਿਉਂਕਿ ਗੁਰੂ ਸਾਹਿਬ ਨੇ ਸਾਹਿਤ ਦੀਆਂ ਰੂਪਵਾਦੀ ਪਰੰਪਰਾਵਾਂ ਨੂੰ ਉਲੰਘਿਆ ਅਤੇ ਲੋਕ-ਪ੍ਰਿਅ ਰੂਪਾਂ ਅਤੇ ਪਰੰਪਰਾਵਾਂ ਨੂੰ ਆਪਣੇ ਅਧਿਆਤਮਕ ਕਾਰਜਾਂ ਦੀ ਸਿਧੀ ਲਈ ਵਰਤਿਆ।

ਰਾਜਸੀ ਆਗੂ : ਅਸੀਂ ਗੁਰੂ ਸਾਹਿਬ ਨੂੰ ਇਕ ਰਾਜਸੀ ਸਿਧਾਂਤਕਾਰ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਸਾਨੂੰ ਪਤਾ ਲਗੇਗਾ ਕਿ ਗੁਰੂ ਸਾਹਿਬ ਵਕਤ ਦੇ ਇਕ ਰਾਜਸੀ ਆਗੂ ਵੀ ਸਨ। ਉਨ੍ਹਾਂ ਸਰਕਾਰੀ ਰਾਜਸੀ ਆਗੂਆਂ ਦੀਆਂ ਗਲਾਂ ਵਿਚ ਡੂੰਘੀ ਦਿਲਚਸਪੀ ਲਈ ਅਤੇ ਆਪਣੇ ਕੁੜੇ ਰਾਜਸੀ ਸਮਕਾਲੀਆਂ ਦਾ ਨਿਡਰ ਵਿਰੋਧ ਕੀਤਾ। ਉਨ੍ਹਾਂ ਰਾਜਿਆਂ ਅਤੇ ਮੁਕੱਦਮਾਂ ਦੀ ਬੇਇਨਸਾਫੀ ਵਿਰੁਧ ਆਵਾਜ਼ ਉਠਾਈ ਅਤੇ ਸਮਾਜਕ ਬਰਾਬਰੀ ਦਾ ਵਿਚਾਰ ਲੋਕ-ਪ੍ਰਿਅ ਕੀਤਾ।

ਪੰਜਾਬ ਦੀ ਸਮੁਚੀ ਸੋਚਣ-ਪ੍ਰਣਾਲੀ ਉਤੇ ਗੁਰੂ ਨਾਨਕ ਸਾਹਿਬ ਦਾ ਪ੍ਰਭਾਵ ਸਦੀਆਂ ਤੀਕ ਕਾਇਮ ਰਹਿਣ ਦੀ ਸਮਰਥਾ ਰਖਦਾ ਹੈ।

**ਨਫਰ, ਮਲਾਵਾ ਰਾਮ**

ਵੇਖੋ

ਮਲਾਵਾ ਰਾਮ ਨਫਰ

**ਨਰਾਇਣ ਸਿੰਘ** (ਵੀਹਵੀਂ ਸਦੀ)

ਆਪ ਨਾਮਧਾਰੀ ਪੰਥ ਦੇ ਸਾਹਿਤਕਾਰਾਂ ਵਿਚ ਉਚਾ ਸਥਾਨ ਰਖਦੇ ਹਨ।

**ਨਾਰਾਇਣ ਸਿੰਘ ਗਿਆਨੀ** (-੧੯੪੫-)

ਆਪ ਸਿਖ-ਇਤਿਹਾਸ ਸਾਹਿਤ ਅਤੇ ਵਿਚਾਰਧਾਰਾ ਦੇ ਪ੍ਰਸਿਧ ਵਿਦਵਾਨ ਹਨ। ਭਾਰਤ ਦੇ ਸ਼ਾਸਤਰੀ-ਗਿਆਨ-ਭੰਡਾਰਾਂ ਦੀ ਸੂਝ ਹੋਣ ਕਰ ਕੇ ਆਪਦੀ ਗੁਰਬਾਣੀ-ਵਿਆਖਿਆ ਵਿਚ ਪ੍ਰਮਾਣੀਕਤਾ ਦਾ ਯਤਨ ਕਾਫੀ ਪ੍ਰਗਟ ਹੈ।

ਗੁਰੂਘਰ ਦੀਆਂ ਤਕਰੀਬਨ ਸਾਰੀਆਂ ਅਧਿਆਤਮਕ ਕਿਰਤਾਂ ਆਪ ਦੁਆਰਾ ਸਟੀਕਿਤ ਹੋ ਚੁਕੀਆਂ ਹਨ।

**ਨਿਰੰਕਾਰ ਸਿੰਘ ਚੇਤਨ**

ਆਪ ਦਾ ਨਾਂ ਵੀ 'ਸਤਿਯੁਗ' ਨਾਮਧਾਰੀ ਸਪਤਾਹਿਕ ਦੇ ਪਿਛਲੇ ਸੰਪਾਦਕਾਂ ਵਿਚ ਸ਼ਾਮਲ ਹੈ।

**ਨੌਰੰਗ ਸਿੰਘ** (੧੯੧੦—੧੯੬੩)

ਜਨਮ ਚੱਕ ੨੪, ਤਹਿਸੀਲ ਜੜ੍ਹਾਂਵਾਲਾ, ਜ਼ਿਲਾ ਲਾਇਲਪੁਰ ਵਿਚ ਸ: ਪੂਰਨ ਸਿੰਘ ਦੇ ਘਰ ਹੋਇਆ। ਆਪਦਾ ਅਸਲ ਪਿੰਡ ਸਹੋੜਾ, ਤਹਿਸੀਲ ਖਰੜ ਜ਼ਿਲਾ ਅੰਬਾਲਾ ਹੈ। ਚੱਕ ੨੪ ਦੇ ਸਕੂਲੋਂ ਚੌਥੀ, ਚੱਕ ੫੬ ਤੋਂ ਮਿਡਲ ਤੇ ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਦਸਵੀਂ ਕਰਨ ਪਿਛੋਂ ੧੯੨੮-੩੦ ਦੇ ਵਰ੍ਹਿਆਂ ਵਿਚ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰੋਂ ਧਰਮ ਗਿਆਨ ਪ੍ਰਾਪਤ ਕੀਤਾ। ਸਿਖ ਧਰਮ ਪ੍ਰਚਾਰ ਦੇ ਸਬੰਧ ਵਿਚ ਆਪ ਮਲਾਇਆ ਗਏ, ਉਥੇ ਕੁਝ ਚਿਰ ਇਕ ਮਾਸਕ ਪਤਰ ਦੇ ਸੰਪਾਦਕ ਵੀ ਰਹੇ। ਪੌਣ ਪਾਣੀ ਦੇ ਪ੍ਰਤੀਕੂਲ ਹੋਣ ਦੇ ਕਾਰਨ ਜਲਦੀ ਹੀ ਭਾਰਤ ਆ ਗਏ। ਪ੍ਰੀਤ ਨਗਰ ਰਹਿ ਕੇ ਪੰਜਾਬੀ 'ਪ੍ਰੀਤ ਲੜੀ' ਤੇ 'ਪ੍ਰੀਤ ਸੈਨਿਕ' ਦੀ ਸੰਪਾਦਨਾ ਕਰਦੇ ਰਹੇ। ਫਰਵਰੀ ੧੯੪੭ ਵਿਚ ਆਪ ਨਵਤੇਜ ਸਿੰਘ ਸਮੇਤ ਮਲਾਇਆ ਗਏ। ਅਗਸਤ ਵਿਚ ਵਾਪਸ ਆਏ ਤਾਂ ਅਗੇ ਵੰਡ ਦੀ ਅੱਗ ਲਗੀ ਹੋਈ ਸੀ। ੧੯੫੨ ਵਿਚ ਆਪ ਅੰਬਾਲਿਓਂ ਨਿਕਲਦੀ ਚੌਧਰੀ ਛੋਟੂ ਰਾਮ ਦੀ ਜ਼ਿਮੀਂਦਾਰਾ ਪਾਰਟੀ ਦੀ ਅਖਬਾਰ ਦੇ ਸੰਪਾਦਕ ਲਗ ਗਏ। ਇਥੋਂ ਆਪਦੀ ਵਾਕਫੀਅਤ ਅੰਬਾਲਾ ਡਵੀਯਨ ਦੇ ਕਮਿਸ਼ਨਰ, ਸ੍ਰੀ ਐਮ. ਐਸ. ਰੰਧਾਵਾ ਨਾਲ ਹੋਈ ਤੇ ੧੯੫੪ ਤੋਂ ਅੰਦ ਤਕ ਡਿਵੈਲਪਮੈਂਟ ਬਲਾਕ ਵਿਚ ਸੋਸ਼ਲ ਆਰਗਨਾਈਜ਼ਰ ਲਗੇ ਹੋਏ ਹਨ। ਆਪ ਨੇ ਰੰਧਾਵਾ ਜੀ ਨਾਲ ਰਲ ਕੇ 'ਪੰਜਾਬ ਦੇ ਲੋਕ ਗੀਤ' ਨਾਂ ਦੀ ਪੁਸਤਕ ਪ੍ਰਗਟ ਕੀਤੀ। ਅੰਤ ਵੇਲੇ ਸਮਰਾਲੇ ਸਨ।

ਰਚਨਾਵਾਂ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਹਾਣੀਆਂ : ਭੁਖੀਆਂ ਰੂਹਾਂ (੧੯੪੨), ਬੋਝਲ ਪੰਡ, ਮਿਰਜ਼ੇ ਦੀ ਜੂਹ, ਅੰਨ੍ਹਾ ਖੂਹ (੧੯੫੫), ਬੂਹਾ ਖੁਲ੍ਹ ਗਿਆ (੧੯੫੮)।

ਹੋਰ : ਪੰਜਾਬ ਦੇ ਲੋਕ-ਗੀਤ (ਸਹਿ ਲੇਖਕ ਮਹਿੰਦਰ ਸਿੰਘ ਰੰਧਾਵਾ), ਮੁਢਲੀ ਬਾਲਗ ਵਿਦਿਆ (ਬਚਿਆਂ ਦੀ ਪਾਠ-ਪੁਸਤਕ), ਸੰਝ ਸਵੇਰ (ਕਵਿਤਾ)।

ਕਹਾਣੀ ਖੇਤਰ ਵਿਚ ਆਪਦਾ ਸਥਾਨ ਨਵੇਕਲਾ ਹੈ। ਪੰਜਾਬੀਅਤ, ਪੇਂਡੂ ਜ਼ਿੰਦਗੀ, ਅਮਨ, ਆਰਥਕਤਾ ਅਤੇ ਸੁਭਾਅ-ਚਿਤਰਨ ਆਪਦੀ ਕਲਾ ਦੇ ਕੁਝ ਪੱਖ ਹਨ। ਆਪਦੀ ਸ਼ੈਲੀ ਵਾਰਤਕ-ਗੁਣਾ ਦੇ ਅਨੁਕੂਲ ਹੈ।

**ਨਾਗੰਗ, ਕਿਰਪਾਲ ਸਿੰਘ** (੧੨ ਅਪਰੈਲ ੧੯੧੨—ਜੀਵਤ)

ਜਨਮ ਅੰਮ੍ਰਿਤਸਰ ਵਿਚ ਸ: ਜਵਾਲਾ ਸਿਘ ਦੇ ਘਰ ਹੋਇਆ। ਲਾਹੌਰ ਦੇ ਐਫ. ਸੀ. ਕਾਲਜੋਂ ਆਪ ਨੇ ਉਚੇਰੀ ਵਿਦਿਆ ਪ੍ਰਾਪਤ ਕੀਤੀ। ਬੀ. ਏ. (ਆਨਰਜ਼) ਅਤੇ ਐਮ. ਏ. (ਆਨਰਜ਼) ਦੇ ਇਮਤਿਹਾਨ ਵਿਚ ਆਪਨੇ ਉਚਤਮ ਰੀਕਾਰਡ ਕਾਇਮ ਕੀਤਾ। ਅਲੈਗਜ਼ੈਂਡਰ ਵਜ਼ੀਫੇ ਦੇ ਅਧੀਨ ਮੁਗਲ

ਕਾਲ ਦੀ ਇਤਿਹਾਸਕ ਖੋਜ ਕੀਤੀ। ਇਤਿਹਾਸ ਦੇ ਅਧਿਆਪਕ ਵਜੋਂ ਆਪ ਫਾਰਮਰ ਕ੍ਰਿਸਚੀਅਨ ਕਾਲਜ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਚ ਰਹੇ। ਵੰਡ ਪਿਛੋਂ ਕੁਝ ਚਿਰ ਆਪ ਦਿੱਲੀ ਦੇ ਕੈਂਪ ਕਾਲਜ ਵਿਚ ਰਹੇ ਤੇ ਰਾਮ-ਗੜ੍ਹੀਆ ਕਾਲਜ ਫਗਵਾੜਾ ਦੇ ਪ੍ਰਿੰਸੀਪਲ ਲਗ ਗਏ। ਅਠ ਵਰ੍ਹੇ ਇਥੇ ਰਹਿਣ ਪਿਛੋਂ ੧੯੫੫ ਵਿਚ ਪੰਜਾਬ ਯੂਨੀਵਰਸਿਟੀ ਦੇ ਡਿਪਟੀ ਰਜਿਸਟਰਾਰ ਤੇ ੧੯੬੧ ਵਿਚ ਰਜਿਸਟਰਾਰ ਲਗ ਗਏ। ਅਜ ਕਲ ਇਥੇ ਹੀ ਹਨ।

ਅੰਗਰੇਜ਼ੀ ਵਿਚ ਆਪਨੇ ਭਾਰਤ, ਪੰਜਾਬ, ਬਰਤਾਨੀਆ ਦੀਆਂ ਇਤਿਹਾਸ-ਪੁਸਤਕਾਂ ਅਤੇ ਸ਼ਹਿਰੀਅਤ ਸਬੰਧੀ ਪਾਠ ਪੁਸਤਕਾਂ ਲਿਖੀਆਂ ਹਨ। ਭਾਰਤ, ਪੰਜਾਬ ਸਬੰਧੀ ਰਚੀਆਂ ਇਤਿਹਾਸਕ ਪੁਸਤਕਾਂ ਦਾ ਪੰਜਾਬੀ ਰੂਪ ਵੀ ਮਿਲਦਾ ਹੈ। ਆਪ ਦੇ ਅਨੇਕਾਂ ਲੇਖ ਪੰਜਾਬੀ ਦੁਨੀਆਂ ਆਦਿ ਪਤਰਾਂ ਵਿਚ ਛਪਦੇ ਰਹੇ ਹਨ।

**ਨਾਰੰਗ, ਲਾਭ ਸਿੰਘ**

ਵੇਖੋ
ਲਾਭ ਸਿੰਘ ਨਾਰੰਗ

**ਨਿਰੰਜਨ ਸਿੰਘ ਤਾਲਿਬ** (੧੯੦੧—ਜੀਵਤ)

ਆਪਦਾ ਜਨਮ ਨਾਭੇ ਵਿਚ ਜ਼ੈਲਦਾਰ ਰਤਨ ਸਿੰਘ ਦੇ ਘਰ ਹੋਇਆ। ਸਥਾਨਕ ਸਟੇਟ ਹਾਈ ਸਕੂਲ ਚੋਂ ਦਸਵੀਂ ਕਰਨ ਪਿਛੋਂ ਆਪ ਮਹਾਰਾਜੇ ਦੇ ਨਿਜੀ ਅਮਲੇ ਵਿਚ ਨੌਕਰ ਹੋ ਗਏ। ਫਿਰ ਆਪ ਬਗਦਾਦ ਏਅਰ ਫੋਰਸ ਵਿਚ ਚਲੇ ਗਏ। ਸਾਮਰਾਜ-ਵਿਰੋਧੀ ਸਿਖ-ਲਹਿਰਾਂ ਨਾਲ ਆਪਨੂੰ ਡੂੰਘੀ ਹਮਦਰਦੀ ਸੀ, ਇਸ ਲਈ ਅੰਗਰੇਜ਼ ਸਰਕਾਰ ਨਾਲ ਮਤਭੇਦ ਹੋਣ ਕਰਕੇ ਆਪ ਫਿਰ ਨਾਭੇ ਆ ਗਏ ਤੇ ਮਹਾਰਾਜਾ ਗੁਰਚਰਨ ਸਿੰਘ ਨਾਲ ਆਪਦੀ ਸੁਲਾਹ ਹੋ ਗਈ। (ਬਗਦਾਦ ਜਾਂਦੀ ਵਾਰੀ ਆਪ ਉਹਨਾਂ ਨਾਲ ਨਾਰਾਜ਼ ਸਨ) ਇਸ ਸਮੇਂ ਮਹਾਰਾਜਾ ਸਾਹਿਬ ਨੂੰ ਗਦੀਓਂ ਉਤਾਰ ਦਿਤਾ ਗਿਆ ਸੀ। ਆਪ ੧੯੩੦ ਤਕ ਕੋਡਾਈ ਕਨਾਲ (ਡੇਹਰਾਦੂਨ) ਵਿਖੇ ਮਹਾਰਾਜਾ ਸਾਹਿਬ ਦੇ ਨਿਜੀ ਸਕਤ੍ਰ ਰਹੇ ਤੇ ਫਿਰ ਕਲਕਤੇ ਚਲੇ ਗਏ। ਇਥੋਂ ਆਪ ਨੇ 'ਦੇਸ਼ ਦਰਪਨ' ਨਾਂ ਦੀ ਅਖਬਾਰ ਜਾਰੀ ਕੀਤੀ। ਆਪਦੀਆਂ ਸਰਗਰਮੀਆਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਸਾਂਝੀਆਂ ਸਨ ਤੇ ਉਹਨਾਂ ਨੂੰ ਭਾਰਤ ਵਿਚੋਂ ਬਾਹਰ ਭੇਜਣ ਵਿਚ ਵੀ ਆਪਦਾ ਹੱਥ ਸੀ, ਇਸ ਕਰਕੇ ਛੇ ਮਹੀਨਿਆਂ ਲਈ ਆਪਨੂੰ ਬਰਤਾਨਵੀ ਸਰਕਾਰ ਦੀ ਕੈਦ ਵੀ ਕੱਟਣੀ ਪਈ। ਕੁਝ ਚਿਰ ਆਪ ਪੰਜਾਬ ਦੇ ਮੀਤ ਮੰਤਰੀ, ਪਬਲਿਕ ਵਰਕਸ ਵੀ ਰਹੇ

**ਨਿਰੰਜਨ ਸਿੰਘ ਨਾਕਿਸ** (੬ ਜਨਵਰੀ ੧੯੩੩—ਜੀਵਤ)

ਆਪਦਾ ਜਨਮ ਲਾਇਲਪੁਰ ਦੇ ਇਕ ਕੰਬੋਜ ਘਰਾਣੇ ਵਿਚ ਹੋਇਆ। ੧੯੫੦ ਵਿਚ ਆਪ ਨੇ ਗੌਰਮਿੰਟ ਹਾਈਸਕੂਲ ਸੁਲਤਾਨਪੁਰ ਲੋਧੀ (ਕਪੂਰਥਲਾ) ਤੋਂ ਦਸਵੀਂ ਕੀਤੀ। ਰਣਧੀਰ ਕਾਲਜ ਕਪੂਰਥਲਾ ਤੋਂ ਐਫ. ਏ. ਕਰਨ ਪਿਛੋਂ ਆਪ ਨੇ ੧੯੫੪ ਵਿਚ ਬੀ. ਏ. ਕਰ ਲਈ। ਫਿਰ ਆਪ ਨੇ ਬੀ. ਟੀ. ਅਤੇ ਐਮ. ਏ. ਦੇ ਇਮਤਿਹਾਨ ਵੀ ਪਾਸ ਕਰ ਲਏ। ੧੯੫੨ ਤੋਂ ਆਪ ਸਕੂਲ-ਮਾਸਟਰ ਦਾ ਕੰਮ ਕਰਦੇ ਆ ਰਹੇ ਹਨ। ਅਜ ਕਲ ਆਪ ਸਰਕਾਰੀ ਅਧਿਆਪਕ ਹਨ। ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਵਿਚ ਹਰ ਮਸਿਆ ਉਤੇ ਕਵੀ ਦਰਬਾਰ ਹੋਇਆ ਕਰਦੇ ਹਨ। ਆਪਨੇ ਇਥੋਂ ਹੀ ਆਪਣੀ ਸਾਹਿਤਕ ਜ਼ਿੰਦਗੀ ਸ਼ੁਰੂ ਕੀਤੀ ਤੇ ਕਈ ਇਨਾਮ ਪ੍ਰਾਪਤ ਕੀਤੇ। ਆਪਦੀ 'ਮੰਗਤੀ' ਨਾਂ ਦੀ ਕਵਿਤਾ ਬੜੀ ਪ੍ਰਸਿਧ ਹੋਈ ਹੈ। ਆਪ ਨੇ ਆਲ ਇੰਡੀਆ ਲਿਟਰੇਰੀ ਕੌਂਸਲ ਵਲੋਂ

ਕਰਾਏ ਗਏ ਕਵਿਤਾ-ਮੁਕਾਬਲੇ ਵਿਚ ਪਹਿਲਾ ਇਨਾਮ ਜਿਤਿਆ, ਇਸ ਦੇ ਜੱਜ ਪ੍ਰੋ: ਮੋਹਨ ਸਿੰਘ, ਸ: ਅਵਤਾਰ ਸਿੰਘ ਅਜ਼ਾਦ ਤੇ ਸ: ਸੁਰਜੀਤ ਸਿੰਘ ਸੇਠੀ ਸਨ। ੧੯੬੦-੬੧ ਵਿਚ ਆਪਨੇ ਭਾਸ਼ਾ ਵਿਭਾਗ ਦੇ ਪ੍ਰਾਂਤਕ ਮੁਕਾਬਲੇ ਵਿਚੋਂ ਪਹਿਲਾ ਇਨਾਮ ਜਿਤਿਆ।

ਆਪਦੀ ਕਵਿਤਾ ਵਿਚ ਭਾਸ਼ਨ ਗੁਣ ਦੀ ਭਰਪੂਰਤਾ ਹੈ। ਸਾਮਰਾਜ, ਸਰਮਾਏਦਾਰੀ ਅਤੇ ਬੇ-ਇਨਸਾਫੀ ਵਿਰੁਧ ਆਵਾਜ਼ ਉਠਾਉਣ ਲਈ ਆਪ ਤਤਪਰ ਰਹਿੰਦੇ ਹਨ। ਆਪ ਸਾਂਝੀ ਪੰਜਾਬੀ ਕਲਚਰ ਦੇ ਉਪਾਸ਼ਕ ਹਨ। 'ਮੁਕਤੀ' ਕਾਵਿ-ਸੰਗ੍ਰਹਿ ਛੱਪ ਚੁਕੇ ਹਨ।

ਜ਼ਿੰਦਗੀ ਦੀ ਆਤਮਾ ਮਰ ਜਾਏਗੀ,
ਕੌਣ ਗੀਤਾ ਤੇ ਭਰੋਸਾ ਕਰੇਗਾ।

—ਕਵਿਤਾ 'ਇਨਸਾਨੀਅਤ' ਚੋਂ

**ਨਰਿੰਜਨ ਸਿੰਘ ਪ੍ਰਿੰਸੀਪਲ**

ਜਨਮ ਪਿੰਡ ਹਰਿਆਲ ਜ਼ਿਲਾ ਰਾਵਲਪਿੰਡੀ ਵਿਚ ਬਖਸ਼ੀ ਗੋਪੀ ਚੰਦ ਦੇ ਘਰ ਹੋਇਆ। ਆਪਣੇ ਭਰਾ ਮਾਸਟਰ ਤਾਰਾ ਸਿੰਘ ਦੇ ਵਿਪਰੀਤ ਆਪ ਇਕਾਂਤਵਾਦੀ ਤੇ ਚੁਪ ਚੁਪਾਤੇ ਹਨ। ਆਪ ਨੈਸ਼ਨਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਵੀ ਰਹਿ ਚੁਕੇ ਹਨ। ਅਜ ਕਲ ਆਪ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਮਹਿਕਮਾ ਰਸਾਇਣ ਦੇ ਮੁਖੀ ਹਨ।

'ਪ੍ਰੇਮ ਕਣੀ' (ਨਾਵਲ) ਆਪਦੀ ਮੌਲਿਕ ਰਚਨਾ ਹੈ। ਜਦ ਕਿ 'ਸੱਤ ਪ੍ਰਾਪਤੀ ਦੇ ਯਤਨ' (ਮਹਾਤਮਾ ਗਾਂਧੀ), 'ਸਰਵਾਦਾ ਜੇਲ੍ਹ ਤੋਂ ਚਿਠੀਆਂ' ਆਦਿਕ ਪੁਸਤਕਾਂ ਆਪਦੀ ਅਨੁਵਾਦ-ਰਚਨਾ ਵਿਚ ਸ਼ਾਮਲ ਹਨ। ਆਪਣੇ ਮਾਸਕ ਪੱਤਰ 'ਨਵੀਆਂ ਕੀਮਤਾਂ' ਦਿਲੀ ਵਿਚ ਵੀ ਲੇਖ ਆਦਿਕ ਦੇਂਦੇ ਰਹਿੰਦੇ ਸਨ। ਆਪ ਇਕ ਚਿੰਤਕ ਹਨ।

ਗਾਂਧੀਵਾਦ ਆਪ ਦੀ ਵਿਚਾਰਧਾਰਾ ਹੈ।

**ਨਿਰੰਜਨ ਸਿੰਘ ਪਰਵਾਨਾ** (੧੯੩੬—ਜੀਵਤ)

ਆਪ ਜਲੰਧਰ ਨਿਵਾਸੀ ਸ: ਰਾਮ ਸਿੰਘ ਦੇ ਸਪੁਤਰ ਹਨ। ਆਪ 'ਰਣਜੀਤ' ਪਟਿਆਲਾ ਦੀ ਬਠਿੰਡਾ ਐਡੀਸ਼ਨ ਦੇ ਕਈ ਸਾਲ ਐਡੀਟਰ ਇਨਚਾਰਜ ਰਹਿ ਚੁਕੇ ਹਨ। ਅਜ ਕਲ 'ਅਜੀਤ' ਦੇ ਮੁਖ ਉਪ-ਸੰਪਾਦਕ ਹਨ।

ਆਪ ਦੀ ਜ਼ਿੰਦਗੀ ਦਾ ਨਿਸ਼ਾਨਾ ਇਕ ਚੰਗਾ ਪਤਰਕਾਰ ਬਣਨਾ ਹੈ। ਆਪ ਕਈ ਸਾਲ ਵਰਕਿੰਗ ਜਰਨਲਿਸਟ ਐਸੋਸੀਏਸ਼ਨ ਬਠਿੰਡਾ ਦੇ ਜਨਰਲ ਸੈਕਟਰੀ ਰਹੇ ਹਨ ਤੇ ਇਸ ਸਮੇਂ ਪੰਜਾਬ ਵਰਕਿੰਗ ਜਰਨਲਿਸਟ ਯੂਨੀਅਨ ਦੇ ਸੈਕਟਰੀ ਹਨ। ਆਪ ਨੂੰ ਪੰਜਾਬੀ ਦੇ ਅਗੇ-ਵਧੂ, ਸੁਲਝੇ ਹੋਏ ਤੇ ਪਰਵੀਨ ਜਰਨਲਿਸਟਾਂ ਵਿਚ ਗਿਣਿਆ ਜਾਂਦਾ ਹੈ। 'ਪੰਜਾ ਸਾਹਿਬ ਦੀ ਵਿਸਾਖੀ' ਤੇ 'ਮੇਰੀ ਪਾਕਿਸਤਾਨੀ ਯਾਤਰਾ' ਦੇ ਸਿਰ-ਲੇਖ ਹੇਠ ਆਪ ਨੇ ਕਿਸ਼ਤਵਾਰ ਲੇਖ ਲਿਖੇ ਹਨ। ਪਤਰਕਾਰੀ ਦਾ ਕੰਮ ਆਪ ਨੇ ਰੋਜ਼ਾਨਾ 'ਅਜੀਤ' ਚੋਂ ਹੀ ਸ਼ੁਰੂ ਕੀਤਾ।

ਪੰਜਾਬੀ ਵਿਚ ਕਵਿਤਾਵਾਂ ਤੇ ਲੇਖ ਲਿਖਦੇ ਹਨ। ਆਪਦੀਆਂ ਰਚਨਾਵਾਂ ਰੋਜ਼ਾਨਾ ਅਖਬਾਰਾਂ ਵਿਚ ਆਉਂਦੀਆਂ ਰਹਿੰਦੀਆਂ ਹਨ।

**ਨਿਰੰਜਨ ਸ਼ਰਮਾ ਸੇਖਾ**

ਵੇਖੋ
ਸ਼ਰਮਾ, ਨਿਰੰਜਨ, ਸੇਖਾ

**ਨਰੇਂਦਰ ਧੀਰ**

ਵੇਖੋ
ਧੀਰ ਨਰੇਂਦਰ

**ਨੂਰ, ਦਰਸ਼ਨ ਭੱਟੀ** (੧੫ ਮਾਰਚ ੧੯੩੯—ਜੀਵਤ)

ਆਪ ਨਿਹਾਲਗੜ੍ਹ (ਫਗਵਾੜਾ) ਦੇ ਨਿਵਾਸੀ ਸੁਰਗਵਾਸੀ ਸ੍ਰੀ ਬੰਤਾ ਰਾਮ ਭੱਟੀ ਦੇ ਸਪੁਤਰ ਹਨ। ਹੋਮਿਉਪੈਥੀ ਦੀ ਉਚੇਰੀ ਵਿਦਿਆ ਦੀ ਪ੍ਰਾਪਤੀ ਆਪ ਨੇ ਸਕਾਟਲੈਂਡ ਤੋਂ ਪ੍ਰਾਪਤ ਕੀਤੀ ਹੈ।

ਆਪ ਪੰਜਾਬੀ ਵਿਚ ਕਵਿਤਾਵਾਂ, ਕਹਾਣੀਆਂ ਲਿਖਦੇ ਹਨ।

**ਨੂਰ ਮੁਹੰਮਦ ਨੂਰ** (੧੭੮੨—੧੮੬੨)

ਆਪਦਾ ਜਨਮ ਜ਼ਿਲਾ ਹਿਸਾਰ, ਤਹਿਸੀਲ ਸਰਸਾ ਦੇ ਪਿੰਡ ਰਾਣੀਆਂ ਵਿਖੇ ਪ੍ਰਸਿਧ ਡਾਕੂ ਝੰਡੇ ਚੌਧਰੀ ਦੇ ਘਰ ਹੋਇਆ। ਉਹ ਸ਼ੂਣੀਹੀਨ ਸਮਾਜ ਸਥਾਪਿਤ ਕਰਨ ਲਈ ਹਿੰਸਾਤਮਕ ਕਾਰਵਾਈਆਂ ਕਰਦੇ ਸਨ, ਫਿਰ ਵੀ ਆਪਨੂੰ ਇਹ ਜ਼ਿੰਦਗੀ ਚੰਗੀ ਨਾ ਲਗੀ ਅਤੇ ਆਪ ੧੭੬੦ ਵਿਚ ਘਰ ਛਡ ਕੇ ਮਸੀਤ ਵਿਚ ਆ ਗਏ ਅਤੇ ਅਧਿਆਤਮਕ ਸਾਹਿਤ ਦਾ ਅਧਿਅਨ ਕਰਨ ਲਗ ਪਏ। ਫਿਰ ਆਪਨੇ ਬਰੇਲੀ ਆ ਕੇ ਮੁਸਲਮਾਨੀ ਰਹੁ-ਰੀਤਾਂ ਦੀ ਸਿਖਿਆ ਪ੍ਰਾਪਤ ਕੀਤੀ। ਕੁਝ ਚਿਰ ਪਿਛੋਂ ਆਪਨੇ ਹਿਸਾਰ ਜ਼ਿਲੇ ਦੇ ਪਿੰਡ ਬੇਕੜ ਵਿਚ ਆ ਕੇ ਵਿਆਹ ਕਰ ਲਿਆ। ਆਪਨੂੰ ਬੋਧੀਆਂ ਵਾਂਗ ਜਾਨਵਰਾਂ ਤੇ ਕੀੜਿਆਂ ਮਕੌੜਿਆਂ ਨਾਲ ਵੀ ਪਿਆਰ ਸੀ। ਇਕ ਵਾਰੀ ਆਪ ਲੰਮੇ ਸਫਰ ਪਿਛੋਂ ਵਾਪਸ ਆਏ ਤਾਂ ਆਪਦੀ ਪਤਨੀ ਨੇ ਗਿਲਾ ਕੀਤਾ, "ਤੁਹਾਡੇ ਪਿਛੋਂ ਇਸ ਮਝ ਬਿਨਾਂ ਕੋਈ ਸਹਾਰਾ ਨਹੀਂ ਸੀ।" ਆਪ ਨੇ ਮਝ ਵੀ ਵਢ ਦਿਤੀ। ਆਪਨੇ ਹਿਸਾਰ ਦੇ ਨਵਾਬ ਨੂੰ ਵੀ (ਵਧੇਰੇ ਪਤਨੀਆਂ ਰਖਣ ਕਾਰਨ) ਭੰਡਿਆ ਤੇ ਉਸਨੂੰ ਸਿਧੇ ਰਾਹ ਪਾਇਆ।

'ਸ਼ਹਿਬਾਜ਼ ਸ਼ਰੀਅਤ', ਨਾਂ ਦੀ ਪੁਸਤਕ ਆਪ ਨੇ ੧੮੩੫ ਵਿਚ ਮੁਕੰਮਲ ਕੀਤੀ। ਇਸਦੇ ੭੨੫੦ ਸ਼ੇਅਰ ੫੫੪ ਸਫ਼ਿਆਂ ਉਤੇ ਦਰਜ ਹਨ। ਮੌਲਵੀ ਗੁਲਾਮ ਕਬਰੀਆਂ ਦੀ ਰਚਨਾ 'ਰੰਗੀਲੀ ਬੁਲਬੁਲ' ਤੋਂ ਪਰੇਰਿਤ ਹੋ ਕੇ ਇਹ ਰਚਨਾ ਕੀਤੀ ਗਈ। ਆਬੇ-ਹਯਾਤ, ਚਰਾਗ-ਇ-ਸ਼ਰੀਅਤ, ਮੁਫਾਦ ਸ਼ਰੀਅਤ, ਖੱਤਬਾਤ ਈਦ ਆਦਿਕ ਪੁਸਤਕਾਂ ਪ੍ਰਕਾਸ਼ਿਤ ਰੂਪ ਵਿਚ ਮਿਲ ਜਾਂਦੀਆਂ ਹਨ। ਇਸ ਤੋਂ ਬਿਨਾਂ ਆਪਦੀਆਂ ੧੨ ਰਚਨਾਵਾਂ ਅਣਛਪੀਆਂ ਵੀ ਪਈਆਂ ਹਨ।

ਆਪਦੀ ਵਿਚਾਰਧਾਰਾ ਵਿਚ ਅਧਿਆਤਮਵਾਦ ਪ੍ਰਧਾਨ ਹੈ। ਇਸਨੂੰ ਆਪ ਪਿਆਰ ਤੇ ਕਲਪਨਾ ਦੀ ਸ਼ਕਤੀ ਨਾਲ ਸਾਹਿਤ ਬਣਾਉਂਦੇ ਹਨ :

ਤੂੰ ਰਖਵਾਲਾ ਫਜ਼ਲੋਂ ਉਸਦਾ,
ਜੋ ਸਿਰ ਜਫਰ ਬੁਲਾਈਂ।
ਕੁਝ ਥੋੜਾ ਪਲੇ, ਰਾਹ ਅਵੱਲੇ,
ਲਤਫੋਂ ਪਾਰ ਲੰਘਾਈ।

**ਨਿਰਮਾਣ, ਹਰਚਰਨ ਸਿੰਘ**

ਵੇਖੋ
ਹਰਚਰਨ ਸਿੰਘ ਨਿਰਮਾਣ

**ਨਰੂਲਾ, ਸੁਰਿੰਦਰ ਸਿੰਘ** (੧੯੧੯—ਜੀਵਤ)

ਜਨਮ ਅੰਮ੍ਰਿਤਸਰ ਵਿਚ ਹਕੀਮ ਜਵਾਹਰ ਸਿੰਘ ਦੇ ਘਰ ਹੋਇਆ। ਸਥਾਨਕ ਖਾਲਸਾ ਕਾਲਜੋਂ ਆਪ ਨੇ ਤਿੰਨ ਤਗਮੇ ਜਿਤਦਿਆਂ ਬੀ. ਏ. ਕੀਤੀ। ੧੯੩੮ ਵਿਚ ਆਪ ਕੇਂਦਰੀ ਸਰਕਾਰ ਦੇ ਸਕੱਤਰੇਤ ਵਿਚ ਲਗ ਪਏ, ਪਰ ਇਥੇ ਆਪਦਾ ਜੀਅ ਨਾ ਲਗਾ ਤੇ ਆਪ '੧੯੪੨ ਵਿਚ ਅੰਗ੍ਰੇਜ਼ੀ ਦੀ ਐਮ. ਏ. ਕਰਨ ਪਿਛੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅਧਿਆਪਕ

ਲਗ ਗਏ। ਕੁਝ ਚਿਰ ਆਪ ਰਾਵਲਪਿੰਡੀ ਦੇ ਖ਼ਾਲਸਾ ਕਾਲਜ ਵੀ ਰਹੇ। ਅਜ ਕਲ ਆਪ ਬਰਜਿੰਦਰਾ ਕਾਲਜ ਫਰੀਦਕੋਟ ਵਿਚ ਮਹਿਕਮਾ ਅੰਗ੍ਰੇਜ਼ੀ ਦੇ ਮੁਖੀ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਆਲੋਚਨਾ-ਸੰਪਾਦਨਾ : 'ਪੰਜਾਬੀ ਸਾਹਿਤ ਦੀ ਜਾਣ-ਪਛਾਣ' (੧੯੪੩), 'ਪੰਜਾਬੀ ਸਾਹਿਤ ਦਾ ਇਤਿਹਾਸ', (੧੯੫੩), 'ਸਾਹਿੱਤ ਸਮਾਚਾਰ', 'ਭਾਈ ਵੀਰ ਸਿੰਘ', (੧੯੫੨), 'ਪੰਜਾਬੀ ਨਾਵਲਕਾਰ', 'ਸਾਹਿੱਤਕ ਲੇਖ', ਆਦਿਕ।

ਨਾਵਲ : 'ਪਿਉ-ਪੁੱਤਰ', 'ਦੀਨ ਦੁਨੀਆਂ', 'ਨੀਲੀ ਬਾਰ', 'ਰੰਗ ਮਹੱਲ', 'ਜਗਰਾਤਾ', 'ਜਗਬੀਤ'. 'ਲੋਕ ਦੁਸ਼ਮਣ', 'ਆਪਣੇ ਪਰਾਏ', 'ਦਿਲ ਦਰਿਆ' ਆਦਿਕ।

ਕਹਾਣੀ : 'ਲੋਕ-ਪਰਲੋਕ', 'ਰੂਪ ਦੇ ਪਰਛਾਵੇਂ'।

ਇਤਿਹਾਸ : 'ਸਾਡਾ ਇਤਿਹਾਸ'।'

ਆਪ ਨੇ ਸਮਾਜਵਾਦੀ ਯਥਾਰਥਵਾਦ ਅਤੇ ਪੰਜਾਬੀ ਜ਼ਿੰਦਗੀ ਦਾ ਸੁਮੇਲ ਸਫਲਤਾ ਸਹਿਤ ਨਿਭਾ ਕੇ ਵਿਖਾਇਆ ਹੈ। ਸਾਂਝੀ ਪੰਜਾਬੀ ਕਲਚਰ ਦਾ ਵਿਸ਼ਲੇਸ਼ਨ ਆਪ ਨੇ ਵਿਗਿਆਨਕ ਲੀਹਾਂ ਉਤੇ ਕੀਤਾ ਹੈ। ਆਲੋਚਕ ਤੇ ਗਲਪਕਾਰ ਵਜੋਂ ਆਪਦਾ ਸਥਾਨ ਨਿਵੇਕਲਾ ਹੈ। ਆਪਦਾ ਚਿੰਤਨ ਮੌਲਿਕ ਗਿਣਿਆ ਜਾਂਦਾ ਹੈ।

**ਨਵਦੀਪ** (੧੦ ਜੁਲਾਈ ੧੯੩੪—ਜੀਵਤ)

ਆਪਣੇ ਪਟਵਾਰੀ ਪਿਤਾ ਸੰਗ ਆਪ ਕਾਫੀ ਚਿਰ ਪਿੰਡਾਂ ਦੀ ਕਲਚਰ ਦਾ ਅਧਿਅਨ ਕਰਦੇ ਰਹੇ। ਪਟਿਆਲੇ ਦੇ ਮਹਿੰਦਰਾ ਕਾਲਜੋਂ ਐਫ. ਏ. ਕਰਨ ਪਿਛੋਂ ਆਪ ਸਕੂਲ ਮਾਸਟਰ ਲਗ ਗਏ। ੧੯੫੧ ਤੋਂ ਹੁਣ ਤਕ ਆਪ ਗਲਪ ਦੇ ਖੇਤਰ ਵਿਚ ਸਰਗਰਮ ਹਨ। ਚਿਤਰਕਾਰੀ ਵਾਲੇ ਪਾਸੇ ਵੀ ਆਪਦਾ ਦਿਮਾਗ਼ ਤੇਜ਼ ਹੈ।

ਆਪਦੀਆਂ ਬਹੁਤ ਸਾਰੀਆਂ ਕਹਾਣੀਆਂ ਅਖਬਾਰਾਂ ਵਿਚ ਛੱਪ ਚੁਕੀਆਂ ਹਨ।

**ਨਿਵਾਜ਼** (੩ ਸਤੰਬਰ, ੧੯੩੪—ਜੀਵਤ)

ਜਨਮ ਅੰਮ੍ਰਿਤਸਰ ਵਿਖੇ ਨੂਰ ਮੁਹੰਮਦ ਹੁਰਾਂ ਦੇ ਘਰ ਹੋਇਆ। ਵਿਦਿਆ ਐਫ. ਏ. ਤਕ ਹੈ। ਵੰਡ ਪਿਛੋਂ ਲਾਹੌਰ ਆ ਟਿੱਕੇ ਅਤੇ ਉਰਦੂ ਤੇ ਪੰਜਾਬੀ ਸਾਹਿਤਕਾਰੀ ਅਤੇ ਫਿਲਮ-ਸਾਹਿਤਕਾਰੀ ਵਲ ਰੁਝ ਗਏ। ਉਰਦੂ ਅਤੇ ਪੰਜਾਬੀ ਦੇ ਰਸਾਲਿਆਂ ਵਿਚ ਆਪਦੀਆਂ ਕਾਫੀ ਪੰਜਾਬੀ ਕਹਾਣੀਆਂ ਛਪ ਚੁਕੀਆਂ ਹਨ। ਰਿਪੋਰਤਾਜ਼ ਅਤੇ ਹੌਲੇ ਲੇਖ ਲਿਖਣ ਵਿਚ ਵੀ ਮੁਹਾਰਤ ਰਖਦੇ ਹਨ। ਉਰਦੂ ਫਿਲਮ 'ਸੁਖ ਕਾ ਸਪਨਾ' ਦੇ ਵਾਰਤਾਲਾਪ ਵੀ ਆਪਨੇ ਲਿਖੇ ਹਨ। ਰੇਡੀਓ ਤੋਂ ਵੀ ਰਚਨਾਵਾਂ ਪਰਸਾਰਿਤ ਹੁੰਦੀਆਂ ਰਹਿੰਦੀਆਂ ਹਨ।

'ਡੂੰਘੀਆਂ ਸ਼ਾਮਾਂ' ਨਾਂ ਦੀ ਪੁਸਤਕ ਵਿਚ ਆਪਦੀਆਂ ਨਿਕੀਆਂ ਕਹਾਣੀਆਂ ਦਰਜ ਹਨ।

ਪਾਕਿਸਤਾਨੀ ਸਾਹਿਤਕਾਰਾਂ ਵਿਚ ਆਪਨੂੰ ਉੱਚ ਸਥਾਨ ਪ੍ਰਾਪਤ ਹੈ। ਰੁਮਾਂਚਿਕਤਾ ਆਪਦੀ ਰਚਨਾ ਦਾ ਵਿਆਪਕ ਸੁਭਾਅ ਹੈ।

**ਨਜ਼ੀਰ ਅਹਿਮਦ ਚੌਧਰੀ**

ਵੇਖੋ
ਚੌਧਰੀ ਨਜ਼ੀਰ ਅਹਿਮਦ

**ਨਾਜ਼ ਪਿਸ਼ਾਵਰੀ** (੧੯ ਫਰਵਰੀ ੧੯੩੬—ਜੀਵਤ)

ਆਪ ਪਟਿਆਲਾ—ਨਿਵਾਸੀ ਸ: ਮੋਹਨ ਸਿਘ ਉਬਰਾਏ ਦੇ ਸਪੁੱਤਰ ਅਤੇ ਲੁਧਿਆਣੇ ਦੇ ਸਰਕਾਰੀ ਮੁਲਾਜ਼ਮ ਹਨ।

ਪੰਜਾਬੀ ਅਤੇ ਉਰਦੂ ਦੇ ਰਸਾਲਿਆਂ ਅਤੇ ਸੰਗ੍ਰਹਿਾਂ ਵਿਚ ਆਪਦੀਆਂ ਕਈ ਕਹਾਣੀਆਂ ਪ੍ਰਕਾਸ਼ਿਤ ਹੋ ਚੁਕੀਆਂ ਹਨ।

## ਪ

**ਪਿਆਰਾ ਸਿੰਘ** (੧੪ ਅਗਸਤ, ੧੯੩੧—ਜੀਵਤ)

ਪਿਆਰਾ ਸਿੰਘ ਭੋਗਲ ਦਾ ਜਨਮ ਸ: ਆਤਮਾ ਸਿੰਘ ਦੇ ਘਰ ਹੋਇਆ । ਪਿੰਡ ਰੂਪੋਵਾਲ ਜ਼ਿਲਾ ਜਲੰਧਰ ਹੈ। ਛੋਟੀ ਉਮਰ ਵਿਚ ਹੀ ਨਾਨਕੇ ਪਿੰਡ ਪਲਾਹੀ ਜ਼ਿਲਾ ਕਪੂਰਥਲਾ ਵਿਚ ਆ ਗਏ । ਇਸੇ ਪਿੰਡ ਦੇ ਖਾਲਸਾ ਮਿਡਲ ਸਕੂਲ ਵਿਚ ਅਠਵੀਂ ਪਾਸ ਕੀਤੀ । ਮੈਟਰਿਕ ੧੯੪੮ ਵਿਚ ਰਾਮਗੜ੍ਹੀਆ ਹਾਈ ਸਕੂਲ ਤੋਂ, ਐਫ. ਏ. ੧੯੫੦ ਵਿਚ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਕੀਤੀ । ੧੯੫੪ ਵਿਚ ਬੀ. ਏ. ਤੇ ੧੯੫੬ ਵਿਚ ਐਮ. ਏ ਦੇ ਇਮਤਿਹਾਨ ਪ੍ਰਾਈਵੇਟ ਪਾਸ ਕੀਤੇ ।

੧੯੫੦ ਈ: ਵਿਚ ਐਫ. ਏ. ਕਰਨ ਬਾਅਦ ਰੋਜ਼ਾਨਾ ਸਮਾਚਾਰ ਪੱਤਰਾਂ ਵਿਚ ਪੱਤਰਕਾਰੀ ਸ਼ੁਰੂ ਕੀਤੀ। ਖਾਲਸਾ ਸੇਵਕ, ਪੰਥ ਸੇਵਕ, ਪ੍ਰਭਾਤ, ਅਜੀਤ ਆਦਿ ਪੰਜਾਬੀ ਤੇ ਉਰਦੂ ਦੇ ਅਖਬਾਰਾਂ ਵਿਚ ਸੰਪਾਦਨਾ ਦਾ ਕੰਮ ੧੯੫੬ ਈ: ਤਕ ਕੀਤਾ ।

ਲਿਖਣ ਦਾ ਸ਼ੌਕ ਸਕੂਲ ਵਿਚ ਹੀ ਸੀ । ਕਾਲਜ ਵਿਚ ਆ ਕੇ ਪਹਿਲੇ ਨਾਟਕ ਤੇ ਕਹਾਣੀਆਂ ਲਿਖੀਆਂ। ੧੯੪੯--੫੦ ਵਿਚ ਕਈ ਕਹਾਣੀਆਂ ਤੇ ਇਕਾਂਗੀ ਮਾਸਕ ਪੱਤਰਾਂ ਵਿਚ ਛਪੇ । ਪਹਿਲੀਆਂ ਦੋ ਕਿਤਾਬਾਂ 'ਪੰਜਾਬੀ ਕਵਿਤਾ ਦੇ ਸੌ ਸਾਲ' (ਆਲੋਚਨਾ) ਤੇ 'ਦਿਨ ਰਾਤ (ਇਕਾਂਗੀ ਸੰਗ੍ਰਹਿ) ੧੯੫੫ ਵਿਚ ਇਕੱਠੀਆਂ ਛਪੀਆਂ । ਹੁਣ ਤਕ ਨਾਟਕ ਤੇ ਕਹਾਣੀ ਦੇ ਖੇਤਰ ਵਿਚ ਕਾਫੀ ਸਰਗਰਮ ਰਹੇ ਹਨ ਉਨ੍ਹਾਂ ਨੂੰ ਨਵੀਂ ਪੀੜ੍ਹੀ ਦੇ ਕਹਾਣੀਕਾਰਾਂ, ਨਾਟਕਕਾਰਾਂ ਤੇ ਸਮੀਖਿਆਕਾਰਾਂ ਵਿਚ ਗਿਣਿਆ ਜਾਂਦਾ ਹੈ। ਹੁਣੇ ਹੁਣੇ ਉਨ੍ਹਾਂ ਨੇ ਇਕ ਨਾਵਲ ਲਿਖ ਕੇ ਪੰਜਾਬੀ ਨਾਵਲ ਦੀ ਪੱਧਰ ਨੂੰ ਉੱਚਾ ਕਰ ਦੇਣ ਦਾ ਯਤਨ ਕੀਤਾ ਹੈ।

ਹੋਰ ਪੁਸਤਕਾਂ ਇਹ ਹਨ :

ਕਹਾਣੀਆਂ : ਹਾਵ ਭਾਵ
ਪਹਿਲੀ ਵਾਰ

ਨਾਵਲ : ਤਲਵਾਰ ਦੀ ਧਾਰ

ਨਾਟਕ : ਸਿਆੜ, ਧਨ ਪਿਰ, ਪਤਵੰਤੇ, ਆਪੇ ਕਾਜ ਸਵਾਰੀਐ, ਦਿਨ ਰਾਤ, ਨਵੇਂ ਇਕਾਂਗੀ ।

**ਪਿਆਰ ਸਿੰਘ** (੮ ਸਤੰਬਰ, ੧੯੧੪—ਜੀਵਤ)

ਆਪ ਦਾ ਜਨਮ ਲਾਇਲਪੁਰ ਵਿਚ ਸ: ਗੰਗਾ ਸਿੰਘ ਦੇ ਘਰ ਹੋਇਆ । ਫਾਰਸੀ ਅਤੇ ਅਰਬ-ਸ਼ਾਸਤਰ ਦੀ ਐਮ. ਏ. ਹਨ । ਪੰਜਾਬੀ ਯੂਨੀਵਰਸਿਟੀ ਵਿਚ ਅਨੁਵਾਦ ਵਿਭਾਗ ਦੇ ਮੁਖੀ ਹਨ । ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਉਚੇਰਿਆਂ ਵਿਚ ਗਿਣੇ ਜਾਂਦੇ ਹਨ।

ਆਪਦੀਆਂ ਵਧੇਰੇ ਰਚਨਾਵਾਂ ਸਾਹਿਤਕ ਵਿਦਿਆ ਸਬੰਧੀ ਹਨ। ਕੁਝ ਕੁ ਦੇ ਨਾਂ ਇਸ ਪਰਕਾਰ ਹਨ :

(੧) ਪੰਜਾਬੀ ਲਿਖਣ ਕਲਾ, (੨) ਐਨ ਐੱਡਵਾਂ-

ਮਡ ਬੁੱਕ ਆਫ ਟ੍ਰਾਂਸਲੇਸ਼ਨ (੩) ਫਾਰਸੀ ਪੰਜਾਬੀ ਬੋਧ, (੪) ਫਾਰਸੀ ਆਮੋਜ਼, (੫) ਸਿਖਿਆ ਸਰੋਵਰ, (੬) ਯੂਸਫ਼ ਜ਼ੁਲੈਖਾਂ (੭) ਅਹਸਨੁਲ ਕਸਿੱਧ, (੮) ਪੰਜਾਬੀ ਗੱਦ--ਉਤਪਤੀ ਤੇ ਵਿਕਾਸ, (੯) ਸਾਹਿਤ ਪਰਿਚਯ, (੧੦) ਪੰਜਾਬੀ ਨਾਵਿਤਾ ਦੀ ਪਰੰਪਰਾ ਤੇ ਵਿਕਾਸ।

ਆਪ ਦਾ ਸਥਾਨ ਪਰਮੁਖ ਵਿਦਵਾਨਾਂ ਵਿਚ ਹੈ।

**ਪਿਆਰਾ ਸਿੰਘ ਦਾਤਾ** (੧੫ ਜੁਲਾਈ ੧੯੧੦—ਜੀਵਤ)

ਜਨਮ ਦਾਤਾ, ਜ਼ਿਲਾ ਰਾਵਲਪਿੰਡੀ ਵਿਚ ਗਿਆਨੀ ਰਾਮ ਸਿੰਘ ਦੇ ਘਰ ਹੋਇਆ। ੧੯੨੯ ਵਿਚ ਆਪ ਨੇ ਦਸਵੀਂ ਤੇ ਫਿਰ ਗਿਆਨੀ ਤੇ ਐਫ. ਏ. ਕੀਤੀ। ੧੯੩੦ ਵਿਚ ਆਪ ਕੁਹਮਰੀ ਕਸ਼ਮੀਰੀ ਲਾਈਨ ਉਤੇ ਟਰਾਂਸਪੋਰਟ ਦਾ ਕੰਮ ਕਰਦੇ ਰਹੇ। ੧੯੩੭ ਵਿਚ ਪ੍ਰੀਤ ਲੜੀ ਦੇ ਕਲਰਕ ਰਹੇ। ੧੯੩੮ ਵਿਚ ਆਪ ਨੇ ਰਾਵਲ ਪਿੰਡੀ ਵਿਚ ਡੇਰੀ ਖੋਲ੍ਹੀ। ੧੯੪੦ ਵਿਚ ਪ੍ਰੀਤਲੜੀ ਵਿਚ ਆ ਗਏ ਤੇ ਇਸਦੀ ਲਾਹੌਰ ਬਰਾਂਚ ਦੇ ਮੈਨੇਜਰ ਰਹੇ। ੧੯੪੬ ਵਿਚ ਆਪਨੇ ਆਪਣੀ ਕਿਤਾਬਾਂ ਦੀ ਦੁਕਾਨ 'ਨੈਸ਼ਨਲ ਬੁੱਕ ਸ਼ਾਪ' ਖੋਲ੍ਹ ਲਈ। ਅਜ ਕਲ ਦਿਲੀ ਵਿਚ ਇਸ ਦੁਕਾਨ ਦੇ ਇਲਾਵਾ 'ਨੈਸ਼ਨਲ ਪ੍ਰੈਸ ਆਫ ਇੰਡੀਆ' ਦੇ ਵੀ ਮਾਲਕ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਇਤਿਹਾਸ ਤੇ ਜੀਵਨੀ : ਸਿੱਖ ਰਾਜ ਦੇ ਆਖਰੀ ਚਿੰਨ੍ਹ, ਜੀਵਨ ਕਾਰਲ ਮਾਰਕਸ, ਜੀਵਨ ਕਹਾਣੀ ਪੰਡਤ ਜਵਾਹਰ ਲਾਲ ਨਹਿਰੂ, ਨੇਤਾ ਜੀ ਸੁਭਾਸ਼ ਚੰਦਰ ਬੋਸ, ਮਹਾਰਾਜਾ ਦਲੀਪ ਸਿੰਘ, ਸਿੱਖ ਰਾਜ ਦੇ ਖੂਨੀ ਪਤਰੇ, ਸਿੱਖ ਸ਼ਹੀਦ, ਇਨਕਲਾਬੀ ਯੋਧਾ ਗੁਰੂ ਗੋਬਿੰਦ ਸਿੰਘ ਜੀ, ੧੯੪੨ ਦੇ ਬਾਗ਼ੀ ਇਨਕਲਾਬੀ, ਪਰਵਾਨੇ, ਸ਼ਹੀਦ ਦੇਵੀ ਆਦਿਕ।

ਵਿਦਿਆ ਬਾਰੇ : ਵਰਤਮਾਨ ਪੰਜਾਬੀ ਬਾਲ ਬੋਧ, ਵਰਤਮਾਨ ਚਿੱਠੀ ਪੱਤਰ ਆਦਿਕ।

ਜੀਵਨ-ਚੱਜ ਬਾਰੇ : ਨਰੋਆ ਜੀਵਨ, ਇਸਤਰੀ ਸਿਖਿਆ ਸੁਹਾਗ ਸਿਖਿਆ।

ਕਹਾਣੀ-ਸੰਗ੍ਰਹਿ : ਮਾਂਗਵੇ ਖੰਭ (ਅਨੁਵਾਦ), ਹਿੰਦੀ ਮਹਾਂ-ਪੁਰਸ਼ਾਂ ਦੇ ਪ੍ਰੇਮ ਚਿਤ੍ਰ, ਬਦੇਸ਼ੀ ਮਹਾਂ ਪੁਰਸ਼ਾਂ ਦੇ ਪ੍ਰੇਮ-ਚਿਤਰ, ਮਹਾਂ ਪੁਰਸ਼ਾਂ ਦੇ ਦੁਖਾਂਤ ਚਿੱਤਰ, ਮੇਰੀ ਪਹਿਲੀ ਪ੍ਰੀਤ।

ਹਾਸ ਰਸ : ਅਪ੍ਰੈਲ ਫੂਲ, ਅਕਬਰ ਬੀਰਬਲ, ਦੁਰਗੱਤੀਆਂ, ਆਕਾਸ਼ ਬਾਣੀ, ਜ਼ਿੰਦਾ ਸ਼ਹੀਦ, ਵਿਨੋਦ, ਆਪ ਬੀਤੀਆਂ, ਸ਼ਕਰਪਾਰੇ।

ਨਾਵਲ : ਲਛਮੀ, ਧਰਤੀ ਲਾਲੋ ਲਾਲ (ਅਨੁਵਾਦ)।

ਆਪਦੇ ਹਾਸਰਸ ਦੇ ਲੇਖ ਧਰਮ ਯੁਗ, ਹਿੰਦੁਸਤਾਨ ਸਪਤਾਹਿਕ ਤੇ ਦੈਨਿਕ ਹਿੰਦੁਸਤਾਨ ਆਦਿ ਵਿਚ ਵੀ ਆਮ ਛਪਦੇ ਰਹਿੰਦੇ ਹਨ।

**ਪਾਹੂਜਾ, ਜਗਮੋਹਨ ਸਿੰਘ** (੧੫ ਜੁਲਾਈ, ੧੯੪੦—ਜੀਵਤ)

ਆਪ ਫਰੀਦਾਬਾਦ ਨਿਵਾਸੀ ਸ੍ਰੀ ਰਾਜਿੰਦਰ ਸਿੰਘ ਦੇ ਸਪੁਤਰ ਹਨ। ਹਿੰਦੂ ਕਾਲਜ ਸੋਨੀਪਤ ਦੇ ਪਤਰ ਦੇ ਪੰਜਾਬੀ ਸੰਪਾਦਕ ਰਹਿ ਚੁਕੇ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਪਾਠਕ, ਸੋਹਨ ਲਾਲ** (੭ ਜਨਵਰੀ ੧੮੮੩—.....)

ਆਪਦਾ ਜਨਮ ਪੱਟੀ ਪੰਡਤ ਰਾਮ ਚੰਦ ਦੇ ਘਰ ਹੋਇਆ। ਬੀ. ਏ. ਕਰਨ ਪਿਛੋਂ ਆਪ ਡੀ. ਏ. ਵੀ ਕਾਲਜ ਲਾਹੌਰ ਵਿਚ ਪ੍ਰੋਫੈਸਰ ਲਗ ਗਏ। ਲਾਲਾ

ਲਾਜਪਤ ਰਾਏ ਨੇ ਆਪਣੀ ਲੜਕੀ ਦੀ ਪੜ੍ਹਾਈ ਲਈ ਆਪਨੂੰ ਨਿਯੁਕਤ ਕੀਤਾ ਸੀ। ਜਦ ਲਾਲਾ ਜੀ ਨੂੰ ਦੇਸ ਨਿਕਾਲਾ ਦੇ ਕੇ ਬਰਮਾ ਵਿਚ ਭੇਜ ਦਿਤਾ ਗਿਆ ਤਾਂ ਆਪਨੇ ਜ਼ੋਰਦਾਰ ਰੋਸ ਕੀਤਾ। ਦਸਿਆ ਜਾਂਦਾ ਹੈ ਕਿ ਲਾਲਾ ਜੀ ਨੂੰ ਹੋਰ ਵੀ ਇਨਕਲਾਬੀ ਬਣਾਉਣ ਵਿਚ ਆਪਦਾ ਖਾਸ ਹਿੱਸਾ ਸੀ । ਜਦ ਸੀ. ਆਈ. ਡੀ. ਪਿਛੇ ਪੈ ਗਈ ਤਾਂ ਪਾਠਕ ਜੀ ਸਿਆਮ ਚਲੇ ਗਏ ਤੇ ਜਾ ਕੇ ਕਪੜੇ ਦਾ ਵਪਾਰ ਕਰਨ ਲਗ ਪਏ। ਫਿਰ ਮਨੀਲਾ ਤੇ ਹਾਂਗ ਕਾਂਗ ਥਾਣੀ ਹੁੰਦੇ ਅਮਰੀਕਾ ਆ ਗਏ ਤੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ। ਆਪ ਇਨਕਲਾਬੀ ਵਿਚਾਰਾਂ ਨਾਲ ਸ਼ਸਤਰ-ਬੱਧ ਹੋ ਕੇ ਸਿਆਮ ਤੇ ਬਰ੍ਹਮਾ ਵਲ ਦੀ ਵਾਪਸ ਆਏ। ਰਾਹ ਵਿਚ ਭਾਰਤੀਆਂ ਨੂੰ ਜਥੇਬੰਦ ਕਰਦੇ ਗਏ । ਪਰੋਗਰਾਮ ਇਹ ਬਣਾਇਆ ਗਿਆ ਕਿ ਭਾਰਤ ਵਿਚ ਗੱਦਰ ਹੋ ਜਾਣ ਦੀ ਸੂਰਤ ਵਿਚ ਬਰ੍ਹਮਾ ਉਤੇ ਕਬਜ਼ਾ ਕਰ ਲਿਆ ਜਾਵੇ। ਪਰ ਅੰਗਰੇਜ਼ਾਂ ਨੂੰ ਇਸ ਯੋਜਨਾ ਦਾ ਪਤਾ ਲਗ ਗਿਆ ਤੇ ਉਨ੍ਹਾਂ ਪਾਠਕ ਜੀ ਨੂੰ ਗ੍ਰਿਫਤਾਰ ਕਰਕੇ ਫਾਂਸੀ ਦੇ ਦਿਤੀ।

ਆਪ ਨੇ ਅੰਗਰੇਜ਼-ਵਿਰੋਧੀ ਇਨਕਲਾਬੀ ਕਵਿਤਾਵਾਂ ਰਚੀਆਂ :

ਜੰਗ ਛਿੜ ਪਿਆ ਜਰਮਨ ਅੰਗ੍ਰੇਜ਼ ਵਾਲਾ,
ਮਹਾਂ ਜੁੱਧ ਭਾਰੀ ਆਲਮਗੀਰ ਲੋਕੋ।
ਮਾਰਨ ਆ ਗਿਆ ਵੈਰੀ ਨੂੰ ਹੋਰ ਕੋਈ,
ਰਬੋਂ ਖੁਲ੍ਹ ਪਈ ਸਾਡੀ ਤਕਦੀਰ ਲੋਕੋ।
ਦਿਤਾ ਰੱਬ ਨੇ ਬੜਾ ਸੁਨਹਿਰੀ ਮੌਕਾ,
ਉਠੋ ਮੁਰਦਿਓ ਖਾ ਲਵੋ ਖੀਰ ਲੋਕੋ।
ਗੋਰੇ ਲਗਦੇ ਕੀ ਸਾਡੇ, ਹਰਾਮਜ਼ਾਦੇ,
ਫੜਕੇ ਕਰ ਸਿੱਟੋ, ਹੁਣ ਲੀਰ ਲੀਰ ਲੋਕੋ।

**ਪਾਠਕ, ਯਸ਼ ਕਮਲ** (੧੭ ਫਰਵਰੀ ੧੯੩੭--ਜੀਵਤ)

ਬਟਾਲੇ ਦੇ ਅਖਬਾਰੀ ਨੁਮਾਇੰਦੇ ਹਨ । ਪੰਜਾਬੀ ਵਿਚ ਕਹਾਣੀਆਂ, ਲੇਖ ਆਦਿਕ ਲਿਖਦੇ ਰਹਿੰਦੇ ਹਠ ।

ਪੱਤਰਕਾਰੀ ਵਿਚ ਵਧੇਰੇ ਸਰਗਰਮ ਹਨ।

**ਪੱਡਾ, ਦਲਜੀਤ ਸਿੰਘ** (੧੦ ਜਨਵਰੀ ੧੯੩੮—ਜੀਵਤ)

ਆਪ ਪਿੰਡ ਖੋਜਲਾ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ: ਤਾਰਾ ਸਿੰਘ ਪੱਡਾ ਦੇ ਸਪੁਤਰ ਹਨ। ਵਿਦਿਆ ਐਫ. ਏ. ਤਕ ਹੈ। ਸਰਕਾਰੀ ਮੁਲਾਜ਼ਮ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਪ੍ਰੀਤ ਇੰਦਰ ਪਾਲ ਸਿੰਘ ਅਰਸ਼ੀ** (੮ ਦਸੰਬਰ ੧੯੪੨—ਜੀਵਤ)

ਆਪ ਨਾਭਾ ਨਿਵਾਸੀ ਸ੍ਰੀ ਸ. ਸ. ਜੋਸ਼ਨ ਦੇ ਸਪੁਤਰ ਹਨ।

ਪੰਜਾਬੀ ਵਿਚ ਨਿਰੋਲ ਵਾਰਤਕ ਲਿਖਦੇ ਹਨ ।

**ਪ੍ਰੀਤਮ ਸਿੰਘ** (——ਜੀਵਤ)

ਆਪਦਾ ਜਨਮ ਗੁਜਰਾਂ ਵਾਲਾ ਵਿਚ ਸ: ਜਵੰਦ ਸਿੰਘ ਦੇ ਘਰ ਹੋਇਆ। ਐਮ. ਏ. ਪੰਜਾਬੀ, ਐਮ. ਏ. ਭੂਗੋਲ, ਬੀ. ਐਸ-ਸੀ, ਗਿਆਨੀ ਆਦਿਕ ਯੋਗਤਾਵਾਂ ਆਪਦੀ ਸ਼ਖਸੀਅਤ ਵਿਚ ਕਲਾ ਤੇ ਵਿਗਿਆਨ ਦਾ ਸੁਮੇਲ ਕਰਦੀਆਂ ਹਨ । ੧੯੪੮ ਤੋਂ ੬੨ ਤਕ ਵਖ ਵਖ ਕਾਲਜਾਂ ਵਿਚ ਲੈਕਚਰਾਰ ਰਹੇ। ਅਜ ਕਲ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵਿਚ ਵਿਕਾਸ ਅਫਸਰ ਰਨ ।

ਅੱਧੀ ਦਰਜਨ ਭੂਗੋਲ ਪੁਸਤਕਾਂ (ਅੰਗ੍ਰੇਜ਼ੀ, ਪੰਜਾਬੀ) ਦੇ ਇਲਾਵਾ ਪੰਜਾਬੀ ਬਾਰਾਂ ਮਾਂਹ, ਪੰਜਾਬੀ ਸ਼ਬਦ

ਜੋੜ ਕੋਸ਼, ਆਦਿਕ ਸੰਪਾਦਨ ਕਿਰਤਾਂ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ।

ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਪੁਸਤਕ ਪੰਜਾਬੀ ਸਾਹਿਤ ਦਾ ਇਤਿਹਾਸ ਵਿਚ ਆਪਦੇ ਲੇਖ ਦਾ ਵਿਸ਼ੈ ਪੰਜਾਬੀ ਵੀਰ ਕਾਵਿ ਅਤੇ ਵਾਰ ਹੈ।

ਆਪਦਾ ਸਥਾਨ ਵਿਦਵਾਨਾਂ ਵਿਚ ਹੈ।

**ਪ੍ਰੀਤਮ ਸਿੰਘ** (੧੯੧੮—ਜੀਵਤ)

ਬਚਪਨ ਤੋਂ ਹੀ ਆਪ ਵਿਦਵਤਾ ਵਲ ਝੁਕਾ ਰਖਦੇ ਆਏ ਹਨ। ਦੁਆਬਾ ਕਾਲਜ ਜਲੰਧਰ, ਸਿੱਖ ਨੈਸ਼ਨਲ ਕਾਲਜ ਲਾਹੌਰ, ਰਾਮ ਜੱਸ ਕਾਲਜ ਦਿੱਲੀ ਆਦਿ ਸੰਸਥਾਵਾਂ ਵਿਚ ਅਧਿਆਪਕ ਰਹਿਣ ਪਿਛੋਂ ਆਪ ਪੰਜਾਬ ਯੂਨੀਵਰਸਿਟੀ ਦੇ ਪ੍ਰਕਾਸ਼ਨ-ਬਿਉਰੋ (ਪਬਲੀਕੇਸ਼ਨ ਬੀਓਰੋ) ਵਿਚ ਸੰਪਾਦਕ (ਪੰਜਾਬੀ) ਲਗ ਗਏ। ਕੁਝ ਦੇਰ ਪਿਛੋਂ ਮਹਿੰਦਰਾ ਕਾਲਜ ਪਟਿਆਲਾ ਵਿਚ ਚਲੇ ਗਏ, ਜਿਥੇ ਅਜ ਕਲ ਪੰਜਾਬੀ ਵਿਭਾਗ ਦੇ ਮੁਖੀ ਹਨ। ਸਾਹਿਤ ਅਕਾਦਮੀ ਦਿੱਲੀ ਅਤੇ ਪੰਜਾਬੀ ਸਾਹਿਤ ਸਭਾਵਾਂ ਵਿਚ ਆਪਨੂੰ ਅਹਿਮ ਥਾਵਾਂ ਪ੍ਰਾਪਤ ਹਨ। ਪੰਜਾਬ ਯੂਨੀਵਰਸਿਟੀ ਦੀ ਰਾਜਨੀਤੀ ਵਿਚ ਆਪ ਸਰਗਰਮ ਹਿੱਸਾ ਲੈਂਦੇ ਹਨ ਅਤੇ ੧੯੬੧ ਤੋਂ ਇਸ ਦੇ ਸੈਨਿਟਰ ਹਨ।

ਪੰਜਾਬੀ ਵਿਚ ਆਪਦਾ ਸਥਾਨ ਖੋਜੀ ਅਤੇ ਅਧਿਆਪਕ ਵਜੋਂ ਹੈ। 'ਹਾਸ਼ਮ ਬਾਰੇ', 'ਗੁਰਮੁਖੀ ਲਿੱਪੀ', 'ਪੰਜਾਬੀ ਕਾਵਿ-ਧਾਰਾ', 'ਪਾਰਸ ਭਾਗ', 'ਸਿੱਖਾਂ ਦੇ ਰਾਜ ਦੀ ਵਿਥਿਆ' 'ਕਿੱਸਾ ਸ਼ਾਹ ਬਹਿਰਾਮ (ਇਮਾਮ ਬਖਸ਼) 'ਸੰਖੇਪ ਰਚਨਾ', 'ਪੰਜਾਬੀ ਕਾਵਿ-ਅਲੰਕਾਰ', 'ਸੋਚ ਵਿਚਾਰ', 'ਭਾਵ-ਚਿੱਤਰ', 'ਦਸ ਲੇਖ', 'ਗੱਦ ਪਰਵੇਸ਼' 'ਐਫ. ਏ. ਪਾਸ', ਆਦਿਕ ਵਿਦਿਆਕਾਰਕ, ਸੰਪਾਦਿਤ-ਖੋਜਕਾਰਕ ਅਤੇ ਸਹਾਇਕ ਪੁਸਤਕਾਂ ਆਪਦੀ ਰਚਨਾ ਵਿਚ ਸ਼ਾਮਲ ਹਨ।

ਆਪ ਨੂੰ ਬੁਧੀਮਾਨ ਆਲੋਚਕਾਂ ਵਿਚ ਗਿਣਿਆ ਜਾਂਦਾ ਹੈ।

**ਪ੍ਰੀਤਮ ਸਿਘ** (-੧੯੪੪-)

ਆਪ ਪ੍ਰੀਤ ਲਹਿਰ ਨਾਲ ਸਬੰਧਤ ਹਨ। ਸਾਡਾ ਪਰਧਾਨ (ਜੀਵਨੀ), ਸੁਖਾਵੀਂ ਤੇ ਸੁਚੱਜੀ ਜ਼ਿੰਦਗੀ (ਜੀਵਨ-ਕਲਿਆਨ), ਜਨਤਾ ਅਮਰ ਹੈ (ਕਹਾਣੀ-ਸੰਗ੍ਰਹਿ) ਬਾਗ਼ੀ ਯੁਵਰਾਜ (ਨਾਟਕ) ਆਦਿਕ ਪੁਸਤਕਾਂ ਆਪਦੀ ਰਚਨਾ ਦਾ ਵਿਸ਼ੇਸ਼ ਭਾਗ ਹਨ।

ਆਪ ਇਕ ਅਗਰਗਾਮੀ ਸਾਹਿਤਕਾਰ ਹਨ।

**ਪ੍ਰੀਤਮ ਸਿੰਘ, ਸਫੀਰ** (੧੯੧੬—ਜੀਵਤ)

ਆਪਦਾ ਜਨਸ ਮੱਲਪੁਰ ਜ਼ਿਲਾ ਰਾਵਲਪਿੰਡੀ ਵਿਖੇ ਸ: ਮਹਿਤਾਬ ਸਿੰਘ ਦੇ ਘਰ ਹੋਇਆ। ੧੯੩੧ ਵਿਚ ਖਾਲਸਾ ਹਾਈ ਸਕੂਲ ਤਰਨ ਤਾਰਨੋਂ ਦਸਵੀਂ, ੧੯੩੫ ਵਿਚ ਖਾਲਸਾ ਕਾਲਜ ਅੰਮ੍ਰਿਤਸਰੋਂ ਬੀ. ਏ. ਤੇ ਫਿਰ ਲਾਅ ਕਾਲਜ ਲਾਹੌਰੋਂ ਐਲ. ਐਲ. ਬੀ. ਕਰਨ ਪਿਛੋਂ ਆਪ ਨੇ ਵਕਾਲਤ ਸ਼ੁਰੂ ਕਰ ਦਿਤੀ। ਵੰਡ ਪਿਛੋਂ ਆਪ ਦਿੱਲੀ ਆ ਕੇ ਸੁਪਰੀਮ ਕੋਰਟ ਦੇ ਵਕੀਲ ਬਣ ਗਏ। ਆਪ ਜਥੇਬੰਦਕ ਸਰਗਰਮੀਆਂ ਤੋਂ ਪਰੇ ਰਹਿੰਦੇ ਹਨ। ਆਪ ਨੇ ੧੯੩੦ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ ਤੇ ੧੯੩੮ ਵਿਚ ਆਪਦਾ ਪਹਿਲਾ ਕਾਵਿ-ਸੰਗ੍ਰਹਿ 'ਕਤਕ ਕੂੰਜਾਂ' ਪ੍ਰਕਾਸ਼ਿਤ ਹੋਇਆ। ਫਿਰ ਉਪਰਥਲੀ ਆਪਦੇ ਕਾਵਿ-ਸੰਗ੍ਰਹਿ ਪਾਪ ਦਾ ਸੋਹਿਲਾ, ਰਕਤ ਬੂੰਦਾਂ, ਅਤੇ ਰੰਗ ਰਿਸ਼ਮਾਂ ਛਪ ਗਏ। ਸਫੀਰ ਜੀ ਦੀ ਕਵਿਤਾ ਨੂੰ ਕਵੀ ਨੇ ਆਪ, ਸ: ਸੰਤ ਸਿੰਘ ਸੇਖੋਂ ਅਤੇ ਸ: ਕਰਤਾਰ ਸਿੰਘ ਦੁੱਗਲ ਨੇ ਵਖੋ ਵਖ ਪੁਸਤਕਾਂ ਵਿਚ ਸੰਪਾਦਿਤ ਕੀਤਾ ਹੈ। ਆਪਦਾ ਸੰਗ੍ਰਹਿ 'ਆਦਿ ਜੁਗਾਦਿ' ੧੯੫੯

ਵਿਚ ਪ੍ਰਕਾਸ਼ਿਤ ਹੋਇਆ ਹੈ।

ਆਪਦੀ ਕਵਿਤਾ ਪੰਜਾਬੀ ਵਿਚ ਬਹੁਤ ਥੋੜ੍ਹੇ ਲੋਕਾਂ ਨੂੰ ਸਮਝ ਆ ਸਕਣ ਦੇ ਯੋਗ ਹੈ । ਆਪ ਜਥੇਬੰਦਕ ਸਮਾਜਵਾਦੀ ਕ੍ਰਾਂਤੀ ਦੇ ਹੱਕ ਵਿਚ ਹਨ ਅਤੇ ਮਨੁਖ ਦੀ ਕਰਤਾਰਤਾ ਨੂੰ ਜ਼ਾਇਆ ਹੁੰਦਿਆਂ ਵੇਖਕੇ ਚਿੰਤਤ ਹੁੰਦੇ ਹਨ । ਗੁਰਬਾਣੀ ਦੀ ਪ੍ਰਮਾਣੀਕਤਾ ਆਪਦੀ ਵਿਚਾਰਧਾਰਾ ਵਿਚ ਰਚੀ ਹੋਈ ਹੈ । ਆਖਿਆ ਜਾਂਦਾ ਹੈ ਕਿ ਆਪਦੀ ਕਲਪਨਾ ਜਨਸਾਧਾਰਨ ਦੀ ਸਮਝ ਨੂੰ ਪਿਛੇ ਛਡ ਜਾਂਦੀ ਹੈ ਜਿਸ ਕਾਰਨ ਲੇਖਕ-ਪਾਠਕ ਵਿਥ ਵਧ ਜਾਂਦੀ ਹੈ। ਆਪਦੀ ਬੋਲੀ ਕੇਂਦਰੀ ਤੇ ਸ਼ਬਦ ਪਰਯੋਗਾਂ, ਸੰਕੇਤਾਂ ਤੇ ਮੁਹਾਵਰਿਆਂ ਨਾਲ ਭਰਪੂਰ ਹੈ । ਆਪਦੀ ਕਵਿਤਾ ਦੀ ਪਰੇਰਨਾ ਸ਼ਕਤੀ ਪਿਆਰ ਹੈ ।

ਮੰਨੂੰ ਦੇ ਪੈਰੋਕਾਰ,
ਕਣਕ ਨੂੰ ਭੁੰਨ ਭੁੰਨ ਕੇ
ਕਾਲੇ ਕਾਲੇ ਵਾਲਾਂ ਨੂੰ ਚਿੱਟਾ ਬਣਾ ਦੇਂਦੇ ਹਨ :
ਚਾਹ ਦੇ ਵਿਚ ਖੰਡ,
ਮੈਂ ਹੋਰ ਖੰਡ ਕਿਉਂ ਪਾਵਾਂ;
ਤੇਰੇ ਬਗ਼ੈਰ ਜ਼ਿੰਦਗੀ ਫਿਕੀ ਹੈ ।

**ਪ੍ਰੀਤਮ ਸਿੰਘ ਕਾਸਿਦ** (੫ ਸਤੰਬਰ ੧੯੨੩—ਜੀਵਤ)

ਜਨਮ ਗਾਰ, ਜ਼ਿਲਾ ਜਿਹਲਮ ਵਿਚ ਦਫੇਦਾਰ ਗੋਦੜ ਸਿੰਘ ਦੇ ਘਰ ਮਾਤਾ ਭਾਗਵੰਤੀ ਦੀ ਕੁੱਖੋਂ ਹੋਇਆ । ਸਥਾਨਕ ਸਕੂਲੋਂ ਚੌਥੀ, ਨਨਕਾਣੇ ਦੇ ਸ੍ਰੀ ਗੁਰੂ ਨਾਨਕ ਖਾਲਸਾ ਹਾਈ ਸਕੂਲੋਂ ਦਸਵੀਂ ਤੇ ਫ਼ਿਰ ਆਪਨੇ ਵਾਇਆ ਬਠਿੰਡਾ ਬੀ. ਏ. ਕੀਤੀ । ਗਿਆਨੀ ਦੀ ਪ੍ਰੀਖਿਆ ਚੋਂ ਪੰਜਾਬ ਵਿਚ ਫਸਟ ਕਲਾਸ ਸੈਕੰਡ ਰਹੇ । ਵੰਡ ਤੋਂ ਪਹਿਲਾਂ ਆਪ ਚਮਨ ਵਿਚ ਇਕ ਕੰਪਨੀ ਦੇ ਮੈਨੇਜਰ ਸਨ । ਅਜ ਕਲ ਦਿੱਲੀ ਵਿਚ ਕੇਂਦਰੀ ਸਰਕਾਰ ਦੇ ਕਰਮਹਾਰੀ ਹਨ ।

'ਆਜ਼ਾਦੀ ਦੀ ਵੇਦੀ ਤੇ', 'ਜਾਗ ਮਨੁਖਤਾ ਜਾਗ', 'ਕੇਸਰੀ ਨਿਸ਼ਾਨ' ਆਪਦੇ ਤਿੰਨ ਕਾਵਿ-ਸੰਗ੍ਰਹਿ ਹਨ । 'ਨੀਲਮ ਤੇ ਨਿਸ਼ੀ' ਨਾਂ ਦੀ ਪੁਸਤਕ ਵਿਚ ਆਪਦੀਆਂ ਕਹਾਣੀਆਂ ਦਰਜ ਹਨ । ਮਾਸਕ ਪਤਰਾਂ ਵਿਚ ਛਪੀਆਂ ਰਚਨਾਵਾਂ ਵੀ ਆਪਦੀ ਘਾਲਣਾ ਦਾ ਹਿੱਸਾ ਹਨ ।

ਆਪ ਦੀ ਕਵਿਤਾ ਵਿਚ ਸਟੇਜੀ ਵਿਚਾਰਸ਼ੀਲਤਾ ਹੈ । ਧਾਰਮਕ ਤੇ ਦੁਨਿਆਵੀ ਦੋਵੇਂ ਰੰਗ ਪਰਧਾਨ ਹਨ ।

**ਪ੍ਰੀਤਮ ਸਿੰਘ ਚਾਹਿਲ**

ਵੇਖੋ
ਚਾਹਿਲ, ਪ੍ਰੀਤਮ ਸਿੰਘ

**ਪ੍ਰੀਤਮ ਸਿੰਘ ਪੰਛੀ**

ਆਪ ਪ੍ਰੀਤ ਲਹਿਰ ਨਾਲ ਸਬੰਧਿਤ ਇਕ ਸਰਗਰਮ ਵਿਅਕਤੀ ਰਹੇ ਹਨ ।

'ਕੋਲੋਂ ਤਕਿਆ ਲੈਨਿਨ' (ਜੀਵਨੀ), 'ਨੰਗੀਆਂ ਕਬਰਾਂ' (ਕਹਾਣੀਆਂ), 'ਗੋਰਕੀ ਦੀ ਡਾਇਰੀ' (ਵਾਰਤਕ), 'ਸ਼ਹੀਦੀ ਜੀਵਨ' (ਇਤਿਹਾਸ), 'ਬਾਈਵੀਂ ਸਦੀ' (ਅਨੁਵਾਦਿਤ ਨਾਵਲ) ਆਦਿਕ ਪੁਸਤਕਾਂ ਆਪਦੀ ਘਾਲਣਾ ਦਾ ਵਰਨਣ ਯੋਗ ਭਾਗ ਹਨ । (ਵੇਖੋ ਅੰਤਿਕਾ)

**ਪ੍ਰੀਤਮ ਸਿੰਘ ਪਰਵਾਨਾ** (੮ ਮਾਰਚ, ੧੯੨੮—ਜੀਵਤ)

ਜਨਮ ਪਿੰਡ ਨਿਜ਼ਾਮਪੁਰ ਚੱਕ ਆਰ. ਬੀ. ਡਾਕਖਾਨਾ ਚੱਕ ੮੨, ਜ਼ਿਲਾ ਸ਼ੇਖੂਪੁਰੇ ਵਿਖੇ ਸ: ਪਰਤਾਪ ਸਿਘ ਦੇ ਘਰ ਮਾਤਾ ਗਿਆਨ ਕੌਰ ਦੇ ਉਦਰ ਤੋਂ ਹੋਇਆ । ਆਪਦੀ ਜਵਾਨੀ ਦੇ ਪਹਿਲੇਰੇ ਸਾਲ ਜਦੋ ਜਹਿਦ ਅਤੇ ਵਿਸ਼ਾਦ ਵਿਚ ਲੰਘੇ । ੧੯੫੩

ਵਿਚ ਗਿਆਨੀ ਤੇ ਫਿਰ ਬੀ. ਏ. ਕਰਨ ਪਿਛੋਂ ੧੯੫੮ ਵਿਚ ਖਾਲਸਾ ਕਾਲਜ ਅੰਮ੍ਰਿਤਸਰੋਂ ਬੀ. ਟੀ. ਕਰ ਲਈ। ਅਜ ਕਲ ਫ਼ਤਹਿਪੁਰ ਹਾਈ ਸਕੂਲ ਦੇ ਮੁਖ ਅਧਿਆਪਕ ਹਨ।

ਆਪ ਦੀਆਂ ਕਵਿਤਾਵਾਂ, ਰਸਾਲਿਆਂ ਤੇ ਅਖਬਾਰਾਂ ਵਿਚ ਛਪੀਆਂ ਮਿਲਦੀਆਂ ਹਨ। ਵਿਚਾਰਧਾਰਾ ਆਪਦੀ ਅਗਰਗਾਮੀ ਹੈ।

**ਪ੍ਰੀਤਮ ਸਿੰਘ ਭਾਟੀਆ**

ਵੇਖੋ
ਭਾਟੀਆ, ਪ੍ਰੀਤਮ ਸਿੰਘ

**ਪ੍ਰੀਤਮ ਸਿੰਘ ਰਾਹੀ** (੩੦ ਅਕਤੂਬਰ ੧੯੩੬—ਜੀਵਤ)

ਜਨਮ ਬਰਨਾਲੇ ਵਿਚ ਸ: ਲਾਲ ਸਿੰਘ ਰੁਪਾਲ ਦੇ ਘਰ ਸੰਤ ਕੌਰ ਜੀ ਦੀ ਕੁਖੋਂ ਹੋਇਆ। ਸਰਕਾਰੀ ਸਕੂਲ ਵਿਚ ਅਠਵੀਂ ਦੇ ਵਿਦਿਆਰਥੀ ਸਨ ਜਦੋਂ ਕਿ ਕੁਸੰਗਤ ਦੇ ਪ੍ਰਭਾਵ ਹੇਠਾਂ ਦੁਰਾਚਾਰ ਦੇ ਸ਼ਿਕਾਰ ਹੋ ਗਏ। ਫ਼ਿਰ ਸਾਧੂਪੁਣੇ ਰਾਹੀਂ ਹੁੰਦੇ ਹੋਏ ਤਿੰਨਾਂ ਕੁ ਵਰ੍ਹਿਆਂ ਬਾਅਦ ਘਰ ਆ ਗਏ। ੧੯੫੫ ਵਿਚ ਦਸਵੀਂ ਕਰਨ ਪਿਛੋਂ ਆਪਨੇ ਵੈਦਾਚਾਰੀਆ, ਗਿਆਨੀ ਪ੍ਰਭਾਕਰ, ਬੀ. ਏ. ਦੀਆਂ ਯੋਗਤਾਵਾਂ ਵੀ ਕਮਾਈਆਂ। ਉਰਦੂ, ਬੰਗਾਲੀ, ਸੰਸਕ੍ਰਿਤ ਦਾ ਵੀ ਚੰਗਾ ਗਿਆਨ ਹੈ। 'ਦਰਸ਼ਨ' ਨਾਂ ਦਾ ਰਸਾਲਾ ਵੀ ਕਢਿਆ, ਜੋ ਕਿ ਅਸਫ਼ਲ ਰਿਹਾ। ਪੰਜਾਬੀ ਸਾਹਿੱਤ ਸਭਾ ਬਰਨਾਲਾ ਦੀ ਨੀਂਹ ਵੀ ਆਪਨੇ ਹੀ ਰਖੀ।

ਕਾਵਿ-ਸੰਗ੍ਰਹਿ : 'ਕਰੁਣਾ', (੧੯੬੦),'ਗੀਤਾਂਜਲੀ ਦਾ ਅਨੁਵਾਦ' (ਸਹਿ ਲੇਖਕ) ਅਤੇ ਰਸਾਲਿਆਂ ਵਿਚ ਛਪੀਆਂ ਰਚਨਾਵਾਂ ਆਪਦੀ ਘਾਲਣਾ ਹਨ। ਆਲੋਚਨਾ ਨਾਲ ਵੀ ਆਪਨੂੰ ਮੱਸ ਹੈ। ਵਿਕੋ-ਲਿਤਰੀਆਂ ਪ੍ਰਕਾਸ਼ਨਾਵਾਂ ਵਿਚ ਵੀ ਆਪਦਾ ਹਿੱਸਾ ਹੈ।

ਵਿਚਾਰਸ਼ੀਲ ਲੇਖਕਾਂ ਵਿਚ ਆਪਦੀ ਇਜ਼ਤ ਹੁੰਦੀ ਹੈ।

**ਪ੍ਰੀਤਮ ਕੌਰ ਜੌਹਰ**

ਵੇਖੋ
ਜੌਹਰ, ਪ੍ਰੀਤਮ ਕੌਰ

**ਪ੍ਰੀਤਮ ਦਾਸ ਠਾਕਰ**

ਵੇਖੋ
ਠਾਕਰ, ਪ੍ਰੀਤਮ ਦਾਸ

**ਪ੍ਰੀਤਮ ਪਰਵਾਜ਼** (੧੦ ਮਾਰਚ ੧੯੩੭—ਜੀਵਤ)

ਆਪ ਲੱਧੇਵਾਲੀ ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਜੀਵਨ ਸਿਘ ਦੇ ਸਪੁਤਰ ਹਨ। ਕਾਫੀ ਚਿਰ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਲਾਇਬਰੇਰੀ ਅਸਿਸਟੈਂਟ ਰਹੇ ਹਨ। 'ਪੰਜਾਬੀ ਜਨਤਾ' ਅਤੇ ਹੋਰ ਰਸਾਲਿਆਂ ਵਿਚ ਕਾਫੀ ਕਹਾਣੀਆਂ ਆਪਦੀਆਂ ਛਪ ਚੁਕੀਆਂ ਹਨ।

**ਪ੍ਰੀਤਮ ਬਰਾੜ ਲੰਡੇ** (੧੫ ਅਗਸਤ ੧੯੪੦—ਜੀਵਤ)

ਆਪ ਲੰਡੇ ਦੇ ਨਿਵਾਸੀ ਸ: ਸਵਰਨ ਸਿੰਘ ਐਮ. ਏ ਦੇ ਸਪੁਤਰ ਹਨ। ਕਲਾਕਾਰੀ ਕਰਦੇ ਹਨ।

ਪੰਜਾਬੀ ਵਿਚ ਬੜੀਆਂ ਸੂਖਮ ਨਿਕੀਆਂ ਕਹਾਣੀਆਂ ਲਿਖਦੇ ਹਨ।

**ਪ੍ਰਿਥਵੀ ਰਾਜ ਖ਼ੁਸ਼ਦਿਲ** (੪ ਜਨਵਰੀ ੧੯੦੩--ਜੀਵਤ)

ਆਪਦਾ ਜਨਮ ਸ਼ੇਖੂਪੁਰੇ ਵਿਚ ਕਮਾਲੀਆ-ਨਿਵਾਸੀ ਚੌਧਰੀ ਸਾਵਣ ਮਲ ਹੈਡਮਾਸਟਰ ਦੇ ਘਰ ਹੋਇਆ। ਅਜ ਕਲ ਲੁਧਿਆਣੇ ਰਹਿੰਦੇ ਹਨ।

ਨਿੱਕੇ ਹੁੰਦਿਆਂ ਤੋਂ ਹੀ ਸਾਹਿਤ ਵਿਚ ਡੂੰਘੀ

ਦਿਲਚਸਪੀ ਲੈਂਦੇ ਸਨ। ਕਵਿਤਾ ਲਿਖਣ ਦੀ ਗੁੜ੍ਹਤੀ ਆਪਣੇ ਪਿਤਾ ਜੀ ਤੋਂ ਹੀ ਲਈ ਜੋ ਕਿ ਉਰਦੂ ਦੇ ਚੰਗੇ ਸ਼ਾਇਰ ਸਨ। ਉਰਦੂ ਥਾਣੀਂ ਹੁੰਦੇ ਹੋਏ ਖੁਸ਼ਦਿਲ ਜੀ ਮਾਤਰੀ ਕਲਚਰ ਵਲ ਆ ਗਏ ਤੇ ਸ੍ਰੀ ਸੁੰਦਰ ਦਾਸ ਆਸੀ ਦੀ ਉਸਤਾਦੀ ਥਲੇ ਕਵਿਤਾ ਲਿਖਣ ਲਗੇ ।

'ਮੇਰਾ ਪੰਜਾਬ' ਆਪਦਾ ਇਕੋ ਇਕ ਕਾਵਿ-ਸੰਗ੍ਰਹਿ ਹੈ। ਹੋਰ ਵੀ ਬਹੁਤ ਸਾਰੀਆਂ ਅਣਛਪੀਆਂ ਕਵਿਤਾਵਾਂ ਆਪਦੀ ਘਾਲਣਾ ਦਾ ਹਿੱਸਾ ਹਨ। ਧਾਰਮਕ ਅਤੇ ਉਪਦੇਸ਼ਾਤਮਕ ਰੰਗਣ ਕਵਿਤਾ ਦਾ ਪਰਮ ਧਰਮ ਹੈ :

ਉਹ ਮੈਨੂੰ ਵਤਨ ਦੇ ਭੁਲੇ
ਨਜ਼ਾਰੇ ਯਾਦ ਆਉਂਦੇ ਨੇ ।
ਉਹ ਗਲੀਆਂ ਸੁਹਣੀਆਂ
ਸੁਹਣੇ ਚੁਬਾਰੇ ਯਾਦ ਆਉਂਦੇ ਨੇ ।
ਵਤਨ ਦੀ ਯਾਦ ਨੂੰ
ਮੁੜ ਮੁੜ ਭੁਲਾਨਾ ਹਾਂ ਨਹੀਂ ਭੁਲਦੀ।
ਉਹ ਧਰਤੀ, ਖੇਤ,
ਰਾਵੀ ਦੇ ਕਿਨਾਰੇ ਯਾਦ ਆਉਂਦੇ ਨੇ।
(ਵੰਡ ਸਬੰਧੀ)

**ਪਦਮ, ਪਿਆਰਾ ਸਿੰਘ** (੧੯੧੨—ਜੀਵਤ)

ਜਨਮ ਪਿੰਡ ਘੁੰਗਣਾ, ਜ਼ਿਲਾ ਲੁਧਿਆਣਾ ਵਿਚ ਸ: ਗੁਰਨਾਮ ਸਿੰਘ ਦੇ ਘਰ ਹੋਇਆ । ਗਿਆਨੀ ਕਰਨ ਪਿਛੋਂ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਪੜ੍ਹੇ ਅਤੇ ਇਥੇ ਹੀ ੧੯੪੨ ਤੋਂ ੧੯੪੭ ਤਕ ਅਧਿਆਪਕ ਰਹੇ। ੧੯੪੮ ਤੋਂ ੧੯੫੦ ਤਕ ਗੁਰਦੁਆਰਾ ਗਜ਼ਟ ਅਖਬਾਰ ਦੇ ਸੰਪਾਦਕ ਰਹੇ। ੧੯੫੦ ਤੋਂ ਭਾਸ਼ਾ ਵਿਭਾਗ ਵਿਚ ਕੰਮ ਕਰ ਰਹੇ ਹਨ।

ਆਪਦੀ ਵਾਰਤਕ ਸ਼ੈਲੀ ਸ਼ੁਧ ਪੰਜਾਬੀਅਤ ਨਾਲ ਭਰੀ ਹੋਈ ਹੈ। ਆਪਦੀ ਵਿਚਾਰਧਾਰਾ 'ਸਾਂਝੀ ਪੰਜਾਬੀ ਕਲਚਰ' ਹੈ। ਭਾਰਤ ਦੀ ਪੁਰਾਤਨ ਸੰਸਕ੍ਰਿਤੀ ਆਪਦੀ ਪਰੇਰਨਾ ਦਾ ਸੋਮਾ ਹੈ।

ਰਚਨਾ ਦਾ ਵਿਸਥਾਰ ਇਸ ਪ੍ਰਕਾਰ ਹੈ :—

ਆਲੋਚਨਾ, ਸੰਪਾਦਨਾ : ੧. ਪ੍ਰਸਿੱਧ ਹਿੰਦੁਸਤਾਨੀ ਕਵੀ, ੨. ਹਿੰਦੁਸਤਾਨੀ ਕਲਾ, ੩. ਚੋਣਵੀਆਂ ਵਾਰਾਂ ੪. ਪੰਜਾਬੀ ਵਾਰਾਂ, ੫. ਹਿੰਦੁਸਤਾਨੀ ਕਵਿਤਾ, ੬. ਪੰਜਾਬੀ ਬੋਲੀ ਦਾ ਇਤਿਹਾਸ, ਆਦਿਕ।

ਧਰਮ, ਇਤਿਹਾਸ : ੭. ਸਾਡੇ ਗੁਰਦੇਵ, ੮. ਸੋਲਾਂ ਕਲਾਂ ੯. ਸਿੱਖ ਵਿਦਵਾਨ, ੧੦. ਇਕ ਅਦੁਤੀ ਸੁਧਾਰਕ,੧੧. ਗੁਰਦੇਵ, ੧੨. ਦਸ਼ਮੇਸ਼, ੧੩. ਰਾਜ ਕਰੇਗਾ ਖਾਲਸਾ, ੧੪. ਸਿੱਖ ਧਰਮ ਕੀ ਹੈ, ੧੫. ਸੁਖਮਨੀ ਬਾਰੇ, ੧੬. ਜਪੁਜੀ ਬਾਰੇ, ੧੭. ਕਲਗੀ ਵਾਲਾ, ੧੮. ਕਮਿਉਨਿਜ਼ਮ ਤੇ ਸਿਖੀ, ੧੯. ਪੰਜਾਬੀ ਡਾਇਰੈਕਟਰੀ, ਆਦਿਕ।

ਨੀਤੀ : ੨੦. ਪੁਸ਼ਪਾਂਜਲੀ।

ਅਨੁਵਾਦ : ੨੧. ਆਜ਼ਾਦੀ (ਕਹਾਣੀਆਂ), ੨੨. (ਨਾਵਲ), ੨੩. ਅਸੀਂ ਪੰਛੀ ਹਾਂ (ਨਾਵਲ), ਆਦਿਕ।

ਆਪਦਾ ਸਥਾਨ ਉਚਤਮ ਚਿੰਤਕਾਂ ਅਤੇ ਖੋਜਕਾਰਾਂ ਵਿਚ ਹੈ। ਆਪ ਗੁਰੂ ਘਰ ਦੇ ਸਮਾਜਵਾਦ ਵਿਚ ਵਿਸ਼ਵਾਸ਼ ਰਖਦੇ ਹਨ। ਅਤੇ ਬੜੇ ਸਿਦਕ ਨਾਲ ਠੇਠ ਪੰਜਾਬੀ ਵਿਚ ਆਪਣੇ ਵਿਚਾਰਾਂ ਨੂੰ ਸਾਹਿਤ ਬਣਾਉਂਦੇ ਹਨ ।

**ਪਾਂਧੀ ਨਨਕਾਣਵੀ**

ਵੇਖੋ
ਮਨੋਹਰ ਸਿੰਘ

**ਪੀਪਾ** (੧੪੦੮—੧੪੬੮)

ਕੋਇਟੇ ਤੋਂ ੪੫ ਮੀਲ ਦੀ ਵਿਥ ਉਤੇ (ਦਖਣ ਪੂਰਬ ਵਲ) ਰਿਆਸਤ ਗਗਰੌਣ ਗੜ੍ਹ ਉਤੇ ਰਾਜ ਕਰਦੇ ਸਨ। ਪਹਿਲਾਂ ਦੁਰਗਾ ਪੂਜਾ ਕਰਦੇ ਸਨ। ਅਭਿਅਨ ਵਿਚ ਰਾਮਾਨੰਦ ਜੀ ਨੂੰ ਮਿਲਣ ਗਏ ਪਰ ਦਰਸ਼ਨ ਤੋਂ ਇਨਕਾਰ ਮਿਲਿਆ। ਫਿਰ ਆਪਾ ਮਿਟਾ ਕੇ ਗਏ ਤੇ ਅਧਿਆਤਮਵਾਦ ਦੀ ਜਾਗ ਲਗੀ। ਰਾਜ ਦਾ ਖਜ਼ਾਨਾ ਗ਼ਰੀਬਾਂ ਵਿਚ ਵੰਡ ਕੇ ਰਾਣੀ ਪਤਨੀ ਸਮੇਤ ਦੇਸ਼ਾਟਨ ਕਰਨ ਲਗ ਪਏ। ਕਬੀਰ ਤੇ ਰਵਿਦਾਸ ਆਪਦੇ ਮਿਤਰ ਸਨ।

ਆਦਿ ਗ੍ਰੰਥ ਦੇ ਪੰਨਾ ੬੯੫ ਉਤੇ ਰਾਗ ਧਨਾਸਰੀ ਵਿਚ ਆਪਦਾ ਇਕ ਸ਼ਬਦ ਦਰਜ ਹੈ। ਆਪਦੀ ਭਾਸ਼ਾ ਸਧੂਕੜੀ ਹੈ। ਬਿੰਬ ਸਾਧਾਰਨ ਜੀਵਨ ਦੇ ਹਨ। ਅਨੰਤਤਾ ਤੇ ਨਿਰਪੇਖਤਾ ਦੀ ਥਾਂ ਸਾਪੇਖਤਾ ਵਲ ਜ਼ੋਰ ਹੈ।

**ਪ੍ਰਭਜੋਤ ਕੌਰ** (੧੯੨੪—ਜੀਵਤ)

ਜਨਮ ਪਿੰਡ ਲਾਗੋਂਵਾਲ ਜ਼ਿ: ਗੁਜਰਾਤ ਵਿਚ ਸ: ਨਿਧਾਨ ਸਿੰਘ ਦੇ ਘਰ ਹੋਇਆ। ਆਪਨੇ ੧੯੪੫ ਵਿਚ 'ਖਾਲਸਾ ਕਾਲਜ ਫਾਰ ਵਿਮਨ' ਤੋਂ ਬੀ, ਏ. ਕੀਤੀ। ੧੯੪੮ ਵਿਚ ਆਪਦਾ ਵਿਆਹ ਕਰਨਲ ਨਰਿੰਦਰਪਾਲ ਸਿੰਘ ਨਾਲ ਹੋਇਆ। ਆਪਨੂੰ ਦੁਨੀਆਂ ਦੇ ਬਹੁਤ ਸਾਰੇ ਦੇਸਾਂ ਵਿਚ ਜਾਣ ਦਾ ਮੌਕਾ ਮਿਲਿਆ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਵਿਤਾ: 'ਲੱਟ ਲੱਟ ਜੋਤ ਜਗੇ', 'ਪਲਕਾਂ ਉਹਲੇ' 'ਅਜ਼ਲ ਤੋਂ', 'ਕੁਝ ਹੋਰ', 'ਸੁਪਨੇ ਸਧਰਾਂ', 'ਪ੍ਰਭਜੋਤ ਦੀ ਚੋਣਵੀਂ ਕਵਿਤਾ', 'ਦੋ ਰੰਗ', 'ਪੰਖੇਰੂ', 'ਦਿਲ ਦੇ ਛਾਲੇ', ਆਦਿਕ।

ਨਿੱਕੀ ਕਹਾਣੀ : 'ਕਾਫਲੇ', 'ਕਿਣਕੇ', 'ਅਮਨ ਦੇ ਨਾਂ', ।

ਸ਼ਿੰਗਾਰ, ਸੰਸਾਰ-ਅਮਨ ਅਤੇ ਪ੍ਰਗਤੀਵਾਦ ਆਪ ਦੀ ਕਵਿਤਾ ਦੇ ਕੁਝ ਪੱਖ ਹਨ। ਆਪਨੇ ਆਪਣੇ ਇਸਤ੍ਰੀ ਅਸਤਿੱਤਵ ਨੂੰ ਬੜੇ ਅਨੁਭਵੀ ਢੰਗ ਨਾਲ ਸਾਹਿਤ ਬਣਾਇਆ ਹੈ। ਸੁਹਜ ਆਪਦੀ ਕਵਿਤਾ ਵਿਚ ਸਮਾਇਆ ਹੋਇਆ ਹੈ।

੧੯੬੪ ਵਿਚ ਆਪ ਨੂੰ ਰਾਜ-ਕਵੀ ਦੀ ਪਦਵੀ ਨਾਲ ਨਿਵਾਜਿਆ ਗਿਆ।

**ਪ੍ਰੇਮ ਸਿੰਘ ਪ੍ਰੀਤਮ** (੧੫ ਮਈ ੧੯੪੧—ਜੀਵਤ)

ਆਪ ਪਿੰਡ ਮਾਜਰੀ ਜ਼ਿਲਾ ਅੰਬਾਲਾ ਦੇ ਨਿਵਾਸੀ ਸ੍ਰੀ ਕਿਰਪਾ ਸਿੰਘ ਦੇ ਸਪੁੱਤਰ ਅਤੇ ਫਰੀਦਾਬਾਦ ਦੇ ਇਕ ਤਕਨੀਕੀ ਵਰਕਰ ਹਨ।

ਪੰਜਾਬੀ ਅਤੇ ਹਿੰਦੀ ਸਾਹਿਤਕਾਰੀ ਵਿਚ ਆਪ ਨੂੰ ਡੂੰਘੀ ਦਿਲਚਸਪੀ ਹੈ।

**ਪ੍ਰੇਮ ਦਾਸ ਸ਼ਰਮਾ**

ਵੇਖੋ
ਸ਼ਰਮਾ, ਪ੍ਰੇਮ ਦਾਸ

**ਪ੍ਰੇਮ ਪ੍ਰਕਾਸ਼ ਸਿੰਘ** (੧੦ ਦਸੰਬਰ, ੧੯੨੬—ਜੀਵਤ)

ਆਪ ਦਾ ਜਨਮ ਪਿੰਡ ਪੰਜਗ੍ਰਾਈਂ ਕਲਾਂ, ਜ਼ਿਲਾ ਬਠਿੰਡਾ ਦੇ ਇਕ ਜ਼ਿਮੀਂਦਾਰ ਘਰਾਣੇ ਵਿਚ ਹੋਇਆ। ਸੰਸਕ੍ਰਿਤ ਪੰਜਾਬੀ ਅਤੇ ਹਿੰਦੀ ਦੀ ਐਮ. ਏ. ਅਤੇ ਕੁਝ ਇਕ ਭਾਸ਼ਾਈ ਯੋਗਤਾਵਾਂ ਆਪਦੀ ਸ਼ਖਸੀਅਤ ਦਾ ਵਿਸ਼ੇਸ਼ ਭਾਗ ਹਨ। ਬਨਾਰਸ ਦੇ ਸੰਪਰਦਾਈ ਸੰਸਕ੍ਰਿਤ ਕੇਂਦਰਾਂ ਦਾ ਅਨੁਭਵ ਵੀ ਆਪਨੂੰ ਪ੍ਰਾਪਤ ਹੈ ਵਖੋ ਵਖ ਵਿਦਿਅਕ ਕੇਂਦਰਾਂ ਤੇ ਦਫਤਰਾਂ ਵਿਚ ਰਹਿਣ ਪਿਛੋਂ ਅਜ ਕਲ ਹਿੰਦੀ ਵਿਭਾਗ, ਪੰਜਾਬ ਵਿਚ ਸਹਾਇਕ ਨਿਦੇਸ਼ਕ ਹਨ।

'ਪੰਜਾਬੀ ਬੋਲੀ : ਨਿਕਾਸ ਤੇ ਵਿਕਾਸ', 'ਵੀਰ ਝਾਕੀਆਂ', 'ਸਾਹਿਤ ਸੰਕੇਤ' ਆਦਿਕ ਪੁਸਤਕਾਂ ਅਤੇ ਕੁਝ ਵਿਕੋਲਿਤਰੀਆਂ ਰੇਡਿਆਈ ਤੇ ਭਾਸ਼ਾਈ ਰਚਨਾਵਾਂ ਆਪਦੀ ਘਾਲਣਾ ਦਾ ਇਕ ਪੱਖ ਹਨ।

ਆਪਦਾ ਸਥਾਨ ਪਰਮੁਖ ਪੰਜਾਬੀ ਭਾਸ਼ਾ-ਵਿਦਵਾਨਾਂ ਵਿਚ ਹੈ।

**ਪੁਰੀ, ਕੈਲਾਸ਼ ਜੀ** (੧੭ ਅਪ੍ਰੈਲ ੧੯੨੬—ਜੀਵਤ)

ਆਪ ਸ: ਸੋਹਣ ਸਿੰਘ ਪੁਰੀ ਦੀ ਧੀ ਹਨ। ਆਪ ਦੇ ਪਤੀ ਡਾਕਟਰ ਜੀ. ਐਸ. ਪੁਰੀ ਬਾਟਨੀਕਲ ਸਰਵੇ ਆਫ ਇੰਡੀਆ ਦੇ ਡਾਇਰੈਕਟਰ ਹਨ। ਆਪ 'ਸੁਭਾਗਵਤੀ' ਮਾਸਕ ਦੇ ਸੰਪਾਦਕ ਅਤੇ ਪੰਜਾਬੀ ਦੇ ਸਰਗਰਮ ਲਿਖਾਰੀ ਹਨ।

ਆਪਦੀਆਂ ਬਹੁਤ ਸਾਰੀਆਂ ਰਚਨਾਵਾਂ ਪ੍ਰਕਾਸ਼ਤ ਹੋ ਚੁਕੀਆਂ ਹਨ।

'ਨਵੀਨ ਰਸੋਈ ਕਲਾ' ਆਪਦੀ ਪਹਿਲੀ ਪੁਸਤਕ ਹੈ।

**ਪ੍ਰਕਾਸ਼ ਬੋਰ** (੧੫ ਦਸੰਬਰ ੧੯੩੫—ਜੀਵਤ)

ਆਪ ਸ਼ਿਮਲੇ ਦੇ ਨਿਵਾਸੀ ਅਤੇ ਸ: ਫੌਜਦਾਰ ਸਿੰਘ ਦੀ ਸਪੁਤਰੀ ਹਨ। ਵਿਦਿਆ ਬੀ. ਏ. ਬੀ. ਟੀ. ਤਕ ਹੈ।

ਆਪ ਪੰਜਾਬੀ ਵਿਚ ਕਹਾਣੀਆਂ, ਕਵਿਤਾਵਾਂ ਲਿਖਦੇ ਹਨ।

**ਪੁਰੀ, ਚੰਦਰ ਪਰਕਾਸ਼** (੧੩ ਨਵੰਬਰ ੧੯੩੯--ਜੀਵਤ)

ਆਪ ਕਰੋਲ ਬਾਗ ਨਵੀਂ ਦਿੱਲੀ ਦੇ ਨਿਵਾਸੀ ਸ੍ਰੀ ਪੀ. ਐਨ. ਪੁਰੀ ਦੇ ਸਪੁਤਰ ਹਨ। ਵਿਦਿਆ : ਅਰਥ ਸ਼ਾਸਤਰ ਦੀ ਐਮ. ਏ. ਤਕ ਹੈ।

ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਨਿਕੀਆਂ ਕਹਾਣੀਆਂ ਤੇ ਕਵਿਤਾਵਾਂ ਲਿਖਦੇ ਹਨ।

**ਪੀਰਾਂ ਦਿਤਾ ਖਾਦਿਮ** (੧੮੬੦—੧੯੨੦ ਅੰਦਾਜ਼ਨ)

ਆਪ ਦੇ ਪਿਤਾ ਮੀਆਂ ਮੁਹੰਮਦ ਇਸਮਾਈਲ ਵਜ਼ੀਰਾਬਾਦ, ਜ਼ਿਲਾ ਗੁਜਰਾਂਵਾਲੇ ਦੇ ਤਰਗੜ ਜੱਟ ਸਨ। ਪੀਰਾਂ ਦਿਤਾ ਹੁਰਾਂ ਦਾ ਜਨਮ, ਪਿੰਡ ਜੋੜਾ ਸੀਆਂ ਵਿਚ ਨਾਨਕੇ ਘਰ ਹੋਇਆ। ਉਥੇ ਹੀ ਆਪਦੀ ਪਾਲਣਾ ਹੋਈ। ਬਾਲਗ ਹੋਣ ਤਕ ਆਪ ਦਰਜ਼ੀ ਦਾ ਕੰਮ ਸਿਖ ਚੁਕੇ ਸਨ। ਜਵਾਨੀ ਵਿਚ ਪੈਰ ਧਰਦਿਆਂ ਹੀ ਆਪਨੇ ਮੀਆਂ ਅਬਦੁਲ ਸਿਤਾਰ ਪਿੰਡ ਜੁੜਾਸੀਆਂ ਨੂੰ ਉਸਤਾਦ ਧਾਰ ਲਿਆ। ਖਾਦਿਮ ਜੀ ਨੂੰ ਹੀਰ ਵਾਰਸ ਸ਼ਾਹ ਨਾਲ ਖਾਸ ਪਿਆਰ ਸੀ। ਆਪਨੇ ਹੀਰ ਦੇ ਕਲਮੀ ਨੁਸਖੇ ਲਭੇ ਤੇ ਫਿਰ ਜੰਡਿਆਲਾ ਸ਼ੇਰ ਖਾਂ ਦੇ ਵਿਚ ਜਾ ਕੇ ਸਯਦ ਵਾਰਸ ਸ਼ਾਹ ਦੀ ਕਬਰ ਉਤੇ ਚਿੱਲਾ ਕਮਾਇਆ।

੧੯੦੮ ਵਿਚ ਆਪ ਲਾਹੌਰ ਆ ਕੇ ਮੁਗਲਪੁਰੇ ਦੇ ਨੇੜੇ ਨਵੀਂ ਬਸਤੀ ਗੰਜ ਵਿਚ ਦਰਜ਼ੀ ਦਾ ਕੰਮ ਕਰਨ ਲਗ ਪਏ। ਕਿਹਾ ਜਾਂਦਾ ਹੈ ਕਿ ਫਜ਼ਲ ਸ਼ਾਹ ਤੇ ਹਦਾਇਤ ਉਲਾ ਦੇ ਕਫਨ ਆਪਨੇ ਹੀ ਸੀਤੇ।

ਆਪ ਨੇ ਵਾਰਸ ਦੇ ਨਾਂ ਉਤੇ ੧੧੯੨ ਮਿਸਰੇ ਹੋਰ ਲਿਖੇ, ਉਹਨਾਂ ਨੂੰ ਮੂਲ ਹੀਰ ਵਿਚ ਸ਼ਾਮਲ ਕੀਤਾ ੨੧ ਮਾਰਚ ੧੯੧੭ ਨੂੰ 'ਸਭ ਤੋਂ ਵਡੀ ਤੇ ਅਸਲੀ ਹੀਰ' ਛਾਪਣੀ ਦੇ ਦਿਤੀ ਤੇ ੧੯੨੦ ਵਿਚ ਪ੍ਰਕਾਸ਼ਤ ਕਰ ਦਿਤੀ। 'ਹੀਰ ਵਾਰਸ' ਦੇ ਕੁਝ ਭਾਗ ਯੂਸਫ ਜ਼ੁਲੈਖਾਂ (੧੮੯੮ ਲਿਖਤ), ਤਰਜਮਾ ਸਤਵਾਰਾ ਤੇ ਗੁਲਜ਼ਾਰ ਗੌਸੀਆ ਆਦਿਕ ਪੁਸਤਕਾਂ ਆਪਦੀ ਰਚਨਾ ਵਿਚ ਸ਼ਾਮਲ ਹਨ। ਲਿਟਾਂ ਤੇ ਦਾਹੜੀ ਵਾਲੇ ਪੀਰਾਂ ਦਿਤਾ ਜੀ ਦਰਵੇਸ਼ੀ ਖਿਆਲਾਂ ਦੇ ਸਨ। ਮੌਲਾ ਬਖਸ਼ ਕੁਸ਼ਤਾ ਜੀ ਨਾਲ ਆਪਦੇ ਨਿਘੇ ਸਬੰਧ ਸਨ।

ਆਪਦੀ ਬੋਲੀ ਵੀ ਵਾਰਸ ਸ਼ਾਹ ਜਿੰਨੀ ਹੀ ਮਿੱਠੀ ਹੈ। ਸਗੋਂ ਆਪਦੀ ਸ਼ੈਲੀ ਵਿਚ ਪੰਜਾਬੀਅਤ ਤੇ ਸਾਧਾ-

ਰਨਤਾ ਵਧੇਰੇ ਹਨ । ਮੂਲ-ਹੀਰ ਵਿਚ ਮਿਲਾਵਟ ਸਬੰਧੀ ਆਪਦਾ ਵਿਚਾਰ ਹੈ ਕਿ :

ਗੁੱਡੀ ਤਬਾਹ ਨੂੰ ਲੰਬੜੀ ਡੋਰ ਦੇ ਕੇ,
ਵਾਅ ਨਾਲ ਪ੍ਰੇਮ ਉਡਾਈਆਂ ਨੇ ।
ਕਿੱਤਾ ਦਰਜ਼ੀਆਂ ਵਾਲਾ ਸੋਚ ਕੇ ਤੇ,
ਕਤਰਾਂ ਰੰਗ ਬਰੰਗ ਲਗਾਈਆਂ ਨੇ ।

ਇਹ ਕਵਿਤਾ ਵੀ ਆਪਦੀ ਹੈ :

ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ,
ਮੈਂ ਘੁਮਾਈ ਰੰਝੇਟਿਆਂ ਸਾਈਆਂ ਵੇ ।
ਬਿਨਾ ਅਜ਼ਲ ਅਪੁੱਠੜੀ ਛੁਰੀ ਕੁੱਠੀ
ਇਨ੍ਹਾਂ ਕਾਜ਼ੀਆਂ ਵਢ ਕਸਾਈਆਂ ਵੇ ।

**ਪੂਰਨ ਸਿੰਘ** (੧੮੮੧—੩੧ ਮਾਰਚ ੧੯੩੧)

ਜਨਮ ਸਲੱਹਡ (ਐਬਟਾਬਾਦ) ਵਿਚ ਸ: ਕਰਤਾਰ ਸਿੰਘ ਦੇ ਘਰ ਮਾਤਾ ਪਰਮ ਦੇਵੀ ਦੀ ਕੁਖੋਂ ਹੋਇਆ । ਮਿਸ਼ਨ ਸਕੂਲ ਰਾਵਲਪਿੰਡੀਓਂ ਦਸਵੀਂ ਕਰਕੇ ਆਪ ਡੀ. ਏ. ਵੀ ਕਾਲਜ ਲਾਹੌਰ ਵਿਚ ਦਾਖਲ ਹੋਏ ਤੇ ਫਿਰ ਉਚੇਰੀ ਰਸਾਇਣ-ਸਿਖਲਾਈ ਲਈ ੧੯੦੦ ਵਿਚ ਟੋਕੀਓ (ਜਾਪਾਨ) ਦੀ ਇੰਪੀਰੀਅਲ ਯੂਨੀਵਰਸਿਟੀ ਵਿਚ ਜਾ ਦਾਖਲ ਹੋਏ । ਇਥੇ ਸਵਾਮੀ ਰਾਮ ਤੀਰਥ ਦੇ ਪ੍ਰਭਾਵ ਹੇਠਾਂ ਆਪਨੇ ਸੰਨਿਆਸ ਧਾਰਨ ਕਰ ਲਿਆ । 'ਥੰਡਰਿੰਗ ਡਾਨ' (Thundering Dawn) ਨਾਂ ਦਾ ਮਾਸਕ ਪਤਰ ਵੀ ਇਥੋਂ ਹੀ ਜਾਰੀ ਕੀਤਾ । ਜਾਪਾਨ ਰਹਿਣ ਸਮੇਂ ਜਥੇਬੰਦਕ ਪੱਖੋਂ ਵੀ ਬੜੇ ਗਰਮ ਰਹੇ । ੧੯੦੪ ਵਿਚ ਭਾਰਤ ਆ ਕੇ ਆਪਣੇ ਪਰਵਾਰ ਦੇ ਪ੍ਰਭਾਵ ਹੇਠ ਆ ਕੇ ਗ੍ਰਹਿਸਤੀ ਬਣ ਗਏ ਤੇ ਭਾਈ ਵੀਰ ਸਿੰਘ ਦੇ ਕਹੇ ਉਤੇ ਸਿੰਘ ਸਜ ਗਏ । ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇੰਸਟੀਚਿਊਟ ਲਾਹੌਰ ਦੇ ਪ੍ਰਿੰਸੀਪਲ ਤੇ ਫਿਰ ੧੯੦੭ ਤੋਂ ਫਾਰੈਸਟ ਰੀਸਰਚ ਇੰਸਟੀਚਿਊਟ ਵਿਚ ਰਸਾਇਣੀ ਸਲਾਹਕਾਰ ਰਹਿਣ ਪਿਛੋਂ ਆਪ ੧੯੧੯ ਤੋਂ ੧੯੨੫ ਤੱਕ ਰਿਆਸਤ ਗਵਾਲੀਅਰ ਵਿਚ ਸਰਦਾਰ ਨਗਰ ਦੇ ਖੰਡ ਦੇ ਕਾਰਖਾਨੇ ਵਿਚ ਰਹੇ । ੧੯੨੬ ਵਿਚ ਬਾਰਾਂ ਵਲ ਆ ਗਏ । ਆਪਦੀ ਮੌਤ ਤਪਦਿਕ ਨਾਲ ਹੋਈ ।

ਆਪ ਬੜੇ ਜਜ਼ਬਾਤੀ ਸੁਭਾਅ ਦੇ ਸਨ ਤੇ ਵਫਾ ਆਪਦੀ ਸ਼ਖਸੀਅਤ ਦਾ ਵਿਸ਼ੇਸ਼ ਪੱਖ ਸੀ ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਵਿਤਾ : 'ਖੁਲ੍ਹੇ ਘੁੰਡ', 'ਖੁਲ੍ਹੇ ਮੈਦਾਨ', 'ਖੁਲ੍ਹੇ ਰੰਗ ਅਸਮਾਨੀ' (ਅਣਪ੍ਰਕਾਸ਼ਿਤ)।

ਵਾਰਤਕ : 'ਖੁਲ੍ਹੇ ਲੇਖ', 'ਅਬਚਲੀ ਜੋਤ' (ਮੂਲ ਲੇਖਕ : ਐਮਰਸਨ), 'ਕਲਾਧਾਰੀ ਤੇ ਕਲਾਧਾਰੀ ਪੂਜਾ (ਮੂਲ ਲੇਖਕ : ਕਾਰਲਾਇਲ) ।

ਨਾਟਕ : 'ਬੰਨੇ ਬੂਟੇ' (ਅਨੁਵਾਦ)

ਨਾਵਲ : 'ਮੋਇਆ ਦੀ ਜਾਗ' (ਮੂਲ ਲੇਖਕ : ਤਾਲਸਤਾਏ) 'ਭਗੀਰਥ' (ਅਣਪ੍ਰਕਾਸ਼ਿਤ) 'ਪਰਕਾਮਿਨ' (ਅਣਪ੍ਰਕਾਸ਼ਿਤ) ।

ਅੰਗ੍ਰੇਜ਼ੀ ਵਿਚ ਵੀ ਆਪ ਨੇ ਵਰਨਣ ਯੋਗ ਮਾਤਰਾ ਵਿਚ ਰਚਨਾ ਕੀਤੀ ।

ਹਿੰਦੀ ਵਿਚ ਆਪਨੇ ਕੇਵਲ ਪੰਜ ਲੇਖ ਲਿਖੇ ।

ਪੰਜਾਬੀ ਵਿਚ ਆਪਨੇ ਪਰਯੋਗਵਾਦੀ ਕਵਿਤਾ ਵੀ ਰਚੀ । ਕਵਿਤਾ ਦੀ ਕਲਪਨਾ-ਉਡਾਰੀ ਬੜੀ ਹੈ ।

ਆਪਦੀ ਨਜ਼ਰ ਵਿਚ ਸਿਰਫ ਅਧਿਆਤਮਕ ਸਾਹਿੱਤ ਹੀ ਸਾਹਿੱਤ ਹੈ ।

ਭਾਵੇਂ ਆਪਦੀ ਰਚਨਾ ਆਮ ਪੰਜਾਬੀਆਂ ਦੀ ਸਮਝ ਵਿਚ ਘੱਟ ਆਉਂਦੀ ਹੈ ਪਰ ਆਪਦੀ ਕੱਦਰ ਸਰਬ ਸੰਮਤੀ ਨਾਲ ਕੀਤੀ ਜਾਂਦੀ ਹੈ ।

ਆਪਦੀ ਰਚਨਾ ਦੀ ਸ਼ੈਲੀ ਵੀ ਆਪਦੀ ਸ਼ਖਸੀਅਤ ਵਾਂਗ ਨਿਵੇਕਲੀ ਹੈ ।

**ਪੂਨਰ ਸਿੰਘ ਭਾਈ**

ਜਨਮ ਬਖਤਗੜ੍ਹ ਨਿਵਾਸੀ ਸ: ਹਰਨਾਮ ਸਿੰਘ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖੋਂ ਹੋਇਆ ।

ਆਪਦੀ ਪ੍ਰਸਿੱਧ ਪੁਸਤਕ 'ਸ਼ਹੀਦੀ ਜੀਵਨ' ਹੈ ਜਿਸਨੇ ਆਪ ਨੂੰ ਅੰਗ੍ਰੇਜ਼ਾਂ ਕੋਲੋਂ ਛੇ ਮਹੀਨੇ ਦੀ ਕੈਦ ਦਿਵਾਈ ।

**ਪੀਰ, ਨੇਕ ਆਲਮ**

ਵੇਖੋ
ਨੇਕ ਆਲਮ ਪੀਰ

**ਪੂਰਨ ਚੰਦ ਪੰਡਤ** (੨੦ਵੀਂ ਸਦੀ)

ਆਪ ਮਾਲਵੇ ਦੇ ਪ੍ਰਸਿਧ ਲੋਕ ਕਵੀ ਹਨ। ਫੀਰੋਜ਼ਪੁਰ, ਪਟਿਆਲਾ, ਅੰਬਾਲਾ ਆਦਿਕ ਜ਼ਿਲਿਆਂ ਵਿਚ ਆਪਦੀਆਂ ਕਵਿਤਾਵਾਂ ਕਾਫੀ ਹਰਮਨ ਪਿਆਰੀਆਂ ਹਨ ।

ਆਪਦੀਆਂ ਪ੍ਰਕਾਸ਼ਿਤ ਕਾਵਿ-ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ :

੧. ਚੰਦਵਰੀ ਅਤੇ ਚਤਰ ਸਿੰਘ, ੨. ਰਿਣਕੇਸ਼ਵਰ ਮਹਾਂਦੇਵ ਜੀ, ੩. ਨਵੀਂ ਪੱਤਲ, ੪. ਮੜਾਕੇਦਾਰ ਪੱਤਲ, ੫. ਪੱਤਲਾਂ ਦੀ ਰਾਣੀ, ੬. ਕਿੱਸਾ ਹੀਰ ਰਾਂਝਾ, ੭. ਹਰਫੂਲ ਸਿੰਘ ਸੂਰਮਾ ।

**ਪੀਰ ਬਖਸ਼ ਆਸੀ** (੧੮੩੭—੧੮੯੨)

ਆਪਨੇ ਉਮਰ ਦਾ ਵਧੇਰੇ ਸਮਾਂ ਲਾਹੌਰ ਵਿਚ ਹੀ ਬਿਤਾਇਆ । ਆਪ ਅਲਾ ਬਖਸ਼ ਰਫੀਕ ਦੇ ਸ਼ਾਗਿਰਦ ਸਨ । ਆਪ ਮਿਹਨਤ ਅਤੇ ਭਾਉ ਭਗਤ ਵਿਚ ਵਿਸ਼ਵਾਸ ਰਖਦੇ ਸਨ । ਕਵੀ ਦਰਬਾਰਾਂ ਵਿਚ ਆਪਦਾ ਰੰਗ ਨਿਵੇਕਲਾ ਹੋਇਆ ਕਰਦਾ ਸੀ । ਉਸਤਾਦ ਦੀ ਮੌਤ ਪਿਛੋਂ ਗੱਦੀ ਉਤੇ ਬੈਠੇ । ਆਪਦੇ ਉਤਰ ਅਧਿਕਾਰੀ ਸਾਦਿਕ ਮੀਆਂ ਲਾਹੌਰੀ ਸਨ ।

ਸਮੇਂ ਦੇ ਸਟੇਜੀ ਕਵੀ ਆਪਨੂੰ ਬੜਾ ਸਤਿਕਾਰਦੇ ਸਨ । ਰੂਪ ਵਲੋਂ ਆਪਦਾ ਰਿਸ਼ਤਾ ਰੂਪਵਾਦੀ ਲਹਿਰ ਨਾਲ ਹੈ । ਬੋਲੀ ਸ਼ੁਧ ਕੇਂਦਰੀ ਪੰਜਾਬੀ ਹੈ । ਸ਼ੈਲੀ ਵਿਚ ਵਖਰਤਾ ਮੌਜੂਦ ਹੈ । ਬਿੰਬਾਵਲੀ ਵਿਚ ਆਮ ਜੀਵਨ ਪ੍ਰਧਾਨ ਹੈ । ਵਿਸ਼ੈ ਇਸ਼ਕ ਹੈ । ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਲਾਮ-ਲਬਾਂ ਉਤੇ ਆ ਕੇ ਜਾਨ ਮੇਰੀ,
ਤੇਰੇ ਰਾਹ ਨੂੰ ਪਿਆਰਿਆ ਤਕ ਰਹੀ ਏ ।
ਨਿਗਾਹ ਵਾਂਗ ਪਰਕਾਰ ਦੇ ਕਰੇ ਗਰਦਸ਼,
ਤੇਰੀ ਜੁਸਤਜੂ ਦੇ ਵਿਚ ਥਕ ਰਹੀ ਏ ।
ਮੰਨ ਵਾਸਤਾ, ਦੇ ਦੀਦਾਰ ਮੈਨੂੰ,
ਅੱਖ ਤਕਦੀ ਤਕਦੀ, ਅੱਕ ਗਈ ਏ ।
ਆਸੀ ਵਾਂਗ ਫਿਰਾਕ ਦੇ ਦਰਦ ਕੁਠੀ,
ਛਾਤੀ ਵਾਂਗ ਪਕੇ ਫੋੜੇ ਪਕ ਰਹੀ ਏ ।

**ਪਰਮਜੀਤ ਸਿੰਘ ਕੋਹਲੀ**

ਵੇਖੋ
ਕੋਹਲੀ ਪਰਮਜੀਤ ਸਿੰਘ

**ਪਰਮਿੰਦਰ ਕੌਰ ਚਰਨ** (੧ ਨਵੰਬਰ ੧੯੩੬—ਜੀਵਤ)

ਆਪ ਸੰਗਰੂਰ-ਨਿਵਾਸੀ ਸ: ਪ੍ਰਤਾਪ ਸਿੰਘ ਹੰਜਰਾ ਦੀ ਸਪੁੱਤਰੀ ਹਨ । ਵਿਦਿਆ ਰਾਜਸੀ ਵਿਗਿਆਨ ਦੀ ਐਮ. ਏ. ਤਕ ਹੈ ।ਭਵਾਨੀ ਦੇ ਕਾਲਜ ਵਿਚ ਲੈਕਚਰਾਰ ਹਨ ।

ਆਪਦੀਆਂ ਕਹਾਣੀਆਂ ਅਤੇ ਕਵਿਤਾਵਾਂ ਪ੍ਰਸਿਧ ਰਸਾਲਿਆਂ ਵਿਚ ਛਪਦੀਆਂ ਹਨ ।

ਆਪਦੀ ਵਿਚਾਰਧਾਰਾ ਸਮਾਜਵਾਦੀ ਹੈ ।

**ਪਰਮੇਸ਼ਫਰੀ ਦਾਸ, ਦਾਸ** (ਵੀਹਵੀਂ ਸਦੀ ਜੀਵਤ)

ਆਪ ਪਿੰਡ ਭਟੀਆਂ ਜ਼ਿਲਾ ਗੁਰਦਾਸ ਪੁਰ ਦੇ ਨਿਵਾਸੀ ਹਨ।

ਕਈ ਇਕ ਕਿੱਸੇ ਰਚ ਚੁਕੇ ਹਨ। 'ਵੰਗਾਂ ਦੀ ਛਣਕਾਰ' ਆਪਦਾ ਕਾਵਿ-ਸੰਗ੍ਰਹ ਹੈ।

ਬੜੇ ਸਿਆਣੇ ਲੋਕ-ਸਾਹਿਤਕਾਰ ਹਨ।

**ਪੀਲੂ** (ਸੋਲ੍ਹਵੀਂ--ਸਤਾਰ੍ਹਵੀਂ ਸਦੀ)

ਜਨਮ ਪਿੰਡ ਵੈਰੋਵਾਲ, ਤਹਿਸੀਲ ਅੰਮ੍ਰਿਤਸਰ ਜ਼ਿਲਾ ਅੰਮ੍ਰਿਤਸਰ ਦੇ ਇਕ ਜੱਟ ਮੁਸਲਮਾਨ ਘਰਾਣੇ ਵਿਚ ਹੋਇਆ। ਜਵਾਨੀ ਵਿਚ ਹੀ ਆਪ ਸਾਧੂ ਬਣ ਗਏ। ਦਸਿਆ ਜਾਂਦਾ ਹੈ ਕਿ ਆਪ ਨੇ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਵੀ ਕੀਤੇ। ਰਾਵੀਓਂ ਪਾਰ ਵਾਪਰੀ ਮਿਰਜ਼ਾ ਸਾਹਿਬਾਂ ਦੀ ਘਟਨਾ ਅਜੇ ਨਵੀਂ ਨਵੀਂ ਸੀ ਤੇ ਇਸ ਉਪਰ ਆਮ ਚਰਚਾ ਹੋ ਰਿਹਾ ਸੀ। ਪੀਲੂ ਜੀ ਨੇ ਇਸ ਕਹਾਣੀ ਨੂੰ ਕਵਿਤਾ ਵਿਚ ਰਚਿਆ। ਲੋਕਾਂ ਵਿਚ ਇਸ ਸਬੰਧੀ ਪਹਿਲਾਂ ਹੀ ਬੜੀ ਉਤਸਕਤਾ ਸੀ, ਉਤੋਂ ਮਿਰਾਸੀਆਂ ਨੇ ਪੀਲੂ ਜੀ ਦੀ ਰਚਨਾ ਝਬਦੇ ਹੱਥ ਹੀ ਲੋਕ-ਪ੍ਰਿਅ ਕਰ ਦਿਤੀ। ਪੀਲੂ ਜੀ ਦੀ ਇਹ ਰਚਨਾ 'ਵਾਰ' ਦੇ ਰੂਪ ਵਿਚ ਹੈ। ਸਾਧਾਰਨ ਕਿੱਸਾਕਾਰਾਂ ਵਾਂਗ ਆਪਦੀ ਵਿਚਾਰਧਾਰਾ ਉਤੇ ਵੀ ਭਾਗਵਾਦ ਦੀ ਡੂੰਘੀ ਛਾਪ ਹੈ।

**ਪਾਲ ਸਿੰਘ ਆਰਫ** (ਆਰੰਭਕ ਵੀਹਵੀਂ ਸਦੀ)

ਆਪ ਵੀਹਵੀਂ ਸਦੀ ਦੇ ਪਹਿਲੇਰੇ ਦਹਾਕਿਆਂ ਵਿਚ ਕਾਫੀ ਪ੍ਰਸਿੱਧ ਕਿੱਸਾਕਾਰ ਰਹੇ ਹਨ। ਧਾਰਮਕ ਸੂਫੀਵਾਦ ਆਪਦੀ ਸਮੁਚੀ ਰਚਨਾ ਵਿਚ ਵਿਆਪਕ ਹੈ।

ਆਪਦੀਆਂ ਕਾਵਿ-ਕਿਰਤਾਂ ਦਾ ਵਿਸਤਾਰ ਇਸ ਪ੍ਰਕਾਰ ਹੈ :--

੧. ਬੰਦਗੀ ਬਿਲਾਸ, ੨. ਕਾਫੀਆ ਪਾਲ ਸਿੰਘ ੩. ਕਿੱਸਾ ਚੰਦਨ ਬਦਨ, ੪. ਕਿੱਸਾ ਸੋਹਣੀ ਮਹੀਂਵਾਲ, ੫. ਗੁਲਸ਼ਨ ਰੂਹਾਨੀ, ਗੋਪੀ ਚੰਦ੍ਵ ਭਰਥਰੀ ਬਿਲਾਸ ਅਤੇ ੬. ਪੂਰਨ ਭਗਤ।

**ਪੈੜਾ** (ਸੋਲ੍ਹਵੀਂ—ਸਤਾਰ੍ਹਵੀਂ ਸਦੀ)

ਆਪ ਛਜਲ ਜ਼ਾਤ ਵਿਚੋਂ ਸਨ : ਦਸਿਆ ਜਾਂਦਾ ਹੈ ਕਿ ਆਪ ਗੁਰੂ ਅਰਜਨ ਸਾਹਿਬ ਦੇ ਸਿੱਖ ਸਨ ਅਤੇ ਸੰਗਲਾਦੀਪ ਤੋਂ 'ਪ੍ਰਾਣ ਸੰਗਲੀ' ਨਾਂ ਦੀ ਪੁਸਤਕ ਆਪਨੇ ਲਿਆਂਦੀ ਸੀ।

(ਵੇਖੋ ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਤ ਕੀ ਅਤੇ ਭਾਈ ਬੰਨੋ)

**ਪੈੜਾ ਮੋਖਾ** (ਸੋਲ੍ਹਵੀਂ ਸਦੀ)

ਆਪ ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ ਦੇ ਗੁਰਸਿਖ ਸਮਕਾਲੀ ਸਨ। ਕਈ ਲੇਖਕਾਂ ਦਾ ਵਿਚਾਰ ਹੈ ਕਿ ਜਨਮ ਸਾਖੀ ਦੇ ਰਚਨਹਾਰ ਵੀ ਆਪ ਸਨ।

# ਫ

**ਫਕੀਰ ਅਲੀ, ਫਕੀਰ** (੧੮੪੬--੧੯੦੩)

ਆਪਦਾ ਜਨਮ ਬਟਾਲੇ ਦੇ ਇਕ ਕਕੇਜ਼ਾਈ ਖਾਨ-ਦਾਨ ਵਿਚ ਹੋਇਆ । ਲਾਹੌਰ ਜਾ ਕੇ ਬੈਂਤਬਾਜ਼ੀ ਦਾ ਸ਼ੌਕ ਪੈਦਾ ਹੋਇਆ। ੧੮੬੨ ਵਿਚ ਅੰਮ੍ਰਿਤਸਰ ਆ ਗਏ ਤੇ ਕਵੀ-ਦੰਗਲਾਂ ਵਿਚ ਹਿੱਸਾ ਲੈਣ ਲਗੇ। ਇਥੇ ਆਪ ਬਰਦਾ ਪਿਸ਼ਾਵਰੀ, ਨਫਰ, ਬਰਕ ਆਦਿਕ ਦੇ ਅਖਾੜਿਆਂ ਵਿਚ ਜਾਂਦੇ ਰਹੇ। ਇਥੇ ਲਾਹੌਰੀਆਂ ਤੇ ਅੰਮ੍ਰਿਤਸਰੀਆਂ ਦੇ ਮੁਕਾਬਲੇ ਹੋਇਆ ਕਰਦੇ ਸਨ। ਕੁਝ ਚਿਰ ਪਿਛੋਂ ਆਪ ਰਾਵਲਮਿੰਡੀ ਜਾ ਕੇ ਸਾਈਆਂ ਪਿਸ਼ਾਵਰੀ ਦੇ ਸ਼ਾਗਿਰਦ ਬਣ ਗਏ ।

ਆਪਦੀ ਬਿੰਬਾਵਲੀ ਰਵਾਇਤੀ ਅਤੇ ਸ਼ੈਲੀ ਰੂਪ ਵਾਦੀ ਹੈ। ਸ਼ਬਦ ਕਲੋਲ ਵੀ ਹਨ। ਪਰ ਵਖਰਤਾ ਮੁਸਲਿਮ ਕਿਸਿਆਂ ਨੂੰ ਸਾਂਝੀ ਪੰਜਾਬੀਅਤ ਦੀ ਦ੍ਰਿਸ਼ਟੀ ਤੋਂ ਕਵਿਤਾਉਣ ਵਿਚ ਹੈ।

ਨਮੂਨਾ ਇਸ ਪ੍ਰਕਾਰ ਹੈ :

ਜ਼ੋਏ-ਜ਼ਾਲਮ ਨੇ ਫੌਜ ਨੂੰ ਹੁਕਮ ਦਿਤਾ,
ਕਤਰਾ ਆਬ ਨਾ ਬਨੀ ਦੀ ਆਲ ਪੀਵੇ ।
ਘੋੜੇ ਉਠ ਚਰੰਦ ਪ੍ਰਿੰਦ ਪੀਵਣ,
ਔਪਰ ਅਹਿਨਾਂ ਦਾ ਕੋਈ ਨਾ ਬਾਲ ਪੀਵੇ ।

**ਫਕੀਰ ਮੁਹੰਮਦ ਫਕੀਰ, ਡਾਕਟਰ** (੧੯੦੦—ਜੀਵਤ)

ਆਪਦੇ ਦਾਦਾ ਮੀਆਂ ਇਮਾਮਦੀਨ ਸ੍ਰੀ ਨਗਰ (ਕਸ਼ਮੀਰ) ਜ਼ਿਲੇ ਦੇ ਪਿੰਡ ਪੁਛਲ ਵੰਤੀ ਨੂੰ ਛਡ ਕੇ ਉਨੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਪੱਛਮੀ ਪਾਕਿਸਤਾਨ ਦੇ ਸ਼ਹਿਰ ਗੁਜਰਾਂਵਾਲੇ ਵਿਚ ਆ ਵਸੇ ਸਨ। ਫਕੀਰ ਜੀ ਦੇ ਪਿਤਾ ਮੀਆਂ ਲਾਲਦੀਨ ਖਾਨਦਾਨੀ ਹਕੀਮ ਸਨ । ਆਪਦੇ ਖਾਨਦਾਨ ਨੂੰ 'ਕਸ਼ਮੀਰ ਠਾਕਰਾਂ' ਦਾ ਖਾਨਦਾਨ ਆਖਿਆ ਜਾਂਦਾ ਹੈ। ਫਕੀਰ ਜੀ ਨੇ ਦੀਨੀ ਤੇ ਦੁਨਿਆਵੀ ਵਿਦਿਆ ਸਮੇਂ ਦੇ ਪ੍ਰਸਿਧ ਪੀਰਾਂ ਫਕੀਰਾਂ ਤੋਂ ਪ੍ਰਾਪਤ ਕੀਤੀ। ਸੂਫੀ ਦਰਵੇਸ਼ਾਂ ਦੀ ਸੰਗਤ ਨੇ ਆਪਨੂੰ ਅਧਿਆਤਮ-ਵਾਦ ਵਲ ਲਾ ਦਿਤਾ। ੧੯੧੩ ਵਿਚ ਜਦੋਂ ਕਿ ਆਪ ਅਜੇ ਸਕੂਲ ਵਿਦਿਆਰਥੀ ਹੀ ਸਨ, ਆਪਦੇ ਪਿਤਾ ਜੀ ਚਲਾਣਾ ਕਰ ਗਏ। ਇਸ ਦੁਖਾਂਤ ਉਤੇ ਆਪ ਨੇ ਇਹ ਸ਼ੇਅਰ ਲਿਖਿਆ :

ਦਿਲ ਦੀ ਵਸਦੀ ਬਸਤੀ ਉਜੜ ਮੇਰੀ,
ਵਾਸੀ ਆਪ ਨੇ ਕਿਤੇ ਸੁਧਾਰ ਚਲੇ ।
ਰੋਣਾ ਦੇ ਚਲੇ ਮੇਰੀਆਂ ਅੱਖੀਆਂ ਨੂੰ,
ਲੈ ਕੇ ਦਿਲ ਦਾ ਸਬਰ ਕਰਾਰ ਚਲੇ ।

ਅਗਲੇ ਵਰ੍ਹੇ ਆਪਨੇ ਮੁਨਸ਼ੀ ਮੁਹੰਮਦ ਇਬਰਾਹੀਮ ਆ'ਦਿਲ ਨੂੰ ਆਪਣਾ ਉਸਤਾਦ ਧਾਰ ਲਿਆ । ੧੯੧੫ ਵਿਚ ਆਪਨੇ ਲਾਹੌਰ ਦੀ ਮੈਡੀਕਲ ਕਾਲਜ ਲਿਬਾਰਟਰੀ ਵਿਚ ਕੰਮ ਕਰਨਾ ਸ਼ੁਰੂ ਕਰ ਦਿਤਾ ਤੇ ਤਜਰਬਾ ਪ੍ਰਾਪਤ ਕਰਨ ਪਿਛੋਂ ਗੁਜਰਾਂਵਾਲੇ ਆ ਕੇ ਡਾਕਟਰੀ ਦੀ ਚੁਕਾਨ ਖੋਲ੍ਹ ਲਈ। ਇਸੇ ਪੇਸ਼ੇ ਤੋਂ ਆਪਨੂੰ ਲੋਕਾਂ ਨੇ 'ਡਾਕਟਰ ਜੀ' ਕਹਿਣਾ ਸ਼ੁਰੂ ਕਰ

ਦਿਤਾ। ਅਜ ਕਲ ਆਪ ਲਾਹੌਰ ਵਿਚ ਠੇਕੇਦਾਰੀ ਕਰਦੇ ਹਨ। ਨਾਲ ਨਾਲ 'ਪੰਜਾਬੀ' ਨਾਂ ਦਾ ਮਾਸਕ ਪੱਤਰ ਵੀ ਛਾਪਦੇ ਹਨ ਤੇ ਸ਼ਾਇਰੀ ਦੀ ਰੌ ਅਜੇ ਤਕ ਜਾਰੀ ਹੈ।

ਆਪਦੇ ਕਾਵਿ-ਸੰਗ੍ਰਹਿ 'ਸੰਗੀ' ਦੀ ਉਚਤਾ ਨੂੰ ਮੁਖ ਰਖਦਿਆਂ ਆਪਨੂੰ ਪਟਿਆਲਾ ਦਰਬਾਰ ਵਲੋਂ ੫੦੦ ਰੁਪਏ ਦਾ ਇਨਾਮ ਵੀ ਮਿਲਿਆ ਸੀ। ਇਸ ਪੁਸਤਕ ਦੀ ਜਾਣ-ਪਛਾਣ ਕਰਾਉਂਦਿਆਂ ਸਰ ਸ਼ਹਾਬੁਦੀਨ ਲਿਖਦੇ ਹਨ :—

ਪੀਰ ਬੁਲ੍ਹੇ ਸ਼ਾਹ ਦੀਆਂ ਦਰਦ ਰੰਵਾਣੀਆਂ ਕਾਫੀਆਂ ਤੇ ਪੀਰ ਵਾਰਸਸ਼ਾਹ ਦੀ ਮਸ਼ਹੂਰ ਕਿਤਾਬ (ਹੀਰ) ਤੋਂ ਪਿਛੋਂ ਜੇ ਕੋਈ ਕਿਤਾਬ ਪੰਜਾਬੀ ਜ਼ਬਾਨ ਦੇ ਠੇਠ ਪੈਂਠ ਦੀ ਨਜ਼ਰ ਆਈ ਤਾਂ ਉਹ ਫਕੀਰ ਦੀ ਕਿਤਾਬ ਸੰਗੀ ਏ। ਆਪਦੀ ਬੋਲੀ ਨਿਰੋਲ ਤੇ ਟਕਸਾਲੀ ਪੰਜਾਬੀ ਹੈ। ਆਪਦੀਆਂ ਰੁਬਾਈਆਂ ਵਿਚ ਲਫਜ਼ੀ ਜਾਦੂ ਵੀ ਹੈ ਤੇ ਮਹਿਨਵੀ ਛੁਹ ਵੀ।

**ਫਕੀਰ ਮੁਹੰਮਦ ਸ਼ਾਹ, ਤਨਵੀਰ ਬੁਖਾਰੀ** (੧੯੩੯—ਜੀਵਤ)

ਜਨਮ ਭਿੱਖੀ ਵਿੰਡ ਹਥਾੜ; ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿਚ ਸਯਦ ਅਬਦੁਲ ਰਹਿਮਾਨ ਦੇ ਘਰ ਹੋਇਆ। ਜੇ. ਵੀ. ਕਰਨ ਪਿਛੋਂ ਪ੍ਰਾਇਮਰੀ ਸਕੂਲ ਦੀ ਅਧਿਆਪਕੀ ਕਰਨ ਲਗ ਪਏ। ਅਜ ਕਲ ਆਪਦੀ ਠਾਹਰ ਕੜਿਆਂਕਲਾਂ ਜ਼ਿਲਾ ਗੁਜਰਾਂਵਾਲੇ ਵਿਚ ਹੈ। ਕੰਮ ਪਿੰਡ ਲੀਲ ਵਿਚ ਕਰਦੇ ਹਨ। ਕਿਤਾਬਤ ਅਤੇ ਚਿਤਰਕਾਰੀ ਵਿਚ ਵੀ ਦਿਲਚਸਪੀ ਰਖਦੇ ਹਨ।

ਆਪਦੀਆਂ ਕਵਿਤਾਵਾਂ ਕਹਾਣੀਆਂ ਪਾਕਿਸਤਾਨ ਦੇ ਪ੍ਰਸਿਧ ਪੰਜਾਬੀ ਮਾਸਕਾਂ ਵਿਚ ਛਪਦੀਆਂ ਰਹਿੰਦੀਆਂ ਹਨ।

ਆਪ ਬੜੇ ਸੂਝਵਾਨ ਅਤੇ ਸਿਦਕੀ ਸਾਹਿਤਕਾਰ ਹਨ।

**ਫਕੀਰ, ਰਹੀਮ ਬਖਸ਼**

ਵੇਖੋ
ਰਹੀਮ ਬਖਸ਼ ਫਕੀਰ

**ਫਰਦ ਫਕੀਰ ਖੁਆਜਾ**

ਵੇਖੋ
ਖੁਆਜਾ, ਫ਼ਰਦ ਫਕੀਰ

**ਫੀਰੋਜ਼ ਦੀਨ ਫੀਰੋਜ਼**

ਆਪਦੀ ਕਾਵਿ-ਪੁਸਤਕ 'ਮਜਮੂਆ ਵਜ਼ਾਇਫਿ ਫ਼ੀਰੋਜ਼ੀ' ੧੩੪੧ ਹਿਜਰੀ ਵਿਚ ਮਤਬਾ ਇਸਲਾਮੀਆਂ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਫਿਰੋਜ਼ਦੀਨ ਫੀਰੋਜ਼** (ਮਾਰਚ ੧੮੬੪—ਮਾਰਚ ੧੯੦੭)

ਆਪਦਾ ਜਨਮ ਡਸਕਾ ਜ਼ਿਲਾ ਸਿਆਲਕੋਟ ਵਿਚ ਮੌਲਵੀ ਇਮਾਮਦੀਨ ਕੁਰੈਸ਼ੀ ਦੇ ਘਰ ਹੋਇਆ। ਉਰਦੂ-ਫਾਰਸੀ ਦੀ ਵਿਦਵਤਾ ਕਮਾਉਣ ਤੇ ਪੰਜਾਬ ਯੂਨੀਵਰਸਿਟੀ ਤੋਂ ਮੁਣਸ਼ੀ ਫ਼ਾਜ਼ਲ ਦਾ ਇਮਤਿਹਾਨ ਪਾਸ ਕਰਨ ਪਿਛੋਂ ਗੌਰਮਿੰਟ ਹਾਈ ਸਕੂਲ ਵਿਚ ਅਧਿਆਪਕ ਲਗ ਗਏ। ਆਪਣੇ ਵਿਦਵਾਨ ਪਿਤਾ ਤੋਂ ਕਵਿਤਾ ਲਿਖਣ ਦੀ ਪਰੇਰਨਾ ਪ੍ਰਾਪਤ ਕੀਤੀ।

ਆਪ ਨੇ ਖਿਤਬਾ ਫਿਰੋਜ਼ੀ ਨਾਂ ਦੀ ਪੁਸਤਕ ਦੇ 'ਸੱਤ ਪਾਰਿਆਂ' ਦਾ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਆਪਦੀਆਂ ਪੁਸਤਕਾਂ 'ਬਾਗ ਬਹਿਸ਼ਤ, ਗੁਲਜ਼ਾਰ ਯੂਸਫ, ਨਿਮਾਜ਼ ਫ਼ੀਰੋਜ਼ੀ, ਨਿਮਾਜ਼ ਹਜ਼ੂਰੀ ਅਤੇ ਅਸਮਾਨੀ ਕੜਕ, ਪੰਜਾਬੀ ਕਵਿਤਾ ਦੇ ਮਾਧਿਅਮ ਵਿਚ ਹਨ।

ਇਸ ਤੋਂ ਬਿਨਾਂ ਆਪ ਨੇ 'ਲੁਗਾਤ ਫੀਰੋਜ਼ੀ ਫਾਰਸੀ' ਆਦਿਕ ਪੁਸਤਕਾਂ ਦੀ ਵੀ ਉਰਦੂ ਰਚਨਾ ਕੀਤੀ। ਆਪਦੀ ਕਵਿਤਾ ਵਿਚ ਉਪਦੇਸ਼ ਦੀ ਪਰਧਾਨਤਾ ਹੈ। ਪੰਜਾਬੀ ਸ਼ੁਧ ਹੈ ਅਤੇ ਬਿੰਬਾਂ ਦੀ ਘਾਟ ਹੈ :—

ਨਕਸ਼ ਤਿਲੱਸਮ ਤੇ ਜਾਦੂ ਟੂਣੇ
ਕਰਦੇ ਰਹਿਣ ਹਮੇਸ਼ਾਂ।
ਦਿਨ ਤੇ ਰਾਤ ਲਿਟਣ ਦਾ ਬਸ
ਇਹ ਬਣਾਇਆ ਪੇਸ਼ਾ।
ਨਕਸ਼ ਤਿਲੱਸਮ ਤੇ ਜਾਦੂ ਜੰਤਰ
ਲੋਕਾਂ ਆਪ ਬਣਾਏ।
ਹਜ਼ਰਤ ਪਾਕ ਸੁਲੇਮਾਂ ਦੇ ਦਿਲ
ਏਵੇਂ ਚਾ ਲਗਾਏ।
—ਪਹਿਲਾ ਪਾਰਾ

**ਫਿਰੋਜ਼ਦੀਨ ਸ਼ਰਫ਼** (੧੮੯੮—੧੯੫੫)

ਆਪਦਾਂ ਜਨਮ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਤੋਲਾ ਨੰਗਲ ਵਿਚ ਰਾਜਪੂਤ ਮੁਸਲਮਾਨ 'ਮੀਰ ਵੀਰ ਖਾਂ' ਦੇ ਘਰ ੧੮੯੮ ਵਿਚ ਹੋਇਆ। ਆਪਨੇ ਜ਼ਿੰਦਗੀ ਦਾ ਵਧੇਰੇ ਸਮਾਂ ਲਾਹੌਰ ਵਿਚ ਬਿਤਾਇਆ। ਸਾਰੀ ਉਮਰ ਸਾਂਝੀ ਪੰਜਾਬੀਅਤ ਸਥਾਪਿਤ ਕਰਨ ਲਈ ਕਲਪਦੇ ਰਹੇ। ਉਰਦੂ, ਫਾਰਸੀ ਤੇ ਪੰਜਾਬੀ ਦਾ ਸਰੇਸ਼ਟ ਸਾਹਿਤ ਪੜ੍ਹਨ ਪਿਛੋਂ ਆਪਨੇ ਪੰਜਾਬੀਅਤ ਦਾ ਇਕ ਇਕਾਗਰ ਚਿਤਰ ਤਿਆਰ ਕੀਤਾ ਸੀ। ਬਾਬੂ ਹਮਦਮ ਆਪ ਲਈ ਪਰੇਰਨਾ ਦੇ ਸੋਮੇ ਸਨ। ਇਨ੍ਹਾਂ ਤੋਂ ਹੀ ਆਪਨੇ ਕਵਿਤਾ ਲਿਖਣ ਦੀ ਪਰਬੀਨਤਾ ਪ੍ਰਾਪਤ ਕੀਤੀ।

੧੯੨੪ ਵਿਚ ਆਪ ਨੇ ਅਕਾਲੀ ਲਹਿਰ ਦੀ ਮਹਾਨਤਾ ਨੂੰ ਉਜਾਗਰ ਕਰਨ ਵਾਲਾ ਕਾਵਿ-ਸੰਗ੍ਰਹਿ 'ਦੁਖਾਂ ਦੇ ਕੀਰਨੇ' ਪ੍ਰਕਾਸ਼ਿਤ ਕੀਤਾ ਅਤੇ ਅੰਗ੍ਰੇਜ਼ਾਂ ਦੀਆਂ ਜੇਲ੍ਹਾਂ ਵਿਚ ਇਕ ਸਾਲ ਦੀ ਕੈਦ ਕੱਟੀ। ਪੰਜਾਬ ਯੂਨੀਵਰਸਿਟੀ ਨੇ ਆਪਦੀ ਪੁਸਤਕ 'ਸੁਨਹਿਰੀ ਕਲੀਆਂ' ਦੀ ਮਹਾਨਤਾ ਨੂੰ ਮੁਖ ਰਖਦਿਆਂ ਪੰਜਾ ਹਜ਼ਾਰ ਰੁਪਿਆ ਇਨਾਮ ਦਿਤਾ। ੧੯੫੪ ਵਿਚ ਮਹਿਕਮਾ ਪੰਜਾਬੀ, ਪਟਿਆਲਾ ਨੇ ਆਪਦੀਆਂ ਸੇਵਾਵਾਂ ਨੂੰ ਸਨਮਾਨਦਿਆਂ ਆਪ ਨੂੰ ਮਾਨ ਪਤਰ ਤੇ ਸਰੋਪਾ ਭੇਂਟ ਕੀਤਾ। ਕਵੀ ਦਰਬਾਰਾਂ ਵਿਚ ਆਪਦੀ ਅਦਾਇਗੀ ਵੀ ਕਮਾਲ ਦੀ ਹੋਇਆ ਕਰਦੀ ਸੀ। ਇਸੇ ਕਰ ਕੇ ਆਪ ਨੂੰ 'ਪੰਜਾਬੀ ਬੁਲਬੁਲ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਸ਼ਰਧਾ ਦੇ ਫੁਲ, ਸ਼ਰਫ ਸੁਨੇਹੇ, ਸੁਨਹਿਰੀ ਕਲੀਆਂ, ਸ਼ਰਫ਼ ਹੁਲਾਰੇ, ਸ਼ਰਫ ਨਿਸ਼ਾਨੀ, ਸ਼ਰਫ ਉਡਾਰੀ, ਦੁਖਾਂ ਦੇ ਕੀਰਨੇ, ਨੂਰੀ ਦਰਸ਼ਨ, ਸ਼ਰਫ਼ ਦੇ ਗੀਤ, ਜੋਗਨ ਲਾਲਾਂ ਦੇ ਹਾਰ ਨਾਂ ਦੇ ਕਾਵਿ-ਸੰਗ੍ਰਹਿ ਪੰਜਾਬੀ ਦੇ ਰਵਾਇਤੀ ਸਾਹਿਤ ਵਿਚ ਉਚਾ ਸਥਾਨ ਰਖਦੇ ਹਨ। ਆਪਦਾ ਨਾਟਕ 'ਹੀਰ ਸਿਆਲ' ਵੀ ਉਚੇ ਦਰਜੇ ਦੀ ਕਿਰਤ ਹੈ।

ਆਪਦੀ ਕਵਿਤਾ ਪੰਜਾਬ ਦੇ ਇਤਿਹਾਸ ਤੋਂ ਪ੍ਰੇਰਨਾ ਲੈਂਦੀ ਹੈ ਅਤੇ ਸਾਂਝੀ ਕਲਚਰ, ਦੇਸ਼ ਪਿਆਰ, ਸਮਾਜ ਸੁਧਾਰ ਕੁਦਰਤ ਦੀ ਸੁੰਦਰਤਾ ਅਤੇ ਹੋਰ ਅਨੇਕਾਂ ਵਿਸ਼ੈ ਨਿਭਾਉਂਦੀ ਹੈ। ਸ਼ਬਦ ਪਰਯੋਗ ਦਾ ਗੁਣ ਆਪ ਨੂੰ ਫ਼ਜ਼ਲ ਸ਼ਾਹ ਨਾਲ ਜੋੜਦਾ ਹੈ।

ਆਪਦੀ ਵਡਿਆਈ ਵਧੇਰੇ ਕਰ ਕੇ ਬੋਲੀ ਦੀ ਪ੍ਰਬੀਨਤਾ ਵਿਚ ਹੈ। ਨਜ਼ਾਕਤ, ਅਲੰਕਾਰਾਂ ਦੀ ਸੁਚੱਜੀ ਜੜਤ ਤੇ ਰਵਾਇਤ ਦੀ ਨਵੀਨ ਵਰਤੋਂ ਆਪਦੇ ਬੋਲੀ ਦੇ ਕੁਝ ਪੱਖ ਹਨ।

ਵਿਚਾਰਧਾਰਕ ਪਖੋਂ ਆਪ ਕ੍ਰਾਂਤੀਕਾਰੀ ਵਿਚਾਰਾਂ ਦੇ ਸਨ ਪਰ ਕਿਸੇ ਦ੍ਰਿੜ ਵਿਚਾਰਧਾਰਾ ਨਾਲ ਹਥਿਆਰ-ਬੰਦ ਨਾ ਹੋ ਸਕੇ।

ਪੰਜਾਬੀ ਫਿਲਮਕਾਰੀ ਦੇ ਖੇਤਰ ਵਿਚ ਵੀ ਆਪਦਾ ਨਿਵੇਕਲਾ ਸਥਾਨ ਹੈ। 'ਹੀਰ ਸਿਆਲ', 'ਸਸੀ ਪੁਨੂੰ',

'ਚੌਧਰੀ', ਅਤੇ 'ਨਿਖੱਟੂ' ਆਦਿ ਫਿਲਮਾਂ ਆਪਦੀ ਪ੍ਰਤਿਭਾ ਦੀ ਬਹੁਪਖਤਾ ਨੂੰ ਦਰਸਾਂਦੀਆਂ ਹਨ।

**ਫੁਲ, ਗੁਰਦਿਆਲ ਸਿੰਘ** (੧ ਮਾਰਚ ੧੯੧੧— ਜੀਵਤ)

ਜਨਮ ਨੰਗਲ ਸ਼ਾਮਾਂ, ਜ਼ਿਲਾ ਜਲੰਧਰ ਵਿਚ ਸ: ਭਗਵਾਨ ਸਿੰਘ ਫੁਲ ਦੇ ਘਰ ਮਾਤਾ ਧੰਨ ਕੌਰ ਦੀ ਕੁਖੋਂ ਹੋਇਆ। ਜਬਲਪੁਰ ਅਤੇ ਜਲੰਧਰ ਤੋਂ ਮੁਢਲੀ ਵਿਦਿਆ ਪ੍ਰਾਪਤ ਕਰਨ ਪਿਛੋਂ ਆਪ ਨੇ ਰਣਧੀਰ ਕਾਲ਼ਗ ਕਪੂਰਥਲਿਓਂ ਐਫ. ਐਸ. ਸੀ. ਅਤੇ ਖਾਲਸਾ ਕਾਲਜ ਅੰਮ੍ਰਿਤਸਰੋਂ ਬੀ. ਏ. ਕੀਤੀ। ੧੯੫੧ ਵਿਚ ਖਾਲਸਾ ਕਾਲਜੋਂ ਪੰਜਾਬੀ ਦੀ ਐਮ. ਏ. ਕਰਨ ਪਿਛੋਂ ਆਪ ਇਥੇ ਹੀ ਮਾਤਭਾਸ਼ਾ ਦੇ ਅਧਿਆਪਕ ਲਗ ਗਏ। ਰੰਗ ਮੰਚ, ਚਿਤ੍ਰਕਾਰੀ, ਖੇਡਾਂ, ਸ਼ਿਲਪਾਂ ਆਦਿਕ ਵਿਚ ਆਪ ਬੜੇ ਪ੍ਰਬੀਨ ਹਨ। ਆਪ ਨੇ ਜ਼ਿੰਦਗੀ ਨੂੰ ਕਾਫੀ ਸਰਗਰਮ ਰਖਿਆ ਹੋਇਆ ਹੈ। ਕਾਫੀ ਸਾਹਿਤਕ ਤੇ ਵਿਦਿਅਕ ਇਨਾਮ ਜਿਤੇ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਨਾਟਕ : ਪਿਤਾ ਪਿਆਰ, ਕਾਲਜੀਏਟ, ਆਦਮੀ ਦੀ ਅਕਲ, ਜੋੜੀ, ਸਾਥੀ, ਕਲਾ ਤੇ ਜ਼ਿੰਦਗੀ, ਅਜ ਕਲ, ਧਰਤੀ ਦੀ ਜਾਈ, ਓੜਕ ਸਚ ਰਹੀ, ਬੈਂਕ, ਕੰਬਦੇ ਧੌਲਰ, ਝੂਠਾ ਬਜ਼ਾਰ, ਕਲ ਜੁਗ ਰਥਿ ਅਗਨਿ ਕਾ (ਕਵਿਤਾ ਵਿਚ)।

ਇਕਾਂਗੀ-ਸੰਗ੍ਰਹਿ : ਹਉਕੇ, ਕਣਕ ਦਾ ਬੋਹਲ, ਡੋਲਦੀ ਲਾਟ, ਨਵੀਆਂ ਜੋਤਾਂ, ਜੀਵਨ ਹਲੂਣੇ, ਰਾਤ ਕਟ ਗਈ, ਕੱਲਾ ਹੱਕ, ਕਿਧਰ ਜਾਵਾਂ, ਬੇਵਸੀ, ਚੜ੍ਹਾਵਾ।

ਕਹਾਣੀ-ਸੰਗ੍ਰਹਿ : ਹੁਣ ਦਸੋ, ਲੀਰਾਂ, ਇਹ ਕੀ, ਦੱਛਣਾ, ਭਾਗਾਂ ਦੀ ਹੱਟੀ, ਚਾਂਦੀ ਦਾ ਵਰਕ।

ਜੀਵਨੀ : ਜੀਵਨ ਭਾਈ ਜੋਧ ਸਿੰਘ।

ਨਾਵਲ : ਰਾਜਿੰਦਰ ਮਾਸਟਰ ਜੀ।

ਆਲੋਚਨਾ : (ਸਹਿਯੋਗ ਨਾਲ), ਨਾਵਲ ਕਲਾ, ਆਧੁਨਿਕ ਨਾਟਕ, ਨਾਟਕ ਸਿਧਾਂਤ।

ਇਸ ਦੇ ਇਲਾਵਾ ਬਾਲ-ਸਾਹਿਤ, ਸੂਚਨਾ-ਸਾਹਿਤ ਅਤੇ ਵਿਦਿਆਰਥੀ ਦੀਆਂ ਦੋ ਕੁ ਦਰਜਨ ਰਚਨਾਵਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

ਆਪ ਸਾਧਾਰਨ ਜ਼ਿੰਦਗੀ ਨੂੰ ਹੀ ਵਿਚਾਰਧਾਰਾ ਦਾ ਅਧਾਰ ਬਣਾਉਂਦੇ ਹਨ। ਸ਼ੁਰੂ ਸ਼ੁਰੂ ਵਿਚ ਆਪਦੀ ਰਚਨਾ ਵਿਚ ਅਸਾਧਾਰਨ ਰੰਗ ਮੰਚੀ ਗੁਣ ਸਨ ਪਰ ਪਿਛਲੇਰੀਆਂ ਕਿਰਤਾਂ ਵਿਚ ਸੰਜੀਦਗੀ ਵਧੇਰੇ ਹੈ। ਆਪ ਦਾ ਸਥਾਨ ਉਚੇਰੇ ਸਾਹਿਤਕਾਰਾਂ ਵਿਚ ਹੈ।

**ਫਜ਼ਲ-ਉਲ-ਦੀਨ** (੧੮੪੮-੧੯੩੭)

ਲਾਹੌਰ ਦੇ ਮੋਚੀ ਦਰਵਾਜ਼ੇ ਕੋਲ ਆਪ ਲੁਹਾਰਾ ਕੰਮ ਕਰਿਆ ਕਰਦੇ ਸਨ। ਆਪ ਮਸ਼ੀਨਾਂ ਬਨਾਉਣ ਵਿਚ ਮਾਹਿਰ ਸਨ। ਬੈਂਤਬਾਜ਼ੀ ਵਿਚ ਮੁਹਾਰਤ ਪ੍ਰਾਪਤ ਕਰਨ ਲਈ ਆਪ ਮਹਾਰਾਜਾ ਰਣਜੀਤ ਸਿੰਘ ਦੇ ਸਾਬਕ ਤੋਪਚੀ ਮੀਆਂ ਮੁਹੰਮਦ ਬਖਸ਼ ਗੋਲੰਦਾਜ਼ ਦੇ ਸ਼ਾਗਿਰਦ ਹੋਏ। ਅਨਪੜ੍ਹ ਹੁੰਦਿਆਂ ਹੋਇਆਂ ਵੀ ਆਪ ਜ਼ਿੰਦਗੀ ਦੇ ਭਰਪੂਰ ਗਿਆਨ ਦੇ ਮਾਲਕ ਸਨ। ਆਪਦੀ ਪ੍ਰਮਾਣੀਕਤਾ ਜਲਦੀ ਹੀ ਵਧ ਗਈ ਤੇ ਹੌਲੀ ਹੌਲੀ ਆਪ ਇਕ ਸੰਸਥਾ ਦਾ ਰੂਪ ਧਾਰ ਗਏ। ਆਪਨੇ ਜੀਉਂਦੇ ਜੀ ਆਪਣੇ ਸ਼ਗਿਰਦ ਅਲਾ ਦਿਤਾ ਸ਼ਾਦ ਨੂੰ ਆਪਣਾ ਖਲੀਫਾ ਨਿਯੁਕਤ ਕਰ ਦਿਤਾ ਪਰ ਸ਼ਾਦ ਜੀ ਜੀ ਆਪ ਦੇ ਜੀਉਂਦੇ ਜੀ ਹੀ ੧੯੨੪ ਵਿਚ ਚਲਾਣਾ ਕਰ ਗਏ।

ਆਪਦੀ ਪਹਿਲੀ ਬਰਸੀ ਲਾਹੌਰ ਵਿਚ ਮੀਆਂ ਮੁਹੰਮਦ ਸਫ਼ੀਰ ਦੀ ਪਰਧਾਨਗੀ ਹੇਠ ਮਨਾਈ ਗਈ ਜਿਸ ਵਿਚ ਆਪਦੇ ਦੂਜੇ ਸ਼ਗਿਰਦ ਮੀਆਂ ਚਰਾਗਦੀਨ

ਇਸ਼ਕ ਲਹਿਰ ਨੂੰ ਆਪਦਾ ਖਲੀਫਾ ਥਾਪਿਆ ਗਿਆ।

ਆਪ ਦੀ ਬੋਲੀ ਸ਼ੁਧ ਪੰਜਾਬੀ ਹੈ। ਸ਼ੈਲੀ ਵਿਚ ਬਿੰਬਾਂ ਦੀ ਘਾਟ ਹੈ। ਰੂਪਵਾਦੀ ਲਹਿਰ ਨਾਲ ਸਾਂਝ ਹੈ। ਕਵਿਤਾ ਦਾ ਨਮੂਨਾ ਹੇਠਾਂ ਦਿਤਾ ਜਾਂਦਾ ਹੈ :

ਠੰਡੀ ਵਾਓ ਨਾ ਖੁਸ਼ੀ ਦੀ ਕੋਈ ਆਵੇ,
ਸਾਡੇ ਤਾਅਨਿਆਂ ਨਾਲ ਜਹਾਨ ਮੀਆਂ।
ਫ਼ਜ਼ਲਦੀਨ ਕਾਹਨੂੰ ਗਲਾਂ ਜਗ ਕਰਦਾ,
ਜੇਕਰ ਯਾਰ ਹੁੰਦਾ ਮਿਹਰਬਾਨ ਮੀਆਂ।

**ਫਜ਼ਲ ਹੁਸੈਨ ਫਜ਼ਲ, ਪੀਰ** (੧ ਜਨਵਰੀ ੧੮੯੬—ਜੀਵਤ)

ਜਨਮ ਗੁਜਰਾਤ ਵਿਚ ਪੀਰ ਮਕਬੂਲ ਸ਼ਾਹ ਦੇ ਘਰ ਹੋਇਆ। ਆਪਦਾ ਖਾਨਦਾਨੀ ਸਬੰਧ ਹਜ਼ਰਤ ਕਬੀਰ ਦੀਨ ਸ਼ਾਹਦੌਲਾ ਦਰਿਆਈ ਨਾਲ ਹੈ, ਜੋ ਕਿ ਗੁਰੂ ਹਰਗੋਬਿੰਦ ਸਾਹਿਬ ਦੇ ਹਮਦਰਦ ਸਨ। ੧੯੧੭ ਵਿਚ ਦਸਵੀਂ ਕਰਨ ਪਿਛੋਂ ਇਸਲਾਮੀਆ ਕਾਲਜ ਲਾਹੌਰ ਵਿਚ ਦਾਖਲ ਹੋਏ ਪਰ ਘਰ ਵਲੋਂ ਸਹਿਯੋਗ ਨਾ ਮਿਲਣ ਕਾਰਨ ਪੜ੍ਹਾਈ ਵਿਚੇ ਛਡਣੀ ਪਈ ਅਤੇ ਲਾਹੌਰ ਨਗਰ ਪਾਲਿਕਾ ਵਿਚ ਮੁਲਾਜ਼ਮ ਹੋ ਗਏ। ਇਥੇ ੩੦-੩੨ ਸਾਲ ਹੈੱਡ ਕਲਰਕ ਅਤੇ ਸੁਪਰਡੰਟ ਚੁੰਗੀ ਰਹੇ। ਅਜ ਕਲ ਗੁਜਰਾਤ ਵਿਚ ਮਨੁਖਵਾਦ ਅਤੇ ਸਾਂਝੀ ਪੰਜਾਬੀਅਤ ਦਾ ਪ੍ਰਚਾਰ ਕਰ ਰਹੇ ਹਨ। ਉਰਦੂ ਵਿਚ ਆਪਦੇ ਨਿਗਰਾਨ ਮਿਰਜ਼ਾ ਨਿਸਾਰਦੀਨ ਮੱਬਸਰ ਦਿਹਲਵੀ ਸਨ। ੧੯੧੦ ਦੀ ਪੰਜਾਬੀ-ਪ੍ਰਸਤੀ ਨੇ ਆਪ ਨੂੰ ਮਾਤ-ਬੋਲੀ ਦਾ ਉਪਾਸ਼ਕ ਬਣਾਇਆ।

ਆਪ ਦਾ ਸਥਾਨ ਪੰਜਾਬੀ ਦੇ ਉਚਤਮ ਗਜ਼ਲਗੋਆਂ ਵਿਚ ਹੈ। ਸਾਦੇ ਪਿਆਰ ਦੀ ਜ਼ਿੰਦਗੀ ਤੋਂ ਆਪ ਨੂੰ ਪਰੇਰਨਾ ਮਿਲਦੀ ਹੈ।

ਪਾਕਿਸਤਾਨ ਅਤੇ ਭਾਰਤ ਦੇ ਪ੍ਰਸਿਧ ਰਸਾਲਿਆਂ ਵਿਚ ਆਪਦੀਆਂ ਰਚਨਾਵਾਂ ਛਪਦੀਆ ਰਹਿੰਦੀਆਂ ਹਨ।

ਸਪਤਾਹਿਕ, ਮੁਹੱਬੇ ਕਿਸਾਨ, ਗੁਜਰਾਤ ਨੇ ਆਪ ਸਬੰਧੀ ਇਕ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤਾ ਹੈ।

**ਫਜ਼ਲ ਦੀਨ ਬਖਤ** (੧੯੧੦—ਜੀਵਤ)

ਆਪਦਾ ਜਨਮ ਲਾਹੌਰ ਵਿਚ ਚੌਧਰੀ ਹਸਨ ਦੀਨ ਦੇ ਘਰ ਹੋਇਆ। ਤਕਰੀਬਨ ੧੯੨੪ ਵਿਚ ਆਪ ਨੇ ਹਸਨ ਦੀਨ ਹਸਨ ਨੂੰ ਉਸਤਾਦ ਧਾਰਿਆ। ਆਪ ਅਜ ਕਲ ਲਾਹੌਰ ਸਬਜ਼ੀ ਮੰਡੀ ਦੇ ਚੌਣਵੇਂ ਆੜ੍ਹਤੀ ਹਨ। ਆਪ ਮੱਕੇ ਦਾ ਹੱਜ ਵੀ ਕਰ ਚੁਕੇ ਹਨ।

ਖਿਆਲ ਬਖਤ, ਬਖਤ ਦੇ ਭਰੇ ਖਜ਼ਾਨੇ, ਬਖਤ ਦੀਆਂ ਤਿੰਨ ਗਲਾਂ, ਬਖਤ ਦੇ ਅਕੀਦਤ ਆਦਿਕ ਆਪਦੇ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਆਪਦੀ ਕਵਿਤਾ ਵਿਚ ਸ਼ੰਗਾਰ ਰਸ ਦੀ ਪਰਧਾਨਤਾ ਹੈ। ਬੋਲੀ ਲੋਕਿਕ ਹੈ ਤੇ ਬਿੰਬਾਵਲੀ ਨਾਮ ਮਾਤਰ :

ਮੈਂ ਇਸ਼ਕ ਵੀ ਕੀਤਾ ਤੇ ਕੀ ਕੀਤਾ,
ਕਾਮਯਾਬ ਤਕਦੀਰ ਨਾ ਹੋਣ ਦਿਤਾ।
ਜੇ ਮਾਅਸ਼ੂਕ ਵੀ ਮਿਲਿਆ ਤੇ ਕੀ ਮਿਲਿਆ
ਦਾਮਨ ਤਕ ਨਾ ਉਸਨੇ ਛੁਹਣ ਦਿਤਾ।

**ਫਜ਼ਲ ਸ਼ਾਹ, ਸੱਯਦ** (੧੮੨੭—੧੧ ਫਰਵਰੀ ੧੮੯੦)

ਜਨਮ ਸੱਯਦ ਕੁਤਬ ਸ਼ਾਹ ਦੇ ਘਰ ਹੋਇਆ। ਥਾਂ ਟਿਕਾਣੇ ਬਾਰੇ ਆਪਦਾ ਬਿਆਨ ਇਸ ਪ੍ਰਕਾਰ ਹੈ :

ਨਵਾਂ ਕੋਟ ਲਾਹੌਰ ਦੀ ਤਰਫ ਦੱਖਣ,
ਪੈਂਡਾ ਨੀਮ ਫਰਸੰਗ ਦਾ ਜਾਣ ਬੇਲੀ।
ਉਸ ਜਗ੍ਹਾ ਤੇ ਮੈਂ ਵਸਨੀਕ ਕੀਤਾ
ਗਲ ਇਸ਼ਕ ਦੀ ਕੁਲ ਬਿਆਨ ਬੇਲੀ।

ਸ਼ਾਇਰੀ ਦਾ ਸ਼ੌਕ ਆਪਨੂੰ ਬਚਪਨ ਵਿਚ ਹੀ ਲਗ਼ ਗਿਆ ਸੀ। ਮੌਲਵੀ ਫ਼ਰੀਦੁ-ਦੀਨ ਮੁਜ਼ੰਗੀ ਆਪਦੇ ਉਸਤਾਦ ਸਨ। ਕਈਆਂ ਦਾ ਖਿਆਲ ਹੈ ਕਿ ਆਪ

ਦਾ ਇਕ ਹਿੰਦੂ ਕੁੜੀ ਨਾਲ ਇਸ਼ਕ ਹੋਇਆ । ਜਿਸ ਕਾਰਠ ਪਿਤਾ ਨੇ ਆਪਨੂੰ ਘਰੋਂ ਕਢ ਦਿਤਾ । ਤੇ ਬਾਅਦ ਵਿਚ ਫਾਇਨੈਂਸ਼ਲ ਕਮਿਸ਼ਨਰ ਲਾਹੌਰ ਦੇ ਦਫਤਰ ਵਿਚ ਦਫਤਰੀ ਲਗੇ ਅਤੇ ਸਾਰੀ ਉਮਰ ਏਥੇ ਹੀ ਬਿਤਾ ਛਡੀ ।

ਤੁਹਫਾ ਫਜ਼ਲ ਸ਼ਾਹ, ਸੋਹਣੀ ਮਹੀਂਵਾਲ, ਸ਼ੀਹਰਫੀਆਂ, ਹੀਰ ਰਾਂਝਾ, ਲੈਲਾ ਮਜਨੂੰ, ਯੂਸਫ, ਜ਼ੁਲੈਖਾਂ, ਆਦਿਕ ਕਿਰਤਾਂ ਆਪਦੀ ਰਚਨਾ ਵਿਚ ਸ਼ਾਮਲ ਹਨ । ਆਪਦੀ 'ਸੋਹਣੀ' ਵਧੇਰੇ ਪ੍ਰਸਿਧ ਹੈ ।

ਆਪਦੀ ਸ਼ੈਲੀ ਉਤੇ ਰੂਪਵਾਦ (ਸ਼ਬਦ ਕਲੋਲ ਆਦਿ) ਦੀ ਛਾਇਆ ਹੈ । ਆਪਦੇ ਬਿਆਨ ਵਿਚ ਸੰਖੇਪਤਾ ਦਾ ਅਭਾਵ ਹੈ । ਫਾਰਸੀ ਦਾ ਪ੍ਰਭਾਵ ਵੀ ਤੀਬਰ ਹੈ ।

ਰਵਾਇਤੀ ਭਾਗਵਾਦ ਆਪਦੀ ਰਚਨਾ ਵਿਚ ਵਿਆਪਕ ਹੈ ।

# ਬ

**ਬੰਸੀ** (ਉਨ੍ਹੀਵੀਂ ਸਦੀ)

ਆਪ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ (੧੮੫੨—੧੮੭੬) ਦੇ ਦਰਬਾਰੀ ਕਵੀ ਸਨ ।

'ਸ੍ਰੀ ਗੁਰੂ ਪੰਥ ਵਿਨੋਦ' ਆਪਦੀ ਪ੍ਰਸਿਧ ਇਤਿਹਾਸ ਰਚਨਾ ਹੈ । ਇਸ ਵਿਚ ਗਰ ਘਰ ਅਤੇ ਫਲਵੰਸ਼ ਦੇ ਗੁਣ ਗਾਏ ਗਏ ਹਨ ।

ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਦਸੋਂ ਅਵਤਾਰਨ ਕੇ ਪੰਕਜ ਵਿਮਲਪਦ
ਕਾਰਨ ਸੁਖਦ ਤੁੰਗ ਤਾਰਨ ਦੁਨੀ ਕੇ ਹੈਂ ।

ਆਪਦੀ ਸ਼ੈਲੀ ਉਤੇ ਹਿੰਦੀ ਦਾ ਵਿਆਪਕ ਪ੍ਰਭਾਵ ਹੈ ।

**ਬ੍ਰਹਮ ਸਾਗਰ ਡੋਗਰਾ**

ਵੇਖੋ

ਡੋਗਰਾ, ਬ੍ਰਹਮ ਸਾਗਰ

**ਬਾਹਰੀ, ਸੀਤਾ ਰਾਮ** (ਫਰਵਰੀ ੧੯੧੭—ਜੀਵਤ)

ਆਪਦਾ ਜਨਮ ਤਲਾਗੰਗ, ਜ਼ਿਲਾ ਅਟਕ ਵਿਚ ਸ੍ਰੀ ਗੋਕਲ ਚੰਦ ਬਾਹਰੀ ਦੇ ਘਰ ਸ੍ਰੀਮਤੀ ਲਖਮੀ ਦੇਵੀ ਦੀ ਕੁਖੋਂ ਹੋਇਆ । ਸਥਾਨਕ ਸਰਕਾਰੀ ਸਕੂਲੋਂ ਦਸਵੀਂ ਅਤੇ ਓਰੀਐਂਟਲ ਕਾਲਜ ਲਾਹੌਰੋਂ ਐਮ. ਏ. ਫਾਰਸੀ (੧੯੪੨) ਕਰਨ ਪਿਛੋਂ ਆਪ ਨੇ ਐਮ. ਓ. ਐਲ. (੧੯੪੩), ਪ੍ਰਭਾਕਰ (੧੯੫੧) ਅਤੇ ਐਮ. ਏ. ਹਿੰਦੀ (੧੯੫੩) ਦੀਆਂ ਯੋਗਤਾਵਾਂ ਵੀ ਪ੍ਰਾਪਤ ਕੀਤੀਆਂ । ਵਖੋ ਵਖ ਥਾਵਾਂ ਤੇ ਉਰਦੂ, ਫਾਰਸੀ ਤੇ ਹਿੰਦੀ ਦੇ ਅਧਿਆਪਕ ਰਹਿ ਚੁਕੇ ਹਨ । ਅਜ ਕਲ ਮੋਗੇ ਦੇ ਡੀ. ਐਮ. ਕਾਲਜ ਵਿਚ ਹਿੰਦੀ ਵਿਭਾਗ ਦੇ ਮੁਖੀ ਹਨ । ਆਪ ਸ਼ੁਧ ਅਧਿਆਤਮਕ ਪੰਜਾਬੀ ਕਲਚਰ ਨੂੰ ਜੀਉਂਦੇ ਹਨ ।

'ਪੰਜਾਬੀ ਉਪਰ ਫਾਰਸੀ ਅਰਬੀ ਪ੍ਰਭਾਵ' (੧੯੫੫) 'ਫਾਨੌਲੌਜੀ ਆਫ ਪਰਸ਼ੀਅਨ ਐਲੀਮੈਂਟ ਇਨ ਲਹਿੰਦੀ' 'ਪੁਰਾਤਨ ਹਿੰਦੀ ਤੇ ਪੰਜਾਬੀ ਦੇ ਸਬੰਧ' ਆਦਿਕ ਆਪਦੇ ਖੋਜ-ਨਿਬੰਧ ਕਾਫੀ ਪਰਵਾਨ ਹੋ ਚੁਕੇ ਹਨ । ਪੰਜਾਬੀ ਦੇ ਵਧੀਆ ਰਸਾਲਿਆਂ ਵਿਚ ਆਪਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ । ਉਰਦੂ ਹਿੰਦੀ ਦੇ ਪ੍ਰਸਿਧ ਪਤਰਾਂ ਵਿਚ ਵੀ ਆਪਦੀਆਂ ਕਿਰਤਾਂ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ ।

ਪੰਜਾਬ ਦੇ ਖੋਜੀਆਂ ਅਤੇ ਭਾਸ਼ਾ-ਵਿਗਿਆਨਕ ਵਿਦਵਾਨਾਂ ਵਿਚ ਆਪਦਾ ਉੱਚਾ ਸਥਾਨ ਹੈ ।

**ਬਾਹਰੀ ਹਰਦੇਵ** (੧੩ ਸਤੰਬਰ ੧੯੦੯—ਜੀਵਤ)

ਆਪ ਹਿੰਦੀ ਦੇ ਪ੍ਰਸਿਧ ਆਲੋਚਕ, ਕੋਸ਼ਕਾਰ ਅਤੇ ਭਾਸ਼ਾ-ਵਿਗਿਆਨੀ ਹਨ । ਰਾਸ਼ਟਰ ਭਾਸ਼ਾ ਵਿਚ ਆਪਦੀਆਂ ਬਹੁਤ ਸਾਰੀਆਂ ਪੁਸਤਕਾਂ ਪ੍ਰਮਾਣੀਕ ਹੋ ਚੁਕੀਆਂ ਹਨ ।

ਅਜ ਕਲ ਆਪ ਕੁਰਖਸ਼ੇਤਰ ਯੂਨੀਵਰਸਿਟੀ ਵਿਚ ਹਿੰਦੀ ਵਿਭਾਗ ਦੇ ਮੁਖੀ ਹਨ ।

ਪੰਜਾਬੀ ਭਾਸ਼ਾ ਸਬੰਧੀ ਆਪਨੇ ਬਹੁਤ ਸਾਰੇ ਖੋਜ

ਪਤਰ ਲਿਖੇ ਹਨ। ਸਾਂਝੀ ਪੰਜਾਬੀ ਕਲਚਰ ਨਾਲ ਆਪਨੂੰ ਗੂੜ੍ਹਾ ਨਿਹੁੰ ਹੈ।

**ਬਿਹਾਰੀ ਲਾਲ** (੧੮੩੦—੧੮੮੫)

ਆਪਦਾ ਜਨਮ ਬਹਿਰਾਮਪੁਰਾ ਜ਼ਿਲਾ ਗੁਰਦਾਸਪੁਰ ਵਿਚ ਬਾਬਾ ਬਾਂਗਾ ਜੀ ਦੇ ਖਾਨਦਾਨ ਵਿਚ ਹੋਇਆ। ਮਿਸ਼ਨ ਸਕੂਲ ਲੁਧਿਆਣਿਓਂ ਮੁਢਲੀ ਵਿਦਿਆ ਪ੍ਰਾਪਤ ਕੀਤੀ। ਬਾਰਕ ਮਾਸਟਰੀ ਦੇ ਮਹਿਕਮੇ ਵਿਚ ਡਰਾਫਟ ਮੈਨ ਰਹਿੰਦਿਆਂ ਆਪਨੇ ਥਾਂ ਥਾਂ ਉਤੇ ਖਰਾਇਤੀ ਸਕੂਲ ਖੋਲ੍ਹੇ। ੧੮੬੬ ਵਿਚ ਸਰਬ ਸਾਂਝੇ ਅਮਲੀ ਧਰਮ ਦਾ ਪਰਚਾਰ ਕਰਨ ਲਈ 'ਸੱਤ ਸਭਾ' ਦੀ ਨੀਂਹ ਰਖੀ।

ਆਪਦੇ ਸਪੁਤਰ ਭਾਈ ਬਿਸ਼ਨ ਦਾਸ ਪੁਰੀ ਵੀ ਪੰਜਾਬੀ ਦੇ ਪ੍ਰਸਿਧ ਵਿਦਵਾਨ ਹੋਏ ਹਨ।

ਪੰਜਾਬੀ ਕਲਚਰ ਦੀ ਰਖਿਆ ਲਈ ਆਪਨੇ ਅਨੇਕਾਂ ਯਤਨ ਕੀਤੇ। ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਨੂੰ ਸਤਿਕਾਰ ਯੋਗ ਥਾਂ ਦਿਵਾਉਣ ਲਈ ਉਚੇਚੀਆਂ ਕੋਸ਼ਿਸ਼ਾਂ ਕੀਤੀਆਂ।

ਪੰਜਾਬੀ ਅਤੇ ਹਿੰਦੀ ਦੀ ਵਿਦਵਤਾ ਆਪਦੀ ਸ਼ਖਸੀਅਤ ਦਾ ਅਨਿਖੜਵਾਂ ਅੰਗ ਸੀ।

ਆਪਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :—

ਕਾਵਿ-ਸੰਗ੍ਰਹਿ : ੧. ਸੱਤਯ ਨਿਰੂਪਣ ੨. ਗਿਆਨ ਮਾਲ ੩. ਵਿਚਾਰ ਕੁੰਡਲੀ ੪. ਅਨੇਕਾਰਥੀ ੫. ਰਤਨ ਮਾਲਾ ੬. ਵਿਗਿਆਨ ਪ੍ਰਕਾਸ਼ ੭. ਪ੍ਰੀਤਿ ੮. ਉਨਤਿ ੯. ਪ੍ਰਤੀਬਿੰਬ ੧੦. ਬਿਨਯ ਪਤ੍ਰਿਕਾ (੮ ਭਾਗ)

ਦਾਰਸ਼ਨਿਕ ਵਾਰਤਕ : ੧੧. ਬ੍ਰਹਮ ਧਰਮ ਬੀਜ ੧੨. ਅਨੇਕ ਦਰਸ਼ਨ ੧੩. ਵਸ਼ੀ ਕਰਣ (ਗੁਟਕਾ)

ਵਿਦਿਅਕ : ੧੪. ਵਿਦਿਆ ਰਤਨਾਕਾਰ ੧੫. ਪੰਜਾਬੀ ਦੀ ਤੀਜੀ ਤੇ ਚੌਥੀ ਪੋਥੀ।

ਜੀਵਨ ਸਬੰਧੀ : ੧੬. ਚਰਿਤਰਾਵਲੀ ੧੭. ਇਸਤ੍ਰੀ ਸਿਖਿਆ ਆਦਿਕ।

ਆਪਦੀ ਸ਼ੈਲੀ ਵਿਚ ਠੇਠ ਪੰਜਾਬੀ ਅਤੇ ਸਧਾਰਨਤਾ ਦੇ ਰੰਗ ਗੂੜ੍ਹੇ ਹਨ। ਆਪਦਾ ਸਥਾਨ ਮਹਾਨ ਪੰਜਾਬੀ-ਦਾਨਾਂ ਵਿਚ ਹੈ।

**ਬਿਹਾਰੀ ਲਾਲ, ਬਿਹਾਰੀ** (ਸੋਲ੍ਹਵੀਂ-ਸਤਾਰ੍ਹਵੀਂ ਸਦੀ)

ਆਪ ਗੁਰੂ ਗੋਬਿੰਦ ਸਿੰਘ ਦੇ ਬਵਿੰਜਾ ਕਵੀਆਂ ਵਿਚ ਸ਼ਾਮਲ ਸਨ। ਜਨਮ ਤੇ ਸਥਾਨ ਸਬੰਧੀ ਵਿਸਤਾਰ ਨਹੀਂ ਮਿਲਦਾ।

ਆਪਦੀ ਕਵਿਤਾ ਵਿਚੋਂ ਸ਼ੁਧ ਪੰਜਾਬੀਅਤ ਅਤੇ ਪ੍ਰੌੜ੍ਹ ਕਾਵਿ ਦਾ ਅਧਿਅਨ ਕੀਤਾ ਜਾ ਸਕਦਾ ਹੈ। ਬੋਲੀ ਕੇਂਦਰੀ ਅਤੇ ਬਿੰਬਾਵਲੀ ਰਵਾਇਤੀ ਹੈ। ਨਮੂਨਾ :

ਆਸ਼ਕ ਆਸ਼ਕ ਸਭ ਕੋਈ ਆਖੇ,
ਟੇਢੀ ਪਗੜੀ ਧਰ ਕੇ।
ਸਿਰ ਤੋਂ ਪਰ੍ਹੇ ਇਸ਼ਕ ਦਾ ਡੇਰਾ,
ਸਭ ਮੁੜ ਆਏ ਡਰ ਕੇ।
ਮਾਨ ਮਨੀ ਤੇ ਖ਼ੁਦੀ ਤਕਬਰ,
ਕੋਈ ਨਾ ਰਹਿਓ ਜਰ ਕੇ।
ਸਜਨਾਂ ਦੇ ਉਚੇ ਮਹਿਲ ਬਿਹਾਰੀ,
ਕੋਈ ਆਸ਼ਕ ਪਹੁਤਾ ਮਰ ਕੇ।

**ਬਾਂਕੇ ਦਿਆਲ** (੧੮੮੦—੧੯ ਜੁਲਾਈ ੧੯੨੯)

ਆਪਦਾ ਜਨਮ ਭਵਾਨਾ ਜ਼ਿਲਾ ਝੰਗ ਵਿਚ ਲਾਲਾ ਮਈਆ ਦਾਸ ਦੇ ਘਰ ਹੋਇਆ। ਆਪਦੇ ਵਡੇਰੇ (ਮੋਤੀ ਰਾਮ ਤੇ ਮੁਹਕਮ ਚੰਦ) ਮਹਾਰਾਜਾ ਰਣਜੀਤ ਸਿਘ ਦੇ ਵਡੇ ਅਹੁਦੇਦਾਰਾਂ ਵਿਚੋਂ ਸਨ। ਗੁਜਰਾਂਵਾਲੇ ਆ ਕੇ ਆਪ ਮਥਰਾ ਦਾਸ ਸ਼ਡੀਕ ਦੇ ਕਵੀ ਅਖਾੜੇ ਵਿਚ ਸ਼ਾਮਲ ਹੋਏ ਤੇ ਬੈਂਤਬਾਜ਼ੀ ਕਰਨ ਲਗ ਪਏ।

ਭਾਰਤ ਵਿਚ ਚਲੀ ਸੁਦੇਸ਼ੀ ਲਹਿਰ ਨੇ ਆਪ ਦੇ ਦਿਲ ਤੇ ਬਹੁਤ ਅਸਰ ਕੀਤਾ। ਆਪ ਦਸਵੀਂ ਦੀ ਪੜ੍ਹਾਈ ਵਿਚੇ ਛਡ ਕੇ ਸਿਆਲਕੋਟ ਆ ਗਏ। ਇਥੇ ਇਕ ਸੀਹਰਫੀ ਛਪਵਾਈ ਜਿਸ ਵਿਚ ਸਰਮਾਏਦਾਰੀ ਦੀ ਵਿਰੋਧਤਾ ਕੀਤੀ। ਜ਼ਿੰਦਗੀ ਵਿਚ ਆਰਥਕ ਸੰਤੁਲਨ ਨਾ ਕਾਇਮ ਕਰ ਸਕੇ। ੧੯੬੫ ਵਿਚ ਗੁਜਰਾਂਵਾਲਿਓਂ ਪੰਜਾਬੀ ਦਾ ਇਕ ਰਸਾਲਾ ਕਢਿਆ ਪਰ ਕਮਜ਼ੋਰ ਆਰਥਕਤਾ ਨੇ ਇਸ ਨੂੰ ਚਲਣ ਨਾ ਦਿਤਾ। ੧੯੧੫ ਵਿਚ 'ਝੰਗ ਸਿਆਲ' ਅਖਬਾਰ ਲਾਹੌਰੋਂ ਕਢਿਆ। ਅੰਮ੍ਰਿਤਸਰ ਤੇ ਲਾਹੌਰ ਵਿਚ ਦੇਸ਼ ਭਗਤੀ ਦੀਆਂ ਇਨਕਲਾਬੀ ਕਵਿਤਾਵਾਂ ਬੋਲਦੇ ਰਹੇ। ਅਨੇਕਾਂ ਵਾਰੀ ਆਪ ਅੰਗਰੇਜ਼ ਦੀਆਂ ਜੇਲ੍ਹਾਂ ਵਿਚ ਵੀ ਗਏ।

'ਰਾਮਾਇਣ' (ਚਾਰ ਭਾਗ) ਅਤੇ ਕੁਝ ਕਿੱਸੇ ਤੇ ਸੀਹਰਫੀਆਂ ਆਪਦੀ ਘਾਲਣਾ ਵਿਚ ਸ਼ਾਮਲ ਹਨ।

'ਪਗੜੀ ਸੰਭਾਲ ਜੱਟਾ' ਆਪਦੀ ਪ੍ਰਸਿਧ ਕਵਿਤਾ ਹੈ।

**ਬਖਤ, ਫਜ਼ਲਦੀਨ**

ਵੇਖੋ
ਫਜ਼ਲ ਦੀਨ ਬਖਤ

**ਬਖਸ਼ ਫਕੀਰ** (੧੮੩੦—੧੯੦੦ ਅੰਦਾਜ਼ਨ)

ਆਪ ਢੋਲਣ ਵਾਲਾ ਜ਼ਿਲਾ ਲਾਹੌਰ ਦੇ ਰਹਿਣ ਵਾਲੇ ਸਨ। ਆਪਦਾ ਪੂਰਾ ਨਾਂ ਰਹੀਮ ਬਖਸ਼ ਹੈ।

ਇਸ਼ਕ ਰਸੂਲ, ਮਕਹ ਰਸੂਲ, ਇਸ਼ਕ ਤਿਮਾਨਚਾ, ਕਸੀਦਾ ਅਨਵਰੀ (ਅਨੁਵਾਦ) ਆਦਿਕ ਆਪਦੀਆਂ ਪ੍ਰਸਿਧ ਰਚਨਾਵਾਂ ਹਨ।

ਆਪਦੀ ਸ਼ੈਲੀ ਉਤੇ ਸੂਫੀ ਅਸਰ ਬੜਾ ਡੀਬਰ ਹੈ। ਬਿੰਬਾਵਲੀ ਸਾਧਾਰਨ ਜੀਵਨ ਦੀ ਅਤੇ ਬੋਲੀ ਸ਼ੁੱਧ ਪੰਜਾਬੀ (ਲਹਿੰਦੀ ਪ੍ਰਭਾਵਿਤ) ਹੈ। ਕਈਆਂ ਕਵਿਤਾਵਾਂ ਵਿਚ ਇਸਲਾਮ-ਵਿਆਖਿਆ ਦੀ ਪਰਧਾਨਤਾ ਹੈ। ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਕੀ ਆਖਾਂ, ਕੀ ਆਖ ਸੁਣਾਵਾਂ,
ਦਰਦ ਹਿਜਰ ਦੀਆਂ ਬਾਤਾਂ ਮੈਂ।
ਦਿਹੁੰ ਸਾਰਾ ਰਵੰਦੀ ਕਟਾਂ,
ਤਾਰੇ ਗਿਣ ਗਿਣ ਰਾਤਾਂ ਮੈਂ।

**ਬਖਸ਼ ਫਕੀਰ**

ਵੇਖੋ
ਰਹੀਮ ਬਖਸ਼ ਫਕੀਰ

**ਬਖਸ਼ੀ, ਮੁਹੰਮਦ ਬਖਸ਼**

ਵੇਖੋ
ਮੁਹੰਮਦ ਬਖਸ਼, ਬਖਸ਼ੀ

**ਬਖਸ਼ੀ, ਮਨਜੀਤ ਕੌਰ** (੧੩ ਅਗਸਤ ੧੯੩੮—ਜੀਵਤ)

ਆਪ ਜਲੰਧਰ ਨਿਵਾਸੀ ਸ: ਦੀਵਾਨ ਸਿੰਘ ਦੀ ਸਪੁਤਰੀ ਹਨ। ਵਿਦਿਆ ਬੀ. ਏ. ਤਕ ਹੈ।

ਆਪ ਪੰਜਾਬੀ ਅਤੇ ਹਿੰਦੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਬਖਸ਼ ਮੁਲਤਾਨੀ** (ਮੁਢਲੀ ਉਨ੍ਹੀਵੀਂ ਸਦੀ)

ਆਪਦਾ ਪੂਰਾ ਨਾਂ ਮੀਆਂ ਬਖਸ਼ ਹੈ। ਆਪਦਾ ਜਨਮ ਅਠ੍ਹਾਰਵੀਂ ਸਦੀ ਦੇ ਅੰਤ ਵਿਚ ਡੇਰਾ ਗਾਜ਼ੀ ਖਾਂ ਹੋਇਆ। ਇਥੇ ਹੀ ਆਪਨੇ ਬਚਪਨ ਬਿਤਾਇਆ। ਬਾਅਦ ਵਿਚ ਆਪ ਪੱਕੇ ਤੌਰ ਉਤੇ ਮੁਲਤਾਨ ਆ ਗਏ ਅਤੇ ਸ਼ਾਇਰੀ ਕਰਨ ਲਗ ਪਏ। ਸਥਾਨਕ ਰੰਗਣ

ਕਾਰਨ ਆਪ ਇਲਾਕੇ ਵਿਚ ਬੜੇ ਪ੍ਰਸਿਧ ਹੋਏ ।

ਆਪ ਨੇ ਸਮਕਾਲੀ ਕਵੀਆਂ ਦੇ ਵਿਪਰੀਤ ਹਿੰਦੂ ਪੰਜਾਬੀ ਪ੍ਰਭਾਵਾਂ ਨੂੰ ਵਧੇਰੇ ਮਾਤਰਾਂ ਵਿਚ ਮਨਾਇਆ । ਆਪਦੀਆਂ ਕਾਫ਼ੀਆਂ ਵਿਚ ਭਾਵੇਂ ਸੂਫ਼ੀ ਪ੍ਰਭਾਵ ਮੌਜੂਦ ਹਨ, ਪਰ ਦੋਹਿੜਿਆਂ ਵਿਚ ਨਿਰੋਲ ਪੂਰਵ-ਮੁਸਲਿਮ ਪ੍ਰਭਾਵ ਹਨ । ਲਗਦਾ ਇੰਝ ਹੈ ਕਿ ਆਪਨੇ ਵਖੋ ਵਖ ਵਾਤਾਵਰਣ ਲਈ ਵਖੋ ਵਖ ਕਿਸਮਾਂ ਦੀਆਂ ਸ਼ੈਲੀਆਂ ਵਰਤੀਆਂ ਹਨ । ਬੋਲੀ ਵਿਚ ਵੀ ਇਸੇ ਪ੍ਰਕਾਰ ਦਾ ਸੰਤੁਲਨ ਕਾਇਮ ਹੈ । ਮੁਲਤਾਨੀ ਦਾ ਰੰਗ ਗੂੜ੍ਹਾ ਹੈ । ਬਿੰਬਾਵਲੀ ਸਾਧਾਰਨ ਜੀਵਨ ਦੀ ਹੈ । ਸੰਗੀਤ ਅਤੇ ਨ੍ਰਿਤ ਦੀ ਹੋਂਦ ਆਸਾਧਾਰਨ ਹੈ । ਅਨੁਪ੍ਰਾਸ ਅਲੰਕਾਰ ਆਮ ਵਰਤਿਆ ਹੈ । ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਭੱਠ ਭਾਗ ਰਾਜ ਬਾਬਲ ਦਾ,
ਭ·ਣੇ ਚਾਖ ਦੇ ਰਹਿਸਾਂ ।
ਝੰਕ ਰਾਂਝਣ ਦੀ ਚੂਕ ਲਗੀ ਤਨ,
ਚੀਰ ਕੇ. ਚਾਕ ਕਰਸਾਂ ।

———

ਮਿਠੜੇ ਮਿਠੜੇ ਬੀਨ ਵਜਾਏ,
ਠੁਮਕ ਠੁਮਕ ਠਕਾਦਿਆਂ ।
ਇਸ ਜੋਗੀ ਦੇ ਨਾਜ਼ ਅਵੱਲੜੇ,
ਮੁਸਕ ਮੁਸਕ ਮੁਸਕਾਂਵਦਿਆਂ ।

**ਬਖਸ਼ੀ ਲੋਚਨ ਸਿਘ** (੧੯੨੩—ਜੀਵਤ)

ਆਪਦਾ ਜਨਮ ਪਿੰਡ ਘੁੰਗਰੀਲਾ, ਜ਼ਿਲਾ ਰਾਵਲ ਪਿੰਡੀ ਵਿਚ ਸ: ਮਾਇਆ ਸਿੰਘ ਬਖਸ਼ੀ ਦੇ ਘਰ ਹੋਇਆ । ਵਡੀ ਜੰਗ ਸਮੇਂ ਆਪ ਭਾਰਤੀ ਹਵਾਈ ਫੌਜ ਵਿਚ ਭਰਤੀ ਹੋ ਗਏ । ਜੰਗ ਪਿਛੋਂ ਬੀ. ਏ. ਕੀਤੀ ਤੇ ਆਲ ਇੰਡੀਆ ਰੇਡੀਓ ਦੇ ਪੰਜਾਬੀ ਵਿਭਾਗ ਵਿਚ ਲਗ ਗਏ । ਫਿਰ ਕੁਝ ਚਿਰ ਜਾਲੰਧਰ ਰੇਡੀਓ ਉਤੇ ਅਤੇ ਕੁਝ ਚਿਰ ਦਿੱਲੀ ਰੇਡੀਓ ਉਤੇ ਕੰਮ ਕਰ ਚੁਕੇ ਹਨ । ਅਜ ਕਲ ਜੰਮੂ, ਕਸ਼ਮੀਰ ਰੇਡੀਓ ਉਤੇ ਹਨ ।

'ਪਾਪ ਪੁੰਨ ਤੋਂ ਪਰ੍ਹੇ' (੧੯੪੯) ਅਤੇ 'ਵਰ ਤੇ ਸਰਾਪ' (੧੯੫੪) ਆਪਦੇ ਦੋ ਕਹਾਣੀ-ਸੰਗ੍ਰਹਿ ਹਨ ।

ਉਪ ਭਾਖਾ ਦੀ ਵਰਤੋਂ ਆਪਦੀ ਸ਼ੈਲੀ ਦਾ ਖਾਸ ਪੱਖ ਹੈ । ਆਪਦੀ ਰਚਨਾ ਵਿਚ ਮਨੁਖ ਦਾ ਨਿਜੀ ਵਿਸ਼ਾਦ ਆਪਣੀ ਸਮਾਜਕ ਸਾਰਥਿਕਤਾ ਵਿਚ ਪ੍ਰਗਟ ਹੁੰਦਾ ਹੈ ।

ਆਪਨੂੰ ਸਿਆਣੇ ਕਹਾਣੀਕਾਰਾਂ ਵਿਚ ਗਿਣਿਆ ਗਿਣਿਆ ਜਾਂਦਾ ਹੈ ।

**ਬਖਸ਼ੀਸ਼ ਸਿੰਘ ਨਿੱਜਰ**

ਵੇਖੋ
ਨਿੱਜਰ, ਬਖਸ਼ੀਸ਼ ਸਿੰਘ

**ਬਚਨ ਸਿੰਘ ਬਚਨ, ਗੁਜਰਖਾਨੀ** (੧੫ ਜਨਵਰੀ ੧੯੧੬ —ਜੀਵਤ)

ਆਪਦਾ ਜਨਮ ਗੁਜਰਖਾਨ, ਜ਼ਿਲਾ ਰਾਵਲਪਿੰਡੀ ਵਿਚ ਸ: ਮਖਣ ਸਿੰਘ ਦੇ ਘਰ ਮਾਤਾ ਪਾਰਬਤੀ ਦੀ ਕੁਖੋਂ ਹੋਇਆ । ਐਫ. ਏ. ਗਿਆਨੀ ਤੇ 'ਧਰਮ-ਪਰਚਾਰ' ਦੀਆਂ ਵਿਦਿਅਕ ਯੋਗਤਾਵਾਂ ਪ੍ਰਾਪਤ ਕੀਤੀਆਂ । ਦੇਸ਼ ਦਰਪਣ, ਖਾਲਸਾ ਗਜ਼ਟ, ਸੇਵਾਦਾਰ, ਰਣਜੀਤ ਨਗਾਰਾ, ਅਮਰਜੋਤ ਆਦਿਕ ਅਖਬਾਰਾਂ ਦੇ ਸੰਪਾਦਕ ਰਹੇ । ਅਜ ਕਲ ਡੀ. ਏ. ਵੀ. ਹਾਇਰ ਸੈਕੰਡਰੀ ਸਕੂਲ, ਸ਼ਿਮਲੇ ਵਿਚ ਪੰਜਾਬੀ ਮਹਿਕਮੇ ਦੇ ਮੁਖੀ ਹਨ ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਕਵਿਤਾ : ਰਿੱਮ ਝਿੱਮ, ਬਲੀਦਾਨ, ਕੋਮਲ ਗੀਤ, ਜੀਵਨ ਸੰਦੇਸ਼ ।

ਵਾਰਤਕ : ਧਰਮ ਦਾ ਮਾਰਗ, ਲੇਖ ਮਾਲਾ ।

'ਯੂਨੀਵਰਸਲ ਮੈਸਿਜ ਆਫ ਲਵ' ਤੇ 'ਫਾਦਰ ਆਫ ਖਾਲਸਾ' ਦੋ ਅੰਗ੍ਰੇਜ਼ੀ ਪੁਸਤਕਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ ।

ਆਪਦਾ ਸਥਾਨ ਮੂਲ ਰੂਪ ਵਿਚ ਇਕ ਵਿਚਾਰਸ਼ੀਲ ਸਟੇਜੀ ਕਵੀ ਤੇ ਧਰਮ-ਪ੍ਰਚਾਰਕ ਵਜੋਂ ਹੈ ।

**ਬ੍ਰਿਜ ਮੋਹਨ ਕਾਂਤ** (੩੧ ਜਨਵਰੀ ੧੯੩੯—ਜੀਵਤ)

ਆਪਦਾ ਸਬੰਧ ਜਾਲੰਧਰ ਜ਼ਿਲੇ ਨਾਲ ਹੈ ।

ਪ੍ਰਸਿਧ ਪੰਜਾਬੀ, ਹਿੰਦੀ ਰਸਾਲਿਆਂ ਵਿਚ ਆਪ-ਦੀਆਂ ਕਹਾਣੀਆਂ ਅਤੇ ਕਵਿਤਾਵਾਂ ਛਪਦੀਆਂ ਰਹਿੰ-ਦੀਆਂ ਹਨ ।

**ਬ੍ਰਿਜ ਲਾਲ ਸ਼ਾਸਤਰੀ** (੧੪ ਨਵੰਬਰ ੧੮੯੪—ਜੀਵਤ)

ਆਪਦਾ ਜਨਮ ਪਿੰਡ ਲੋਹਨੀਆਂ, ਤਹਿਸੀਲ ਸ਼ਕਰਗੜ੍ਹ (ਪਾਕਿਸਤਾਨ) ਵਿਚ ਸ੍ਰੀ ਅਮਰ ਚੰਦ ਸ਼ਾਹੂਕਾਰ ਦੇ ਘਰ ਹੋਇਆ । ਪਿਤਾ ਜੀ ਦੀ ਉਦਾਰ ਚਿੱਤ ਸਾਹਿਤਕ ਸ਼ਖਸੀਅਤ ਨੇ ਆਪਨੂੰ ਵੀ ਵਿਦਿਆ ਤੇ ਕਲਾ ਵਲ ਪਰੇਰਿਤ ਕਰ ਦਿਤਾ । ਆਪ ਨੇ ਪਹਿਲੀ ਤੋਂ ਲੈ ਕੇ ਐਮ. ਏ. ਤਕ ਸਾਰੇ ਇਮਿਤਿਹਾਨ ਵਜ਼ੀਫਿਆਂ ਸਹਿਤ ਪਾਸ ਕੀਤੇ । ੧੯੧੯ ਵਿਚ ਸ਼ਾਸਤ੍ਰੀ ਪਾਸ ਕੀਤੀ। ਆਪ ਪੰਜਾਬੀ ਵਿਚ, ਉਰਦੂ, ਅੰਗ੍ਰੇਜ਼ੀ ਤੇ ਹਿੰਦੀ ਕਵਿਤਾ ਵਲ ਦੀ ਹੋ ਕੇ ਆਏ ।

੧੯੨੧ ਤੋਂ ੧੯੨੬ ਤਕ ਟੈਕਸਟ ਬੁਕ ਕਮੇਟੀ ਲਾਹੌਰ ਦੇ ਸੰਪਾਦਕ ਰਹੇ, ਫਿਰ ੧੯੪੨ ਤਕ ਸਰ-ਕਾਰੀ ਕਾਲਜ ਮਿੰਟਗੁਮਰੀ ਦੇ ਪਰੋਫੈਸਰ ਰਹੇ । ੧੯੪੯ ਵਿਚ ਸਰਕਾਰੀ ਕਾਲਜ ਰੋਪੜ ਦੀ ਨੌਕਰੀ ਦੇ ਦੌਰਾਨ ਰੀਟਾਇਰਡ ਹੋਏ । ਅਜ ਕਲ ਰੋਪੜ ਵਿਚ ਨਿਵਾਸ ਰਖਦੇ ਹਨ ।

ਚਾਰਦੂਤ ਨਾ ਦਾ ਹਿੰਦੀ ਨਾਵਲ ਐਮ. ਏ. ਦੀ ਪੜ੍ਹਾਈ ਵੇਲੇ ਲਿਖਿਆ । ਪੂਰਨ ਨਾਟਕ (ਪੰਜਾਬੀ ਦਾ ਪਹਿਲੇਰਾ ਨਾਟਕ) ਪੰਦਰਾਂ ਵੀਹ ਸਾਲ ਗਿਆਨੀ ਦੇ ਕੋਰਸ ਵਿਚ ਰਿਹਾ । ੧੯੨੨ ਵਿਚ ਸੰਸਕ੍ਰਿਤ ਮਹਾਂ-ਕਾਵਿ 'ਭਾਸ' ਦੇ 'ਪ੍ਰਤਿਗਿਆ' ਤੇ 'ਵਾਸਵਦੱਤਾ' ਨਾਮੀ ਨਾਟਕਾਂ ਨੂੰ ਪੰਜਾਬੀ ਦੇ ਸਿਰਖੰਡੀ ਛੰਦਾਂ ਵਿਚ ਅਨੁਵਾਦ ਕਰਕੇ ਛਪਵਾਇਆ । ੧੯੨੪ ਵਿਚ 'ਵੀਰਾਂਗਨਾ' (ਹਿੰਦੀ) ਨਾਂ ਦੀ ਪੁਸਤਕ ਦੁਆਰਾ ੧੨ ਰਾਜਪੂਤਨੀਆਂ ਦੇ ਸਾਕਿਆਂ ਨੂੰ ਨਾਟਕੀ ਰੂਪ ਦਿਤਾ । ੧੯੨੬ ਵਿਚ ਆਪ ਦੁਆਰਾ ਰਚਿਤ ਸਾਵਿਤ੍ਰੀ ਨਾਟਕ ਤੇ ਸੁਕੰਨਿਆਂ ਨਾਟਕ ਪੰਜਾਬੀ ਵਿਚ ਪ੍ਰਕਾਸ਼ਿਤ ਹੋਏ । ਮਹਾਂਭਾਰਤ ਵਿਚੋਂ ਲਈਆਂ ਇਹ ਕਹਾਣੀਆਂ ਪੰਦਰ੍ਹਾਂ ਸਾਲ ਬੁਧੀਮਾਨ ਦੇ ਕੋਰਸ ਵਿਚ ਰਹੀਆਂ । ੧੯੩੦ ਵਿਚ ਬਾਲਕਾਂ ਦੇ ਗੀਤ, ੧੯੨੬ ਵਿਚ ਕੁਵਾਲ (ਕਿੱਸਾ), ੧੯੩੨ ਵਿਚ ਪ੍ਰੇਮ ਪੀਂਘਾਂ (ਨਾਵਲ) ਤੇ ੧੯੩੮ ਵਿਚ ਵਿਚ ਸੰਧਿਆ ਸੰਗੀਤ (ਦੇਵ ਨਾਗਰੀ ਲਿਪੀ ਵਿਚ ਵੇਦ ਮੰਤਰਾਂ ਦਾ ਪੰਜਾਬੀ ਰੂਪ), ੧੯੫੨ ਵਿਚ ਰਾਮ ਕਥਾ, ਤੇ ੧੯੫੫ ਵਿਚ ਰਾਮ ਗੀਤ, ਇੰਝ ਬਹੁਤ ਸਾਰੀਆਂ ਪੁਸਤਕਾਂ ਪੰਜਾਬੀਆਂ ਨੂੰ ਪਰਦਾਨ ਕੀਤੀਆ ।

੧੯੫੨ ਵਿਚ ਮਹਿਕਮਾ ਪੰਜਾਬੀ ਪਟਿਆਲਾ ਨੇ ਆਪਨੂੰ ਸਰਵੋਤਮ ਰਾਜ-ਸਨਮਾਨ ਦਿਤਾ ।

ਆਪ ਮੂਲ-ਰੂਪ ਵਿਚ ਸਾਂਝੀ ਪੰਜਾਬੀ ਕਲਚਰ ਦੇ ਉਪਾਸ਼ਕ ਹਨ ਅਤੇ ਪੁਰਾਤਨ ਤੇ ਨਵੀਨ ਸੰਸਕ੍ਰਿਤੀਆਂ ਨੂੰ ਸੰਜੁਗਤ ਰੂਪ ਵਿਚ ਪੇਸ਼ ਕਰਦੇ ਹਨ ।

ਬਹੁਤ ਸਾਰੀਆਂ ਅਣਛਪੀਆਂ ਕਵਿਤਾਵਾਂ ਵੀ ਆਪ ਦੀ ਘਾਲਣਾ ਵਿਚ ਸ਼ਾਮਲ ਹਨ ।

ਗੱਦ-ਸ਼ੈਲੀ ਵਿਚ ਠੇਠ ਪੰਜਾਬੀਅਤ ਤੇ ਬੌਧਿਕਤਾ ਪ੍ਰਧਾਨ ਹੈ। ਨਿੱਤ ਦੀ ਜ਼ਿੰਦਗੀ ਨੂੰ ਆਪ ਚਿੰਤਨ ਦਾ ਆਧਾਰ ਬਣਾਉਂਦੇ ਹਨ।

**ਬਾਜਵਾ, ਚੰਬੇਲ ਸਿੰਘ** (੧੦ ਨਵੰਬਰ, ੧੯੩੮—ਜੀਵਤ)

ਆਪ ਸ: ਮੂਲਾ ਸਿੰਘ ਦੇ ਪੁੱਤਰ ਅਤੇ ਨਗਰੋਟਾ ਬਗਵਾਂ, ਜ਼ਿਲਾ ਕਾਂਗੜਾ ਦੇ ਸੈਨਿਟਰੀ ਸੁਪਰਵਾਈਜ਼ਰ ਹਨ ।

ਉਰਦੂ ਅਤੇ ਪੰਜਾਬੀ ਵਿਚ ਕਹਾਣੀਆਂ ਲਿਖਦੇ ਹਨ ।

**ਬੂਟਾ ਸਿੰਘ** (੨ ਫਰਵਰੀ ੧੯੧੭—ਜੀਵਤ)

ਆਪਦਾ ਜਨਮ ਚੱਕ ੧੧੫, ਜ਼ਿਲਾ ਸ਼ੇਖੂਪੁਰੇ ਵਿਚ ਸ: ਗੋਪਾਲ ਸਿੰਘ ਦੇ ਘਰ ਹੋਇਆ । ਪਿਤਾ ਆਪਦੇ ਸ਼ਾਹੂਕਾਰਾ ਕਰਦੇ ਸਨ। ਸਕੂਲ ਜੀਵਨ ਵਿਚ ਹੀ ਆਪ ਉਰਦੂ ਕਵਿਤਾ ਲਿਖਣ ਲਗ ਪਏ । ੧੯੪੫ ਵਿਚ ਲਾਹੌਰ ਆ ਕੇ ਗਿਆਨੀ ਕੀਤੀ। ਇਸੇ ਵਰ੍ਹੇ ਤੋਂ ਲੈ ਹੁਣ ਤਕ ਰੇਲਵੇ ਵਿਚ ਹਨ। ੧੯੫੬ ਵਿਚ ਆਪ ਨੇ ਐਮ. ਏ. ਕੀਤੀ।

'ਲੋਅ ਚੁਬਾਰੇ ਦੀ' ਆਪਦਾ ਪਹਿਲਾ ਕਹਾਣੀ-ਸੰਗ੍ਰਹਿ ਹੈ।

**ਬੂਟਾ ਸਿੰਘ** (੧੯੩੩—ਜੀਵਤ)

ਆਪਦਾ ਜਨਮ ਸ: ਬਿਸ਼ਨ ਸਿੰਘ ਦੇ ਘਰ ਨੰਗਲ ਜ਼ਿਲਾ ਲੁਧਿਆਣਾ ਵਿਚ ਹੋਇਆ । ਪਿਤਾ ਵਾਂਗ ਆਪ ਵੀ ਇਤਿਹਾਸ ਤੇ ਕਵਿਤਾ ਦੀ ਰਚਨਾ ਵਿਚ ਡੂੰਘੀ ਦਿਲਚਸਪੀ ਲੈਂਦੇ ਹਨ।

ਆਪ ਨਾਮਧਾਰੀ ਪੰਥ ਨਾਲ ਸਬੰਧਿਤ ਹਨ ।

**ਬੂਟਾ ਸਿੰਘ** (੧ ਦਸੰਬਰ ੧੯੩੭—ਜੀਵਤ)

ਆਪਦਾ ਜਨਮ ਪਿੰਡ ਨੁਸ਼ਹਿਰਾ ਪਨੂੰਆਂ, ਤਹਿਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਵਿਚ ਸ: ਉਤਮ ਸਿੰਘ ਦੇ ਘਰ ਮਾਤਾ ਸ਼ਾਮ ਕੌਰ ਦੀ ਕੁਖੋਂ ਹੋਇਆ । ਆਪ ਹਮਦਰਦ ਨੁਸ਼ਹਿਰਵੀ ਦੇ ਉਪਨਾਮ ਹੇਠਾਂ ਲਿਖਦੇ ਹਨ। ਸਰਹਾਲੀ ਦੇ ਖਾਲਸਾ ਸਕੂਲੋਂ ਦਸਵੀਂ ਕਰਨ ਪਿਛੋਂ ਆਪਨੇ ਵਾਇਆ ਬਠਿੰਡਾ ਐਮ. ਏ. (ਪੰਜਾਬੀ) ਕੀਤੀ। ਅਜ ਕਲ ਭਾਰਤੀ ਹਵਾਈ ਫੌਜ ਵਿਚ ਹਨ।

ਪ੍ਰਸਿਧ ਪੱਤਰਾਂ ਵਿਚ ਛਪੀਆਂ ਰਚਨਾਵਾਂ ਆਪਦੀ ਘਾਲਣਾ ਦਾ ਵਿਸ਼ੇਸ਼ ਭਾਗ ਹਨ । ਵਿਚਾਰਧਾਰਾ ਅਗਰਗਾਮੀ ਹੈ। ਪੰਜਾਬੀ ਜ਼ਿੰਦਗੀ ਆਪ ਲਈ ਪ੍ਰੇਰਨਾ ਦਾ ਸੋਮਾ ਹੈ।

**ਬੂਟਾ ਸਿੰਘ** (੧੫ ਅਪਰੈਲ ੧੯੪੧—ਜੀਵਤ)

ਆਪ ਸ: ਬਾਵਾ ਸਿੰਘ ਦੇ ਪੁੱਤਰ ਅਤੇ ਬਾਹੀਆ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਹਨ । ਅਜ ਕਲ ਜ਼ਿਲਾ ਕਾਂਗੜਾ ਵਿਚ ਸੈਨਿਟਰੀ ਸੁਪਰਵਾਈਜ਼ਰ ਹਨ। ਵਿਦਿਆ ਦਸਵੀਂ ਤਕ ਹੈ।

ਪੰਜਾਬੀ ਕਵਿਤਾਵਾਂ ਕਹਾਣੀਆਂ ਦੀ ਰਚਨਾ ਆਪ ਦਾ ਮਨ ਪਸੰਦ ਸ਼ੌਕ ਹੈ।

**ਬੰਤ ਸਿੰਘ ਸਿੱਧੂ**

ਵੇਖੋ
ਸਿੱਧੂ, ਬੰਤ ਸਿੰਘ

**ਬੈਤਾਲ**

ਵਿਕ੍ਰਮਾਦਿੱਤ ਦੀ ਸਭਾ ਵਿਚ ਵੀ ਇਸ ਨਾਂ ਦਾ ਇਕ ਕਵੀ ਸੀ।

ਹੇਠਲੀ ਕਵਿਤਾ ਵਿਚ ਪੰਜਾਬੀਅਤ ਦੀ ਪਰਧਾਨਤਾ ਹੈ ਅਤੇ ਵਿਕ੍ਰਮਾਦਿੱਤ ਦਾ ਹਵਾਲਾ ਵੀ ਹੈ :—

ਕਰੈ ਕੁਲਾਹਲ ਟਕਾ, ਟੱਕਾ ਮਿਰਦੰਗ ਬਜਾਵੈ ।
ਟਕਾ ਚਢੇ ਸੁਖਪਾਲ, ਟਕਾ ਸਿਰ ਛੜ ਧਰਾਵੈ ।
ਟਕਾ ਮਾਇ ਅਰੁ ਬਾਪੁ, ਟਕਾ ਭੈਯਨ ਕੋ ਭੈਯਾ ।
ਟਕਾ ਸਾਸੁ ਅਰੁ ਸਸੁਰ, ਟਕਾ ਸਿਰ ਲਾਡ ਲਡੈਯਾ।
ਏਕ ਟਕੇ ਬਿਨ ਟੂਕਟੂਕਾ ਹੋਤ ਰਹਿਤ ਹੈ ਰਾਤ ਦਿਨ,
'ਬੈਤਾਲ' ਕਹੈ ਬਿਕ੍ਰਮ ਸੁਨੋ,
ਧਿੱਕ ਜੀਵਨ ਇਕ ਟਕੇ ਬਿਨ ।

**ਬੇਦੀ, ਅਵਤਾਰ ਸਿੰਘ** (-੧੯੪੯-)

'ਪੰਜਾਬ ਦੇ ਇਤਿਹਾਸਕ ਖੂਨੀ ਪਤਰੇ' ਅਤੇ 'ਦਸ ਗੁਰ ਜੋਤ ਪ੍ਰਕਾਸ਼' ਆਪਦੀਆਂ ਦੋ ਕਾਵਿ-ਪੁਸਤਕਾਂ ਹਨ ।

**ਬੇਦੀ ਇੰਦਰ ਸਿੰਘ** (—੧੯੧੨—)

ਆਪਦਾ ਟੀਕਾ 'ਜਾਤੀ ਤਮਧ੍ਵੰਸ' (ਔਸ਼ਨਸਸਿਮ੍ਰਤੀ) ਮਾਡਲ ਪਰੈਸ ਲਾਹੌਰ ਨੇ ੧੯੧੨ ਵਿਚ ਪ੍ਰਕਾਸ਼ਿਤ ਕੀਤਾ ।

**ਬਦੀ, ਜ. ਸ.** (੩੧ ਮਾਰਚ,੧੯੨੯—ਜੀਵਤ)

ਆਪ ਸ: ਕਰਮ ਸਿੰਘ ਦੇ ਸਪੁਤਰ ਅਤੇ ਸ਼ਿਮਲੇ ਦੇ ਸਰਕਾਰੀ ਮੁਲਾਜ਼ਮ ਹਨ । ਵਿਦਿਆ ਐਮ. ਏ. ਤਕ ਹੈ ।

ਪੰਜਾਬੀ ਵਿਚ ਸਿਧਾਂਤਕ ਲੇਖ ਲਿਖਦੇ ਹਨ ।

**ਬੇਦੀ, ਗੰਗਾ ਸਿੰਘ** (ਵੀਹਵੀਂ ਸਦੀ)

ਆਪਦੀ ਸੰਪਾਦਿਤ ਪੁਸਤਕ 'ਹੀਰ ਦਮੋਦਰ' ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ।

**ਬੇਦੀ, ਰਾਜ** (੧੯੨੯—ਜੀਵਤ)

ਆਪਦਾ ਜਨਮ ਡੇਰਾ ਬਾਬਾ ਨਾਨਕ, ਜ਼ਿਲਾ ਗੁਰਦਾਸਪੁਰ ਵਿਚ ਸ: ਹਰਬੰਸ ਸਿੰਘ ਦੇ ਘਰ ਹੋਇਆ। ਆਪਦੀ ਮਾਤਾ ਤਾਰਾ ਬੇਦੀ ਜੀ ਜਾਲੰਧਰ ਰੇਡੀਓ ਦੇ ਕਲਾਕਾਰ ਹਨ । ਵਿਦਿਆ ਬੀ. ਏ. ਬੀ. ਟੀ. ਤਕ ਹੈ । ਆਪ ਦੋ ਸਾਲ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਐਮ. ਏ. ਪੰਜਾਬੀ ਦੀ ਪੜ੍ਹਾਈ ਵੀ ਕਰਦੇ ਰਹੇ ਹਨ । ਬੀ. ਏ. ਕਰਨ ਪਿਛੋਂ ਕੁਝ ਚਿਰ ਤਰਨ ਤਾਰਨ ਵੀ ਰਹੇ । ਅਜ ਕਲ ਜਲੰਧਰ ਵਿਚ ਇਕ ਸਕੂਲ ਦੀ ਅਧਿਆਪਕ ਹਨ ।

'ਸਾਜ਼ ਤੇ ਪਾਇਲ' ਆਪਦਾ ਕਹਾਣੀ ਸੰਗ੍ਰਹਿ ਹੈ । ਜਲੰਧਰ ਰੇਡੀਓ ਲਈ ਬਹੁਤ ਸਾਰੇ ਗੀਤ ਲਿਖੇ ਤੇ ਗਾ ਚੁਕੇ ਹਨ ।

ਇਸਤ੍ਰੀ ਅਨੁਭਵ ਨੂੰ ਸਾਹਿਤ ਬਣਾਉਣ ਵਿਚ ਆਪ ਵਿਸੇਸ਼ਗ ਹਨ । ਸ਼ੈਲੀ ਵਿਚ ਸਾਦਗੀ ਤੇ ਸੁਹਜ ਦਾ ਪੱਖ ਬਲਵਾਨ ਹੈ ।

**ਬੇਦੀ, ਰਾਜਿੰਦਰ ਸਿੰਘ, ਪੱਤਰਕਾਰ** (੧ ਜਨਵਰੀ—੧੯੩੫—ਜੀਵਤ)

ਆਪ ਸ: ਅਮੀਰ ਸਿੰਘ ਬੇਦੀ ਦੇ ਪੁਤਰ ਅਤੇ ਪਿਸ਼ਾਵਰ ਦੇ ਜੰਮਪਲ ਹਨ । ਪਟਿਆਲੇ ਦੇ ਸਿੱਟੀ ਸਕੂਲੋਂ ਦਸਵੀਂ ਕਰਨ ਪਿਛੋਂ ਪ੍ਰਾਈਵੇਟ ਤੌਰ ਉਤੇ ਗਿਆਨੀ ਅਤੇ ਬੀ. ਏ. ਕੀਤੀ । ਫਿਰ ਕਲਕਤਾ, ਯੂਨੀਵਰਸਿਟੀ ਤੋਂ ਐਲ. ਐਲ. ਬੀ. ਅਤੇ ਪੰਜਾਬ ਯੂਨੀਵਰਸਿਟੀ, ਪਤਰਕਾਰੀ ਵਿਭਾਗ, ਦਿੱਲੀ ਤੋਂ ਜੇ. ਡੀ. ਕੀਤੀ । ਵਿਦਿਆਰਥੀ ਜੀਵਨ ਸਮੇਂ ਤੋਂ ਆਪ ਪਤਰਕਾਰੀ ਅਤੇ ਸਾਹਿਤਕਾਰੀ ਵਿਚ ਮਗਨ ਹਨ । ਆਪ ਰਣਜੀਤ, ਪਰਕਾਸ਼, ਦੇਸ਼ ਦਰਪਨ ਆਦਿਕ ਰੋਜ਼ਾਨਾ ਅਖਬਾਰਾਂ ਦੇ ਸਹਾਇਕ ਸੰਪਾਦਕ ਅਤੇ 'ਨਵੀਂ ਪ੍ਰਭਾਤ' ਰੋਜ਼ਾਨਾ ਦੇ ਮੁਖ ਸੰਪਾਦਕ ਰਹਿ ਚੁਕੇ ਹਨ ।

ਕੁਝ ਚਿਰ ਕਰਮ ਚੰਦ ਥਾਪਰ ਕੰਪਨੀ ਕਲਕਤੇ ਵਿਚ ਵੀ ਕੰਮ ਕਰ ਚੁਕੇ ਹਨ। ਦਿੱਲੀ ਦੇ ਦੈਨਿਕ 'ਖਾਲਸਾ ਸੇਵਕ' ਅਤੇ ਸਪਤਾਹਿਕ 'ਲੋਕਸੇਵਕ' ਵਿਚ ਸੰਪਾਦਕ ਰਹਿ ਚੁਕਣ ਪਿਛੋਂ ਅਜ ਕਲ ਨਾਗਾ ਰਾਜ-ਪ੍ਰਬੰਧ ਵਿਚ ਪਰਚਾਰ ਅਫਸਰ ਹਨ।

ਰਾਜਸੀ ਗਲਾਂ ਬਾਰੇ ਆਪ ਕਾਫੀ ਸਾਰੇ ਸਿਧਾਂਤਕ ਲੇਖ ਲਿਖ ਚੁਕੇ ਹਨ।

**ਬੱਦਰੀ ਨਾਥ ਜੱਗੀ**

ਵੇਖੋ
ਜੱਗੀ, ਬਦਰੀ ਨਾਥ

**ਬਿੰਦਰ, ਰਾਜਿੰਦਰ ਸਿੰਘ** (੧੫ ਜਨਵਰੀ ੧੯੪੫— ਜੀਵਤ)

ਆਪਦਾ ਜਨਮ ਜਾਮ ਬਿੰਦਰ, ਜ਼ਿਲਾ ਸਿਆਲਕੋਟ ਵਿਚ ਸ: ਪਿਆਰ· ਸਿੰਘ ਦੇ ਘਰ ਹੋਇਆ। ਦਸਵੀ· ਤੋਂ ਬਾਅਦ ਅਗੇ ਵਿਦਿਆ ਲੈ ਰਹੇ ਹਨ।

ਕਵਿਤਾਵਾਂ ਲਿਖਦੇ ਹਨ।

**ਬਦੀ, ਰਣਧੀਰ ਸਿੰਘ** (੩੧ ਦਸੰਬਰ ੧੯੩੩— ਜੀਵਤ)

ਆਪ **ਬਾਬਾ** ਦੀਵਾਨ ਸਿੰਘ ਬੇਦੀ ਦੇ **ਸਪਤਰ** ਅਤੇ ਜਲੰਧਰ ਮਿਉਂਸਪਲ ਲਾਇਬਰੇਰੀ ਦੇ ਲਾਇਬਰੇਰੀਅਨ ਹਨ।

ਪੰਜਾਬੀ ਅਤੇ ਉਰਦੂ ਵਿਚ ਕਹਾਣੀਆਂ, ਕਵਿਤਾਵਾਂ ਲਿਖਦੇ ਹਨ।

ਆਪਦੀ ਪੰਜਾਬੀ ਸ਼ੈਲੀ ਉਤੇ ਉਰਦੂ ਦਾ ਪ੍ਰਭਾਵ ਹੈ।

ਪ੍ਰਸਿਧ ਪੰਜਾਬੀ ਪਤਰਾਂ ਵਿਚ ਆਪਦੀਆਂ ਬਹੁਤ ਸਾਰੀਆਂ ਰਚਨਾਵਾਂ ਛਪ ਚੁਕੀਆਂ ਹਨ।

**ਬੇਦੀ ਲਾਲ ਸਿੰਘ, ਸਾਹਿਤਕਾਰ** (੩੧ ਮਾਰਚ ੧੯੧੨-- ਜੀਵਤ)

ਆਪਦਾ ਜਨਮ ਬਦੋਮਲ੍ਹੀ ਜ਼ਿਲਾ ਸਿਆਲਕੋਟ ਵਿਚ ਸ: ਸ਼ੰਕਰ ਸਿੰਘ ਦੇ ਘਰ ਮਾਤਾ ਭਾਗਵੰਤੀ ਦੀ ਕੁਖੋਂ ਹੋਇਆ। ਦਸਵੀਂ, ਗਿਆਨੀ, ਓ. ਟੀ., ਐਸ. ਵੀ. ਦੀਆਂ ਸਾਧਾਰਨ ਯੋਗਤਾਵਾਂ ਪ੍ਰਾਪਤ ਹੋਣ ਦੇ ਇਲਾਵਾ ਉਰਦੂ, ਫਾਰਸੀ, ਹਿੰਦੀ, ਅੰਗਰੇਜ਼ੀ ਦਾ ਵਿਸ਼ੇਸ਼ ਗਿਆਨ ਹੈ। ਪੁਰਾਤਨ ਅਧਿਆਤਮਕ ਗ੍ਰੰਥਾਂ ਦਾ ਅਧਿਅਨ ਹੋਣ ਕਾਰਨ ਆਪ ਪੁਰਾਣੀ ਤੇ ਨਵੀਂ ਪੰਜਾਬੀ ਕਲਚਰ ਨੂੰ ਭਲੀ ਪਰਕਾਰ ਸਮਝਦੇ ਹਨ। ਅਜ ਕਲ ਅੰਮ੍ਰਿਤਸਰ ਦੇ ਇਕ ਸਰਕਾਰੀ ਹਾਈ ਸਕੂਲ ਵਿਚ ਪੰਜਾਬੀ ਦੇ ਮੁਖ ਅਧਿਆਪਕ ਹਨ।

ਅਣਮੁਲੇ ਲਾਲ, ਰੈਣ ਬਸੇਰਾ, ਦੁਸ਼ਟ ਦਮਨ, ਆਦੂਤੀ ਯੋਧ, ਦਸਮੇਸ਼ ਸੰਦੇਸ਼, ਸਰਬੰਸਦਾਨੀ, ਚੰਨ ਮੁਖੀ, ਫਿਲਮ ਕੀ ਹੈ ?, ਸੰਤ ਸਿਪਾਹੀ, ਆਦਿਕ ਆਪਦੀਆਂ ਪੁਸਤਕਾਂ ਹਨ। ਪੰਜਾਬੀ ਦੇ ਪ੍ਰਸਿਧ ਪਤਰਾਂ ਵਿਚ ਵੀ ਆਪਦੀਆਂ ਬਹੁਤ ਸਾਰੀਆਂ ਰਚਨਾਵਾਂ ਛਪ ਚੁਕੀਆਂ ਹਨ।

ਜਥੇਬੰਦੀਆਂ ਦੇ ਖੇਤਰ ਵਿਚ ਆਪ ਬੜੇ ਸਰਗਰਮ ਹਨ।

ਜੀਵਨ ਪ੍ਰਤੀ ਆਪਦੀ ਪਹੁੰਚ ਵਿਦਵਾਨਾਂ ਵਾਲੀ ਹੈ।

**ਬੁਧ ਸਿੰਘ, ਬਾਵਾ**

ਵੇਖੋ
ਬਾਵਾ, ਬੁਧ ਸਿੰਘ

**ਬੁਧ ਸਿੰਘ, ਭਾਈ** (ਉਨ੍ਹੀਵੀਂ ਸਦੀ)

ਆਪ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਕਵੀ ਅਤੇ ਅਨੁਵਾਦਕ ਸਨ। ਆਪਨੇ 'ਅਨਵਾਰ ਸਹੇਲੀ'

(ਅਯਾਰ ਦਾਨਿਸ਼) ਨਾਂ ਦੀ ਰਚਨਾ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਨੂੰ ਬੁਧਿ ਬਾਰਧਿ ਵੀ ਆਖਿਆ ਜਾਂਦਾ ਹੈ। ਸ਼ੈਲੀ ਉਤੇ ਹਿੰਦੀ ਦਾ ਪ੍ਰਭਾਵ ਜ਼ੀਬਰ ਹੈ :

ਸ੍ਰੀ ਰਣਜੀਤ ਸਿੰਘ ਜੂ ਨਾਮ।
ਜਿਹ ਜਗਜੀਤ ਕਰਯੋ ਸੁ ਗੁਲਾਮ।
ਲਵਪਰ ਮੇਂ ਜਾਂਕੀ ਰਜਧਾਨੀ।
ਤੇਜਵੰਤ ਬਲਵੰਤ ਮਹਾਨੀ।

**ਬੰਨੋ, ਭਾਈ** (ਸੋਲ੍ਹਵੀਂ-ਸਤਾਰ੍ਹਵੀਂ ਸਦੀ)

ਆਪ ਮਾਂਗਟ, ਤਹਿਸੀਲ ਫਾਲੀਆ ਜ਼ਿਲ੍ਹਾ ਗੁਜਰਾਤ ਦੇ ਨਿਵਾਸੀ ਅਤੇ ਗੁਰੂ ਅਰਜਨ ਸਾਹਿਬ ਦੇ ਨਿਕਟ-ਵਰਤੀ ਸਿਖਾਂ ਵਿਚੋਂ ਸਨ। ਗੁਰੂ ਅਰਜਨ ਸਾਹਿਬ ਤੋਂ ਆਪ ਗੁਰੂ ਗਰੰਥ ਸਾਹਿਬ ਦੀ ਜਿਲਦ ਬੰਨ੍ਹਵਾਉਣ ਲਾਹੌਰ ਲੈ ਗਏ। ਉਥੇ ਜਾ ਕੇ ਆਪ ਨੇ ਇਸ ਦੀ ਨਕਲ ਕੀਤੀ। ਨਕਲ ਕੀਤੀ ਬੀੜ ਦਾ ਨਾਂ 'ਭਾਈ ਬੰਨੋ ਵਾਲੀ ਬੀੜ' ਪ੍ਰਸਿਧ ਹੋਇਆ। ਇਸ ਵਿਚ ੯ ਵਾਧੂ ਬਾਣੀਆਂ ਵੀ ਦਰਜ ਹਨ। ਕਿਤਾਬੀ ਸ਼ਕਲ ਵਿਚ ਇਸ ਬੀੜ ਦੇ ੪੬੭ ਸਫੇ ਹਨ।

**ਬਨਾਰਸੀ ਦਾਸ, ਜੈਨ**

ਵੇਖੋ
ਜੈਨ, ਬਨਾਰਸੀ ਦਾਸ

**ਬਾਬਾ ਹੈਬਾ ਜੀ**

ਵੇਖੋ
ਹੈਬਾ, ਬਾਬਾ

**ਬਰਕਤ ਰਾਮ, ਬਰਕਤ** (੨ ਜਨਵਰੀ ੧੯੧੧—ਜੀਵਤ)

ਆਪ ਜੰਡਿਆਲਾ ਗੁਰੂ ਦੇ ਜੰਮਪਲ ਹਨ। ਸਥਾਨਕ ਸਕੂਲੋਂ ਦਸਵੀਂ ਤੇ ਐਫ. ਸੀ. ਕਾਲਜ ਅੰਮ੍ਰਿਤਸਰੋਂ ਐਫ. ਏ. ਕਰਨ ਪਿਛੋਂ ਦਿਲੀ ਆ ਕੇ ਬੈਂਕ ਦੀ ਨੌਕਰੀ ਕਰਨ ਲਗ ਪਏ। ਇਥੇ ਆਪ ਪੰਦਰਾਂ ਵਰ੍ਹੇ ਰਹੇ। ਅਜ ਕਲ ਸਾਹਿਤਕ ਸਰਗਰਮੀਆਂ ਵਿਚ ਪੂਰੀ ਤਰ੍ਹਾਂ ਲੀਨ ਹਨ। ਕਵੀ ਦਰਬਾਰਾਂ ਨੂੰ ਜਥੇਬੰਦ ਕਰਨ ਤੇ ਸੁਸੋਭਿਤ ਕਰਨ ਵਿਚ ਮਾਹਿਰ ਹਨ।

ਬਰਕਤ ਜੀ ਸਾਂਝੀ ਪੰਜਾਬੀ ਕਲਚਰ ਦੇ ਉਪਾਸ਼ਕ ਹਨ। ਆਪਦੀ ਕਵਿਤਾ ਦੇ ਵਿਸ਼ੇ ਸਾਮਿਅਕ ਸਮਸਿ-ਆਵਾਂ ਤੋਂ ਲੈ ਕੇ ਇਤਿਹਾਸਕ ਅਤੇ ਧਾਰਮਕ ਘਟਨਾਵਾਂ ਦੇ ਚਿਤਰਨ ਤਕ ਖਿਲਰੇ ਹੋਏ ਹਨ। ਆਪਨੇ ਸ੍ਰੀਮਦ ਭਾਗਵਤ ਗੀਤਾ ਦਾ ਅਨੁਵਾਦ ਪੰਜਾਬੀ ਵਿਚ ਕੀਤਾ ਹੈ। ਰਵਾਇਤੀ ਛੰਦਾਬੰਦੀ ਦੀ ਪੁਨਰ ਸੁਰਜੀਤੀ ਨੂੰ ਆਪਨੇ ਕਾਫੀ ਤਾਕਤਵਰ ਕੀਤਾ ਹੈ। ਨਿਜੀ ਆਰ-ਥਕਤਾ ਬੜੀ ਕਮਜ਼ੋਰ ਹੈ।

ਸਾਡੇ ਪਿੰਡ ਵਿਚ ਆ ਕੇ ਲੋਕਾਂ,
ਕਿਉਂ ਚਲਾਏ ਗੋਲੇ ਮਾਂ।
ਲਿੰਬੇ ਪੋਚੇ ਸੁਹਣੇ ਕੋਠੇ,
ਸਾੜ ਕੇ ਕੀਤੇ ਖੋਲੇ ਮਾਂ।

(ਸ਼ਰਨਾਰਥਣ ਮਾਵਾਂ ਧੀਆਂ)

**ਬਰਕਤ ਰਾਮ, ਯੁਮਨ** (੨੬ ਜਨਵਰੀ ੧੯੦੫—ਜੀਵਤ)

ਆਪਦਾ ਜਨਮ ਭੁਪ ਜ਼ਿਲਾ ਸਿਆਲਕੋਟ ਦੇ ਇਕ ਬ੍ਰਾਹਮਣ ਘਰਾਣੇ ਵਿਚ ਹੋਇਆ। ਪਿਤਾ ਦੀ ਮੌਤ ਆਪਦੇ ਬਚਪਨ ਵਿਚ ਹੀ ਹੋ ਗਈ। ਤੇ ਆਪ ਮਾਂ ਦੀ ਸਹਾਇਤਾ ਨਾਲ ਮਾਸਟਰੀ ਪਾਸ ਕਰਨ ਪਿਛੋਂ ਅਧਿਆਪਕ ਲਗ ਗਏ। ਸਨਾਤਨ ਧਰਮ ਹਾਈ ਸਕੂਲ ਲਾਹੌਰ ਵਿਚ ਵੀ ਰਹੇ। ੧੯੪੬ ਵਿਚ ਆਪਨੇ ਕਿਤਾਬਾਂ ਕਾਪੀਆਂ ਦੀ ਦੁਕਾਨ ਖੋਲ੍ਹ ਲਈ। ਵੰਡ

ਪਿਛੋਂ ਆਪ ਗੁਰਦਾਸਪੁਰ ਆ ਕੇ ਵਸ ਗਏ ।

ਕਾਫੀ ਚਿਰ ਹਿੰਦੂ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਰਹੇ, ਪਰ ਹੁਣ ਸਾਂਝੀ ਪੰਜਾਬੀ ਕਲਚਰ ਦੇ ਪੁਜਾਰੀ ਹਨ । ਅਜ ਕਲ ਆਰਥਕ ਮੰਦਵਾੜੇ ਵਿਚੋਂ ਲੰਘ ਰਹੇ ਹਨ । ਉਸਤਾਦੀ ਆਪਦਾ ਪੇਸ਼ਾ ਹੈ ।

ਆਪ ਨੇ ਪੰਜਾਬੀ ਵਿਚ ਮਹਾਂਭਾਰਤ ਦੀ ਰਚਨਾ ਕੀਤੀ ਹੈ ਅਤੇ 'ਪ੍ਰੇਮ ਹੁਲਾਰੇ' ਨਾਮੀ ਕਾਵਿ-ਸੰਗ੍ਰਹਿ ਵੀ ਪ੍ਰਕਾਸ਼ਿਤ ਕਰਵਾਇਆ ਹੈ :

ਆਪਦੀ ਕਵਿਤਾ ਵਿਚ ਵਿਚਾਰ ਦੇ ਪਖੋਂ ਠੇਠ ਪੰਜਾਬੀ ਕਲਚਰ ਦਾ ਸੰਜੋਗ ਹੈ, ਅਰਥਾਤ ਕ੍ਰਿਸ਼ਨ ਜੀ ਤੇ ਗੁਰੂ ਗੋਬਿੰਦ ਸਿੰਘ ਵਿਚ ਕੋਈ ਫਰਕ ਨਹੀਂ ਸਮਝਦੇ । ਰੂਪ ਦੇ ਪੱਖ ਤੋਂ ਵਜ਼ਨਾਂ, ਤੋਲਾਂ ਦੇ ਉਸਤਾਦ ਹਨ ।

ਕੋਈ ਤੇਰੇ ਇਸ਼ਕ ਤੇ ਇਤਬਾਰ ਕਰੇ
ਯਾ ਨਾ ਕਰੇ ।
ਤੂੰ ਝੁਕਾਈ ਰਖ ਧੌਣ, ਸਜਣ ਵਾਰ ਕਰੇ
ਯਾ ਨਾ ਕਰੇ ।
ਤੇਰਾਂ ਕੰਮ ਪਿਆਰ ਦੇ ਵਿਚ ਖਤਮ ਹੋ
ਜਾਣਾ ਹੈ ਯੁਮਨ,
ਮਾਹੀ ਦੀ ਮੌਜ ਹੈ ਉਹ ਪਿਆਰ ਕਰੇ
ਯਾ ਨਾ ਕਰੇ ।

**ਬਲ**

ਵੇਖੋ
ਕਲਸਹਾਰ

**ਬਾਲੀ, ਉਪਦੇਸ਼ ਕੌਰ** (੧੯੪੩—ਜੀਵਤ)

ਆਪਦਾ ਜਨਮ ਸ੍ਰੀਨਗਰ ਨਿਵਾਸੀ ਸ: ਜੋਧ ਸਿੰਘ ਬਾਲੀ ਦੇ ਘਰ ਹੋਇਆ ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ। ਅਜ ਕਲ ਸ੍ਰੀਨਗਰ, ਕਸ਼ਮੀਰ ਵਿਚ ਰਹਿੰਦੇ ਹਨ ।

**ਬਲਜੀਤ ਸਿੰਘ ਬੱਲੀ** (੧੦ ਸਤੰਬਰ ੧੯੩੧—ਜੀਵਤ)

ਆਪਦਾ ਜਨਮ ਕੰਗ ਜ਼ਿਲਾ ਲਾਇਲਪੁਰ ਵਿਚ ਸ: ਪ੍ਰੇਮ ਸਿੰਘ ਦੇ ਘਰ ਹੋਇਆ । ਐਮ. ਬੀ. ਹਾਈ ਸਕੂਲ ਗੋਜਰਾਂ ਤੋਂ ਦਸਵੀਂ ਪਾਸ ਕੀਤੀ । ਵੰਡ ਪਿਛੋਂ ਗੌਰਮਿੰਟ ਕਾਲਜ ਰੋਹਤਕ, ਪੰਜਾਬ ਯੂਨੀਵਰਸਿਟੀ ਕੈਂਪ ਕਾਲਜ ਨਵੀਂ ਦਿਲੀ ਆਦਿਕ ਸੰਸਥਾਵਾਂ ਤੋਂ ਵਿਦਿਆ ਪ੍ਰਾਪਤ ਕਰਦੇ ਰਹੇ । ਪੰਜਾਬੀ ਦੀ ਆਨਰਜ਼ ਤੇ ਐਮ. ਏ. ਪ੍ਰਾਈਵੇਟ ਕੀਤੀ । ਆਪਦਾ ਬਚਪਨ ਕਾਫੀ ਦੁੱਖਾਂ ਵਿਚ ਲੰਘਿਆ । ੧੯੫੨ ਵਿਚ ਆਪ ਲੋਕ ਸੰਪਰਕ ਵਿਭਾਗ, ਪੈਪਸੂ ਵਿਚ ਅਨੁਵਾਦਕ ਲਗ ਪਏ । ਅਜਕਲ ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿਚ ਨਿਬੰਧ-ਲੇਖਕ ਹਨ ।

'ਸਾਹਿਤ-ਸਮਗਰੀ' (੧੯੬੧) ਆਪਦੀ ਆਲੋਚਨਾ-ਤਮਕ ਪੁਸਤਕ ਹੈ । ਇਸ ਤੋਂ ਸਿਵਾ ਆਪਨੇ 'ਸ਼ਾਂਤੀ ਦਾ ਪੁੰਜ', 'ਸੰਤ ਸਿਪਾਹੀ', 'ਮਰਦ ਅਗੰਮੜਾ' ਆਦਿਕ ਇਕ ਦਰਜਨ ਕੁ ਟ੍ਰੈਕਟ ਵੀ ਸੰਪਾਦਿਤ ਕੀਤੇ ਹਨ । ਪੰਜਾਬੀ ਦੇ ਬਹੁਤ ਸਾਰੇ ਰਸਾਲਿਆਂ ਵਿਚ ਆਪ ਦੀਆਂ ਸਿਰਜਨਾਤਮਕ (ਕਹਾਣੀਆਂ, ਕਵਿਤਾਵਾਂ) ਅਤੇ ਸੰਪਾਦਿਤ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ । ਪੰਜਾਬੀ ਟ੍ਰੈਕਟ ਸੁਸਾਇਟੀ (ਰਜਿਸਟਰਡ) ਚੰਡੀਗੜ੍ਹ ਦੇ ਬਾਨੀ ਜਥੇਬੰਦਕ ਹਨ । ਅਜ ਕਲ ਇਸ ਸੰਸਥਾ ਰਾਹੀਂ ਪੰਜਾਬੀ ਕਲਚਰ ਦਾ ਪਰਚਾਰ ਕਰ ਰਹੇ ਹਨ ।

**ਬਲਜੀਤ ਕੌਰ ਬੱਲ** (੧੫ ਫਰਵਰੀ ੧੯੧੫—ਜੀਵਤ)

ਆਪਦਾ ਜਨਮ ਜਿਹਲਮ ਵਿਚ ਸ੍ਰੀ ਬੂਆ ਰਾਮ ਦੇ ਘਰ ਹੋਇਆ। ਬੀ. ਏ. ਬੀ. ਟੀ. ਕਰਨ ਪਿਛੋਂ ਗੌਰਮਿੰਟ ਸਕੂਲ ਵਿਚ ਅਧਿਆਪਕਾ ਲਗ ਗਏ। ਅਜ ਕਲ ਗੌਰਮਿੰਟ ਗਰਲਜ਼ ਹਾਈ ਸਕੂਲ, ਲੁਧਿਆਣਾ ਵਿਚ ਮੀਤ ਮੁਖ ਅਧਿਆਪਕਾ ਹਨ।

ਨੀਲ ਕੰਠ, ਨੀਲੰਬਰ, ਵਾਰਾਂ, ਪਾਰਸ ਟੋਟੇ ਆਦਿਕ ਆਪਦੀਆਂ ਪ੍ਰਕਾਸ਼ਿਤ ਪੁਸਤਕਾਂ ਹਨ। 'ਨੀਲ ਕਮਲ', 'ਮੌਲ ਸਿਰੀ', 'ਪ੍ਰੋ: ਪੂਰਨ ਸਿੰਘ ਦੀਆਂ ਚਿੱਠੀਆਂ' ਆਦਿਕ ਅਣਛਪੀਆਂ ਪੁਸਤਕਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

ਸਿੱਖ ਐਜੂਕੇਸ਼ਨਲ ਕਾਨਫ਼ਰੰਸਾਂ ਅਤੇ ਹੋਰ ਧਾਰਮਕ ਜਲਸਿਆਂ ਦੇ ਕਵੀ ਅਖਬਾਰਾਂ ਵਿਚ ਵੀ ਬੜੀ ਸਰ-ਗਰਮੀ ਨਾਲ ਹਿੱਸਾ ਲੈਂਦੇ ਹਨ, ਪਰ ਸਾਹਿਤਕਾਰ-ਜਥੇਬੰਦੀਆਂ ਤੋਂ ਸੰਕੋਚ ਕਰਦੇ ਹਨ। ਭਾਈ ਵੀਰ ਸਿੰਘ ਅਤੇ ਪ੍ਰੋ: ਪੂਰਨ ਸਿੰਘ ਦੇ ਪ੍ਰਭਾਵਾਂ ਨੇ ਆਪਦੀ ਕਵਿਤਾ ਨੂੰ ਰਹਸਵਾਦ ਵਲ ਮੋੜਿਆ ਹੈ।

ਆਪਨੇ ਨਾ ਕੇਵਲ ਰਵਾਇਤੀ ਛੰਦਾਂ ਉਤੇ, ਸਗੋਂ ਗੱਦ-ਕਾਵਿ ਉਤੇ ਵੀ ਕਲਮ-ਅਜ਼ਮਾਈ ਕੀਤੀ ਹੈ।

ਜੇ 'ਮੈਂ' 'ਤੂੰ' 'ਤੂੰ' 'ਮੈਂ' ਬਣ ਜਾਂ,
'ਮੈਂ' ਪਕੜੇ ਨੂੰ 'ਨਸੇਂ'
ਬਾਹਾਂ ਵਿਚ ਫਸੇਂ,
'ਮੈਂ' ਝੂਠੀ 'ਤੂੰ' ਸੱਚਾ,
ਪਰ ਪਰੀਤ ਲਾਉਣ ਵਿਚ ਕੱਚਾ।

**ਬਲਜੀਤ ਤੁਲਸੀ**

ਵੇਖੋ
ਤੁਲਸੀ, ਬਲਜੀਤ

**ਬਲਦੇਵ ਸਿੰਘ** (੧੬ ਜੁਲਾਈ ੧੯੦੧—ਜੀਵਤ)

ਆਪਦਾ ਜਨਮ ਜੰਮੂ ਵਿਚ ਸ: ਬੇਅੰਤ ਸਿੰਘ ਦੇ ਘਰ ਮਾਤਾ ਪੂਰਨ ਦੇਵੀ ਦੀ ਕੁਖੋਂ ਹੋਇਆ। ਆਪਦੀ ਵਿਦਿਆ ਵਿਚ ਫਾਰਸੀ ਅਤੇ ਪੰਜਾਬੀ ਦੀ ਐਮ. ਏ. ਗਿਆਨੀ ਅਤੇ ਹਿੰਦੀ ਰਤਨ ਆਦਿਕ ਯੋਗਤਾ ਵਾਂ ਸ਼ਾਮਲ ਹਨ। ਓਰੀਐਂਟਲ ਕਾਲਜ ਲਾਹੌਰ, ਪੰਜਾਬ ਯੂਨੀਵਰਸਿਟੀ ਦੇ ਮਹਿਕਮਾ ਪੰਜਾਬੀ (ਅੰਮ੍ਰਿਤਸਰ) ਵਿਚ ਅਧਿਆਪਕ ਰਹਿ ਚੁਕੇ ਹਨ। ਅਜ ਕਲ ਆਪ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਵਿਚ ਹਨ। ਅਧਿ-ਆਤਮਕ ਸਾਹਿਤ ਦੀ ਵਿਦਵਤਾ ਨਾਲ ਚੰਗੀ ਤਰ੍ਹਾਂ ਪਰਚਿਤ ਹਨ।

'ਅਮਰ ਫਲ', 'ਅਮਰ ਬਾਨ', 'ਅਮਰ ਜੋਤ', 'ਅਮਰ ਰਸ', 'ਅਮਰ ਗੀਤ', 'ਅਮਰ ਪ੍ਰੀਤ', 'ਅਮਰ ਵੇਲ', 'ਅਮਰ ਸ਼ਤਕ', 'ਨਵੀਨ ਜੀਵਨ ਲਹਿਰਾਂ', 'ਦੇਵ ਦਰਸ਼ਨ', 'ਬਾਂਗ-ਇ-ਬਿਰਹੀ' 'ਦੋ ਨਾਟਕ', 'ਚਾਰ ਭਾਸ਼ਣ', 'ਸਤ ਇਕਾਂਗੀ', 'ਵਿਆਕਰਣ ਸਿਖਿਆ' ਆਦਿਕ ਆਪਦੀਆਂ ਪੰਜਾਬੀ ਪੁਸਤਕਾਂ ਹਨ।

ਅੰਗ੍ਰੇਜ਼ੀ, ਫਾਰਸੀ ਅਤੇ ਉਰਦੂ ਵਿਚ ਵੀ ਆਪ-ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ।

**ਬਲਦੇਵ ਸਿੰਘ ਚਾਹਿਲ** (੨੭ ਜੁਲਾਰੀ ੧੯੩੫—ਜੀਵਤ)

ਆਪਦਾ ਜਨਮ ਮੱਤੀ, ਤਹਿਸੀਲ ਮਾਨਸਾ ਜ਼ਿਲਾ ਬਠਿੰਡਾ ਵਿਚ ਸ: ਗੁਰਬਖਸ਼ ਸਿੰਘ ਚਾਹਲ ਦੇ ਘਰ ਹੋਇਆ। ਫਰੀਦਕੋਟ ਦੇ ਬਰਜਿੰਦਰਾ ਕਾਲਜੋਂ ਐਫ. ਐਸ. ਸੀ. ਕਰਨ ਪਿਛੋਂ ਅਜ ਕਲ ਆਪਣੇ ਪਿੰਡ ਵਿਚ ਹੀ ਸਰਕਾਰੀ ਅਧਿਆਪਕ ਹਨ।

੧੯੫੪ ਤੋਂ ਹੁਣ ਤਕ ਆਪਦੀਆਂ ਕਵਿਤਾਵਾਂ

ਪੰਜਾਬੀ ਦੇ ਸਰਬੋਤਮ ਰਸਾਲਿਆਂ ਵਿਚ ਛਪ ਰਹੀਆਂ ਹਨ ।

ਆਪ ਵਿਚਾਰਸ਼ੀਲ ਅਗਰਗਾਮੀ ਕਵੀ ਹਨ ।

**ਬਲਦੇਵ ਚੰਦਰ, ਬੇਕਲ** (੧੯੧੨—ਜੀਵਤ)

ਆਪਦਾ ਜਨਮ ਅੰਮ੍ਰਿਤਸਰ ਵਿਚ ਸ੍ਰੀ ਹਰੀ ਚੰਦ ਹੁਰਾਂ ਦੇ ਘਰ ਹੋਇਆ । ਵਿਦਿਅਕ ਯੋਗਤਾ ਦਸਵੀਂ ਤੇ ਗਿਆਨੀ ਹੈ । ਪੰਜਾਬੀ ਪ੍ਰੈਸ ਅੰਮ੍ਰਿਤਸਰ ਵਿਚ ਕੁਝ ਚਿਰ ਕੰਪਾਜ਼ਿਟਰ ਰਹਿਣ ਪਿਛੋਂ ਫਿਲਮ ਲਾਈਨ ਵਿਚ ਚਲੇ ਗਏ । ਸੂਰਦਾਸ, ਲੈਲਾ ਮਜਨੂੰ, ਮੇਰਾ ਪੰਜਾਬ, ਮੇਰਾ ਮਾਹੀ, ਰਾਵੀ ਪਾਰ, ਆਦਿਕ ।ਫਲਮਾਂ ਦੇ ਗਾਣੇ ਆਪਦੇ ਰਚੇ ਹੋਏ ਹਨ । ਪਿਛੋਂ ਫਿਲਮ ਲਾਈਨ ਛਡ ਕੇ ਅੰਮ੍ਰਿਤਸਰ ਵਿਚ ਕਿਤਾਬਾਂ ਦੀ ਦੁਕਾਨ ਪਾ ਲਈ । ਲਾਲਾ ਧਨੀ ਰਾਮ ਚਾਤ੍ਰਿਕ ਆਪਦੇ ਉਸਤਾਦ ਸਨ ।

ਸਤਰੰਗੀ ਪੀਂਘ, ਅਰਸ਼ੀ ਦਰਸ਼ਨ, ਜੀਵਨ ਲਹਿਰਾਂ ਮਿੱਠੇ ਮਿਹਣੇ, ਬੇਕਲ ਦੇ ਗੀਤ, ਇਨਸਾਨ ਬੋਲਿਆ ਆਦਿਕ ਆਪਦੇ ਕਾਵਿ-ਸੰਗ੍ਰਹਿ ਹਨ । ਆਪਦੀ ਕਵਿਤਾ ਵਿਚ ਆਸ਼ਾਵਾਦ ਪ੍ਰਬਲ ਹੈ ! ਆਪਦੇ ਸ਼ਿੰਗਾਰ ਰਸੀ ਗੀਤ ਅਤੀਅੰਤ ਬਲਵਾਨ, ਸੁਹਜਮਈ ਤੇ ਰੁਮਾਂਚਕ ਹਨ । ਬੋਲੀ ਠੇਠ ਪੰਜਾਬੀ ਹੈ ।

ਵੀਣੀ ਮੇਰੀ ਮਰੋੜ ਨਾ ਚੰਨਾ,
ਨਾਜ਼ਕ ਵੰਗਾਂ ਤੋੜ ਨਾ ਚੰਨਾ ।
ਸ਼ਾਲਾ ਜੀਵੇਂ ਜਵਾਨੀਆਂ ਮਾਣੇ,
ਮੁੜ ਜਾ ਅੱਖਾਂ ਮੋੜ ਨਾ ਚੰਨਾ ।

**ਬਲਬੀਰ ਸਿੰਘ** (੨੦ ਅਕਤੂਬਰ, ੧੯੧੮—ਜੀਵਤ)

ਆਪਦਾ ਜਨਮ ਢਿਲਵਾਂ, ਜ਼ਿਲਾ ਕਪੂਰਥਲਾ ਵਿਚ ਰੇਲਵੇ ਇਸਪੈਕਟਰ ਸ: ਹੁਕਮ ਸਿੰਘ ਦੇ ਘਰ ਹੋਇਆ । ਖਾਲਸਾ ਹਾਈ ਸਕੂਲ ਗੁਜਰਾਵਾਲਿਉਂ ਦਸਵੀਂ, ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂਵਾਲਿਉਂ ਐਫ. ਏ., ਫਾਰਮਨ ਕਾਲਜ ਲਾਹੌਰੋਂ ਬੀ. ਏ. ਕਰਨ ਪਿਛੋਂ ਐਮ. ਏ. ਦੀ ਪੜ੍ਹਾਈ ਕੀਤੀ । ੧੯੪੨ ਵਿਚ ਗਿਆਨੀ ਤੇ ੧੯੪੪ ਵਿਚ ਮਦਰਾਸੋਂ ਵਿਦਿਆ ਪ੍ਰਾਪਤ ਕਰ ਆਏ । ੧੯੩੯—੪੨ ਦੇ ਦੌਰਾਨ ਰੇਲਵੇ ਵਿਚ ੧੯੪੬ ਤਕ ਐਫ. ਸੀ. ਕਾਲਜ ਲਾਹੌਰ ਵਿਚ ਤੇ ੧੯੫੪ ਤਕ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਰਹੇ । ਅਜ ਕਲ ਸਨਾਤਨ ਧਰਮ ਕਾਲਜ ਪਠਾਨਕੋਟ ਵਿਚ ਹਨ ।

ਆਪਦੀਆਂ ਰਚਨਾਵਾਂ ਕਾਲਜ ਦੀ ਪੜ੍ਹਾਈ ਸਮੇਂ ਤੋਂ ਹੀ ਰਸਾਲਿਆਂ ਵਿਚ ਛਪ ਰਹੀਆਂ ਹਨ ।

ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਇਕਾਂਗੀ : 'ਉਦੋਂ ਤੇ ਹੁਣ' (੧੯੪੭), ਸੜਿ ਜੁੱਗ ਤੋਂ ਕਲਿ ਜੁੱਗ' (੧੯੫੨), 'ਮੋਹ ਮਾਇਆ' (੧੯੫੨) ਚੌਣਵੇਂ ਇਕਾਂਗੀ (੧੯੫੫), 'ਸਭ ਚੋਰ' (੧੯੫੫), ਅਤੇ ਪੰਦਰ੍ਹਾਂ ਚੌਣਵੇਂ ਇਕਾਂਗੀ (੧੯੫੮)

ਨਾਟਕ : 'ਸੁਪਨਾ ਟੂਟ ਗਿਆ' (੧੯੫੦), 'ਵਣਜਾਰੇ', 'ਯੁਵਰਾਜ', 'ਅਰਵਿੰਦ' (੧੯੫੪), 'ਇਕ ਸਰਕਾਰ ਬਾਝੋਂ' ਅਤੇ 'ਮਹਾਰਾਜਾ ਰਣਜੀਤ ਸਿੰਘ' (੧੯੫੮)

ਕਹਾਣੀ : 'ਮੇਰੀਆਂ ਦਸ ਕਹਾਣੀਆਂ' ਅਤੇ 'ਦਸ ਚੌਣਵੀਆਂ ਕਹਾਣੀਆਂ ।'

ਤਕਰੀਬਨ ਇਕ ਦਰਜਨ ਪੁਸਤਕਾਂ ਅਜੇ ਛਪਣ ਵਾਲੀਆਂ ਹਨ ।

ਆਪਦੀ ਗਿਣਤੀ ਸਿਆਣੇ ਸਾਹਿਤਕਾਰਾਂ ਵਿਚ ਕੀਤੀ ਜਾਂਦੀ ਹੈ । ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਆਪਦੀ ਪ੍ਰੇਰਨਾ ਦਾ ਸੋਮਾ ਹੈ ।

**ਬਲਬੀਰ ਸਿੰਘ** (੨੫ ਮਈ ੧੯੪੪—ਜੀਵਤ)

ਆਪ ਘੋੜੇਵਾਹ ਜ਼ਿਲਾ ਗੁਰਦਾਸਪੁਰ ਦੇ ਨਿਵਾਸੀ ਸ: ਪਰਤਾਪ ਸਿੰਘ ਦੇ ਸਪੁੱਤਰ ਹਨ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

**ਬਲਬੀਰ ਸਿੰਘ**

ਵੇਖੋ
ਗਰੇਵਾਲ, ਬਲਬੀਰ ਸਿੰਘ

**ਬਲਬੀਰ ਸਿੰਘ** (੧੨ ਅਕਤੂਬਰ ੧੯੩੬—ਜੀਵਤ)

ਆਪ ਪਿੰਡ 'ਚੁਕੇਕੀ' ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਠਾਕਰ ਸਿੰਘ ਜੌਹਲ ਦੇ ਸਪੁਤਰ ਹਨ। ਵਿਦਿਆ ਬੀ. ਏ. ਹੈ।

ਆਪਦੀਆਂ ਬਹੁਤ ਸਾਰੀਆਂ ਕਵਿਤਾਵਾਂ ਪੰਜਾਬੀ ਰਸਾਲਿਆਂ ਵਿਚ ਛਪ ਚੁਕੀਆਂ ਹਨ।

**ਬਲਬੀਰ, ਕਰਤਾਰ ਸਿੰਘ**

ਵੇਖੋ
ਕਰਤਾਰ ਸਿੰਘ ਬਲਬੀਰ

**ਬਲਬੀਰ ਸਿੰਘ, ਦਿੱਲ** (੨੮ ਮਾਰਚ ੧੯੨੬—ਜੀਵਤ)

ਆਪਦਾ ਜਨਮ ਅੰਮ੍ਰਿਤਸਰ ਵਿਚ ਸ: ਅਤਰ ਸਿੰਘ ਦੇ ਘਰ ਹੋਇਆ। ਪਿਤਾ ਜੀ ਨੂੰ ਸੱਟੇ ਦੀ ਆਦਤ ਸੀ ਜਿਸ ਕਰਨ ਆਪਦਾ ਬਚਪਨ ਗਰੀਬੀ ਵਿਚ ਲੰਘਿਆ। ਕਾਫੀ ਦੇਰ ਕਲਰਕੀ ਕਰਨ ਪਿਛੋਂ ੧੯੫੦ ਵਿਚ ਦਿਆਨੰਦ ਕਾਲਜ ਹਿਸਾਰ ਵਿਚ ਅਧਿਆਪਕ ਲਗ ਗਏ। ੧੯੫੧ ਵਿਚ ਐਮ. ਏ. ਪੰਜਾਬੀ ਕੀਤੀ। ਲਾਇਲਪੁਰ ਖਾਲਸਾ ਕਾਲਜ ਜਲੰਧਰ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਆਦਿਕ ਸੰਸਥਾਵਾਂ ਵਿਚ ਅਧਿਆਪਕ ਰਹਿ ਚੁਕੇ ਹਨ। ਅਜਕਲ ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ ਹਨ।

'ਪੰਜਾਬੀ ਕਹਾਣੀ ਦਾ ਵਿਕਾਸ' (੧੯੫੨), 'ਮੋਹਨ ਸਿੰਘ ਦੀ ਕਾਵਿ-ਕਲਾ' (੧੯੫੩) ਅਤੇ 'ਅਣਛੋਹ ਸਿਖਰਾਂ' (ਕਾਵਿ-ਸੰਗ੍ਰਹਿ, ੧੯੫੫) ਆਪਦੀਆਂ ਪੁਸਤਕਾਂ ਹਨ। ਪ੍ਰਸਿਧ ਰਸਾਲਿਆਂ ਵਿਚ ਛਪੀਆਂ ਰਚਨਾਵਾਂ ਵੀ ਘਾਲਣਾ ਵਿਚ ਸ਼ਾਮਲ ਹਨ। ਆਪਨੂੰ ਵਿਚਾਰਸ਼ੀਲ ਸਾਹਿਤਕਾਰਾਂ ਤੇ ਆਲੋਚਕਾਂ ਵਿਚ ਗਿਣਿਆ ਜਾਂਦਾ ਹੈ।

'ਬਹਾਦਰ ਸ਼ਾਹ ਜ਼ਫਰ' ਦੀ ਪੰਜਾਬੀ ਰਚਨਾ ਬਾਰੇ ਵੀ ਖੋਜ ਕਰ ਰਹੇ ਹਨ।

**ਬਲਬੀਰ ਸਿੰਘ, ਪੰਜਾਬੀ** (੧੯੪੪—੪੭)

ਵੰਡ-ਪੂਰਵ ਗਲਪਕਾਰਾਂ ਵਿਚ ਆਪਦਾ ਸਥਾਨ ਇਕ ਰੁਮਾਂਚਵਾਦੀ ਵਜੋਂ ਹੈ।

'ਸੁਸ਼ੀਲਾ ਦੀ ਆਪ ਬੀਤੀ' (ਨਾਵਲ), 'ਕਿਸਾਨ ਦੀ ਦੁਨੀਆਂ' (ਕਹਾਣੀਆਂ) ਆਦਿਕ ਪੁਸਤਕਾਂ ਆਪਦੀ ਰਚਨਾ ਦਾ ਵਿਸ਼ੇਸ਼ ਭਾਗ ਹਨ।

**ਬਲਬੀਰ ਸਿੰਘ ਬੀਰ** (੧੦ ਮਾਰਚ ੧੯੪੦—ਜੀਵਤ)

ਆਪ ਸ: ਅਤਰ ਸਿੰਘ ਦੇ ਸਪੁਤਰ ਅਤੇ ਪਟਿਆਲੇ ਦੇ ਸਰਗਰਮ ਸਾਹਿਤ ਸਭਾਂਏ ਹਨ।

ਪੰਜਾਬੀ ਦੇ ਪ੍ਰਸਿਧ ਰਸਾਲਿਆਂ ਵਿਚ ਆਪਦੀਆਂ ਕਹਾਣੀਆਂ ਅਤੇ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ। ਆਪਦੀ ਵਿਚਾਰਧਾਰਾ ਮਨੁਖਵਾਦੀ ਹੈ।

**ਬਲਬੀਰ ਦੀਪਕ** (੧੫ ਸਤੰਬਰ ੧੯੩੮—ਜੀਵਤ)

ਆਪ ਸ: ਪ੍ਰਿਤਪਾਲ ਸਿੰਘ ਦੇ ਸਪੁਤਰ ਅਤੇ ਲੋਕ ਸੰਪਰਕ ਵਿਭਾਗ ਦੇ ਡਰਾਮਾ ਇਨਸਪੈਕਟਰ ਹਨ । ਵਿਦਿਆ ਵਿਚ ਬੀ. ਏ; ਬੀ. ਐਡ ਦੀ ਯੋਗਤਾ ਵੀ ਸ਼ਾਮਲ ਹੈ। ਬੜੇ ਸਰਗਰਮ ਲੇਖਕ ਅਤੇ ਸਾਹਿਤ ਸਭੀਏ ਹਨ ।

**ਬਲਬੀਰ ਨੰਦਾ**

ਵੇਖੋ
ਨੰਦਾ, ਬਲਬੀਰ

**ਬਾਲਮ, ਕਰਮ ਸਿੰਘ**

ਵੇਖੋ
ਕਰਮ ਸਿੰਘ ਬਾਲਮ

**ਬੱਲ, ਰਾਜਿੰਦਰ ਸਿੰਘ**

ਵੇਖੋ
ਰਾਜਿੰਦਰ ਸਿੰਘ ਬੱਲ

**ਬਲਵੰਤ ਅਤੇ ਸੱਤਾ** (੧੫੦੦—੧੬੨੫ ਅਨੁਮਾਨਿਤ)

ਮੁਸਲਮਾਨ ਭੱਟ ਸਨ । ਭਾਈ ਸੰਤੋਖ ਸਿੰਘ ਅਨੁਸਾਰ ਭਰਾ ਭਰਾ ਸਨ ।

ਹੂਤੋ ਡੂਮ ਬਲਵੰਡ ਮਹਾਨਾ ।
ਸੱਤਾ ਉਸਕੋ ਅਨੁਜ ਸੁਜਾਨਾ ।

(ਗੁਰ ਸੂਰਜ ਪ੍ਰਕਾਸ਼)

ਪਰ ਬਾਵਾ ਕਿਰਪਾਲ ਸਿੰਘ ਭੱਲਾ ਅਨੁਸਾਰ ਪਿਉ ਪੁਤਰ (ਸੱਤਾ-ਬਲਵੰਡ) ਸਨ :—

ਬਲਵੰਡ ਪੁਤ੍ਰ ਸੱਤਾ ਤਹਿ ਆਇ ।
ਆਨ ਹਜੂਰ ਰਬਾਬ ਵਜਾਇ ।

(ਮਹਿਮਾ ਪ੍ਰਕਾਸ਼)

ਦਸਿਆ ਜਾਂਦਾ ਹੈ ਕਿ ਇਕ ਵਾਰੀ ਮਾਣ ਵਿਚ ਦੋਹਾਂ ਆਪਣੇ ਆਪ ਨੂੰ ਗੁਰੂ ਘਰ ਦੀ ਲੋਕ-ਪ੍ਰਿਅਤਾ ਦਾ ਥੰਮ ਕਿਹਾ । ਹੰਕਾਰ ਭੰਨਣ ਲਈ ਗੁਰੂ ਅਰਜਨ ਸਾਹਿਬ ਨੇ ਆਪ ਨੂੰ ਗੁਰੂ ਘਰ ਛਡ ਦੇਣ ਲਈ ਕਿਹਾ ਤੇ ਆਮ ਸਿੱਖਾਂ ਨੂੰ ਰਾਗ ਸਿਖਣ ਦੀ ਪਰੇਰਨਾ ਦਿਤੀ । ਇਸ ਤੇ ਸੱਤੇ ਬਲਵੰਡ ਨੇ ਖਿਮਾ ਮੰਗ ਲਈ । ਕਿਹਾ ਜਾਂਦਾ ਹੈ ਕਿ ਦੋਵੇਂ ਗੁਰੂ ਘਰ ਛਡ ਕੇ ਲਾਹੌਰ ਵੀ ਚਲੇ ਗਏ ਸਨ । ਗੁਰੂ ਸਾਹਿਬ ਦਾ ਹੁਕਮ ਸੀ ਕਿ ਜਿਹੜਾ ਆਪਦੀ ਸਿਫਾਰਸ਼ ਕਰੇਗਾ, ਉਸਨੂੰ ਕਾਲਾ ਮੂੰਹ ਕਰਕੇ ਖੋਤੇ ਦੀ ਸੁਆਰੀ ਕਰਨੀ ਪਵੇਗੀ । ਸੱਤਾ ਤੇ ਬਲਵੰਡ ਦੋਵੇਂ ਲਾਹੌਰ ਵਿਚ ਬੜੇ ਤੰਗ ਹੋਏ । ਆਪਨੇ ਬਥੇਰਿਆਂ ਦੀ ਮਿੰਨਤ ਮੁਥਾਜੀ ਕੀਤੀ ਪਰ ਵਿਅਰਥ । ਭਾਈ ਲੱਧਾ ਜੀ ਨੂੰ ਤਰਸ ਆਇਆ । ਉਹ ਕਾਲਾ ਮੂੰਹ ਕਰਕੇ ਤੇ ਖੋਤੇ ਤੇ ਸਵਾਰ ਹੋ ਕੇ ਅੰਮ੍ਰਿਤਸਰ ਗਏ । ਇਸ ਤੇ ਗੁਰੂ ਸਾਹਿਬ ਨੇ ਲੱਧਾ ਜੀ ਨੂੰ ਗਲ ਲਾਇਆ ਤੇ ਸੱਤੇ-ਬਲਵੰਡ ਹੁਰਾਂ ਨੂੰ ਫਿਰ ਨੌਕਰੀ ਮਿਲ ਗਈ । ਨਰਾਜ਼ਗੀ ਦਾ ਕਾਰਨ ਇਹ ਵੀ ਦਸਿਆ ਜਾਂਦਾ ਹੈ ਕਿ ਸੱਤੇ-ਬਲਵੰਡ ਨੇ ਗੁਰੂ-ਖਜ਼ਾਨੇ ਵਿਚੋਂ ਧੀ ਦੇ ਵਿਆਹ ਲਈ ਪੈਸੇ ਮੰਗੇ ਸਨ । ਸੱਤਾ ਜੀ ਤੇ ਬਲਵੰਡ ਜੀ ਨੇ ਅੱਠ ਪੌੜੀਆਂ ਵਿਚ ਗੁਰੂ ਘਰ ਦਾ ਯਸ਼ ਕੀਤਾ ਹੈ । ਆਪਦੀ ਰਾਮਕਲੀ ਦੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੬੬ ਉਤੇ ਦਰਜ ਹੈ । ਬੋਲੀ ਮੁਸਲਕੀ ਸਧੂਕੜੀ ਹੈ । ਸਾਧਾਰਨਤਾ ਤੇ ਪਰਸੰਸਾ ਦੀ ਪਰਧਾਨਤਾ ਹੈ ।

**ਬਲਵੰਤ ਸਿੰਘ** (੧੯ ਅਪ੍ਰੈਲ ੧੯੩੬—ਜੀਵਤ)

ਪਿੰਡ ਭੇਗਲਾਂ, ਜ਼ਿਲਾ ਲੁਧਿਆਣਾ ਦੇ ਨਿਵਾਸੀ ਸ:

ਚੰਦਾ ਸਿੰਘ ਦੇ ਸਪੁਤਰ ਅਤੇ ਫਰੀਦਾਬਾਦ ਦੇ ਇਕ ਕਾਰਖਾਨੇ ਦੇ ਖਰਾਦੀਏ ਹਨ। ਵਿਦਿਆ ਦਸਵੀਂ ਤਕ ਹੈ।

ਆਪ ਪੰਜਾਬੀ ਵਿਚ ਗ਼ਜ਼ਲਾਂ ਲਿਖਦੇ ਹਨ।

**ਬਲਵੰਤ ਸਿੰਘ** (੧੯੩੮—ਜੀਵਤ)

ਆਪ ਲੁਧਿਆਣੇ ਦੇ ਨਿਵਾਸੀ ਹਨ। ਵਿਦਿਆ ਐਫ਼. ਏ. ਗਿਆਨੀ ਤਕ ਹੈ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਲਿਖਦੇ ਹਨ।

**ਬਲਵੰਤ ਸਿੰਘ ਸਯਦ** (-੧੯੪੪-)

ਆਪ ਪੰਜਾਬੀ ਦੇ ਵੰਡ-ਪੂਰਵ ਗਲਪਕਾਰਾਂ ਵਿਚੋਂ ਇਕ ਹਨ। ਸਥਾਨਕ ਰੰਗਣ ਆਪਦੀ ਸ਼ੈਲੀ ਦਾ ਵਿਆਪਕ ਗੁਣ ਹੈ।

'ਮੰਗੇਤਰ' (ਕਹਾਣੀਆਂ), 'ਅਭੋਲ ਪੰਛੀ', 'ਆਂਢੋ ਗੁਆਂਢੋਂ' (ਕਹਾਣੀਆਂ) ਆਦਿਕ ਪੁਸਤਕਾਂ ਆਪ ਦੀ ਰਚਨਾ ਦਾ ਵਿਸ਼ੇਸ਼ ਭਾਗ ਹਨ।

**ਬਲਵੰਤ ਸਿੰਘ, ਗਿਆਨੀ** (੨੫ ਜੂਨ ੧੯੨੫—ਜੀਵਤ)

ਆਪਦਾ ਜਨਮ ਕੋਠਾ ਗੁਰੂ, ਜ਼ਿਲਾ ਬਠਿੰਡਾ ਵਿਚ ਸ: ਬੁਘਾ ਸਿੰਘ ਮਾਨ ਦੇ ਘਰ ਹੋਇਆ। ਆਪਨੂੰ ਪੰਜਾਬੀ, ਹਿੰਦੀ, ਬੰਗਾਲੀ ਅਤੇ ਉਰਦੂ ਦਾ ਗੂੜ੍ਹ ਗਿਆਨ ਹੈ। ਗੁਰੂ ਘਰ ਦੀ ਵਿਚਾਰਧਾਰਾ ਨੂੰ ਆਪਣੇ ਚਿੰਤਨ ਦਾ ਆਧਾਰ ਬਣਾਉਂਦੇ ਹਨ।

੧. ਅਦੁਤੀ ਸੇਵਕ ੨. ਰੂਪ ਦੀਪ ਪਿੰਗਲ ਸਟੀਕ ੩. ਸਿਖ ਹੀਰੇ ੪. ਸਿਖ ਪੰਥ ਪ੍ਰਕਾਸ਼ ੫. ਕੂਕਿਆਂ ਦੀ ਗੁਰਤਾ ੬. ਨਿਰਭੈ ਸੇਵਕ ਆਦਿਕ ਦੀਆਂ ਪੁਸਤਕਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਬਲਵੰਤ ਸਿੰਘ, ਗਿਆਨੀ** (੨੫ ਜੂਨ ੧੯੩੩—ਜੀਵਤ)

ਜਨਮ ਸ: ਬੁਘਾ ਸਿੰਘ ਮਾਨ ਦੇ ਘਰ ਮਾਤਾ ਵੀਰ ਕੌਰ ਦੀ ਕੁਖੋਂ ਹੋਇਆ। ਪੰਡਤ ਕਰਤਾਰ ਸਿੰਘ ਦਾਖਾ ਅਤੇ ਗਿਆਨੀ ਚੰਨਣ ਸਿੰਘ ਤੋਂ ਆਪਨੇ ਅਧਿਆਤਮਕ ਵਿਦਿਆ ਪ੍ਰਾਪਤ ਕੀਤੀ। ਖਾਨਦਾਨ ਦੀ ਸਿਖ ਇਤਿਹਾਸਕ ਪਿਛੋਕੜ ਨੇ ਸਿਖ ਵਿਦਵਤਾ ਵਲ ਪਰੇਰਿਤ ਕੀਤਾ। ਆਪ ਦੀ ਪੁਸਤਕ 'ਤਖਤ ਦਮਦਮਾ ਸਾਹਿਬ' ਨੇ ਧਾਰਮਕ ਹਲਕਿਆਂ ਵਿਚ ਕਾਫੀ ਮਾਨਤਾ ਪ੍ਰਾਪਤ ਕੀਤੀ। 'ਰੂਪ ਦੀਪ ਪਿੰਗਲ ਸਟੀਕ' ਵੀ ਆਪ ਦੀ ਪ੍ਰਕਾਸ਼ਿਤ ਰਚਨਾ ਹੈ। ਪੁਰਾਤਨ ਸ਼ੈਲੀ ਵਿਚ ਲਿਖੀਆਂ ਬਹੁਤ ਸਾਰੀਆਂ ਅਣਪ੍ਰਕਾਸ਼ਿਤ ਰਚਨਾਵਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ। ਇਨ੍ਹਾਂ ਦਾ ਪਰਧਾਨ ਵਿਸ਼ਾ ਸਿਖ ਇਤਿਹਾਸ ਹੈ। ਆਪਨੇ ਨਾਵਲ ਵੀ ਲਿਖੇ ਹਨ ਜੋ ਕਿ ਅਜੇ ਅਣ-ਪ੍ਰਕਾਸ਼ਿਤ ਹਨ।

**ਬਲਵੰਤ ਸਿੰਘ ਤੇਜ** (ਦਸੰਬਰ ੧੯੧੨—ਜੀਵਤ)

ਆਪਦਾ ਜਨਮ ਮਿੰਟਗੁਮਰੀ ਵਿਚ ਭਾਈ ਰਾਧਾ ਰਾਮ ਦੇ ਘਰ ਹੋਇਆ। ਸਥਾਨਕ ਸਰਕਾਰੀ ਸਕੂਲੋਂ ਦਸਵੀਂ ਕਰਨ ਪਿਛੋਂ ਕੁਝ ਚਿਰ ਸਰਕਾਰੀ ਨੌਕਰੀ ਕੀਤੀ ਤੇ ਫਿਰ ਪਤਰਕਾਰੀ ਵਲ ਆ ਗਏ। ੧੯੩੭ ਤੋਂ ਵੰਡ ਤਕ ਆਪ 'ਤੇਜ' ਸਪਤਾਹਿਕ ਨੂੰ ਮਿੰਟ-ਗੁਮਰੀਓਂ ਕਢਦੇ ਰਹੇ। ਉਚੇਰੀ ਸਿਖ ਰਾਜਨੀਤੀ ਦੇ ਖੇਤਰ ਵਿਚ ਵੀ ਆਪ ਕਾਫੀ ਸਰਗਰਮ ਰਹਿੰਦੇ ਸਨ। ਆਪ ਇਕ ਸਿਆਣੇ ਵਕਤਾ ਵੀ ਹਨ। ੧੯੫੦ ਤੋਂ ਆਪ ਲੁਧਿਆਣਿਓਂ 'ਨਿਰਭੈ ਯੋਧਾ' ਨਾਂ ਦਾ ਅਖਬਾਰ ਸੰਪਾਦਿਤ ਕਰ ਰਹੇ ਹਨ।

ਆਪਦੇ ਪਤਰਕਾਰਕ ਲੇਖ ਕਾਫੀ ਸਾਰਥਕ ਮੰਨੇ ਜਾਂਦੇ ਹਨ।

**ਬਲਵੰਤ ਗਾਰਗੀ**

ਵੇਖੋ
ਗਾਰਗੀ, ਬਲਵੰਤ

**ਬਲਵੰਤ ਬਾਵਾ** (੧੯੧੫—ਜੀਵਤ)

ਆਪਦਾ ਜਨਮ ਅਟਾਰੀ ਕੋਲ ਵਸਦੇ ਪਿੰਡ ਨੈਸ਼ਟਾ ਵਿਖੇ ਠਾਕਰ ਦੀਨਾ ਨਾਥ ਦੇ ਘਰ ਹੋਇਆ । ਮੁਢਲੀ ਵਿਦਿਆ ਆਪਨੇ ਪਾਂਧੇ ਕੋਲੋਂ ਪ੍ਰਾਪਤ ਕੀਤੀ । ਕਾਫੀ ਚਿਰ ਆੜ੍ਹਤ ਦਾ ਕੰਮ ਕੀਤਾ । ਅੰਮ੍ਰਿਤਸਰ ਦੀਆਂ ਤੰਗ ਗਲੀਆਂ, ਤੰਗ-ਦਿਲੀਆਂ ਤੇ ਤੰਗ-ਦਸਤੀਆਂ ਦੇ ਵਿਚਕਾਰ ਵੀ ਆਸ਼ਾਵਾਦੀ ਰਹੇ ।। ਗਿਆਨ-ਕ੍ਰਿਸ਼ਨਾ ਨਾਂ ਦੀ ਪ੍ਰਿਤਮਾ ਆਪ ਨੂੰ ਪ੍ਰਾਪਤ ਨਾ ਹੋ ਸਕੀ, ਫਿਰ ਵੀ ਆਪ ਹੋਰਾਂ ਦੇ ਵਿਪਰੀਤ, ਬੌਧਿਕ ਰਹੇ । ਅਜਕਲ ਦਿਲੀ ਰਹਿੰਦੇ ਹਨ । ਦਿਮਾਗ਼ੀ-ਅਯਾਸ਼ਾਂ ਜਾਂ ਸਾਹਿਤ ਸਭਾਈਆਂ ਨਾਲ ਘੱਟ ਹੀ ਰਿਸ਼ਤਾ ਰਖਦੇ ਹਨ । ਗ਼ਰੀਬੀ ਆਪਦੀ ਸਦੀਵੀ ਸਾਥਣ ਹੈ । ਆਪ ਆਪਣੇ ਆਪ ਨੂੰ ਅਨੰਤਤਾ ਦਾ ਹਿਸਾ ਸਮਝਦੇ ਹਨ ਅਤੇ ਕਥਨੀ ਕਰਨੀ ਦੁਹਾਂ ਵਿਚ ਸਮਾਜਵਾਦੀ ਹਨ । ਆਪ ਸ਼ਾਇਦ ਹੀ ਕਦੇ ਕਿਸੇ ਕਵੀ-ਦਰਬਾਰ ਵਿਚ ਜਾਂ ਰੇਡੀਓ ਉਤੇ ਕਵਿਤਾ ਬੋਲਣ ਗਏ ਹੋਣ । ਆਪ ਦੇ ਕਾਵਿ-ਸੰਗ੍ਰਹਿ 'ਸੁਗੰਧ-ਸੁਮੀਰ' ਦੀ ਉਚਤਾ ਨੂੰ ਮੁਖ ਰਖਦਿਆਂ ਪੰਜਾਬ ਸਰਕਾਰ ਨੇ ਆਪਨੂੰ ੫੦੦ ਰੁਪਏ ਇਨਾਮ ਦਿਤਾ ਹੈ ।

ਮਹਾਂ-ਨਾਚ, ਅਮਰ ਗੀਤ, ਜੁਆਲਾ ਮੁਖੀ, ਬੰਦਰ-ਗਾਹ ਤੇ ਸੁਗੰਧ ਮੁਮੀਰ ਆਪਦੇ ਪੰਜ ਕਾਵਿ-ਸੰਗ੍ਰਹਿ ਹਨ । ਕਾਵਿ-ਸਾਗਰ ਨਾਂ ਦੀ ਪੁਸਤਕ ਵਿਚ ਪ੍ਰੋ: ਕਿਰਪਾਲ ਸਿੰਘ ਕਸੇਲ ਨੇ ਆਪ ਦੀਆਂ ਕਵਿਤਾਵਾਂ ਨੂੰ ਸੰਪਾਦਿਤ ਕੀਤਾ ਹੈ । ਹੌਲੇ ਲੇਖਾਂ ਦੀ ਪੁਸਤਕ 'ਕਿਸ ਕਿਸ ਤਰ੍ਹਾਂ ਦੇ ਨਾਚ' ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ । ਆਪ ਮੂਲ ਰੂਪ ਵਿਚ ਕ੍ਰਾਂਤੀਕਾਰੀ ਕਵੀ ਹਨ । ਆਪ ਸੰਸਾਰ-ਸਾਹਿਤ ਤੇ ਇਤਿਹਾਸ ਪ੍ਰਤੀ ਚੇਤੰਨ ਹਨ । ਭਾਰਤੀਤਵ ਆਪ ਦੀ ਵਿਲਖਣਤਾ ਹੈ । ਮਨ ਵਿਚ ਸ੍ਰਿਸ਼ਟੀ ਦਾ ਇਕਾਗਰ ਚਿਤਰ ਰੂਪਮਾਨ ਹੈ । ਤੇ ਆਪ ਨੂੰ ਸਹਿਜੇ ਹੀ ਹਿੰਦੂ ਦਰਸ਼ਨ ਤੇ ਪੱਛਮੀ ਸਮਾਜਵਾਦ ਦਾ 'ਸੰਜੋਗ' ਕਿਹਾ ਜਾ ਸਕਦਾ ਹੈ । ਵਿਚਾਰਾਂ ਨੂੰ ਸਾਹਿਤਕ ਭਾਵਕਤਾ ਵਿਚ ਪ੍ਰਗਟਾਉਣ ਲਈ ਆਪ ਨਿਜੀ ਅਨੁਭਵਾਂ, ਅਪਰਤੱਖ ਬਿੰਬਾਂ ਅਤੇ ਭਾਸ਼ਣ-ਗੁਣਾਂ ਨੂੰ ਵਰਤੋਂ ਵਿਚ ਲਿਆਉਂਦੇ ਹਨ । ਪਿਆਰ, ਸਮਾਜਵਾਦ ਤੇ ਛਾਇਆਵਾਦ ਆਪ ਦੀ ਕਵਿਤਾ ਦੇ ਤਿੰਨ ਪੱਖ ਹਨ ।

**ਬਾਵਾ, ਊਧਮ ਸਿੰਘ** (-੧੯੪੪-)

ਆਪਦੀਆਂ ਦੋ ਪੁਸਤਕਾਂ (੧) ਸਮੁੰਦਰੀ **ਬਲਾ** (ਆਮ ਵਾਕਫੀ) (੨) ਨਵੀਨ ਪੰਜਾਬੀ **ਬੋਧ** (**ਬਾਲ** ਸਿਖਿਆ) ਪ੍ਰਕਾਸ਼ਤ ਹੋ ਚੁਕੀਆਂ ਹਨ ।

**ਬਾਵਾ, ਸਰੂਪ ਦਾਸ** (-੧੯੪੬-)

ਆਪਦੀ ਜੀਵਨੀ-ਪੁਸਤਕ 'ਸਾਖੀ ਤਿੰਨ ਪਾਤ-ਸ਼ਾਹੀਆਂ' ਬਾਵਾ ਖੜਗ ਸਿੰਘ ਫੀਰੋਜ਼ਪੁਰ ਨੇ ੧੯੪੬ ਵਿਚ ਪ੍ਰਕਾਸ਼ਿਤ ਕੀਤੀ ।

**ਬਾਵਾ ਹਰਕ੍ਰਿਸ਼ਨ ਸਿੰਘ** (੧੮੯੩—ਜੀਵਤ)

ਆਪਦਾ ਜਨਮ ਸੰਨ ੧੮੯੩ ਵਿਚ ਸ: ਦਸੌਂਧਾ ਸਿੰਘ ਦੇ ਘਰ ਹੋਇਆ । ਕਾਫੀ ਚਿਰ ਲਈ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਧਾਰਮਕ ਅਤੇ ਅੰਗ੍ਰੇਜ਼ੀ ਦੇ ਅਧਿਆਪਕ ਰਹੇ । ਗੁਰਦੁਆਰਾ ਸੁਧਾਰ ਲਹਿਰ ਸਮੇਂ ਆਪ ਕੈਦ ਵੀ ਹੋਏ । ਫਿਰ ਆਪ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਦੇ ਪ੍ਰਿੰਸੀਪਲ ਰਹੇ ।

ਅੰਗ੍ਰੇਜ਼ੀ ਸਾਹਿਤ ਆਪਦੀ ਸ਼ਖ਼ਸੀਅਤ ਦਾ ਇਕ ਵਿਸੇਸ਼ ਭਾਗ ਹੈ। ਸਾਹਿਤਕ ਤੇ ਭਾਸ਼ਾਈ ਰਾਜਨੀਤੀ ਵਿਚ ਆਪ ਬੜੇ ਸਰਗਰਮ ਹਨ। ਅਜ ਕਲ ਆਪ ਸਿਖ ਨੈਸ਼ਨਲ ਕਾਲਜ ਕਾਦੀਆਂ ਦੇ ਪ੍ਰਿੰਸੀਪਲ ਹਨ।

'ਸ਼ਬਦਾਰਥ' ਦੀ ਰਚਨਾ ਵਿਚ ਆਪਦਾ ਵੀ ਹਿਸਾ ਹੈ। ਆਪ ਵਧੇਰੇ ਕਰ ਕੇ ਵਿਦਿਆਕਾਰ ਹਨ।

**ਬਾਢਾ, ਬੁਧ ਸਿੰਘ** (੧੮੭੮—੧੯੩੧)

ਆਪਦਾ ਜਨਮ ਲਾਹੌਰ ਵਿਚ ਬਾਵਾ ਲਹਿਣਾ ਸਿੰਘ ਦੇ ਘਰ ਹੋਇਆ। ਆਪਦਾ ਖਾਨਦਾਨ 'ਭਲਾ' ਗੁਰੂ ਅਮਰਦਾਸ ਜੀ ਨਾਲ ਸਬੰਧਤ ਹੈ। ਮਹਾਰਾਜਾ ਰਣ-ਜੀਤ ਸਿੰਘ ਨੇ ਆਪਦੇ ਦਾਦਾ ਬਾਵਾ ਟਹਿਲ ਸਿੰਘ ਨੂੰ ਗੋਇੰਦਵਾਲ ਵਿਚ ਚਾਰ ਪਿੰਡ ਜਾਗੀਰ ਦਿਤੀ ਜੋ ਕਿ ਅੰਗਰੇਜ਼ਾਂ ਨੇ ਆਪਣਾ ਸਮਾਂ ਆਉਣ ਤੇ ਆਪਣੇ ਅਧੀਨ ਕਰ ਲਈ। ਮਾਪਿਆਂ ਦੇ ਇਕਲੌਤੇ ਬਚੇ ਬੁਧ ਸਿੰਘ ਨੇ ਮਸੀਤੋਂ ਫਾਰਸੀ ਦੀ ਮੁਢਲੀ ਵਿਦਿਆ ਪ੍ਰਾਪਤ ਕੀਤੀ ਤੇ ਫਿਰ ਮਿਸ਼ਨ ਹਾਈ ਸਕੂਲ ਰੰਗ ਮਹਿਲੋਂ ਦਸਵੀਂ ਕਰਨ ਪਿਛੋਂ, ਵਿਆਹ ਹੋ ਜਾਣ ਦੇ ਬਾਵਜੂਦ ਵੀ ਉਚੇਰੀ ਪੜ੍ਹਾਈ ਜਾਰੀ ਰਖੀ। ੧੮੯੬ ਵਿਚ ਐਫ਼. ਏ. ਕਰਨ ਪਿਛੋਂ ਕੁਝ ਚਿਰ ਮਿਉਂਸਪਲ-ਨੌਕਰੀ ਕੀਤੀ। ੧੯੦੨ ਵਿਚ ਰੁੜਕੀ ਕਾਲਜੋਂ ਇੰਜੀਨੀਰਿੰਗ ਕਰਨ ਪਿਛੋਂ ਆਪ ਲਾਇਲਪੁਰ, ਸਰਗੋਧੇ, ਮੀਆਂ-ਵਾਲੀ, ਰੋਹਤਕ, ਹਿਸਾਰ, ਕੋਹਮਰੀ ਆਦਿ ਸ਼ਹਿਰਾਂ ਵਿਚ ਐਸ. ਡੀ. ਓ. ਦਾ ਕੰਮ ਕਰਦੇ ਰਹੇ। ੧੯੩੦ ਵਿਚ ਲਾਹੌਰ ਦੇ ਸੁਪਰਟੈਂਡਿੰਗ ਇੰਜੀਨੀਅਰ ਲਗ ਗਏ। ੧੪ ਅਕਤੂਬਰ ੧੯੩੧ ਨੂੰ ਲਾਹੌਰ-ਅੰਮ੍ਰਿਤਸਰ ਵਿਚਕਾਰ ਇਕ ਕਾਰ ਹਾਦਸੇ ਵਿਚ ਸਖਤ ਫੱਟੜ ਹੋਏ ਤੇ ੧੬ ਅਕਤੂਬਰ ਨੂੰ ਮਿਉਂਸਪਲ ਹਸਪਤਾਲ ਵਿਚ ਆਪਦਾ ਦੇਹਾਂਤ ਹੋ ਗਿਆ। ਆਪਦੀ ਸੁਹਿਰਦਤਾ ਅਤੇ ਜੀਵਤ ਮਨੁਖਵਾਦੀ ਰਹਿਣੀ ਬਹਿਣੀ ਇਕ ਖਾਸ ਗਲ ਹੈ। ਅਮਲੀ ਰੂਪ ਵਿਚ ਵੀ ਆਪਨੇ 'ਸਾਂਝੀ ਪੰਜਾਬੀ ਕਲਚਰ' ਦਾ ਪਰਚਾਰ ਕੀਤਾ।

੧. ਹੰਸ ਚੋਗ ੨. ਕੋਇਲ ਕੂ ੩. ਬਬੀਹਾ ਬੋਲ ੪. ਨੀਤੀ ਸੁਤਰ ੫. ਵੈਰਾਗ ਸੁਤਰ ੬. ਸ਼ਿੰਗਾਰ ਸੁਤਰ ੭. ਚੰਦਰ ਹਰੀ ਨਾਟਕ ੮. ਦਲੇਰ ਕੌਰ ੯. ਮੁੰਦਰੀ ਛਲ ਨਾਟਕ ੧੦. ਨਾਰ ਨਵੇਲੀ (ਨਾਟਕ) ੧੧. ਪ੍ਰੀਤਮ ਛੁਹ (ਕਾਵਿ-ਸੰਗ੍ਰਹਿ) ੧੨. ਦਾਮਨੀ ਨਾਟਕ ੧੩. ਪ੍ਰੇਮ ਕਹਾਣੀ (ਫਾਰਸੀ ਅੱਖਰਾਂ ਵਿਚ) ੧੪. ਹੇਮੰਤ ਕੁਮਾਰੀ (ਅਣ-ਛਪਿਆ ਕਾਵਿ-ਸੰਗ੍ਰਹਿ) ਆਦਿਕ ਪੁਸਤਕਾਂ ਆਪਦੀ ਘਾਲਣਾ ਹਨ। ਕਈ ਲੋਕ ਪਹਿਲੀਆਂ ਤਿੰਨ ਪੁਸਤਕਾਂ ਨੂੰ ਪੰਜਾਬੀ ਖੋਜ ਤੇ ਆਲੋਚਨਾ ਵਿਚ ਆਧਾਰ-ਪੁਸਤਕਾਂ ਹੋਣ ਦਾ ਮਾਣ ਦਿੰਦੇ ਹਨ। ਆਪ ਦੇ ਸਮੇਂ ਵਿਚ ਪੰਜਾਬੀ ਵਿਚ ਲਿਖਣਾ ਆਰਥਕ ਪਖੋਂ ਬਹੁਤ ਫਾਇਦੇਮੰਦ ਨਹੀਂ ਸੀ, ਉਂਜ ਵੀ ਲੋਕ ਮਾਨਸਿਕਤਾ ਪੰਜਾਬੀ ਦੀ ਸਮਰਥਾ ਪ੍ਰਤੀ ਚੇਤੰਨ ਨਹੀਂ ਸੀ, ਇਸ ਲਈ ਆਪਦੀ ਰਚਨਾ ਮਹਾਨ ਮੰਨੀ ਜਾਂਦੀ ਹੈ। ਆਪ ਪੰਜਾਬੀ ਸਾਹਿਤ ਦੇ ਉਸਰਈਆਂ ਵਿਚੋਂ ਹਨ।

**ਬਾਢਾ ਬਲਵੰਤ**

ਵੇਖ
ਬਲਵੰਤ ਬਾਵਾ

**ਬਾਢਾ, ਰਾਮਦਾਸ** (ਉਨ੍ਹੀਵੀਂ ਸਦੀ)

ਆਪ ਮਹਾਰਾਜਾ ਨਰੇਂਦਰ ਸਿੰਘ ਪਟਿਆਲਾ (੧੮੨੩—੧੮੬੨) ਦੇ ਦਰਬਾਰੀ ਕਵੀ ਸਨ।

ਹੇਠ ਲਿਖੀ ਟੂਕ ਤੋਂ ਆਪਦੀ ਸ਼ੈਲੀ ਦੀ ਕੀਮਤ ਪਾਈ ਜਾ ਸਕਦੀ ਹੈ :

ਸਭ ਬਾਤ ਬਨਾਇ ਕਹੀ ਤੁਮਰੀ,
ਤਬ ਭੂਪਿਤ ਕੋ ਹੱਠ ਭਾਰਾ ਰਹਾਂ।
ਜਬ ਕੀਨ ਰਸਾਈ ਮੁਸਾਹਿਬ ਸੋਂ,
ਤਬ ਤੋਂ ਤਨ ਨੈਕ ਇਸ਼ਾਰਾ ਰਹਾਂ।

**ਬਿੜੰਗ ਜੋਗਿੰਦਰ ਸਿਘ** (੧੫ ਜੁਲਾਈ ੧੯੩੨— ਜੀਵਤ)

ਆਪਦਾ ਜਨਮ ਮੋਹੀ ਖੁਰਦ, ਤਹਿਸੀਲ ਰਾਜਪੁਰਾ ਜ਼ਿਲਾ ਪਟਿਆਲਾ ਵਿਚ ਨੰਬਰਦਾਰ ਸਾਧੂ ਸਿਘ ਦੇ ਘਰ ਮਾਤਾ ਜਾਗੀਰ ਕੌਰ ਦੀ ਕੁਖੋਂ ਹੋਇਆ। ਪੇਂਡੂ ਸਕੂਲਾਂ ਵਿਚੋਂ ਮੁਢਲੀ ਵਿਦਿਆ ਪ੍ਰਾਪਤ ਕਰਨ ਪਿਛੋਂ ਆਪ ਸਨਾਤਨ ਧਰਮ ਕਾਲਜ ਅੰਬਾਲੇ ਵਿਚ ਦਾਖਲ ਹੋ ਗਏ, ਜਿਥੇ ਆਪਦੀਆਂ ਸਾਹਿਤਕ ਰੁਚੀਆਂ ਨੂੰ ਪ੍ਰ: ਹਰਨਾਮ ਦਾਸ ਆਨੰਦ ਨੇ ਹੋਰ ਵੀ ਉਭਾਰਿਆ। ਸਕੂਲ-ਸਮੇਂ ਤੋਂ ਹੀ ਆਪ ਸਾਹਿਤਕਾਰੀ ਵਲ ਆ ਗਏ ਸਨ। ਸਾਇੰਸ ਦੀ ਬਾਰ੍ਹਵੀਂ ਕਰਨ ਪਿਛੋਂ ਆਪ ਵਾਯੂ ਸੈਨਾ ਵਿਚ ਗਏ ਪਰ ਆਪਣੇ ਪ੍ਰਗਤੀਵਾਦੀ ਸੁਭਾਅ ਕਾਰਨ ਵਾਪਸ ਆ ਗਏ। ੧੯੫੭-੧੯੫੯ ਵਿਚ ਆਪ ਖੜਗਪੁਰ (ਬੰਗਾਲ) ਰਹਿ ਕੇ ਪੰਜਾਬੀ ਸਾਹਿਤ ਸਭਾ ਤੇ ਲਾਇਬ੍ਰੇਰੀ ਨੂੰ ਜਥੇਬੰਦ ਕਰਦੇ ਰਹੇ। ੧੯੫੮ ਵਿਚ ਆਪ ਨੇ ਰਾਜਸੀ ਵਿਗਿਆਨ ਦੀ ਐਮ. ਏ. ਕੀਤੀ।

'ਮਨੁਖ ਤੇ ਰੁਖ' (ਕਹਾਣੀ-ਸੰਗ੍ਰਹਿ ੧੯੫੯), 'ਤ੍ਰਿਸ਼ਨਾ' (ਟਾਲਸਟਾਏ ਦੇ ਨਾਵਲ ਦਾ ਅਨੁਵਾਦ, ੧੯੬੦) ਆਦਿਕ ਪੁਸਤਕਾਂ ਅਤੇ ਸਰਵੋਤਮ ਪਤਰਾਂ ਵਿਚ ਪ੍ਰਕਾਸ਼ਿਤ ਵਿਕੋਲਿਤਰੀਆਂ ਰਚਨਾਵਾਂ ਆਪਦੀ ਘਾਲਣਾ ਵਿਚ ਸ਼ਾਮਲ ਹਨ।

ਆਪ ਸਮਾਜਵਾਦੀ ਯਥਾਰਥਵਾਦ ਨੂੰ ਜੀਉਣ ਦੇ ਯਤਨ ਵਿਚ ਰਹਿੰਦੇ ਹਨ।

**ਬਿਸ਼ਨ ਸਿੰਘ ਹਿਸਟੋਰੀਅਨ** (੨੬ ਸਤੰਬਰ ੧੯੦੩— ਜੀਵਤ)

ਜਨਮ ਪਿੰਡ ਨੰਗਲ, ਜ਼ਿਲਾ ਲੁਧਿਆਣਾ ਵਿਚ ਪ੍ਰਸਿਧ ਨਾਮਧਾਰੀ ਵਿਦਵਾਨ ਬਾਬਾ ਕਾਲਾ ਸਿੰਘ ਦੇ ਘਰ ਹੋਇਆ। ਆਪ ਨੇ ਸੰਤਾਂ-ਸਾਧੂਆਂ ਤੋਂ ਹਿੰਦੀ ਪੰਜਾਬੀ ਦਾ ਗਿਆਨ ਪ੍ਰਾਪਤ ਕੀਤਾ। ਅਜ ਕਲ ਆਪ ਧਰਮਪੁਰ (ਦਮਦਮਾ) ਜ਼ਿਲਾ ਹਿਸਾਰ ਵਿਚ ਰਹਿ ਕੇ ਨਾਮਧਾਰੀ ਇਤਿਹਾਸ ਦੀ ਖੋਜ ਕਰ ਰਹੇ ਹਨ।

ਆਪਦੀ ਪ੍ਰਕਾਸ਼ਿਤ ਰਚਨਾ ਵਿਚ 'ਨਾਮਧਾਰੀ ਇਤਿਹਾਸਕ ਸਾਮਗਰੀ (ਕਾਵਿ-ਸੰਗ੍ਰਹਿ), 'ਸ਼ਹੀਦ ਮਾਲਾ' (ਵਾਰਤਕ), 'ਕੂਕਾ ਸਿਖ ਤੇ ਅੰਗ੍ਰੇਜ਼ ਰਾਜ' (ਵਾਰਤਕ), 'ਕੂਕੇ ਦੀ ਕਿਰਪਾਨ' (ਕਾਵਿ-ਸੰਗ੍ਰਹਿ), 'ਕੂਕਿਆਂ ਦੀਆਂ ਗਉਆਂ' (ਵਾਰਤਕ), 'ਇਨਕਲਾਬੀ ਕੂਕਾ', 'ਅੜਬੰਗੀ ਦੀ ਵਾਰ', 'ਟਹਿਕਦੇ ਫੁਲ' (ਕਾਵਿ-ਸੰਗ੍ਰਹਿ), 'ਕਲੀਆਂ ਦੀ ਮਹਿਕ', 'ਮੁਸਾਫਰ ਦੀ ਫਾਂਸੀ', 'ਨਾਮਧਾਰੀ ਲੋਕ-ਗੀਤ' ਆਦਿਕ ਪੁਸਤਕਾਂ ਸ਼ਾਮਲ ਹਨ।

**ਬਿਸ਼ਨ ਦਾਸ ਬਿਰਹੋਂ** (੧੨ ਅਕਤੂਬਰ ੧੯੦੬— ਜੀਵਤ)

ਆਪਦਾ ਜਨਮ ਵਰਵਾਲ, ਤਹਿਸੀਲ ਚੱਕਵਾਲ, ਜ਼ਿਲਾ ਜਿਹਲਮ ਵਿਚ ਸ੍ਰੀ ਗਣੇਸ਼ ਦਾਸ ਚਢਾ ਦੇ ਘਰ ਹੋਇਆ। ਅਕਾਲੀ ਲਹਿਰ ਸਮੇਂ ਆਪ ਨੇ ਹੋਤੀ ਮਰਦਾਨ ਵਿਚ 'ਕਵੀ-ਮੰਡਲੀ' ਨਾਂ ਦੀ ਸੰਸਥਾ ਬਣਾਈ। ਆਪ ਅੰਬਾਲੇ, ਪਿਸ਼ੌਰ, ਮਰਦਾਨ ਆਦਿਕ ਥਾਵਾਂ ਤੇ ਰਹਿ ਚੁਕੇ ਹਨ। ਹਰ ਥਾਂ ਸਾਹਿਤਕਾਰ

ਜਥੇਬੰਦੀਆਂ ਬਣਾਂਦੇ ਰਹੇ ਹਨ। ਵੰਡ ਪਿਛੋਂ ਅਠ ਸਾਲ ਪਟਿਆਲੇ ਰਹੇ। ਅਜ ਕਲ ਨਾਭੇ ਹਨ।

'ਬਿਹੋਂ ਦੇ ਬਾਣ' ਅਤੇ 'ਬ੍ਰਿਹੋਂ ਚੋਟਾਂ' ਦੋ ਕਾਵਿ-ਸੰਗ੍ਰਹਿ ਛਪ ਚੁਕੇ ਹਨ।

ਪੰਜਾਬੀ ਸਾਹਿਤ ਵਿਚ ਆਪਦਾ ਸਥਾਨ ਇਕ ਵਿਚਾਰਸ਼ੀਲ ਸਟੇਜੀ ਕਵੀ ਵਜੋਂ ਹੈ।

# ਭ

**ਭਈਆ ਰਾਮ** (੧੮੪੯—੧੯੦੪)

ਆਪ ਜ਼ਿਲਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਵਿਚ ਰਹਿੰਦੇ ਹੁੰਦੇ ਸਨ। ਆਪਦਾ ਸਬੰਧ ਇਕ ਪ੍ਰਸਿਧ ਬ੍ਰਾਹਮਣ ਘਰਾਣੇ ਨਾਲ ਜੋੜਿਆ ਜਾਂਦਾ ਹੈ। ਆਪਨੂੰ ਇਕ ਕੁੜੀ ਨਾਲ ਪਿਆਰ ਹੋਇਆ, ਜੋ ਪੁਗ ਨਾ ਸਕਿਆ, ਜਿਸ ਕਾਰਨ ਆਪ ਦੀਵਾਨਗੀ ਵਿਚ ਕਵਿਤਾ ਲਿਖਣ ਲਗ ਪਏ। ਆਪ ਹਰ ਵਾਰੀ ਚਿੰਤਪੁਰਨੀ ਦੇ ਮੇਲੇ ਵਿਚ ਜਾਇਆ ਕਰਦੇ ਸਨ। ਇਥੇ ਆਪ ਬਹੁਤ ਵਡੇ ਵਡੇ ਜਲਸਿਆਂ ਨੂੰ ਆਪਣੀਆਂ ਕਵਿਤਾਵਾਂ ਸੁਣਾਇਆ ਕਰਦੇ ਸਨ। ਸਾਰੀ ਸਾਰੀ ਰਾਤ ਦੂਰ ਨੇੜਿਓਂ ਆਏ ਲੋਕ ਆਪਦੇ ਸ਼ਿਅਰਾਂ ਨੂੰ ਮਾਣਿਆ ਕਰਦੇ ਸਨ। ਆਪਦੇ ਕਹਿਣ ਦਾ ਅੰਦਾਜ਼ ਮੂਲ ਕਵਿਤਾ ਨਾਲੋਂ ਵੀ ਵਧੀਆ ਹੁੰਦਾ ਸੀ। ਸਮਕਾਲੀ ਸੁਥਰਿਆਂ ਨਾਲ ਆਪਦੀ ਡੂੰਘੀ ਸਾਂਝ ਸੀ।

ਆਪਦੀ ਕਵਿਤਾ ਵਿਚ ਦੁਨਿਆਵੀ ਪਿਆਰ ਪ੍ਰਧਾਨ ਹੈ। ਛੰਦ ਪਿੰਗਲ ਉਤੇ ਪਰੇ ਉਤਰਦੇ ਹਨ। ਡਿਉਢ ਆਪਦੀ ਪਸੰਦ ਦਾ ਛੰਦ ਦਿਸਦਾ ਹੈ। ਸ਼ੈਲੀ ਵਾਤਾ-ਵਰਣ ਤੇ ਵਿਸ਼ੈ ਨੂੰ ਇਕ ਮਿਕ ਕਰਦੀ ਹੈ। ਬੋਲੀ ਸ਼ੁਧ ਪੰਜਾਬੀ ਹੈ। ਕਵਿਤਾ ਦਾ ਨਮੂਨਾ ਇਸ ਪਰਕਾਰ ਹੈ :

ਸਾਵਣ ਸੋਹੇ ਸੁਹਾਵਣ ਕੁਰਤੇ,
ਮਸਤ ਚਾਲ ਅਲਬੇਲੀ, ਗਰਬ ਗਹੇਲੀ।
ਹੈ ਉਹ ਹੂਰ ਜ਼ਰੂਰ ਜਾਨ ਤੋਂ,
ਬਾਝ ਪਿਆਰੇ ਬੇਲੀ, ਰਹੇ ਇਕੇਲੀ।

**ਭਾਈ ਖਾਂ ਸ਼ਦਾ** (੧੮੬੦—੧੯੨੪)

ਆਪ ਨੇ ਆਪਣਾ ਬਚਪਨ ਜ਼ਿਲਾ ਗੁਰਦਾਸਪੁਰ ਦੇ ਪਿੰਡ ਕਾਲਾ ਅਫਗਾਨਾਂ ਵਿਚ ਬਿਤਾਇਆ। ਪੰਜ ਛੇ ਸਾਲ ਦੀ ਉਮਰ ਵਿਚ ਹੀ ਅੰਮ੍ਰਿਤਸਰ ਆ ਗਏ ਤੇ ਮਸ ਫੁਟਣ ਤਕ ਬੈਂਤਬਾਜ਼ੀ ਕਰਨ ਲਗ ਪਏ। ਫਿਰ ਆਪਨੇ ਬਾਬਾ ਸਾਦਿਕ ਅੰਮ੍ਰਿਤਸਰੀ ਨੂੰ ਉਸਤਾਦ ਧਾਰ ਲਿਆ ਤੇ ਉਹਨਾਂ ਪਿਛੋਂ ਉਹਨਾਂ ਦੀ ਸੰਸਥਾ (ਅਖਾੜੇ) ਦੇ ਖਲੀਫੇ ਬਣ ਗਏ। ਆਪਦੀ ਵਿਦਿਅਕ ਯੋਗਤਾ ਤਾਂ ਘਟ ਹੀ ਸੀ ਪਰ ਸੁਭਾਅ ਵਿਚਲੀ ਨਿਮਰਤਾ ਤੇ ਆਚਰਣ ਦੀ ਉਚਤਾ ਨੇ ਆਪ ਨੂੰ ਸਮਾਜ ਵਿਚ ਪਰਵਾਨ ਕਰਾ ਦਿਤਾ ਸੀ।

'ਕਿੱਸਾ ਸ਼ੀਰੀਂ ਫਰਹਾਦ' ਅਤੇ ਕੁਝ ਸੀਹਰਫੀਆਂ ਆਪਦੀ ਰਚਨਾ ਹਨ। ਦੋ ਸੀਹਰਫੀਆਂ 'ਬਹਾਰ ਗੁਲਸ਼ਨ' ਵਿਚ ਵੀ ਪ੍ਰਕਾਸ਼ਿਤ ਹੋਈਆਂ। ਆਪਦੀ ਕਵਿਤਾ ਵਿਚ ਸ਼ਿੰਗਾਰ ਰਸ ਪਰਧਾਨ ਹੈ। ਕਿਤੇ ਕਿਤੇ ਸੂਫੀ ਵਿਚਾਰ ਵੀ ਦੇ ਜਾਂਦੇ ਹਨ। ਬੋਲੀ ਅਤਿਅੰਤ ਮਿਠੀ ਪਰ ਉਰਦੂ-ਪ੍ਰਭਾਵਿਤ ਅਤੇ ਬਿਬਾਵਲੀ ਰਵਾਇਤੀ ਹੈ :

ਬੇ—ਬਿਨਾ ਤੇਰੇ ਰਸ਼ਕ ਗਲ ਮੇਰੇ,
ਬੁਲਬੁਲ ਮੇਰਾ ਦਿਲ ਹੈ ਉਦਾਸ ਅਜ ਕਲ।
ਪਿਆ ਫੜਕਦਾ ਏ ਕਫਸ ਤਨ ਅੰਦਰ,
ਹੋਏ ਬਾਖਤਾ ਹੋਸ਼ ਹਵਾਸ ਅਜ ਕਲ।
ਗੁਲਸ਼ਨ ਵਿਚ ਜਾਵਾਂ ਗੁਲ ਖਾਰ ਦਿਸਦੇ,

ਚੰਗੀ ਨਹੀਂ ਲਗਦੀ ਬੋ ਬਾਸ ਅਜ ਕਲ।
ਪਿਆਰੇ ਤੇਰੇ ਸ਼ੈਦਾ ਦੇ ਨਾਲ ਰਹਿੰਦੇ,
ਰੰਜ, ਗੰਮ, ਅਲਮ ਤੇ ਯਾਸ ਅਜ ਕਲ।

**ਭਿਖਣ** (੧੪੮੦—੧੫੭੩)

ਉਪਨਾਮ ਭਿਖਾ। ਆਪ ਗੁਰੂ ਘਰ ਦੀ ਵਡਿਆਈ ਕਰਨ ਵਾਲੇ ਭੱਟ ਸਨ। ਵਿਚਾਰਧਾਰਕ, ਪਿੱਛਾ ਮੁਸਲਮਾਨ ਸੂਫ਼ੀਅਤ ਦਾ ਹੈ। ਆਪ ਨੂੰ ਧਰਮ ਤੇ ਸਾਹਿਤ ਦਾ ਵਿਸ਼ਾਲ ਅਧਿਅਨ ਸੀ। ਕੁਰਾਨ ਮਜੀਦ ਜ਼ਬਾਨੀ ਯਾਦ ਸੀ। ਕਬੀਰ ਜੀ ਤੇ ਬਾਅਦ ਦੇ ਫਰੀਦ ਸਾਹਿਬਾਨ ਤੋਂ ਪ੍ਰੇਰਨਾ ਲਈ ਜਾਪਦੀ ਹੈ। ਆਦਿ ਗਰੰਥ ਵਿਚ ਆਪਦੇ ਦੋ ਸ਼ਬਦ ਦਰਜ ਹਨ।

'ਗੁਰੂ ਮਿਲਜਉ ਸੋਇ ਭਿਖਾ ਕਹੈ'

(ਸਵੈਯੇ ਮਹਲਾ ੩ ਕੇ)

ਭਾਈ ਗੁਰਦਾਸ ਲਿਖਦੇ ਹਨ :—

''ਭਿਖਾ ਟੋਡਾ ਭੱਟ ਦੋਇ ਧਾਰੂ
ਸੂਦ ਮਹਲ ਤਿਸ ਭਾਰਾ।''

ਦਸਿਆ ਜਾਂਦਾ ਹੈ ਇਹ ਭਿਖਾ ਜੀ ਸੁਲਤਾਨਪੁਰ ਦੇ ਨਿਵਾਸੀ ਭੱਟ ਸਨ, ਜਿਨ੍ਹਾਂ ਗੁਰੂ ਅਰਜਨ ਸਾਹਿਬ ਤੋਂ ਸਿਖੀ ਪ੍ਰਾਪਤ ਕੀਤੀ।

**ਭਗਤ ਸਿੰਘ** (੧੮੯੭—ਜੀਵਤ)

ਆਪਦਾ ਜਨਮ ਪਿੰਡ ਗਲੋਟੀਆਂ ਗੁਰੂ ਦੀਆਂ, ਜ਼ਿਲਾ ਸਿਆਲਕੋਟ ਵਿਖੇ ਸ: ਖਜ਼ਾਨ ਸਿੰਘ ਦੇ ਘਰ ਹੋਇਆ। ਬਚਪਨ ਵਿਚ ਹੀ ਆਪਦੇ ਪਿਤਾ ਮਾਤਾ ਦਾ ਦੇਹਾਂਤ ਹੋ ਗਿਆ। ਖਾਲਸਾ ਹਾਈ ਸਕੂਲ ਗੁਜਰਾਂਵਾਲਾ ਤੋਂ ਆਪਨੇ ਯੂਨੀਵਰਸਿਟੀ ਵਿਚ ਫਸਟ ਰਹਿੰਦਿਆਂ ਦਸਵੀਂ ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ. ਸੀ. ਤੇ ਬੀ. ਏ. ਇਮਤਿਹਾਨ ਪਾਸ ਕਰਨ ਵੇਲੇ ਵੀ ਯੂਨੀਵਰਸਿਟੀ ਵਿਚ ਫਸਟ ਆਉਣ ਦੀ ਰਵਾਇਤ ਕਾਇਮ ਰਖੀ। ੧੯੨੦ ਵਿਚ ਹੋਏ ਸਰਬ ਹਿਦ ਕਾਂਗਰਸ ਦੇ ਨਾਗਪੁਰ ਸੈਸ਼ਨ ਵਿਚ ਆਪਨੇ ਆਲ ਇੰਡੀਆ ਸਟੂਡੈਂਟਸ ਕਾਂਗਰਸ ਵਲੋਂ ਆਪਣੇ ਕਾਲਜ ਦੇ ਡੈਲੀਗੇਸ਼ਨ ਦੀ ਅਗਵਾਈ ਕੀਤੀ। ੧੯੨੧ ਵਿਚ ਮੁਨਸਫ਼ੀ ਦਾ ਇਮਤਿਹਾਨ ਪਾਸ ਕਰਨ ਪਿਛੋਂ ਜਲੰਧਰ ਦੇ ਮੁਨਸਫ਼ ਲਗ ਗਏ। ਫਿਰ ਆਪਨੇ ਪ੍ਰਾਈਵੇਟ ਹੀ ਫਸਟ ਕਲਾਸ ਵਿਚ ਐਲ. ਐਲ. ਬੀ. ਕੀਤੀ। ੧੯੪੬ ਵਿਚ ਸੈਸ਼ਨ ਜੱਜ ਲਗੇ ਰਹੇ। ੧੯੪੯ ਵਿਚ ਕੇਂਦਰੀ ਸਰਕਾਰ ਦੀ ਕਾਨੂੰਨ ਵਜ਼ਾਰਤ ਵਿਚ ਆਪ ਨੂੰ ਕਾਨੂੰਨ-ਸਾਜ਼ੀ ਦੀ ਟਰੇਨਿੰਗ ਲਈ ਚੁਣਿਆ। ਬਾਅਦ ਵਿਚ ਡਿਪਟੀ ਲੀਗਲ ਰੀਮੈਂਬਰੈਂਸਰ ਤੇ ਫਿਰ ਲੀਗਲ ਰੀਮੈਂਬਰੈਂਸਰ ਲਗ ਗਏ। ਨਾਲ ਹੀ ਆਪ ਨੂੰ ਪੰਜਾਬ ਦੀ ਭਰਿਸ਼ਟਾਚਾਰ-ਵਿਰੋਧੀ ਕਮੇਟੀ ਦੇ ਸਕਤ੍ਰ ਦੀ ਪਦਵੀ ਸੰਭਾਲਣ ਲਈ ਵੀ ਆਖਿਆ ਗਿਆ। ੧੯੫੨ ਵਿਚ ਰੀਟਾਇਰ ਹੋਏ। ਇਸ ਤੋਂ ਛੇ ਮਹੀਨੇ ਪਹਿਲਾਂ ਆਪ ਇੰਗਲੈਂਡ, ਸਕਾਟਲੈਂਡ, ਫਰਾਂਸ, ਜਰਮਨੀ, ਸਵਿਟਜ਼ਰਲੈਂਡ ਅਤੇ ਇਟਲੀ ਦਾ ਰਟਨ ਕਰਨ ਆਏ ਸਨ। ਰੀਟਾਇਰਮੈਂਟ ਪਿਛੋਂ ਆਪ ਨੂੰ ਪੰਜਾਬ ਪਰਦੇਸ਼ ਬਿਜਲੀ ਬੋਰਡ ਦੇ ਪੰਜ ਉੱਚੇ ਅਫਸਰਾਂ ਵਿਰੁਧ ਲਗੇ ਦੂਸ਼ਣਾਂ ਦੀ ਪੜਤਾਲ ਲਈ ਵੀ ਨਿਯੁਕਤ ਕੀਤਾ ਗਿਆ। ਆਪ ਹਿਮਾਚਲ ਪਰਦੇਸ਼ ਦੀ ਚੋਣ-ਅਦਾਲਤ (ਟ੍ਰਿਬਿਊਨਲ) ਦੇ ਵੀ ਮੈਂਬਰ ਰਹੇ। ਆਪ ਨੂੰ ਕਲਾ ਨਾਲ ਨਿਘਾ ਪਿਆਰ ਹੈ। ਆਪ ਸਿਦਕਾਂ ਦੀ ਸੰਜਾਤ-ਸਭਾ (ਵਰਲਡ ਕਾਂਗਰਸ ਆਫ ਫੇਥਸ) ਲੰਡਨ, ਸ਼ਿਮਲਾ ਮਜ਼ਦੂਰ ਵੈਲਫੇਅਰ ਸੁਸਾਇਟੀ, ਸੋਸ਼ਲ ਐਂਡ ਮਾਰਲ ਹਾਈਜੀਨ ਸੁਸਾਇਟੀ, ਭਾਰਤ ਸੇਵਕ ਸਮਾਜ ਆਦਿ ਸਭਾਵਾਂ ਦੇ ਉਚੇਰੇ ਅਹੁਦੇਦਾਰਾਂ ਵਿਚੋਂ ਹਨ। ਆਪ ਦੇ ਤਿੰਨੇ ਬੱਚੇ (ਇਕ ਪੁਤਰ ਤੇ ਦੋ ਧੀਆਂ) ਜ਼ਿੰਦਗੀ ਵਿਚ ਚੰਗੀ ਤਰ੍ਹਾਂ ਸਥਾਪਿਤ ਹਨ। ਗੁਰਮੁਖਾਂ ਨੂੰ ਪਸੰਦ

ਕਰਦੇ ਹਨ।

ਆਪਦੀ ਲਿਖਤੀ ਘਾਲਣਾ ਕਾਨੂੰਨ ਦੇ ਖੇਤਰ ਵਿਚ ਹੈ। ਉਰਦੂ ਵਿਚ ਆਪ ਦੀਆਂ ਤਿੰਨ ਪੁਸਤਕਾਂ ਕਾਫੀ ਪਰਵਾਨ ਚੜ੍ਹੀਆ—'ਰਹਿਨੁਮਾਏ ਅਮਲਾਏ ਤਾਲੀਮ', 'ਰਹਿਨੁਮਾਏ ਅਮਲਾਏ ਮੁਹੱਰਰਾਂ' ਅਤੇ 'ਰਫ਼ੀਕੇ ਸ਼ਾਹੂਕਾਰਾਂ।' ਪੰਜਾਬੀ ਵਿਚ 'ਸ਼ਾਹੂਕਾਰ ਤੇ ਦੀਵਾਨੀ ਕਾਨੂੰਨ', 'ਰੋਗੀਆਂ ਤੇ ਫਟੜਾਂ ਦੀ ਮੁਢਲੀ ਸਹਾਇਤਾ' 'ਅੰਗਲੋ-ਪੰਜਾਬੀ ਡਿਕਸ਼ਨਰੀ (ਕਾਨੂੰਨ ਸੰਕੇਤ) ਆਪ ਨੇ ਯੂਨੈਸਕੋ ਦੇ ਅਧੀਨ ਆਦਿ ਗ੍ਰੰਥ ਦੇ ਚੌਣਵੇਂ ਸ਼ਬਦਾਂ ਨੂੰ ਅੰਗਰੇਜ਼ੀ ਰੂਪ ਦਿਤਾ। ਆਪ ਉਸਦੀ ਦੁਹਰਾਈ ਕਮੇਟੀ ਦੇ ਮੈਂਬਰ ਵੀ ਰਹੇ।

ਆਪਦੀ ਵਾਰਤਕ ਸ਼ੈਲੀ ਅਤਿ ਸਾਧਾਰਨ ਅਤੇ ਨਿਰਪੇਖ ਹੈ। ਪੰਜਾਬੀਅਤ ਇਸਦਾ ਸ਼ਿੰਗਾਰ ਹੈ।

**ਭਗਤ ਸਿੰਘ ਪ੍ਰੇਮੀ** (ਵੀਹਵੀਂ ਸਦੀ)

ਆਪ 'ਨਾਮਧਾਰੀ ਬਿਲਾਸ' ਨਾਂ ਦੀ ਕਾਵਿ-ਪੁਸਤਕ ਦੇ ਕਰਤਾ ਹਨ।

**ਭਗਵੰਤ ਸਿੰਘ** (੨ ਦਸੰਬਰ ੧੯੨੬—ਜੀਵਤ)

ਜਨਮ ਉਕਾੜਾ, ਜ਼ਿਲਾ ਮਿੰਟਗੁਮਰੀ ਵਿਚ ਸ: ਲਾਲ ਸਿੰਘ ਦੇ ਘਰ ਹੋਇਆ। ੧੯੪੪-੪੭ ਦੇ ਦੌਰਾਨ ਆਪ ਮਿਲਟਰੀ ਫਾਰਮ ਵਿਚ ਕੰਮ ਕਰਦੇ ਰਹੇ। ਅਜ ਕਲ ਚੰਡੀਗੜ੍ਹ ਵਿਚ ਸਰਕਾਰ ਦੀ ਨੌਕਰੀ ਕਰਦੇ ਹਨ। ੧੯੫੨ ਵਿਚ ਆਪਨੇ ਪੰਜਾਬੀ ਦੀ ਐਮ. ਏ. ਕੀਤੀ।

'ਆਸ ਨਿਰਾਸ' (੧੯੬੦) ਅਤੇ 'ਹਨੇਰੇ ਸਾਥ' (੧੯੬੨) ਆਪ ਦੇ ਦੋ ਕਾਵਿ-ਸੰਗ੍ਰਹਿ ਹਨ।

ਆਪਦੀ ਬਿੰਬਾਵਲੀ ਆਪਦੀ ਨੂਤਨ-ਰੁਚੀ ਨੂੰ ਦਰਸਾਂਦੀ ਹੈ।

ਆਪ ਨੂੰ ਸਿਆਣੇ ਕਵੀਆਂ ਵਿਚ ਗਿਣਿਆ ਜਾਂਦਾ ਹੈ।

**ਭਗਵੰਤ ਸਿੰਘ ਪ੍ਰੇਮੀ** (੧ ਸਤੰਬਰ ੧੯੩੯—ਜੀਵਤ)

ਆਪ ਅੰਮ੍ਰਿਤਸਰ ਨਿਵਾਸੀ ਸ੍ਰੀ ਸ਼ਰਮ ਸਿੰਘ ਦੇ ਸਪੁਤਰ ਹਨ। ਅਜ ਕਲ ਮਹਿਕਮਾ ਸਿਹਤ ਦੇ ਅਧੀਨ ਕਾਂਗੜੇ ਵਲ ਕੰਮ ਕਰ ਰਹੇ ਹਨ।

**ਭਗਵਾਨ ਸਿੰਘ** (ਜਨਮ ੧੮੯੨)

ਮੋਗਾ ਤਹਿਸੀਲ ਦੇ ਪਿੰਡ ਮਹਿਰਾਜ ਵਿਚ ਜਨਮ ਹੋਇਆ। ਪਹਿਲਾਂ ਵਾਹੀ ਕੀਤੀ ਤੇ ਫਿਰ ਫ਼ੌਜ ਵਿਚ ਭਰਤੀ ਹੋ ਗਏ।

ਮੋਹਣੀ ਮਹੀਂਵਾਲ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਦਾਊਦ ਬਾਦਸ਼ਾਹ ਤੇ 'ਜੰਞ ਭਗਵਾਨ ਸਿੰਘ' ਆਪ ਦੀਆਂ ਪੰਜ ਕਿਰਤਾਂ ਹਨ ਪਰ ਪਹਿਲੀਆਂ ਦੋ ਵਧੇਰੇ ਲੋਕ-ਪ੍ਰਿਅ ਹੋਈਆਂ ਹਨ। ਵਾਰਸ ਤੇ ਮੁਕਬਲ ਦੀ ਪੱਧਰ ਦੇ ਹੀਰਕਾਰਾਂ ਵਿਚ ਆਪ ਨੂੰ ਗਿਣਿਆ ਜਾਂਦਾ ਹੈ।

ਨਾਟਕੀਅਤਾ, ਰੁਮਾਂਚ ਤੇ ਅਤਕਥਨੀ ਆਪਦੀ ਸ਼ੈਲੀ ਦੇ ਤਿੰਨ ਪੱਖ ਹਨ। ਸਮਕਾਲੀ ਪਰਵਿਰਤੀਆਂ ਦੇ ਵਫਾਦਾਰ ਰਹਿੰਦਿਆਂ ਆਪ ਨੇ ਵੀ ਵਧੇਰੇ ਜ਼ੋਰ ਰੂਪ ਉਤੇ ਹੀ ਦਿਤਾ ਹੈ। ਆਪ ਨੇ ਰਾਂਝੇ ਤੋਂ ਅਧਿਆਤਮਕ ਬਾਣਾ ਉਤਾਰ ਕੇ ਉਸ ਨੂੰ ਸਾਧਾਰਨਤਾ ਸਹਿਤ ਪੇਸ਼ ਕੀਤਾ ਹੈ। ਕਿਤੇ ਕਿਤੇ ਤਾਂ ਉਸ ਦੇ ਲਿੰਗ ਸਬੰਧਾਂ ਦਾ ਵਿਸਤਾਰ ਵੀ ਦਿਤਾ ਹੈ। ਆਪਦੀ 'ਹੀਰ' ਦੋ ਪ੍ਰਕਾਰ ਦੇ ਕਬਿੱਤਾਂ ਵਿਚ ਹੈ: (੧) ਹਰ ਤੁਕ ਦੇ ਪਹਿਲੇ ਤਿੰਨ ਬਿਸਰਾਮ ਉਤੇ ਤੁਕਾਂਤ ਮਿਲਦੇ ਹਨ (੨) ਉਪਰੋਕਤ ਗੁਣ ਦਾ ਅਭਾਵ ਹੈ। ਵਰਣਾਂ ਦੀ ਗਿਣਤੀ ਦਾ ਖਿਆਲ ਨਹੀਂ ਰਖਿਆ। ਹੀਰ ਵਿਚ ਚਾਰ ਚਾਰ

ਤੁਕਾਂ ਦੇ ਸਵਾ ਦੋ ਸੌ ਕਬਿੱਤ ਤੇ ਦੋ ਦੋਹਿਰੇ ਹਨ। ਸੋਹਣੀ ਮਹੀਂਵਾਲ ਦਾ ਕਿੱਸਾ ੧੫੩ ਕਬਿੱਤਾਂ ਵਿਚ ਸੰਪੂਰਨ ਹੋ ਜਾਂਦਾ ਹੈ। 'ਮਿਰਜ਼ਾ ਸਾਹਿਬਾਂ ਸੱਦਾਂ ਵਿਚ ਹੈ। ਇਸਦੀਆਂ ੧੨੫ ਪਉੜੀਆਂ ਹਨ। ਪਉੜੀ ਆਮ ਕਰ ਕੇ ਸੱਤ ਕਲੀਆਂ ਦੀ ਹੈ, ਕਿਤੇ ਕਿਤੇ ਗਿਣਤੀ ਵਧ ਵੀ ਹੈ। ਕਲੀ ਦੋਹਿਰੇ ਵਾਂਗ ੨੪ ਮਾਤਰਾਂ ਦੀ ਹੈ। ਮਿਰਜ਼ਾ ਸਾਹਿਬਾਂ ਵਿਚ ਬੀਰ ਰਸ ਅਤੇ ਸ਼ਿੰਗਾਰ ਰਸ ਕਾਰਨ ਮਨੋਰੰਜਨ ਦੀ ਪਰਧਾਨਤਾ ਹੈ। ਕਈਆਂ ਤੁਕਾਂ ਵਿਚ ਅਖਾਣ ਬਣਨ ਦੀ ਸਮਰਥਾ ਹੈ। 'ਰਸਾਲੇ ਮੈਟਰੀ' ਅਤੇ 'ਬੰਬੀ' (ਇੰਜਨ) ਸ਼ਬਦ ਨਵੀਨ ਯੁਗ ਦਾ ਪ੍ਰਭਾਵ ਦਰਸਾਂਦੇ ਹਨ।

**ਭਗਵਾਨ ਸਿੰਘ ਕਵੀ**

ਆਪ ਨਵੀਨਕਾਲੀ ਕਿੱਸਾਕਾਰਾਂ ਵਿਚ ਵਿਸ਼ੇਸ਼ ਸਥਾਨ ਰਖਦੇ ਹਨ।

ਜਿਉਣਾ ਮੌੜ, ਹੀਰ, ਮਿਰਜ਼ਾ ਸਾਹਿਬਾਂ, ਜੰਵ, ਸੋਹਣੀ ਮਹੀਂਵਾਲ ਆਦਿਕ ਆਪਦੀਆਂ ਪ੍ਰਸਿਧ ਕਿਰਤਾਂ ਹਨ।

**ਭਗਵਾਨ ਸਿੰਘ ਪ੍ਰੀਤਮ** (੧੮੮੪—ਜੀਵਤ)

ਆਪਦਾ ਜਨਮ ਪਿੰਡ ਵਿੰਨਗੀ, ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਸ: ਸਰਮੁਖ ਸਿੰਘ ਦੇ ਘਰ ਹੋਇਆ। ਖਾਲਸਾ ਉਪਦੇਸ਼ਕ ਕਾਲਜ, ਗੁਜਰਾਂਵਾਲਾ ਤੋਂ ਧਾਰਮਕ ਵਿਦਿਆ ਪ੍ਰਾਪਤ ਕਰਨ ਪਿਛੋਂ ਆਪ ਖਾਲਸਾ ਦੀਵਾਨ ਗੋਜਰਾਂ ਵਿਚ ਉਪਦੇਸ਼ਕ ਦਾ ਕੰਮ ਕਰਦੇ ਰਹੇ। ਫਿਰ ਆਪ ਡਸਕਾ (ਸਿਆਲਕੋਟ) ਵਿਚ ਇਕ ਸਕੂਲ ਦੇ ਅਧਿਆਪਕ ਵੀ ਰਹੇ। ੧੯੦੮-੯ ਨੂੰ ਆਪ ਨੂੰ ਭਾਰਤ ਛਡਕੇ ਪਰਦੇਸਾਂ ਵਿਚ ਜਾਣਾ ਪਿਆ, ਕਿਉਂਕਿ ਅੰਗ੍ਰੇਜ਼ ਸਰਕਾਰ ਨੇ ਆਪਦੇ ਸਾਮਰਾਜ ਵਿਰੋਧੀ ਵਿਖਿਆਨਾਂ ਨੂੰ ਮੁਖ ਰਖਦਿਆਂ ਆਪ ਉਤੇ ਬੇਅੰਤ ਪਾਬੰਦੀਆਂ ਲਾ ਸਨ। ਖੁਫੀਆ ਪੁਲੀਸ ਤੋਂ ਬਚਦੇ ਬਚਾਂਦੇ ਆਪ ਮਲਾਇਆ ਸਮਾਟਰਾ ਤੇ ਹਾਂਗਕਾਂਗ ਦਾ ਰਟਨ ਕਰਨ ਪਿਛੋਂ ਅਮਰੀਕਾ ਆ ਗਏ। ਇਥੇ ਆਪ ਲਾਲਾ ਹਰਦਿਆਲ ਅਤੇ ਮੌਲਵੀ ਬਰਕਤੁਲਾ ਨੂੰ ਮਿਲੇ। ਫਿਰ ਆਪ ਨੇ ਹੋਰ ਭਾਰਤੀਆਂ ਦੇ ਸਹਿਯੋਗ ਨਾਲ 'ਗੱਦਰ ਪਾਰਟੀ ਦੀ ਨੀਂਹ ਰੱਖੀ।

ਅਮਰੀਕਾ ਵਿਚੋਂ ਹੀ ਆਪਨੇ 'ਹਿੰਦੁਸਤਾਨ ਗੱਦਰ' ਤੇ 'ਨਵਾਂ ਜੁਗ' ਦੋ ਰਸਾਲੇ ਜਾਰੀ ਕੀਤੇ, ਜੋ ਭਾਰਤ ਦੀ ਵੰਡ ਤੋਂ ਬਾਅਦ ਵੀ ਚਲਦੇ ਰਹੇ। ਆਪਨੇ 'ਹਿੰਦੁਸਤਾਨੀ ਗੱਦਰ ਪਾਰਟੀ ਦਾ ਇਤਿਹਾਸ' ਵੀ ਲਿਖਿਆ। ਠੇਠ ਪੰਜਾਬੀ, ਸਰਲਤਾ ਅਤੇ ਸਾਮਰਾਜ ਵਿਰੋਧੀ ਵਿਚਾਰ ਆਪਦੀ ਰਚਨਾ ਦੇ ਕੁਝ ਪੱਖ ਹਨ। (ਅਜ ਕਲ ਆਪ ਸੋਲਨ ਰਹਿੰਦੇ ਹਨ)

**ਭੱਚੂ, ਡੀ. ਐਸ.** (੧੯੦੨—ਜੀਵਤ)

ਜਨਮ ਪਿੰਡ ਗੁਮਟਾਲੀ ਜ਼ਿਲਾ ਜਲੰਧਰ ਵਿਚ ਸ੍ਰੀ ਨਥੂ ਰਾਮ ਦੇ ਘਰ ਹੋਇਆ। ਆਪਦੀ ਉਮਰ ਦੇ ਚਾਲ੍ਹੀਵੇਂ ਦਿਨ ਆਪਦੀ ਮਾਂ ਦਾ ਦੇਹਾਂਤ ਹੋ ਗਿਆ। ੧੯੧੫ ਵਿਚ ਸੰਤ ਝੁਟਾ ਸਿੰਘ ਤੋਂ ਆਪਨੇ ਪਿੰਗਲ ਪੜ੍ਹਿਆ। ੧੯੨੩ ਵਿਚ ਆਪ ਅਕਾਲੀ ਲਹਿਰ ਦੇ ਸਬੰਧ ਵਿਚ ਦੋ ਸਾਲ ਨਾਭਾ ਜਿਹਲ ਵਿਚ ਰਹੇ ੧੯੪੮ ਤੋਂ ਦੁਆਬਾ ਆਰੀਆ ਹਾਈ ਸਕੂਲ ਨੂਰ ਮਹਿਲ ਵਿਚ ਪੰਜਾਬੀ ਦੇ ਅਧਿਆਪਕ ਹਨ।

'ਬਿਰਧ ਬੋਧ' (੧੯੨੩), 'ਰਤ ਦੀ ਕਚਹਿਰੀ' (੧੯੨੫), 'ਪੈਸਾ' (੧੯੨੮), 'ਸ਼ੁਭ ਗਲਾਂ' (੧੯੩੦), 'ਗੁਰੂ ਬੰਸਾਵਲੀ ਕੈਲੰਡਰ (੧੯੩੩),

'ਪੰਜ ਪਰਵਾਣੀ ਅਖਰ' (੧੯੩੮), ਆਪਦੀਆਂ ਕੁਝ ਰਚਨਾਵਾਂ ਹਨ। ੧੯੬੦ ਵਿਚ 'ਪਿੱਪਲ ਪੀਘਾਂ' ਨਾਂ ਦੀ ਪੁਸਤਕ ਵਿਚ ਆਪਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਇਕੱਠੀਆਂ ਕੀਤੀਆਂ।

**ਭਗਤ ਸਿੰਘ ਚਮਕ** (੧੯੩੪—ਜੀਵਤ)

ਜਨਮ ਪਿੰਡ ਕਾਲਸ, ਜ਼ਿਲਾ ਲੁਧਿਆਣਾ ਵਿਚ ਸ: ਸੰਤੋਖ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਇਨਕਲਾਬੀ ਤੇ ਸਾਮਰਾਜ-ਵਿਰੋਧੀ ਕਵਿਤਾਵਾਂ ਲਿਖ ਰਹੇ ਹਨ। ਅਜ ਕਲ ਦ੍ਰਿੜ੍ਹਬਾ, ਜ਼ਿਲਾ ਸੰਗਰੂਰ ਦੇ ਹਾਈ ਸਕੂਲ ਵਿਚ ਅਧਿਆਪਕ ਹਨ।

'ਹਰਿਆਣਵੀ ਵਿਚ ਹੀਰ' (ਪੰਜਾਬੀ ਦੁਨੀਆ) ਆਪਦਾ ਖੋਜ ਭਰਿਆ ਲੇਖ ਹੈ। ਹੋਰ ਰਸਾਲਿਆਂ ਵਿਚ ਵੀ ਆਪਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।

**ਭਜਨ ਸਿੰਘ** (੧੪ ਫਰਵਰੀ ੧੯੩੪—ਜੀਵਤ)

ਜਨਮ ਪਿੰਨਣ ਵਾਲਾ ਜ਼ਿਲਾ ਜਿਹਲਮ ਵਿਚ ਸ: ਰਵੇਲ ਸਿੰਘ ਦੇ ਘਰ ਹੋਇਆ। ਅਜ ਕਲ ਆਪ ਪੰਜਾਬੀ ਦੇ ਪ੍ਰਮੁਖ ਦੈਨਿਕ ਪੱਤਰ 'ਜਥੇਦਾਰ' ਜਲੰਧਰ ਦੇ ਮੁਖ-ਸੰਪਾਦਕ ਹਨ।

ਪੱਤਰਕਾਰੀ ਆਪ ਨੇ ੧੯੫੧ ਵਿਚ ਰੋਜ਼ਾਨਾ 'ਪੰਥ ਸੇਵਕ' ਵਿਚ ਸ਼ੁਰੂ ਕੀਤੀ। ਫੇਰ ਰੋਜ਼ਾਨਾ ਅਕਾਲੀ ਵਿਚ ਸਹਾਇਕ ਸੰਪਾਦਕ ਰਹੇ।

ਪੱਤਰਕਾਰੀ ਦੇ ਨਾਲ ਪੜ੍ਹਾਉਣ ਦਾ ਵੀ ਸ਼ੌਕ ਹੈ। ਬਹੁਤ ਸਾਰੇ ਸਾਲਾਂ ਤੋਂ ਗਿਆਨੀ ਦੀਆਂ ਕਲਾਸਾਂ ਪੜ੍ਹਾ ਰਹੇ ਹਨ।

ਅਖਬਾਰ ਵਿਚ ਕੰਮ ਕਰਦਿਆਂ ਹੀ ਨਾਵਲ ਲਿਖਣ ਸ਼ੁਰੂ ਕੀਤੇ। ਪਹਿਲਾਂ ਇਤਿਹਾਸਕ ਨਾਵਲ ਲਿਖੇ ਤੇ ਫੇਰ ਸਮਾਜਕ। ਬੜੀ ਤੇਜ਼ੀ ਨਾਲ ਲਿਖ ਸਕਣ ਦੀ ਸਮਰਥਾ ਰਖਦੇ ਹਨ।

ਨਾਵਲ : ਧਾਰੜੇ ਦਾ ਸੱਥਰ, ਮਰਜੀਵੜਾ, ਗਗਨ ਦਮਾਮਾ ਬਾਜਿਉ, ਪਹਿਲਾ ਪਿਆਰ (ਅਨੁਵਾਦ) ਕੰਧ ਉਹਲੇ, ਸੂਹੀਆ, ਸ਼ਰਾਬ, ਬਲੀਦਾਨ। ਪੰਜਾਬ ਦੇ ਸ਼ਹੀਦਾਂ ਬਾਰੇ ਵੀ ਇਕ ਕਿਤਾਬ ਲਿਖੀ ਹੈ।

**ਭਜਨ ਸਿੰਘ ਨਿਰਮਲ** (੧ ਮਈ ੧੯੩੮—ਜੀਵਤ)

ਆਪ ਜਲੰਧਰ ਨਿਵਾਸੀ ਸ: ਜਵਾਹਰ ਸਿੰਘ ਦੇ ਸਪੁਤਰ ਹਨ। ਕਾਫੀ ਚਿਰ ਨੌਜਵਾਨ ਸਿੱਖ ਰਾਜ-ਨੀਤੀ ਵਿਚ ਸਰਗਰਮ ਰਹੇ ਹਨ।

ਕਵਿਤਾਵਾਂ ਅਤੇ ਕਹਾਣੀਆਂ ਲਿਖਦੇ ਹਨ।

**ਭਾਟੀਆ, ਅਮਰਦਾਸ** (੧੧ ਜੁਲਾਈ ੧੯੧੩—ਜੀਵਤ)

ਜਨਮ ਪਿੰਡ ਸਿੰਘਵਾਲਾ ਜ਼ਿਲਾ ਕੈਮਲਪੁਰ ਵਿਚ ਸ਼੍ਰੀ ਧੇਰਾ ਮਲ ਭਾਟੀਆ ਦੇ ਘਰ ਹੋਇਆ। ਤਲਾਗੰਗੋਂ ਦਸਵੀਂ ਕਰਨ ਪਿਛੋਂ ਆਪਨੇ ਮੀਆਂ ਵਾਲੀ ਆ ਕੇ ਚਕਿਤਿਸਕ ਦਾ ਕੰਮ ਸ਼ੁਰੂ ਕਰ ਦਿਤਾ। ਵੰਡ ਪਿਛੋਂ ਆਪ ਲੁਧਿਆਣੇ ਆ ਗਏ। ਇਥੇ ਆਪ ਫਾਰਮੇਸੀ ਅਤੇ ਫਾਰਮੇਸੀ-ਸਾਹਿਤ ਰਚਨਾ ਦਾ ਕੰਮ ਕਰ ਰਹੇ ਹਨ।

ਉਰਦੂ-ਹਿੰਦੀ ਅਤੇ ਅੰਗਰੇਜ਼ੀ ਵਿਚ ਆਪਦੀਆਂ ਬਹੁਤ ਸਾਰੀਆਂ ਕਿਤਾਬਾਂ ਛਪ ਚੁਕੀਆਂ ਹਨ।

'ਐਲੋਪੈਥਿਕ ਪ੍ਰਕਾਸ਼' 'ਹੋਮਿਓਪੈਥਿਕ ਪ੍ਰਕਾਸ਼' ਆਦਿਕ ਆਪਦੀਆਂ ਪ੍ਰਸਿਧ ਪੁਸਤਕਾਂ ਹਨ।

ਪੰਜਾਬੀ ਕਲਚਰ ਨਾਲ ਆਪਨੂੰ ਗੂੜ੍ਹਾ ਨਿਹੁੰ ਹੈ।

**ਭਾਟੀਆ, ਦਲਜੀਤ ਸਿੰਘ** (੩ ਦਸੰਬਰ ੧੯੨੭—ਜੀਵਤ)

ਆਪ ਸ: ਰਣਧੀਰ ਸਿੰਘ ਦੇ ਸਪੁਤਰ ਹਨ। ਅਜ

ਕਲ ਚੰਡੀਗੜ੍ਹ ਵਿਚ ਸਰਕਾਰੀ ਮੁਲਾਜ਼ਮਤ ਕਰਦੇ ਹਨ ।

ਪੰਜਾਬੀ ਵਿਚ ਆਪਦੀਆਂ ਹਾਸਰਸੀ ਕਵਿਤਾਵਾਂ ਦਾ ਨਿਵੇਕਲਾ ਸਥਾਨ ਹੈ । ਆਪਦੀ ਕਵਿਤਾ ਵਿਚ ਰਾਜਸੀ ਅਤੇ ਸਮਾਜਕ ਵਿਅੰਗ ਦੀ ਪ੍ਰਧਾਨਤਾ ਹੈ ।

**ਭਾਟੀਆ, ਪ੍ਰੀਤਮ ਸਿੰਘ** (—੧੯੨੯—੪੬)

ਆਪ ਵੰਡ-ਪੂਰਵ ਸਾਹਿਤਕਾਰਾਂ ਵਿਚ ਵਰਨਣ ਯੋਗ ਸਥਾਨ ਰਖਦੇ ਹਨ । ਆਪਦੀ ਵਧੇਰੇ ਰਚਨਾ ਲਾਹੌਰ ਤੋਂ ਹੀ ਪ੍ਰਕਾਸ਼ਿਤ ਹੋਈ ਹੈ । ਭਾਰਤ ਦੇ ਸੁਨਹਿਰੀ ਇਤਿਹਾਸ-ਕਾਲਾਂ ਪ੍ਰਤੀ ਆਪ ਬੜੇ ਸਤਿਕਾਰ ਵਾਚਕ ਹਨ ।

ਰਚਨਾਂ ਦਾ ਵਿਸਤਾਰ ਇਸ ਪ੍ਰਕਾਰ ਹੈ :—

ਨਾਵਲ : 'ਅਸ਼ੋਕ', 'ਤਕਸ਼ਿਲਾ ਵਿਚ', 'ਪਾ ਵਤਨਾਂ ਵਲ ਫੇਰਾ' ।

ਕਹਾਣੀਆ : ਕੁਝ ਸੱਚ, ਕੁਝ ਝੂਠ ।

ਜੀਵਨ ਜਾਚ : ਸੁਚੱਜੀ ਜ਼ਿੰਦਗੀ, ਰੋਜ਼ਾਨਾ ਜ਼ਿੰਦਗੀ ਦੀ ਸਾਇੰਸ, ਜੀਵਨ ਜਾਚ ।

ਜੀਵਨੀ : ਸਾਡੇ ਪ੍ਰਧਾਨ, ਜਵਾਹਰ ਲਾਲ ਨਹਿਰੂ ।

ਕਵਿਤਾ : ਨਲ ਦਮਅੰਤੀ, ਚਮਕਦੀ ਸੂਰਤ ।

ਫੁਟਕਲ : ਸੰਗੀਤ ਗੁਲਦਸਤਾ, ਇਨਸਾਨ, ਸਾਡੀ ਦੁਨੀਆਂ ਦੀ ਕਹਾਣੀ, ਦੇਸ਼ ਦੇਸ਼ਾਂ ਦੇ ਵਾਸੀ, ਬੰਦੇ ਦੀਆਂ ਕਰਾਮਾਤਾਂ, ਅਮੀਰ ਕੀਕਣ ਬਣਦਾ ਹੈ ?

**ਭਾਟੀਆ, ਮੁਹਿੰਦਰ ਸਿੰਘ** (੧੫ ਜਨਵਰੀ ੧੯੩੩—ਜੀਵਤ)

ਜਨਮ ਝਿੰਗੜ ਕਲਾਂ ਜ਼ਿਲਾ ਹੁਸ਼ਿਆਰਪੁਰ ਦੇ ਨਿਵਾਸੀ ਸ: ਨਰਾਇਣ ਸਿੰਘ ਦੇ ਘਰ ਹੋਇਆ । ਵਿਦਿਆ ਬੀ. ਏ. ਗਿਆਨੀ ਤਕ ਹੈ ।

ਪੰਜਾਬੀ ਵਿਚ ਬੜੀਆਂ ਸੂਖਮ ਕਵਿਤਾਵਾਂ ਲਿਖਦੇ ਹਨ ।

**ਭੱਟੀ, ਰਸ਼ੀਦ ਅਹਿਮਦ ਤਾਹਿਰ** (੧ ਜਨਵਰੀ ੧੯੩੮—ਜੀਵਤ)

ਜਨਮ ਦਬਵਾਲਦ ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ ਵਿਚ ਹੋਇਆ । ਅਜ ਕਲ ਆਪ ਪਾਕ ਪੱਤਨ ਜ਼ਿਲਾ ਮਿੰਟ ਗੁਮਰੀ ਵਲ ਹੁੰਦੇ ਹਨ । ਅਦੀਬ ਆਲਮ, ਫਾਜ਼ਲ ਫਾਰਸੀ ਤੇ ਪੰਜਾਬੀ ਆਪਦੀਆਂ ਯੋਗਤਾਵਾਂ ਵਿਦਿਆ ਵਿਚ ਸ਼ਾਮਲ ਹਨ ।

ਆਪ ਰੁਮਾਂਟਕ ਕਵਿਤਾਵਾਂ ਲਿਖਦੇ ਹਨ । ਪਾਕਿਸਤਾਨੀ ਕਵੀਆਂ ਵਿਚ ਨਿਵੇਕਲਾ ਸਥਾਨ ਹੈ ।

**ਭੰਡਾਰੀ, ਡੀ. ਆਰ.** (੨੪ ਮਈ, ੧੯੪੩—ਜੀਵਤ)

ਆਪ ਫਰੀਦਕੋਟ ਨਿਵਾਸੀ ਸ੍ਰੀ ਕਰਮ ਚੰਦ ਭੰਡਾਰੀ ਦੇ ਸਪੁਤਰ ਅਤੇ ਸ਼ਹਿਰ ਦੇ ਸਰਗਰਮ ਸਾਹਿਤ ਸਭੀਏ ਹਨ ।

ਪੰਜਾਬੀ ਅਤੇ ਉਰਦੂ ਵਿਚ ਨਿਕੀਆਂ ਕਹਾਣੀਆ ਅਜੇ ਕਵਿਤਾਵਾਂ ਲਿਖਦੇ ਹਨ ।

**ਭੂਪਿੰਦਰ ਸਿੰਘ**

ਆਪਦਾਂ ਜਨਮ ਸੂਬੇਦਾਰ ਤੀਰਥ ਸਿੰਘ ਦੇ ਘਰ ਗੁਜਰਖਾਨ ਜ਼ਿਲਾ ਰਾਵਲਪਿੰਡੀ ਵਿਚ ਹੋਇਆ ।

ਪੰਜਾਬੀ ਦੇ ਪੱਤਰਕਾਰ ਤੇ ਆਲੋਚਕ ਹਨ । ਅੰਗਰੇਜ਼ੀ ਤੇ ਪੰਜਾਬੀ ਦੋਵਾਂ ਵਿਚ ਲਿਖਦੇ ਹਨ । ਪ੍ਰਭਾਤ ਦੇ ਸੰਪਾਦਕ ਰਹਿ ਚੁਕੇ ਹਨ । ਅਜ ਕਲ੍ਹ ਭਾਰਤ

ਸਰਕਾਰ ਦੇ ਪੱਤਰ ਸੂਚਨਾ ਦਫਤਰ ਜਲੰਧਰ ਵਿਚ ਕੰਮ ਕਰਦੇ ਹਨ। ਅੰਗਰੇਜ਼ੀ ਤੇ ਪੰਜਾਬੀ ਦੇ ਪੱਤਰਾਂ ਵਿਚ ਲੇਖ ਛਪਦੇ ਹਨ।

**ਭੂਪਿੰਦਰ ਸਿੰਘ** (੧ ਜੁਲਾਈ ੧੪੩੭—ਜੀਵਤ)

ਜਨਮ ਪਿੰਡ ਮਹਿਤਪੁਰ ਜ਼ਿਲਾ ਹੁਸ਼ਿਆਰ ਦੇ ਨਿਵਾਸੀ ਸ: ਗੁਰਬਖਸ਼ ਸਿੰਘ ਦੇ ਘਰ ਹੋਇਆ। ਵਿਦਿਆ ਐਮ. ਏ. ਬੀ. ਟੀ. ਤਕ ਹੈ। ਕਾਫੀ ਚਿਰ ਪੱਤਰਕਾਰੀ ਦਾ ਕੰਮ ਵੀ ਕਰਦੇ ਰਹੇ ਹਨ। ਸਿਆਣੇ ਪੰਜਾਬੀਦਾਨ ਹਨ।

**ਭਲ**

ਵੇਖੋ

ਕਲਸਹਾਰ

**ਭੱਲਾ ਸੁਰਜੀਤ ਸਿੰਘ** (੧੦ ਜੂਨ ੧੯੩੯—ਜੀਵਤ)

ਜਨਮ ਹੁਸ਼ਿਆਰਪੁਰ ਦੇ ਨਿਵਾਸੀ ਪ੍ਰੋ: ਕਰਤਾਰ ਸਿੰਘ ਭਲਾ ਦੇ ਘਰ ਹੋਇਆ। ਵਿਦਿਆ ਬੀ. ਏ. ਬੀ. ਟੀ. ਤਕ ਹੈ।

ਕਹਾਣੀਆਂ ਅਤੇ ਨਾਟਕਾਂ ਦੇ ਸਰਗਰਮ ਲੇਖਕ ਹਨ।

**ਭੋਲਾ ਸੁਰਤ ਸਿੰਘ** (੧੩ ਜਨਵਰੀ ੧੯੪੧—ਜੀਵਤ)

ਆਪ ਸ੍ਰੀ ਪ੍ਰਭ ਸਿੰਘ ਦੇ ਸਪੁਤਤ ਅਤੇ ਲੁਧਿਆਣੇ ਦੇ ਵਿਦਿਆਰਥੀ ਹਨ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਭੱਲਾ, ਜ. ਜ. ਮ. ਸਿੰਘ** (ਅਪਰੈਲ ੧੯੨੯—ਜੀਵਤ)

ਆਪ ਬਾਵਾ ਪੂਰਨ ਸਿੰਘ ਭੱਲਾ ਦੇ ਸਪੁਤਰ ਅਤੇ ਹਾਈਕੋਰਟ ਪੰਜਾਬ ਵਿਚ ਰੀਡਰ ਹਨ। ਵਿਦਿਆ ਬੀ. ਏ. ਤਕ ਹੈ।

ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਲੇਖ, ਕਵਿਤਾਵਾਂ ਲਿਖਦੇ ਹਨ। ਵਿਸ਼ਾਲ ਅਧਿਅਨ ਰਖਦੇ ਹਨ।

**ਭੋਲਾ ਨਾਥ ਫਾਰਸ, ਕਰਨਲ** (੧੮੭੬—੧੯੩੬)

ਆਪ ਲਾਹੌਰ ਦੇ ਇਕ ਸਰਦੇ ਪੁਜਦੇ ਘਰਾਣੇ ਵਿਚ ਪੈਦਾ ਹੋਏ। ਈਸਾਈ ਹੋਣ ਕਾਰਨ ਆਪ ਨੂੰ ਅੰਗ੍ਰੇਜ਼ੀ ਅਧਿਕਾਰਿਆਂ ਦੀ ਚੰਗੀ ਸਰਪ੍ਰਸਤੀ ਪ੍ਰਾਪਤ ਸੀ। ਸਤ੍ਹਾਰਾਂ ਵਰ੍ਹਿਆਂ ਦੀ ਉਮਰ ਵਿਚ ਆਪ ਨੇ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਤੋਂ ਡਾਕਟਰੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਵਲਾਇਤੋਂ ਤਿੰਨ ਵਰ੍ਹਿਆਂ ਦੇ ਵਿਚ ਵਿਚ ਆਈ. ਐਮ. ਐਸ. ਪਾਸ ਕਰ ਆਏ। ਪਹਿਲੇ ਸੰਸਾਰ-ਯੁਧ ਵਿਚ ਆਪ ਅੰਗ੍ਰੇਜ਼ ਸਰਕਾਰ ਦੇ ਅਧੀਨ ਬਗਦਾਦ (ਇਰਾਕ) ਦੇ ਵਡੇ ਫੌਜੀ ਹਸਪਤਾਲ ਦੇ ਇਨਚਾਰਜ ਰਹੇ। ੧੯੨੦ ਵਿਚ ਕਰਨਲ ਬਣੇ ਅਤੇ ੧੯੨੪ ਵਿਚ ਰੀਟਾਇਰ ਹੋ ਗਏ।

ਅੰਗ੍ਰੇਜ਼ੀ, ਫਾਰਸੀ ਤੇ ਅਰਬੀ ਦਾ ਅਧਿਅਨ ਆਪਨੂੰ ਹੋਰ ਵੀ ਪੱਕਾ ਪੰਜਾਬੀ ਬਣਾਉਂਦਾ ਸੀ। ਆਪ ਸਾਂਝੀ ਪੰਜਾਬੀ ਕਲਚਰ ਦੇ ਹਮਾਇਤੀ ਸਨ। 'ਸਾਰੰਗ' ਤੇ 'ਪੰਜਾਬੀ ਦਰਬਾਰ' ਆਦਿਕ ਮਾਸਕ ਪਤਰਾਂ ਵਿਚ ਆਪਦੀਆਂ ਰਚਨਾਵਾਂ ਲਗਾਤਾਰ ਛਪਦੀਆਂ ਰਹੀਆਂ। 'ਸਾਰੰਗ' ਰਸਾਲੇ ਦੇ ਪਰਬੰਧ 'ਚ ਵੀ ਆਪਦਾ ਨਿਗਰ ਸਹਿਯੋਗ ਸੀ। ਉਰਦੂ ਵਾਰਤਕ ਵਿਚ ਆਪਦੀ ੭੦੦ ਸਫ਼ਿਆਂ ਵਾਲੀ ਇਕ ਪੁਸਤਕ ਉੱਚੀ ਵਿਦਵਤਾ ਦੀ ਸੂਚਕ ਹੈ। ਪੰਜਾਬੀ ਵਿਚ ਆਪਦਾ ਸਥਾਨ ਇਕ ਵਾਰਤਕਕਾਰ ਵਜੋਂ ਵਧੇਰੇ ਹੈ। ਆਪਦੀ ਪੁਸਤਕ 'ਤਾਰੀਖ-ਲਾਹੌਰ' ਪੰਜਾਬੀ ਦੀ ਉੱਚਤਮ ਵਾਰਤਕ ਦਾ ਨਮੂਨਾ ਹੈ। ਆਪ ਨੇ ਪਛਮੀ ਸਭਿਅਤਾ ਨੂੰ ਥਾਂ ਥਾਂ

ਉਤੇ ਭੰਡਿਆ ਹੈ ਅਤੇ ਮੌਲਿਕ ਪੰਜਾਬੀ ਰਸਮਾਂ ਰਿਵਾਜਾਂ ਦੇ ਤਿਆਗ ਉਤੇ ਅਫ਼ਸੋਸ ਪ੍ਰਗਟ ਕੀਤਾ ।

**ਫੂਲਰ, ਗੁਰਬਚਨ ਸਿੰਘ** (੧੮ ਮਾਰਚ ੧੯੩੭— ਜੀਵਤ)

ਜਨਮ ਪਿੱਥੋ, ਜ਼ਿਲਾ ਬਠਿੰਡਾ ਵਿਚ ਸ: ਹਜ਼ੂਰਾ ਸਿੰਘ ਦੇ ਘਰ ਮਾਤਾ ਧਨ ਕੌਰ ਦੀ ਕੁਖੋਂ ਹੋਇਆ । ਵਿਦਿਆ ਬੀ. ਏ; ਗਿਆਨੀ ਤਕ ਹੈ ।

ਕਵਿਤਾ, ਕਹਾਣੀ, ਨਿਬੰਧ ਆਦਿਕ ਰੂਪਾਂ ਵਿਚ ਲਿਖਦੇ ਹਨ । ਆਪਨੇ ਕਹਾਣੀਆਂ ਤੇ ਹੋਰ ਕਵੀਆਂ ਦੀਆਂ ਕਵਿਤਾਵਾਂ ਨੂੰ 'ਫੁਲ-ਪੱਥਰ' ਨਾਂ ਦੀ ਪੁਸਤਕ ਵਿਚ ਸੰਪਾਦਿਤ ਕੀਤਾ ਹੈ । ਪ੍ਰਸਿਧ ਮਾਸਕਾਂ ਵਿਚ ਆਪਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ ।

ਸ਼ੈਲੀ ਸਰਬ-ਸਾਧਾਰਨ ਤੇ ਸੁਹਜਮਈ ਹੈ ।

# ਮ

**ਮੁਅੱਜ਼ਲਦੀਨ ਹਾਫ਼ਜ਼** (ਸਤਾਰ੍ਹਵੀਂ ਸਦੀ)

ਆਪ ਮਸੀਤ ਸਭਰਾਵਾਂ, ਲਾਹੌਰ ਦੇ ਇਮਾਮ ਸਨ। ਸ਼ਾਹ ਜਹਾਨ ਦਾ ਵਜ਼ੀਰ ਸਯਦ ਮਲਾ ਥਾਂ ਲਾਹੌਰ ਆਉਂਦਾ ਰਹਿੰਦਾ ਸੀ । ਉਸਦੀ ਪਰੇਰਨਾ ਉਤੇ ਆਪਨੇ ਕਸੀਦਾ ਅਮਾਲੀ ਨੂੰ ਪੰਜਾਬੀ ਵਿਚ ਰੂਪਾਂਤਰਿੱਤ ਕੀਤਾ । ਆਪ ਪੰਜਾਬੀ ਬੋਲੀ ਨੂੰ 'ਹਿੰਦੀ' ਆਖਦੇ ਸਨ :

ਇਸ ਅਰਬੀ ਥੀ ਹਿੰਦੀ ਕੀਜੈ ।
ਸਭੇ ਖਲਕ ਸੋਖਲੇ ਲੀਜੈ ।

ਆਪ ਸਮੇਂ ਦੇ ਪ੍ਰਸਿੱਧ ਵਿਦਵਾਨ ਸਨ । ਅ:ਪਦੀ ਪੰਜਾਬੀ ਬੜੀ ਮਿੱਠੀ ਹੈ ।

**ਮਸਤਾਨ**

ਵੇਖੋ
ਦੀਨ ਮੁਹੰਮਦ, ਜਾਨ

**ਮਹਾਂ ਸਿੰਘ**

ਆਪ ਪਿੰਡ ਹੰਸਰੋ ਨਾਲ ਸਬੰਧ ਰਖਦੇ ਸਨ। ਨਾਮਧਾਰੀ ਸਿੱਖ ਹੋਣ ਦੇ ਨਾਤੇ ਇਸੇ ਮਾਰਗ ਬਾਰੇ ਸਾਹਿਤ ਰਚਦੇ ਸਨ ।

'ਦੋਧਾਰਾ ਖੰਡਾ' ਆਪਦੀ ਪ੍ਰਸਿੱਧ ਪੁਸਤਕ ਹੈ ।

**ਮਹਾਂ ਸਿੰਘ ਗਿਆਨੀ** (੧੯੦੮—ਜੀਵਤ)

ਜਨਮ ਜ਼ਿਲਾ ਜ਼ਿਲਾ ਫੀਰੋਜ਼ਪੁਰ ਦੇ ਇਕ ਪਿੰਡ ਵਿਚ ਸ: ਅਰਜਨ ਸਿੰਘ ਦੇ ਘਰ ਹੋਇਆ । ੧੯੨੫ ਵਿਚ ਦਸਵੀਂ ਕਰਨ ਪਿਛੋਂ ੧੯੨੬ ਵਿਚ ਭਾਈ ਵੀਰ ਸਿੰਘ ਦੀ ਅਖਬਾਰ 'ਖਾਲਸਾ ਸਮਾਚਾਰ' ਵਿਚ ਆ ਲਗੇ । ੧੯੪੫ ਤੋਂ ਆਪ ਅਖਬਾਰ ਦੇ ਸੰਪਾਦਕ ਹਨ ।

**ਮਹਿਤਾਬ ਸਿੰਘ** (-੧੯੨੮, ੫੦-)

ਆਪਦਾ ਸਥਾਨ ਪੰਜਾਬੀ ਦੇ ਵਿਦਿਅਕ ਸਾਹਿਤਕਾਰਾਂ ਵਿਚ ਹੈ । ਵਿਦਿਆ ਬੀ.ਏ. ਬੀ. ਟੀ. ਤਕ ਹੈ । ਆਪਦੀ ਵਧੇਰੇ ਰਚਨਾ ਸਕੂਲ-ਵਿਦਿਆਰਥੀਆਂ ਲਈ ਹੈ ।

'ਜੀਵਨ ਕਿਰਨਾਂ', (ਜੀਵਨੀ), 'ਨਾਵਾਂ ਤੇ ਥਾਵਾਂ ਦਾ ਕੋਸ਼' ਆਦਿਕ ਪੁਸਤਕਾਂ ਆਪਦੀ ਵਿਸ਼ੇਸ਼ ਰਚਨਾ ਵਿਚ ਸ਼ਾਮਲ ਹਨ ।

**ਮਹਿੰਦਰ ਸਿੰਘ** (੨੦ਵੀਂ ਸਦੀ)

ਆਪਦਾ ਕਹਾਣੀ-ਸੰਗ੍ਰਹਿ 'ਅਧੂਰੇ ਸੁਪਨੇ' ਪੰਜਾਬੀ ਬੁੱਕ ਸ਼ਾਪ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ।

**ਮਹਿੰਦਰ ਸਿੰਘ ਸਰਨਾ**

ਵੇਖੋ
ਸਰਨਾ, ਮਹਿੰਦਰ ਸਿੰਘ

**ਮਹਿੰਦਰ ਸਿੰਘ ਕੰਵਰ** (-੧੯੪੭-)

ਆਪਦਾ ਨਾਵਲ 'ਪਤਝੜਾਂ' ਪੰਜਾਬੀ ਬੁੱਕ ਅੰਮ੍ਰਿਤਸਰ ਨੇ ੧੯੪੭ ਵਿਚ ਪ੍ਰਕਾਸ਼ਿਤ ਕੀਤਾ ਹੈ।

**ਮਹਿੰਦਰ ਸਿੰਘ ਭਾਟੀਆ**

ਵੇਖੋ

ਭਾਟੀਆ, ਮਹਿੰਦਰ ਸਿੰਘ

**ਮੋਹਨ ਸਿੰਘ ਸਾਥੀ ਲੁਧਿਆਣਵੀਂ** (੧ ਫਰਵਰੀ ੧੯੪੧ —ਜੀਵਤ)

ਜਨਮ ਪਿੰਡ ਝਿਕਾ ਲਧਾਣਾ ਵਿਚ ਸ: ਪ੍ਰੇਮ ਸਿੰਘ ਤੇ ਮਾਤਾ ਰਾਜ ਕੌਰ ਦੀ ਕੁਖੋਂ ਹੋਇਆ। ਮਹਿਲ ਮਹਿਲਾ ਦੇ ਪਬਲਿਕ ਸਕੂਲੋਂ ਦਸਵੀਂ ਕਰਨ ਪਿਛੋਂ ਆਪਨੇ ਵਾਇਆ ਬਠਿੰਡਾ ਬੀ. ਏ. ਕੀਤੀ। ਅਜ ਕਲ੍ਹ ਲੁਦਿਆਣੇ ਵਿਚ ਹੌਜ਼ਰੀ ਦੇ ਕਾਰਖਾਨੇਦਾਰ ਹਨ। ਆਪ ਆਲ ਇੰਡੀਆ ਲਿਟਰੇਰੀ ਕੌਂਸਲ ਦੇ ਉਚੇਰੇ ਆਹੁਦੇਦਾਰ ਰਹਿ ਚੁਕੇ ਹਨ।

ਪ੍ਰਸਿਧ ਪਤਰਾਂ ਵਿਚ ਛਪੀਆਂ ਕਵਿਤਾਵਾਂ ਕਹਾਣੀਆਂ ਆਪਦੀ ਘਾਲਣਾ ਹਨ। ਆਪ ਸਾਹਿਤਕ ਪਰਸੰਗ ਵਿਚ ਬੜੇ ਸਰਗਰਮ ਹਨ।

**ਮੋਹਨ ਸਿੰਘ ਪ੍ਰੇਮ** (?—ਜੀਵਤ)

ਆਪ ਅਜ ਕਲ੍ਹ ਪਟਿਆਲਾ ਗਿਆਨੀ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਅਤੇ 'ਪਹੁ-ਫੁੱਟੀ' ਸਾਪਤਾਹਿਕ ਤੋਂ ਸੰਪਾਦਕ ਹਨ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਨਾਵਲ : ਪਿਆਰ ਨਿਸ਼ਾਨੀ (੧੯੪੬), ਨਵ-ਜੀਵਨ (੧੯੪੭), ਦਿਲ ਟੋਟੇ ਟੋਟੇ (੧੯੪੯)।

ਵਿਦਿਅਕ : ਛੰਦ ਅਲੰਕਾਰ (੧੯੪੯), ਪੰਜਾਬੀ ਅਖਾਣ (੧੯੫੦)।

ਆਪਦਾ ਸਥਾਨ ਪੰਜਾਬੀ ਦੇ ਰੁਮਾਂਚਵਾਦੀ ਗਲਪਕਾਰਾਂ ਵਿਚ ਹੈ।

**ਮੋਹਨ ਸਿੰਘ ਮਾਹਿਰ** (੩੦ ਸਤੰਬਰ ੧੯੦੫—ਜੀਵਤ)

ਜਨਮ ਧਮਿਆਲ, ਜ਼ਿਲਾ ਰਾਵਲਪਿੰਡੀ ਵਿਚ ਡਾ: ਜੋਧ ਸਿੰਘ ਦੇ ਘਰ ਹੋਇਆ। ੧੯੩੨ ਵਿਚ ਐਮ. ਏ. ਐਮ. ਓ. ਐਲ. ਕਰਨ ਪਿਛੋਂ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਫ਼ਾਰਸੀ ਦੇ ਅਧਿਆਪਕ ਲਗ ਗਏ। ੧੯੩੯ ਵਿਚ ਆਪਨੇ ਲਾਹੌਰ ਤੋਂ 'ਪੰਜ ਦਰਿਆ' ਮਾਸਕ ਕਢਿਆ ਜੋ ਕਿ ਹੁਣ ਤਕ ਚਲ ਰਿਹਾ ਹੈ। ੧੯੪੦—੪੩ ਵਿਚ ਆਪ ਸਿਖ ਨੈਸ਼ਨਲ ਕਾਲਜ ਲਾਹੌਰ ਵਿਚ ਅਧਿਆਪਕ ਰਹੇ। ਵੰਡ ਪਿਛੋਂ ਅੰਮ੍ਰਿਤਸਰ ਤੇ ਫਿਰ ਜਾਲੰਧਰ ਆ ਗਏ। 'ਹਿੰਦ ਪਬਲਿਸ਼ਰਜ਼ ਨਾਂ ਦੀ ਪ੍ਰਕਾਸ਼ਨ ਸੰਸਥਾ ਵਿਚ ਵੀ ਆਪਦੀ ਪਰਧਾਨਤਾ ਹੈ ਅਤੇ ਆਪਦਾ ਪੱਤਰ 'ਪੰਜ ਦਰਿਆ' ਬੜੀ ਸਫਲਤਾ ਨਾਲ ਚਲਾ ਰਿਹਾ ਹੈ।

ਪਤਨੀ 'ਬਸੰਤ' ਦੀ ਮੌਤ ਨੇ ਆਪਦੇ ਜਵਾਨ ਦਿਲ ਨੂੰ ਕਵਿਤਾ ਵਲ ਲਾਇਆ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਾਵਿ-ਸੰਗ੍ਰਹਿ : 'ਸਾਵੇ ਪਤਰ', 'ਕਚ ਸਚ', 'ਤਿੰਨ ਪੜਾ' 'ਕਸੁੰਭੜਾ' 'ਅਧਵਾਟੇ', 'ਏਸ਼ੀਆ ਦਾ ਚਾਨਣ' (ਅਨੁਵਾਦ), 'ਆਵਾਜ਼ਾਂ', 'ਵਡਾ ਵੇਲਾ', 'ਜੰਦਰੇ' ਆਦਿਕ।

ਕਹਾਣੀ-ਸੰਗ੍ਰਹਿ : ਨਿੱਕੀ ਨਿੱਕੀ ਵਾਸ਼ਨਾ।

ਆਪਨੇ ਮੁਨਸ਼ੀ ਪ੍ਰੇਮ ਚੰਦ ਦੇ ਦੋ ਨਾਵਲਾਂ 'ਗੋਦਾਨ' ਤੇ 'ਨਿਰਮਲਾ' ਦਾ ਪੰਜਾਬੀ ਵਿਚ ਉਲਥਾ ਵੀ ਕੀਤਾ ਹੈ।

੧੯੬੦ ਵਿਚ ਆਪਨੂੰ ਸਾਹਿਤ ਅਕਾਦਮੀ ਦਿੱਲੀ ਵਲੋਂ ਪੰਜ ਹਜ਼ਾਰੀ ਇਨਾਮ ਕਾਵਿ-ਸੰਗ੍ਰਹਿ 'ਵਡਾ ਵੇਲਾ' ਦੀ ਪ੍ਰਕਾਸ਼ਨਾ ਦੇ ਸਬੰਧ ਵਿਚ ਮਿਲਿਆ ।

ਸ਼ੁਰੂ ਸ਼ੁਰੂ ਵਿਚ ਆਪ ਰਵਾਇਤੀ ਸ਼ਿੰਗਾਰ ਰਸੀ ਕਵੀ ਸਨ । ਪਰ ਪਿਛੋਂ ਭਾਰਤੀ ਕਲਚਰ ਅਤੇ ਸਮਾਜ-ਵਾਦੀ ਯਥਾਰਥਵਾਦ ਨੇ ਆਪਨੂੰ ਕਾਫ਼ੀ ਪ੍ਰਭਾਵਿਤ ਕੀਤਾ । ਕਾਮ ਪ੍ਰਤੀ ਆਪਦਾ ਵਤੀਰਾ ਯਥਾਰਥਵਾਦੀ ਹੈ ।

ਕੌਮਾਂਤਰੀ ਅਮਨ ਲਹਿਰ ਅਤੇ ਮਜ਼ਦੂਰ-ਕਿਸਾਨ ਲਹਿਰ ਨਾਲ ਵੀ ਆਪਨੂੰ ਨਿੱਘੀ ਹਮਦਰਦੀ ਹੈ ।

ਆਪ ਨੇ ਬਹੁਤ ਸਾਰੇ ਕਾਵ-ਰੂਪ ਵਰਤੇ ਹਨ । ਆਪਦੀ ਸ਼ੈਲੀ ਵਿਚ ਨਵੇਂ ਬਿੰਬਾਂ ਤੇ ਸ਼ਬਦ-ਚਿਤਰਾਂ ਦੀ ਭਰਮਾਰ ਹੈ ।

ਆਪਨੂੰ ਉਚਤਮ ਕਵੀਆਂ ਵਿਚ ਗਿਣਿਆ ਜਾਂਦਾ ਹੈ ।

**ਮੋਹਨ ਸਿੰਘ ਮਤਵਾਲਾ** (੨੭ ਅਗਸਤ ੧੯੧੫—੧੯੬੩)

ਆਪ ਸਦਾਚਾਰਕ ਅਤੇ ਸਾਹਿਤਕ ਪਤਰਕਾਰੀ ਦੇ ਖੇਤਰ ਵਿਚ ਸਰਗਰਮ ਰਹੇ ਸਨ । ਕਾਫ਼ੀ ਚਿਰ 'ਕੌਮੀ ਸੰਦੇਸ਼' ਅਤੇ ਹੋਰ ਅਖਬਾਰਾਂ ਦੇ ਸੰਪਾਦਕ ਰਹੇ । ਦਿੱਲੀ ਵਿਚ ਮਾਸਕ 'ਪ੍ਰੀਤਮ' ਅਤੇ ਸਪਤਾਹਕ 'ਛਤਹ' ਦੇ ਸੰਪਾਦਕ ਰਹੇ ।

'ਦੀਪਕ ਸਹਿਜ ਬੱਲੇ', 'ਰਾਗ ਰਤਨ', (ਕਹਾਣੀ-ਸੰਗ੍ਰਹਿ). 'ਸਬਜ਼ੀਆਂ ਤੇ ਫਲ', 'ਮਹਿਕਦੇ ਫੁਲ' (ਲੇਖ ਸੰਗ੍ਰਹਿ) ਅਤੇ 'ਤੇਰੀਆਂ ਯਾਦਾਂ ਮੇਰੇ ਗੀਤ' (ਕਾਵਿ-ਸੰਗ੍ਰਹਿ) ਆਪਦੀਆਂ ਪੰਜ ਪੁਸਤਕਾਂ ਹਨ ।

ਇਸਦੇ ਇਲਾਵਾ ਬਹੁਤ ਸਾਰੇ ਸੰਪਾਦਕੀ ਅਤੇ ਸਾਹਿਤਕ ਲੇਖ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ ।

ਆਪਦੀ ਵਿਚਾਰਧਾਰਾ ਅਗਰਗਾਮੀ ਹੈ ।

**ਮੋਹਨ ਸਿੰਘ ਵੈਦ** (ਫਰਵਰੀ ੧੮੮੧—੧੯੩੬)

ਜਨਮ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਭਾਈ ਜੈਮਲ ਸਿੰਘ ਦੇ ਘਰ ਹੋਇਆ । ਨਿਕੀ ਉਮਰ ਵਿਚ ਹੀ ਗੁਰੂ ਘਰ ਨਾਲ ਨਿਹੁੰ ਹੋ ਗਿਆ ਤੇ ਇਸਦੀ ਵਿਚਾਰਧਾਰਾ ਆਪਦੇ ਜੀਵਨ ਦਾ ਆਧਾਰ ਬਣ ਗਈ । ਇਹ ਗਿਆਨ ਜਲਦੀ ਹੀ ਵਿਚਾਰਸ਼ੀਲ ਵਿਖਿਆਨਾਂ ਅਤੇ ਰਚਨਾਵਾਂ ਦੇ ਰੂਪ ਵਿਚ ਪ੍ਰਗਟ ਹੋਇਆ । ਗੁਆਂਢੀ ਪਿੰਡ ਪਿਦੀ ਦੇ ਨਿਵਾਸੀ ਪੰਡਤ ਜੈ ਦਿਆਲ ਤੋਂ ਚਾਰ ਸਾਲ ਦੀ ਆਯੁਰਵੈਦਿਕ ਸਿਖਲਾਈ ਪ੍ਰਾਪਤ ਕਰਨ ਪਿਛੋਂ ਆਪਨੇ ਇਹੋ ਕਿੱਤਾ ਅਪਨਾ ਲਿਆ ਤੇ ਜਲਦੀ ਹੀ ਦੂਰ ਨੇੜੇ ਪਰਵਾਨ ਹੋ ਗਏ । ਪੰਜਾਬ ਸਰਕਾਰ (ਅੰਗਰੇਜ਼ੀ) ਨੇ ਆਪ ਨੂੰ ਕਈ ਇਨਾਮ ਵੀ ਦਿਤੇ । ਆਪ ਬਹੁਤ ਸਾਰੀਆਂ ਵਿਦਿਅਕ, ਸਭਿਆਚਾਰਕ ਤੇ ਪਰੋਪਕਾਰੀ ਸਭਾਵਾਂ ਦੇ ਬਾਨੀ ਤੇ ਮੈਂਬਰ ਬਣੇ । ਅਕਾਲੀ ਲਹਿਰ ਦੇ ਸਬੰਧ ਵਿਚ ਆਪ ਕੈਦ ਵੀ ਹੋਏ ਤੇ ੧੮ ਨਵੰਬਰ ੧੯੨੫ ਨੂੰ ਰਿਹਾ ਹੋਣ ਤੇ ਆਪ ਚੀਫ ਖਾਲਸਾ ਦੀਵਾਨ ਛਡ ਕੇ ਗਰਮ ਧੜੇ ਵਿਚ ਆ ਰਲੇ । ਪੰਜਾਬੀ ਸਾਹਿਤ ਤੇ ਪਤਰਕਾਰੀ ਦੀ ਉਸਾਰੀ ਵਿਚ ਆਪਨੇ ਬੜਾ ਮਹੱਤਵ ਪੂਰਨ ਹਿੱਸਾ ਪਾਇਆ ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :—

ਨਾਵਲ : 'ਸੈਸ਼ਟ ਕਲਾਂ ਦੀ ਚਾਲ' (੧੯੧੨), 'ਸੰਦੂਕ ਦਾ ਮੁਰਦਾ', 'ਸੁਸ਼ੀਲਾ ਨੂੰਹ', 'ਰਾਮੇਂਦਰ ਕੌਰ', 'ਸੁਭਾਗ ਕੌਰ', 'ਸ਼ੇਰ ਬਹਾਦਰ ਸ਼ੇਰ ਸਿੰਘ',

'ਕਮਾਈ ਦੀ ਬਰਕਤ', 'ਇਕ ਸਿਖ ਘਰਾਣਾ' (੧੯੧੩), 'ਮਾਲ ਗੁਦਾਮ ਵਿਚ ਚੋਰੀ' (੧੯੧੯), 'ਕੁਲਵੰਤ ਕੌਰ', ਸੁਘੜ ਨੂੰਹ ਤੇ ਲੜਾਕੀ ਸੱਸ' (੧੯੨੦), 'ਦੰਪਤੀ ਪਿਆਰ', 'ਕਪਟੀ ਮਿਤ੍ਰ' (੧੯੨੬), 'ਸੁਸ਼ੀਲਾ ਵਿਧਵਾ' (੧੯੩੧), 'ਇਸਤ੍ਰੀਆਂ ਦੀ ਆਜ਼ਾਦੀ'।

ਕਹਾਣੀਆਂ : ਨਰਕ ਸਰਗ, ਸਾਡੇ ਘਰ ਦੀ ਦਸ਼ਾ, ਬਾਲ ਵਿਆਹ ਦੇ ਦੁਖੜੇ, ਕਲਹਿਣੀ ਦਿਉਰਾਣੀ, ਮਹਾਂਦਾਨੀ ਰਾਜਾ ਭੋਜ (੧੯੧੦), ਕਰਮਾਂ ਦਾ ਬੀਰ, ਬਿਉਪਾਰ ਦੀ ਬਰਕਤ, ਗਹਿਣਾ ਮੰਗਣ ਦੇ ਔਗੁਣ (੧੯੧੨), ਕੁੰਭ ਦਾ ਮੇਲਾ ਤੇ ਛੋਟੀ ਨੂੰਹ (੧੯੧੪), ਤਾਂਤੀਆਂ ਭੀਲ, ਸਿਆਣੀ ਮਾਤਾ (੧੯੧੮), ਦੋ ਸਹੇਲੀਆਂ, ਵਿਦਿਆ ਦਾ ਚਮਤਕਾਰ, ਸਿਖ ਕੀ ਤੇ ਸ਼ਰਾਬ ਤੋਂ ਨਾਂਹ ਕੀ, ਸੁਘੜ ਕੌਰ, ਨੇਕੀ ਦਾ ਫਲ ਨੇਕ (੧੯੧੯), ਪਖੰਡ ਪ੍ਰਹਾਰ, ਵਕੀਲ ਦੀ ਕਿਸਮਤ (੧੯੨੦), ਚੋਰ ਕਿਸ ਤਰ੍ਹਾਂ ਫੜਿਆ, ਘਰੋਗੀ ਕਲੇਸ਼ ਦੇ ਸਿਟੇ, ਸੰਸਾਰ ਤੇ ਸੰਨਿਆਸ, ਮਨ ਚੰਗਾ ਤੇ ਕਠੌਤੀ ਗੰਗਾ ੧੯੨੦), ਹੀਰੇ ਦੀਆਂ ਕਣੀਆਂ (੧੯੨੭), ਰੰਗ ਬਰੰਗੇ ਫੁਲ, ਕਿਸਮਤ ਦਾ ਚੱਕਰ, ਚਤੁਰ ਬਾਲਕ (੧੯੩੪), ਭੂਲ ਭੁਲੱਯਾਂ (ਨਾਟਕ) (੧੯੧੨)।

ਜੀਵਨ ਸੁਧਾਰ : ਜੀਵਨ ਸੁਧਾਰ (੧੯੧੦), ਉਤਮ ਸਿਖਿਆ, ਮਨੁਖ ਕਰਤੱਵ (੧੯੧੨), ਆਤਮ ਸੁਧਾਰ, ਸੁਖੀ ਜੀਵਨ ਦੇ ਗੁਰ, ਸੁਖ ਮਾਰਗ ਪ੍ਰਕਾਸ਼, ਉਪਦੇਸ਼ ਦਰਪਨ, ਬੇਕਨ ਵਿਚਾਰ ਰਤਨਾਵਲੀ (੧੯੧੩), ਸੰਛੇਪ ਸੰਪਤੀ ਸ਼ਾਸਤ੍ਰ (੧੯੧੪), ਕਰਮ ਯੋਗ (੧੯੧੫), ਆਤਮਕ ਉਨਤੀ, ਰੱਬੀ ਜੋੜ ਮੇਲਾ (੧੯੧੬), ਪਰਉਪਕਾਰ ਧਰਮ ਦਾ ਮੂਲ ਹੈ, ਸ਼ਰਣਾਗਤ ਹੋਣ ਦੇ ਲੱਛਣ (੧੯੧੯), ਮੌਤ ਦਾ ਡਰ, ਮਨ ਦਾ ਸੰਸਾਰ, ਵਾਹਿਗੁਰੂ ਦੀ ਪਛਾਣ, ਮਨੁਖ ਦੇ ਫਰਜ਼, ਆਤਮ ਤਿਆਗ, ਪ੍ਰਲੋਕ ਦੀਆਂ ਚਿਠੀਆਂ (੧੯੨੦), ਵਡੇ ਹੋਣ ਦੇ ਸਾਧਨ, ਧੀਰਜ ਤੇ ਸੱਚੀ ਬੀਰਤਾ, ਸਦਾਚਾਰ, ਆਤਮਾ ਅਮਰ ਹੈ, ਯੋਗ ਅਭਿਆਸ, ਏਕ ਪਿਤਾ ਏਕਸ ਕੇ ਹਮ ਬਾਰਕ (੧੯੨੦), ਪਛਤਾਵਾ, ਸਫਲਤਾ (੧੯੨੧), ਇਲਮ ਖਿਆਲ (੧੯੨੩), ਸੁਖੀ ਅਮੀਰ ਹਨ ਜਾਂ ਗ਼ਰੀਬ (੧੯੨੭), ਬਾਲਤ ਚਰਿਤ੍ਰ (੧੯੨੯)।

ਚਕਿਤਸਾ : ਮਹਾ ਮਾਰੀ ਦਮਨ (੧੯੦੩), ਲੰਮੀ ਉਮਰਾ ਤੇ ਅਰੋਗਤਾ (੧੯੧੦), ਮਿੱਟੀ ਨਾਲ ਇਲਾਜ (੧੯੧੨), ਇਲਾਜ ਬੇ ਦਵਾ, ਸੱਪ ਦੀ ਜ਼ਹਿਰ ਦੇ ਇਲਾਜ. ਅਰੋਗਤਾ ਪ੍ਰਕਾਸ਼, ਗਉ ਪਦਾਰਥ ਗੁਣ ਸੰਗ੍ਰਹਿ (੧੯੧੩), ਗੌਰਵਤਾ ਆਯੁਰਵੇਦ (੧੯੧੪), ਸਿਖ ਔਖਧੀ ਭੰਡਾਰ ਫਾਸ ੧, ਜਵਾਨਾਂ ਦਾ ਰਾਖਾ, ਜੀਵਨ ਰਖਿਆ, ਤੁਲਸੀ ਪੂਜਨ (੧੯੧੬), ਅਰੋਗਤਾ ਰਖਿਅਕ (੧੯੧੭), ਪਲੇਗ ਦੇ ਦਿਨਾਂ ਦੀ ਰਖਿਆ (੧੯੧੮), ਬਰਸਾਤੀ ਤਾਪ, ਨਵੀਨ ਜ੍ਵਰ ਚਕਿਤਸਾ, ਮਯੂਰਕਾ ਰੋਗ ਚਕਿਤਸਾ (੧੯੧੯)।

ਹੈਜ਼ਾ, ਅੱਖਾਂ ਦੀ ਜੋਤ (੧੯੧੯), ਕੌਮੀ ਤੇ ਸਰੀਰਕ ਅਰੋਗਤਾ, ਰਕਤ ਵਿਗਿਆਨ ਤੇ ਫੇਫੜੇ, ਅੰਨ ਚਕਿਤਸਾ (੧੯੨੦), ਰੋਗੀ ਮਨੁਖਾਂ ਦੀ ਸੇਵਾ, ਆਯੁਰਵੈਦਿਕ ਸ਼ਾਸਤਰ, ਬ੍ਰਮਚਰੀਆ ਦਾ ਨਾਸ, ਸਰੀਰ ਦੀ ਅਦਭੁਤ ਰਚਨਾ, ਸਮ ਚਕਿਤਸਾ, ਦੁਧ ਤੋਂ ਰੋਗ, ਸਿਖ ਔਖਧੀ ਭੰਡਾਰ ਭਾਗ ੨, ੩, ੪, ੫, (੧੯੨੬), ਗੁਣਾਂ ਦਾ ਗ਼ੁਥਲਾ, ਸਿਧ ਚਕਿਤਸਾ (੧੯੨੭), ਨਾੜੀ ਦਰਪਨ (੧੯੨੯), ਅਨਮੋਲ ਬੂਟੀ, ਸੌ ਵਰ੍ਹਾ ਜੀਵਨ ਦੇ ਢੰਗ, ਕੁਟੰਬ ਚਕਿਤਸਾ, ਚਕਿਤਸਾ ਰਤਨ, ਵੈਦਕ ਸਿਖਿਆ, ਵੈਦ-ਹਕੀਮ-ਡਾਕਟਰ

(੧੯੩੧)।

ਵੈਦਕ ਤੇ ਹਿਕਮਤ : ਯੂਨਾਨੀ ਚਕਿਤਸਾ ਭੰਡਾਰ (੧੮), ਭਾਵ ਪ੍ਰਕਾਸ਼ ਭਾਗ ੧ (੧੯੨੧), ਚਰਕ ਸੰਹਿਤਾ (੧੯੨੪), ਬਾਗ ਭਟ (੧੯੨੮)।

ਇਸਤ੍ਰੀ ਸਿਖਿਆ : ਪਤੀ ਪ੍ਰੇਮਣ ਬਨ ਬਾਸਨ (੧੯੨੦), ਗ੍ਰਿਹ ਸਿਖਿਆ, ਬਾਲ ਸੁਧਾਰ, ਇਸਤ੍ਰੀ ਧਰਸ ਸਿੰਮ੍ਰਤੀ ਸਾਰ (੧੯੧੨), ਅਧਾਨ ਦੇ ਦਿਨ ਤੇ ਸੰਤਾਨ ਸਿਖਿਆ, ਜਵਾਨ ਪ੍ਰਸੂਤਾ ਮਾਤਾ ਪ੍ਰਬੋਧ (੧੯੧੩), ਗ੍ਰਿਹ ਪ੍ਰਬੋਧ ਤੇ ਅਰੋਗਤਾ (੧੯੧੪), ਇਸਤ੍ਰੀ ਰੋਗ ਚਕਿਤਸਾ, ਬਾਲ ਰੋਗ ਚਕਿਤਸਾ, ਮਨ ਮੰਨੀ ਸੰਤਾਨ, ਸਹੁਰੇ ਤੁਰਦੀ ਧੀ ਨੂੰ ਮੱਤਾਂ (੧੯੧੫), ਵਿਧਵਾ ਵਿਲਾਪ (੧੯੧੮), ਅਬਲਾ ਵਿਲਾਪ, ਬੰਧਕਤ੍ਵ ਦੂਰ ਕਰਨ ਦਾ ਉਪਾਅ, ਸਾਡੇ ਘਰ ਤੇ ਇਸਤ੍ਰੀਆਂ ਦੀ ਅਰੋਗਤਾ (੧੯੨੦), ਸੰਤਾਨ ਸਿਖਿਆ ਮਾਤਾ ਦੇ ਗਰਭ ਦਾ ਅਸਰ, ਬਾਲਕ ਪਾਲਣਾ, ਵਿਆਹ ਦਾ ਆਦਰਸ਼, ਅਮਰੀਕਾ ਦੀਆਂ ਇਸਤ੍ਰੀਆਂ, ਗ੍ਰਿਹਸਥ ਨਿਰਬਾਹ।

ਵਾਕਫੀ : ਵਪਾਰ ਸਿਖਿਆ (੧੯੧੨), ਆਤਮ ਵਿਦਿਆ ਦੇ ਗੁਰ, ਮੁਲਾਕਾਤ ਦਰਪਨ, ਅਨੇਕ ਗਿਆਨ ਦਰਪਨ, ਭੂਚਾਲ ਤੇ ਜੰਗਲਾਂ ਤੋਂ ਲਾਭ (੧੯੧੩), ਰੰਗ ਦੀ ਕਰਾਮਾਤ, ਵਿਦਿਆ ਤੇ ਧਨ (੧੯੧੯), ਅੰਗਰੇਜ਼ਾਂ ਦਾ ਰਹਿਣ ਸਹਿਣ, ਬਰਫ ਦਾ ਇਤਿਹਾਸ (੧੯੨੦), ਧਨ ਅਤੇ ਉਸ ਦੀ ਵਰਤੋਂ, ਇਕ ਸਰੀਰ ਵਿਚ ਅਨੇਕ ਆਤਮਾ ਸੋਰ ਜਗਤ (੧੯੨੦), ਲਿਖਣ ਦੇ ਸਾਧਨ, ਨਰ ਭੱਖੀ ਮਨੁਖ, ਮਾਨਵ ਰਹੱਸਯ, ਅਮਰੀਕਾ ਤੇ ਜਾਪਾਨ ਦੇ ਵਿਦਿਆਰਥੀ, ਅਮਰੀਕਾ ਵਿਚ ਖੇਤੀ, ਸਾਬਣ ਭੰਡਾਰ (੧੯੨੩), ਕੇਸ਼ ਕਲਫ ਭੰਡਾਰ, ਕਾਮਜਾਬੀ ਦੇ ਭੇਦ (੧੯੨੩), ਕੀੜੇ ਮਕੌੜੇ (੧੯੩੩)।

ਧਾਰਮਕ : ਗੁਰਮਤ ਗੌਰਮਤਾ (੧੯੦੮), ਸੱਚਾ ਪ੍ਰਕਾਸ਼ (੧੯੧੪), ਸਰਬ ਗੁਣ ਸੰਪੰਨਤਾ (੧੯੧੬), ਦੋ ਵਿਆਖਿਆਨ (੧੯੧੯), ਅਦੁਤੀ ਸਾਕਾ (੧੯੨੧), ਭਿਆਨਕ ਸਾਕਾ, ਗੁਰਮਤ ਅਖੌਤਾਂ (੧੯੩੦)।

ਖੰਡਨ ਮੰਡਨ : ਨਿੰਦਤ ਭ੍ਰਿਸ਼ਟਾਚਾਰ (੧੯੯੮), ਸ਼ਰਾਧ ਪ੍ਰਬੋਧ (੧੯੦੩), ਗੁਰਮਤ ਅਨੁਸਾਰ ਮ੍ਰਿਤਕ ਸੰਸਾਰ, ਬ੍ਰਿਧ ਵਿਵਾਹ ਦੂਰਦਸ਼ਾ (੧੯੦੪), ਆਰੀਆਂ ਦੇ ਹਮਲਿਆਂ ਦੇ ਉਤਰ ਗੁਰਸ਼ਤ ਵਿਰੋਧ ਵਿਨਾਸ਼ (੧੯੦੮) ਦਯਾ ਨੰਦ ਮਤ ਦਰਤਨ (੧੯੧੪), ਆਰੀਆਂ ਦੇ ਢੋਲ ਦਾ ਪੋਲ (੧੯੧੫), ਤੰਬਾਕੂ ਸੇਵਨ ਦੇ ਔਗੁਣ (੧੯੧੮)।

ਆਪਦੀ ਵਿਚਾਰਧਾਰਾ ਉਤੇ ਗੁਰੂ ਘਰ ਦੇ ਮਨੁਖ-ਵਾਦ ਦਾ ਡੂੰਘਾ ਪ੍ਰਭਾਵ ਹੈ। ਇਕ ਕਰਤਾਰੀ ਲੇਖਕ ਵਜੋਂ ਵੀ ਆਪ ਮੁਢਲੇ ਆਧੁਨਿਕ ਲਿਖਾਰੀ ਹਨ ਅਤੇ ਇਸ ਨਾਤੇ ਕਾਫੀ ਉਚੇ ਗਿਣੇ ਜਾਂਦੇ ਹਨ।

**ਮੋਹਨਜੀਤ** (੭ ਮਈ ੧੯੪੮—ਜੀਵਤ)

ਜਨਮ ਪਿੰਡ ਅਦਲੀਵਾਲਾ, ਤਹਿਸੀਲ ਅਜਨਾਲਾ ਜ਼ਿਲਾ ਅੰਮ੍ਰਿਤਸਰ ਵਿਚ ਸ: ਠਾਕਰ ਸਿੰਘ ਦੇ ਘਰ ਹੋਇਆ। ਵਿਦਿਆ ਬੀ. ਏ. ਤਕ ਹੈ। ਅਜ ਕਲ ਅਧਿਆਪਕ ਹਨ।

੧੯੫੯ ਤੋਂ ਆਪਦੀਆਂ ਕਵਿਤਾਵਾਂ, ਕਹਾਣੀਆ ਪ੍ਰਸਿੱਧ ਰਸਾਲਿਆਂ ਵਿਚ ਛਪ ਰਹੀਆਂ ਹਨ। 'ਲੇਖ' ਉਤੇ ਵੀ ਆਪ ਕਲਮ ਅਜ਼ਮਾਈ ਕਹਦੇ ਹਨ ' ਆਪਦੇ ਚਿਤੰਨ ਵਿਚ ਗੰਭੀਰਤਾ ਹੈ।

**ਮੋਹਨ ਪਰਦੇਸੀ** (੪ ਸਤੰਬਰ ੧੯੪੦—ਜੀਵਤ)

ਆਪ ਸ੍ਰੀ ਰਾਮ ਲਾਲ ਭੋਲਾ ਦੇ ਸਪੁਤਰ ਅਤੇ ਪਟਿਆਲੇ ਦੇ ਨਿਵਾਸੀ ਹਨ। ਅਜ ਕਲ ਨਾਭੇ ਵਿਚ ਸਰਕਾਰੀ ਮੁਲਾਜ਼ਮ ਹਨ।

ਆਪਦੀਆਂ ਕਹਾਣੀਆਂ ਅਤੇ ਕਵਿਤਾਵਾਂ ਪ੍ਰਸਿਧ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ।

**ਮਹੀਪ ਸਿੰਘ** (੧੫ ਅਗਸਤ ੧੯੩੦—ਜੀਵਤ)

ਜਨਮ ਜ਼ਿਲਾ ਉਨਾਵ, (ਉਤਰ ਪਰਦੇਸ਼) ਵਿਚ ਸ: ਮਲਾ ਸਿੰਘ ਦੇ ਘਰ ਹੋਇਆ। ਆਪਦੇ ਪਿਤਾ ਪਿਛੋਂ ਸਰਾਏ ਆਲਮਗੀਰ, ਜ਼ਿਲਾ ਗੁਜਰਾਤ ਦੇ ਹਨ। ਕਾਨਪੁਰ ਦੇ ਡੀ. ਏ. ਵੀ. ਕਾਲਜੋਂ ਹਿੰਦੀ ਦੀ ਐਮ. ਏ. ਕਰਨ ਪਿਛੋਂ ਆਪ ਖਾਲਸਾ ਕਾਲਜ ਬੰਬਈ ਵਿਚ ਹਿੰਦੀ ਦੇ ਅਧਿਆਪਕ ਲਗ ਗਏ।

ਉਚਤਮ ਪੰਜਾਬੀ ਰਸਾਲਿਆਂ ਵਿਚ ਆਪਦੀਆਂ ਨਿਕੀਆਂ ਕਹਾਣੀਆਂ ਛਪ ਚੁਕੀਆਂ ਹਨ।

ਹਿੰਦੀ ਸਾਹਿਤ ਦਾ ਗਿਆਨ ਵੀ ਆਪਦੀ ਸ਼ਖਸੀਅਤ ਦਾ ਇਕ ਹਿਸਾ ਹੈ।

**ਮਹਾਂਬੀਰ ਸਿੰਘ ਦਰਦੀ** (੪ ਅਕਤੂਬਰ ੧੯੩੮—ਜੀਵਤ)

ਜਨਮ ਪਿੰਡ ਟਿੱਬਾ, ਜ਼ਿਲਾ ਕਪੂਰਥਲਾ ਵਿਚ ਸ: ਸਰੂਪ ਸਿੰਘ ਦੇ ਘਰ ਹੋਇਆ। ਬਚਪਨ ਵਿਚ ਹੀ ਯਤੀਮ ਹੋ ਜਾਣ ਕਾਰਨ ਕਾਫੀ ਤਕਲੀਫਾਂ ਸਹੀਆਂ। ੧੯੫੬ ਵਿਚ ਦਸਵੀਂ ਤੇ ਪਿਛੋਂ ਗਿਆਨੀ ਤੇ ਜੇ. ਬੀ. ਟੀ. ਕੀਤੀ। ਅਜ ਕਲ ਅਧਿਆਪਕ ਹਨ।

ਆਪ ਬਹੁਤ ਸਾਰੀਆਂ ਕਵਿਤਾਵਾਂ ਲਿਖ ਚੁਕੇ ਹਨ ਜਿਨ੍ਹਾਂ ਦਾ ਸਬੰਧ ਪਰਤੱਖ ਜ਼ਿੰਦਗੀ ਨਾਲ ਹੈ। ਰਚਨਾ ਵਿਚ ਲੌਕਿਕ ਪ੍ਰਗਤੀਵਾਦ ਪਰਧਾਨ ਹੈ।

'ਸੰਗਰਾਮ' ਆਪਦਾ ਪਹਿਲਾ ਕਾਵਿ-ਸੰਗ੍ਰਹਿ ਹੈ।

**ਮੁਹੰਮਦ ਅਸਗਰ, ਸਰਹੱਦੀ** (੭ ਫਰਵਰੀ ੧੯੩੮—ਜੀਵਤ)

ਜਨਮ ਪਿਸ਼ੌਰ ਵਿਚ ਗੁਲਾਮ ਹੈਦਰ ਹੁਰਾਂ ਦੇ ਘਰ ਹੋਇਆ। ਅਜ ਕਲ ਆਪ ਪਿਸ਼ੌਰ ਛਾਉਣੀ ਵਿਚ ਰਹਿੰਦੇ ਹਨ। ਵਿਦਿਆ ਦਸਵੀਂ ਤਕ ਹੈ।

ਆਪ ਉਰਦੂ ਅਤੇ ਪੰਜਾਬੀ ਵਿਚ ਬੜੀਆਂ ਵਿਚਾਰ-ਸ਼ੀਲ ਨਿਕੀਆਂ ਕਹਾਣੀਆਂ ਲਿਖਦੇ ਹਨ।

**ਮੁਹੰਮਦ ਅਬਦੁਲਾ ਅਬਦੀ** (ਸਤਾਰ੍ਹਵੀਂ ਸਦੀ)

ਜਨਮ ਮਲਕਾ ਹਾਂਸ, ਤਹਿਸੀਲ ਪਾਕ ਪੱਟਨ ਜ਼ਿਲਾ ਮਿੰਟਗੁਮਰੀ ਦੇ ਨਿਵਾਸੀ ਮੀਆਂ ਜਾਨ ਮੁਹੰਮਦ ਦੇ ਘਰ ਹੋਇਆ। ਕਾਫੀ ਚਿਰ ਆਪ ਬਕਰੀਆਂ ਚਾਰਦੇ ਰਹੇ ਤੇ ਫਿਰ ਲਾਹੌਰ ਆ ਕੇ ਹਸਨ ਮੁਹੰਮਦ ਤੇਲੀ ਦੇ ਸ਼ਾਗਿਰਦ ਬਣ ਗਏ। ਇੱਥੇ ਆਪ ਨੇ ਚੱਕੀ ਪੀਹਣ ਦਾ ਕੰਮ ਸ਼ੁਰੂ ਕੀਤਾ। ਆਪ ਪੈਸੇ ਲੈ ਕੇ ਕਵਿਤਾ ਸਿਖਾਉਣ ਦੇ ਵਿਰੁਧ ਸਨ। ਆਪਦੇ ਪੁਤਰ ਨੂਰ ਮੁਹੰਮਦ ਵੀ ਬੜੇ ਵਿਦਵਾਨ ਸਨ।

'ਫਕਾਹ' (ਸੂਫੀਮੱਤ) ਸਬੰਧੀ ਆਪ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ। ਇਹਨਾਂ ਨੂੰ 'ਰਸਾਲੇ' ਆਖਿਆ ਜਾਂਦਾ ਹੈ। 'ਬਾਬੂ' ਨਾਂ ਦਾ ਸ਼ਬਦ ਆਪ ਨੇ ਪਹਿਲੀ ਵਾਰੀ ਵਰਤਿਆ ਹੈ। ਜਿਸ ਦਾ ਭਾਵ 'ਸਾਊ' ਪੁਰਸ਼ ਹੈ।

ਆਪਦੀ ਰਚਨਾ ਦਾ ਵਧੇਰੇ ਜ਼ੋਰ ਇਸਲਾਮ ਦੀ ਵਿਆਖਿਆ ਉਤੇ ਹੈ। ਉੱਚੇ ਆਚਰਣ ਸਬੰਧੀ ਆਪਦੇ ਉਪਦੇਸ਼ ਵੀ ਕਵਿਤਾ ਵਿਚ ਹਨ। ਮੁਸਲਮਾਨਾਂ ਵਿਚ ਵਿਸ਼ੇਸ਼ ਕਰਕੇ ਆਪ ਦੀ ਯਾਦ ਦਾ ਸਨਮਾਨ ਕੀਤਾ ਜਾਂਦਾ ਹੈ।

**ਮੁਹੰਮਦ ਅਲੀ, ਹਕੀਮ** (੧੮੬੪—੧੯੨੪)

ਆਪ ਝੰਗ ਦੇ ਜੰਮ ਪਲ ਸਨ ਪਰ ਆਪਨੇ ਆਪਣੀ ਬਹੁਤ ਉਮਰ ਲਾਹੌਰ ਅਤੇ ਕਸ਼ਮੀਰ ਵਿਚ ਕਟੀ। 'ਅੰਜਮਨ ਹਮਾਇਤ ਇਸਲਾਮ' ਦੀ ਨੀਂਹ ਰਖਣ ਵਿਚ ਆਪ ਨੇ ਬਹੁਤ ਹੀ ਸਰਗਰਮੀ ਵਿਖਾਈ। ਆਪ ਨੇ ਘਰ ਘਰ ਜਾ ਕੇ ਇਸਦਾ ਪਰਚਾਰ ਕੀਤਾ। ਇਸ ਲਹਿਰ ਵਿਚ ਵੀ ਆਪਨੇ ਸਾਂਝੀ ਪੰਜਾਬੀ ਕਲਚਰ ਨੂੰ ਨਾ ਵਿਸਾਰਿਆ ਅਤੇ ਪੰਜਾਬੀ ਕਵਿਤਾ ਨੂੰ ਇਸਦੇ ਪਰਸਾਰ ਦਾ ਮਾਧਿਅਮ ਬਣਾਇਆ। ਲਾਹੌਰ ਵਿਚ ਆਪ ਦੀਆਂ ਇਹ ਦੋ ਤੁਕਾਂ ਬੜੀਆਂ ਹਰਮਨ ਪਿਆਰੀਆਂ ਸਨ।

ਮੁਠੀ ਆਟਾ ਪਾ ਚਟੋਰੀ,
ਸਦਕਾ ਜਾਨ ਪਿਆਰੀ ਦਾ।
ਅਲਾ ਤੇਰੀ ਜ਼ਾਤ ਨਿਆਰੀ ਏ,
ਮੌਲਾ ਤੇਰੀ ਜ਼ਾਤ ਨਿਆਰੀ ਏ।

ਆਪ ਨੇ ਹਿਕਮਤ ਦੁਆਰਾ ਬਾਂਝ ਮਹਾਰਾਣੀ ਕਸ਼ਮੀਰ ਦੀ ਗੋਦ ਹਰੀ ਕੀਤੀ ਅਤੇ ਮਹਾਰਾਜਾ ਅਮਰ ਸਿੰਘ ਤੋਂ ਮੀਆਂ ਸੁਲਤਾਨ ਬਖਸ਼ ਦੀ ਹਵੇਲੀ ਇਨਾਮ ਵਜੋਂ ਪ੍ਰਾਪਤ ਕੀਤੀ। ਸਾਧਾਰਨ ਸਾਦੀ ਜ਼ਿੰਦਗੀ ਨੂੰ ਜੀਉਣਾ ਆਪਦੀ ਵਿਚਾਰਧਾਰਾ ਸੀ। ਆਪਦੀ ਬੋਲੀ ਵੀ ਸ਼ੁਧ ਪੰਜਾਬੀ ਸੀ। ਆਪ ਨਸ਼ਿਆਂ ਦੇ ਬੜੇ ਵਿਰੁਧ ਸਨ। ਜੀਵਨ ਚਜ ਸਬੰਧੀ ਆਪਨੇ ਪੰਜਾਬੀ ਵਿਚ ਇਕ ਪ੍ਰਸਿਧ ਪੁਸਤਕ ਰਚੀ ਜਿਸਦਾ ਨਾਂ 'ਖਵਾਨ ਯਗਮਾ' ਹੈ।

**ਮੁਹੰਮਦ ਇਸਮਾਈਲ** (੧੮੬੦—੧੯੨੬)

ਆਪ ਦਾ ਜਨਮ ਜ਼ਿਲਾ ਗੁਜਰਾਂਵਾਲਾ ਦੇ ਪਿੰਡ ਬੜਵੇ ਵਿਚ ਸ਼ਮਸ ਦੀਨ ਹੁਰਾਂ ਦੇ ਘਰ ਹੋਇਆ ਆਪ ਮਸੀਤ ਦੇ ਇਮਾਮ ਸਨ। ਵਿਅਕਤੀਗਤ ਜ਼ਿੰਦਗੀ ਵਿਚ ਆਪ ਬੜੇ ਉਚੇ ਆਚਰਣ ਦੇ ਮਾਲਕ ਸਨ।

ਸ਼ਮਸ ਅਲਹਿੰਦ, ਸ਼ਮਸ ਅਲਵਾਜ਼ੀਨ, ਨਿਸ਼ਾਨ ਮੁਹੰਮਦੀ, ਚਿਰਾਗ ਮੁਹੰਮਦੀ, ਬਿਆਨ ਮੁਹੰਮਦੀ, ਉਰਫ਼ਾ ਖਤਾ ਸੌਦਾ ਆਦਿਕ ਆਪਦੀਆਂ ਪ੍ਰਸਿਧ ਪੁਸਤਕਾਂ ਹਨ। ਇਹ ਰਚਨਾਵਾਂ ਆਪ ਨੇ ੧੮੯੭ ਤੋਂ ੧੯੦੫ ਦੇ ਅਰਸੇ ਵਿਚ ਲਿਖੀਆਂ। ਆਪਦੀ ਰਚਨਾ ਦਾ ਪ੍ਰਧਾਨ ਵਿਸ਼ੈ ਉਪਦੇਸ਼ ਅਤੇ ਧਰਮ-ਪਰਚਾਰ ਹੈ। ਪੰਜਾਬੀ ਰਹਿਣੀ ਸਹਿਣੀ ਤੇ ਕਥਨੀ ਕਰਨੀ ਨੂੰ ਆਪ ਨੇ ਬੜੇ ਸੁਹਣੇ ਢੰਗ ਨਾਲ ਸਾਹਿਤ ਬਣਾਇਆ ਹੈ। ਆਪਦੀ ਸ਼ੈਲੀ ਵਿਚ ਸਾਧਾਰਨਤਾ ਪ੍ਰਧਾਨ ਹੈ। ਬਿੰਬਾਵਲੀ ਦੀ ਘਾਟ ਬੜੀ ਸਪਸ਼ਟ ਹੈ :

ਵਿਆਹ ਝੱਡੂ ਦਾ ਹਾੜ ਮਹੀਨੇ,
ਸੰਧੇ ਸ਼ਾਹ ਰਚਾਇਆ।
ਪੰਦਰਾਂ ਮਾਣੀਆਂ ਚਾਵਲ ਕੀਤੇ,
ਰੋਗਨ ਜ਼ਰਦ ਮੰਗਾਇਆ।
ਖੰਡ ਆਂਦੀ ਦੋ ਮਾਣੀਆਂ ਭਾਈ,
ਢੇਰ ਸ਼ਕਰ ਦਾ ਲਾਇਆ।
ਤੇ ਵੀਹ ਮਾਣੀਆਂ ਆਟਾ ਕੀਤਾ,
ਖਰਚ ਜਮ੍ਹਾਂ ਕਰਾਇਆ।

**ਮੁਹੰਮਦ ਇਕਬਾਲ, ਦਾਇਮ** (੧੯੦੬—ਜੀਵਤ)

ਆਪ ਦਾ ਜਨਮ ਮੰਡੀ ਬਹਾਉਦੀਨ (ਗੁਜਰਾਤ) ਵਿਚ ਹੋਇਆ। ਜੁਆਨੀ ਵਿਚ ਪੈਰ ਧਰਦਿਆਂ ਹੀ ਆਪ ਨੂੰ ਕਿਸੇ ਕੁੜੀ ਨਾਲ ਇਸ਼ਕ ਹੋ ਗਿਆ। ਪਿੰਡ ਝਲਾਣਾ ਦੇ ਬਾਬਾ ਮੀਆਂ ਖਾਂ ਨੇ ਆਪ ਨੂੰ ਇਸ਼ਕ ਹਕੀਕੀ ਵਲ ਸਮਰਪਿਤ ਹੋਣ ਲਈ ਸਫ਼ਲਤਾ ਸਹਿਤ ਪਰੇਰਿਆ।

ਸੁਹਣੀ ਮਹੀਂਵਾਲ, ਯੂਸਫ ਜ਼ੁਲੈਖਾਂ, ਕਮਲੀ ਪੋਸ਼, ਹੀਰ ਸਿਆਲ, ਮਿਰਜ਼ਾ ਸਾਹਿਬਾਂ, ਇਬਰਾਹੀਮ ਅਧਮ, ਤਫਸੀਰ ਯੂਸਫ,ਮਸਨਵੀ ਬੋਅਲੀ ਕਲੰਦਰ (ਅਨੁਵਾਦ) ਸੈਫਲ ਮਲੂਕ, ਲੈਲਾ ਮਜਨੂੰ, ਪੰਜਾਬੀ ਸੁਹਾਗ, ਪ੍ਰੇਮ

ਰਾਗ, ਸ਼ਾਹ ਨਾਮੀ ਕਰਬਲਾ, ਫਾਤਮਾ ਦਾ ਲਾਲ, ਸ਼ਹਿਜ਼ਾਦੀ ਨੂਰ ਇਕਬਾਲ, ਸ਼ਾਹ ਮੁਰਾਦ ਆਦਿਕ ਆਪਦੀਆਂ ਪ੍ਰਸਿਧ ਰਚਨਾਵਾਂ ਹਨ। ਆਪ ਦੀ ਕਵਿਤਾ ਵਿਚ ਰਵਾਨੀ ਕਹਿਰਾਂ ਦੀ ਹੈ। ਬੋਲੀ ਲੋਕਿਕ ਤੇ ਬਿੰਬਾਵਲੀ ਮੌਲਿਕ ਹੈ।

ਬੁਰਕਾ ਪੋਸ਼ ਮਾਹੀ ਡਾਚੀ ਵਾਲਿਆ ਓ,
ਮੈਨੂੰ ਤਰਸਦਾ ਛਡ ਕੇ ਜਾ ਨਾਹੀਂ।
ਤੇਰਾ ਸੰਗ ਤਰੁਟਦਿਆਂ ਜਿੰਦ ਚਲੀ,
ਭਾਗੀ ਮਿਲਨ ਨਾ ਮਿਲਨ ਪ੍ਰਵਾਹ ਨਹੀਂ।
ਤੈਂ ਵਿਚ ਗੁਝੜਾ ਅਜਬ ਅਸਗਰ ਕੋਈ,
ਤੇਰੇ ਜਿਹਾ ਆਲੀ, ਆਲੀ ਜਾਹ ਨਾਹੀਂ।
ਜਿਸ ਘੜੀ ਦਾ ਬੇਲੀਆ ਆਣ ਮਿਲਿਉਂ,
ਰਹੀ ਕਿਸੇ ਦੀ ਮੁਝ ਨੂੰ ਚਾਹ ਨਾਹੀਂ।

—ਯੂਸਫ ਜ਼ੁਲੈਖਾਂ 'ਚੋਂ

**ਮੁਹੰਮਦ ਸਾਦਿਕ**

ਵੇਖੋ
ਸਾਦਿਕ, ਬਾਬਾ

**ਮੁਹੰਮਦ ਸਦੀਕ**

ਜਨਮ ਲਾਲੀਆਂ, ਤਹਿਸੀਲ ਚਨਿਉਟ, ਜ਼ਿਲਾ ਝੰਗ ਦੇ ਇਕ 'ਲਾਲੀ' ਕਿਸਾਨ ਘਰ ਵਿਚ ਹੋਇਆ। ਮੁਹੰਮਦ ਸ਼ਾਹ ਸਮੇਂ ੧੧੩੯ ਵਿਚ ਆਪ ਨੇ ਪੰਜਾਬੀ ਵਿਚ 'ਯੂਸਫ ਜ਼ੁਲੈਖਾਂ' ਦੀ ਰਚਨਾ ਕੀਤੀ।

ਠੇਠਤਾ ਅਤੇ ਸੰਖੇਪਤਾ ਦੇ ਗੁਣ ਆਪ ਦੀ ਸਮੁਚੀ ਸ਼ੈਲੀ ਵਿਚ ਵਰਤਮਾਨ ਹਨ। ਮਿਠਤ, ਪਿਆਰ ਅਤੇ ਉਦਾਸੀ ਆਦਿਕ ਸੁਭਾਅ-ਪਖ ਆਪਦੀ ਰਚਨਾ ਤੋਂ ਹੀ ਪਰਤਖ ਹੁੰਦੇ ਹਨ। ਕਾਦਰਯਾਰ ਦਾ ਵਿਚਾਰ ਹੈ ਕਿ :

ਸਦੀਕ ਲਾਲੀ ਯੂਸਫ ਦਾ ਕਿਸਾ,
ਸਿਰਫ ਤਸੱਵਫ ਕਹਿਆ।
ਕਿਧਾ ਬੋਲ੍ਹ ਸੁਣਾਵਨ ਦਾ ਵਲ,
ਉਸਦੇ ਫਿਕਰ ਨਾ ਰਹਿਆ।

ਪਰ ਮੀਆਂ ਮੁਹੰਮਦ ਦਾ ਵਿਚਾਰ ਇਸਦੇ ਉਲਟ ਹੈ :

ਮਿਹਤਰ ਯੂਸਫ ਦਾ ਉਸ ਸਿਹਰਾ,
ਚੁਣ ਚੁਣ ਫੁਲ ਪਰੋਇਆ।

**ਮੁਹੰਮਦ ਸਰੂਰ, ਗਰੀਬ ਯਾਰ** (੧੯੪੦—ਜੀਵਤ)

ਜਨਮ ਪਿੰਡ ਜਸਟਰ ਤਹਿਸੀਲ ਨਾਰੋਵਾਲ ਜ਼ਿਲਾ ਸਿਆਲਕੋਟ ਵਿਚ ਖੁਦਾ ਬਖਸ਼ ਅਰਾਈ ਹੁਰਾਂ ਦੇ ਘਰ ਹੋਇਆ। ਬੜੀ ਗਰੀਬੀ ਵਿਚ ਮਿਹਨਤ ਦੇ ਸਹਾਰੇ ਮਿਸ਼ਨ ਹਾਈ ਸਕੂਲ ਨਾਰੋਵਾਲ ਤੋਂ ਦਸਵੀਂ ਕੀਤੀ ਤੇ ਫਿਰ ਨੌਕਰੀ ਕਰਨ ਲਗ ਪਏ। ਅਜ ਕਲ ਪਾਕਿਸਤਾਨ ਦੇ ਮਿਲਟਰੀ ਅਕਾਉਂਟਸ ਵਿਭਾਗ ਵਿਚ ਆਡੀਟਰ ਹਨ।

ਆਪਦਾ ਨਿਕਾ ਜਿਹਾ ਕਾਵਿ-ਸੰਗ੍ਰਹਿ ਉਦੋਂ ਛਪਿਆ ਜਦੋਂ ਕਿ ਅਠਵੀਂ ਵਿਚ ਹੀ ਸਨ। 'ਫਾਨੀ ਦੁਨੀਆਂ', 'ਸੀਹਰਫੀ ਗਰੀਬ ਯਾਰ', 'ਮਾਹੀਆ,' ਆਦਿਕ ਪ੍ਰਸਿਧ ਰਚਨਾਵਾਂ ਹਨ।

ਮੂਲ ਰੂਪ ਵਿਚ ਰਵਾਇਤੀ ਧਾਰਾ ਦੇ ਕਵੀ ਹਨ। ਕਹਿਣਾ ਚਾਹੀਦਾ ਹੈ ਕਿ ਆਪ ਨੇ ਪੰਜਾਬੀ ਪਰੰਪਰਾ ਵਿਚਲੀ ਰੂਪਕ ਆਧੁਨਿਕਤਾ ਨੂੰ ਸਾਂਭ ਕੇ ਰਖਿਆ ਹੋਇਆ ਹੈ। ਆਪਦੀ ਕਵਿਤਾ ਸੁਹਜ ਅਤੇ ਇਨਸਾਨੀ ਹਮਦਰਦੀ ਨਾਲ ਭਰਪੂਰ ਹੈ।

**ਮੁਹੰਮਦ ਹੁਸੈਨ, ਆਲਮ ਸਿਆਹ ਪੋਸ਼**

ਵੇਖੋ
ਆਲਮ ਸਿਆਹ ਪੋਸ਼

**ਮੁਹੰਮਦ ਹੁਸੈਨ, ਮੌਲਵੀ** (੧੮੪੪—੧੯੧੬)

ਆਪਦਾ ਜਨਮ ਅਹਿਮਦਾਬਾਦ ਵਿਚ ਹੋਇਆ। ਆਪਦੇ ਪਿਤਾ ਹਕੀਮ ਕਾਦਰ ਬਖਸ਼ ਭੇਰੇ (ਸ਼ਾਹਪੁਰ) ਦੇ ਵਸਨੀਕ ਸਨ। ਆਪਦੇ ਖਾਨਦਾਨੀ ਨਾਂ 'ਭੁਟਾ' ਦੇ ਆਧਾਰ ਉਤੇ 'ਮਾੜੀ ਭੁਟਾਂ' ਨਾਂ ਦਾ ਮਹੱਲਾ ਭੇਰੇ ਵਿਚ ਸਥਾਪਿਤ ਹੈ। ਆਪਦੇ ਪਿਤਾ ਹਿਕਮਤ ਵਿਚ ਮਾਹਿਰ ਸਨ। ਦਸਿਆ ਜਾਂਦਾ ਹੈ ਕਿ ਔਂਤਰੀਆਂ ਦੀ ਗੋਂਦ ਹਰੀ ਕਰਨ ਵਾਲੀ ਆਪ ਕੋਲ ਕੋਈ ਖਾਸ ਦਵਾਈ ਸੀ। ਮੁਹੰਮਦ ਹੁਸੈਨ ਹੁਰੀਂ ਫਾਰਸੀ, ਇਤਿਹਾਸ ਅਤੇ ਮੁਸਲਿਮ ਪੰਜਾਬੀਅਤ ਦੇ ਮਾਹਰ ਸਨ।

ਗੁਲਜ਼ਾਰ ਹੁਸੈਨ, ਅਹਿਵਾਲਾਖਰਤ, ਗੁਲਜ਼ਾਰ ਆਦਿਮ ਆਦਿਕ ਆਪਦੀਆਂ ਪ੍ਰਸਿਧ ਰਚਨਾਵਾਂ ਹਨ। ਇਸ ਤੋਂ ਬਿਨਾਂ ਆਪਨੇ ਬਹੁਤ ਸਾਰੇ ਕਸੀਦੇ ਰਚੇ ਤੇ ਸੰਪਾਦੇ। ਆਪ ਦੀਆਂ ਪ੍ਰਕਾਸ਼ਿਤ ਰਚਨਾਵਾਂ ਦੀ ਗਿਣਤੀ ੨੩ ਹੈ।

ਬਿੰਬਾਵਲੀ ਸਾਧਾਰਨ ਜੀਵਨ ਦੀ ਵਰਤਦੇ ਹਨ। ਬੋਲੀ ਸ਼ੁਧ ਕੇਂਦਰੀ ਪੰਜਾਬੀ ਹੈ। ਨਮੂਨਾ ਇਸ ਪ੍ਰਕਾਰ ਹੈ :

ਚਲ ਕੇ ਬਹੀਏ, ਮਿਲਨ ਉਹ ਜਿਸ ਦਮ,
ਸਜਣ ਬੇਲੀ ਦਿਲ ਦੇ।
ਜਾਣ ਗ਼ਨੀਮਤ ਵਕਤ ਅਜੇਹੇ,
ਕਦੀ ਕਦਾਈਂ ਮਿਲਦੇ।

ਆਪ ਦੀ ਰਚਨਾ 'ਖਵਾਬ ਨਾਮਾ' ਅਤੇ ਕਿਸਾ ਨੌ-ਨਿਹਾਲ ਖਾਸ ਕਰਕੇ ਪ੍ਰਸਿਧ ਹੈ।

**ਮੁਹੰਮਦ ਬਖਸ਼ ਨੂਰੋਂਜ** (ਸਤਾਰ੍ਹਵੀਂ—ਅਠਾਰ੍ਹਵੀ ਸਦੀ)

ਜਨਮ ਔਰੰਗਜ਼ੇਬ ਸਮੇਂ ਮੁਬਾਰਕਪੁਰ ਰਿਆਸਤ ਬਹਾਵਲਪੁਰ ਵਿਚ ਹੋਇਆ। ਆਪਦੀ ਕਵਿਤਾ ਵਿਚੋਂ ਮੁਲਤਾਨੀ ਕਲਚਰ ਦੇ ਪ੍ਰਭਾਵ ਨਿਖਾਰੇ ਜਾ ਸਕਦੇ ਹਨ।

ਸ਼ਿੰਗਾਰ ਰਸ ਦੀ ਪਰਧਾਨਤਾ ਹੈ। ਆਪਦੇ ਡਿਉਢ ਹਾਸ਼ਮ ਜੀ ਨਾਲ ਮਿਲਦੇ ਹਨ।

ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ :—

ਰੁਤ ਆਈ ਰੁਖਸਾਰ ਹੁਸਨ ਤੇ,
ਗੁਲ ਫੁਲ ਖਿਲੇ ਤਾਜ਼ੇ।
ਗੁੰਚਾ ਤੰਗ ਤੇ ਰੰਗ ਗੁਲਾਬੀ,
ਗਿਆ ਨਰਗਸ ਬਾਨਾਜ਼ੇ।

**ਮੁਹੰਮਦ ਬਖਸ਼, ਬਖਸ਼ੀ** (੧੮੬੮—੧੯੨੨)

ਆਪ ਲਾਹੌਰ ਦੇ ਪ੍ਰਸਿਧ ਸ਼ਾਇਰ ਹਕੀਮ ਗਾਮੋ ਖਾਂ ਦੇ ਸ਼ਾਗਿਰਦ ਸਨ। ਆਪਦਾ ਸਬੰਧ ਇਕ ਨਿਆਰੀਆ ਕੌਮ ਨਾਲ ਜੋੜਿਆ ਜਾਂਦਾ ਹੈ। ਚੌਦਾਂ ਵਰ੍ਹਿਆਂ ਦੀ ਉਮਰ ਵਿਚ ਆਪਨੂੰ ਚੀਚਕ ਹੋ ਗਈ ਜਿਸ ਕਾਰਨ ਆਪ ਨਿਰਜੋਤ ਹੋ ਗਏ। ਆਪ ਨੇ ਉਮਰ ਦਾ ਵਧੇਰੇ ਹਿਸਾ ਇਕ ਸਰਕਾਰੀ ਦਫਤਰ ਵਿਚ ਪਖਾ ਖਿਚ ਕੇ ਬਿਤਾਇਆ। ਆਪਦੀ 'ਤੀਜੀ ਅੱਖ' ਬੜੀ ਸੂਖਮ ਸੀ। ਆਪ ਅੰਤਹਕਰਨ ਨਾਲ ਬਹੁਤ ਸਾਰੀਆਂ ਗਲਾਂ ਬੁਝ ਲੈਂਦੇ ਹਨ। ਆਪਨੂੰ ਕੁਕੜ ਤੇ ਬਟੇਰੇ ਲੜਾਉਣ ਦਾ ਬੜਾ ਸ਼ੌਕ ਸੀ। ਆਪ ਨਿਰਜੋਤ ਹੁੰਦਿਆਂ ਹੋਇਆਂ ਵੀ ਬਟੇਰਿਆਂ ਦੇ ਪੈਰਾਂ ਦੀ ਆਵਾਜ਼ ਤੋਂ ਹਾਰ ਜਿਤ ਨੂੰ ਬੁਝ ਲੈਂਦੇ ਸਨ।

ਆਪ ਨੇ ਆਪਣੀ ਕਾਵਿ ਸੰਸਥਾ ਵੀ ਜਥੇਬੰਦ ਕੀਤੀ ਸੀ, ਲਾਹੌਰ, ਅੰਮ੍ਰਿਤਸਰ ਅਤੇ ਜਲੰਧਰ ਦੇ ਬਹੁਤ ਸਾਰੇ ਸ਼ਾਗਿਰਦ ਕਵੀ ਜਿਸਦੇ ਮੈਂਬਰ ਸਨ। ਆਪ ਹਰ

ਕਵੀ ਦਰਬਾਰ ਵਿਚ ਆਪਣੇ ਸ਼ਾਗਿਰਦਾਂ ਸਹਿਤ ਆਇਆ ਕਰਦੇ ਸਨ।

ਆਪਦੀ ਇਕ ਸੀਹਰਫੀ 'ਰਫਤ ਪੀਕਰ' ਵਿਚ ਛਪੀ ਮਿਲਦੀ ਹੈ। ਬੋਲੀ ਉਤੇ ਉਰਦੂ ਪ੍ਰਭਾਵ ਤੀਬਰ ਹਨ। ਬਿੰਬਾਂ ਵਿਚ ਨਵੀਨਤਾ ਹੈ ਅਤੇ ਸ਼ਿੰਗਾਰ ਰਸ ਵਿਚ ਅਧਿਆਤਮਕਤਾ ਦੀ ਮਿਸ ਹੈ।

ਅਲਫ—ਆਤਿਸ਼ ਫਿਰਾਕ ਨੇ ਸਾੜ ਮੇਰੇ
ਦਿਤੇ ਦਿਲ ਰੰਜੋਰ ਤੇ ਪਾ ਛਾਲੇ।
ਇਕ ਦਿਲ ਵਸ਼ਤ ਵਿਚ ਤਰਵਿਆਂ ਦਾ ਏ,
ਕਿਸਮਤ ਕਢ ਪਾਤੇ ਪੈ ਗਏ ਚਾ ਛਾਲੇ।

**ਮੁਹੰਮਦ ਬੂਟਾ ਗੁਜਰਾਤੀ** (੧੮੫੧--੧੯੩੦)

ਆਪ ਗੁਜਰਾਤ (ਪਛਮੀ ਪੰਜਾਬ) ਦੇ ਕਟੜਾ ਸ਼ਾਲ-ਬਾਨਾਂ ਵਿਚ ਰਿਹਾ ਕਰਦੇ ਸਨ। ਆਪਦਾ ਪਿਛਾ ਕਸ਼ਮੀਰ ਨਾਲ ਜੋੜਿਆ ਜਾਂਦਾ ਹੈ। ਸ਼ਾਲਬਾਨੀ ਆਪਦਾ ਪੇਸ਼ਾ ਸੀ, ਇਸ ਵਿਚ ਆਪ ਮੌਲਿਕਤਾ ਤੇ ਨਵੀਨਤਾ ਦੀ ਪੂਜਾ ਕਰਦੇ ਸਨ।

੧੮੭੦ ਵਿਚ ਆਪਨੇ ੧੯ ਸਾਲ ਦੀ ਉਮਰ ਵਿਚ ਬੈਂਤਬਾਜ਼ੀ ਸ਼ੁਰੂ ਕੀਤੀ ਤੇ ਦੋ ਵਰ੍ਹਿਆਂ ਵਿਚ ਆਪ ਸਾਰਿਆਂ ਪਾਸੋਂ ਕਵੀ ਵਜੋਂ ਪ੍ਰਵਾਨ ਹੋ ਗਏ। ੧੮੭੨ ਵਿਚ ਸ਼ੀਰੀ ਫਰਿਹਾਦ, ੧੮੭੪ ਵਿਚ ਪੰਜ ਗੰਜ, ੧੮੮੭ ਵਿਚ ਚੰਦਰ ਬਦਨ, ੧੮੮੮ ਵਿਚ ਰੋਡਾ ਜਲਾਲੀ, ਆਦਿ ਕਿੱਸੇ ਰਚੇ।

੧੯੦੫ ਵਿਚ ਸੈਰ ਬਹਿਸ਼ਤ, ੧੯੧੧ ਵਿਚ ਜੰਗ ਅਮਾਮੀਨ, ੧੯੧੫ ਵਿਚ ਕਿਸਾ ਸੁਲਤਾਨ ਮਹਿਮੂਦ, ੧੯੧੬ ਵਿਚ ਵਫਾਤਨਾਮਾ ਸਰੂਰ ਕਾਇਨਾਤ ਅਤੇ ਕਿਸਾ ਸ਼ਹਿਜ਼ਾਦੀ ਬਲਕੈਸ, ੧੯੧੮ ਵਿਚ ਅਹਸਨ ਅਲਤਸਸ (ਯੂਸਫ ਜ਼ੁਲੈਖਾਂ) ਰਚਣ ਪਿਛੋਂ ਆਪ ਫਿਰ ਸ਼ਾਲਬਾਨੀ ਵਲ ਰੁਝ ਗਏ। ਆਪ ਨੇ ਇਹ ਕੰਮ ਵੀ ਛਡ ਦਿਤਾ ਤੇ ਫਿਰ ਗੁਜਰਾਤ ਵਿਚ ਅਤਾਰੀ ਹਟੀ ਕਰਨ ਲਗ ਪਏ।

ਗੁਣ ਤੇ ਗਿਣਤੀ ਦੋਹਾਂ ਪਖਾਂ ਤੋਂ ਆਪਦੀ ਮਹਾਨਤਾ ਤੋਂ ਕਾਇਲ ਹੋਣਾ ਪੈਂਦਾ ਹੈ। ਸਾਦਗੀ. ਦਰਦ, ਰਸ, ਕਲਪਨਾ ਦੀ ਤੀਬਰਤਾ ਆਦਿਕ ਪਖ ਆਪਦੀ ਵਿਲਖਣ ਸ਼ੈਲੀ ਨੂੰ ਉਸਾਰਦੇ ਹਨ। ਆਪਦੀ ਬੋਲੀ ਠੇਠ ਪੰਜਾਬੀ ਹੈ। ਮਿਰਜ਼ਾ ਸਾਹਿਬਾਂ ਦਾ ਇਕ ਬੰਦ ਇਸ ਪ੍ਰਕਾਰ ਹੈ :

ਆਪ ਦੇਸ ਨਿਕਾਲੜੇ ਦੇਣ ਮਾਪੇ,
ਦਿਲੋਂ ਚਾ ਚਾਵਣ, ਘੁਲ ਮਹਿੰਦੀ ਏ ਨੀਂ।
ਧੀਆਂ ਧਨ ਨਿਮਾਨੜਾ ਲਗ ਅਗੇ,
ਹੋ ਬੇ ਅਜ਼ਰ ਧਾਵਨ, ਘੁਲ ਰਹਿੰਦੀ ਏ।
ਚਕ ਗਾਗਰਾਂ ਸਿਰਾਂ ਤੇ ਅਸੀਂ ਆਈਆਂ,
ਤੈਨੂੰ ਠੰਡ ਪਾਵਣ,ਘੁਲ ਰਹਿੰਦੀ ਏ ਨੀਂ।
ਆਵਣ ਆਂਢ ਗੁਆਂਢਣਾਂ ਗੌਣ ਕਰਨ,
ਗੁਨੂ ਤਾਵਣ ਘੁਲ ਮਹਿਦੀ ਏ ਨੀਂ।
ਤੇਰੇ ਬਾਝ ਇਹ ਕਾਜ ਕਵਾਰੀਆਂ ਦੇ,
ਨਹੀਂ ਜਗ ਭਾਵਨ, ਘੁਲ ਮਹਿਦੀ ਏ ਨੀਂ :

**ਮੁਹੰਮਦ ਬਾਰਕ ਅਲਾ** (੧੮੬੬—੧੮੭੧)

ਆਪਦਾ ਜਨਮ ਮੌਲਵੀ ਹਾਫਜ਼ ਅਹਿਮਦ ਦੇ ਘਰ ਪਿੰਡ ਲਖੋ ਕੇ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ। ਆਪ ਸੰਤ-ਸੁਭਾਅ ਵਿਦਵਾਨ ਸਨ, ਤੇ ਪਰ ਉਪਕਾਰ ਵਿਚ ਵਿਸ਼ਵਾਸ਼ ਰਖਦੇ ਸਨ। ਆਪਦੇ ਪਿਤਾ ਜੀ ਫਾਰਸੀ ਤੇ ਅਰਬੀ ਦੇ ਵਿਦਵਾਨ ਸਨ। ਉਹਨਾਂ ਤੋਂ ਹੀ ਆਪਨੇ ਇਹ ਬੋਲੀਆਂ ਸਿਖੀਆਂ। ਆਪਦੇ ਅਧਿਆਤਮਕ ਗੁਰੂ ਮੌਲਵੀ ਗੁਲਾਮ ਅਲੀ ਸ਼ਾਹ ਦਿਹਲਵੀ ਸਨ। ੧੮੬੪ ਵਿਚ ਆਪਦੀ ਪਹਿਲੀ ਪੁਸਤਕ 'ਅਨਵਾਰਮ

ਬਾਰਕ ਅਲਾ' ਪ੍ਰਕਾਸ਼ਿਤ ਹੋਈ। ਇਸ ਨਾਲ ਆਪ ਅਤੀਅੰਤ ਲੋਕ-ਪਰਵਾਨ ਹੋ ਗਏ। ਆਪਨੂੰ ਕਰਾਮਾਤੀ ਸ਼ਕਤੀਆਂ ਦਾ ਮਾਲਕ ਸਮਝਿਆ ਜਾਂਦਾ ਸੀ। ਇਕ ਵਾਰੀ ਆਪ ਮਸੀਤ ਦੇ ਹੁਜਰੇ ਵਿਚ ਆਰਾਮ ਕਰ ਰਹੇ ਸਨ ਕਿ ਮਮਦੋਟ ਦਾ ਨਵਾਬ ਜਮਾਨ ਦੀਨ ਖਾਨ ਆਪਨੂੰ ਮਿਲਣ ਆਇਆ। ਆਪਨੇ ਉਸ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰ ਦਿਤਾ ਤੇ ਉਸਦੇ ਅਨਿਆਂ ਤੇ ਭ੍ਰਿਸ਼ਟਾਚਾਰ ਨੂੰ ਕਰੜੇ ਸ਼ਬਦਾਂ ਵਿਚ ਨਿੰਦਿਆ। ਨਵਾਬ ਨੇ ਗੁਸੇ ਵਿਚ ਆ ਕੇ ਉਹਨਾਂ ਨੂੰ ਪਿੰਡੋਂ ਨਿਕਲ ਜਾਣ ਦਾ ਹੁਕਮ ਦਿਤਾ। ਆਪ ਪਰਵਾਰ ਸਮੇਤ ਬੇੜੀਆਂ ਵਿਚ ਬਹਿ ਕੇ ਹਜ ਕਰਨ ਲਈ ਚਲ ਪਏ। ਰਸਤੇ ਵਿਚ ਬਹਾਵਲਪੁਰ ਦੇ ਨਵਾਬ ਨੇ ਰੋਕ ਲਿਆ ਸਤਲੁਜ ਵਿਚ ਹੜ੍ਹ ਆ ਜਾਣ ਦਾ ਖਤਰਾ ਦਸਕੇ ਅਗੇ ਨਾ ਜਾਣ ਦਿਤਾ ਤੇ ਆਪਦਾ ਪੂਰਨ ਸਨਮਾਨ ਕੀਤਾ। ਉਧਰੋਂ ਹੜ੍ਹਾਂ ਕਾਰਨ ਮਮਦੋਟ ਦੀ ਰਿਆਸਤ ਤਬਾਹ ਹੋ ਗਈ। ਇਸ ਤੇ ਜਮਾਲ ਦੀਨ ਖਾਨ ਪਛਤਾਇਆ ਤੇ ਆਪਦਾ ਖਿਮਾਯਾਚਕ ਹੋਇਆ। ਆਪ ਵਾਪਸ ਪਿੰਡ ਆ ਗਏ ਪਰ ਨਵਾਬ ਨਾਲ ਕਲਾਮ ਨਾ ਕੀਤਾ। ਉਸ ਮੁਲਾਕਾਤ ਲਈ ਬੜਾ ਜ਼ੋਰ ਲਾਇਆ ਪਰ ਆਪਨੇ ਸ਼ਰਤ ਰਖੀ ਕਿ ਪਹਿਲਾਂ ਗਰੀਬਾਂ ਦਾ ਪੈਸਾ ਗਰੀਬਾ ਨੂੰ ਮੋੜ। ਨਵਾਬ ਇਸ ਵਿਚਾਰ ਨਾਲ ਸਹਿਮਤ ਨਾ ਹੋਇਆ।

ਆਪ ੧੨੮੭ ਹਿਜਰੀ ਵਿਚ ਚਲਾਣਾ ਕਰ ਗਏ।

ਆਪ ਸ਼ੁਧ ਪੰਜਾਬੀ ਦੇ ਕਵੀ ਸਨ। ਪਰ ਪੰਜਾਬੀ ਨੂੰ ਹਿੰਦੀ ਦਾ ਨਾਂ ਦੇਂਦੇ ਸਨ :

'ਮੈਂ ਲਿਖਿਆ ਆਲਮਗੀਰੀ ਵਿਚੋਂ ਹਿੰਦੀ ਕਰਾਬਿਆਤ'

ਆਪਨੇ ਵਧੇਰੇ ਕਰਕੇ ਅਧਿਆਤਮਵਾਦ ਦਾ ਵਿਸ਼ਾ ਹੀ ਨਿਭਾਇਆ ਹੈ। ਬਿੰਬਾਵਲੀ ਰੁਮਾਂਚਕ ਨਹੀਂ ਹੈ। ਸਾਧਾਰਨ ਜੀਵਨ ਹਾਂ ਆਪਦੇ ਚਿੰਤਨ ਨੂੰ ਟੁੰਬਦਾ ਹੈ।

**ਮੁਹੰਮਦ ਮੀਆਂ** (੧੮੩੦—੧੯੦੪)

ਆਪਦਾ ਜਨਮ ਜੰਮੂ ਰਿਆਸਤ ਦੇ ਜ਼ਿਲਾ ਮੀਰਪੁਰ ਦੇ ਪਿੰਡ ਖੇੜੀ ਵਿਚ ਮੀਆਂ ਸ਼ਮਸ ਦੀਨ ਕਾਦਰੀ ਦੇ ਘਰ ਹੋਇਆ। ਸ਼ਮਸਦੀਨ ਜੀ ਦੂਜੇ ਖਲੀਫਾ ਹਜ਼ਰਤ ਉਮਰ ਫਾਰੂਕ ਨਾਲ ਸਬੰਧਿਤ ਕਾਦਰੀ ਗਦੀ-ਪ੍ਰਣਾਲੀ ਦੇ ਕਲੰਦਰ (ਪੀਰ) ਸਨ। ਮੀਆਂ ਮੁਹੰਮਦ ਜੀ ਬਚਪਨ ਤੋਂ ਲੈ ਕੇ ਅੰਤ ਤਕ ਕਟੜ ਰੀਤੀਵਾਦ ਅਤੇ ਜਪ ਤਪ ਦੇ ਧਾਰਨੀ ਰਹੇ। ਆਪ ਸਾਂਝੀ ਪੰਜਾਬੀਅਤ ਵਿਚ ਵਿਸ਼ਵਾਸ ਰਖਦੇ ਸਨ ਅਤੇ ਸਭ ਨਾਲ ਪਿਆਰ ਕਰਦੇ ਸਨ। ਅਰਬੀ, ਫਾਰਸੀ ਅਤੇ ਮੁਸਲਮਾਨੀ ਧਰਮ-ਸਾਹਿਤ ਦੀ ਵਿਦਵਤਾ ਆਪਦੀ ਸ਼ਖਸੀਅਤ ਦਾ ਇਕ ਹਿਸਾ ਸੀ। ਆਪ ਸਾਧਾਰਨ ਗਲਾਂ ਵੀ ਕਈ ਵਾਰੀ ਤੁਕਾਂਤ ਵਿਚ ਕਰਦੇ ਸਨ ਅਤੇ ਖਤ ਵੀ ਕਵਿਤਾ ਵਿਚ ਲਿਖਦੇ ਸਨ।

੧੮੫੦ ਤਕ ਆਪ ਪੂੜ੍ਹ ਸਾਹਿਤਕਾਰ ਬਣ ਚੁਕੇ ਸਨ। ਇਸ ਸਮੇਂ ਤਕ ਸੀਹਰਫੀ, ਦੋਹਿੜਾ, ਗਜ਼ਲ ਦੇ ਕਾਵਿ-ਰੂਪਾਂ ਵਿਚ ਉਚੇਰੇ ਪੱਧਰ ਦੀ ਰਚਨਾ ਕਰਨ ਲਗ ਪਏ। ੧੮੬੨ ਵਿਚ ਆਪਨੇ 'ਸੈਫ਼ਲ ਮਲੂਕ' ਦੀ ਰਚਨਾ ਪੂਰਨ ਕਰ ਲਈ ਅਤੇ ਅਗਲੇ ਦਸ ਸਾਲਾ ਵਿਚ ਆਪ ਨੇ 'ਸਖੀ ਬਵਾਸ ਖਾਂ', ਕਿੱਸਾ 'ਮਿਰਜ਼ਾ ਸਾਹਿਬਾਂ', 'ਹਦਾਇਤ ਅਲਮਸਲਮੀਨ' ਆਦਿਕ ਕਲਾਸਕੀ ਰਚਨਾਵਾਂ ਰਚ ਲਈਆਂ। ਸੋਹਣੀ ਮਹੀਂਵਾਲ ਸ਼ੇਖ ਸਨਾਅਨ, ਸ਼ੀਰੀਂ ਫਰਹਾਦ, ਸ਼ਾਹ ਮਨਸੂਰ ਆਦਿਕ ਕਿੱਸੇ ਅਤੇ ਤੋਹਫਾ ਰਸੂਲੀਆ, ਤੋਹਫਾ ਮੀਰਾਂ ਅਤੇ ਗਲਜ਼ਾਰ ਫਕੀਰ ਆਦਿ ਕਾਵਿ-ਰਚਨਾਵਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ। ਸੈਫ਼ਲ ਮਲੂਕ ਨੂੰ ਭਾਸ਼ਾ ਵਿਭਾਗ, ਪਟਿਆਲਾ ਨੇ ੧੯੬੧ ਵਿਚ ਫਿਰ ਪ੍ਰਕਾਸ਼ਤ ਕੀਤਾ ਹੈ।

ਆਪ ਨੇ ਪੰਜਾਬੀ ਲਿਖਾਰੀ ਦੀ ਹੈਸੀਅਤ ਵਿਚ 'ਤਜ਼ਕਰਾ ਯਕਮੀਂ' ਨਾਂ ਦੀ ਪ੍ਰਸਿਧ ਫਾਰਸੀ ਪੁਸਤਕ ਲਿਖੀ ।

ਮੂਲ ਰੂਪ ਵਿਚ ਆਪ ਅਧਿਆਤਮਕ ਕਵੀ ਸਨ ਅਤੇ ਅਮਲੀ ਸਮਾਜਕ ਜ਼ਿੰਦਗੀ ਵਿਚ ਮਨੁਖਵਾਦੀ ਸੰਤ । ਨਿਮਰਤਾ, ਪਵਿਤਰਤਾ, ਮਿੱਠਤ, ਰਸਿਕਤਾ ਆਦਿ ਗੁਣ ਆਪਦੀ ਸ਼ੈਲੀ ਦਾ ਸ਼ਿੰਗਾਰ ਹਨ । ਆਪ ਦੀ ਬਲਵਾਨ ਕਾਲਪਨਿਕ ਸ਼ਕਤੀ ਦਾ ਅਨੁਮਾਨ ਅਮੀਰ ਬਿੰਬਾਵਲੀ ਤੋਂ ਲਾਇਆ ਜਾ ਸਕਦਾ ਹੈ । ਫਰੀਦ ਜੀ ਦੇ ਅਮਲੀ ਅਤੇ ਸਿਧਾਤ ਪ੍ਰਭਾਵ ਨੂੰ ਆਪਨੇ ਤੀਬਰਤਾ ਸਹਿਤ ਗ੍ਰਹਿਣ ਕੀਤਾ । ਪੱਠੋਹਾਰੀ ਸਭਿਆਚਾਰ ਵੀ ਆਪ ਲਈ ਪ੍ਰੇਰਨਾ ਦਾ ਸੋਮਾ ਸੀ :

ਜਿਸ ਦਿਲ ਅੰਦਰ ਇਸ਼ਕ ਨਾ ਰਚਿਆ,
ਕੁਤੇ ਉਸ ਤੋਂ ਚੰਗੇ ।
ਖਾਵੰਦ ਦੇ ਦਰ ਰਾਖੀ ਕਰਦੇ,
ਸਾਬਰ ਭੁਖੇ ਨੰਗੇ ।

---

ਲੋਏ ਲੋਏ ਭਰ ਲੈ ਕੁੜੀਏ
ਜੇ ਤੁਧ ਭਾਂਡਾ ਭਰਨਾ ।
ਸ਼ਾਮ ਪਈ ਬਿਨ ਸ਼ਾਮ ਮੁਹੰਮਦ
ਘਰ ਜਾਂਦੀ ਨੇ ਡਰਨਾ ।

---

ਸੂਰਜ ਵਾਂਗ ਨੂਰਾਨੀ ਮੱਥਾ
ਨਜ਼ਰ ਨਾ ਕੀਤੀ ਜਾਏ ।
ਜੇ ਪੱਥਰ ਦਿਲ ਵਾਲਾ ਤੱਕੇ
ਅੱਖੀਂ ਪਾਣੀ ਆਏ ।

---

ਜਾਦੂਗਰ ਦੋ ਨੈਨ ਕੁੜੀ ਦੇ
ਵਿਚ ਕਜਲੇ ਦੀ ਧਾਰੀ ।
ਸੂਫੀ ਦੇਖ ਹੋਵਣ ਮਸਤਾਨੇ
ਛਡਣ ਸ਼ਬ ਬੇਦਾਰੀ ।

**ਮੁਹੰਮਦ ਮੁਸਲਿਮ, ਮੌਲਵੀ** (੧੮੦੫—੧੮੮੦)

ਆਪਦਾ ਜਨਮ ਮੀਆਂ ਮੁਹੰਮਦ ਅਜ਼ੀਮ ਅਰਾਈਂ ਦੇ ਘਰ ਲੁਧਿਆਣੇ ਵਿਖੇ ਹੋਇਆ । ਆਪ ਬਚਪਨ ਤੋਂ ਹੀ ਆਧਿਆਤਮਵਾਦ ਵਿਚ ਦਿਲਚਸਪੀ ਲੈਣ ਲਗ ਪਏ ਸਨ । ਆਪ ਗਾਜ਼ੀ ਵੀ ਸਨ ਤੇ ਪਰਹੇਜ਼ਗਾਰ ਵੀ । ਅਰਬੀ ਫਾਰਸੀ ਦੇ ਵਿਦਵਾਨ ਸਨ ਅਤੇ ਇਨ੍ਹਾਂ ਹੀ ਬੋਲੀਆਂ ਦੇ ਅਧਿਆਪਕ ਵੀ ਸਨ । ਆਪਦਾ ਵਿਆਹ ਕਲਿਆਨਪੁਰ ਜ਼ਿਲਾ ਜਲੰਧਰ ਦੇ ਇਕ ਅਰਾਈਂ ਘਰ ਵਿਚ ਹੋਇਆ । ਉਮਰ ਦਾ ਪਿਛਲਾ ਕਾਫੀ ਹਿੱਸਾ ਆਪਨੇ ਗੜ੍ਹੇ (ਜਾਲੰਧਰ) ਵਿਚ ਬਿਤਾਇਆ । ਇਥੇ ਆਪਨੇ ਚਾਲ੍ਹੀ ਵਿਘੇ ਜ਼ਮੀਨ ਖਰੀਦ ਰਖੀ ਸੀ । ੧੮੪੭ ਵਿਚ ਅੰਗਰੇਜ਼ ਸਰਕਾਰ ਨੇ ਛਾਉਣੀ ਬਣਾਉਣ ਲਈ ਆਪ ਤੋਂ ੩੫ ਘੁਮਾਂ ਜ਼ਮੀਨ ਲੈ ਲਈ । ੧੮੫੦ ਵਿਚ ਆਪਨੇ ਜਾਲੰਧਰ ਦੇ ਬਾਜ਼ਾਰ ਸ਼ੇਖਾਂ ਵਿਚ ਕਿਤਾਬਾਂ ਦੀ ਦੁਕਾਨ ਖੋਲ੍ਹ ਲਈ । ਇਸ ਤੋਂ ਪਹਿਲਾਂ ਆਪਨੇ ਕੁਝ ਚਿਰ ਅੰਗਰੇਜ਼ ਸਰਕਾਰ ਦੇ ਅਧੀਨ ਬਾਰਕ ਮਾਸਟਰ ਦੀ ਨੌਕਰੀ ਵੀ ਕੀਤੀ ਸੀ । ਇਹੋ ਦੁਕਾਨ ਬਾਅਦ ਵਿਚ ਆਪਦੇ ਪੁੱਤਰ-ਪੋਤਰੇ ਅਲੀ ਮੁਹੰਮਦ, ਅਤਾ ਮੁਹੰਮਦ, ਅਬਦੁਲ ਨਜਾਤ ਅੱਲਾ ਅਤੇ ਅਬਦੁਲ ਰਹੀਮ ਚਲਾਉਂਦੇ ਰਹੇ ।

ਗੁਲਜ਼ਾਰ ਆਦਮ, ਗੁਲਜ਼ਾਰ ਮੂਸਾ, ਗੁਲਜ਼ਾਰ ਸਕੰਦਰੀ, ਗੁਲਜ਼ਾਰ ਮੁਹੰਮਦੀ ਆਦਿਕ ਆਪਦੀਆਂ ਪ੍ਰਸਿਧ ਪੁਸਤਕਾਂ ਹਨ । ਆਪਦਾ ਮੂਲ ਵਿਸ਼ੈ ਧਰਮ-

ਪਰਚਾਰ ਹੈ। ਪਰ ਨਾਲ ਹੀ ਕਾਵਿਕ ਪੂਰਨਤਾ ਆਪਦੇ ਕਲਾਕਾਰ ਹੋਣ ਦੀ ਸੂਚਕ ਹੈ। ਗੁਲਜ਼ਾਰ ਆਦਮ ਪੰਜਾਬ ਯੂਨੀਵਰਸਿਟੀ ਦੇ ਕੋਰਸ ਵਿਚ ਵੀ ਲਗੀ ਰਹੀ ਹੈ।

**ਮੁਹੰਮਦ ਰਮਜ਼ਾਨ, ਹਮਦਮ** (੧੮੭੭—੧੯੫੪)

ਆਪਦਾ ਜਨਮ ਲਾਹੌਰ ਅਕਬਰੀ ਮੰਡੀ ਦੇ ਵਸਨੀਕ ਸ਼ੇਖ ਅਲਾ ਬਖਸ਼ ਦੇ ਘਰ ਹੋਇਆ। ਸ਼ੇਖ ਸਾਹਿਬ ਚਿਤਰਕਾਰ ਸਨ ਪਰ ਹਮਦਮ ਜੀ ਚਾਅ ਦੇ ਬਾਵਜੂਦ ਵੀ ਇਧਰ ਕਾਮਯਾਬ ਨਾ ਹੋ ਸਕੇ। ਆਪਨੇ ਅਠਵੀਂ ਤਕ ਪੜ੍ਹਾਈ ਕੀਤੀ। ਕੁਝ ਚਿਰ ਰੇਲਵੇ ਵਿਚ ਨੌਕਰੀ ਕਰਨ ਤੇ ਅਫਰੀਕਾ ਦੀ ਸੈਰ ਕਰਨ ਪਿਛੋਂ ਆਪਨੇ ਸਈਅਦ ਮਿੱਠਾ ਬਾਜ਼ਾਰ ਵਿਚ ਕਿਤਾਬਾਂ ਦੀ ਦੁਕਾਨ ਖੋਲ੍ਹ ਲਈ। ਫਿਰ ਆਪਨੇ ਦੁਕਾਨਦਾਰੀ ਛਡ ਕੇ ਆਪਣਾ ਕਿੱਤਾ ਸਿਰਫ ਕਵਿਤਾਕਾਰੀ ਬਣਾ ਲਿਆ। ਸਈਅਦ ਫਜ਼ਲ ਸ਼ਾਹ, ਮੀਆਂ ਰਹੀਮ ਬਖਸ਼ ਉਰਫ ਰਹੀਮ ਯਾਰ, ਮੀਆਂ ਹਦਾਇਤ ਉਲਾ ਤੇ ਸ: ਲਾਹੌਰਾ ਸਿੰਘ ਦੀ ਸੰਗਤ ਦਾ ਮਾਣ ਆਪਨੂੰ ਬਚਪਨ ਵਿਚ ਪ੍ਰਾਪਤ ਹੋ ਚੁਕਾ ਸੀ। ਜਲਦੀ ਹੀ ਆਪ ਕਵੀ ਦਰਬਾਰ ਦੇ 'ਉਸਤਾਦ ਹਮਦਮ' ਬਣ ਗਏ। ਕਰਤਾਰ ਸਿੰਘ ਬਲੱਗਣ, ਬਾਬੂ ਫਿਰੋਜ਼ਦੀਨ ਸ਼ਰਫ, ਜਸਵੰਤ ਰਾਏ ਰਾਏ, ਸੁੰਦਰ ਦਾਸ ਜ਼ਰ, ਚਰਾਗਦੀਨ ਦਾਮਨ ਆਦਿਕ ਕਵੀ ਆਪਦੇ ਸ਼ਾਗਿਰਦ ਸਨ। ਆਪਨੂੰ ਗਲੇ ਦੀ ਬੀਮਾਰੀ ਸੀ ਜਿਸਦਾ ਇਲਾਜ ਮੀਉ ਹਸਪਤਾਲ ਵਾਲਿਆਂ ਲਾਪਰਵਾਹੀ ਨਾਲ ਕੀਤਾ। ਆਪ ਮੁੜ-ਦਿਆਂ ਰਾਹ ਵਿਚ ਬੇਹੋਸ਼ ਹੋਏ ਤੇ ਪਿਛੋਂ ਆਪਦਾ ਦੇਹਾਂਤ ਹੋ ਗਿਆ।

ਕਾਵਿ-ਸੰਗ੍ਰਹਿ 'ਹੀਰਿਆਂ ਦੀ ਕਾਨ' ਅਤੇ ਕਝ ਕਿੱਸੇ ਆਪਦੀ ਘਾਲਣਾ ਵਿਚ ਸ਼ਾਮਲ ਹਨ। 'ਕਲਮ ਤੇ ਤਲਵਾਰ' ਨਾਂ ਦੀ ਕਵਿਤਾ ਨੇ ਆਪਨੂੰ ਹਰਮਨ ਪਿਆਰਾ ਕੀਤਾ ਹੈ। ਨਾ-ਮਿਲਵਰਤਨ ਲਹਿਰ ਸਮੇਂ ਆਪਨੇ 'ਬੋਲ ਗਈ ਮਾਈ ਲਾਰਡ ਕੁਕੜੂ ਘੂੰ', ਕਵਿਤਾ ਲਿਖਕੇ ਅੰਗਰੇਜ਼ਾਂ ਉਤੇ ਵਿਅੰਗ ਕੀਤਾ। ਆਪਦੀ ਵਿਚਾਰਧਾਰਾ ਦ੍ਰਿੜ੍ਹ ਨਹੀਂ, ਸਾਧਾਰਨ ਹੈ। ਆਪ ਸ਼ਬਦ-ਕਲੌਲ ਦੇ ਵਿਸ਼ੇਸ਼ਗ ਹਨ। ਆਪਦੀ ਬੋਲੀ ਠੇਠ ਪੰਜਾਬੀ ਹੈ।

ਕਲਮ ਤੇ ਤਲਵਾਰ ਜਿਹੜੇ ਵਾਰੋ ਵਾਰੀ ਵਾਰ ਕੀਤੇ,
ਇਕੋ ਵਾਰੀ ਖੋਲ੍ਹ ਦਸਾਂ ਵਾਰਵਾਤ ਵਾਰ ਦੀ।

**ਮੁਹੰਮਦ ਸ਼ਾਹ** (-੧੮੮੩-)

ਆਪਦੀ ਪੁਸਤਕ 'ਕਿੱਸਾ ਸ਼ਾਹ ਮੁਹੰਮਦ ਦਾ' ਵਿਕਟੋਰੀਆ ਪ੍ਰੈਸ, ਲਾਹੌਰ ਨੇ ੧੮੮੩ ਈ: ਵਿਚ ਪ੍ਰਕਾਸ਼ਿਤ ਕੀਤੀ (ਵੇਖੋ ਸ਼ਾਹ ਮੁਹੰਮਦ)।

**ਮੁਹੰਮਦ ਸ਼ਾਹਿਬਾਜ਼ ਮਲਕ**

ਵੇਖੋ

ਮਲਕ ਮੁਹੰਮਦ ਸ਼ਹਿਬਾਜ਼

**ਮਿਹਰ ਸਿੰਘ, ਐਚ. ਐਸ.** (੧੯੧੮—ਜੀਵਤ)

ਜਨਮ ਗੁਜਰਾਂਵਾਲੇ ਵਿਚ ਹੋਇਆ। ੧੯੩੫ ਵਿਚ ਰੋਜ਼ਾਨਾ 'ਤੂਫਾਨ' ਉਰਦੂ ਅਤੇ ੧੯੩੭-੩੮ ਵਿਚ 'ਰਹਿ ਨੁਮਾਏ ਤਜਾਰਤ' ਉਰਦੂ ਦੇ ਸੰਪਾਦਕ ਰਹੇ।

ਵੰਡ ਪਿਛੋਂ ਆਪਨੇ ਪਟਿਆਲਿਉਂ ਹਫਤੇਵਾਰ 'ਰਣਜੀਤ' ਕਢਿਆ। ਕੁਝ ਚਿਰ 'ਅਕਾਲੀ ਯੋਧਾ' ਵਿਚ ਵੀ ਰਹੇ।

੧੯੫੨ ਤੋਂ ਆਪ ਰੋਜ਼ਾਨਾ 'ਰਣਜੀਤ' ਪਟਿਆਲਾ ਦੇ ਸੰਪਾਦਕ ਹਨ।

ਆਪਦਾ ਸਥਾਨ ਉੱਚੇਰੇ ਤੇ ਵਿਚਾਰਸ਼ੀਲ ਪਤਰਕਾਰਾਂ ਵਿਚ ਹੈ।

**ਮੇਹਰ ਸਿਘ ਮੇਹਰ** (-੧੯੩੩-)

ਆਪ ਵੰਡ—ਪੂਰਵ ਦੇ ਅਪਰਾਧ-ਗਲਪਕਾਰਾਂ ਵਿਚ ਵਿਸ਼ੇਸ਼ ਸਥਾਨ ਰਖਦੇ ਹਨ।

'ਸਤਵੰਤੀ ਸੁੰਦਰਾਂ ਹਥੋਂ ਪੰਜ ਖੂਨ' ਨਾਵਲ ਅਤੇ ਚੰਨਣ ਹਾਰ', 'ਲੁੱਚ ਮੰਡਲੀ', 'ਸਤ ਸਤਵੰਤੀਆ' ਆਦਿਕ ਕਹਾਣੀ ਸੰਗ੍ਰਹਿ ਆਪਦੀ ਰਚਨਾ ਦਾ ਵਰਨਣ -ਯੋਗ ਭਾਗ ਹਨ।

**ਮਿਹਰ ਸਿੰਘ ਰਢੇਲ** (੧੯੦੬—ਜੀਵਤ)

ਜਨਮ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਬਾਲ-ਯਤੀਮ ਹੋਣ ਕਾਰਨ ਆਰਥਕ ਮਦਹਾਲੀ ਦਾ ਸ਼ਿਕਾਰ ਰਹੇ। ਭਾਈ ਮੋਹਨ ਸਿਘ ਵੈਦ ਨੇ ਆਪਨੂੰ ਸੈਂਟਰਲ ਯਤੀਮ ਖਾਨਾ ਅੰਮ੍ਰਿਤਸਰ ਵਿਚ ਦਾਖ਼ਲ ਕਰਾ ਦਿਤਾ। ਉਹਨਾਂ ਦੇ ਸਹਿਯੋਗ ਨਾਲ ਆਪਨੇ ਬੀ. ਏ. ਤਕ ਵਿਦਿਆ ਪ੍ਰਾਪਤ ਕੀਤੀ ਤੇ 'ਖਾਲਸਾ ਐਡਵੋਕੇਟ' ਅੰਮ੍ਰਿਤਸਰ ਦੇ ਸੰਪਾਦਕ ਲਗ ਗਏ। ਇਸ ਪਤਰ ਦਾ ਪ੍ਰਸਿਧ 'ਰਾਗਮਾਲਾ ਅੰਕ' ਵੀ ਆਪਦੀ ਸੰਪਾਦਕੀ ਹੇਠ ਹੀ ਪ੍ਰਕਾਸ਼ਿਤ ਹੋਇਆ।

ਆਪ ਬੜੇ ਵਿਚਾਰਸ਼ੀਲ ਪਤਰਕਾਰ ਹਨ।

**ਮਹਿਦਰ ਸਿੰਘ ਨੰਧਾਵਾ**

ਵੇਖੋ
ਰੰਧਾਵਾ, ਮਹਿਦਰ ਸਿਘ

**ਮਹਿਰਮ, ਦੀਵਾਨ ਸਿੰਘ**

ਵੇਖੋ
ਦੀਵਾਨ ਸਿਘ ਮਹਿਰਮ

**ਮੁਕਬਲ** (ਅਠਾਰ੍ਹਵੀਂ ਸਦੀ)

ਪੂਰਾ ਨਾਮ ਹਾਫਜ਼ ਸ਼ਾਹ ਜਹਾਨ ਤੇ ਉਪਨਾਮ ਮੁਕਬਲ ਹੈ। ਆਪ ਅੰਨ੍ਹੇ ਸਨ :

ਇਹ ਆਜਿਜ਼ ਹੈ ਭਾਈਓ ਅੱਖਾਂ ਥੀਂ ਮਾਜੂਰ

ਵਾਰਸ ਦੇ ਵਡੇਰੇ ਸਮਕਾਲੀ ਸਨ। ਮਸੀਤ ਤੋਂ ਸਾਧਾਰਨ ਵਿਦਿਆ ਪ੍ਰਾਪਤ ਕੀਤੀ।

'ਹੀਰ' ਤੇ 'ਜੰਗਨਾਮਾ ਕਰਬਲਾ' ਆਪਦੀਆਂ ਪ੍ਰਸਿਧ ਰਚਨਾਵਾਂ ਹਨ। ਜੰਗਨਾਮੇ ਵਿਚ ਧਾਰਨਾਂ ਦੋਹੇ ਜਾਂ ਸੱਦ ਦੀ ਹੈ ਤੇ ਕਰੁਣਾ ਰਸ ਪਰਧਾਨ ਹੈ। ਬੋਲੀ ਕੇਂਦਰੀ ਤੇ ਅਤੀਅੰਤ ਸਰਲ ਹੈ। ਫ਼ਾਰਸੀ ਸ਼ਬਦਾਂ ਦਾ ਤਤਸਮ ਤੇ ਤਦਭਵ ਪ੍ਰਯੋਗ ਕਾਫ਼ਾਂ ਮਿਲਦਾ ਹੈ। ਆਪਨੂੰ ਬੈਂਤ ਦਾ ਬਾਨੀ ਮੰਨਿਆ ਜਾਂਦਾ ਹੈ। ਹੀਰ ਵਿਚ ਚੌਕਲੀਏ ਬੈਂਤ ਬੜੇ ਰਸਦਾਇਕ ਹਨ। ਹਰ ਚੌਥੀ ਤੁਕ ਦਾਰਸ਼ਨਿਕ ਹੁੰਦੀ ਹੈ। ਵਾਰਸ ਦੇ ਵਿਪਰੀਤ ਸੰਖੇਪ ਹਨ, ਅਰਥਾਤ ਮੂਲ ਕਹਾਣੀ ਵਲ ਵਧੇਰੇ ਜ਼ੋਰ ਦਿੰਦੇ ਹਨ। ਹੀਰ ਨੂੰ ਦੁਖਾਂਤ ਬਣਾਉਣ ਵਿਚ ਵੀ ਪਹਿਲ ਕੀਤੀ ਹੈ। ਸਾਮਿਅਕ ਸਮਾਜਕ ਦੇ ਰੀਤੀ-ਰਿਵਾਜ ਨੂੰ ਭੰਡਿਆ ਹੈ। ਡਾਕਟਰ ਬਨਾਰਸੀ ਦਾਸ ਨੇ ਪਹਿਲੀ ਵਾਰੀ 'ਹੀਰ ਮੁਕਬਲ' ਨੂੰ ਸੰਪਾਦਿਤ ਕਰਕੇ ਪਜਾਬ ਯੂਨੀਵਰਸਿਟੀ ਲਾਹੌਰ ਰਾਹੀਂ ਪ੍ਰਕਾਸ਼ਿਤ ਕਰਵਾਇਆ।

**ਮੈਕਾਲਿਫ, ਐਮ** (-੧੮੮੫-)

ਆਪਦੀ ੨੮੮ ਸਫ਼ਿਆਂ ਵਾਲੀ ਇਤਿਹਾਸ ਪੁਸਤਕ ਗੁਲਸ਼ਨ ਪੰਜਾਬ ਪ੍ਰੈਸ ਰਾਵਲਪਿੰਡੀ ਨੇ ੧੮੮੫ ਵਿਚ ਪਕਾਸ਼ਿਤ ਕੀਤੀ।

**ਮਜ਼ੱਹ ਸੰਤ ਰਾਮ** (-੧੯੩੯-)

ਆਪਦੀ ਸਿਹਤ ਪੁਸਤਕ 'ਅਰੋਗਤਾ ਅੰਮ੍ਰਿਤ' ੧੯੩੯ ਵਿਚ ਅਤੇ ਦਰਸ਼ਨ-ਪੁਸਤਕ ਮਨਜੀਤੇ

ਜਜੀਤ'' ੧੯੧੮ ਵਿਚ ਪ੍ਰਕਾਸ਼ਿਤ ਹੋਈ। ਦੂਜੀ ਪੁਸਤਕ ਸਿੱਖ ਪਬਲਿਸ਼ਿੰਗ ਹਾਊਸ ਅੰਮ੍ਰਿਤਸਰ ਨੇ ਛਾਪੀ ।

**ਮੱਖਣ ਸਿੰਘ ਐਮ. ਐਸ.** (-੧੯੧੧-)

ਆਪਦਾ ਨਾਵਲ 'ਰਾਜ ਕੁਮਾਰੀ ਚੰਪਾ' ਦਿਆ ਸਿੰਘ ਲਾਹੌਰ ਨੇ ੧੯੧੧ ਵਿਚ ਪ੍ਰਕਾਸ਼ਿਤ ਕੀਤਾ।

**ਮੁਖਤਿਆਰ ਸਿੰਘ ਅੌਲਖ** (੧੬ ਜੂਨ ੧੯੩੩—ਜੀਵਤ)

ਆਪ ਪਿੰਡ ਚੁਗਨਵਾਨ ਜ਼ਿਲਾ ਅੰਮ੍ਰਿਤਸਰ ਦੇ ਨਿਵਾਸੀ ਸ੍ਰੀ ਦਲੀਪ ਸਿੰਘ ਦੇ ਸਪੁੱਤਰ ਹਨ । ਬੀ. ਐਸ. ਸੀ. (ਖੇਤੀਬਾੜੀ) ਕਰਨ ਪਿਛੋਂ ਨਾਭੇ ਦੇ ਗ੍ਰਾਮ ਸੇਵਕ ਸੈਂਟਰ ਵਿਚ ਕੰਮ ਕਰ ਰਹੇ ਹਨ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਮਖੱਫੀ ਬੀਬੀ** (੧੮੭੨—?)

ਆਪਦਾ ਜਨਮ ਮੁਲਤਾਨ ਵਿਚ ਹੋਇਆ। ਅਧਿਆਤਮਕ ਉਚਤਾ ਨੇ ਆਪਦਾ ਆਚਰਣ ਸਿਖਰਾਂ ਤਕ ਪਹੁੰਚਾ ਦਿਤਾ ਸੀ। 'ਗੁਲਜ਼ਾਰ ਆਦਿਮ ਦੇ ਕਰਤਾ' ਮੌਲਵੀ ਮੁਹੰਮਦ ਹੁਸੈਨ ਅਹਿਮਦਾਬਾਦੀ ਆਪਦੀ ਕਵਿਤਾ ਸੋਧਦੇ ਹੁੰਦੇ ਸਨ।

ਮੱਖਫੀ ਅਸਰਾਰ, ਤਾਲੀਮ ਅਲਨਸਾ (੧੯੦੧) ਅਤੇ ਇਸ਼ਕ ਹਕਾਨੀ ਆਪਦੀਆਂ ਪ੍ਰਸਿਧ ਪ੍ਰਕਾਸ਼ਿਤ ਰਚਨਾਵਾਂ ਹਨ। ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਆਪ ਸਾਦਗੀ, ਉਪਦੇਸ਼ ਅਤੇ ਸਰਲਤਾ ਭਰਪੂਰ ਪੰਜਾਬੀ ਬੋਲੀ ਵਰਤਦੇ ਸਨ ;—

ਮੋਮਣ ਭੈਣਾਂ ਕਾਰਨ ਮੇਰੀ, ਇਹ ਨਸੀਹਤ ਭਾਰੀ।
ਹੈ ਕਾਮਲ ਉਸਤਾਦੋਂ ਨਾ ਕੋਈ ਮੇਰੀ ਸਨਅਤਕਾਰੀ।
ਸੁਖਨ ਸਵਾਰੇ ਕਾਮਿਲ ਮੁਰਸ਼ਿਦ ਜਿਸਦਾ ਉਸਤਾਕਾਰੀ।
ਮੁਸਲਿਮ ਭੈਣਾਂ ਪੜ੍ਹ ਕੇ ਇਸਨੂੰ ਲੈਣ ਨਸੀਹਤ ਕਾਰੀ।
—ਤਾਲੀਮ ਅਲਨਸਾ

ਜਦ ਤਕ ਗੁੰਚਾ ਪਰਦੇ ਅੰਦਰ, ਹੋਵੇ ਵਿਚ ਖੁਸ਼ਹਾਲੀ।
ਜਦੋਂ ਨਕਾਬ ਉਤਾਰੇ ਇਸ ਤੋਂ,ਤੋੜ ਲਿਜਾਵਣ ਮਾਲੀ।

**ਮੁਖੱਲਸ**

ਵੇਖੋ

ਹਾਸ਼ਮ ਸ਼ਾਹ ਮੁਖੱਲਸ, ਕੁਰੈਸ਼ੀ

**ਮਖਜ਼ੀਨ ਅਦੱਵੀਆਤ**

ਆਪਦਾ ਨਾਵਲ 'ਛੋਟੀ ਨੂੰਹ' ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ। 'ਇਸਤ੍ਰੀ ਸਿਖਿਆ' ਅਤੇ 'ਘਰ ਦਾ ਨਿਰਬਾਹ' ਦੋ ਪੁਸਤਕਾਂ ਆਪ ਨੇ ਇਸਤ੍ਰੀ ਸਬੰਧੀ ਲਿਖੀਆਂ ਹਨ।

**ਮਾਂਗਟ, ਹਰਭਜਨ ਸਿੰਘ** (੧੩ ਮਈ ੧੯੩੪—ਜੀਵਤ)

ਜਨਮ ਪਿੰਡ ਬੇਗੋਵਾਲ, ਜ਼ਿਲਾ ਪਟਿਆਲਾ ਵਿਚ ਸੂਬੇਦਾਰ ਗੁਰਬਚਨ ਸਿੰਘ ਮਾਂਗਟ ਦੇ ਘਰ ਮਾਤਾ ਤੇਜ ਕੌਰ ਦੇ ਉਦਰ ਤੋਂ ਹੋਇਆ। ਵਿਦਿਆ ਬੀ. ਏ. ਤਕ ਹੈ। ੧੯੫੩ ਤੋਂ ਹਵਾਈ ਫੌਜ ਦੀ ਨੌਕਰੀ ਕਰ ਰਹੇ ਹਨ। ਇਸ ਸਬੰਧ ਵਿਚ ਆਪ ਨੂੰ ਭਾਰਤ ਦੇ ਵਖੋ ਵਖ ਹਿਸਿਆਂ ਵਿਚ ਜਾਣ ਦਾ ਮੌਕਾ ਮਿਲਿਆ ਹੈ।

ਪ੍ਰਸਿਧ ਮਾਸਕ ਪਤਰਾਂ ਵਿਚ ਆਪਦੀਆਂ ਕਵਿਤਾਵਾਂ ਕਹਾਣੀਆਂ ਛਪ ਚੁਕੀਆਂ ਹਨ।

**ਮੰਗਲ ਸਿੰਘ ਅਰਸ਼ੀ ਫਰਿਸ਼ਤਾ**

ਆਪ 'ਸਤਿਯੁਗ' ਨਾਮਧਾਰੀ ਸਪਤ ਹਿਕ ਦੇ ਸੰਪਾਦਕ ਰਹੇ ਹਨ।

**ਮੰਗਲ ਸਿੰਘ, ਗਿੱਲ**

ਵੇਖੋ

ਗਿੱਲ, ਮੰਗਲ ਸਿੰਘ

**ਮੰਗਲ ਸਿੰਘ ਲਾਇਲਪੁਰੀ** (ਜੀਵਤ)

ਆਪਦਾ ਜਨਮ ਲਾਇਲਪੁਰ ਵਿਚ ਹੋਇਆ।

ਆਪਦਾ ਸਥਾਨ ਉਚੇਰੇ ਨਾਮਧਾਰੀ ਵਿਦਵਾਨਾਂ ਵਿਚ ਹੈ। ਕਾਫੀ ਚਿਰ ਰੋਜ਼ਾਨਾ 'ਨਵਾਂ ਹਿੰਦੁਸਤਾਨ' ਨਵੀਂ ਦਿਲੀ ਦੇ ਸੰਪਾਦਕ ਰਹੇ। ਸ੍ਰੀ ਧਨੀ ਰਾਮ ਚਾਤ੍ਰਿਕ ਆਪਦੇ ਸੱਕੇ ਭਾਇਆ ਜੀ ਸਨ।

'ਨਾਮਧਾਰੀ ਕਿਰਨਾਂ' ਆਪਦਾ ਕਹਾਣੀ ਸੰਗ੍ਰਹਿ ਹੈ। ਤ੍ਰੈਮਾਸਕ 'ਨਾਮਧਾਰੀ ਸਮਾਚਾਰ' (ਹਿੰਦੀ) ਦੇ ਵੀ ਸੰਪਾਦਕ ਹਨ।

**ਮਿਗਲਾਨੀ, ਦਿਆਲ ਚੰਦ** (੧੮ ਅਪ੍ਰੈਲ ੧੯੧੭-ਜੀਵਤ)

ਜਨਮ ਚੱਕ ੯੩ ਜੀ. ਬੀ., ਜ਼ਿਲਾ ਲਾਇਲਪੁਰ ਵਿਚ ਚੌਧਰੀ ਆਤਮਾ ਰਾਮ ਮਿਗਲਾਨੀ ਦੇ ਘਰ ਹੋਇਆ। ਲਾਇਲਪੁਰ ਤੇ ਕਬੀਰ ਵਾਲਾ (ਮੁਲਤਾਨ) ਵਿਚ ਵੀ ਰਹਿੰਦੇ ਰਹੇ ਹਨ ਤੇ ਵੰਡ ਪਿਛੋਂ ਰੋਹਤਕ ਆ ਟਿਕੇ ਹਨ। ਵਿਦਿਆ ਵਿਚ ਦਸਵੀਂ, ਗਿਆਨੀ ਤੇ ਓ. ਟੀ. ਦਾ ਪੜ੍ਹਨਾ ਤੇ ਜ਼ਿੰਦਗੀ ਦਾ ਗੁੜ੍ਹਨਾ ਸ਼ਾਮਲ ਹੈ। ਪਾਕਿਸਤਾਨ ਵਿਚ ਸ਼ਾਹੂਕਾਰਾ ਕਰਦੇ ਸਨ। ਕੁਝ ਚਿਰ ਡਰਾਮਾ ਇੰਸਪੈਕਟਰ ਤੇ ਫਿਰ ਸੱਤ ਸਾਲ ਵੈਸ਼ ਹਾਈ ਸਕੂਲ ਰੋਹਤਕ ਦੇ ਅਧਿਆਪਕ ਰਹਿਣ ਪਿਛੋ ਅਜ ਕਲ ਲੋਕ-ਸੰਪਰਕ ਵਿਭਾਗ ਰੋਹਤਕ ਵਿਚ ਪਬਲਿਸਿਟੀ ਸੁਪਰਵਾਈਜ਼ਰ ਹਨ। ਕਵੀ ਦਰਬਾਰਾਂ ਵਿਚ ਆਪਦੀਆਂ ਸਰੋਦ-ਕਵਿਤਾਵਾਂ ਬੜੀਆਂ ਸਫਲ ਹਹਿੰਦੀਆਂ ਹਨ।

'ਬਲ ਵੇ ਦੀਵੜਿਆ' (੧੯੫੬) ਤੇ 'ਧਾਰਮਕ ਗੀਤ' (੧੯੫੭) ਆਪਦੇ ਦੋ ਕਾਵਿ-ਸੰਗ੍ਰਹਿ ਹਨ। ਪੰਜਾਬੀ ਦੇ ਸਰਵੋਤਮ ਰਸਾਲਿਆਂ ਵਿਚ ਆਪਦੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ।

ਕਵਿਤਾ ਵਿਚ ਸਰੋਦ ਦੀ ਪਰਧਾਨਤਾ ਹੈ। ਸਾਂਝੀ ਪੰਜਾਬੀ ਕਲਚਰ ਦੇ ਧਾਰਨੀ ਹਨ।

**ਮੇਘ ਸਿੰਘ** (ਉਨ੍ਹੀਵੀਂ ਸਦੀ)

ਆਪਦਾ ਸਬੰਧ ਰਾਮਗੜ੍ਹੀਆ ਵੰਸ਼ ਨਾਲ ਹੈ। ਆਪ ਸਮੇਂ ਦੇ ਪ੍ਰਸਿਧ ਕਵੀ ਤੇ ਚਿਤਰਕਾਰ ਸਨ।

ਆਪਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਕੰਪਤ ਮੇਰੁ ਕੁਮੇਰ,
ਦੇਰ ਲਗ ਦਿੱਗੜ ਡੋਲਤ।
ਵਿੰਧਯ ਟੂਕ ਹ੍ਵੈ ਜਾਤ,
ਸਿੰਧੁ ਸੂਕਤ ਜਿਯ ਬੋਲਤ।

'ਗੁਰ-ਮਹਿਮਾ' ਆਪਦੀ ਰਚਨਾ ਦਾ ਪ੍ਰਧਾਨ ਪੱਖ ਹੈ। ਕਲਾਸਕੀ ਬ੍ਰਿਜ ਭਾਸ਼ਾ ਦਾ ਮਾਧਿਅਮ ਆਪ ਨੂੰ ਸੁਖਦਾਇਕ ਮਹਿਸੂਸ ਹੁੰਦਾ ਹੈ।

**ਮੇਜਾ ਸਿੰਘ ਹਮਦਰਦ** (-੧੯੪੭-)

'ਸਾਵੇ ਪੱਤਰ' ਅਤੇ 'ਦਿਲ ਦਬੀਆਂ' ਆਪ ਦੇ ਦੋ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। 'ਧਰਮ ਪ੍ਰਵਾਨੇ' ਨਾਂ ਦਾ ਜੀਵਨੀ-ਸੰਗ੍ਰਹਿ ਵੀ ਆਪਦੀ ਸਾਹਿਤ ਘਾਲਣਾ ਵਿਚ ਸ਼ਾਮਲ ਹੈ। ਆਪਦੀਆਂ ਸਾਰੀਆਂ ਪੁਸਤਕਾਂ ਜਵਾਹਰ ਸਿੰਘ ਕਿਰਪਾਲ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀਆਂ ਹਨ।

**ਮਾਜਰ ਸਦੀਕੀ** (੧ ਜੂਨ, ੧੯੩੪—ਜੀਵਤ)

ਆਪ ਚਕਵਾਲ, ਤਹਿਸੀਲ ਜਿਹਲਮ ਦੇ ਹਨ। ਵਿਦਿਆ ਬੀ. ਏ. ਤਕ ਹੈ। ੧੯੫੩

ਤੋਂ ਪੰਜਾਬੀ ਵਿਚ ਕਵਿਤਾਵਾਂ ਅਤੇ ਕਹਾਣੀਆਂ ਲਿਖ ਰਹੇ ਹਨ ।

ਪਾਕਿਸਤਾਨ ਦੇ ਉਹਨਾਂ ਪੰਜਾਬੀ ਕਵੀਆਂ ਵਿਚ ਹਨ, ਜਿਨ੍ਹਾਂ ਦਾ ਝੁਕਾਅ ਆਧੁਨਿਕਤਾ ਅਤੇ ਅਨੁਭਵ ਪਰਧਾਨਤਾ ਵਲ ਹੈ ।

ਮੇਰੇ ਮੂੰਹ ਤੇ,
ਮੁੱਦਤਾਂ ਹੋਈਆਂ
ਵਜਿਆ ਏ ਚੁਪ ਦਾ ਤਾਲਾ,
ਰੁਖਾਂ ਨੂੰ ਕਿਸ ਦਸ ਦਿਤਾ ਏ,
ਭੇਤ ਮੇਰੇ ਦਿਲ ਵਾਲਾ ।

(ਪਤਝੜ)

**ਮਝੈਲ, ਈਸ਼ਰ ਸਿੰਘ**

ਵੇਖੋ
ਈਸ਼ਰ ਸਿੰਘ ਮਝੈਲ

**ਮੁੰਤਜ਼ਿਰ, ਕਰੀਮ ਦੀਨ**

ਵੇਖੋ
ਕਰੀਮ ਦੀਨ ਮੁੰਤਜ਼ਿਰ

**ਮਥੁਰਾ**

ਵੇਖੋ
ਕਲਸਹਾਰ

**ਮਦਾਨ, ਜਗਦੀਸ਼ ਲਾਲ** (੨੦ ਜੁਲਾਈ ੧੯੪੦—ਜੀਵਤ)

ਆਪ ਸ੍ਰੀ ਥਾਰਾ ਰਾਮ ਦੇ ਸਪੁਤਰ ਹਨ । ਓਵਰ-ਸੀਅਰ ਦਾ ਕੰਮ ਕਰਦੇ ਹਨ ।

ਪੰਜਾਬੀ ਵਿਚ ਨਿਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ ।

**ਮਦਨ ਮੋਹਨ ਸਿੰਘ** (—ਜੀਵਤ)

ਆਪ ਪਰਮੁਖ ਪੰਜਾਬੀ ਸਾਹਿਤਾਚਾਰੀਆਂ ਭਾਈ ਵੀਰ ਸਿੰਘ ਦੇ ਸਪੁਤਰ ਹਨ ।

'ਭਾਈ ਵੀਰ ਸਿੰਘ ਦੀਆਂ ਰਚਨਾਵਾਂ' ਪੜਚੋਲ ਪੁਸਤਕ ਆਪਦੀ ਰਚਨਾ ਵਿਚ ਸ਼ਾਮਲ ਹੈ ।

**ਮਦਨ ਮੋਹਨ ਸਾਦਿਕ** (੧੪ ਸਤੰਬਰ ੧੯੩੭—ਜੀਵਤ)

ਜਨਮ ਬੜਿੰਗ, ਜ਼ਿਲਾ ਜਲੰਧਰ ਦੇ ਨਿਵਾਸੀ ਪ੍ਰੋ: ਤਾਰਾ ਸਿੰਘ ਦੇ ਘਰ ਹੋਇਆ ।

ਬਹੁਤ ਸਾਰੀਆਂ ਕਵਿਤਾਵਾਂ, ਕਹਾਣੀਆਂ ਪੰਜਾਬੀ ਪਤਰਾਂ ਵਿਚ ਛਪ ਚੁਕੀਆਂ ਹਨ ।

**ਮਧੁਰ, ਮਨਜੀਤ ਕੌਰ**

ਵੇਖੋ
ਮਨਜੀਤ ਕੌਰ ਮਧੁਰ

**ਮਾਨ ਸਿੰਘ, ਕੋਕਰੀ ਕਲਾਂ** (੩੧ ਅਗਸਤ ੧੯੨੭—ਜੀਵਤ)

ਜਨਮ ਪਿੰਡ ਕੋਕਰੀ ਕਲਾਂ, ਜ਼ਿਲਾ ਫੀਰੋਜ਼ਪੁਰ ਵਿਚ ਸ: ਤਾਰਾ ਸਿੰਘ ਦੇ ਘਰ ਹੋਇਆ । ਅਧਿਆਪਕ ਦਾ ਕੰਮ ਕਰਦੇ ਹਨ ।

'ਪ੍ਰੀਤ ਪੰਧ' ਵਿਚ ਆਪਦੀਆਂ ਕਵਿਤਾਵਾਂ ਦਰਜ ਹਨ ।

ਆਪ ਬੜੇ ਖੁਦਦਾਰ ਅਤੇ ਪ੍ਰਗਤੀਵਾਦੀ ਕਵੀ ਹਨ ।

**ਮਾਨ ਸਿੰਘ, ਕਾਲੀਦਾਸ**

ਵੇਖੋ

ਕਾਲੀਦਾਸ ਗੁਜਰਾਂਵਾਲੀਆ

**ਮਾਨ ਸਿੰਘ ਜੱਜ**

ਆਪਦਾ ਸਬੰਧ ਅੰਬਾਲੇ ਜ਼ਿਲੇ ਨਾਲ ਹੈ। ਬੀ. ਏ. ਅਤੇ ਐਲ-ਐਲ. ਬੀ. ਦੀਆਂ ਯੋਗਤਾਵਾਂ ਆਪਦੀ ਵਿਦਿਆ ਵਿਚ ਸ਼ਾਮਲ ਹਨ। ਸਿੰਘ ਸਭਾ ਅਤੇ ਚੀਫ ਖਾਲਸਾ ਦੀਵਾਨ ਦੀਆਂ ਲਹਿਰਾਂ ਵਿਚ ਆਪ ਕਾਫੀ ਸਰਗਰਮ ਰਹਿੰਦੇ ਸਨ।

'ਖਾਲਸਾ ਯੰਗਮੈਨ ਮੈਗਜ਼ੀਨ' ਨੂੰ ਆਪ ਸੰਪਾਦਤ ਕਰਿਆ ਕਰਦੇ ਸਨ। ਆਪ ਨੇ ਗੁਰੂ ਘਰ ਦੀ ਵਿਚਾਰ ਧਾਰਾ ਨੂੰ ਅੰਗਰੇਜ਼ੀ ਤੇ ਪੰਜਾਬੀ ਮਾਧਿਅਮਾਂ ਵਿਚ ਬੜੀ ਸਰਲਤਾ ਸਹਿਤ ਪ੍ਰਗਟ ਕੀਤਾ ਹੈ।

**ਮਨੀ ਸਿੰਘ, ਭਾਈ** (੧੬੬੯—੧੭੩੯ ਅੰਦਾਜ਼ਨ)

ਜਨਮ ਪਿੰਡ ਕੋਥੋਵਾਲ, ਤਹਿਸੀਲ ਸੁਨਾਮ, ਜ਼ਿਲਾ ਫੀਰੋਜ਼ਪੁਰ ਵਿਖੇ ਚੌਧਰੀ ਕਾਲੇ ਦੇ ਘਰ ਹੋਇਆ। ਪੰਜ ਸਾਲ ਦੀ ਉਮਰ ਵਿਚ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਖਸੀ ਸਰਪ੍ਰਸਤੀ ਵਿਚ ਆ ਗਏ। ਉਹਨਾਂ ਦੀ ਸ਼ਹੀਦੀ ਤੋਂ ਬਾਅਦ ਆਪ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ। ਉਹਨਾਂ ਨਾਲ ਆਪਦੇ ਬਹੁਤ ਨਜ਼ਦੀਕੀ ਸਬੰਧ ਸਨ। ਤਕਰੀਬਨ ੧੭੦੪-੫ ਈਸਵੀ ਵਿਚ ਗੁਰੂ ਸਾਹਿਬ ਦੇ ਕਹਿਣ ਉਤੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਕੁਝ ਨਵੀਆਂ ਤਰਤੀਬਾਂ ਸਹਿਤ ਮੁੜ ਕੇ ਲਿਖਿਆ। ਫਿਰ ੧੭੨੧ ਵਿਚ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪਤਨੀ ਨੇ ਹਰਮੰਦਰ ਸਾਹਿਬ ਦਾ ਗਰੰਥੀ ਮੁਕੱਰਰ ਕੀਤਾ। ੧੭੩੭—੩੯ ਵਿਚ ਇਨਕਲਾਬੀ ਤੇ ਮਨੁਖਵਾਦੀ ਸਰਗਰਮੀਆਂ ਦੇ ਪ੍ਰਤੀਕਰਮ ਵਿਚ ਜ਼ਕਰੀਆ ਖਾਨ ਨੇ ਆਪ ਨੂੰ (ਬੰਦ ਬੰਦ ਕਟ ਕੇ) ਮਰਵਾ ਦਿਤਾ।

'ਸਿਖਾਂ ਦੀ ਭਗਤ ਮਾਲਾ' ਤੇ 'ਗੁਰੂ ਨਾਨਕ ਦੇਵ ਜੀ ਦੀ ਸਾਖੀ' ਦੋ ਪ੍ਰਸਿਧ ਰਚਨਾਵਾਂ ਆਪਦੀ ਘਾਲਣਾ ਹਨ। ਆਪ ਨੂੰ ਪੰਜਾਬੀ ਵਾਰਤਕ ਦੇ ਬਾਨੀਆਂ ਵਿਚ ਗਿਣਿਆਂ ਜਾਂਦਾ ਹੈ।

ਸ਼ੈਲੀ ਆਪਦੀ ਜਨਮ ਸਾਖੀਆਂ ਨਾਲੋਂ ਵਧੇਰੇ ਆਧੁਨਿਕ ਤੇ ਬੋਲੀ ਠੇਠ, ਪ੍ਰਮਾਣ-ਭਰਪੂਰ ਤੇ ਕੇਂਦਰੀ ਹੈ।

**ਮੁਨਸਫ, ਅਮਰ ਨਾਥ**

ਵੇਖੋ

ਅਮਰ ਨਾਥ ਮੁਨਸਫ

**ਮਾਨ, ਸੇਵਾ ਸਿੰਘ** (੧੩ ਸਤੰਬਰ ੧੯੨੩—ਜੀਵਤ)

ਜਨਮ ਚੌਕੀਮਾਨ, ਜ਼ਿਲਾ ਲੁਧਿਆਣਾ ਵਿਚ ਸ: ਪ੍ਰੇਮ ਸਿੰਘ ਮਾਨ ਦੇ ਘਰ ਹੋਇਆ; ਵਿਦਿਆ ਵਿਚ ਗਿਆਨੀ ਅਤੇ ਸਿੱਖ ਮਿਸ਼ਨਰੀ ਕਾਲਜ ਦੀ ਟਰੇਨਿੰਗ ਸ਼ਾਮਲ ਹੈ। ੧੯੪੫ ਤੋਂ ੧੯੪੭ ਤਕ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿਚ ਅਤੇ ੧੯੫੨ ਤਕ ਪੈਪਸੂ ਸਰਕਾਰ ਵਿਚ ਮੁਲਾਜ਼ਮ ਰਹੇ। ਬਾਅਦ ਵਿਚ ਨਾਭੇ ਵਿਚ ਰਣਜੀਤ ਗਿਆਨੀ ਕਾਲਜ ਖੋਲ੍ਹ ਲਿਆ ਜੋ ਹੁਣ ਤਕ ਚਲ ਰਿਹਾ ਹੈ।

'ਸਰਤਾਜ ਪੰਜਾਬੀ ਵਿਆਕਰਣ' ਆਪਦੀ ਪ੍ਰਕਾਸ਼ਿਤ ਪੁਸਤਕ ਹੈ। ਆਪਦੀਆਂ ਬਹੁਤ ਸਾਰੀਆਂ ਰਚਨਾਵਾਂ ਅਣਛਪੀਆਂ ਪਈਆਂ ਹਨ। ਪਤਰਾਂ ਵਿਚ ਵੀ ਆਪ ਦੀਆਂ ਰਚਨਾਵਾਂ (ਕਵਿਤਾ ਤੇ ਲੇਖ ਆਦਿ) ਕਾਫੀ ਮਾਤਰਾ ਵਿਚ ਛਪ ਚੁਕੀਆਂ ਹਨ।

**ਮਨੋਹਰ ਸਿੰਘ** (ਅਪਰੈਲ ੧੯੩੦—ਜੀਵਤ)

ਜਨਮ ਪਿੰਡ ਗਹਿਆ ਜ਼ਿਲਾ ਜਿਹਲਮ ਵਿਚ ਦਫੇਦਾਰ ਗੋਦੜ ਸਿੰਘ ਸਾਹਨੀ ਦੇ ਘਰ ਮਾਤਾ ਭਾਗ ਵੰਤੀ ਦੀ ਕੁਖੋਂ ਹੋਇਆ। ਨਨਕਾਣੇ ਦੇ ਖਾਲਸਾ ਸਕੂਲੋਂ ਵਿਦਿਆ ਪ੍ਰਾਪਤ ਕਰਨ ਪਿਛੋਂ ਮਾਰਚ ੧੯੪੬ ਵਿਚ ਦਸਵੀਂ ਕਰ ਲਈ। ੧੯੫੨ ਵਿਚ ਗਿਆਨੀ ਤੇ ਸਤੰਬਰ ੧੯੫੪ ਵਿਚ ਬੀ. ਏ. ਕੀਤੀ।

'ਫਲਦਾਰ ਬੂਟੇ', (੧੯੫੭) 'ਉਜਲੀ ਪ੍ਰਭਾਤ' (ਮਈ ੧੯੫੯), 'ਮਛ ਤੇ ਮੱਛੀ' (੧੯੬੦) ਤੇ 'ਸ਼ਮ੍ਹਾਂ ਦੀ ਬੱਲੀ' (੧੯੬੧), ਆਪਦੇ ਚਾਰ ਪੂਰਨ ਨਾਟਕ ਛਪ ਚੁਕੇ ਹਨ। 'ਮਨੁਖਤਾ ਰੋਂਦੀ ਰਹੀ' ਨਾਂ ਦਾ ਕਹਾਣੀ-ਸੰਗ੍ਰਹਿ ਵੀ ਆਪਦੀ ਘਾਲਣਾ ਵਿਚ ਸ਼ਾਮਲ ਹੈ।

ਆਪ ਨੂੰ ਵਿਚਾਰਸ਼ੀਲ ਮਨੁਖਵਾਦੀ ਸਾਹਿਤਕਾਰਾਂ ਵਿਚ ਗਿਣਿਆਂ ਜਾਂਦਾ ਹੈ।

**ਮਾਨ, ਗੁਰਦੇਵ ਸਿੰਘ** (੪ ਦਸੰਬਰ ੧੯੧੨—ਜੀਵਤ)

ਜਨਮ ਆਪਣੇ ਨਾਨਕੇ ਪਿੰਡ ਧੌਣ ਜ਼ਿਲਾ ਲਾਇਲਪੁਰ ਵਿਚ ਸ: ਕਰਤਾਰ ਸਿੰਘ ਦੇ ਘਰ ਹੋਇਆ। ਚੱਕ ੬੭ ਦੇ ਸਕੂਲੋਂ ਚੌਥੀ, ਡੀ. ਬੀ. ਹਾਈ ਸਕੂਲ ਗੋਜਰਿਓਂ ਦਸਵੀਂ ਤੇ ਖਾਲਸਾ ਕਾਲਜ ਲਾਇਲਪੁਰੋਂ ਐਫ਼. ਐਸ. ਸੀ. ਕਰਨ ਪਿਛੋਂ ੧੯੪੧ ਵਿਚ ਗਿਆਨੀ ਕੀਤੀ। ਸ਼ਹੀਦ ਮਿਸ਼ਨਰੀ ਕਾਲਜ ਤੋਂ ਪ੍ਰਚਾਰਕ ਦੀ ਟਰੇਨਿੰਗ ਲੈਣ ਪਿਛੋਂ ਸਾਹਿਤ ਦੇ ਖੇਤਰ ਵਿਚ ਸਰਗਰਮ ਹੋ ਗਏ। ੧੯੫੦ ਵਿਚ ਆਪ ਭੂਮਸੀ ਜ਼ਿਲਾ ਸੰਗਰੂਰ ਤੇ ਫਿਰ ੧੯੫੨ ਵਿਚ ਮਲੇਰਕੋਟਲੇ ਆ ਗਏ। ੧੯੫੩ ਵਿਚ ਕਮਿਉਨਿਟੀ ਪ੍ਰਾਜੈਕਟਾਂ ਦੇ ਪਬਲੀਸਿਟੀ ਆਫੀਸਰ ਬਣ ਗਏ ਤੇ ਪਿੰਡ ਪਿੰਡ ਵਿਚ ਜਾ ਕੇ ਸਰਕਾਰ ਦੀਆਂ ਯੋਜਨਾਵਾਂ ਦਾ ਪਰਚਾਰ ਕਰਨ ਲਗ ਪਏ।

ਆਪ ਨੇ ਸਾਹਿਤ ਵਿਚ ਸਟੇਜੀ ਕਵੀ ਵਜੋਂ ਪੈਰ ਧਰਿਆ ਪਰ ਜਲਦੀ ਹੀ ਪੰਜਾਬੀ ਕਲਚਰ ਦੇ ਇਤਿਹਾਸਕ ਤੇ ਧਾਰਮਕ ਪੱਖਾਂ ਦੀ ਵਡਿਆਈ ਵਿਚਾਰਸ਼ੀਲ ਰੂਪ ਵਿਚ ਕਰਨ ਲਗ ਪਏ। ਪੰਜਾਬੀ ਦੇ ਰਵਾਇਤੀ ਛੰਦਾਂ ਵਿਚ ਕਵਿਤਾ ਰਚ ਕੇ ਆਪ ਨੇ ਇਕ ਪਾਸੇ ਪਰੰਪਰਾ ਨੂੰ ਅਗੇ ਟੋਰਿਆ ਹੈ, ਦੂਜੇ ਪਾਸੇ ਆਮ ਲੋਕਾਂ ਦਾ ਸੰਕਲਪ ਮਨ ਵਿਚ ਵਸਾਇਆ ਹੈ। ਆਪਦੀਆਂ ਵਾਰਾਂ ਵਿਚ ਬੀਰ ਰਸ ਦੀ ਵਰਤੋਂ ਬੜੀ ਸਫਲ ਹੈ।

ਪੁਸਤਕਾਂ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਵਿਤਾ : ਮਾਨ ਸਰੋਵਰ (੧੯੪੬). ਪੀਂਘਾਂ (੧੯੫੬), ਨਵੇਂ ਗੀਤ (੧੯੫੮), ਉਸਾਰੂ ਕਵੀ (ਸੰਪਾਦਿਤ)।

ਨਾਟਕ : ਚਾਨਣ (ਇਕਾਂਗੀ), ਰਾਹ ਦੇ ਰੋੜੇ, ਕਿਸਾਨ ਜਾਗਿਆ, ਕੱਠ ਲੋਹੇ ਦੀ ਲੱਠ (ਪੂਰਨ ਨਾਟਕ)।

**ਮਨਜੀਤ ਕੌਰ ਬਖਸ਼ੀ**

ਵੇਖੋ
ਬਖਸ਼ੀ, ਮਨਜੀਤ ਕੌਰ

**ਮਨਜੀਤ ਕੌਰ ਮਧੁਰ** (੪ ਸਤੰਬਰ ੧੯੨੮—ਜੀਵਤ)

ਆਪਦਾ ਜਨਮ ਪ੍ਰੋ: ਹਰਵੰਤ ਸਿੰਘ ਐਮ. ਏ., ਪੀ. ਈ. ਐਸ. (ਫਸਟ ਕਲਾਸ) ਦੇ ਘਰ ਜ਼ਿਲਾ ਲੁਧਿਆਣਾ ਵਿਖੇ ਹੋਇਆ। ਬਚਪਨ ਤੋਂ ਹੀ ਆਪ ਨੂੰ ਸਾਹਿਤ ਤੇ ਸਟੇਜ ਨਾਲ ਨਿਹੁੰ ਸੀ। ਹੁਸ਼ਿਆਰਪੁਰੋਂ ਬੀ. ਏ. ਕਰਨ ਪਿਛੋਂ ਆਪਦਾ ਵਿਆਹ ਇਕ ਉਚੇਰੇ ਘਰਾਣੇ ਦੇ ਕਪਤਾਨ ਨਾਲ ਹੋ ਗਿਆ। ੧੯੬੨ ਵਿਚ ਖਾਲਸਾ ਕਾਲਜ ਅੰਮ੍ਰਿਤਸਰੋਂ ਪੰਜਾਬੀ ਦੀ ਐਮ. ਏ. ਕੀਤੀ। ਤੇ ਕੁਝ ਚਿਰ ਵਿਕਟੋਰੀਆ ਕਾਲਜ ਪਟਿਆਲਾ ਵਿਚ

ਕੰਮ ਕਰਨ ਪਿਛੋਂ ਲੁਧਿਆਣੇ ਵਿਚ ਇਸਤ੍ਰੀਆਂ ਦੇ ਗੌਰਮਿੰਟ ਕਾਲਜ ਵਿਚ ਲੈਕਚਰਾਰ ਲਗ ਗਏ।

ਆਪਦੀ ਕਵਿਤਾ ਵਿਚ ਪਿਆਰ ਅਨੁਭਵ ਦਾ ਪ੍ਰਗਟਾਵਾ ਪ੍ਰਬਲ ਹੈ। ਆਪ ਜੀਵਨ ਪ੍ਰਤੀ ਸਮਾਜਵਾਦੀ ਪਹੁੰਚ ਰਖਦੇ ਹਨ। ਕਿਰਤੀ ਸ਼੍ਰੇਣੀ ਦੇ ਅਨੁਭਵ ਆਪ ਦੀ ਸੋਚਣੀ ਦਾ ਅਨਿਖੜਵਾਂ ਅੰਗ ਹਨ। ਲੋਕ-ਸਾਹਿਤ ਦੇ ਮਾਧਿਅਮ ਵਿਚ ਲਿਖੀ ਹੋਈ ਕਵਿਤਾ ਜਿਥੇ ਗੀਤਾਂ ਦਾ ਸੁਆਦ ਦਿੰਦੀ ਹੈ, ਉਥੇ ਸੱਚ ਨੂੰ ਵੀ ਪੇਸ਼ ਕਰਦੀ ਹੈ।

ਨੀਲੇ ਪੀਲੇ ਫੁਲਾਂ ਨੂੰ, ਮਾਹੀ ਵੇ,
ਚਣ ਬਾਗੇ ਵਿਚ ਲਾਣੀਆਂ, ਢੋਲਾ।
ਹੱਥ ਮੇਰੇ ਕੰਬਦੇ, ਮਾਹੀ ਵੇ,
ਜਦ ਜੂੜੇ ਚਿ ਅੜਾਣੀਆਂ, ਢੋਲਾ।

---

ਹੱਡੀਆਂ ਦੀ ਰਗੜ ਚੋਂ ਤੂੰ ਅੱਗ ਨੂੰ ਜਿਵਾ ਲਿਆ,
ਖ਼ੂਨ ਦੀ ਸਿਆਹੀ ਚੋਂ, ਤੂੰ ਕਲਮ ਨੂੰ ਪਿਆ ਲਿਆ।
ਸਿਸਕਦੇ ਜ਼ਖਮਾਂ ਚੋਂ ਤੂੰ ਗੀਤਾਂ ਨੂੰ ਜਨਮ ਦਿਤਾ,
ਨੁਚੜਦੇ ਪਸੀਨੇ ਚੋਂ ਚਿਤ੍ਰਾਂ ਨੇ ਨਖਸ ਪੀਤਾ।

**ਮਨਮੋਹਣ ਸਿੰਘ ਤਿਆਗੀ** (੧੫ ਨਵੰਬਰ ੧੯੪੧—ਜੀਵਤ)

ਆਪ ਡੇਰਾ ਬੱਸੀ, ਜ਼ਿਲਾ ਪਟਿਆਲਾ ਦੇ ਨਿਵਾਸੀ ਡਾਕਟਰ ਰਾਜ ਸਿੰਘ ਦੇ ਪੁਤਰ ਹਨ। ਬੀ. ਏ. ਤਕ ਦੀ ਵਿਦਿਆ ਅਤੇ ਪੰਜਾਬੀ ਦਾ ਵਿਸ਼ੇਸ਼ ਗਿਆਨ ਆਪ ਦੀ ਯੋਗਤਾ ਵਿਚ ਸ਼ਾਮਲ ਹੈ।

ਨਿਕੀਆਂ ਕਹਾਣੀਆਂ ਲਿਖਦੇ ਹਨ।

**ਮਨਮੋਹਨ ਸਿੰਘ ਦੀਪਕ** (੧੧ ਅਕਤੂਬਰ ੧੯੪੦—ਜੀਵਤ)

ਆਪਦੇ ਪਿਤਾ ਦਾ ਨਾਮ ਸ੍ਰੀ ਬਲਰਾਮ ਹੈ। ਅਜ ਕਲ ਜ਼ਿਲਾ ਮਲੇਰਕੋਟਲਾ ਵਿਚ ਹੁੰਦੇ ਹਨ।

ਪੰਜਾਬੀ ਅਤੇ ਹਿੰਦੀ ਵਿਚ ਕਵਿਤਾਵਾਂ ਅਤੇ ਕਹਾਣੀਆਂ ਲਿਖਦੇ ਹਨ।

**ਮੁਨਸ਼ਾ ਸਿੰਘ ਦੁਖੀ** (੧ ਜੁਲਾਈ ੧੮੯੦–ਜੀਵਤ)

ਜਨਮ ਜੰਡਿਆਲਾ, ਤਹਿਸੀਲ ਫਿਲੌਰ, ਜ਼ਿਲਾ ਜਲੰਧਰ ਵਿਚ ਸ: ਨਿਹਾਲ ਸਿੰਘ ਦੇ ਘਰ ਹੋਇਆ। ਕਲਕੱਤੇ ਰਹਿ ਕੇ ਆਪ ਬੰਗਾਲੀ ਇਨਕਲਾਬੀਆਂ ਦੀ ਪ੍ਰੇਰਨਾ ਹੇਠ ਇਨਕਲਾਬੀ ਬਣ ਗਏ। ੧੯੦੮ ਵਿਚ ਆਪ ਬਰਮਾ, ਮਲਾਇਆ, ਚੀਨ, ਜਾਪਾਨ, ਹੋਨੋਲੂਲੂ ਥਾਣੀਂ ਹੁੰਦੇ ਹੋਏ ਅਮਰੀਕਾ ਤੇ ਕੈਨੇਡਾ ਪਹੁੰਚੇ। ੧੯੧੪ 'ਚ ਆਪ ਵੀ ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਭਾਰਤ ਵਲ ਨੂੰ ਚਲੇ, ਹਾਂਗਕਾਂਗ ਵਿਚ ਫੜੇ ਗਏ ਪਰ ਚੁਸਤੀ ਨਾਲ ਬਚ ਕੇ ਨਿਕਲ ਗਏ ਤੇ ਕਲਕੱਤੇ ਆਕੇ ਵੀ ਫਰਾਰ ਹੋਣ ਵਿਚ ਕਾਮਯਾਬ ਹੋ ਗਏ। ਪਹਿਲੀ ਜਨਵਰੀ ੧੯੧੫ ਵਾਲੇ ਦਿਨ ਪਿੰਡ ਵਿਚ ਹੀ ਗ੍ਰਿਫਤਾਰ ਹੋ ਗਏ। ਤੇ ਇਕ ਸਾਲ ਮੁਲਤਾਨ ਦੀਆਂ ਕਾਲ ਕੋਠੜੀਆਂ ਵਿਚ ਬੰਦ ਰਹੇ। ੧੯੧੬ ਵਿਚ ਆਪਨੂੰ ਨੈਚਰਲ ਲਾਈਫ ਕੈਦ ਹੋਈ ਤੇ ੧੯੨੦ ਵਿਚ ਆਪ ਰਿਹਾ ਹੋਏ। ਕਲਕੱਤੇ ਵਿਚ ਆਪਨੇ 'ਕਵੀ ਪ੍ਰੈਸ' ਸਥਾਪਿਤ ਕਰਕੇ ''ਕਵੀ ਮਾਸਿਕ'', 'ਸਾਂਝੀਵਾਲ' ਤੇ 'ਸਿੰਡੀਕੇਟ' ਆਦਿਕ ਪਤਰ ਕਢੇ ਪਰ ਸਾਰੇ ਹੀ 'ਅੰਗ੍ਰੇਜ਼ ਪਾਲਿਸੀ' ਦਾ ਸ਼ਿਕਾਰ ਹੋ ਗਏ। ੧੯੫੦ ਵਿਚ ਆਪਨੇ ਬੰਬਈਓਂ 'ਜੀਵਨ' ਮਾਸਕ ਕਢਿਆ ਜੋ ਹੁਣ ਤਕ ਕਾਮਯਾਬੀ ਨਾਲ ਚਲ ਰਿਹਾ ਹੈ। ੧੯੫੧ ਵਿਚ ਆਪਨੇ ਅਫਰੀਕਾ, ਇੰਗਲੈਂਡ, ਕੈਨੇਡਾ ਤੇ ਅਮਰੀਕਾ ਦਾ ਦੌਰਾ ਸ਼ੁਰੂ ਕੀਤਾ ਤੇ ੯ ਜੁਲਾਈ

੧੯੫੭ ਨੂੰ ਆਪ ਵਾਪਸ ਆਏ।

ਅਜ ਕਲ ਆਪ ਫਗਵਾੜਿਓਂ ਨਿਕਲਦੀ ਰਾਮ-ਗੜ੍ਹੀਆ ਅਖ਼ਬਾਰ ''ਕੌਮੀ ਸੰਦੇਸ਼'' ਦੇ ਸੰਪਾਦਕ ਹਨ।

ਰਚਨਾ ਦਾ ਵਿਸਥਾਰ ਇਸ ਪ੍ਰਕਾਰ ਹੈ :

ਕਵਿਤਾ : ਪ੍ਰੇਮ ਕਾਂਗਾਂ, ਪ੍ਰੇਮ ਬਾਂਗਾਂ, ਪ੍ਰੇਮ ਤਾਂਘਾਂ, ਦੁਖੀ ਨਾਮਾ, ਮਾਨ ਪੱਤਰ, ਸਾਕਾ ਆਨੰਦਪੁਰ, ਦੁਖ ਹਰਨ ਪ੍ਰਕਾਸ਼, ਜੁਬਲੀ ਦੀ ਗਪਸ਼ਪ, ਦਸ਼ਮੇਸ਼ ਦਾ ਦਿਲ, ਸੁਭਾਗ ਵਿਸਾਖੀ, ਦਸ਼ਮੇਸ਼ ਤਲਵਾਰ, ਨਿਰੰਕਾਰੀ ਨੂਰ, ਆਦਿਕ।

ਕਹਾਣੀਆਂ : 'ਸ਼ਹੀਦਾਂ ਦੇ ਦਰਸ਼ਨ, ਸੁਧਾਰਕ ਲਹਿਰਾਂ, ਖਾਲਸਈ ਸ਼ਾਨ (ਕਵਿਤਾ-ਵਾਰਤਕ), ਜੀਵਨ ਸਧਰਾਂ, 'ਨੌਂ ਰਸ'; ''ਕੈ ਗੁਣ, ਤੁਰਕੀ ਹੂਰ ਆਦਿਕ।

ਅਨੁਵਾਦਿਤ ਨਾਵਲ ਆਦਿਕ . ਮੁਸਤਫਾ ਸਰੀਰ, ਪਰਾਧੀਨ ਜੀਵਨ, ਦੇਸ਼ ਭਗਤੀ, ਆਦਿਕ।

ਆਪਦੀਆਂ ਤਕਰੀਬਨ ੨੦ ਕਿਤਾਬਾਂ ਅਣਛਪੀਆਂ ਪਈਆਂ ਹਨ।

ਬੰਗਾਲੀ, ਪੰਜਾਬੀ, ਅੰਗਰੇਜ਼ੀ, ਹਿੰਦੀ ਆਦਿਕ ਬੋਲੀਆਂ ਦਾ ਆਪਨੂੰ ਗੂੜ੍ਹ-ਗਿਆਨ ਹੈ।

ਇਕ ਇਨਕਲਾਬੀ, ਅਧਿਆਤਮਵਾਦੀ, ਪਤਰਕਾਰ ਤੇ ਲੇਖਕ ਵਜੋਂ ਆਪ ਦਾ ਸਥਾਨ ਸਹਿਤ ਦੇ ਇਤਿ-ਹਾਸਕ (ਇਨਕਲਾਬੀ) ਪੜਾ ਵਿਚ ਨਿਸਚਿਤ ਤੇ ਨਿਵੇਕਲਾ ਹੈ।

**ਅਮਿਕ ਸੁਸ਼ੀਲ** (੧ ਨਵੰਬਰ ੧੯੨੩-ਜੀਵਤ)

ਜਨਮ ਡਕਸ਼ਈ, ਜ਼ਿਲਾ ਸ਼ਿਮਲਾ ਵਿਚ ਸ: ਨਰਿੰਦਰ ਸਿਘ ਦੇ ਘਰ ਹੋਇਆ। ਅਜ ਕਲ ਆਪ ਦਿੱਲੀ ਹੁੰਦੇ ਹਨ।

੧. ਪ੍ਰੇਮ ਪਿਆਲੇ, ੨. ਛਲਕਦੇ ਹੰਝੂ, ੩. ਮਧੁਰ ਮਿਲਨ ਆਦਿਕ ਨਾਵਲ ਅਤੇ ੪. 'ਸੁਚੇ ਮੋਤੀ', ੫. ਅਨੋਖੀ ਪ੍ਰੀਤ ਆਦਿਕ ਕਹਾਣੀ-ਸੰਗ੍ਰਹਿ ਆਪਦੀ ਰਚਨਾ ਵਿਚ ਸ਼ਾਮਲ ਹਨ।

ਆਪ ਭਾਵਕ ਪਿਆਰ ਦੀਆਂ ਪੇਚੀਦਗੀਆਂ ਨੂੰ ਆਪਣੇ ਚਿੰਤਨ ਦਾ ਵਿਸ਼ੈ ਬਣਾਉਂਦੇ ਹਨ। ਪ੍ਰਗਤੀਵਾਦ ਵੀ ਆਪਦੀ ਰਚਨਾ ਦਾ ਇਕ ਪੱਖ ਹੈ।

**ਮੀਰ ਦਾਦ** (੧੮੨੩-੧੮੯੮)

ਮਿੰਟਗੁਮਰੀ ਜ਼ਿਲੇ ਦੇ ਪਿੰਡ ਦਾਵੜੇ ਵਿਚ ਆਪਦਾ ਜਨਮ ਹੋਇਆ। ਜ਼ਾਤ ਦੇ ਆਪ ਮਿਰਾਸੀ ਸਨ।

ਆਪ ਇਕ ਲੋਕ ਕਵੀ ਸਨ। ਡਾਚੀ ਉਤੇ ਬਹਿਕੇ ਢੋਲੇ ਗਾਉਂਦੇ ਸਨ। ਆਪਦੀ ਆਵਾਜ਼ ਵਿਚ ਇੰਨੀ ਖਿੱਚ ਤੇ ਮਿੱਠਤ ਸੀ ਕਿ ਸੁਣਨ ਵਾਲੇ ਮਸਤੀ ਵਿਚ ਝੂਮਣ ਲਗ ਪੈਂਦੇ ਹਨ। ਇਹ ਜ਼ਿਲਾ ਮਿੰਟਗੁਮਰੀ ਦੀ ਨੀਮ-ਜਾਂਗਲੀ ਕਲਚਰ ਦੀਆਂ ਗਲਾਂ ਹਨ ਜਿਥੇ ਮੀਰ ਜੀ ਦੇ ਸਮੇਂ ਨਵੀਂ ਪਦਾਰਥਵਾਦੀ ਸਭਿਅਤਾ ਦੀਆਂ ਪੇਚੀਦਗੀਆਂ ਅਜੇ ਨਹੀਂ ਸਨ ਪਹੁੰਚੀਆਂ। ਮੀਰ ਜੀ ਦੇ ਢੋਲਿਆਂ ਵਿਚ ਸੋਜ਼ ਤੇ ਦਰਦ ਦੀ ਪਰਧਾਨਤਾ ਹੈ। ਬੋਲੀ ਜਾਂਗਲੀ ਪੰਜਾਬੀ ਹੈ।

ਚੜ੍ਹ ਚੜ੍ਹ ਕੇ ਵਿਹਨੀ ਆਂ,
ਅਜ ਮੈਨੂੰ ਨਜ਼ਰ ਨਾ ਆਉਂਦਾ ਨੇੜੇ।
ਨੀਂ ਮੈਂ ਖੋਜ ਭਲੇਨੀ ਆਂ,
ਕਿਉਂ ਕੰਡ ਕੀਤੀਆ, ਜਾਨੀ ਮੇਰੇ।

---

ਘੂਕ ਚਰਖਿਆ ਘੂਕ,
ਤੇਰੀ ਘੂਕਰ ਆਵੇ ਮਾਹਲ ਦੀ।
ਮੂਰਖ ਵੇ ਸ਼ਾਹਲਾ ਰਬ ਦਸ ਨਾ ਘਤੇ,
ਜਾਣੇ ਸਾਰ ਜਵਾਹਰੀ ਲਾਲ ਦੀ।

**ਮਰਦਾਨਾ, ਭਾਈ** (੧੪੬੦-੧੫੩੦)

ਮੁਸਲਮਾਨ ਮਿਰਾਸੀ ਬਾਦਰੇ ਦੇ ਘਰ ਲਖੋ ਦੇ ਉਦਰ ਤੋਂ ਤਲਵੰਡੀ ਵਿਖੇ ਜਨਮ ਹੋਇਆ। ਆਪ ਦਰ ਦਰ ਦੇ ਮੰਗਤੇ ਸਨ ਜਾਂ ਇਉਂ ਕਹੋ ਕਿ ਰਬਾਬ ਉਤੇ ਗੀਤ ਗਾ ਕੇ ਗੁਜ਼ਾਰਾ ਕਰਦੇ ਸਨ। ਗੁਰੂ ਨਾਨਕ ਸਾਹਿਬ ਨੇ ਆਪਦੀ ਪ੍ਰਤਿਭਾ ਨੂੰ ਮੁਖ ਰਖਦਿਆਂ ਆਪਨੂੰ ਆਪਣਾ ਸਾਥੀ ਬਣਾ ਲਿਆ। ਦੋਵੇਂ ਪਕੇ ਮਿੱਤਰ ਸਨ ਤੇ ਮਰਦਾਨਾ ਜੀ ਦੇ ਕਾਹਲੇ ਤੇ ਜਜ਼ਬਾਤੀ ਸੁਭਾਅ ਕਾਰਨ ਕਈ ਵਾਰੀ ਵਕਤੀ ਅਣਬਣ ਵੀ ਹੋ ਜਾਂਦੀ ਸੀ। ਪਰ ਗੁਰੂ ਸਾਹਿਬ ਆਪਣੇ ਮਿਸ਼ਨ ਦਾ ਵਾਸਤਾ ਪਾਕੇ ਫ਼ਿਰ ਮਨਾ ਲੈਂਦੇ ਸਨ। ਕਿਹਾ ਜਾ ਸਕਦਾ ਹੈ ਕਿ ਮਰਦਾਨਾ ਜੀ ਵੀ ਮਿਸ਼ਨ ਸੰਬੰਧੀ ਅਤਿਅੰਤ ਚੇਤੰਨ ਤੇ ਚਿੰਤਤ ਰਹਿੰਦੇ ਸਨ। ਤੇ ਉਨ੍ਹਾਂ ਵਿਚ ਵੀ ਮਨੁੱਖਵਾਦ ਫੈਲਾਉਣ ਦਾ ਉਤਸ਼ਾਹ ਸੀ। ਗੁਰੂ ਨਾਨਕ ਸਾਹਿਬ ਨੇ ਆਪਨੂੰ ਹਮੇਸ਼ਾ ਸਮਾਨ ਹੱਕ ਦਿਤੇ, ਇਥੋਂ ਤਕ ਕਿ ਆਪਨੂੰ 'ਮਹਲਾ ੧' ਦੇ ਨਾਂ ਹੇਠ ਰਚਨਾ ਰਚਣ ਦੀ ਆਗਿਆ ਦਿਤੀ। ਇਹ ਗਲ ਆਪਣੀ ਮਿਸਾਲ ਆਪ ਹੈ। ਭਾਈ ਦੀ ਪਦਵੀ ਵੀ ਇਸੇ ਸਾਥ ਕਰਕੇ ਮਿਲੀ। ਆਪਦੇ ਸੁਭਾਅ ਦੀ ਤੁਲਨਾ ਸ਼ੈਕਸਪੀਅਰ ਦੇ ਟੱਚ ਸਟੋਨ ਨਾਲ ਕੀਤੀ ਜਾਂਦੀ ਹੈ। ੧੩ ਮਘਰ ਸੰਮਤ ੧੫੯੧ ਨੂੰ ਅਫਗਾਨਿਸਤਾਨ ਦੇ ਦਰਿਆ ਕੁਰਮ ਦੇ ਕੰਢੇ ਵਸੇ ਕੁਰਮ ਸ਼ਹਿਰ ਵਿਚ ਆਪਦਾ ਦੇਹਾਂਤ ਹੋਇਆ।

ਆਦਿ ਗਰੰਥ ਵਿਚ ਆਪਦੇ ਦੋ ਸ਼ਲੋਕ (ਇਕ ਪਉੜੀ ਸਮੇਤ) ਮਿਲਦੇ ਹਨ। ਆਪਦੀ ਸ਼ੈਲੀ ਗੁਰੂ ਨਾਨਕ ਸਾਹਿਬ ਦੇ ਵਿਪਰੀਤ ਸਾਪੇਖਤਾ ਭਰੀ ਹੈ ਤੇ ਇਸਦਾ ਦਾਇਰਾ ਸੀਮਤ ਹੈ। ਬੋਲੀ ਗੁਰੂ ਸਾਹਿਬ ਵਾਲੀ ਹੀ ਹੈ। ਸ਼ਰਾਬ ਦੇ ਬਿੰਬ ਨੂੰ ਇਸ ਪਰਕਾਰ ਵਰਤਿਆ ਹੈ :

ਕਲਿ ਕਲਵਾਲੀ ਕਾਮ ਮਦੁ, ਮਨੂਆ ਪੀਵਣਹਾਰੁ।
ਕ੍ਰੋਧ ਕਟੋਰੀ ਮੋਹਿ ਭਰੀ, ਪੀਲਾਵਾ ਅਹੰਕਾਰ।
ਮਜਲਸ ਕੂੜੇ ਲਬ ਕੀ, ਪੀ ਪੀ ਹੋਇ ਖੁਆਰ।

**ਮੀਰਾਂ ਬਾਈ** (੧੪੯੧-੧੫੪੬)

ਜਨਮ ਰਾਜਸਥਾਨੀ ਰਿਆਸਤ 'ਮੇਰਠ' ਦੇ ਰਾਜਾ ਦੇ ਰਾਜਾ ਰਤਨ ਸਿੰਘ ਰਾਠੌਰ ਦੇ ਘਰ ਹੋਇਆ। ੧੫੧੬ ਵਿਚ ਆਪਦਾ ਵਿਆਹ ਰਾਣਾ ਸਾਂਗਾ ਦੇ ਪੁਤਰ ਭੋਜਰਾਜ ਨਾਲ ਹੋਇਆ। ਆਪਦੇ ਪਤੀ ਨੇ ਆਪਦੇ ਸੂਖਮ ਵਿਚਾਰਾਂ ਦਾ ਪੂਰਨ ਸਨਮਾਨ ਨਾ ਕੀਤਾ। ਮਤਭੇਦ ਦਾ ਕਾਰਨ ਇਹ ਸੀ ਕਿ ਆਪ ਕ੍ਰਿਸ਼ਨ ਦੀ ਉਪਾਸ਼ਨਾ ਕਰਦੇ ਸਨ ਜਦ ਕਿ ਆਪਦੇ ਪਤੀ ਦਾ ਵਿਸ਼ਵਾਸ 'ਦੁਰਗਾ' ਵਿਚ ਸੀ। ਪਤੀ ਦੀ ਮੌਤ ਪਿਛੋਂ ਮੀਰਾਂ ਜੀ ਤੀਰਥਾਂ ਵਲ ਚਲ ਪਏ। ਇਸੇ ਯਾਤਰਾ ਦੇ ਦੌਰਾਨ ਆਪਦਾ ਕਵੀ ਮਨ ਵਿਗਸਿਆ। ੧੫੪੬ ਵਿਚ ਆਪਦੀ ਮੌਤ ਦਵਾਰਿਕਾ ਵਿਖੇ ਹੋਈ।

ਪੰਜਾਬੀ ਸਾਹਿਤ ਨਾਲ ਆਪਦਾ ਸੰਬੰਧ ਗੁਰੂ ਘਰ ਦੀ ਵਿਚਾਰਧਾਰਾ ਅਤੇ ਸੈਲੀ ਦੇ ਪ੍ਰਸੰਗ ਵਿਚ ਹੈ। ਭਾਈ ਬੰਨੋ ਵਾਲੀ ਬੀੜ ਵਿਚ ਆਪਦਾ ਸ਼ਬਦ 'ਮਨੁ ਹਮਾਰਾ ਬਾਪਿਓ, ਮਾਈ ! 'ਕਵਲ ਨੈਨ' (ਮਾਰੂ ਰਾਗ) ਦਰਜ ਹੈ।

ਆਪਦੀ ਕਵਿਤਾ ਵਿਚ ਮਨੁੱਖੀ ਭੁੱਖਾਂ ਦੀ ਅਧਿਆਤਮਕ ਸੂਖਮਕਾਰੀ ਹੈ। ਆਪਦੀ ਰਚਨਾ ਪੰਦਰਵੀਂ-ਸੋਲ੍ਹਵੀਂ ਸਦੀ ਦੀ ਅੰਤਰ-ਪ੍ਰਾਂਤਕ ਭਾਸ਼ਾ ਦੀ ਸ਼ੈਲੀ ਵਿਚ ਹੈ, ਇਸ ਲਈ ਹਿੰਦੀ ਅਤੇ ਪੰਜਾਬੀ ਦੋਹਾਂ ਨਾਲ ਆਪਦਾ ਸਬੰਧ ਹੈ।

ਆਪਦੇ ਭਜਨਾਂ ਵਿਚ ਕਰੁਣਾ ਅਤੇ ਸ਼ਾਂਤ ਰਸ ਦੀ ਪ੍ਰਧਾਨਤਾ ਹੈ।

**ਮੀਰਾਂ ਬਖਸ਼, ਜਾਨ ਨਿਸ਼ਾਰ** (੧੮੭੦-੧੯੦੬)

ਆਪਦਾ ਸਬੰਧ ਇਕ ਖੋਜਾ ਸ਼ੇਖ ਪਰਵਾਰ ਨਾਲ ਜੋੜਿਆ ਜਾਂਦਾ ਹੈ । ਆਪਨੂੰ ਬਚਪਨ ਵਿਚ ਹੀ ਰੂਪਵਾਦੀ ਕਵੀਆਂ ਦੀਆਂ ਮਹਿਫਲਾਂ ਵਿਚ ਜਾਣ ਦਾ ਮੌਕਾ ਮਿਲਿਆ । ਇਥੋਂ ਹੀ ਆਪਨੂੰ ਬੈਂਤਬਾਜ਼ੀ ਦਾ ਸ਼ੌਕ ਹੋਇਆ । ਤੇ ਆਪਨੇ ਫਕੀਰ ਬਟਾਲਵੀ ਨੂੰ ਆਪਣਾ ਉਸਤਾਦ ਧਾਰ ਲਿਆ । ਆਪਦੇ ਪਿਆਰ-ਅਨੁਭਵ ਬਾਰੇ ਕਈ ਅਜੀਬ ਅਫਵਾਹਾਂ ਪਰਚਲਿਤ ਹਨ । ਆਪਦੀ ਮੌਤ ਪਲੇਗ ਨਾਲ ਹੋਈ ।

ਆਪ ਦੀ ਕਾਵਿ-ਸ਼ੈਲੀ ਵਿਚ ਰੂਪਵਾਦ ਦਾ ਪ੍ਰਭਾਵ ਤੀਬਰ ਹੈ। ਬਿਬ ਰਵਾਇਤੀ ਹਨ। ਸੁਹਜ ਅਤੇ ਸੂਖਮਤਾ ਨਾਲ ਆਪ ਨੇ ਆਪਣੇ ਆਪ ਨੂੰ ਬਾਕੀਆਂ ਨਾਲੋਂ ਵਖਰਿਆਇਆ । ਆਪਦੀ ਬੋਲੀ ਪੰਜਾਬੀ ਹੈ, ਜਿਸਤੇ ਉਰਦੂ ਪ੍ਰਭਾਵ ਤੀਬਰ ਹਨ :

ਬੇ-ਬਸ਼ਰ ਨੈ ਕਰਨਾ ਮੁਕਾਬਲਾ ਕੀ
ਹੂਰੋ ਪਰੀ ਤਕ ਨਾ ਉਹਦੇ ਸ਼ਾਨ ਦੀ ਏ ।
ਦਾਲਜ਼ਹੀਆ ਮੁਖੜਾ, ਤੇ ਵਲੀਲ ਜ਼ੁਲਫਾਂ
ਚਿਹਰਾ ਯਾਰ ਦਾ ਤਖਤ ਕੁਰਾਨ ਦੀ ਏ ।
ਕਰੇ ਗਲ ਤੇ ਮੁਰਦਿਆਂ ਜਾਨ ਬਖਸ਼ੇ
ਆਖਾਂ ਝੂਠ ਨਾ ਕਸਮ ਈਮਾਨ ਦੀ ਏ ।
ਮੁਲਕ ਫਲਕ ਤੇ ਪੜ੍ਹਨ ਦਰ ਦਰ ਉਸ ਦੇ,
ਜਾਨ ਨਿਸਾਰ ਇਹ ਸਿਫਤ ਜਨਾਨ ਦੀ ਏ ।

**ਮੁਨਾਰੀਦਾਨ**

ਆਪ ਇਕ ਪ੍ਰਸਿਧ ਕਵੀ ਹਨ । 'ਡਿੰਗਲਕੋਸ਼' ਦੀ ਰਚਨਾ ਆਪਨੂੰ ਅਮਰ ਕਰਦੀ ਹੈ । ਡਿੰਗਲ ਬੋਲੀ ਵਿਚ ਭੱਟਚਾਰਣ ਆਦਿਕ ਕਵਿਤਾ ਲਿਖਿਆ ਕਰਦੇ ਸਨ ।

**ਮਰਵਾਹ, ਸਰੂਪ ਸਿੰਘ** (੨ ਜੂਨ, ੧੯੧੮--ਜੀਵਤ)

ਜਨਮ ਗੁਜਰਾਤ ਵਿਚ ਸ: ਜਸਵੰਤ ਸਿੰਘ ਮਰਵਾਹ ਦੇ ਘਰ ਹੋਇਆ । ੧੯੩੬ ਵਿਚ ਸਰਕਾਰੀ ਕਾਲਜ ਲਾਇਲਪੁਰੋਂ ਐਫ. ਐਸ. ਸੀ. ਅਤੇ ੧੯੪੨ ਵਿਚ ਮੈਡੀਕਲ ਕਾਲਜ ਅੰਮ੍ਰਿਤਸਰੋਂ ਐਲ. ਐਸ. ਐਮ. ਐਫ. ਕਰਨ ਪਿਛੋਂ ਡਾਕਟਰੀ ਸੇਵਾ ਵਿਚ ਰੁਝ ਗਏ ।

ਪ੍ਰਸਿਧ ਪੰਜਾਬੀ ਪਤਰਾਂ ਵਿਚ ਗੁਰਮਤ ਅਤੇ ਸਿਹਤ ਸਬੰਧੀ ਕਾਫੀ ਸਾਰੇ ਲੇਖ ਪ੍ਰਕਾਸ਼ਿਤ ਹੋ ਚੁਕੇ ਹਨ । ਗੁਰੂ ਘਰ ਦੀ ਵਿਚਾਰਧਾਰਾ ਆਪਦੀ ਸੋਚਣੀ ਦਾ ਆਧਾਰ ਹੈ ।

ਆਪਦੀ ਪੁਸਤਕ 'ਚਿੰਤਾ ਰੋਗ' ਵਿਚ ਅਧਿਆਤਮ ਅਤੇ ਮਨੋਵਿਸ਼ਲੇਸ਼ਨ ਦਾ ਸੰਜੋਗ ਹੈ ।

**ਮੀਰਾਂ ਸ਼ਾਹ ਸੱਯਦ** (੧੮੩੯-੧੯੨੫)

ਜਨਮ ਸਥਾਨ ਸਬੰਧੀ ਵਾਕਫੀ ਨਹੀਂ ਮਿਲਦੀ । ਉਨੀਵੀਂ ਸਦੀ ਵਿਚ ਕਾਫੀ ਪ੍ਰਸਿਧ ਸਨ । 'ਹੀਰ ਰਾਂਝੇ' ਦਾ ਕਿੱਸਾ ੧੮੮੯ ਵਿਚ ਲਿਖ ਕੇ ਲੁਧਿਆਣੇ ਦੇ ਪ੍ਰਕਾਸ਼ ਸ਼ੇਖ ਮੁਹੰਮਦ ਬਖਸ਼ ਫ਼ਜ਼ਲ ਹੁਸੈਨ ਰਾਹੀਂ ਪ੍ਰਕਾਸ਼ਿਤ ਕੀਤਾ :

ਵਿਚ ਲੁਧਿਆਣੇ ਹੀਰ ਬਣਾ ਕੇ,
ਆਪਣੇ ਨਾਲ ਲੈ ਜਾਵਾਂ ।
ਹਾਜੀ ਫਜ਼ਲ ਹਸੈਨ ਨੂੰ ਇਸਦਾ;
ਹਕ ਤਸਨੀਫ ਪੁਚਾਵਾਂ ।

ਆਪਦੀਆਂ ਲੋਕ-ਪ੍ਰਿਅ ਰਚਨਾਵਾਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਕਲੀਆਤ-ਇ-ਮੀਰਾਂ ਸ਼ਾਹ, ਗੁਲ-ਦਸਤਾ ਮੀਰਾਂ ਸ਼ਾਹ ਹਨ । ਇਸ ਤੋਂ ਇਲਾਵਾ ਆਪਦੀਆਂ ਬਹੁਤ ਸਾਰੀਆਂ ਕਾਫ਼ੀਆਂ ਵੀ ਲੋਕ-ਕਾਵਿ ਦੇ ਖੇਤਰ ਵਿਚ ਆਈਆਂ ਹਨ । ਆਪ ਅਰਬੀ ਫਾਰਸੀ

ਦੇ ਦਿਵਵਾਨ, ਪੰਜਾਬੀ ਦੇ ਗੀਤਕਾਰ ਤੇ ਸ਼ਬਦਾਵਲੀ ਦੇ ਮਾਹਿਰ ਸਨ। ਆਪਨੇ ਦਵਈਆ ਛੰਦ ਹੀ ਵਧੇਰੇ ਕਰਕੇ ਮਾਧਿਅਮ ਬਣਾਇਆ ਹੈ। ਮਾਤਰਾਂ ਆਮ ਕਰਕੇ ੨੮ ਹਨ। ਆਪਦੇ ਇਕ ਕਿੱਸੇ ਵਿਚ ੨੫ ਕਾਫੀਆਂ ਵੀ ਮਿਲਦੀਆਂ ਹਨ। ਜਿਨ੍ਹਾਂ ਵਿਚੋਂ ੨੦ ਆਪਦੀਆਂ ਹਨ। ਬਾਕੀ ਪੰਜਾਂ ਵਿਚੋਂ ੪ ਜ਼ਾਫਰ ਦੀਆਂ ਤੇ ਇਕ ਕਰਮ ਅਲੀ ਹੈ। ਇਨ੍ਹਾਂ ਸਮਕਾਲੀਆਂ ਸਬੰਧੀ ਕੁਝ ਨਹੀਂ ਦਸਿਆ। ਆਪਣਾ ਇਕ ਬਾਰਾ ਮਾਹ ਵੀ ਕਿੱਸੇ ਵਿਚ ਸ਼ਾਮਲ ਕੀਤਾ ਹੈ।

ਹੀਰ ਨੂੰ ਦੁਖਾਂਤ ਰੂਪ ਦਿਤਾ ਹੈ। ਸਦਾ ਰਾਮ ਤੇ ਭਗਵਾਨ ਸਿੰਘ ਦੀਆਂ ਹੀਰਾਂ ਦੇ ਵਿਪਰੀਤ ਅਲੰਕਾਰਾਂ ਦੀ ਘਟ ਵਰਤੋਂ ਕੀਤੀ ਹੈ। ਸਾਦਗੀ ਆਪਦੀ ਸ਼ੈਲੀ ਦਾ ਮੁਖ ਅੰਗ ਹੈ। ਵਧੇਰੇ ਸੁੰਦਰਤਾ ਪੰਜਾਬੀਅਤ ਤੇ ਮਿੱਠਤ ਕਾਰਨ ਪੈਦਾ ਹੁੰਦੀ ਹੈ। ਸ਼ਬਦਾਂ ਦੀ ਜੜ੍ਹਤ ਸੰਗੀਤ ਪੈਦਾ ਕਰਦੀ ਹੈ।

**ਮੇਲਾ ਸਿੰਘ ਮੀਤ** (੧੯੦੪—ਜੀਵਤ)

ਆਪ ਸ: ਬਚਨ ਸਿੰਘ ਦੇ ਸਪੁੱਤਰ ਅਤੇ ਨਾਭੇ ਦੇ ਵਿਦਿਆਰਥੀ ਹਨ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਮਲਹੋਤਰਾ, ਅਵਤਾਰ ਸਿੰਘ** (—ਜੀਵਤ)

ਆਪ ਪੰਜਾਬ ਦੀ ਕਮਿਊਨਿਸਟ ਪਾਰਟੀ ਦੇ ਆਗੂਆਂ ਵਿਚ ਗਿਣੇ ਜਾਂਦੇ ਹਨ।

ਆਪ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਇਤਿਹਾਸ ਦੇ ਰਚਿਤਾ ਹਨ।

ਬਹੁਤ ਸਾਰੇ ਪਤਰਕਾਰਕ ਰਾਜਸੀ ਲੇਖ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ।

**ਮਲਕੀਅਤ ਸਿੰਘ ਆਦਿਲ** (੧੫ ਨਵੰਬਰ ੧੯੪੧—ਜੀਵਤ)

ਪਿੰਡ ਸੰਸਾਰਪੁਰ ਜ਼ਿਲਾ ਜਲੰਧਰ ਦੇ ਨਿਵਾਸੀ ਸ: ਕਰਤਾਰ ਸਿੰਘ ਦੇ ਸਪੁੱਤਰ ਹਨ। ਗਿਆਨੀ ਓ. ਟੀ. ਕਰਨ ਪਿਛੋਂ ਸਕੂਲ-ਮਾਸਟਰੀ ਕਰ ਰਹੇ ਹਨ।

ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਦੀ ਰਚਨਾ ਕਰਦੇ ਹਨ।

**ਮਲਕੀਅਤ ਸਿੰਘ ਹੋਠੀ**

ਵੇਖੋ
ਹੋਠੀ, ਮਲਕੀਅਤ ਸਿੰਘ

**ਮਲਕ, ਮੁਹੰਮਦ ਸ਼ਹਿਬਾਜ਼** (੩ ਅਪ੍ਰੈਲ ੧੯੩੭—ਜੀਵਤ)

ਜਨਮ ਲਾਹੌਰ ਵਿਚ ਮਲਕ ਮਿਹਰਦੀਨ ਦੇ ਘਰ ਹੋਇਆ। ਮੈਟਰਿਕ ਅਤੇ 'ਫਾਜ਼ਲ ਪੰਜਾਬੀ' ਦੀਆਂ ਯੋਗਤਾਵਾਂ ਆਪਦੀ ਰਚਨਾ ਵਿਚ ਸ਼ਾਮਲ ਹਨ। ਅਜ ਕਲ ਆਪ ਸ਼ਹਿਰ ਦੀ ਇਕ ਪ੍ਰਾਈਵੇਟ ਕੰਪਨੀ ਵਿਚ ਹਿਸਾਬ ਕਿਤਾਬ ਦਾ ਕੰਮ ਕਰਦੇ ਹਨ।

ਪਾਕਿਸਤਾਨ ਦੇ ਪੰਜਾਬੀ ਪਤਰ ਅਤੇ ਰੇਡੀਓ ਸਟੇਸ਼ਨ ਆਪਦੀਆਂ ਰਚਨਾਵਾਂ ਨੂੰ ਆਮ ਲੋਕਾਂ ਤਕ ਪਹੁੰਚਾਂਦੇ ਰਹਿੰਦੇ ਹਨ।

ਸਾਂਝੀ ਪੰਜਾਬੀਅਤ ਅਤੇ ਮਨੁੱਖਵਾਦ ਆਪਦੀ ਵਿਚਾਰਧਾਰਾ ਦੇ ਦੋ ਪੱਖ ਹਨ।

**ਮੁਲਕ ਰਾਜ ਕੋਮਲ** (੧ ਜਨਵਰੀ ੧੯੨੧—ਜੀਵਤ)

ਜਨਮ ਕੁਠਿਆਲਾ ਸੇਖਾਂ, ਜ਼ਿਲਾ ਗੁਜਰਾਤ ਵਿਚ ਸ੍ਰੀ ਦੀਵਾਨ ਚੰਦ ਦੇ ਘਰ ਹੋਇਆ। ਆਪਦੀ ਵਿਦਿਆ ਬਾਰ੍ਹਵੀਂ ਤਕ ਹੈ। ੧੯੩੯ ਵਿਚ ਗਿਆਨੀ

ਕੀਤੀ। ਆਪ ਇਗਲੈਂਡ, ਅਮਰੀਕਾ ਅਤੇ ਭਾਰਤ ਦੀਆਂ ਕਈ ਤਕਨੀਕੀ ਸਭਾਵਾਂ ਦੇ ਮੈਂਬਰ ਹਨ ਅਤੇ ਅਜ ਕਲ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਪੀ. ਡਬਲਯੂ, ਡੀ. ਦੇ ਐਗਜ਼ੈਕਟਿਵ ਇੰਜੀਨੀਅਰ ਹਨ। ੧੯੩੩ ਤੋਂ ਹੁਣ ਤਕ ਆਪ ਦੀਆਂ ਰਚਨਾਵਾਂ ਉਚਤਮ ਪੰਜਾਬੀ ਮਾਸਕਾਂ ਵਿਚ ਛਪ ਰਹੀਆਂ ਹਨ ।

'ਮਨੁੱਖ ਦੀ ਧਰਤੀ ਤੇ', 'ਗਲਵਕੜੀਆਂ' ਅਤੇ 'ਇਨਸਾਨ ਬੋਲ ਉਠਿਆ', ਆਪਦੇ ਤਿੰਨ ਕਾਵਿ-ਸੰਗ੍ਰਹਿ ਹਨ।

ਆਪਦੀ ਵਿਚਾਰਧਾਰਾ ਵਿਚ 'ਮਨੁਖਵਾਦ' ਦੀ ਪਰਧਾਨਤਾ ਹੈ। ਆਪਨੂੰ ਬੁਧੀਮਾਨ ਕਵੀਆਂ ਵਿਚ ਗਿਣਿਆ ਜਾਂਦਾ ਹੈ।

**ਮੌਲਾ ਬਖਸ਼ ਕੁਸ਼ਤਾ** (੧੮੭੬—੧੯੫੫)

ਜਨਮ ਅੰਮ੍ਰਿਤਸਰ ਵਿਚ ਮੀਆਂ ਸੁਲਤਾਨ ਬਖਸ਼ ਦੇ ਘਰ ਹੋਇਆ। ਮੁਢਲੀ ਵਿਦਿਆ ਮਸੀਤ ਵਿਚੋਂ ਅਤੇ ਅੰਮ੍ਰਿਤਸਰ ਦੇ ਸਰਕਾਰੀ ਹਾਈ ਸਕੂਲ ਵਿਚੋਂ ਪ੍ਰਾਪਤ ਕੀਤੀ। ਪੜ੍ਹਾਈ ਵਿਚੇ ਛਡ ਕੇ ਸੰਗਸਾਜ਼ੀ ਦਾ ਕੰਮ ਸਿਖਿਆ ਤੇ ਗੁਲਜ਼ਾਰ-ਇ-ਹਿੰਦ ਪ੍ਰੈਸ ਵਿਚ ਲਗ ਗਏ। ੧੬ ਵਰ੍ਹਿਆਂ ਦੀ ਉਮਰ ਵਿਚ ਹੀ ਉੱਚੀ ਪਧਰ ਦੀ ਰਵਾਇਤੀ ਕਵਿਤਾ ਲਿਖਣ ਲਗ ਪਏ। ਆਪਦੇ ਉਸਤਾਦ ਅਖਾੜਾ ਹਕੀਮ ਆਗ਼ਾ ਖਾਂ ਦੇ ਖ਼ਲੀਫਾ ਕੁਮਰਦੀਨ ਸਨ।

ਕੁਝ ਚਿਰ ਬਾਅਦ ਕੁਸ਼ਤਾ ਜੀ ਤੱਤਫਟ ਤੁਕਬੰਦੀ ਦੇ ਮਾਹਿਰ ਹੋ ਗਏ। ਇਸ ਤੇ ਆਪਨੇ ਫਰਵਰੀ ੧੯੦੨ ਵਿਚ ਸਾਰੇ ਕਵੀਆਂ ਨੂੰ ਇਸ ਖੇਤਰ ਵਿਚ ਮੁਕਾਬਲਾ ਕਰਨ ਲਈ ਵੰਗਾਰਿਆ। ਮੁਹਲਤ ਇਕ ਸਾਲ ਦੀ ਸੀ। ਸਾਲ ਦੇ ਅੰਤ ਉਤੇ ਮੀਆਂ ਮੁਹੰਮਦ ਅਲਦੀਨ ਸ਼ੋਖਤਾ ਅੰਮ੍ਰਿਤਸਰੀ ਆਪਦੇ ਮੁਕਾਬਲੇ ਲਈ ਨਿਤਰੇ। ਬਰਦਾ ਪਿਸ਼ਾਵਰੀ ਦੇ ਜਾਨ-ਨਸ਼ੀਨ ਮੀਆਂ ਤਾਜ ਮੁਲਤਾਨੀ ਨੇ ਜਲਸੇ ਦੀ ਪਰਧਾਨਗੀ ਕੀਤੀ। ਜਿੱਤ ਕੁਸ਼ਤਾ ਜੀ ਦੀ ਹੀ ਹੋਈ। ਵੀਹਵੀਂ ਸਦੀ ਦੇ ਤੀਜੇ ਦਹਾਕੇ ਤਕ ਅੰਮ੍ਰਿਤਸਰ ਦੀਆਂ ਸੌੜੀਆਂ ਸੌੜੀਆਂ ਗਲੀਆਂ ਵਿਚ ਵੀ ਇਸੇ ਪ੍ਰਕਾਰ ਦੇ ਕਵੀ-ਦੰਗਲ ਹੁੰਦੇ ਰਹਿੰਦੇ ਸਨ। ਦਸਿਆ ਜਾਂਦਾ ਹੈ ਕਿ ਸਰੋਤੇ ਛੱਤਾਂ, ਗੈਲਰੀਆਂ, ਖਿੜਕੀਆਂ ਤੇ ਥੜ੍ਹਿਆਂ ਤੇ ਬੈਠ ਜਾਂਦੇ ਸਨ ਅਤੇ ਦੋ ਕਵੀ ਵਿਰੋਧੀ ਛੱਤਾਂ ਤੋਂ ਵਾਰੀ ਵਾਰੀ ਕਵਿਤਾ ਦੀ ਇਕ ਇਕ ਸਤਰ (ਜਾਂ ਇਕ ਇਕ ਬੰਦ) ਬੋਲਦੇ ਸਨ। ਬਿਨਾਂ ਤਿਆਰੀ ਤੋਂ ਤਤੱਫਟ ਕਾਫ਼ੀਆ ਜੋੜਨਾ ਪੈਂਦਾ ਸੀ। ਜੇਤੂ ਕਵੀ ਨੂੰ ਘਿਓ ਜਾਂ ਬਦਾਮਾਂ ਵਲਾ ਦੁਧ ਪਿਲਾਇਆ ਜਾਂਦਾ ਸੀ ।

ਦੀਵਾਨ-ਇ-ਕੁਸ਼ਤਾ ਆਪਦੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਆਪਦੇ ਕਿੱਸਾ ਹੀਰ ਰਾਂਝਾ ਚੋਂ ਸਾਨੂੰ ਆਪਦੀ ਪੰਜਾਬੀਅਤ ਦੇ ਦਰਸ਼ਨ ਹੁੰਦੇ ਹਨ। ਕਵਿਤਾ ਦੇ ਖੇਤਰ ਵਿਚ ਕੁਸ਼ਤਾ ਜੀ ਨੂੰ ਪਰਯੋਗਵਾਦੀ ਕਹਿਣਾ ਚਾਹੀਦਾ ਹੈ, ਕਿਉਂਕਿ ਪੰਜਾਬੀ ਵਿਚ ਗਜ਼ਲਾਂ ਅਤੇ ਨਿਕੀਆਂ ਕਵਿਤਾਵਾਂ ਲਿਖਣ ਦਾ ਰਿਵਾਜ ਆਪ ਨੇ ਹੀ ਪਾਇਆ। ਆਪ ਨੇ ਚੌਪਈ ਦੀ ਵਰਤੋਂ ਵੀ ਕੀਤੀ ਤੇ ਬਹੁਤ ਸਾਰੇ ਦੇਸੀ ਛੰਦਾਂ ਨੂੰ ਪੁਨਰ ਜੀਵਨ ਦਿਤਾ ।

ਕੁਸ਼ਤਾ ਜੀ ਸਾਂਝੀ ਪੰਜਾਬੀ ਕਲਚਰ ਦੇ ਉਪਾਸ਼ਕ ਸਨ। ਆਪਦੀ ਬੋਲੀ ਠੇਠ ਪੰਜਾਬੀ ਹੈ। ਆਪ ਦੀ ਕਵਿਤਾ ਉਰਦੂ ਸ਼ੋਖੀ, ਇਸ਼ਕ ਮਿਜਾਜ਼ੀ ਅਤੇ ਫਾਰਸੀ ਵਿਦਵਤਾ ਦਾ ਸੰਗਮ ਹੈ।

ਆਪ ਦੀਆਂ ਦੋ ਆਲੋਚਨਾਤਮਕ ਕਿਰਤਾਂ 'ਪੰਜਾਬ ਦੇ ਹੀਰੇ' ਅਤੇ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਵੀ ਪੰਜਾਬੀ ਸਾਹਿਤ ਵਿਚ ਨਿਵੇਕਲਾ ਸਥਾਨ ਰਖਦੀਆਂ

ਹਨ। ਦੂਜੀ ਪੁਸਤਕ ੧੯੬੦ ਵਿਚ ਆਪਦੇ ਸਪੁੱਤਰ ਮੀਆਂ ਅਫ਼ਜ਼ਲ ਜੀ ਨੇ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤੀ ਹੈ। ਇਹਨਾਂ ਰਚਨਾਵਾਂ ਨੂੰ ਸਾਰਿਆਂ ਹਲਕਿਆਂ ਵਿਚ ਆਧਾਰ-ਪੁਸਤਕਾਂ ਦਾ ਦਰਜਾ ਦਿਤਾ ਜਾਂਦਾ ਹੈ।

ਆਪਨੇ ਉਰਦੂ ਵਿਚ ਵੀ ਕੁਝ ਰਚਨਾ ਕੀਤੀ ਹੈ।

**ਮਲਵਿੰਦਰ ਕੌਰ** (੮ ਫ਼ਰਵਰੀ ੧੯੪੩—ਜੀਵਤ)

ਆਪ ਸੁਰਗਵਾਸੀ ਸ: ਪ੍ਰੀਤਮ ਸਿੰਘ ਦੀ ਸਪੁੱਤਰੀ ਹਨ। ਅਜ ਕਲ ਚੰਡੀਗੜ੍ਹ ਹੁੰਦੇ ਹਨ।

ਪੰਜਾਬੀ ਰਸਾਲਿਆਂ ਵਿਚ ਆਪਦੀਆਂ ਕਾਫੀ ਕਹਾਣੀਆਂ ਛੱਪ ਚੁਕੀਆਂ ਹਨ।

ਆਪਦੀ ਵਿਚਾਰਧਾਰਾ ਮਨੁਖਵਾਦੀ ਹੈ।

**ਮਲਾਵਾ ਰਾਮ ਨਡਰ** (੧੮੪੯—੧੯੧੮)

ਆਪਦਾ ਸਬੰਧ ਅੰਮ੍ਰਿਤਸਰ ਦੇ ਰੂਪਵਾਦੀ ਕਵੀਆਂ ਨਾਲ ਹੈ। ਆਪ ਕਟੜਾ ਭਾਈ ਸੰਤ ਸਿੰਘ ਵਿਚ ਕਪੜੇ ਅਤੇ ਸੂਤਰ ਦਾ ਵਪਾਰ ਕਰਦੇ ਸਨ। ਆਪਨੇ ਬਰਦਾ ਪਿਸ਼ਾਵਰੀ ਨੂੰ ਉਸਤਾਦ ਧਾਰਿਆ ਅਤੇ ਕਵਿਤਾ ਦੇ ਖੇਤਰ ਵਿਚ ਸਰਗਰਮ ਹੋ ਗਏ। ਆਪ ਵੀ ਭਈਆ ਰਾਮ ਵਾਂਗ ਹਰ ਸਾਲ ਚਿੰਤਪੁਰਨੀ ਦੇ ਮੇਲੇ ਵਿਚ ਜਾਇਆ ਕਰਦੇ ਸਨ ਜਿਥੇ ਆਪਦਾ ਕਾਵਿ-ਦੰਗਲ ਹੁਸ਼ਿਆਰਪੁਰ ਦੇ ਦੋ ਕਵੀਆਂ, ਚੱਕਰ ਤੇ ਫੱਕਰ ਨਾਲ ਹੋਇਆ ਕਰਦਾ ਸੀ। ਆਪ ਭਾਵੇਂ ਥਥਲਾਂਦੇ ਸਨ ਪਰ ਸਰੋਤੇ ਆਪ ਪੁਰ ਫਿਰ ਵੀ ਆਸ਼ਕ ਸਨ। ਆਪਦਾ ਸੁਭਾਅ ਨਿਮ੍ਰਤਾ ਅਤੇ ਮਿੱਠਤ ਨਾਲ ਭਰਪੂਰ ਸੀ। ਉਸਤਾਦ-ਭਾਈ ਚੂਨੀ ਲਾਲ ਚੂਨੀ ਅਤੇ ਸ਼ਾਗਿਰਦ ਸ਼ੰਕਰ ਦਾਸ ਭਾਬੜਾ ਨਾਲ ਆਪ ਦੀ ਵਿਸ਼ੇਸ਼ ਸਾਂਝ ਸੀ। ੧੯੧੭ ਵਿਚ ਸ਼ੰਕਰ ਦੀ ਮੌਤ ਹੋ ਗਈ। ਆਪਨੂੰ ਬਹੁਤ ਸਦਮਾ ਲਗਾ ਤੇ ਅਗਲੇ ਸਾਲ ਆਪਨੇ ਵੀ ਪ੍ਰਾਣ ਤਿਆਗ ਦਿਤੇ।

ਆਪਦੇ ਅਠਵਾਰੇ ਬੜੇ ਪ੍ਰਸਿਧ ਹਨ। ਬੋਲੀ ਠੇਠ ਪੰਜਾਬੀ ਹੈ। ਸ਼ਬਦ-ਅਲੰਕਾਰ ਵਧੇਰੇ ਹਨ। ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

(ਸੋਮ)—ਸੱਚ ਇਸ਼ਕ ਮਿਜਾਜ਼ੀ, ਸਰਸਰ ਬਾਜ਼ੀ,
ਜਿਹੜੇ ਦੇਖ ਕੇ ਅਟਕ ਗਏ ਦਿਲ ਦੀ ਅਟਕ ਬਦਲੇ।
ਜਿਹੜੇ ਇਸ਼ਕ ਸਮੁੰਦਰ ਵਿਚ ਲਾਉਣ ਤਾਰੀ,
ਉਹ ਨਾ ਡਰਨ ਮੌਤੋਂ ਦਿਲ ਦੀ ਖਟਕ ਬਦਲੇ।

**ਮੌਲਾ ਸ਼ਾਹ ਸਾਈਂ** (੧੮੭੬—?)

ਆਪਦਾ ਜਨਮ ਜ਼ਿਲਾ ਅੰਮ੍ਰਿਤਸਰ ਦੇ ਕਸਬਾ ਮਜੀਠਾ ਵਿਚ ਇਕ ਕਸਾਈ ਪਰਵਾਰ ਵਿਚ ਹੋਇਆ। ਨਿਕਿਆਂ ਹੁੰਦਿਆਂ ਹੀ ਆਪ ਗੁਰਦਾਸਪੁਰ ਜ਼ਿਲੇ ਦੇ ਪਿੰਡ ਧਰਮਕੋਟ ਬਘੀਆਂ ਵਿਚ ਆ ਗਏ ਤੇ ਅਧਿਆਤਮਵਾਦ ਵਲ ਸਮਰਪਿਤ ਹੋ ਗਏ। ੧੮੯੧ ਵਿਚ ਆਪ ਨੇ ਝੰਗੀ ਸ਼ਾਹ ਬਖਤ ਜਮਾਲ ਦੇ ਮੌਲਵੀ ਗੁਲਾਮ ਮਹੀਉਦ੍ਦੀਨ ਨੂੰ ਗੁਰੂ ਧਾਰ ਲਿਆ। ਉਹਨਾਂ ਤੋਂ ਅਧਿਆਤਮਕਤਾ ਦੀ ਸਿਖਿਆ ਲੈਣ ਪਿਛੋਂ ਅੰਮ੍ਰਿਤਸਰ ਦੇ ਕਟੜਾ ਬੱਘੀਆਂ ਵਿਚ ਆ ਗਏ ਤੇ ਲੋਕ ਸੇਵਾ ਦੇ ਕੰਮ ਵਿਚ ਜੁੱਟ ਪਏ। ਇਥੇ ਆਪਨੇ ਕਈ ਕਿੱਸਿਆਂ ਤੇ ਸੀਹਰਫੀਆਂ ਦੀ ਰਚਨਾ ਕੀਤੀ। ਤਕਰੀਬਨ ੧੯੦੦ ਵਿਚ ਆਪਨੇ ਆਪਣੀ ਧਾਰਮਕ ਸੰਸਥਾ ਕਾਇਮ ਕਰ ਲਈ ਤੇ ਜਥੇਬੰਦ ਰੂਪ ਵਿਚ ਧਰਮ ਪਰਚਾਰ ਸ਼ੁਰੂ ਕਰ ਦਿਤਾ। ਇਸ ਤੋਂ ਪਹਿਲਾਂ ਆਪਨੇ ਤਸੀਹਿਆਂ ਭਰੀ ਤਪੱਸਿਆ ਵੀ ਕਰ ਲਈ ਸੀ। ਆਪਨੂੰ ਇਲਾਕੇ ਭਰ ਨੇ ਮਾਨਤਾ ਪਰਦਾਨ ਕੀਤੀ ਜਿਸ ਕਰਕੇ ਅੰਗਰੇਜ਼ ਅਫਸਰਾਂ ਨੂੰ ਗੰਭੀਰ ਚਿੰਤਾ ਹੋਈ। ਪੰਜਾਬ ਦੇ ਕਮਿਸ਼ਨਰ ਵਾਰ ਬਰਟਨ ਨੇ ਇਕ ਵਾਰੀ ਆਪਦੀਆਂ ਸਰਗਰਮੀਆਂ ਦੀ ਪੜਤਾਲ ਵੀ

ਕੀਤੀ ।

ਹੀਰ ਰਾਂਝਾ, ਸਸੀ ਪੁੰਨੂ, ਬਿਸ਼ਨੂੰ ਬਗਾਲ, ਮਿਰਜ਼ਾ ਸਾਹਿਬਾਂ ਆਦਿਕ ਆਪਦੇ ਪ੍ਰਸਿਧ ਕਿਸੇ ਪ੍ਰਕਾਸ਼ਿਤ ਹੋ ਚੁਕੇ ਹਨ। ਇਸ ਤੋਂ ਬਿਨਾਂ ਆਪਨੇ ਬਹੁਤ ਸਾਰੀਆਂ ਕਾਫੀਆਂ ਤੇ ਸੀਹਰਫੀਆਂ ਵੀ ਲਿਖੀਆਂ । ਆਪਦੀ ਸ਼ੈਲੀ ਵਿਚ ਅਜਿਹੇ ਬਿਬਾਂ ਦੀ ਭਰਮਾਰ ਹੈ, ਜਿਨ੍ਹਾਂ ਦਾ ਪ੍ਰਭਾਵ ਬੜਾ ਡੂੰਘਾ ਤੇ ਵਿੰਨ੍ਹਵਾ ਪੈਂਦਾ ਹੈ। ਪੰਜਾਬੀਅਤ, ਰਸਿਕਤਾ ਤੇ ਰਵਾਨੀ ਆਦਿਕ ਪੱਖ ਵਰਨਣ ਯੋਗ ਹਨ :

ਸਸੀ ਖੋਜ ਤੇ ਬੈਠ ਕੇ ਪਈ ਰੋਵੇ,
ਖੋਜ ਵਾਲੜਾ ਯਾਰ ਮਿਲਾ ਅਲਾ!
ਮੈਂ ਤਾਂ ਚਾਰ ਚੁਫੇਰੜੇ ਭਾਲ ਥਕੀ,
ਖੋਜ ਦੂਸਰਾ ਨਜ਼ਰ ਨਾ ਆ ਅਲਾ।
ਊਠਾਂ ਵਾਲਿਆਂ ਊਠਾਂ ਦਾ ਬੁਰਾ ਹੋਵੇ,
ਜਿਨ੍ਹਾਂ ਕੀਤੜਾ ਯਾਰ ਜੁਦਾ ਅਲਾ ।
ਸ਼ਾਲਾ ਨਾਲ ਮੇਰੇ ਜਿਨ੍ਹਾ ਦਗਾ ਕੀਤਾ,
ਉਹਨਾਂ ਦੋਜ਼ਖਾਂ ਮਿਲੇ ਸਜ਼ਾ ਅਲਾ ।

# ਯ

**ਯੁਮਨ, ਬਰਕਤ ਰਾਮ**

ਵੇਖੋ

ਬਰਕਤ ਰਾਮ ਯੁਮਨ

**ਯਸ਼ਪਾਲ ਪਾਠਕ**

ਵੇਖੋ

ਪਾਠਕ, ਯਸ਼ ਕਮਲ

# ਰ

**ਰਾਏ, ਜਸਵੰਤ ਰਾਏ**

ਵੇਖੋ

ਜਸਵੰਤ ਰਾਏ, ਰਾਏ

**ਰਹੀਮ ਬਖਸ਼** (੧੮੫੧—੧੯੦੩)

ਆਪ ਲਾਹੌਰ ਵਿਚ ਕਵੀ ਦੀ ਅਪੇਖਿਆ ਇਕ ਲੁਹਾਰ ਵਜੋਂ ਵਧੇਰੇ ਪ੍ਰਸਿਧ ਸਨ। ਆਪ ਮੋਰੀ ਦਰਵਾਜ਼ੇ ਦੇ ਰਹਿਣ ਵਾਲੇ ਸਨ। ਨਵੀਆਂ ਨਵੀਆਂ ਚਲੀਆਂ ਗਡੀਆਂ ਦੀਆਂ ਸਖਰ (ਕਰਾਚੀ) ਅਤੇ ਲਾਹੌਰ ਵਾਲੀਆਂ ਵਰਕਸ਼ਾਪਾਂ ਵਿਚ ਆਪ ਕਾਫੀ ਚਿਰ ਕੰਮ ਕਰਦੇ ਰਹੇ। ਆਪ ਸਿਹਤ ਵਿਚ ਭਲਵਾਨਾਂ ਵਰਗੇ ਸਨ ਅਤੇ ਕਵਿਤਾ ਦੇ ਰੂਪ ਬਾਰੇ ਇੰਨੇ ਜਾਗ੍ਰਿਤ ਸਨ ਕਿ ਗਲਤ ਵਜ਼ਨ ਵਰਤਣ ਵਾਲੇ ਦੇ ਗਿਟਿਆਂ ਵਿਚ ਸਚੀ ਮੁਚੀ ਡਾਂਗ ਕਢ ਮਾਰਦੇ ਸਨ।

'ਤੁਹਫਾ ਰਹੀਮ ਯਾਰ' ਅਤੇ 'ਮਜਮੂਹਾ ਰਹੀਮ ਯਾਰ' ਆਪਦੀਆਂ ਦੋ ਪ੍ਰਸਿਧ ਪੁਸਤਕਾਂ ਹਨ। ਆਪਦੀ ਕਵਿਤਾ ਵਿਚ ਸੰਗੀਤ ਦਾ ਪੱਖ ਬੜਾ ਬਲਵਾਨ ਸੀ, ਇਸ ਲਈ ਮੰਗਤੇ ਗਲੀਆਂ ਤੇ ਗੱਡੀਆਂ ਵਿਚ ਆਪਦੀ ਕਵਿਤਾ ਨੂੰ ਆਪਣੀ ਆਮਦਨੀ ਦਾ ਵਸੀਲਾ ਬਣਾਉਂਦੇ ਸਨ।

ਆਪਨੇ ਅਧਿਆਤਸਕ, ਉਪਦੇਸ਼ਾਤਮਕ ਅਤੇ ਸਮਾਜਕ ਅਨੁਭਵਾਂ ਦੀਆਂ ਕਵਿਤਾਵਾਂ ਲਿਖੀਆਂ। ਆਪਦਾ ਮੁਸਲਮਾਨੀ ਸਿਦਕ ਬੜਾ ਮਨੁਖਵਾਦੀ ਸੀ। ਆਪਦੀ ਸ਼ੈਲੀ ਵਿਚ ਬੋਲੀ ਦੀ ਸਧਾਰਨਤਾ, ਸੂਖਮ ਬਿੰਬਾਵਲੀ ਦਾ ਅਭਾਵ ਅਤੇ ਵਿਚਾਰਧਾਰਾ ਦਾ ਸਿਧ ਪਧਰਾਪਨ ਆਦਿ ਤਿੰਨ ਵਿਸ਼ੇਸ਼ ਪੱਖ ਹਨ।

ਅਲਫ-ਆਇਆ ਸੈਂ ਲਾਲ ਵਿਹਾਜਣੇ ਨੂੰ,
ਵਣਜ ਕੋਲਿਆਂ ਦੇ ਕਾਹਨੂੰ ਪਾ ਬੈਠੋਂ।
ਤੈਨੂੰ ਹੁਕਮ ਕਸਤੂਰੀ ਖਰੀਦਣੇ ਦੀ,
ਢੇਰ ਹਿੰਗ ਜਵੈਣ ਦੇ ਲਾ ਬੈਠੋਂ।
ਕੀ ਜਵਾਬ ਦੇਸੈਂ ਉਸ ਸ਼ਾਹ ਤਾਈਂ,
ਜਿਸਦੀ ਰਕਮ ਨੂੰ ਖੇਤ ਕਰਾ ਬੈਠੇਂ।
ਰਹੀਮ ਬਖਸ਼ ਸੁਦਾਗਰੀ ਕਰਨ ਆਇਓਂ,
ਚੋਰ ਹੱਟਿਆ ਮੁਫਤਾ ਸਦਾ ਬੈਠੋਂ।

**ਰਹੀਮ ਬਖਸ਼, ਸ਼ੈਦ** (੧੮੭੭—੧੯੦੬)

ਆਪਦੇ ਪਿਤਾ ਨਬੀ ਬਖਸ਼ ਸਿਆਲਕੋਟ ਜ਼ਿਲੇ ਦੇ ਪਿੰਡ ਦਾਊਦ ਵਿਚ ਰਹਿੰਦੇ ਸਨ ਅਤੇ ਕਾਜ਼ੀ ਅਖਵਾਉਂਦੇ ਸਨ। ਸੈਦ ਜੀ ਜਵਾਨੀ ਵਿਚ ਹੀ ਅੰਮ੍ਰਿਤਸਰ ਆ ਗਏ ਤੇ ਇਥੇ ਮਕਾਨ ਉਸਾਰਨ ਦਾ ਕੰਮ ਕਰਨ ਲਗ ਪਏ। ਜਾਨ ਕੀਟਸ ਵਾਂਗ ਆਪਨੂੰ ਵੀ ਅਠਾਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਤਪਦਿਕ ਹੋ ਗਈ ਜਿਸਨੇ ਆਪਨੂੰ ਉਮਰ ਦੇ ਤੀਹਵੇਂ ਵਰ੍ਹੇ ਵਿਚ ਪੈਰ ਨਾ ਧਰਨ ਦਿਤਾ। ਆਪ ਸੁਭਾਅ ਦੇ ਬੜੇ ਮਿੱਠੇ ਸਨ ਅਤੇ ਨਸ਼ਿਆਂ ਨੂੰ ਨਫਰਤ ਕਰਦੇ ਸਨ।

ਇੰਨੀ ਸੀਮਿਤ ਜ਼ਿੰਦਗੀ ਵਿਚ ਵੀ ਆਪਨੇ ਬਹੁਤ ਵਡੀ ਸਾਹਿਤਕ ਰਚਨਾ ਦੀਤੀ। ਆਪਦੇ ਕਿੱਸਿਆਂ

ਵਿਚੋਂ 'ਖਦਾਨ ਯਰਾਮਾ, ਦਿਲ ਖੁਰਸ਼ੀਦ, ਸੁਨਿਆਰੀ, ਕਾਮਨ ਦਿਲ ਖਦਾਜ਼, ਝਗੜਾ ਪੋਸਤੀਆਂ ਦਾ ਆਦਿਕ ਕਾਫੀ ਪ੍ਰਸਿਧ ਹੋਏ ਹਨ। ਮਜਮੂਹਾ ਰਹੀਮ ਬਖਸ਼ ਅਤੇ ਕੁਝ ਸੀਹਰਫੀਆਂ ਵੀ ਆਪਦੀ ਰਚਨਾ ਵਿਚ ਸ਼ਾਮਲ ਹਨ।

ਆਪਦੀ ਕਵਿਤਾ ਵਿਚ ਵਿਅਕਤੀਗੱਤ ਵਿਸ਼ਾਦ ਦਾ ਪ੍ਰਗਟਾਅ ਭਾਵੇਂ ਘੱਟ ਹੈ, ਪਰ ਤੀਬਰ ਬੜਾ ਹੈ। ਕਵਿਤਾ ਵਿਚ ਅਧਿਆਤਮਕਤਾ ਦੀ ਪਰਧਾਨਤਾ ਹੈ। ਬਿੰਬਾਵਲੀ ਕੰਮਜ਼ੋਰ ਹੈ। ਪਰ ਸਾਧਾਰਨਤਾ ਵਿਚ ਛੁਪੀ ਸ਼ਖਸੀਅਤ ਬਲਵਾਨ ਹੈ। ਕਿੱਸਿਆਂ ਵਿਚ ਕਹਾਣੀ ਰਸ ਦੇ ਨਾਲ ਨਾਲ ਧਾਰਮਕ ਖਿਆਲ ਵੀ ਦਿਤੇ ਗਏ ਹਨ। ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :—

ਆਖ ਖੁਦਾਇਆ ਮੇਰਾ ਪਿੰਡ,
ਅਲਮਾ ਬਹੁਤ ਦੁਰਾਡਾ।
ਔਖੇ ਸੌਖੇ ਵੇਲੇ ਤੈਂ ਬਿਨ,
ਸਾਥੀ ਹੋਰ ਨਾ ਸਾਡਾ।

**ਰਹੀਮ ਬਖਸ਼ ਫਕੀਰ** (੧੮੩੦—੧੯੩੦ ਅੰਦਾਜ਼ਨ)

ਲਾਹੌਰ ਜ਼ਿਲੇ ਦੇ ਪਿੰਡ ਢੋਲਣ ਵਾਲ ਨਾਲ ਆਪਦਾ ਸਬੰਧ ਜੋੜਿਆ ਜਾਂਦਾ ਹੈ।

ਅਧਿਆਤਮਵਾਦ ਤੇ ਪ੍ਰੇਮਾ-ਭਗਤੀ ਦੇ ਧਾਰਨੀ ਫਕੀਰ ਜੀ ਨੇ ਇਸ਼ਕ ਰਸੂਲ, ਮਦਹ ਰਸੂਲ, ਇਸ਼ਕ ਤਮਾਨਚਾ ਆਦਿਕ ਮੌਲਿਕ ਕਾਵਿ-ਪੁਸਤਕਾਂ ਲਿਖੀਆਂ ਅਤੇ ਕਸੀਦਾ ਅਨਵਰੀ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਇਹ ਸਾਰੀਆਂ ਰਚਨਾਵਾਂ ਪ੍ਰਕਾਸ਼ਿਤ ਰੂਪ ਵਿਚ ਮਿਲਦੀਆਂ ਹਨ। ਆਪਦਾ ਸੂਫੀਵਾਦ ਆਪਨੂੰ ਹਿੰਦੂ ਪਰੰਪਰਾ ਨਾਲੋਂ ਨਿਖੇੜਦਾ ਹੈ। ਮਿੱਠਤ ਅਤੇ ਸੋਜ਼ ਦੇ ਗੁਣ ਆਪਦੀ ਸ਼ੈਲੀ ਤੋਂ ਪਰਤੱਖ ਹਨ। ਸ਼ਿੰਗਾਰ ਰਸ ਨਾਲ ਭਰਪੂਰ ਬਿੰਬਾਵਲੀ ਪਾਠਕਾਂ ਸਰੋਤਿਆਂ ਨੂੰ ਵਸ ਵਿਚ ਕਰਨ ਲਈ ਫਕੀਰ ਜੀ ਦੀ ਸਹਾਇਕ ਬਣਦੀ ਹੈ। ਬੋਲੀ ਸ਼ੁਧ ਪੰਜਾਬੀ ਹੈ।

ਇਸ਼ਕ ਤਮਾਨਚਾ ਮੁਰਸ਼ਦ ਲਾਇਆ,
ਵਾਹ ਵਾਹ ਸ਼ਾਬਾ ਬਿਸਮਿਲਾ।
ਖਿਚ ਕਮਾਨੋਂ ਤੀਰ ਚਲਾਇਆ,
ਵਾਹ ਵਾਹ ਸ਼ਾਬਾ ਬਿਸਮਿਲਾ।

**ਰਹੀਮ ਬਖਸ਼ ਫਕੀਰ**

ਵੇਖੋ
ਬਖਸ਼ ਫਕੀਰ

**ਰਹੀਮ ਯਾਰ**

ਵੇਖੋ
ਰਹੀਮ ਬਖਸ਼

**ਰਿਖਰਾਜ, ਉਤਮ ਸਿੰਘ**

ਵੇਖੋ
ਉਤਮ ਸਿੰਘ ਰਿਖਰਾਜ

**ਰੰਗਾ ਸਿੰਘ ਬੇਦੀ**

ਵੇਖੋ
ਬੇਦੀ, ਰੰਗਾ ਸਿੰਘ

**ਰਾਜਿੰਦਰ ਸਿੰਘ** (੧੯੪੩—ਜੀਵਤ)

ਆਪ ਦਾ ਨਾਮ ਡਸਕਾ, ਜ਼ਿਲਾ ਸਿਆਲਕੋਟ ਵਿਚ ਡਾਕਟਰ ਧਿਆਨ ਸਿੰਘ ਦੇ ਘਰ ਹੋਇਆ। ਅਜ ਕਲ ਸਪਤਾਹਿਕ 'ਸੱਚਾ ਮਾਰਗ' ਸਮਾਨਾ ਦੇ ਸੰਪਾਦਕ

ਹਨ ।

ਕਾਫੀ ਸਾਰੇ ਪਤਰਕਾਰਕ ਲੇਖ ਆਪਦੀ ਰਚਨਾ ਦਾ ਵਿਸ਼ੇਸ਼ ਭਾਗ ਹਨ ।

**ਰਾਜਿੰਦਰ ਸਿੰਘ ਆਤਿਸ਼** (੨੦ ਨਵੰਬਰ ੧੯੪੦— ਜੀਵਤ)

ਆਪ ਜਾਲੰਧਰ ਨਿਵਾਸੀ ਸ: ਗੁਰਮੁਖ ਸਿੰਘ ਦੇ ਸਪੁੱਤਰ ਹਨ । 'ਅਕਾਲੀ' ਅਤੇ ਫਿਰ 'ਜਥੇਦਾਰ' ਵਿਚ ਸਤੰਭਕਾਰ (ਆਤਿਸ਼ਬਾਜ਼ੀ) ਰਹਿ ਚੁਕੇ ਹਨ। ਕਾਫੀ ਕਹਾਣੀਆਂ ਦੀ ਰਚਨਾ ਕਰ ਚੁਕੇ ਹਨ ।

ਸਰਗਰਮ ਸਾਹਿਤਕਾਰ ਤੇ ਪਤਰਕਾਰ ਹਨ ।

**ਰਾਜਿੰਦਰ ਸਿੰਘ ਏਕਾਕੀ** (੧੬ ਅਗਸਤ ੧੯੩੬— ਜੀਵਤ)

ਆਪ ਚੰਡੀਗੜ੍ਹ ਨਿਵਾਸੀ ਸ: ਇੰਦਰ ਸਿੰਘ ਦੇ ਸਪੁੱਤਰ ਅਤੇ ਸਰਕਾਰੀ ਛਾਪੇਖਾਨੇ ਦੇ ਵਰਕਰ ਹਨ ।

ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ ।

ਸਰਗਰਮ ਸਾਹਿਤ-ਸਭੀਏ ਹਨ । ਆਪਦੀਆਂ ਕਵਿਤਾਵਾਂ ਵਿਚ ਸੁਹਜ, ਸੁੰਦਰਤਾ ਅਤੇ ਵਿਚਾਰ ਦੀ ਪਰਧਾਨਤਾ ਹੈ ।

**ਰਾਜਿੰਦਰ ਸਿੰਘ ਕੁੰਦੀ** (੧੫ ਫਰਵਰੀ ੧੯੪੧— ਜੀਵਤ)

ਜਨਮ ਸੰਸਾਰਪੁਰ ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਖਿੱਦਮਤ ਸਿੰਘ ਦੇ ਘਰ ਹੋਇਆ ।

ਪੰਜਾਬੀ ਵਿਚ ਕਵਿਤਾਵਾਂ, ਕਹਾਣੀਆਂ ਲਿਖਦੇ ਹਨ ।

**ਰਾਜਿੰਦਰ ਸਿੰਘ ਜਾਲੀ**

ਵੇਖੋ
ਜਾਲੀ, ਰਾਜਿੰਦਰ ਸਿੰਘ

**ਰਾਜਿੰਦਰ ਸਿੰਘ ਤੂਰ**

ਵੇਖੋ
ਤੂਰ, ਰਾਜਿੰਦਰ ਸਿੰਘ

**ਰਾਜਿੰਦਰ ਸਿੰਘ ਥਾਪਰ**

ਵੇਖੋ
ਥਾਪਰ, ਰਾਜਿੰਦਰ ਸਿੰਘ

**ਰਾਜਿੰਦਰ ਸਿੰਘ ਬੇਦੀ, ਪਤਰਕਾਰ**

ਵੇਖੋ
ਬੇਦੀ, ਰਾਜਿੰਦਰ ਸਿੰਘ ਪਤਰਕਾਰ

**ਰਾਜਿੰਦਰ ਸਿੰਘ ਬਿੰਦਰ**

ਵੇਖੋ
ਬਿੰਦਰ, ਰਾਜਿੰਦਰ ਸਿੰਘ

**ਰਾਜਿੰਦਰ ਸਿੰਘ ਬੱਲ** (੧੫ ਅਕਤੂਬਰ ੧੯੨੨— ਜੀਵਤ)

ਜਨਮ ਚੱਕ ੩੮ ਜ਼ਿਲਾ ਲਾਇਲਪੁਰ ਵਿਚ ਸ: ਰਣਧੀਰ ਸਿੰਘ ਜਾਗੀਰਦਾਰ ਦੇ ਘਰ ਮਾਤਾ ਰੁਕਮਣ ਦੇਵੀ ਦੀ ਕੁਖੋਂ ਹੋਇਆ । ਭਾਈ ਬੰਨੋ ਜੀ ਨਾਲ ਆਪਦਾ ਖਾਨਦਾਨੀ ਸਬੰਧ ਹੈ। ਲਾਇਲਪੁਰ ਦੇ ਖਾਲਸਾ ਕਾਲਜੋਂ ਐਫ. ਏ. ਅਤੇ ਬੰਬਈ ਦੇ ਲੈਨਟਨ ਕਾਮਰਸ ਕਾਲਜੋਂ ਬੀ. ਕਾਮ ਕਰਨ ਪਿਛੋਂ ਲਾਇਲਪੁਰ ਵਿਚ ਟਾਈਪ ਦੀ ਸਿਖਲਾਈ ਅਤੇ ਪੰਜਾਬੀ ਸਾਹਿਤ ਦੇ

ਇਮਤਿਹਾਨਾਂ ਦਾ ਕਾਲਜ ਖੋਲ੍ਹ ਦਿਤਾ ਤੇ ਨਾਲ ਨਾਲ ਸਾਹਿਤ ਵੀ ਸਿਰਜਦੇ ਰਹੇ। ੧੯੪੨ ਦੀ 'ਭਾਰਤ ਛਡੋ' ਲਹਿਰ ਵਿਚ ਆਪਨੇ ਵੀ ਹਿੱਸਾ ਲਿਆ ।

ਵੰਡ ਪਿਛੋਂ ਆਪਨੇ ਜਾਲੰਧਰ ਆ ਕੇ ਪੁਰਾਣੀਆਂ ਸਰਗਰਮੀਆਂ ਜਾਰੀ ਰਖੀਆਂ । 'ਸਰਜੀਤ' ਤੇ 'ਦਲੇਰ ਖਾਲਸਾ' ਪਤਰ ਕਢੇ ਪਰ ਆਰਥਿਕਤਾ ਨੇ ਸਾਥ ਨਾ ਦਿਤਾ । ਅਕਾਲੀ ਹੋਣ ਦੇ ਨਾਤੇ ਕਈ ਵਾਰੀ ਜੇਲ੍ਹ ਗਏ ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਨਾਟਕ : ਚਾਚੇ ਦੀ ਸਹੁੰ, ਗ਼ਲਤੀ. ਸਾਜਨ ਟੁਰ ਗਏ, ਸਹਿਕਦੀ ਲੋਅ, ਆਦਿਕ ।

ਸੰਪਾਦਿਤ : 'ਪੰਜਾਬੀ ਪਿੰਗਲ', 'ਟੈਗੋਰ ਕੇ ਨਗਮੇ' ਟਾਈਪ ਰਾਈਟਿੰਗ ਇੰਸਟ੍ਰਕਟਰ', 'ਅਜੀਤ ਗਿਆਨੀ ਗਾਈਡ', 'ਪੂਰਨ ਪੰਜਾਬੀ ਲੇਖ', 'ਸ਼੍ਰੋਮਣੀ ਪੰਜਾਬੀ ਲੇਖ', ਆਦਿਕ ।

ਆਲੋਚਨਾ : 'ਪੰਜਾਬੀ ਸਾਹਿਤ ਦੀ ਸਮਰਥਾ', 'ਆਧੁਨਿਕ ਪੰਜਾਬੀ ਕਵੀ', ਆਦਿਕ ।

ਕਹਾਣੀ-ਸੰਗ੍ਰਹਿ : ਫੜਕਦਾ ਪੰਛੀ ।

ਆਪਦੀ ਵਿਚਾਰਧਾਰਾ ਵਿਚ ਧਾਰਮਕ ਪ੍ਰਗਤੀਵਾਦ ਦੀ ਪ੍ਰਧਾਨਤਾ ਹੈ ।

**ਰਾਜਿੰਦਰ ਸਿੰਘ ਰਾਜਨ** (੧੧ ਜੂਨ ੧੯੩੮—ਜੀਵਤ)

ਜਾਲੰਧਰ ਨਿਵਾਸੀ ਸ. ਗੁਲਾਬ ਸਿੰਘ ਦੇ ਸਪੁੱਤਰ ਹਨ । ਵਿਦਿਆ ਗਿਆਨੀ ਤਕ ਹੈ ।

ਆਪ ਦੀਆਂ ਬਹੁਤ ਸਾਰੀਆਂ ਰਚਨਾਵਾਂ ਪਤਰਾਂ ਵਿਚ ਛੱਪ ਚੁਕੀਆਂ ਹਨ ।

ਅਜ ਕਲ ਰੋਜ਼ਾਨਾ ਕੌਮੀ ਦਰਦ ਦੇ ਉਪ-ਸੰਪਾਦਕ ਹਨ ।

**ਰਾਜਿੰਦਰ ਸਿੰਘ ਰਾਣਾ** (੧੯੩੩—ਜੀਵਤ)

ਆਪ ਜਾਲੰਧਰ ਦੇ ਪਤਰਕਾਰ ਹਨ । ਆਪਦੀਆਂ ਕਵਿਤਾਵਾਂ ਅਤੇ ਹੋਰ ਵਾਰਤਕ ਰਚਨਾਵਾਂ ਪਤਰਾਂ ਵਿਚ ਛਾਪਦੀਆਂ ਰਹਿੰਦੀਆਂ ਹਨ ।

ਆਪਦਾ ਵਧੇਰੇ ਨਿਹੁੰ ਪਤਰਕਾਰੀ, ਰਾਜਨੀਤੀ ਅਤੇ ਜਥੇਬੰਦੀ ਨਾਲ ਹੈ । ਫੋਟੋ-ਪਤਰਕਾਰੀ ਦੇ ਮਾਹਿਰ ਹਨ । ਅਜ ਕਲ ਰੋਜ਼ਾਨਾ 'ਜਥੇਦਾਰ' ਵਿਚ ਉਪ-ਸੰਪਾਦਕ ਹਨ ।

**ਰਾਜਿੰਦਰ ਸਿੰਘ ਰਾਜ਼** (੧੪ ਅਕਤੂਬਰ ੧੯੪੩—ਜੀਵਤ)

ਜਨਮ ਸਵੱਦੀ, ਜ਼ਿਲਾ ਲੁਧਿਆਣਾ ਦੇ ਨਿਵਾਸੀ ਸ੍ਰੀ ਬੀਰ ਸਿੰਘ ਦੇ ਘਰ ਹੋਇਆ ।

ਅਜ ਕਲ ਨਿਕੀਆਂ ਕਹਾਣੀਆਂ ਲਿਖਦੇ ਹਨ ਅਤੇ ਸਹਿਤ-ਸਭਾਵਾਂ ਚ ਸਰਗਰਮ ਹਿੱਸਾ ਲੈਂਦੇ ਹਨ । ਆਪ ਦੀਆਂ ਕਵਿਤਾਵਾਂ ਵਿਚ ਸੁਹਜ ਦੀ ਪਰਧਾਨਤਾ ਹੈ ।

**ਰਾਜਿੰਦਰ ਕੌਰ ਸੰਧੂ**

ਵੇਖੋ
ਸੰਧੂ, ਰਾਜਿੰਦਰ ਕੌਰ

**ਰਾਜਿੰਦਰ ਨਾਥ ਰਾਜ਼** (੭ ਅਗਸਤ ੧੯੩੫—ਜੀਵਤ)

ਆਪ ਬਰਨਾਲਾ ਨਿਵਾਸੀ ਸ੍ਰੀ ਜਗਨ ਨਾਥ ਦੇ ਸਪੁੱਤਰ ਹਨ । ਅਜ ਕਲ ਅਧਿਆਪਕ ਦਾ ਕੰਮ ਕਰਦੇ ਹਨ ।

ਇਕ ਹਿੰਦੀ ਤੇ ਇਕ ਪਜਾਬੀ ਮਾਸਕ ਦੇ ਸੰਪਾਦਕ ਵੀ ਰਹਿ ਚੁਕੇ ਹਨ ।

ਪੰਜਾਬੀ ਵਿਚ ਕਵਿਤਾਵਾਂ, ਕਹਾਣੀਆਂ ਲਿਖਦੇ ਹਨ ।

**ਰਾਜਿੰਦਰ ਨਾਥ ਸ਼ਰਮਾ**

ਵੇਖੋ
ਸ਼ਰਮਾ, ਰਾਜਿੰਦਰ ਨਾਥ

**ਰਾਜ ਬੇਦੀ**

ਵੇਖੋ
ਬੇਦੀ, ਰਾਜ

**ਰਾਜ ਸ਼ਰਮਾ**

ਵੇਖੋ
ਸ਼ਰਮਾ ਰਾਜੇਸ਼ਵਰ ਕੁਮਾਰ

**ਰਣਜੀਤ ਸਿੰਘ ਕੰਵਲ** (੧੯੩੩—ਜੀਵਤ)

ਆਪ ਸ੍ਰੀ ਰਾਜਾ ਰਾਮ ਦੇ ਸਪੁੱਤਰ ਹਨ। ਚੰਡੀਗੜ੍ਹ ਵਿਚ ਸਰਕਾਰੀ ਡਰਾਫਟਸਮੈਨ ਹਨ।

ਪੰਜਾਬੀ ਵਿਚ ਕਵਿਤਾਵਾਂ ਅਤੇ ਕਹਾਣੀਆਂ ਲਿਖਦੇ ਹਨ।

ਸਰਗਰਮ ਜਥੇਬੰਦਕ ਅਤੇ ਸਾਹਿਤਕਾਰ ਹਨ।

**ਰਣਜੀਤ ਸਿੰਘ ਖੜਗ** (੧੮ ਮਾਰਚ, ੧੯੧੫—ਜੀਵਤ)

ਜਨਮ ਸੀ ਮਾਲਾਵਾ ਰਾਮ ਦਿਓਲ ਦੇ ਘਰ ਹੋਇਆ। ਵਿਦਿਆ ਦਸਵੀਂ, ਗਿਆਨੀ ਤਕ ਹੈ।

ਅਜ ਕਲ ਆਪ ਡਾਕ ਤਾਰ ਦੇ ਅਕਾਊਂਟੈਂਟ ਜਨਰਲ ਸ਼ਿਮਲਾ ਦੇ ਦਫਤਰ ਵਿਚ ਕੰਮ ਕਰ ਰਹੇ ਹਨ।

ਅੰਗਰੇਜ਼ੀ, ਉਰਦੂ, ਪੰਜਾਬੀ ਅਤੇ ਹਿੰਦੀ ਵਿਚ ਆਪ ਕਵਿਤਾਵਾਂ ਅਤੇ ਲੇਖਾਂ ਦੀ ਰਚਨਾ ਕਰਦੇ ਹਨ। ਆਪਦਾ ਝੁਕਾਅ ਸਿਖ ਵਿਚਾਰਧਾਰਾ ਅਤੇ ਇਤਿਹਾਸ ਵਲ ਹੈ।

ਆਪਦੀਆਂ ਬਹੁਤ ਸਾਰੀਆਂ ਰਚਨਾਵਾਂ ਰਸਾਲਿਆਂ ਵਿਚ ਛੱਪ ਚੁਕੀਆਂ ਹਨ।

ਆਪ ਗੁਰੂ ਘਰ ਦੀ ਵਿਚਾਰਧਾਰਾ ਦੇ ਅਨੁਸਾਰੀ ਅਤੇ ਸਾਂਝੀ ਪੰਜਾਬੀਅਤ ਦੇ ਉਪਾਸ਼ਕ ਹਨ :

ਆਪਦਾ ਸਥਾਨ ਸਿਆਣੇ ਤੇ ਸਰਗਰਮ ਨਿਬੰਧਕਾਰਾਂ ਵਿਚ ਹੈ।

**ਰਣਜੀਤ ਸਿੰਘ ਪੰਛੀ** (੧ ਜੂਨ ੧੯੪੧—ਜੀਵਤ)

ਆਪ ਮਾਛੀਵਾੜਾ ਜ਼ਿਲਾ ਲੁਧਿਆਣਾ ਦੇ ਨਿਵਾਸੀ ਸ: ਜਗਤਾਰ ਸਿੰਘ ਦੇ ਸਪਤਰ ਹਨ। ਖੇਤੀਬਾੜੀ ਵਿਗਿਆਨ ਵਲ ਝੁਕਾਅ ਰਖਦੇ ਹਨ।

**ਰਣਧੀਰ ਸਿੰਘ, ਸੰਤ** (ਜਨਮ ੧੪ ਜੂਨ ੧੮੭੯)

ਆਪਦਾ ਜਨਮ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਖੇ ਸ: ਨਥਾ ਸਿੰਘ ਦੇ ਘਰ ਮਾਤਾ ਪੰਜਾਬ ਕੌਰ ਦੀ ਕੁਖੋਂ ਹੋਇਆ। ਕਾਲਜ ਦੀ ਪੜ੍ਹਾਈ ਸਮੇਂ ਆਪ ਨੂੰ ਗੁਰੂ ਘਰ ਦੀ ਘਾਲਣਾ ਤੇ ਪੰਜਾਬੀ ਕਲਚਰ ਨਾਲ ਨਿਹੁੰ ਹੋ ਗਿਆ। ਇਸ ਜਜ਼ਬੇ ਦੇ ਅਧੀਨ ਆਪ ਨੇ ਬਾਅਦ ਵਿਚ ਤਹਿਸੀਲਦਾਰੀ (੧੯੦੧—੩) ਛਡ ਦਿਤੀ। ੧੪ ਜੂਨ ੧੯੦੩ ਵਾਲੇ ਦਿਨ ਪਿੰਡ ਬੱਕਾ ਪੁਰ ਜ਼ਿਲਾ ਜਾਲੰਧਰ ਵਿਖੇ ਅੰਮ੍ਰਿਤ ਛਕਿਆ। ਇਸੇ ਦੀਵਾਨ ਵਿਚ ਮੌਲਵੀ ਕਰੀਮ ਬਖਸ਼ ਤੇ ਸੰਤ ਲਖਬੀਰ ਸਿੰਘ ਵੀ ਪਰਵਿਰਤ ਹੋਏ ਸਨ। ਰਣਧੀਰ ਸਿੰਘ ਜੀ ਕੁਝ ਦੇਰ ਅਹਿਮਦਾਬਾਦ ਵੀ ਰਹੇ। ੧੯੦੭ ਵਿਚ ਖਾਲਸਾ ਕਾਲਜ ਵਿਚ ਸੁਪਰਡੈਂਟ ਲਗ ਗਏ। ੧੯੧੪ ਵਿਚ ਗੁਰਦੁਆਰਾ ਰਕਾਬ ਗੰਜ ਦੇ ਮੋਰਚੇ ਵਿਚ ਸ਼ਾਮਲ ਹੋਏ। ੯ ਮਈ ੧੯੧੫ ਨੂੰ ਨਾਭੇ ਵਿਚ ਨਜ਼ਰਬੰਦ ਰਹੇ ਤੇ ੧੭ ਜੂਨ ਨੂੰ ਲੁਧਿਆਣੇ ਲਿਆ ਕੇ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ੩੦ ਮਾਰਚ ੧੯੧੬ ਨੂੰ ਇਕ ਸਾਜ਼ਸ਼-ਮੁਕੱਦਮੇ ਦੇ ਸਬੰਧ ਵਿਚ ਉਮਰ ਕੈਦ

ਦੀ ਸਜ਼ਾ ਦਿਤੀ ਗਈ ਤੇ ਆਪਦੀ ਜਾਇਦਾਦ ਜ਼ਬਤ ਕਰ ਲਈ ਗਈ।

੪ ਅਕਤੂਬਰ ੧੯੩੦ ਨੂੰ ਸੈਂਟਰਲ ਜੇਲ੍ਹ ਤੋਂ ਆਪ ਰਿਹਾ ਹੋਏ ਤੇ ੧੫ ਸਤੰਬਰ ੧੯੩੧ ਨੂੰ ਆਪ ਨੂੰ ਸ੍ਰੀ ਅਕਾਲ ਤਖਤ ਵਲੋਂ ਸਿਰੋਪਾਓ ਤੇ ਹੁਕਮਨਾਮਾ ਪ੍ਰਦਾਨ ਕੀਤਾ ਗਿਆ। ੧੧ ਸਤੰਬਰ ੧੯੩੧ ਵਿਚ ਸ੍ਰੀ ਤਰਨ-ਤਾਰਨ ਸਾਹਿਬ ਦੀ ਕਾਰ ਸੇਵਾ ਦੇ ਉਦਘਾਟਨੀ ਪੰਜ ਪਿਆਰਿਆਂ ਵਿਚ ਸ਼ਾਮਲ ਕੀਤਾ ਗਿਆ ਤੇ ਫਿਰ ੧੪ ਅਕਤੂਬਰ ੧੯੩੨ ਨੂੰ ਸ੍ਰੀ ਪੰਜਾ ਸਾਹਿਬ ਦੀ ਨੀਂਹ ਰਖਣ ਵੇਲੇ ਵੀ ਪੰਜਾਂ ਵਿਚ ਸ਼ਾਮਲ ਕੀਤਾ ਗਿਆ। ਭਾਰਤ ਭਰ ਵਿਚ ਸਿਖ ਗੁਰਧਾਮਾਂ ਦੀ ਯਾਤਰਾ ਕੀਤੀ। ਤਪਸਿਆ ਦਾ ਅਭਿਆਸ ਇਥੋਂ ਤਕ ਕੀਤਾ ਕਿ ਆਪ ਨੇ ਇਕ ਵਾਰ ੭ ਦਿਨ ਤੇ ਦੂਜੀ ਵਾਰੀ ੪੦ ਦਿਨ ਪਾਣੀ ਤੋਂ ਬਿਨਾਂ ਕੱਟੇ। ਜੇਲ੍ਹਾਂ ਵਿਚ ਵੀ ਆਪਨੇ ਕਸ਼ਟਾਂ ਨੂੰ ਜੇਰੇ ਨਾਲ ਸਿਹਾ।

ਗੁਰਮਤ ਅਤੇ ਜ਼ਿੰਦਗੀ ਉਤੇ ੨੪ ਪੁਸਤਕਾਂ ਆਪਨੇ ਲਿਖੀਆਂ ਜਿਨ੍ਹਾਂ ਚੋਂ ਚੋਣਵੀਆਂ ਦੀ ਸੂਚੀ ਇਸ ਪ੍ਰਕਾਰ ਹੈ :

ਜੇਲ੍ਹ ਚਿਠੀਆਂ, ਗੁਰਮਤਿ ਨਾਮ, ਅਭਿਆਸ ਕਮਾਈ ਗੁਰਮਤਿ ਲੇਖ, ਗੁਰਮਤਿ ਪ੍ਰਲੋਕ (ਗੁਰਬਾਣੀ ਵਿਆਕਰਣ), ਵਿਲੱਖਣਤਾ ਅਨਹਦ, ਸਬਦ ਦਸਮ ਦੁਆਰ, ਰੰਗਲੇ ਸਜਣ, ਸਚਖੰਡ ਦਰਸ਼ਨ, ਚਰਨ ਕਮਲ ਦੀ ਮਹਿਮਾ, ਦਰਸ਼ਨ ਝਲਕਾਂ, ਜੋਤਿ ਵਿਗਾਸ, ਸੱਚੇ ਨਿਰਣੇ ਸੰਤਪਦ ਨਿਰਣੈ।

ਇਸ ਮਹਾਨ ਵਾਰਤਕ-ਘਾਲਣਾ ਵਿਚ ਆਪ ਨੇ ਸਿਖੀ ਦੇ ਸਿਧਾਂਤਕ ਪੱਖਾਂ ਉਤੇ ਰੌਸ਼ਨੀ ਪਾਈ ਹੈ। ਸ਼ੈਲੀ ਆਪਦੀ ਵਿਦਵਤਾ-ਭਰਪੂਰ ਹੈ। ਇਹਨਾਂ ਪੁਸਤਕਾਂ ਵਿਚ ਨਿਜੀ ਅਨੁਭਵਾਂ ਨੂੰ ਵੀ ਆਧਾਰ ਬਣਾਇਆ ਗਿਆ ਹੈ। 'ਅਨਹਦ ਦਸਮ ਦੁਆਰ' ਨਾਂ ਦੀ ਪੁਸਤਕ ਵਿਚ ਸਿਖੀ ਨੂੰ ਜੋਗ ਮੱਤ ਨਾਲੋਂ ਵਖਰਿਆਇਆ ਹੈ। ਇਸੇ ਤਰ੍ਹਾਂ 'ਸਚਖਡ ਦਰਸ਼ਨ' ਵਿਚ 'ਜਪੁਜੀ ਸਾਹਿਬ' ਵਿਚ ਆਏ ਖੰਡਾਂ ਦੀ ਵਿਆਖਿਆ ਕੀਤੀ ਗਈ ਹੈ।

ਆਪਦਾ ਸਥਾਨ ਇਕ ਰਾਜਸੀ-ਧਾਰਮਕ ਮਹਾਂ-ਪੁਰਖ ਅਤੇ ਵਾਰਤਕਕਾਰ ਵਜੋਂ ਹੈ।

**ਰਣਧੀਰ ਸਿੰਘ ਡੂਮ ਛੇੜੀ** (੧੮੯੮—ਜੀਵਤ)

ਜਨਮ ਡੂਮ ਛੇੜੀ ਜ਼ਿਲਾ ਅੰਬਾਲਾ ਵਿਚ ਸ: ਬਿਸ਼ਨ ਸਿੰਘ ਦੇ ਘਰ ਹੋਇਆ। ਕੁਝ ਮੁਢਲੀ ਪੜ੍ਹਾਈ ਕਰ ਚੁਕਣ ਪਿਛੋਂ ੧੯੧੫ ਵਿਚ ਫੌਜੀ ਬਣ ਗਏ। ੧੯੨੦ ਵਿਚ ਆਪ ਫ਼ੌਜ ਛਡ ਕੇ ਅਕਾਲੀ ਲਹਿਰ ਵਿਚ ਸਰਗਰਮ ਹੋ ਗਏ। 'ਅਕਾਲੀ' ਅਤੇ 'ਪਰਦੇਸੀ' ਆਦਿਕ ਅਖਬਾਰਾਂ ਦੇ ਸਹਾਇਕ ਸੰਪਾਦਕ ਵੀ ਰਹੇ। ੧੯੨੮ ਵਿਚ ਕੈਦ ਹੋਏ। ੧੯੩੪-੪੪ ਦੇ ਦੌਰਾਨ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰ-ਦੁਆਰਾ ਇੰਸਪੈਕਟਰ ਰਹੇ। ਫਿਰ ਆਪ ਕਮੇਟੀ ਦੀ ਸਿਖ ਹਿਸਟਰੀ ਸੁਸਾਇਟੀ ਦੇ ਤ੍ਰਿਮਾਸਕ ਪਤਰ ਦੇ ਸੰਪਾਦਕ ਬਣੇ। ਅਜ ਕਲ ਆਪ ਇਥੇ ਹੀ ਇਤਿਹਾਸ ਦੀ ਖੋਜਕਾਰੀ ਕਰ ਰਹੇ ਹਨ।

'ਦਸਮ ਗ੍ਰੰਥ ਦਾ ਇਤਿਹਾਸ' (੧੯੪੫) ਆਪਦੀ ਪ੍ਰਸਿਧ ਰਚਨਾ ਹੈ।

**ਰਣਧੀਰ ਸਿੰਘ ਬੇਦੀ**

ਵੇਖੋ
ਬੇਦੀ, ਰਣਧੀਰ ਸਿੰਘ

**ਰਣਬੀਰ ਸਿੰਘ ਬੀਰ** (੧੮੯੭—ਜੀਵਤ)

ਖਾਲਸਾ ਕਾਲਜ ਅੰਮ੍ਰਿਤਸਰੋਂ ਬੀ. ਏ. ਕਰਨ ਪਿਛੋਂ ਆਪ ਧਾਰਮਕ ਸਿਆਸਤ ਵਿਚ ਆ ਗਏ। ਅਧਿਆਤਮ

ਨੂੰ ਅਧਾਰ ਬਣਾ ਕੇ ਥਾਂ ਥਾਂ ਬੜੀਆਂ ਜੋਸ਼ੀਲੀਆਂ ਤਕਰੀਰਾਂ ਕੀਤੀਆਂ।

ਕਲਕਤਿਓਂ ਆਪ ਨੇ 'ਆਤਮ-ਸਾਇੰਸ' ਅਤੇ 'ਖਾਲਸਾ ਗਜ਼ਟ' ਨਾਂ ਦੇ ਦੋ ਪੱਤਰ ਜਾਰੀ ਕੀਤੇ ਜੋ ਕਿ ਹੁਣ ਤਕ ਚਲ ਰਹੇ ਹਨ। 'ਆਤਮ-ਸਾਇੰਸ' ਹੁਣ ਇਕ ਧਾਰਮਕ ਮਿਸ਼ਨ ਦਾ ਰੂਪ ਧਾਰ ਚੁਕਾ ਹੈ।

'ਬੀਰ ਦੇ ਤੀਰ' ਆਪਦਾ ਪਹਿਲਾ ਕਾਵਿ-ਸੰਗ੍ਰਹਿ ਹੈ। 'ਬੰਦਗੀ ਨਾਮਾ', 'ਸਿਮਰਨ ਮਹਿਮਾ', 'ਚੜ੍ਹਦੀ ਕਲਾ', 'ਗੁਰਮਤ ਚਾਨਣ', 'ਅਰਦਾਸ ਸ਼ਕਤੀ', 'ਖਾਲਸਈ ਸ਼ਾਨ', 'ਰਮਜ਼ਾਂ' ਆਦਿਕ ਆਪਦੀਆਂ ਕੁਝ ਹੋਰ ਸਿਧਾਂਤਕ ਪੁਸਤਕਾਂ ਹਨ। 'ਹੁਲਾਰੇ' ਅਤੇ 'ਯਾਦਾਂ' ਦੋ ਪਿਛਲੇਰੇ ਕਾਵਿ-ਸੰਗ੍ਰਹਿ ਹਨ। 'ਰਮਜ਼ੀ ਕਹਾਣੀਆਂ', 'ਅਰਸ਼ੀ ਕਹਾਣੀਆਂ', ਆਦਿਕ ਕਹਾਣੀ-ਸੰਗ੍ਰਹਿ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ।

ਆਪਦੀ ਵਿਚਾਰਧਾਰਾ ਦਾ ਆਧਾਰ ਗੁਰੂ-ਘਰ ਹੈ।

**ਰਣਜੀਤ ਕੌਰ** (੩੦ ਜੂਨ ੧੯੪੦—ਜੀਵਤ)

ਆਪ ਸੁਰਗਵਾਸੀ ਸ: ਪ੍ਰੀਤਮ ਸਿੰਘ ਦੀ ਸਪੁਤਰੀ ਹਨ। ਵਿਦਿਆ ਰਾਜਨੀਤੀ ਅਤੇ ਇਤਿਹਾਸ ਦੀ ਐਮ. ਏ. ਤਕ ਹੈ।

ਪੰਜਾਬੀ ਸਾਹਿਤਕਾਰੀ ਅਤੇ ਨਾਟਕਕਾਰੀ ਨਾਲ ਡੂੰਘਾ ਨਿਹੁੰ ਹੈ। ਆਪਦੀਆਂ ਬਹੁਤ ਸਾਰੀਆਂ ਰਚਨਾਵਾਂ ਰਸਾਲਿਆਂ ਵਿਚ ਪ੍ਰਕਾਸ਼ਿਤ ਹੋ ਚੁਕੀਆਂ ਹਨ।

**ਰਣਜੀਤ ਤੰਬੜ**

ਆਪ ਪਿੰਡ ਸੂਰਾਂ ਪੁਰ ਜ਼ਿਲਾ ਜਲੰਧਰ ਦੇ ਨਿਵਾਸੀ ਅਤੇ ਸ: ਜਸਵੰਤ ਸਿੰਘ ਦੇ ਸਪੁਤਰ ਹਨ। ਵਿਦਿਆ ਖੇਤੀ ਵਿਗਿਆਨ ਦੀ ਬੀ. ਐਸ. ਸੀ. ਤਕ ਹੈ।

ਕਹਾਣੀਆਂ, ਕਵਿਤਾਵਾਂ ਦੀ ਰਚਨਾ ਅਤੇ ਪ੍ਰਕਾਸ਼ਨਾ ਵਿਚ ਸਰਗਰਮ ਰਹਿੰਦੇ ਹਨ।

**ਰੰਧਾਵਾ, ਅਮੀਰ ਸਿੰਘ** (੧੫ ਜੂਨ ੧੯੪੨—ਜੀਵਤ)

ਆਪਦਾ ਜਨਮ ਚੰਦੀਆਵਾਲ, ਜ਼ਿਲਾ ਸਿਆਲਕੋਟ ਵਿਚ ਸ: ਉਜਾਗਰ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਸਾਹਿਤਕਾਰੀ ਵਲ ਸਮਰਪਿਤ ਹਨ।

ਨਿਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

ਨਾਮਧਾਰੀ ਹੋਣ ਦੇ ਨਾਤੇ ਆਪ ਦੇ ਵਿਚਾਰ ਸੁਧਾਰਵਾਦੀ ਹਨ।

**ਰੰਧਾਵਾ, ਮਹਿੰਦਰ ਸਿੰਘ** (੨ ਫਰਵਰੀ ੧੯੦੯—ਜੀਵਤ)

ਆਪਦਾ ਜਨਮ ਫੀਰੋਜ਼ਪੁਰ ਵਿਚ ਹੋਇਆ। ੧੯੨੯ ਵਿਚ ਪੰਜਾਬ ਯੂਨੀਵਰਸਿਟੀ ਚੋਂ ਬੀ. ਐਸ. ਸੀ. (ਆਨਰਜ਼) ਅਤੇ ੧੯੩੦ ਵਿਚ ਐਮ. ਐਸ-ਸੀ. ਕੀਤੀ। ੨੩ ਸਤੰਬਰ ੧੯੩੪ ਨੂੰ ਇੰਡੀਅਨ ਸਿਵਲ ਸਰਵਸ ਵਿਚ ਆ ਗਏ ਤੇ ੧੯੩੬ ਤਕ ਸਹਾਰਨਪੁਰ ਦੇ ਅਸਿਸਟੈਂਟ ਮੈਜਿਸਟਰੇਟ, ੧੯੩੬—੩੮ ਵਿਚ ਫ਼ੈਜ਼ਾਬਾਦ ਦੇ ਜਾਇੰਟ ਮੈਜਿਸਟਰੇਟ, ੧੯੩੮—੩੯ ਵਿਚ ਅਲਮੋੜੇ ਦੇ ਜਾਇੰਟ ਮੈਜਿਸਟਰੇਟ. ੧੯੩੯-੪੦ ਵਿਚ ਅਲਾਹਾਬਾਦ ਦੇ ਐਡੀਸ਼ਨਲ ਡਿਸਟ੍ਰਿਕਟ ਮੈਜਿਸਟਰੇਟ ਤੇ ਕੁਲੈਕਟਰ, ੧੯੪੦-੪੧ ਵਿਚ ਆਗਰੇ ਦੇ ਡਿਸਟ੍ਰਿਕਟ ਮੈਜਿਸਟਰੇਟ, ੧੯੪੨—੪੫ ਵਿਚ ਰਾਇ ਬਰੇਲੀ ਦੇ ਡਿਪਟੀ ਕਮਿਸ਼ਨਰ, ੧੯੪੫—੪੬ ਵਿਚ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰੀਸਰਚ, ਨਵੀਂ ਦਿਲੀ ਦੇ ਸੈਕਟਰੀ, ੧੯੪੫ ਵਿਚ ਸੰਯੁਕਤ ਰਾਸ਼ਟ੍ਰ ਦੀ ਕੈਨੇਡਾ ਵਿਚ ਹੋ ਰਹੀ ਫੂਡ ਐਂਡ ਐਗਰੀਕਲਚਰਲ

ਆਰਗੇਨਾਈਜ਼ੇਸ਼ਨ ਕਾਨਫਰੰਸ ਦੇ ਭਾਰਤੀ ਡੈਲੀਗੇਸ਼ਨ ਦੇ ਸੈਕਟਰੀ ਅਤੇ ੧੯੪੬-੪੮ ਵਿਚ ਦਿੱਲੀ ਦੇ ਡਿਪਟੀ ਕਮਿਸ਼ਨਰ ਰਹੇ। ਉੱਤਰ ਪਰਦੇਸ਼ ਤੇ ਦਿੱਲੀ ਵਿਚ ਉਪਰੋਕਤ ੧੪ ਪਰਬੰਧਕ ਸਾਲ ਬਿਤਾਉਣ ਪਿਛੋਂ ਆਪ ੧੯੪੮—੪੯ ਵਿਚ ਪੰਜਾਬ ਵਿਚ ਅੰਬਾਲੇ ਦੇ ਡਿਪਟੀ ਕਮਿਸ਼ਨਰ ਰਹੇ। ੧੯੪੯—੫੧ ਦੇ ਦੌ ਕੁ ਵਰ੍ਹੇ ਆਪ ਨੇ ਐਡੀਸ਼ਨਲ ਡਾਇਰੈਕਟਰ ਜਨਰਲ ਰੀਹੈਬਲੀਟੇਸ਼ਨ, ਪੰਜਾਬ ਤੇ ਫਿਰ ਡਾਇਰੈਕਟਰ ਜਨਰਲ ਵਜੋਂ ਜਲੰਧਰ ਬਿਤਾਏ। ਮੁੜ ਵਸਾਉ ਮਹਿਕਮੇ ਦੇ ਉਚਤਮ ਮੁਖੀ ਹੋਣ ਦੇ ਨਾਤੇ ਆਪ ਦਾ ਵਾਹ ਮਿਧੇ ਤੌਰ ਉਤੇ ਪਛਮੀ ਪਾਕਿਸਤਾਨ 'ਚੋਂ ਉਜੜ ਕੇ ਆਏ ਪੰਜਾਬੀਆਂ ਨਾਲ ਪਿਆ। ਇਸ ਸਮੇਂ ਆਪ ਨੂੰ ਸਮੁਚੇ ਪਛਮੀ ਪੰਜਾਬ ਦੀ ਜ਼ਿੰਦਗੀ ਤੇ ਵੰਡ ਬਾਰੇ ਡੂੰਘਾ ਅਨੁਭਵ ਹੋਇਆ। ੧੯੫੧—੫੩ ਵਿਚ ਅੰਬਾਲਾ ਡਵੀਯਨ ਦੇ ਕਮਿਸ਼ਨਰ ਲਗ ਗਏ ਤੇ ਫਿਰ ੧੯੫੩--੫੫ ਵਿਚ ਡਿਵੈਲਪਮੈਂਟ, ਰੀਹੈਬਲੀਟੇਸ਼ਨ ਦੇ ਕਮਿਸ਼ਨਰ ਅਤੇ ਇਵੈਕੁਈ ਪਰਾਪਰਟੀ ਦੇ ਰਾਜ ਕਸਟੋਡੀਅਨ ਬਣੇ।

੧੯੫੫ ਵਿਚ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰੀਸਰਚ ਦੇ ਵਾਈਸ ਪਰੈਜ਼ੀਡੈਂਟ ਅਤੇ ਭਾਰਤ ਸਰਕਾਰ ਦੀ ਫੂਡ ਤੇ ਐਗਰੀਕਲਚਰਲ ਮਨਿਸਟਰੀ ਦੇ ਐਡੀਸ਼ਨਲ ਸੈਕਟਰੀ ਬਣੇ। ਅਜ ਕਲ ਇਥੇ ਸਪੈਸ਼ਲ ਸੈਕਟਰੀ ਹਨ।

ਜੀਵਨ, ਕਲਚਰ, ਚਿਤਰਕਾਰੀ ਤੇ ਲੋਕ-ਸਾਹਿਤ ਦੇ ਵਿਸ਼ੇਸ਼ਗ ਹੋਣ ਦੇ ਨਾਤੇ ਆਪਦੀ ਇਸ ਖੇਤਰ ਵਿਚ ਪ੍ਰਮਾਣੀਕਤਾ ਸਰਬ-ਪਰਵਾਨਿਤ ਹੈ।

ਆਪਦੀ ਰਚਨਾ ਦਾ ਵਿਸਤਾਰ ਇਸ ਪਰਕਾਰ ਹੈ :

ਪੰਜਾਬੀ : ਪੰਜਾਬ ਦੇ ਲੋਕ ਗੀਤ (੧੯੫੪), ਕਾਂਗੜਾ ਦੇ ਲੋਕ ਗੀਤ (੧੯੫੪), ਕੁਲੂ ਦੇ ਲੋਕ-ਗੀਤ (੧੯੫੫) ਅਤੇ ਹਰਿਆਨਾ ਕੇ ਲੋਕ-ਗੀਤ (੧੯੫੬), ਕਾਂਗੜਾ।

ਹਿੰਦੀ : ਕਾਂਗੜਾ ਕੇ ਲੋਕ-ਗੀਤ (੧੯੫੪), ਕੁਲੂ ਕੇ ਲੋਕ-ਗੀਤ (੧੯੫੫), ਹਰਿਆਨਾ ਕੇ ਲੋਕ-ਗੀਤ (੧੯੫੬)।

ਅੰਗਰੇਜ਼ੀ ਵਿਚ ਆਪਦੀਆਂ ਦਰਜਨ ਤੋਂ ਉਪਰ ਕਿਤਾਬਾਂ ਛਪ ਚੁਕੀਆਂ ਹਨ :

ਪੇਂਡੂ ਵਿਕਾਸ ਬਾਰੇ : ਡਿਵੈਲਪਿੰਗ ਵਿਲੇਜ ਇੰਡੀਆ (੧੯੪੭), ਨੈਸ਼ਨਲ ਐਕਸਟੈਨਸ਼ਨ ਸਰਵਸ ਐਂਡ ਕਮਿਉਨਿਟੀ ਪਰਾਜੈਕਟਸ ਇਨ ਪੰਜਾਬ (੧੯੫੪)। ਆਪਦੀ ਅੰਗਰੇਜ਼ੀ ਪੁਸਤਕ 'ਫੁਲਕਾਰੀ' ਵਿਚ ਪੰਜਾਬ ਦੀ ਕਢਾਈ-ਕਲਾ ਸਬੰਧੀ ਕੀਮਤੀ ਸੂਚਨਾਤਮਕ ਵਿਚਾਰ ਅਤੇ ੪੦ ਰੰਗਦਾਰ ਤਸਵੀਰਾਂ ਹਨ।

'ਆਊਟ ਆਫ ਦੀ ਐਸ਼ਿਜ਼' (੧੯੫੩) ਸ਼ਰਨਾਰਥੀ ਜੀਵਨ ਅਤੇ ਪੁਨਰਵਾਸ ਸਬੰਧੀ ਅਤਿਅੰਤ ਰੋਚਿਕ ਅਤੇ ਪ੍ਰਮਾਣੀਕ ਪੁਸਤਕ ਹੈ।

ਵਿਗਿਆਨਕ ਅਧਿਅਨ : ਦੀ ਬਰਥ ਆਫ ਹਿਮਾਲਾਇਆਜ਼ (੧੯੪੭), ਬਿਊਟੀਫਾਈਇੰਗ ਇੰਡੀਆ (੧੯੫੦), ਫਲਾਵਰਿੰਗ ਟਰੀਜ਼ ਇਨ ਇੰਡੀਆ (੧੯੫੬) ਆਦਿਕ।

ਚਿਤਰਕਾਰੀ ਬਾਰੇ : ਦੀ ਆਰਟ ਆਫ ਅਚਸਾ ਬ੍ਰਿਊਸਟਰ ਐਂਡ ਈ. ਐਚ. ਬ੍ਰਿਊਸਟਰ (੧੯੪੪), ਦੀ ਆਰਟ ਆਫ ਸੁਸ਼ੀਲ ਕੁਮਾਰ (੧੯੪੭), ਹਿਮਾਲਾਇਆ ਬਿਰੇਸਵਰ ਸੇਨ (੧੯੪੭), ਕਾਂਗੜਾ ਵੈਲੀ ਪੇਂਟਿੰਗਜ਼ (੧੯੫੪), ਦੀ ਆਰਟ ਆਫ ਦਮਯੰਤੀ ਚਾਵਲਾ (੧੯੫੬), ਕ੍ਰਿਸ਼ਨ ਲੀਜੈਂਡ ਆਦਿਕ।

ਰੰਧਾਵਾ ਜੀ ਨੈਸ਼ਨਲ ਅਕਾਦਮੀ ਆਫ ਸਾਇੰਸਜ਼

ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਸਾਇੰਸਜ਼ ਦੇ ਫੈਲੋ, ਇੰਡੀਅਨ ਸਾਇੰਸ ਕਾਂਗਰਸ, ਬਾਟਨੀ ਸੈਕਸ਼ਨ (੧੯੪੯) ਨਾਰਦਰਨ ਇੰਡੀਆ ਸਾਇੰਸ ਐਸੋਸੀਏਸ਼ਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪਰਧਾਨ ਰਹੇ ਹਨ। ਆਪ ਦਿੱਲੀ ਦੀਆਂ ਸਭਿਆਚਾਰਕ ਸਰਗਰਮੀਆਂ ਦਾ ਅਨਿਖੜਵਾਂ ਭਾਗ ਹਨ।

ਪੰਜਾਬੀ ਸਾਹਿਤ ਵਿਚ ਆਪਦਾ ਸਥਾਨ ਇਕ ਨੀਂਹ-ਉਸਾਰਕ ਅਤੇ ਰਚਨਾਤਮਕ ਵਿਗਿਆਨੀ ਵਜੋਂ ਹੈ। ਆਪ ਸਾਂਝੀ ਪੰਜਾਬੀ ਕਲਚਰ ਦੇ ਸਮਰਥਕ ਅਤੇ ਸਾਦੀ ਠੇਠ ਅਤੇ ਲੋਕਿਕ ਸਾਹਿਤਕ ਸ਼ੈਲੀ ਦੇ ਧਾਰਨੀ ਹਨ। ਹੁਣ ਤਕ ਆਪਦੀ ਸਾਰੀ ਜ਼ਿੰਦਗੀ ਪੰਜਾਬੀ ਕਲਚਰ, ਚਿਤਰਕਾਰੀ ਅਧਿਅਨ ਅਤੇ ਸਾਇੰਸ ਨੂੰ ਸਮਰਪਤ ਰਹੀ ਹੈ।

**ਰਪ ਅਵਤਾਰ ਸਮਧਰ** (੧੯ ਅਕਤੂਬਰ ੧੯੩੯— ਜੀਵਤ)

ਆਪ ਰਾਉਂਟਾ ਜ਼ਿਲਾ ਫੀਰੋਜ਼ਪੁਰ ਦੇ ਨਿਵਾਸੀ ਸ੍ਰੀ ਰਾਮ ਨਰਾਇਣ ਤੇ ਸਪੁਤਰ ਹਨ। ਖੇਤੀ-ਬਾੜੀ ਵਿਗਿਆਨ ਵਿਚ ਦਿਲਚਸਪੀ ਰਖਦੇ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਰਫੀਕ ਮੇਰਠੀ** (੧੮੪੧-੧੮੮੯)

ਆਪਦਾ ਪੂਰਾ ਨਾਂ ਸ਼ੇਖ ਅਲਾ ਬਖਸ਼ ਰਫੀਕ ਸੀ। ਆਪਦਾ ਜਨਮ ਮੇਰਠ (ਉੱਤਰ ਪਰਦੇਸ਼) ਦੇ ਵਸਨੀਕ ਸਾਲਾਰ ਬਖਸ਼ ਦੇ ਘਰ ਹੋਇਆ। ੧੮੫੭ ਵਿਚ ਆਜ਼ਾਦੀ ਲਈ ਜੰਗ ਸ਼ੁਰੂ ਹੋਈ ਤੇ ਮੇਰਠ ਵਿਚ ਕਾਫੀ ਗੜਬੜ ਮੱਚ ਗਈ। ਆਪ ਇਸ ਸਮੇਂ ਲਾਹੌਰ ਆ ਗਏ ਤੇ ਇਥੇ ਤਮਾਕੂ ਦੀ ਹੱਟੀ ਕਰਨ ਲਗ ਪਏ। ਆਪ ਮੂਲ ਰੂਪ ਵਿਚ ਉਰਦੂ ਦੇ ਸ਼ਾਇਰ ਸਨ। ਮੀਰ ਮਹਿਦੀ ਹਸਨ ਮਜਰੂਹ ਅਤੇ ਮੌਲਾਨਾ ਮੁਹੰਮਦ ਹੁਸੈਨ ਆਜ਼ਾਦ ਆਪ ਦੇ ਉਸਤਾਦ ਰਹੇ। ੧੮੭੩ ਵਿਚ ਪੰਜਾਬੀ ਬੈਂਤਬਾਜ਼ੀ ਸ਼ੁਰੂ ਹੋਈ, ਆਪ ਪੰਜਾਬੀ ਰੰਗ ਤੋਂ ਪ੍ਰਭਾਵਿਤ ਹੋ ਕੇ ਮੀਆਂ ਕਰੀਮ ਬਖਸ਼ ਬੁਝਾਰਤ-ਗੋ ਦੇ ਸ਼ਾਗਿਰਦ ਬਣੇ।

ਰਫੀਕ ਸਾਹਿਬ ਦੇ ਬੈਂਤ ਠੇਠ ਕੇਂਦਰੀ ਪੰਜਾਬੀ ਵਿਚ ਹਨ। ਸ਼ੈਲੀ ਵਲੋਂ ਆਪ ਦਾ ਰਿਸ਼ਤਾ ਲੋਕ-ਕਾਵਿ ਨਾਲ ਹੈ। ਜਨ ਸਾਧਾਰਨ ਆਪਦੀ ਕਵਿਤ ਨਾਲ ਝਟ ਸਾਂਝ ਪਾ ਸਕਦਾ ਹੈ। ਆਪ ਦੇ ਬਿੰਬ ਗਿਣਤੀ ਵਿਚ ਘਟ ਹਨ, ਪਰ ਜਿੰਨੇ ਵੀ ਹਨ, ਬੜੇ ਨਾਜ਼ਕ ਹਨ। ਕਵਿਤਾ ਦਾ ਨਮੂਨਾ ਇਸ ਪਰਕਾਰ ਹੈ :

ਅਲਫ—ਅਖੀਆਂ ਨਾਲ ਬੇਰਹਿਮ ਲਾ ਕੇ,
ਵਿਚ ਗਮਾਂ ਦੇ ਆਪ ਨੂੰ ਪਾਇਆ ਮੈਂ।
ਮੈਨੂੰ ਚਫ-ਸਦ ਹੈਫ ਨ ਮੰਤ ਆਈ,
ਹਥੀਂ ਯਾਰ ਨੂੰ ਟੋਰ ਗਵਾਇਆ ਮੈਂ।
ਜ਼ਿਮੀਂ ਵਿਹਲ ਦੇਵੇ ਤਾਂ ਮੈਂ ਗਰਕ ਹੋਵਾਂ,
ਐਸੀ ਜ਼ਿੰਦਗੀ ਥੀਂ ਸ਼ਰਮਾਇਆ ਮੈਂ।
ਮੁੜਦੀ ਵੇਰ ਰਫੀਕ ਨਾ ਯਾਦ ਆਈ,
ਦਿਲ ਤੇ ਦਾਗ਼ ਜੁਦਾਈ ਦਾ ਲਾਇਆ ਮੈਂ।

ਆਪਦੇ ਸ਼ਾਗਿਰਦ ਲਾਲਾ ਤਾਰਾ ਚੰਦ ਪਤੀਸੇ ਵਾਲੇ ਨੇ ਆਪਦਾ ਉਰਦੂ ਦੀਵਾਨ ਦਿਲੀਓਂ ਪ੍ਰਕਾਸ਼ਿਤ ਕੀਤਾ ਸੀ। ਪੰਜਾਬੀ ਕਵੀ ਪੀਰ ਬਖਸ਼ ਆਸੀ ਵੀ ਰਫੀਕ ਜੀ ਦੇ ਸ਼ਾਗਿਰਦ ਸਨ।

**ਰਾਬਿੰਦਰ ਸਿੰਘ ਸਚਦੇਵ**

ਵੇਖੋ
ਸਚਦੇਵ, ਰਾਬਿੰਦਰ ਸਿੰਘ

**ਰਾਮ ਸਿੰਘ** (੨੦ ਨਵੰਬਰ ੧੯੧੬—ਜੀਵਤ)

ਜਨਮ ਅੰਮ੍ਰਿਤਸਰ ਵਿਚ ਸ: ਠਾਕਰ ਸਿੰਘ ਦੇ ਘਰ ਸ਼੍ਰੀਮਤੀ ਦਾਲ ਕੌਰ ਦੀ ਕੁਖੋਂ ਹੋਇਆ । ਵਿਦਿਆ ਵਿਚ ਐਮ. ਏ. (ਅੰਗਰੇਜ਼ੀ ਅਤੇ ਪੰਜਾਬੀ) ਦੀ ਯੋਗਤਾ ਸ਼ਾਮਲ ਹੈ । ਇਹ ਬੋਲੀਆਂ ਪੜ੍ਹਾਉਣ ਦੇ ਸਬੰਧ ਵਿਚ ਆਪ ੧੯੪੧—੪੨ ਵਿਚ ਡੀ. ਏ. ਵੀ. ਕਾਲਜ ਜਾਲੰਧਰ, ੧੯੪੫—੧੯੪੭ ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ, ੧੯੪੮--੫੯ ਵਿਚ ਕੈਂਪ ਕਾਲਜ ਅਤੇ ਖਾਲਸਾ ਕਾਲਜ ਦਿੱਲੀ ਵਿਚ ਰਹੇ । ੧੯੫੯ ਤੋਂ ਆਪ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਅਧਿਆਪਕ ਹਨ ।

'ਕਸ਼ਮੀਰ ਅਤੇ ਕੁਲੂ' ਆਪਦੀ ਪ੍ਰਕਾਸ਼ਿਤ ਪੁਸਤਕ ਹੈ ਜਦ ਕਿ ਗੁਰੂ ਘਰ, ਸੂਫੀ ਲਹਿਰ ਸਬੰਧੀ ਆਪਦੇ ਸਿਧਾਂਤਕ ਅਤੇ ਆਲੋਚਨਾਤਮਕ ਲੇਖ ਅਨੇਕਾਂ ਮਾਸਕ ਪਤਰਾਂ ਵਿਚ ਛਪ ਚੁਕੇ ਹਨ । ਆਪ ਦੁਆਰਾ 'ਭਾਈ ਗੁਰਦਾਸ' ਉਤੇ ਰਚਿਤ ਦੋ ਕਿਤਾਬਾਂ ਅਣਛਪੀਆਂ ਲਾਹੌਰ ਰਹਿ ਗਈਆਂ ਹਨ । ਅਜ ਕਲ ਆਪ ਡਾਕਟਰ ਸੁਧੇਸ਼ਵਰ ਵਰਮਾ ਦੀ ਨਿਗਰਾਨੀ ਹੇਠ ਜਪੁਜੀ ਸਾਹਿਬ ਸਬੰਧੀ ਖੋਜ ਕਰ ਰਹੇ ਹਨ ।

ਗਾਂਧੀਵਾਦ ਆਪਦੀ ਵਿਚਾਰਧਾਰਾ ਵਿਚ ਪਰਤਖ ਹੈ, ਫੇਰ ਵੀ ਆਪ ਸਮਾਜਵਾਦੀਆਂ ਦੇ ਵਿਰਧ ਨਹੀਂ ।

**ਰਾਮ ਸਿੰਘ 'ਸਤਿਗੁਰੂ'** (੧੮੧੫—੧੮੮੫)

ਆਪਦਾ ਜਨਮ ਰਾਈਆਂ, ਜ਼ਿਲਾ ਲੁਧਿਆਣਾ ਵਿਚ ਸ: ਜੱਸਾ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਕੁਖੋਂ ਹੋਇਆ । ਜਵਾਨੀ ਦੇ ਸ਼ੁਰੂ ਵਿਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਨੌਨਿਹਾਲ ਸਿੰਘ ਰਜਮੈਂਟ ਵਿਚ ਸਿਪਾਹੀ ਵੀ ਰਹੇ । ਆਪਨੂੰ 'ਸਤਿਗੁਰੂ' ਬਾਲਕ ਸਿੰਘ ਨੇ ਆਪਣਾ ਜਾਨਸ਼ੀਨ ਨਿਸਚਿਤ ਕੀਤਾ । ਨਾਮਧਾਰੀ ਰਵਾਇਤਾਂ ਅਨੁਸਾਰ 'ਸਤਿਗੁਰੂ' ਰਾਮ ਸਿੰਘ ਸਿੱਖਾਂ ਦੇ ਬਾਰ੍ਹਵੇਂ ਗੁਰੂ ਹਨ । ੧੮੫੭ ਦੇ ਵਿਸਾਖੀ-ਦਿਵਸ ਉਤੇ ਆਪਨੇ ਨਾਮਧਾਰੀ ਪੰਥ ਦੀ ਸਾਜਨਾ ਕੀਤੀ ।

੧੮੬੩—੬੫ ਸਮੇਂ ਆਪ ਭੈਣੀ ਸਾਹਿਬ ਵਿਚ ਨਜ਼ਰਬੰਦ ਰਹੇ । ਆਪ ਨੇ ਇਨ੍ਹਾਂ ਸਾਲਾਂ ਵਿਚ ਅੰਗਰੇਜ਼ਾਂ ਦੀਆਂ ਸਾਮਰਾਜੀ ਚਾਲਾਂ ਨੂੰ ਨੰਗਿਆਂ ਕੀਤਾ । ਆਪ ਦੇ ਧਰਮ-ਪਰਚਾਰ ਨੇ ਪੰਜਾਬ ਵਿਚ ਆਤਮਕ ਜਾਗ੍ਰਤੀ ਪੈਦਾ ਕਰ ਦਿਤੀ ਸੀ । ਦਸਿਆ ਜਾਂਦਾ ਹੈ ਕਿ ਸਮੇਂ ਦੇ ਰਜਵਾੜਸ਼ਾਹੀ ਅਤੇ ਮਹੰਤਸ਼ਾਹੀ ਸਿੱਖ ਆਪ ਵਿਰੁਧ ਅੰਗਰੇਜ਼ਾਂ ਦੇ ਕੰਨ ਭਰਦੇ ਰਹਿੰਦੇ ਸਨ । ੧੮ ਜਨਵਰੀ ੧੮੭੨ ਵਿਚ ਆਪਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ (ਬਰਮਾ) ਵਿਚ ਕੈਦ ਕਰ ਦਿਤਾ ਗਿਆ ।

ਇਥੋਂ ਆਪਨੇ ਪੰਜਾਬ ਵਾਸੀ ਨਾਮਧਾਰੀ ਸੰਗਤਾਂ ਦੇ ਨਾਂ ਪੰਜ ਦਰਜਨ ਦੇ ਕਰੀਬ ਹੁਕਮਨਾਮੇ ਜਾਰੀ ਕੀਤੇ । ਸਾਹਿਤਕ ਅਤੇ ਇਤਿਹਾਸਾਤਮਕ ਪਖਾਂ ਤੋਂ ਇਨ੍ਹਾਂ ਚਿਠੀਆਂ ਦੀ ਮਹਾਨਤਾ ਸਰਬ-ਪਰਵਾਨਿਤ ਹੈ । ਇਨ੍ਹਾਂ ਦੀ ਸ਼ੈਲੀ ਸਰਲ ਅਤੇ ਬੋਧਿਕ ਹੈ । ਮਲਵਈ ਦਾ ਪ੍ਰਭਾਵ ਡੂੰਘਾ ਹੈ ।

(ਨਾਮਧਾਰੀ ਰਵਾਇਤਾਂ ਅਨੁਸਾਰ ਆਪ ਕਿਸੇ ਗੁਮਨਾਮ ਥਾਂ ਉਤੇ ਅਜੇ ਵੀ ਜੀਵਤ ਹਨ)

**ਰਾਮ ਸਿੰਘ ਬੈਰਾ** (੫ ਮਈ ੧੯੩੭—ਜੀਵਤ)

ਜਨਮ ਬੈਰਾ ਮੱਝਾ, ਜ਼ਿਲਾ ਜਾਲੰਧਰ ਦੇ ਨਿਵਾਸੀ ਸ: ਬਿਸ਼ਨ ਸਿੰਘ ਦੇ ਘਰ ਹੋਇਆ । ਵਿਦਿਆ ਬੀ. ਏ; ਬੀ. ਐੱਡ ਤਕ ਹੈ । ਅਜ ਕਲ ਸਕੂਲ ਮਾਸਟਰ ਹਨ ।

ਆਪਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਤੇ

ਅਤੇ ਕਹਾਣੀਆਂ ਰਸਾਲਿਆਂ ਵਿਚ ਛੱਪ ਚੁਕੀਆਂ ਹਨ।

**ਰਾਮ ਸਿੰਘ ਧਾਂਦਰਾ** (੧੯੦੨—?)

ਜਨਮ ਪਿੰਡ ਧਾਂਦਰਾ ਜ਼ਿਲਾ ਲੁਧਿਆਣਾ ਵਿਚ ਸ: ਦੇਵਾ ਸਿੰਘ ਗਰੇਵਾਲ ਦੇ ਘਰ ਹੋਇਆ । ਦਸਵੀਂ ਕਰਨ ਪਿਛੋਂ ਆਪ ਮਾਲਵਾ ਖਾਲਸਾ ਸਕੂਲ ਵਿਚ ਅਧਿਆਪਕ ਲਗ ਗਏ । ਫਿਰ ਆਪਨੇ ਐਮ. ਏ. ਵੀ ਕੀਤੀ ਤੇ ਖਾਲਸਾ ਹਾਈ ਸਕੂਲ ਕਮਾਲਪੁਰਾ ਦੇ ਪਹਿਲੇ ਮੁਖ ਅਧਿਆਪਕ ਬਣੇ । ੧੯੩੦—੪੦ ਦੇ ਦੌਰਾਨ ਆਪ ਅਮਨ, ਦੇਸ਼ ਭਗਤੀ ਅਤੇ ਸਿਖ ਵਿਦਿਆਕਾਰੀ ਦੇ ਖੇਤਰ ਵਿਚ ਆਗੂ ਰਹੇ । ਆਪ ਤਿੰਨ ਵਾਰੀ ਜੇਲ੍ਹ ਗਏ। ਆਪ ਉਚੇਰੇ ਰਾਜਸੀ ਆਗੂਆਂ ਵਿਚ ਗਿਣੇ ਜਾਂਦੇ ਹਨ, ਅਜ ਕਲ ਆਲ ਇੰਡੀਆ ਸਿੱਖ ਨੈਸ਼ਨਲਿਸਟ ਪਾਰਟੀ ਦੇ ਜਨਰਲ ਸਕਤਰ ਤੇ ਸਪਤਾਹਿਕ 'ਨਿਆ ਸਮਾ' ਲੁਧਿਆਣਾ ਦੇ ਮੁਖ ਸੰਪਾਦਕ ਹਨ ।

ਆਪਦੇ ਪਤਰਕਾਰਕ ਲੇਖ ਪੰਜਾਬੀ ਵਿਚ ਵੀ ਮਿਲਦੇ ਹਨ ।

**ਰਾਮ ਸਰੂਪ ਅਣਖੀ** (੨੮ ਅਗਸਤ ੧੯੩੨—ਜੀਵਤ)

ਜਨਮ ਪਿੰਡ ਧੌਲਾ ਤਹਿਸੀਲ ਬਰਨਾਲਾ ਜ਼ਿਲਾ ਸੰਗਰੂਰ ਵਿਖੇ ਸ੍ਰੀ ਇੰਦਰ ਸੈਨ ਦੇ ਘਰ ਹੋਇਆ । ਪਿੰਡੋ ਚੌਥੀ, ਗੌਰਮਿੰਟ ਬਰਨਾਲਿਓਂ ਦਸਵੀਂ ਅਤੇ ਮਹਿੰਦਰਾ ਕਾਲਜ ਪਟਿਆਲਿਓਂ ਐਫ. ਏ. ਕਰਨ ਪਿਛੋਂ ਆਪਨੇ ਬੀ. ਏ. ਤੇ ਗਿਆਨੀ ਪ੍ਰਾਈਵੇਟ ਕੀਤੀ ਅਤੇ ੧੯੫੭ ਵਿਚ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਿਓਂ ਓ. ਟੀ. ਕੀਤੀ । ਹੁਣ ੧੯੫੬ ਤੋਂ ਅਧਿਆਪਕ ਦੀ ਨੌਕਰੀ ਕਰ ਰਹੇ ਹਨ ।

ਮਟਕ ਚਾਨਣਾ (੧੯੫੭) ਅਤੇ ਕਣਕ ਦੀ ਕਹਾਣੀ (੧੯੫੯) ਆਪਦੀਆਂ ਦੋ-ਕਾਵਿ ਪੁਸਤਕਾਂ ਹਨ। 'ਕੱਲਰੀਆਂ (ਕਾਵਿ-ਸੰਗ੍ਰਹਿ)', ਇਕ ਖੇਡ-ਇਕ ਗੀਤ' ਆਦਿਕ ਪੁਸਤਕਾਂ ਛਪਣ ਲਈ ਤਿਆਰ ਪਈਆਂ ਹਨ। ਕਹਾਣੀ-ਸੰਗ੍ਰਹਿ ਵੀ ਅਣਪ੍ਰਕਾਸ਼ਿਤ ਪਿਆ ਹੈ ।

ਪੰਜਾਬੀ ਦੇ ਸਰਬੋਤਮ ਰਸਾਲਿਆਂ ਵਿਚ ਆਪਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ ।

ਆਪ ਮੂਲ ਰੂਪ ਵਿਚ ਮਨੁਖਵਾਦ ਅਤੇ ਅਮਨ ਦੇ ਅਗਾਂਹ ਵਧੂ ਕਵੀ ਹਨ ।

**ਰਾਮਦਾਸ, ਗੁਰੂ** (੨੪ ਸਤੰਬਰ, ੧੫੩੪, ੧ ਸਤੰਬਰ ੧੫੮੧)

ਆਪਦਾ ਜਨਮ ਚੂਨਾ ਮੰਡੀ ਲਾਹੌਰ ਵਿਚ ਸ੍ਰੀ ਹਰੀ ਦਾਸ ਦੇ ਘਰ ਹੋਇਆ । ਵਡੇ ਹੋਣ ਉਤੇ ਆਪ ਗੋਇੰਦਵਾਲ ਗਏ । ਆਪ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰ ਦਾਸ ਹੁਰਾਂ ਆਪਣੀ ਨਿਕੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਆਪ ਨਾਲ ਕਰ ਦਿਤੀ । ਆਪਦੀ ਲਿਆਕਤ ਅਤੇ ਸੇਵਾ-ਭਾਵਨਾ ਵੇਖ ਕੇ ਗੁਰੂ ਅਮਰਦਾਸ ਹੁਰਾਂ ਆਪਨੂੰ ਆਪਣਾ ਜਾਨਸ਼ੀਨ ਵੀ ਥਾਪ ਦਿਤਾ ।

ਆਪਣੀ ਗੁਰਿਆਈ ਸਮੇਂ ਆਪਨੇ ਰਾਮਦਾਸਪੁਰ, (ਅੰਮ੍ਰਿਤਸਰ) ਦੀ ਉਸਾਰੀ ਕੀਤੀ ਅਤੇ ਇਸ ਨਗਰ ਨੂੰ ਅਧਿਆਤਮ ਤੇ ਵਪਾਰ ਦਾ ਕੇਂਦਰ ਬਣਾਇਆ। ਸੰਤੋਖਸਰ ਤੇ ਅੰਮ੍ਰਿਤਸਰ, ਦੋ ਤਲਾ ਵੀ ਆਪਦੀ ਗੁਰਿਆਈ ਸਮੇਂ ਵਿਚ ਹੀ ਬਣੇ ।

ਸ਼ਹਿਨਸ਼ਾਹ ਅਕਬਰ ਨੇ ਗੁਰੂ ਰਾਮਦਾਸ ਪ੍ਰਤੀ ਵੀ ਉਦਾਰਤਾ ਵਾਲਾ ਰਵਈਆ ਕਾਇਮ ਰਖਿਆ ਜਿਸ ਕਾਰਨ ਆਪ ਸਮੇਂ ਸਿੱਖ ਧਰਮ ਦਾ ਪਰਚਾਰ ਹੋਰ ਵੀ ਸਹਿਜੇ ਹੋਇਆ ।

ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਨੇ ਸ੍ਰੀ ਅਰਜਨ ਜੀ ਨੂੰ ਆਪਣਾ ਜਾਨਸ਼ੀਨ ਥਾਪ ਦਿਤਾ ।

ਆਦਿ ਗ੍ਰੰਥ ਵਿਚ ਆਪਦੇ ੬੭੯ ਸ਼ਬਦ ਦਰਜ ਹਨ ।

ਬੋਲੀ ਅਤੇ ਸ਼ੈਲੀ ਦੇ ਪੱਖੋਂ ਆਪਦੀ ਰਚਨਾ ਆਪਦੀ ਬਹੁ-ਪੱਖੀ ਪ੍ਰਤਿਭਾ ਦੀ ਸੂਚਕ ਬ਼ਣਦੀ ਹੈ ।

ਪੰਜਾਬੀ ਸਾਹਿਤ ਅਤੇ ਇਤਿਹਾਸ ਵਿਚ ਆਪਦਾ ਸਥਾਨ ਬਹੁਤ ਉਚਾ ਹੈ ।

**ਰਾਮਦਾਸ ਬਾਵਾ**

ਵੇਖੋ
ਬਾਵਾ, ਰਾਮਦਾਸ

**ਰ ਮਿੰਦਰ ਕੌਰ** (੨੩ ਅਗਸਤ, ੧੯੪੫—ਜੀਵਤ)

ਆਪ ਅੰਮ੍ਰਿਤਸਰ ਨਿਵਾਸੀ ਸ: ਹਰਬੰਸ ਸਿੰਘ ਦੀ ਸਪੁਤਰੀ ਹਨ । ਆਪਦੀ ਵਿਦਿਆ ਹਾਇਰ ਸੈਕੰਡਰੀ ਤਕ ਹੈ। ਮੈਡੀਕਲ ਵਿਦਿਆ ਵਾਲੇ ਪਾਸੇ ਆਪਨੂੰ ਡੂੰਘੀ ਦਿਲਚਸਪੀ ਹੈ ।

ਪੰਜਾਬੀ ਅਤੇ ਅੰਗਰੇਜ਼ੀ ਵਿਚ ਆਪ ਕਹਾਣੀਆਂ ਦੀ ਰਚਨਾ ਕਰਦੇ ਹਨ ।

**ਰਾਮਿੰਦਰ ਕੌਰ, ਸ਼ਾਂਤ**

'ਮਨੋਰਮਾ' ਅਤੇ 'ਟੈਗੋਰ ਕਲੀਆਂ' ਦੋ ਕਹਾਣੀ-ਸੰਗ੍ਰਹਿ ਆਪਦੀ ਸਾਹਿਤਕ ਘਾਲਣਾ ਦਾ ਵਿਸ਼ੇਸ਼ ਭਾਗ ਹਨ ।

ਮਨੁਖਵਾਦ ਆਪਦੀ ਰਚਨਾ ਵਿਚ ਸਰਬ ਵਿਆਪਕ ਹੈ ।

**ਰਮਦੇਵ, ਜੋਗਿੰਦਰ ਸਿੰਘ** (੧੭ ਸਤੰਬਰ ੧੯੩੦—ਜੀਵਤ)

ਆਪਦਾ ਜਨਮ ਐਮਨਾਬਾਦ, ਜ਼ਿਲਾ ਗੁਜਰਾਂਵਾਲਾ ਵਿਚ ਸ: ਅਰਜਨ ਸਿੰਘ ਦੇ ਘਰ ਮਾਤਾ ਰਵੇਲ ਕੌਰ ਦੀ ਕੁਖੋਂ ਹੋਇਆ । ਸਥਾਨਕ ਰਾਏ ਬਹਾਦਰ ਸੁੰਦਰ ਦਾਸ ਸਕੂਲੋਂ ਦਸਵੀਂ ਤੇ ਫਿਰ ੧੯੪੭ ਵਿਚ ਪੂਰਬੀ ਪੰਜਾਬ ਆ ਕੇ ਜਲੰਧਰ ਦੇ ਡੀ. ਏ. ਵੀ. ਕਾਲਜੋਂ ਬੀ. ਏ. ਤੇ ਖਾਲਸਾ ਕਾਲਜੋਂ ਐਮ. ਏ. (ਪੰਜਾਬੀ) ਕੀਤੀ । ਕਾਨੂੰਨ ਦੇ ਸਨਾਤਕ ਅਤੇ ਫਾਰਸੀ ਦੇ ਬੀ. ਏ. ਵੀ ਹਨ । ਕੁਝ ਚਿਰ ਹੰਸ ਰਾਜ ਮਹਿਲਾ ਵਿਦਿਆਲਾ ਜਲੰਧਰ ਵਿਚ ਪੰਜਾਬੀ ਦੇ ਲੈਕਚਰਾਰ ਰਹਿਣ ਪਿਛੋਂ ਆਪ ਬਨਾਰਸੋਂ ਡਿਪਲੋਮਾ ਲਾਇਬਰੇਰੀ ਸਾਇੰਸ ਕਰ ਆਏ ਤੇ ਜਲੰਧਰ ਦੀ ਜ਼ਿਲਾ ਲਾਇਬਰੇਰੀ ਵਿਚ ਲਗ ਗਏ । ਅਜ ਕਲ ਪੰਜਾਬ ਯੂਨੀਵਰਸਿਟੀ ਲਾਇਬਰੇਰੀ ਚੰਡੀਗੜ੍ਹ ਵਿਚ ਅਸਿਸਟੈਂਟ ਲਾਇਬਰੇਰੀਅਨ ਹਨ ।

'ਵਣਵਣ ਦੇ ਫੁਲ' ਨਾਂ ਦੀ ਪੁਸਤਕ ਵਿਚ ਆਪਨੇ ਸੰਸਾਰ-ਪ੍ਰਸਿਧ ਨਿਕੀਆਂ ਕਹਾਣੀਆਂ ਨੂੰ ਪੰਜਾਬੀ ਰੂਪ ਦਿਤਾ ਹੈ । 'ਗਿਆਨ ਦੀ ਖੋਜ' ਦੇ ਰੂਪਾਂਤਰਕਾਰ ਹੋਣ ਦੇ ਨਾਤੇ ਆਪਦਾ ਸਥਾਨ ਕਰਤਾਰੀ ਅਨੁਵਾਦਕਾਂ ਵਿਚ ਹੈ । ਆਪ 'ਬਰਗੋ ਗੁਲ', 'ਸੋਸ਼ਲ ਸਟੱਡੀਜ਼' ਆਦਿਕ ਵਿਦਿਅਕ ਪੁਸਤਕਾਂ ਦੇ ਲੇਖਕ ਅਤੇ ਹੱਥਲੇ ਕੋਸ਼ ਦੇ ਕਰਤਾ ਵੀ ਹਨ ।

**ਰਾਮ ਨਰਾਇਣ ਸਿੰਘ ਦਰਦੀ** (੧੯੧੮—ਜੀਵਤ)

ਆਪਦਾ ਜਨਮ ੧੯੧੮ ਵਿਚ ਚੱਕ ੨੮੬, ਤਹਿਸੀਲ ਟੋਬਾ ਟੇਕ ਸਿੰਘ, ਜ਼ਿਲਾ ਲਾਇਲਪੁਰ ਵਿਚ ਲਾਲਾ ਮੋਹਰੀ ਰਾਮ ਜੀ ਦੇ ਘਰ ਹੋਇਆ । ਆਪਦਾ ਬਚਪਨ ਜੰਗਲੀ ਇਲਾਕਿਆਂ ਵਿਚ ਗੁਜ਼ਰਿਆ । ਪਿਛੋਂ ਆਪਣੇ ਜੱਦੀ ਪਿੰਡ ਕਮਾਲੀਏ ਵਿਖੇ ਆ ਗਏ । ਆਰੀਆ ਸਮਾਜੀ ਪ੍ਰਭਾਵਾਂ ਹੇਠ 'ਸੁਧ ਦਾ ਰਸਤਾ' ਨਾਂ ਦੀ ਕਿਤਾਬ ਲਿਖੀ । ਸੰਤ ਸੰਗਤ ਸਿੰਘ ਜੀ ਕਮਾਲੀਆ ਵਾਲਿਆਂ ਨੇ ਆਪ ਨੂੰ ਕੇਸਾਧਾਰੀ ਬਣਾ ਦਿਤਾ ।

ਵੰਡ ਪਿਛੋਂ ਲੁਧਿਆਣੇ ਆ ਗਏ। ਇਥੇ ਗੁਰੂ ਅੰਗਦ ਦੇਵ ਕਾਲਜ ਖੋਲ੍ਹ ਲਿਆ। ਆਪ ਕਈ ਵਾਰੀ ਅਕਾਲੀ ਅੰਦੋਲਨਾਂ ਦੇ ਸਬੰਧ ਵਿਚ ਕੈਦ ਹੋ ਚੁਕੇ ਹਨ। ਕਵੀ ਦਰਬਾਰਾਂ ਵਿਚ ਆਪਦੀਆਂ ਵਾਰਾਂ ਨੂੰ ਬੜੇ ਚਾਅ ਨਾਲ ਸੁਣਿਆ ਜਾਂਦਾ ਹੈ।

'ਸੁਧੀ ਦਾ ਰਸਤਾ', 'ਅਨੋਖਾ ਇਸ਼ਕ', ਅਣਖੀ ਜਵਾਨੀਆਂ', 'ਜਾਗਣ ਸੰਤ ਜਨਾ' ਕਾਵਿ-ਪੁਸਤਕਾਂ ਹਨ। 'ਪੰਜਾਬੀ ਕਾਵਿ ਰਤਨ' ਨਾਂ ਦੀ ਪੁਸਤਕ ਵਿਚ ਆਪ ਨੇ ੫੦ ਕਵੀਆਂ ਦੀਆਂ ਜੀਵਨੀਆਂ ਤੇ ਰਚਨਾਵਾਂ ਦਾ ਮੂਲਾਂ ਅੰਕਣ ਕੀਤਾ ਹੈ।

ਸਿਖ-ਇਤਿਹਾਸ ਦੀ ਵਡਿਆਈ ਅਤੇ ਸਮੇਂ ਦੀਆਂ ਰਾਜਨੀਤਿਕ ਤੇ ਸਮਾਜਕ ਸਮਸਿਆਵਾਂ ਕਵਿਤਾ ਵਿਚ ਪ੍ਰਧਾਨ ਹਨ।

ਬੀਰ ਰਸ ਨੂੰ ਪੈਦਾ ਕਰਨ ਵਿਚ ਖਾਸ ਮੁਹਾਰਤ ਰਖਦੇ ਹਨ :

ਧੜ ਧੜ ਧੜ ਧੜ ਧਾੜ ਧਾੜ ਧੌਂਸੇ ਪਏ ਖੜਕਣ,
ਕੜ ਕੜ ਕੜ ਕੜ ਕਾੜ ਕਾੜ ਗੋਲੇ ਪਏ ਕੜਕਣ।

ਆਪਦੀਆਂ ਵਾਰਾਂ ਦਾ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ।

**ਰਾਮ ਪਰਕਾਸ਼ ਅਨਾੜੀ** (੩ ਫਰਵਰੀ ੧੯੩੮—ਜੀਵਤ)

ਆਪ ਸ੍ਰੀ ਬਾਬੂ ਰਾਮ ਦੇ ਸਪੁਤਰ ਅਤੇ ਨਵੀਂ ਦਿਲੀ ਦੇ ਸਰਕਾਰੀ ਮੁਲਾਜ਼ਮ ਹਨ।

ਪੰਜਾਬੀ ਵਿਚ ਬੜੀਆਂ ਜੋਸ਼ੀਲੀਆਂ ਕਵਿਤਾਵਾਂ ਲਿਖਦੇ ਹਨ।

ਆਪਦੀ ਵਿਚਾਰਧਾਰਾ ਮਨੁਖਵਾਦੀ ਹੈ।

**ਰਾਮ ਲਾਲ ਸਭਰਵਾਲ** (੧੦ ਦਸੰਬਰ ੧੯੩੩—ਜੀਵਤ)

ਆਪ ਸ੍ਰੀ ਚੰਬਾ ਰਾਮ ਦੇ ਸਪੁਤਰ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਹਨ। ਕਾਫੀ ਚਿਰ ਏ. ਜੀ. ਦਫਤਰ ਸ਼ਿਮਲੇ ਵਿਚ ਵੀ ਰਹਿ ਚੁਕੇ ਹਨ।

ਪੰਜਾਬੀ ਕਵੀ ਦਰਬਾਰਾਂ ਅਤੇ ਰਸਾਲਿਆਂ ਰਾਹੀਂ ਬਹੁਤ ਸਾਰੀਆਂ ਕਵਿਤਾਵਾਂ ਆਮ ਲੋਕਾਂ ਤਕ ਪਹੁੰਚਾ ਚੁਕੇ ਹਨ।

**ਰਮਜ਼ਾਲ ਅਲੀ**

ਵੇਖੋ

ਰਮਜ਼ ਪਿਸ਼ਾਵਰੀ

**ਰਮਜ਼ੂ ਪਿਸ਼ਾਵਰੀ** (੧੮੧੬—੧੮੬੮ ਅੰਦਾਜ਼ਨ)

ਆਪਦਾ ਪੂਰਾ ਨਾਮ ਰਮਜ਼ਾਨ ਅਲੀ ਹੈ। ਪਿਛਾ ਕਸ਼ਮੀਰ ਦਾ ਦਸਿਆ ਜਾਂਦਾ ਹੈ। ਆਪਨੇ ਜ਼ਿੰਦਗੀ ਦਾ ਵਡਾ ਹਿਸਾ ਪਿਸ਼ਾਵਰ ਵਿਚ ਦੁਧ ਦੀ ਹੱਟੀ ਕਰਦਿਆਂ ਬਿਤਾ ਦਿਤਾ। ਉਸ ਸਮੇਂ ਪਸ਼ਤੋ ਕਲਚਰ ਬੜੀ ਪ੍ਰਭਾਵਕਾਰੀ ਸੀ ਪਰ ਆਪ ਨੂੰ ਬੈਂਤਬਾਜ਼ੀ ਦਾ ਬੜਾ ਸ਼ੌਕ ਸੀ ਤੇ ਆਪ ਨੇ ਪੰਜਾਬੀ ਨੂੰ ਹੀ ਪ੍ਰਗਟਾਵੇ ਦਾ ਮਾਧਿਅਮ ਰਖਿਆ। ਆਪ ਸਾਂਈਆਂ ਪਿਸ਼ਾਵਰੀ ਦੇ ਸ਼ਾਗਿਰਦ ਸਨ। ਸਯਦ ਅਕਬਰ ਸ਼ਾਹ ਆਪਦੇ ਸ਼ਾਗਿਰਦ ਸਨ।

ਆਪਦੀ ਬੋਲੀ ਸ਼ੁਧ ਪੰਜਾਬੀ ਹੈ। ਸ਼ੈਲੀ ਵਿਚ ਸਾਧਾਰਨਤਾ ਹੈ ਅਤੇ ਸ਼ਿੰਗਾਰ ਰਸ ਪਰਧਾਨ ਹੈ। ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਸੁਰਮੇ ਦੀ ਸ਼ਾਹੀ ਮਧਮ ਹੋ ਗਈ,
ਨੈਨਾਂ ਵਿਚ ਜ਼ਰਦੀ ਦੀ ਤਾਰ ਆ ਗਈ।
ਮੈਂ ਤਾਂ ਜਾਂਦਾ ਐਸ ਮੈਦਾਨ ਨੂੰ ਸਾਂ,
ਜ਼ਰਦੀ ਕਿਉਂਕਰ ਵਿਚ ਅਨਾਰ ਆ ਗਈ।
ਤੇਰੀ ਨਿਤ ਨਿਤ ਦੀ ਸਿਰਦਰਦੀ ਕੋਲੋਂ,

ਜ਼ਰਦੀ ਗੁਲ ਗੁਲਾਬ ਵਿਚਕਾਰ ਆ ਗਈ ।
ਰੰਗ ਦੇਖ ਕੇ ਯਾਰ ਦਿਲਦਾਰ ਵਾਲਾ,
ਰਮਜ਼ੂ ਕਹਿੰਦਾ ਬਸੰਤੀ ਬਹਾਰ ਆ ਗਈ ।

**ਰਵਿੰਦਰ ਸਿੰਘ** (੭ ਦਸੰਬਰ ੧੯੪੧—ਜੀਵਤ)

ਆਪ ਪਿੰਡ ਘੱਤੇ ਵਾਹੀ ਜ਼ਿਲਾ ਜਲੰਧਰ ਦੇ ਨਿਵਾਸੀ ਸ: ਰਤਨ ਸਿੰਘ ਦੇ ਸਪੁਤਰ ਹਨ ।

ਪੰਜਾਬੀ ਰਸਾਲਿਆਂ ਵਿਚ ਆਪਦੀਆਂ ਕਾਫੀ ਰਚਨਾਵਾਂ ਛਪ ਚੁਕੀਆਂ ਹਨ ।

ਆਪਦੀ ਦਿਲਚਸਪੀ ਰਾਜਨੀਤੀ ਵਿਚ ਹੈ ।

**ਰਵਿੰਦਰ ਰਵੀ** (੮ ਮਾਰਚ ੧੯੩੭—ਜੀਵਤ)

ਜਨਮ ਸਿਆਲਕੋਟ ਵਿਚ ਗਿ: ਪਿਆਰਾ ਸਿੰਘ ਗਿੱਲ ਦੇ ਘਰ ਹੋਇਆ । ਆਪਣੇ ਵਿਦਵਾਨ ਪਿਤਾ ਤੋਂ ਪ੍ਰੇਰਨਾ ਲੈ ਕੇ ਸਾਹਿਤ ਵਲ ਆਏ । ਪ੍ਰਾਇਮਰੀ ਸਕੂਲ ਜਗਤਪੁਰ (ਆਪਣੇ ਜੱਦੀ ਪਿੰਡ) ਵਿਚ ਅਧਿਆਪਕ ਹਨ । ਵਿਦਿਆ ਐਮ. ਏ. ਪੰਜਾਬੀ ਤਕ ਹੈ ।

ਪੰਜਾਬੀ ਦੇ ਸਰਵੋਤਮ ਰਸਾਲਿਆਂ ਵਿਚ ਕਵਿਤਾਵਾਂ ਤੇ ਕਹਾਣੀਆਂ ਅਕਸਰ ਛਪਦੀਆਂ ਰਹਿੰਦੀਆਂ ਹਨ । ਕਾਵਿ-ਸੰਗ੍ਰਹਿ 'ਦਿਲ ਦਰਿਆ' 'ਸਮੁੰਦਰੋਂ ਡੂੰਘੇ' ਵੀ ਘਾਲਣਾ ਵਿਚ ਸ਼ਾਮਲ ਹੈ ।

ਜ਼ਿੰਦਗੀ ਦੀਆਂ ਸੱਚੀਆਂ ਤਲਖੀਆਂ ਆਪਦੀ ਪਰੇਰਨਾ ਦਾ ਸੋਮਾ ਹਨ । ਸੁਹਜ ਆਪਦੀ ਕਵਿਤਾ ਦਾ ਵਿਸ਼ੇਸ਼ ਪੱਖ ਹੈ ।

**ਰਵੇਲ ਸਿੰਘ** (੧੯੧੬—ਜੀਵਤ)

ਆਪਦਾ ਜਨਮ ਬਾਬੂ ਮਹੱਲਾ, ਹੋਤੀ ਮਰਦਾਨ ਜ਼ਿਲਾ ਪਿਸ਼ੌਰ ਵਿਚ ਦੀਵਾਨ ਢੇਰਾ ਸਿੰਘ ਦੇ ਘਰ ਹੋਇਆ । ਆਪ ਸੰਗੀਤ ਦੇ ਸੁਆਮੀ ਤੇ ਰੇਡੀਓ ਦੇ ਗਵਈਏ ਸਨ । ਵੰਡ ਪਿਛੋਂ ਪਟਿਆਲੇ ਆ ਕੇ ਆਪ ਨੇ ੧੯੫੦ ਵਿਚ 'ਸੰਗੀਤ ਸਮਾਚਾਰ' ਤੇ 'ਪੈਪਸੂ ਸਮਾਚਾਰ' ਨਾਂ ਦੇ ਦੋ ਰਸਾਲੇ ਜਾਰੀ ਕੀਤੇ । ਸੰਗੀਤ ਸਮਾਚਾਰ ਪੰਜਾਬੀ ਵਿਚ ਆਪਣੀ ਮਿਸਾਲ ਆਪ ਹੈ ।

ਆਪਦੀ ਘਾਲਣਾ ਵਿਚ ਆਪਦੇ ਚੋਣਵੇਂ ਤੇ ਗਿਆਨ ਭਰਪੂਰ ਲੇਖ ਸ਼ਾਮਲ ਹਨ । ਆਪਦੀ ਰਚਨਾ ਵਿਚ ਗਿਆਨ ਦੀ ਪਰਧਾਨਤਾ ਹੈ ।

**ਰਸ਼ੀਦ ਅਹਿਮਦ ਤਾਹਿਰ ਭੱਟੀ**

ਵੇਖੋ
ਭੱਟੀ, ਰਸ਼ੀਦ ਅਹਿਮਦ ਤਾਹਿਰ

**ਰਸ਼ੀਦਾ ਸਲੀਮ, ਸਮੀਂ** (੧੯੨੦—ਜੀਵਤ)

ਆਪਦਾ ਜਨਮ ੨੩ ਸਤੰਬਰ ੧੯੨੦ ਵਿਚ ਕਸੂਰ ਵਿਚ ਹੋਇਆ । ਆਪਦੇ ਪਿਤਾ ਪ੍ਰੋਫੈਸਰ ਸ਼ੇਖ ਖਾਦਮ ਅਲਦੀਨ ਐਮ. ਏ., ਐਸ. ਈ. ਡੀ. ਗੌਰਮਿੰਟ ਕਾਲਜ ਵਿਚ ਅਧਿਆਪਕ ਸਨ । ਆਪ ਨੇ ਗੌਰਮਿੰਟ ਗਰਲਜ਼ ਹਾਈ ਸਕੂਲ ਲਾਇਲਪੁਰ ਤੋਂ ਮੈਟਰਿਕ ਕੀਤੀ, ਤੇ ਲਾਹੌਰ ਆ ਕੇ ਐਮ. ਏ. ਬੀ. ਟੀ. ਤਕ ਪੜ੍ਹਾਈ ਕੀਤੀ । ਕਾਲਜ-ਜ਼ਿੰਦਗੀ ਵਿਚ ਸਾਹਿਤਕ ਸਰਗਰਮੀਆਂ ਬੜੀਆਂ ਤੇਜ਼ ਰਖੀਆਂ । ਰੇਡੀਓ ਪਾਕਿਸਤਾਨ ਰਾਵਲਪਿੰਡੀ ਤੋਂ ਇਕ ਵਾਰੀ ਪੰਜਾਬੀ

(ਪੋਠੋਹਾਰੀ) ਵਿਚ ਹਿਸਾ ਲੈਣ ਲਈ ਆਪਨੇ ਪਹਿਲੀ ਵਾਰੀ ਪੰਜਾਬੀ ਵਿਚ ਇਕ ਗੀਤ ਲਿਖਿਆ ਜਿਹੜਾ ਬੜਾ ਸਲਾਹਿਆ ਗਿਆ। ਫਿਰ ਆਪ ਨੇ ਆਪਣਾ ਆਪ ਪੂਰੀ ਤਰ੍ਹਾਂ ਪੰਜਾਬੀ ਨੂੰ ਸਮਰਪਿਤ ਕਰ ਦਿਤਾ। ਇਸ ਤੋਂ ਪਹਿਲਾਂ ਆਪ ਉਰਦੂ ਵਿਚ ਲਿਖਿਆ ਕਰਦੇ ਸਨ। ਆਪਦਾ ਨਾਂ ਰਸ਼ੀਦਾ ਸੁਲਤਾਨਾ ਹੈ, 'ਸਲੀਮ' ਸ਼ਬਦ ਆਪ ਨੇ ਆਪਣੇ ਪਤੀ 'ਸ਼ੇਖ ਮੁਹੰਮਦ ਸਲੀਮ' ਦੇ ਨਾਂ ਤੋਂ ਗ੍ਰਹਿਣ ਕੀਤਾ ਹੈ।

ਆਪ ਨੇ ਵਧੇਰੇ ਕਰ ਕੇ ਸਰੋਦੀ ਕਵਿਤਾ ਹੀ ਲਿਖੀ ਹੈ :—

ਮੇਰੇ ਵਸ ਦੀ ਗਲ ਜੇ ਹੁੰਦੀ ਕਦੀ,
ਸਾਰੀ ਉਮਰ ਮੈਂ ਲਿਖਦੀ ਗੀਤ ਤੇਰੇ।

ਆਪ ਨੂੰ ਅੰਮ੍ਰਿਤਾ-ਪ੍ਰੀਤਮ-ਪਰੰਪਰਾ ਦੀ ਕਾਵਿਤਰੀ ਆਖਿਆ ਜਾ ਸਕਦਾ ਹੈ। ਨਿਖੇੜ ਸਿਰਫ ਆਪਦੀ ਵਧੇਰੇ ਪੰਜਾਬੀਅਤ ਕਰ ਕੇ ਹੈ। ਬੈਂਤ ਦੇ ਨਿਭਾਅ ਵਿਚ ਆਪ ਨੂੰ ਕਮਾਲ ਹਾਸਲ ਹੈ। ਬੋਲੀ ਠੇਠ ਪੰਜਾਬੀ ਹੈ। ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਏਸ ਕਮਲੀ ਨੇ ਜਗ ਨੂੰ ਜਿਤਿਆ ਏ,
ਇਹਨੂੰ ਅਕਲਾਂ ਤੇ ਸਮਝਾਂ ਸਾਰੀਆਂ ਨੇ।
ਇਹਨੇ ਹਾਰ-ਦਿਲਾਂ ਨੂੰ ਜਿਤਿਆ ਏ,
ਇਹਨੇ ਜਿੱਤ ਕੇ ਬਾਜ਼ੀਆਂ ਹਾਰੀਆਂ ਨੇ।

ਗਜ਼ਲ ਵਿਚੋਂ :

'ਲੋਕੀਂ ਜੀਉਂਦਿਆਂ ਕਦਰ ਨਹੀਂ ਕਰਦੇ ਵੇ,
ਸੱਸੀ ਥਲਾਂ 'ਚ ਰੁਲ ਕੇ ਅਮਰ ਹੋਈ।

**ਰੌਸ਼ਨ ਖੰਨਾ**

ਵੇਖੋ
ਖੰਨਾ, ਰੌਸ਼ਨ

**ਰੌਸ਼ਨ ਦੀਨ ਰੌਸ਼ਨ** (੧੮੩੬-੧੯੨੨)

ਆਪਦਾ ਜਨਮ ਜ਼ਿਲਾ ਗੁਰਦਾਸਪੁਰ ਦੇ ਪਿੰਡ ਘੁੰਮਣ ਖੁਰਦ ਵਿਖੇ ਮੌਲਵੀ ਮੁਹੰਮਦ ਤੈਥ ਦੇ ਘਰ ਹੋਇਆ। ਰੌਸ਼ਨ ਜੀ ਨਿੱਕੀ ਉਮਰ ਵਿਚ ਤੋਂ ਸਮਾਜ ਸੇਵਾ ਲਈ ਤਤਪਰ ਰਹਿੰਦੇ ਸਨ।

ਤਕਰੀਬਨ ੧੮੬੫ ਵਿਚ ਆਪ ਨੇ ਕਿੱਸਾ ਦਿਲ ਖੁਰਸ਼ੀਦ ਵੀ ਲਿਖ ਲਿਆ। ਸ਼ਮਹ ਮੁਹੰਮਦ, ਸਰਾਜ ਮੁਹੰਮਦੀ, ਬਗੀਚਾ ਮੁਹੰਮਦੀ, ਹਜ਼ਰਤ ਮੁਹੰਮਦੀ, ਸ਼ਾਨ ਮੁਹੰਮਦੀ, ਨਕਾਰਾ ਮੁਹੰਮਦੀ, ਤਬਲੀ ਇਸਲਾਮ, ਵਿਛੋੜਾ ਮੌਤ, ਕਿੱਸਾ ਅਯੂਬ ਸਾਬਰ, ਅਹਿਵਾਲ ਆਖਰਤ, ਜੁਦਾਈ ਮੌਤ, ਰਮਜ਼ ਹੱਕਾਨੀ, ਅਸਗਰਿ-ਹੱਕਾਨੀ ਆਦਿਕ ਆਪ ਦੀਆਂ ਪ੍ਰਸਿਧ ਪੁਸਤਕਾਂ ਹਨ।

ਬੋਲੀ ਠੇਠ ਪੰਜਾਬੀ ਹੈ। ਬਿੰਬਾਵਲੀ ਭਰਪੂਰ ਹੈ। ਉਪਦੇਸ਼ ਦੀ ਸਰਬ-ਪਰਧਾਨਤਾ ਹੈ :

ਧੀਏ ਨੀ ਮੌਤ ਲੱਖਾਂ ਪੂਰ ਲੰਘਾਏ।
ਕਈ ਹਜ਼ਾਰਾਂ ਬੇੜੇ ਗਰਕ ਕਰਾਏ।
ਬੈਠ ਜ਼ਮੀਨ ਯੂਸਫ ਜਹੇ ਲੁਕਾਏ।
ਕਿਸੇ ਸ਼ੁਮਾਰ ਆਵੇ ਨਾਹੀਂ,
ਮਾਵਾਂ ਤੇ ਧੀਆਂ ਦਰਦ ਸਾਂਝੇ ਵੇ,
ਮਾਲਕਾ ਸ਼ਾਲ। ਵਿਛੋੜੇ ਪੈਣ ਨਾਹੀਂ।

(ਆਪਦੇ ਪੁਤਰ ਅਬਦੁਲ ਅਜ਼ੀਜ਼ ਵੀ ਪ੍ਰਸਿਧ ਕਵੀ ਸਨ—ਵੇਖੋ ਅਬਦੁਲ ਅਜ਼ੀਜ਼)

**ਰੌਸ਼ਨ ਲਾਲ ਆਹੂਜਾ**

ਵੇਖੋ

ਆਹੂਜਾ, ਰੌਸ਼ਨ ਲਾਲ

**ਰਿਜ਼ਵੀ, ਅਹਿਮਦ ਯਾਰ**

'ਗ੍ਰਹਿਸਤ ਬੰਧਨ' ਨਾਂ ਦੀ ਪੁਸਤਕ ਵਿਚ ਆਪ ਦੀਆਂ ਕਵਿਤਾਵਾਂ ਅੰਕਿਤ ਹਨ।

# ਲ

**ਲਾਹੌਰਾ ਸਿੰਘ, ਲਾਹੌਰੀ** (੧੮੬੫, ੫ ਨਵੰਬਰ ੧੯੨੩)

ਆਪ ਅੰਮ੍ਰਿਤਸਰ ਵਿਚ ਕਮੇਟੀ ਬਜ਼ਾਰ ਵਾਲੀ ਬਾਉਲੀ ਦੇ ਕੋਲ ਚਿਤਰਕਾਰੀ ਦੀ ਦੁਕਾਨ ਕਰਦੇ ਹੁੰਦੇ ਸਨ। ਉਚੇਰੇ ਅਧਿਆਤਮਕ ਆਚਰਣ ਵਾਲੇ ਸਨ। ਮਨੁਖਵਾਦ ਅਤੇ ਸਾਂਝੀ ਪੰਜਾਬੀ ਕਲਚਰ ਆਪ ਦਾ ਸਿਦਕ ਸੀ।

ਆਪ ਮੀਆਂ ਹਦਾਇਤ-ਉਲਾ ਦੇ ਸ਼ਾਗਿਰਦ ਸਨ। ਨੌਂ ਸੀਹਰਫੀਆਂ ਰਚੀਆਂ ਅਤੇ 'ਹੀਰ ਰਾਂਝੇ' ਦੀ ਕਹਾਣੀ ਨੂੰ ਇਕ ਸੁਹਣੇਰੇ ਕਿੱਸੇ ਦਾ ਰੂਪ ਦਿਤਾ। ਆਪਦੀ ਬੋਲੀ ਸ਼ੁਧ ਪੰਜਾਬੀ ਹੈ। ਬਿੰਬਾਂ ਵਿਚ ਨਵੀਨਤਾ ਹੈ ਅਤੇ ਬਿਆਨ ਵਿਚ ਮਿੱਠਤ ਹੈ :

ਸੁਹਣੀ ਕੁਹਜੜੀ ਨਾਲ ਕੀ ਜੋਗੀਆਂ ਨੂੰ,
ਮਰ ਜਾਏ ਤੇ ਕੁਝ ਪਰਵਾਹ ਨਾਹੀਂ।
ਮੰਦਾ ਫਕਰ ਨੂੰ ਔਰਤਾਂ ਵਿਚ ਜਾਣਾ,
ਅਸਾਂ ਵੇਖਣੀ ਇਕ ਨਿਗਾਹ ਨਾਹੀਂ।

**ਲਖਬੀਰ ਸਿੰਘ ਤੂਰ** (੧ ਅਗਸਤ ੧੯੩੮—ਜੀਵਤ)

ਆਪ ਜਲੰਧਰ ਨਿਵਾਸੀ ਸ: ਪ੍ਰੀਤਮ ਸਿੰਘ ਤੂਰ ਦੇ ਸਪੁਤਰ ਹਨ।

ਕਵਿਤਾਵਾਂ ਦੀ ਰਚਨਾ ਵਾਲੇ ਪਾਸੇ ਝੁਕਾਅ ਰਖਦੇ ਹਨ।

**ਲੇਖ ਰਾਜ ਪਰਵਾਨਾ** (੧੩ ਮਾਰਚ ੧੯੩੭—ਜੀਵਤ)

ਆਪਦਾ ਜਨਮ ਪਿੰਡ ਬੁੰਡਾਲਾ, ਜ਼ਿਲਾ ਜਲੰਧਰ ਵਿਚ ਸ੍ਰੀ ਕਰਮ ਚੰਦ ਸਭਰਵਾਲ ਦੇ ਘਰ ਹੋਇਆ। ਬੀ. ਏ. ਅਤੇ ਗਿਆਨੀ ਹਨ।

ਅਜ ਕਲ ਪੰਜਾਬ ਵਿਧਾਨ ਸਭਾ ਚੰਡੀਗੜ੍ਹ ਵਿਚ ਕੰਮ ਕਰਦੇ ਹਨ।

ਆਪਦੇ ਆਲੋਚਨਾਤਮਕ ਲੇਖ ਪੰਜਾਬੀ ਦੁਨੀਆਂ, ਆਲੋਚਨਾ ਆਦਿਕ ਰਸਾਲਿਆਂ ਵਿਚ ਛਪਦੇ ਰਹਿੰਦੇ ਹਨ। ਜਿਗਰ ਪਾਰਿਆਂ ਦੀ ਰਚਨਾ ਵਿਚ ਆਪ ਦੀ ਖਾਸ ਦਿਲਚਸਪੀ ਹੈ।

ਆਪ ਸਿਆਣੇ ਅਤੇ ਸਰਗਰਮ ਸਾਹਿਤਕਾਰ ਹਨ।

**ਲੋਚਨ ਸਿੰਘ ਬਖਸ਼ੀ**

ਵੇਖੋ
ਬਖਸ਼ੀ, ਲੋਚਨ ਸਿੰਘ

**ਲਛਮਨ ਸਿੰਘ**

ਆਪਨੂੰ ਰਾਜਸਥਾਨ ਦੇ ਪ੍ਰਸਿਧ ਕਵੀਆਂ ਵਿਚ ਗਿਣਿਆ ਜਾਂਦਾ ਹੈ।

ਤੇਲੀਆ ਤਿਲਕਦਾਰ ਤੁਰਕੀ ਲਖੌਰੀ ਲਿਖੀ,
ਲਛਮਣ ਸਿੰਘ ਜਾਤਿ ਛੱਤਿਸ ਤੁਖਾਰੋ ਹੈ।

**ਲਛਮਨ ਸਿਘ, ਭਗਤ** (੪ ਜੂਨ, ੧੮੬੨—੧੯੪੬)

ਆਪਦਾ ਜਨਮ ਰਾਵਲ ਪਿੰਡੀ ਵਿਚ ਭਗਤ ਪੂਰਨ ਚੰਦ ਦੇ ਘਰ ਹੋਇਆ। ਉਚੇਰੀ ਵਿਦਿਆ ਦੀ

ਪ੍ਰਾਪਤੀ ਪਿਛੋਂ ਆਪ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਅਧਿਆਪਕ ਲਗ ਗਏ। ਫਿਰ ੩੦ ਵਰ੍ਹੇ ਵਿਦਿਅਕ ਮਹਿਕਮੇ ਵਿਚ ਰਹੇ। ਕਾਫ਼ੀ ਸਮਾਂ ਆਪ ਅੰਗਰੇਜ਼ੀ ਪਤਰ 'ਖਾਲਸਾ' ਦੇ ਸੰਪਾਦਕ ਰਹੇ ਤੇ ਆਰੀਆ ਸਮਾਜ ਨਾਲ ਸਿਧਾਂਤਕ ਟੱਕਰ ਲੈਂਦੇ ਰਹੇ। ਸ: ਗੁਰਦਿਆਲ ਸਿੰਘ ਨਾਂ ਦੇ ਕਿਸੇ ਆਦਮੀ ਉਤੇ ਜਦੋਂ ਹਾਈ ਕੋਰਟ ਵਿਚ ਮੁਕੱਦਮਾ ਚਲਿਆ ਤਾਂ ਆਪਨੇ ਨਿੱਡਰ ਹੋ ਕੇ ਕਚਹਿਰੀ ਦਾ ਮਾਖੌਲ ਉਡਾਇਆ। ਸਿੰਘ ਸਭਾ ਲਹਿਰ ਵਿਚ ਵੀ ਆਪਨੇ ਸਰਗਰਮ ਹਿੱਸਾ ਲਿਆ।

੧. ਦੀ ਸਿੱਖ ਮਾਲਟਰ, ੨. ਏ. ਮਾਲਟਰ ਸਕੈੱਚ ਆਫ਼ ਦੀ ਲਾਈਫ ਐਂਡ ਵਰਕ, ਗੁਰੂ ਗੋਬਿੰਦ ਸਿੰਘ, ੩. ਗੁਰੂ ਗੋਬਿੰਦ ਸਿੰਘ ਜਾਇਡਲਿਜ਼ਮ, ੪. ਦੀ ਸਿੱਖ ਐਂਡ ਹਿਜ਼ ਨਿਉ ਕਿਸਟਿਕਸ, ੫. ਟ੍ਰੀਬਿਊਟਸ ਟੂ ਦੀ ਮੈਮਰੀ ਆਫ ਗੁਰੂ ਗੋਬਿੰਦ ਸਿੰਘ ਜੀ, ਆਦਿਕ ਆਪਦੀਆਂ ਪ੍ਰਸਿੱਧ ਅੰਗਰੇਜ਼ੀ ਕਿਤਾਬਾਂ ਹਨ।

**ਲਾਂਬਾ, ਗੋਬਿੰਦ ਸਿੰਘ** (੧੬ ਅਪਰੈਲ, ੧੯੨੯—ਜੀਵਤ)

ਆਪਦਾ ਜਨਮ ਸਦਿਓਟ, ਜ਼ਿਲਾ ਰਾਵਲਪਿੰਡੀ ਵਿਚ ਸ: ਹਰਨਾਮ ਸਿੰਘ ਲਾਂਬਾ ਦੇ ਘਰ ਹੋਇਆ। ੧੯੩੪ ਤਕ ਜਨਮ ਸਥਾਨ ਵਿਖੇ ਅਤੇ ਵੰਡ ਤਕ ਰਾਵਲਪਿੰਡੀ ਰਹੇ ਤੇ ਪਿਛੋਂ ਪਟਿਆਲੇ ਆ ਵਸੇ। ਅਜ ਕਲ ਆਪ ਪੰਜਾਬੀ ਵਿਭਾਗ (ਪੰਜਾਬ ਸਰਕਾਰ) ਵਿਚ ਅਨੁਵਾਦਕ ਹਨ। ਵਿਦਿਆ : ਪੰਜਾਬੀ ਦੀ ਐਮ. ਏ. ਤਕ ਹੈ।

ਦਮੋਦਰ ਬਾਰੇ ਆਪਨੇ ਇਕ ਦਰਜਨ ਦੇ ਕਰੀਬ ਖੋਜ ਭਰਪੂਰ ਲੇਖ ਲਿਖੇ ਹਨ। ਕਰਤਾਰੀ ਰਚਨਾਵਾਂ ਵੀ ਰਚਦੇ ਹਨ!

ਆਪਦਾ ਸਥਾਨ ਸਿਆਣੇ ਖੋਜਕਾਰਾਂ ਵਿਚ ਹੈ।

**ਲਾਭ ਸਿੰਘ ਨਾਰੰਗ** (੧੯੦੦—ਜੀਵਤ)

ਆਪਦਾ ਜਨਮ ਜੰਦਰੇਕਾ, ਜ਼ਿਲਾ ਮਿੰਟਗੁਮਰੀ ਵਿਚ ਸ: ਘਮੰਡਾ ਸਿੰਘ ਦੇ ਘਰ ਹੋਇਆ। ੧੯੧੯ ਵਿਚ ਵਾਪਰੇ ਜਲ੍ਹਿਆਂ ਵਾਲੇ ਬਾਗ ਦੇ ਦੁਖਾਂਤ ਤੋਂ ਉਤੇਜਿਤ ਹੋ ਕੇ ਆਪ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ। ਫਿਰ ਆਪ ਸਿੱਟੀ ਕਾਂਗਰਸ ਮਿੰਟਗੁਮਰੀ ਦੇ ਸਕਤਰ ਵੀ ਚੁਣੇ ਗਏ। ੧੯੨੧ ਤੋਂ ੧੯੨੯ ਤਕ ਆਪ ਪੰਜਾਬ ਪ੍ਰਾਂਵਿਸ਼ਲ ਕਾਂਗਰਸ ਕਮੇਟੀ ਦੇ ਮੈਂਬਰ ਰਹੇ। ੧੯੨੯ ਵਿਚ ਹੋਏ ਸਰਬ ਹਿੰਦ ਕਾਂਗਰਸ ਦੇ ਲਾਹੌਰ ਸਮਾਗਮ ਦੇ ਆਪ ਪੰਜਾਬੀ ਪਰਚਾਰ ਸਕੱਤਰ ਸਨ। ੧੯੨੮ ਵਿਚ ਹੋਏ 'ਸਾਇਮਨ ਕਮਿਸ਼ਨ ਗੋ ਬੈ ਰ' ਮੁਜ਼ਾਹਰੇ ਵਿਚ ਆਪ ਵੀ ਫੱਟੜ ਹੋਏ। ੧੯੩੦ ਵਿਚ ਵਿੱਥਲ ਭਾਈ ਪਟੇਲ ਦੇ ਆਗਮਨ ਦੇ ਸਬੰਧ ਵਿਚ ਹੋਏ ਜਲਸੇ ਦੀ ਪ੍ਰਧਾਨਗੀ ਕਰਦਿਆਂ ਆਪਨੇ ਅੰਗਰੇਜ਼ੀ ਸਾਮਰਾਜ ਨੂੰ ਭੰਡਿਆ ਤੇ ਕੈਦ ਕੱਟੀ। ਸਿੱਖ ਰਾਜਨੀਤੀ ਵਿਚ ਆਪ ਬਾਬਾ ਖੜਕ ਸਿੰਘ ਦੇ ਸਾਥੀ ਸਨ। ੧੯੨੦ ਵਿਚ ਹੋਏ ਸਿੱਖ ਲੀਗ ਦੇ ਲਾਹੌਰ ਸੈਸ਼ਨ ਵਿਚ ਆਪਨੇ ਸਰਦਲ ਸਿੰਘ ਕਵੀਸ਼ਰ ਦੇ ਅੰਗਰੇਜ਼-ਵਿਰੋਧੀ ਮੱਤੇ ਦੀ ਹਮਾਇਤ ਕੀਤੀ।

੧੯੨੮ ਵਿਚ ਆਪਨੇ ਲਾਹੌਰ ਤੋਂ 'ਫਤਹ ਸਪਤਾਹਿਕ ਜਾਰੀ ਕੀਤਾ। ਅਜ ਕਲ ਆਪ ਦੇ ਦੋ ਪੱਤਰ 'ਫ਼ਤਹ' ਤੇ 'ਪ੍ਰੀਤਮ' (ਮਾਸਕ) ਦਰਿਆ ਗੰਜ ਦਿਲੀਓਂ ਪ੍ਰਕਾਸ਼ਿਤ ਹੋ ਰਹੇ ਹਨ। ਆਪ ਆਲ ਇੰਡੀਆ ਸਿਖ ਫੈਡਰੇਸ਼ਨ ਦੇ ਪ੍ਰਧਾਨ ਵੀ ਹਨ। ਆਪਦਾ ਸਥਾਨ ਇਕ ਪਤਰਕਾਰ ਤੇ ਪਤਰ-ਪ੍ਰਕਾਸ਼ਕ ਵਜੋਂ ਵਧੇਰੇ ਹੈ। ਆਪ ਆਲ ਇੰਡੀਆਂ ਨੀਊਜ਼

ਪੇਪਰਜ਼ ਕਾਨਫ਼ਰੰਸ ਦੀ ਸਟੈਂਡਿੰਗ ਕਮੇਟੀ ਦੇ ਮੈਂਬਰ ਵੀ ਹਨ ।

**ਲਾਲ ਸਿੰਘ ਕਨੇਚ** (੧੮੯੧—?)

ਆਪਦਾ ਜਨਮ ਪਿੰਡ ਕਨੇਚ ਜ਼ਿਲਾ ਲੁਧਿਆਣਾ ਵਿਚ ਸ: ਖਜ਼ਾਨ ਸਿੰਘ ਦੇ ਘਰ ਹੋਇਆ । ਅੱਠਵੀਂ ਕਰਨ ਪਿਛੋਂ ਦਸਤਕਾਰੀ ਵਲ ਆ ਗਏ । ਦਸਤਕਾਰੀ ਦੀ ਉਚੇਰੀ ਵਿਦਿਆ ਲੈਣ ਅਮਰੀਕਾ ਵਲ ਟੁਰੇ ਪਰ ਅੱਖਾਂ ਦੀ ਖਰਾਬੀ ਕਾਰਨ ਹਾਂਗਕਾਗ ਤੋਂ ਹੀ ਵਾਪਸ ਮੁੜ ਪਏ । ਸਿੰਘਾਪੁਰ, ਕੁਆਲਾਲੰਪਰ ਵਿਚ ਆਪ ਸਿੱਖੀ ਦਾ ਪਰਚਾਰ ਵੀ ਕਰਦੇ ਰਹੇ । ੧੯੧੦ ਵਿਚ ਬਾਬੂ ਤੇਜਾ ਸਿੰਘ ਦੀ ਪਰੇਰਨਾ ਉਤੇ ਪੰਚ ਖੰਡ ਭਸੌੜ ਵਿਚ ਅਧਿਆਪਕ ਲਗ ਗਏ । ੧੯੨੧—੨੯ ਦੇ ਦੌਰਾਨ ਆਪ ਪੰਚ ਖੰਡ ਦੇ ਪਤਰ 'ਕਿਰਪਾਨ ਬਹਾਦਰ' ਅਤੇ 'ਸਿੱਖ ਪਾਰਲੀਮੈਂਟ ਗਜ਼ਟ' ਦੇ ਸੰਪਾਦਕ ਰਹੇ ।

ਆਪਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਇਤਿਹਾਸ : 'ਸਿੱਖ ਕਾਨੂੰਨ', ੨. ਸਿੱਖਾਂ ਨੇ ਰਾਜ ਕਿਵੇਂ ਲਿਆ, ੩. ਖਾਲਸਾ ਦਰਬਾਰ, ੪. ਗੁਰਮਤ ਨਿਰਣੈ ਭੰਡਾਰ, ੫. ਮੁਕੰਮਲ ਤਵਾਰੀਖ ਗੁਰੂ ਖਾਲਸਾ ੬. ਸ੍ਰਿਸ਼ਟੀ ਰਚਨਾ, ੭. ਦਸ ਗੁਰਾਂ ਦਾ ਜੀਵਨ, ੮. ਸਿਖ ਰਾਜ ਕਿਵੇਂ ਗਿਆ, ੯. ਪੰਥਕ ਪ੍ਰਸਿੱਧ ਹਸਤੀਆਂ, ੧੦. ਇਤਿਹਾਸ 'ਪੰਚ ਖਾਲਸਾ ਦੀਵਾਨ, ੧੧. ਤਵਾਰੀਖ ਗੁਰੂ ਖਾਲਸਾ, ਦੋ ਭਾਗ ।

ਧਰਮ ਤੇ ਸੁਧਾਰ : ੧੨ ਕਕਾਰ ਫਿਲਾਸਫੀ, ੧੩. ਭਗੌਤੀ ਪ੍ਰਬੋਧ, ੧੪ ਜ਼ਾਤ ਪਾਤ ਖੰਡਨ, ੧੫. ਇਸਲਾਮ ਮੱਤ, ੧੬. ਹਿੰਦੂ ਮੱਤ, ੧੭. ਖੱਟ ਦਰਸ਼ਨ, ੧੮. ਗੁਰਮਿਤ ਮਾਰਤੰਡ, ੧੯. ਖਾਲਸਾ ਮਰਯਾਦਾ ਪ੍ਰਕਾਸ਼, ੨੦. ਕਠਿਨ ਪਾਠਾਂ ਦੀ ਕੁੰਜੀ, ੨੧. ਭਾਈ-ਚਾਰਕ ਸੁਧਾਰ, ੨੨. ਗੁਰਬਾਣੀ ਭਾਵਰਥ ਭੰਡਾਰ, ੨੩. ਗੁਰਮਤ ਮਤ ਤੇ ਭਗਤ ਮਤ, ੨੪. ਗਹਿਣਾ ਪ੍ਰਹਾਰ, ੨੫. ਪਾਖੰਡ ਖੰਡਨ, ੨੬. ਖਾਲਸਾ ਸੰਸਕਾਰ ਵਿਧੀ, ੨੭. ਅੰਮ੍ਰਿਤ ਮਰਯਾਦਾ ਪ੍ਰਕਾਸ਼, ੨੮. ਆਨੰਦ ਵਿਆਹ, ੨੯. ਗੁਰਦਾਸ ਦਰਸ਼ਨ, ੩੦. ਗੁਰੂ ਬੰਸਾਵਲੀ, ੩੧. ਸਿਖੀ ਇਹ ਹੈ ।

ਜੀਵਨੀ : ੩੨. ਅਦੁਤੀ ਜੀਵਨ, ਬਾਬੂ ਤੇਜਾ ਸਿੰਘ ।

ਸੂਚਨਾ : ੩੩. ਪੰਥਕ ਆਜ਼ਾਦੀ ਪਰੋਗਰਾਮ, ੩੪. ਭੂਗੋਲ ਰਿਆਸਤ ਜੀਂਦ, ੩੫. ਖਾਲਸਾ ਨੀਤੀ ਧਰਮ ਸ਼ਾਸਤਰ, ੩੬. ਕੋਸ਼ ਸ੍ਰੀ ਦਸਮ ਗ੍ਰੰਥ, ਦੋ ਭਾਗ ।

**ਲਾਲ ਸਿੰਘ ਗਿਆਨੀ** (੧੯੦੩—ਜੀਵਤ)

ਆਪਦਾ ਸਬੰਧ ਜ਼ਿਲਾ ਗੁਜਰਾਤ ਦੇ ਪਿੰਡ ਚੇਲਿਆਂ ਵਾਲੇ ਨਾਲ ਹੈ । ਬੀ. ਏ. ਕਰਨ ਪਿਛੋਂ ਆਪ ਸਿੱਖ ਕੰਨਿਆਂ ਮਹਾਂ ਵਿਦਿਆਲੇ ਫੀਰੋਜ਼ਪੁਰ ਵਿਚ ਅਧਿਆਪਕ ਲਗ ਗਏ । ਕੁਝ ਸਮਾਂ 'ਖਾਲਸਾ ਐਡਵੋਕੇਟ' ਵਿਚ ਵੀ ਰਹੇ । ੧੯੩੩ ਵਿਚ ਆਪ ਨੇ ਮਾਸਕ 'ਬਾਲਕ' ਦੀ ਨੀਂਹ ਰਖੀ । ੧੯੩੬ ਵਿਚ ਗੁਜਰਾਂਵਾਲੇ ਵਿਚ ਗਿਆਨੀ ਕਾਲਜ ਖੋਲ੍ਹਿਆ । ਅਕਾਲੀ ਰਾਜਨੀਤੀ ਵਿਚ ਜਲਦੀ ਹੀ ਪਰਵਾਨ ਹੋ ਗਏ । ਬਹੁਤ ਸਾਰੀਆਂ ਧਾਰਮਕ ਅਤੇ ਵਿਦਿਅਕ ਸੰਸਥਾਵਾਂ ਦੇ ਪਰਬੰਧਕ ਬਣੇ । ਵੰਡ ਪਿਛੋਂ ਕਰਨਾਲ ਸ਼ਰਨਾਰਥੀ ਕੈਂਪ ਦੇ ਕਮਾਂਡੈਂਟ ਰਹੇ । ਖਾਲਸਾ ਹਾਈ ਸਕੂਲ ਦੇ ਪ੍ਰਿੰਸੀਪਲ ਬਣੇ ।

ਪੰਜਾਬੀ ਦੀ ਐਮ. ਏ. (੧੯੫੪) ਆਪਨੇ ਯੂਨੀਵਰਸਿਟੀ ਵਿਚੋਂ ਅੱਵਲ ਰਹਿੰਦਿਆਂ ਕੀਤੀ ।

'ਚੋਣਵੇਂ ਪੰਜਾਬੀ ਲੇਖ', ਸਰਲ ਪੰਜਾਬੀ ਲੇਖ ਅਤੇ 'ਯੂਨੀਵਰਸਿਟੀ ਪੰਜਾਬੀ ਲੇਖ', ਆਪਦੀਆਂ ਤਿੰਨ

ਪੁਸਤਕਾਂ ਹਨ।

ਪਾਠ ਪੁਸਤਕਾਂ ਨੂੰ ਪੰਜਾਬੀ ਰੂਪ ਦੇਣ ਵਿਚ ਵੀ ਆਪਦੀ ਸੇਵਾ ਵਰਨਣਯੋਗ ਹੈ।

**ਲਾਲ ਸਿੰਘ ਨਿਰਮਲ** (-੧੯੪੦,-੫੧)

ਆਪਦਾ ਸਥਾਨ ਆਧੁਨਿਕ ਪੰਜਾਬੀ ਦੇ ਸਰਗਰਮ ਕਲਾਕਾਰਾਂ ਵਿਚ ਹੈ। ਆਪਦੀ ਰਚਨਾ ਦਾ ਵਿਸਤਾਰ ਇਸ ਪ੍ਰਕਾਰ ਏ :

'ਘੁੰਡ ਦੇ ਉਹਲੇ (ਕਹਾਣੀਆਂ), ਦਿਲਾਂ ਦੇ ਨੇੜੇ ਨੇੜੇ' (੧੯੪੫), 'ਪੰਜਾਬ ਦੀਆਂ ਬੋਲੀਆਂ' (ਪੇਂਡੂ ਗੀਤ), 'ਰੋਜ਼ਾਨਾ ਜ਼ਿੰਦਗੀ ਦੀ ਸਾਇੰਸ' (ਆਮ ਵਾਕਫੀ), 'ਹੀਰ ਸਯਦ ਵਾਰਸ ਸ਼ਾਹ' (ਕਵਿਤਾ) ਅਤੇ 'ਪਿਆਰਾ ਪੰਜਾਬ' (ਕਵਿਤਾ)।

**ਲਾਲ ਸਿੰਘ ਬੇਦੀ ਸਾਹਿਤਕਾਰ**

ਵੇਖੋ
ਬੇਦੀ, ਲਾਲ ਸਿੰਘ ਸਾਹਿਤਕਾਰ

**ਲਵਲੀਨ** (੧੯੪੦ ਅੰਦਾਜ਼ਨ—ਜੀਵਤ)

ਆਪ ਲੁਧਿਆਣਾ ਨਿਵਾਸੀ ਸ: ਭਗਤ ਸਿੰਘ ਦੀ ਸਪੁਤਰੀ ਹਨ।

ਪੰਜਾਬੀ ਵਿਚ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

## ਵ

**ਵਿਸਾਖਾ ਸਿੰਘ ਸੰਤ ਸਿਪਾਹੀ**

ਜਨਮ ਪਿੰਡ ਜਨੇਤਾ ਪੁਰ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਸ. ਕਰਮ ਸਿੰਘ ਦੇ ਘਰ ਮਾਤਾ ਕਾਨ੍ਹ ਦੀ ਕੁਖੋਂ ਹੋਇਆ। ਸਿਖ ਕੌਮ-ਪ੍ਰਸਤੀ ਅਤੇ ਵਿਦਿਆਕਾਰੀ ਦੇ ਖੇਤਰ ਵਿਚ ਆਪਨੂੰ ਉਘਾ ਸਥਾਨ ਪ੍ਰਾਪਤ ਹੈ। ਮਾਲਵੇ ਦੇ ਇਲਾਕੇ ਵਿਚ ਆਪਦਾ ਵਿਸ਼ੇਸ਼ ਸਨਮਾਨ ਕੀਤਾ ਜਾਂਦਾ ਹੈ। ਰਚਨਾਵਾਂ ਹੇਠ ਲਿਖੀਆਂ ਹਨ।

(੧) ਸੰਤ ਸਿਪਾਹੀ, (੨) ਸ਼੍ਰੀ ਦਸਮੇਸ਼ ਦੀਆਂ ਦੁਲਾਰੀਆਂ, (੩) ਯਾਤਰਾ ਸ੍ਰੀ ਹਜ਼ੂਰ ਸਾਹਿਬ, (੪) ਸਰੀਰਕ ਰਖਿਆ, (੫) ਮਾਲਵਾ ਇਤਿਹਾਸ (ਤਿੰਨ ਭਾਗ, ਨੂੰ ਸਿਖ ਦਿਰਸ਼ਟੀਕੋਨ ਤੋਂ ਪੰਜਾਬ ਅਤੇ ਇਸ ਦੀ ਕਲਚਰ ਦਾ ਵਿਸ਼ਵ ਕੋਸ਼ ਕਹਿਣਾ ਚਾਹੀਦਾ ਹੈ। ਇਸ ਪੁਸਤਕ ਵਿਚ ਪੁਰਾਣੇ ਅਣ-ਵਿਗਿਆਨਕ ਕਰਮ ਅਨੁਸਾਰ ਪੰਜਾਬ ਦੇ ਇਤਿਹਾਸ, ਧਰਮ, ਸਾਹਿਤ, ਦੇ ਸਿਖ-ਪਖ ਉਜਾਗਰ ਕੀਤੇ ਗਏ ਹਨ)

ਆਪਦਾ ਸਥਾਨ ਪੁਰਾਣੀ ਪਰੰਪਰਾ ਦੇ ਉਚਤਮ ਵਿਦਵਾਨਾਂ ਵਿਚ ਹੈ।

**ਵਸਾਖਾ ਸਿੰਘ ਨਾਮਧਾਰੀਆ**

ਆਪਦਾ ਜਨਮ ਅਟਾਰੀ, ਜ਼ਿਲਾ ਲਾਹੌਰ ਵਿਚ ਹੋਇਆ।

'ਸ਼ਰਾਬ-ਨਿਸ਼ੇਧ' ਆਪ ਦੀ ਪ੍ਰਸਿਧ ਪੁਸਤਕ ਹੈ।

ਨਾਮਧਾਰੀ ਪੰਥ ਨਾਲ ਸਬੰਧਿਤ ਹੋਣ ਕਾਰਨ ਆਪ ਦਾ ਖੇਤਰ ਸਮਾਜ-ਸੁਧਾਰ ਤਕ ਸੀਮਤ ਹੈ।

**ਵਿਗ, ਤੇਜ** (੧੯੨੮—ਜੀਵਤ)

ਜਨਮ ਹਿੰਦੂ ਬਾਗ (ਬਲੋਚਿਸਤਾਨ) ਵਿਚ ਸ. ਚਤਰ ਸਿੰਘ ਵਿਗ ਦੇ ਘਰ ਹੋਇਆ। ਆਪ ਦਾ ਮੂਲ ਨਗਰ ਰਾਵਲ ਪਿੰਡੀ ਹੈ। ਨਿਕੀ ਉਮਰ ਤੋਂ ਹੀ ਕੁਦਰਤੀ ਸੁੰਦਰਤਾ ਵਿਚਕਾਰ ਰਹਿਣ ਕਰਕੇ ਆਪਦਾ ਝੁਕਾਅ ਕਵਿਤਾ ਵਲ ਹੋ ਗਿਆ। ਵਿਆਹ ਪ੍ਰਸਿਧ ਸਟੇਜੀ ਕਵੀ ਸ. ਰਾਮ ਨਰਾਇਣ ਸਿੰਘ ਦਰਦੀ ਨਾਲ ਹੋਇਆ।

ਵੰਡ ਪਿਛੋਂ ਲੁਧਿਆਣੇ ਆ ਗਏ ਤੇ ਐਮ, ਏ. ਤਕ ਮਾਂ-ਬੋਲੀ ਵਿਚ ਮੁਹਾਰਤ ਪ੍ਰਾਪਤ ਕਰਨ ਪਿਛੋਂ ਆਪਣੇ ਪਤੀ ਦੁਆਰਾ ਚਲਾਈ ਸੰਸਥਾ ਦੇ ਪਿਰੰਸੀਪਲ ਲਗ ਗਏ।

ਆਪ ਦਾ ਵਿਸ਼ਾਲ ਅਧਿਅਨ ਹੈ ਅਤੇ ਸਾਂਝੀ ਬ੍ਰਹਿਮੰਡ ਕਲਚਰ ਬਾਰੇ ਕਾਫ਼ੀ ਸਾਰੇ ਨਿਜੀ ਅਨੁਭਵ ਵੀ ਆਪਦੀ ਸੋਚਣੀ ਦਾ ਹਿਸਾ ਹਨ।

ਆਪ ਨੇ ਕੁਦਰਤ, ਕਾਦਰ, ਅਨੰਤਤਾ ਤੋਂ ਲੈ ਕੇ ਪਿਆਰ ਅਤੇ ਡਾਵਾਂਡੋਲ ਆਰਥਿਕਤਾ ਤਕ ਵਿਸ਼ਿਆਂ ਉਤੇ ਕਵਿਤਾਵਾਂ ਲਿਖੀਆਂ ਹਨ। ਸ਼ੈਲੀ ਜਨ ਸਾਧਾਰਨ ਦੇ ਸਮਝਣ ਯੋਗ ਹੈ।

ਲਖਾਂ ਜ਼ਖਮ ਨੇ ਸੀਨੇ ਉਤੇ,
ਕਿਹੜਾ ਕੋਈ ਵਿਖਾਵਾਂ।

**ਵਜੀਦ ਖਾਂ** (ਸੋਲ੍ਹਵੀਂ ਸਦੀ ਦਾ ਮਧ)

ਕੌਮ ਦੇ ਪਠਾਣ ਹਨ। ਪੰਡਿਤ ਉਂਕਾਰਨਾਥ ਭਾਰਦਵਾਜ ਅਨੁਸਾਰ ਆਪ ਪਹਿਲਾਂ ਬੜੇ ਅਭਿਮਾਨੀਪਠਾਣ ਫੌਜੀ ਅਫ਼ਸਰ ਸਨ ਪਰ ਪਿਛੋਂ ਕਿਸੇ ਹਿੰਦੂ ਸਾਧੂ ਤੋਂ ਨਿਮਰਤਾ ਗ੍ਰਹਿਣ ਕੀਤੀ । ਫਿਰ ਆਪ ਘਰ ਘਾਟ ਛਡਕੇ ਮਥਰਾ ਗਏ, ਸੰਸਕਿਰਤ ਪੜ੍ਹੀ ਤੇ ਅਧਿਆਤਮਵਾਦੀ ਬਣੇ । ਪਰੀਵਰਤਨ ਵੇਦਾਂਤ ਦੀ ਪ੍ਰਮਾਣੀਕਤਾ ਕਾਰਨ ਹੋਇਆ । ਆਪ ਦੇ ਅਨੁਯਾਈ 'ਰੌਸ਼ਨੀ' ਕਹਾਉਂਦੇ ਹਨ। ਪੰਜਾਬੀ ਵਿਚ ਆਪਦੇ ਸ਼ਬਦ ਕਾਫੀ ਲੋਕ-ਪ੍ਰਿਅ ਤੇ ਪ੍ਰਸਿਧ ਹਨ, ਇਸੇ ਪਰਕਾਰ ਕਾਫੀਆਂ ਵੀ । ਆਪ ਨੇ ਕਾਣੀ ਵੰਡ ਦਾ ਵਿਰੋਧ ਕੀਤਾ ਹੈ ਤੇ ਸਬਰ, ਸ਼ੁਕਰ ਦੀ ਰਜ਼ਾ ਦਾ ਉਪਦੇਸ਼ ਦਿਤਾ ਹੈ । ਰਾਗੀ ਆਪਦੇ ਸ਼ਲੋਕ ਬੜੇ ਵਜਦ ਵਿਚ ਗਾਉਂਦੇ ਹਨ ।

ਪੰਜਾਬੀ ਲੋਕ ਧਾਰਾ ਵਿਚ ਆਪਦੀ ਕਵਿਤਾ 'ਇਕਨਾਂ ਦੇ ਘਰ ਪੁਤ, ਪੁਤਾਂ ਘਰ ਪੋਤਰੇ—ਵਜੀਦਾ ਕੌਣ ਸਾਹਿਬ ਨੂੰ ਆਖੇ, ਅੰਞ ਨਹੀਂ ਅੰਞ ਕਰ ।' ਬੜੀ ਪ੍ਰਸਿਧ ਹੈ ।

**ਵਿਦਿਆ ਭਾਸਕਰ ਅਰੁਣ** (੧੯੨੦—ਜੀਵਤ)

ਜਨਮ ਸ੍ਰੀ ਹਰਿ ਗੋਬਿੰਦ ਪੁਰ ਜ਼ਿਲਾ ਗੁਰਦਾਸਪੁਰ ਵਿਚ ਹੋਇਆ । ਆਪ ਕਲਕਤਾ ਯੂਨੀਵਰਸਿਟੀ ਦੀ ਐਮ. ਏ, ਅਤੇ ਪੰਜਾਬ ਯੂਨੀਵਰਸਿਟੀ ਦੇ ਸ਼ਾਸਤਰੀ ਗਿਆਨੀ ਤੇ ਪ੍ਰਭਾਕਰ ਹਨ। ਕਈ ਕਾਲਜਾਂ ਵਿਚ ਹਿੰਦੀ ਪੰਜਾਬੀ ਦੇ ਅਧਿਆਪਕ ਅਤੇ ਭਾਸ਼ਾ ਵਿਭਾਗ ਵਿਚ ਸਹਾਇਕ ਸੰਚਾਲਕ ਰਹਿਣ ਪਿਛੋਂ ਅਜ ਕਲ ਆਪ ਖੇਤੀਬਾੜੀ ਦੇ ਸਰਕਾਰੀ ਕਾਲਜ ਵਿਚ ਕੰਮ ਕਰ ਰਹੇ ਹਨ । ੨੨ ਦਸੰਬਰ ੧੯੬੨ ਵਿਚ ਆਪ ਨੂੰ ਪੰਜਾਬ ਯੂਨੀਵਰਸਿਟੀ ਵਲੋਂ ਪੀ. ਐਚ ਡੀ. ਦੀ ਡਿਗਰੀ ਦਿਤੀ ਗਈ ।

ਹਿੰਦੀ ਸਾਹਿਤ ਨਾਲ ਆਪਦਾ ਸਬੰਧ ਇਕ ਪ੍ਰਸਿਧ ਕਵੀ ਅਤੇ ਨਿਬੰਧਕਾਰ ਵਜੋਂ ਹੈ ।

ਪੰਜਾਬੀ ਵਿਚ ਆਪਦਾ ਸਥਾਨ ਇਕ ਪ੍ਰਮਾਣੀਕ ਭਾਸ਼ਾ-ਵਿਗਿਆਨੀ ਵਜੋਂ ਹੈ ।

ਰਚਨਾ ਇਸ ਪ੍ਰਕਾਰ ਹੈ :—

੧. ਪੰਜਾਬੀ ਭਾਸ਼ਾ ਦਾ ਇਤਿਹਾਸ, ੨. ਜੀਵਨ ਜੋਤਾਂ, ੩. ਸੰਸਕ੍ਰਿਤ ਪ੍ਰਬੋਧ,

ਪੰਜਾਬੀ ਦੇ ਉਚੇਰੇ ਆਲੋਚਨਾਤਮਕ ਰਸਾਲਿਆਂ ਵਿਚ ਆਪ ਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ । ਆਪ ਦੀ ਪੰਜਾਬੀ ਸੰਸਕ੍ਰਿਤ ਤਤਸਮਤਾ ਦੇ ਅਧੀਨ ਹੈ ।

ਆਪਨੂੰ ਪ੍ਰਮੁਖ ਆਲੋਚਕਾਂ ਅਤੇ ਭਾਸ਼ਾ ਵਿਗਿਆਨੀਆਂ ਵਿਚ ਗਿਣਿਆ ਜਾਂਦਾ ਹੈ ।

**ਵਿਦਿਆਰਥੀ, ਦੇਵਿੰਦਰ ਸਿੰਘ**

ਵੇਖੋ

ਦੇਵਿੰਦਰ ਸਿੰਘ ਵਿਦਿਆਰਥੀ

**ਵਿਧਾਤਾ ਸਿੰਘ ਤੀਰ** (੧੯੦੧—ਜੀਵਤ)

ਆਪਦਾ ਜਨਮ ਵੀਹਵੀਂ ਸਦੀ ਦੇ ਪਹਿਲੇ ਸਾਲ ਵਿਚ ਜ਼ਿਲਾ ਰਾਵਲਪਿੰਡੀ ਦੇ ਇਕ ਪਿੰਡ ਘਘਰੋਟ ਵਿਖੇ ਸ. ਹੀਰਾ ਸਿੰਘ ਬਰਾਹਮਣ ਸਿਖ ਦੇ ਘਰ ਹੋਇਆ । ਦਸਾਂ ਵਰ੍ਹਿਆਂ ਦੀ ਉਮਰ ਵਿਚ ਪੜ੍ਹਨੇ ਪਏ ਪਰ ਪੰਜ ਜਮਾਤਾਂ ਹੀ ਪਾਸ ਕਰ ਸਕੇ । ਕਵਿਤਾ ਰਚਣ ਦਾ ਸ਼ੌਕ ਬਚਪਨ ਵਿਚ ਹੀ ਸੀ। ਉਪਰੋਂ ਆਪਨੂੰ ਪ੍ਰਸਿਧ ਕਵੀ ਹੀਰਾ ਸਿੰਘ ਦਰਦ ਦੀ ਸਾਹਿਤਕ ਸਰਪ੍ਰਸਤੀ ਮਿਲ ਗਈ (ਦਰਦ ਜੀ ਆਪਦੇ ਸਕੇ ਮਾਮਾ

ਜੀ ਹਨ) ਤੇ ਸਿਟਾ ਇਹ ਨਿਕਲਿਆ ਕਿ ਆਪ ਨੇ ਆਪਣਾ ਆਪ ਕਵਿਤਾ ਨੂੰ ਸਮਰਪਿਤ ਕਰ ਦਿਤਾ। ਜਵਾਨੀ ਵਿਚ ਰਾਵਲਪਿੰਡੀ ਛਡ ਕੇ ਅੰਮ੍ਰਿਤਸਰ ਆਏ। ਗਿਆਨੀ ਪਾਸ ਕਰਨ ਪਿਛੋਂ ਦਰਦ ਜੀ ਦੇ ਮਾਸਕ ਪਤਰ 'ਫੁਲਵਾੜੀ' ਵਿਚ ਕੰਮ ਕਰਨ ਲਗ ਪਏ। ਫਿਰ ਅਕਾਲੀ ਲਹਿਰ ਸਬੰਧੀ ਕਵਿਤਾ ਲਿਖਣ ਦੇ'ਅਪਰਾਧ' ਵਿਚ ਆਪਨੂੰ ਅੰਗਰੇਜ਼ ਦੀਆਂ ਜੇਲ੍ਹਾਂ ਵੇਖਣ ਦਾ ਮੌਕਾ ਵੀ ਮਿਲਿਆ।

ਅਜ ਕਲ ਆਪ ਅੰਮ੍ਰਿਤਸਰ ਵਿਚ 'ਗਿਆਨ ਵਿਦਿਆਲਾ ਚਲਾ ਰਹੇ ਹਨ, ਜਿਥੇ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਨੂੰ ਪੰਜਾਬ ਯੂਨੀਵਰਸਿਟੀਆਂ ਦੇ ਇਮਤਿਹਾਨਾਂ ਲਈ ਤਿਆਰੀ ਕਰਾਈ ਜਾਂਦੀ ਹੈ। ਆਪ ਪ੍ਰਸਿਧ ਮਾਸਕ ਪਤਰ 'ਕਵਿਤਾ' ਦੇ ਮੁਖ ਸੰਪਾਦਕ ਵੀ ਹਨ।

ਕਾਲੀਦਾਸ, ਨਲ ਦਮਯੰਤੀ, ਰੂਪ ਰਾਣੀ, ਸ਼ਕੁੰਤਲਾ ਆਦਿਕ ਕਿੱਸੇ ਲਿਖ ਕੇ ਆਪ ਆਪਣਾ ਨਾਤਾ ਪੁਰਾਣੀ ਪਰੰਪਰਾ ਨਾਲ ਜੋੜਦੇ ਹਨ। 'ਬੰਦਾ ਸਿੰਘ ਬਹਾਦਰ ਤੇ ਦਸ਼ਮੇਸ਼' ਆਦਿਕ ਕਿਰਤਾਂ ਨਾਲ ਆਪ ਸਿਖ ਇਤਿਹਾਸ ਦੀ ਗੌਰਵਤਾ ਨਾਲ ਸਾਝ ਪਾਉਂਦੇ ਹਨ। ਆਪਦੀ ਰਚਨਾ 'ਬਚਨ ਬਿਲਾਸ' ਵਿਚ ਸੁਧਾਰ ਲਈ ਤੜਲਾ ਹੈ। 'ਅਣਿਆਲੇ ਤੀਰ' 'ਗੁੰਗੇ ਗੀਤ' 'ਕਾਲ ਕੂਕਾਂ' ਤੇ 'ਮਿਠੇ ਮੇਵੇ' ਆਦਿਕ ਰਚਨਾਵਾਂ ਆਧੁਨਿਕਤਾ ਦੀਆਂ ਪ੍ਰਤੀਨਿਧ ਹਨ। ਇਸ ਤੋਂ ਬਿਨਾਂ ਆਪ ਨੇ ਦੋਸਤੋਵਸਕੀ ਦੇ ਪ੍ਰਸਿਧ ਨਾਵਲ 'Crime & Punishment' ਦਾ ਪੰਜਾਬੀ ਅਨੁਵਾਦ ਵੀ ਕੀਤਾ ਹੈ। ਆਪ ਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ ਪਰ ਉਹ ਵਧੇਰੇ ਲੋਕ ਪ੍ਰਿਅਤਾ ਨਹੀਂ ਪ੍ਰਾਪਤ ਕਰ ਸਕੀਆਂ। ਆਪ ਕਵੀ-ਦਰਬਾਰਾਂ ਨੂੰ ਸੰਬੋਧਨ ਕਰਨ ਵਿਚ ਉਸਤਾਦ ਹਨ।

ਜਿਥੇ ਆਪ ਤੁਰੰਤ ਤੁਕਬੰਦੀ ਵਿਚ ਮਾਹਿਰ ਹਨ, ਉਥੇ ਸਚੇ ਦੇਸ਼-ਪਿਆਰ ਤੇ ਡੂੰਘੇ ਪਿਆਰ-ਅਨੁਭਵ ਨੂੰ ਪਰਗਟਾਉਣ ਵਿਚ ਵੀ ਆਪਨੂੰ ਕਮਾਲ ਹਾਸਲ ਹੈ ਆਪਦਾ ਸ਼ਿੰਗਾਰ ਰਸ ਅਸ਼ਲੀਲ ਹਦਾਂ ਉਕਾ ਨਹੀਂ ਛੁਹਦਾ ਤੇ ਥਾਂ ਥਾਂ ਉਤੇ ਵਰਤੀ ਗਈ ਭਾਰਤੀਅਤਾ ਤੇ ਸੂਫੀਅਤ ਰਚਨਾ ਨੂੰ ਨਿਮਰਤਾ ਨਾਲ ਅਨੁਪ੍ਰਾਣਿਤ ਕਰਦੀ ਹੈ। ਭਾਵੇਂ ਆਪ ਨੇ ਗੰਗੇ ਗੀਤ ਵਿਚ ਸੈਲਾਨੀ ਛੰਦ ਦੀ ਵਰਤੋਂ ਕੀਤੀ ਹੈ, ਫਿਰ ਵੀ ਆਪ ਅਜ ਕਲ ਇਸ ਛੰਦ ਦੇ ਵਿਰੋਧੀਆਂ ਵਿਚੋਂ ਹਨ।

**ਵਧਾਵਾ ਸਿੰਘ**

ਆਪ ਸ. ਮਹਿਤਾਬ ਸਿੰਘ ਧਾਂਦਰਾਂ ਦੇ ਸਪੁਤਰ ਅਤੇ ਨਾਮਧਾਰੀ ਪੰਥ ਦੇ ਸਹਿਤਕਾਰ ਹਨ।

'ਸਤਿਗੁਰ ਰਾਮ ਸਿੰਘ ਦਾ ਬੋਲਬਾਲ' ਆਪਦੀ ਪ੍ਰਸਿਧ ਪੁਸਤਕ ਹੈ।

**ਵਰਿਆਮ ਸਿੰਘ** (੧੯੦੬—ਜੀਵਤ)

ਜਨਮ ਪਿੰਡ ਧਾਂਦਰ ਜ਼ਿਲਾ ਲੁਧਿਆਣਾ ਵਿਚ ਸ: ਪੂਰਨ ਦੇ ਘਰ ਹੋਇਆ। ਚੱਕ ੬ (ਜ਼ਿਲਾ ਲਾਇਲਪੁਰ) ਦੇ ਖਾਲਸਾ ਹਾਈ ਸਕੂਲੋਂ ਦਸਵੀਂ ਕਰਨ ਪਿਛੋਂ ਆਪ ਨੇ ੧੯੨੭ ਵਿਚ ਖਾਲਸਾ ਕਾਲਜ ਅੰਮ੍ਰਿਤਸਰੋਂ ਬੀ. ਏ. (ਆਨਰਜ਼) ਅੰਗਰੇਜ਼ੀ ਕੀਤੀ। ਆਪ ਕਾਲਜ-ਰਸਾਲੇ ਦੇ ਸੰਪਾਦਕ ਸਨ। ਯਾਰ੍ਹਵੀਂ-ਬਾਰ੍ਹਵੀਂ ਦੀ ਪੜ੍ਹਾਈ ਸਮੇਂ ਹੀ 'ਭਾਰਤ ਦੇ ਹਿੰਦੂ ਸਮੇਂ ਦਾ ਇਤਿਹਾਸ' ਲਿਖਿਆ। ਫੋਰਮੈਨ ਕ੍ਰਿਸਚੀਅਨ ਕਾਲਜ ਲਾਹੌਰ ਤੋਂ ੧੯੨੯ ਵਿਚ ਇਤਿਹਾਸ ਦੀ ਐਮ. ਏ. ਕਰਨ ਪਿਛੋਂ ਐਲ. ਐਲ. ਬੀ. ਦਾ ਇਮਤਿਹਾਨ ਦਿਤਾ ਅਤੇ ਇਸ ਵਿਚ ਦੂਜੀ ਪ੍ਰਾਂਤਕ ਥਾਂ ਪ੍ਰਾਪਤ ਕੀਤੀ। ਫਿਰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਇਤਿਹਾਸ ਦੇ ਅਧਿਆਪਕ ਲਗ ਗਏ। ਪਿਛੋਂ ਆਪ ਇਤਿਹਾਸ ਵਿਭਾਗ ਦੇ ਮੁਖੀ

ਅਤੇ ਫਿਰ ੧੯੬੧ ਵਿਚ ਕਾਲਜ ਦੇ ਪ੍ਰਿੰਸੀਪਲ ਬਣ ਗਏ। ਆਪ ਨੂੰ ਪੰਜਾਬ ਦੀ ਵਿਦਿਆਕਾਤਕ ਰਾਜਨੀਤੀ ਵਿਚ ਉੱਚ ਥਾਂ ਪ੍ਰਾਪਤ ਹੈ। ਪਜਾਬ ਯੂਨੀਵਰਸਿਟੀ ਆਪਦੀ ਹੋਂਦ ਮਹਿਸੂਸ ਕਰਦੀ ਹੈ।

'ਦੁਨੀਆਂ ਦੀ ਕਹਾਣੀ', 'ਵਿਸ਼ਵ-ਸਭਿਅਤਾ ਦਾ ਇਤਿਹਾਸ', 'ਮਹਾਂ ਪੁਰਸ਼', 'ਹਿਦ ਦਾ ਇਤਿਹਾਸ' ਆਦਿਕ ਆਪਦੀਆਂ ਪੰਜਾਬੀ ਰਚਨਾਵਾਂ ਵਿਚੋਂ ਪਤਾ ਲਗਦਾ ਹੈ ਕਿ ਆਪਦੀ ਪਹੁੰਚ ਸਮਾਜ-ਸ਼ਾਸਤ੍ਰਿਕ (ਸੋਸ਼ਿਓਲੋਜੀਕਲ) ਅਤੇ ਵਿਚਾਰਧਾਰਾ ਪ੍ਰਗਤੀਵਾਦੀ ਹੈ।

ਰਾਜ-ਸ਼ਾਸਤਰ, ਸ਼ਹਿਰੀਅਤ ਅਤੇ ਇਤਿਹਾਸ ਸਬੰਧੀ ਆਪਦੀਆਂ ਪੁਸਤਕਾਂ ਉਰਦੂ, ਅੰਗਰੇਜ਼ੀ ਅਤੇ ਹਿੰਦੀ ਵਿਚ ਛਪ ਕੇ ਹਜ਼ਾਰਾਂ ਵਿਦਿਆਰਥੀਆ ਤਕ ਪਹੁੰਚ ਚੁਕੀਆਂ ਹਨ।

**ਵੀਰ ਸਿੰਘ ਸਵੱਦੀ**

ਜਨਮ ਪਿੰਡ ਸਵੱਦੀ ਜ਼ਿਲਾ ਲੁਧਿਆਣਾ ਵਿਚ ਸ: ਅਤਰ ਸਿੰਘ ਦੇ ਘਰ ਮਾਤਾ ਅਤਰ ਕੌਰ ਦੀ ਕੁਖੋਂ ਹੋਇਆ। ਅਕਾਲੀ ਲਹਿਰ ਦੇ ਸ਼ੁਰੂ ਵਿਚ ਆਪਦੀਆਂ ਇਨਕਲਾਬੀ ਕਵਿਤਾਵਾਂ ਨੇ ਮਾਲਵੇ ਨੂੰ ਬੜਾ ਹਲੂਣਿਆ।

**ਵੀਰ ਸਿੰਘ ਭਾਈ** (੫ ਦਸੰਬਰ ੧੮੭੨—੧੦ ਜੂਨ ੧੯੫੭)

ਜਨਮ ਅੰਮ੍ਰਿਤਸਰ ਵਿਚ ਹੋਇਆ। ਪਿਤਾ ਡਾ: ਚਰਨ ਸਿੰਘ ਅਤੇ ਨਾਨਾ ਗਿ: ਹਜ਼ਾਰਾ ਦੀ ਵਿਦਵਤਾ ਨੇ ਆਪਨੂੰ ਕਰਤਾਰੀ ਵਿਚਾਰਾਂ ਵਲ ਪਰੇਰਿਆ। ਦੀਵਾਨ ਕੌੜਾ ਮਲ (ਪ੍ਰਸਿਧ ਇਤਿਹਾਸਕ ਸ਼ਖਸੀਅਤ) ਆਪਦੇ ਵਡੇ ਵਡੇਰਿਆਂ ਵਿਚੋਂ ਸਨ। ੧੮੯੧ ਵਿਚ ਸਥਾਨਕ ਮਿਸ਼ਨ ਸਕੂਲੋਂ ਦਸਵੀਂ ਕਰਨ ਪਿਛੋਂ ਆਪਨੇ ਸੰਸਕ੍ਰਿਤ, ਬ੍ਰਿਜ ਭਾਸ਼ਾ, ਫਾਰਸੀ, ਅੰਗਰੇਜ਼ੀ ਆਦਿਕ ਬੋਲੀਆਂ ਦੇ ਕਲਾਸਕੀ ਗ੍ਰੰਥ ਪੜ੍ਹੇ।

ਧਾਰਮਕ ਪਖੋਂ ਆਪ ਬੜੇ ਸਰਗਰਮ ਤੇ ਸੁਘੜ ਸੁਧਾਰਕ ਸਨ ਪਰ ਰਾਜਸੀ ਪਖੋਂ ਆਪਦੀ ਵਿਚਾਰਧਾਰਾ ਚੀਫ ਖਾਲਸਾ ਦੀਵਾਨ ਦੇ ਨਿਕਟਵਰਤੀ ਹੋਣ ਦੇ ਨਾਤੇ, ਉਦਾਰ ਅਤੇ ਗ਼ੈਰ-ਜਜ਼ਬਾਤੀ ਸੀ।

੧੮੯੯ ਵਿਚ ਆਪਨੇ 'ਖਾਲਸਾ ਸਮਾਚਾਰ' ਨਾਂ ਦੀ ਹਫਤੇਵਾਰ ਅਖਬਾਰ ਕਢੀ ਜੋ ਕਿ ਹੁਣ ਤਕ ਚਲ ਰਹੀ ਹੈ। ਇਸ ਤੋਂ ਪਹਿਲਾਂ ੧੮੯੪ ਵਿਚ ਆਪ ਖਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰਖ ਚੁਕੇ ਸਨ। ਇਸ ਸੰਸਥਾ ਦੇ ਅਧੀਨ ਆਪ ਨੇ ਕਈ ਦਰਜਨ ਕਲਾਤਮਕ ਰਚਨਾਵਾਂ ਰਚ ਕੇ ਪ੍ਰਕਾਸ਼ਿਤ ਕਰਵਾਈਆਂ।

ਆਪਦੀ ਸਾਹਿਤ-ਸੇਵਾ ਨੂੰ ਮੁਖ ਰਖਦਿਆਂ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ 'ਡਾਕਟਰ ਆਫ ਓਰੀਐਂਟਲ ਲਰਨਿੰਗ' ਦੀ ਡਿਗਰੀ ਦਿਤੀ। ਪੰਜਾਬ ਵਿਧਾਨ ਪਰੀਸ਼ਦ ਵਿਚ ਵੀ ਆਪ ਸਰਕਾਰੀ ਨਾਮਜ਼ਦ ਮੈਂਬਰ ਰਹੇ। ਭਾਸ਼ਾ ਵਿਭਾਗ, ਬੰਬਈ ਦੀ ਸਿਖ ਵਿਦਿਅਕ ਕਾਨਫਰੰਸ, ਸਾਹਿਤ ਅਕਾਦਮੀ ਅਤੇ ਹੋਰ ਕਈ ਸੰਸਥਾਵਾਂ ਵਲੋਂ ਆਪ ਨੂੰ ਸਨਮਾਨਿਆ ਗਿਆ।

ਆਪ ਦੇ ਕਾਵਿ-ਸੰਗ੍ਰਹਿ 'ਮੇਰੇ ਸਾਈਆਂ ਜੀਓ' ਦੀ ਉੱਚਤਾ ਨੂੰ ਮੁਖ ਰਖਦਿਆਂ ਆਪਨੂੰ ਸਾਹਿਤ ਅਕਾਦਮੀ ਦਾ ਪੰਜ ਹਜ਼ਾਰੀ ਇਨਾਮ ਵੀ ਮਿਲਿਆ।

ਰਚਨਾ ਦਾ ਵਿਸਤਾਰ ਇਸ ਪ੍ਰਕਾਰ ਹੈ :

ਕਵਿਤਾ : (੧) ਰਾਣਾ ਸੂਰਤ ਸਿੰਘ (ਮਹਾਂ-ਕਾਵਿ), (੨) ਲਹਿਰਾਂ ਦੇ ਹਾਰ (੩) ਮਟਕ ਹੁਲਾਰੇ (੪) ਬਿਜਲੀਆਂ ਦੇ ਹਾਰ (੫) ਕੰਬਦੀ ਕਲਾਈ (੬) ਪ੍ਰੀਤ ਵੀਣਾ (੭) ਗੁਰਪੁਰਬ ਗੁਲਜ਼ਾਰ (੮) ਕੰਤ ਸਹੇਲੀ (੯) ਮੇਰੇ ਸਾਈਆਂ ਜੀਓ, ਆਦਿਕ।

ਨਾਟਕ : (੧੦) ਰਾਜਾ ਲਖਦਾਤਾ ਸਿੰਘ ।

ਨਾਵਲ : (੧੧) ਸੁੰਦਰੀ (੧੨) ਬਿਜੈ ਸਿੰਘ (੧੩) ਸਤਵੰਤ ਕੌਰ (੧੪) ਬਾਬਾ ਨੌਧ ਸਿੰਘ ਆਦਿਕ ।

ਵਾਰਤਕ : (੧੫) ਗੁਰੂ ਨਾਨਕ ਚਮਤਕਾਰ (੧੬) ਕਲਗੀਧਰ ਚਮਤਕਾਰ (੧੭) ਅਸ਼ਟ ਗੁਰੂ ਚਮਤਕਾਰ ਆਦਿਕ ।

ਸੰਪਾਦਤ : (੧੮) ਸੂਰਜ ਪਰਕਾਸ਼ (੧੯) ਸਿਖਾਂ ਦੀ ਭਗਤ ਮਾਲਾ (੨੦) ਪੁਰਾਤਨ ਜਨਮ ਸਾਖੀ ਆਦਿਕ ।

ਆਪ ਇਕ ਸਰਬ-ਪੱਖੀ ਸਾਹਿਤਕਾਰ ਅਤੇ ਵਿਦਵਾਨ ਸਨ ।

ਆਪ ਨੇ ਆਧੁਨਿਕ ਪੰਜਾਬੀ ਸਾਹਿਤ ਦੀ ਨੀਂਹ ਰਖਦਿਆਂ ਪੰਜਾਬ ਦੀ ਪੰਚਾਇਤੀ ਸਭਿਅਤਾ ਅਤੇ ਅਧਿਆਤਮਕ ਕਲਚਰ ਦਾ ਪੂਰਾ ਪੂਰਾ ਖਿਆਲ ਰਖਿਆ ।

ਕਵਿਤਾ ਨੂੰ ਆਪਨੇ ਰਵਾਇਤੀ ਕਿੱਸਾਕਾਰੀ ਤੋਂ ਅਨੁਭਵੀ ਸਰੋਦ ਵਲ ਲਿਆਂਦਾ ।

ਕੁਦਰਤ ਅਨੰਤਤਾ ਅਤੇ ਮਨੁਖੀ ਕਰਤਾਰਤਾ-ਪਰੇਰਨਾ ਦੇ ਇਹ ਸੋਮੇ ਆਪਨੂੰ ਅਨੰਦਮਈ ਰਹੱਸ ਵਲ ਲਿਜਾਂਦੇ ਹਨ । ਇਸ ਦ੍ਰਿਸ਼ਟੀ ਤੋਂ ਆਪਦਾ ਰਿਸ਼ਤਾ ਗੁਰੂ ਘਰ ਦੀ ਪਰੰਪਰਾ ਨਾਲ ਹੈ ਅਤੇ ਸਮਾਜਕ ਖੇਤਰ ਵਿਚ ਆਪਦਾ ਉਦਾਰ ਹੋਣਾ ਆਪਨੂੰ ਪੇਂਡੂ ਸ੍ਵੈਰਾਜਵਾਦ ਨਾਲ ਜੋੜਦਾ ਹੈ ।

ਆਪ ਸੁਧਾਰਵਾਦੀ ਅਤੇ ਅਹਿੰਸਾਵਾਦੀ ਹਨ । ਵੀਹਵੀਂ ਸਦੀ ਦੇ ਸ਼ੁਰੂ ਵਿਚ ਆਏ ਸਭਿਅਤਾਵਾਂ ਦੇ ਸੰਕਟ ਨੇ ਆਪ ਨੂੰ ਵਰਤਮਾਨ ਅਤੇ ਭਵਿਖ ਤੋਂ ਨਿਖੇੜ ਕੇ ਅਤੀਤ ਵਲ ਲਿਜਾਇਆ । ਬਾਬਾ ਨੌਧ ਸਿੰਘ ਵਿਚ ਆਪਨੇ ਅੰਗਰੇਜ਼ੀ ਕਲਚਰ ਦੇ ਖੰਡਨ ਕਰਨ ਲਗਿਆਂ ਕਿਰਤੀ ਸ਼੍ਰੇਣੀ ਦੀ ਜਾਗ੍ਰਤ ਤਾਕਤ ਨੂੰ ਪੂਰੀ ਤਰ੍ਹਾਂ ਉਜਾਗਰ ਕੀਤਾ ਹੈ ।

ਆਪਦੀ ਸਾਰੀ ਰਚਨਾ ਉਤੇ ਇਕ ਕਰਮਸ਼ੀਲ ਆਦਰਸ਼ਵਾਦ ਦੀ ਛਾਇਆ ਹੈ ।

ਸੁੰਦਰ-ਸੁੰਦਰਜ ਦੀ ਬਰੀਕੀ ਆਪਨੂੰ ਮਹਾਂ-ਕਵੀ ਬਣਾਉਂਦੀ ਅਤੇ ਵਰਡਜ਼ਵਰਥ ਵਾਂਗ ਆਪ ਵੀ ਕੁਦਰਤ ਨੂੰ ਹੀ ਸੁਖ ਦਾ ਸੋਮਾ ਸਮਝਦੇ ਹਨ । ਪਰ ਆਪਦਾ ਵਧੇਰੇ ਜ਼ੋਰ ਕੁਦਰਤ ਦੇ ਕਾਦਰ ਉਤੇ ਹੈ ।

ਆਪਦੀ ਗਲਪ ਅਤੇ ਨਾਟ ਰਚਨਾ ਵਿਚ ਨਿਗਰ ਪਾਤਰ ਉਸਾਰੀ ਅਤੇ ਪਲਾਟ ਦਾ ਅਭਾਵ ਹੈ ।

ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਆਪਦੀ ਪਰੇਰਨਾ ਦਾ ਵਡਾ ਸੋਮਾ ਹੈ ਪਰ ਪਹਿਲੇ ਗੁਰੂ ਦਾ ਬਾਗੀ ਇਨਕਲਾਬੀ ਮਨ ਆਪਦੀ ਪਕੜ ਤੋਂ ਬਾਹਰ ਹੈ ।

ਸਮੁਚੇ ਰੂਪ ਵਿਚ ਆਪਦਾ ਸਥਾਨ ਉਚਤਮ ਪੰਜਾਬੀ ਸਾਹਿਤਕਾਰਾਂ ਵਿਚ ਹੈ ।

**ਵਾਰਸ, ਭੋਲਾ ਨਾਥ ਕਰਨਲ**

ਵੇਖੋ

ਭੋਲਾ ਨਾਥ ਵਾਰਸ

**ਵਾਰਸ ਸ਼ਾਹ, ਸਯਦ** (੧੭੩੫—੧੭੯੫)

ਜਨਮ ੧੧੫੫ ਹਿਜਰੀ (੧੭੩੫ ਈਸਵੀ) ਵਿਚ ਜ਼ਿਲਾ ਸ਼ੇਖੂਪੁਰਾ ਦੇ ਪਿੰਡ ਜੰਡਿਆਲਾ ਸ਼ੇਰ ਖਾਂ ਵਿਚ ਸਯਦ ਗੁਲਸ਼ੇਰ ਸ਼ਾਹ ਦੇ ਘਰ ਹੋਇਆ । ਪਿਤਾ ਦੀ ਮੌਤ, ਵਾਰਸ ਦੇ ਬਚਪਨ ਵਿਚ ਹੋਈ । ਭਰਾ-ਭਰਜਾਈਆਂ ਨੇ ਤੰਗ ਕੀਤਾ । ਕਸੂਰ ਆ ਕੇ ਗੁਲਾਮ ਮੁਰਤਜ਼ਾ ਸ਼ਾਹ 'ਮਖਦੂਮ' ਦੇ ਮੁਰੀਦ ਹੋਏ । ਉਥੋਂ ਪਾਕਪਟਨ ਚਲੇ ਗਏ । ਫਿਰ ਪਿੰਡ 'ਠੱਟਾ ਜ਼ਾਹਿਦ' ਪਿੰਡ ਵਿਚ ਨਾਕਾਮ ਇਸ਼ਕ ਕੀਤਾ (?) ਜਿਥੋਂ

ਹੀਰ ਲਿਖਣ ਦੀ ਪਰੇਰਨਾ ਮਿਲੀ। ਜੀਵਨ ਘਟਨਾਵਾਂ ਰਾਂਝੇ ਨਾਲ ਮਿਲਦੀਆਂ ਹਨ। ਸੰਤ ਸਿੰਘ ਸੇਖੋਂ ਨੇ ਆਪਦੀ ਜ਼ਿੰਦਗੀ ਉਤੇ ਨਾਟਕ 'ਵਾਰਸ' ਇਸੇ ਆਧਾਰ ਤੇ ਲਿਖਿਆ ਹੈ। ਮੌਤ ੧੭੬੫ ਈਸਵੀ ਵਿਚ ਹੋਈ।

ਆਪ ਦੀ ਪ੍ਰਸਿੱਧ ਰਚਨਾ 'ਹੀਰ' ਹੈ ਪਰ 'ਚੂੜੀ ਨਾਮਾ', 'ਕਸੀਦਾ ਬਰਦਾ', 'ਮਿਹਰਾਜ ਨਾਮਾ', 'ਨਸੀਹਤ ਨਾਮਾ', 'ਸਸੀ ਪੁੰਨੂੰ' ਆਦਿਕ ਰਚਨਾਵਾਂ ਵੀ ਆਪਦੇ ਨਾਂ ਨਾਲ ਸਬੰਧਤ ਕੀਤੀਆਂ ਜਾਂਦੀਆਂ ਹਨ। ਆਪਦੇ ਕਿੱਸੇ ਨੂੰ ਪੰਜਾਬੀ ਸਭਿਆਚਾਰ ਦਾ ਅਨਿਖੜਵਾਂ ਅੰਗ ਮੰਨਿਆ ਜਾਂਦਾ ਹੈ। ਤੇ ਇਸ ਨੂੰ ਹੁਣ ਕੌਮਾਂਤਰੀ ਪ੍ਰਸਿਧਤਾ ਪ੍ਰਾਪਤ ਹੋ ਰਹੀ ਹੈ। ਬੋਲੀ ਆਮ ਕਰ ਕੇ ਠੇਠ ਪੰਜਾਬੀ ਹੈ ਪਰ ਇਸਲਾਮ ਦੀ ਫ਼ਿਆਖਿਆ ਵਾਲੇ ਭਾਗਾਂ ਵਿਚ ਇਕ ਦਮ ਅਰਬੀ, ਫਾਰਸੀ ਪ੍ਰਧਾਨ ਹੋ ਜਾਂਦੀਆਂ ਹਨ। ਕਈ ਸਤਰਾਂ ਮੁਹਾਵਰੇ ਬਣ ਗਈਆਂ ਹਨ। ਸ਼ਿੰਗਾਰ ਰਸ, ਕਰੁਣਾ, ਹਾਸ, ਅਦਭੁਤ ਤੇ ਸ਼ਾਂਤ ਰਸ ਵਾਤਾਵਰਣ ਅਨੁਸਾਰ ਆਉਂਦੇ ਹਨ। ਦ੍ਰਿਸ਼ਾਂ ਤੇ ਨਾਟਕੀ ਮੌਕਿਆਂ ਦੀ ਉਸਾਰੀ ਕਮਾਲ ਦੀ ਹੈ। ਥਾਂ ਥਾਂ ਦਵੰਦ ਮਿਲਦੇ ਹਨ। ਸਾਮਿਅਕ ਸਮਾਜ ਦੀ ਆਰਥਕ, ਸਭਿਆਚਾਰਕ,ਭਾਈਚਾਰਕ, ਧਾਰਮਕ ਤੇ ਰਾਜਸੀ ਜ਼ਿੰਦਗੀ ਸਬੰਧੀ ਕਾਫੀ ਵਾਕਫੀਅਤ ਮਿਲਦੀ ਹੈ। ਜੱਟ ਤੇ ਇਸਤ੍ਰੀ ਦੋਵੇਂ ਆਪ ਦੀ ਹਮਦਰਦੀ ਦੇ ਪਾਤਰ ਨਹੀਂ।

**ਢਿਰਕ, ਹਰਬੰਸ ਸਿੰਘ** (੨੨ ਨਵੰਬਰ ੧੯੩੬— ਜੀਵਤ)

ਜਨਮ ਸੂਬਾ ਸਿੰਧ (ਪਛਮੀ ਪਾਕਿਸਤਾਨ) ਵਿਚ ਸ: ਉਜਾਗਰ ਸਿੰਘ ਦੇ ਘਰ ਹੋਇਆ। ਅਜ ਕਲ ਆਪ ਪਿੰਡ ਜੱਗ ਜ਼ਿਲਾ ਕਪੂਰਥਲਾ ਵਿਖੇ ਰਹਿੰਦੇ ਹਨ। ਬੀ. ਏ. ਕਰਨ ਪਿਛੋਂ ਆਪ ਸਾਹਿਤ ਦਾ ਸ਼ੌਕ ਅਤੇ ਕਿਰਸਾਨੀ ਦਾ ਕਿੱਤਾ ਨਿਭਾ ਰਹੇ ਹਨ। ਆਲ ਇੰਡੀਆ ਲਿਟਰੇਰੀ ਕੌਂਸਲ ਵਲੋਂ ੧੯੫੯ ਵਿਚ ਆਪਨੂੰ ਮੈਰਿਟ-ਸਰਟੀਫ਼ਿਕੇਟ ਵੀ ਮਿਲਿਆ ਤੇ ਆਪਦੀਆਂ ਕਹਾਣੀਆਂ ਹੋਰ ਮੁਕਾਬਲਿਆਂ ਵਿਚ ਵੀ ਸਫਲ ਰਹੀਆਂ। ਰੇਡੀਓ ਤੋਂ ਵੀ ਆਪਦੀਆਂ ਰਚਨਾਵਾਂ ਆਉਂਦੀਆਂ ਰਹਿੰਦੀਆਂ ਹਨ। 'ਸਿੰਧੀ' ਨਾਲ ਡੂੰਘਾ ਨਿਹੁੰ ਹੈ।

ਸਿੰਧੀ ਪੁਸਤਕ 'ਕੰਵਰ' ਦਾ ਅਨੁਵਾਦ ਵੀ ਆਪਦੀ ਰਚਨਾ ਵਿਚ ਸ਼ਾਮਲ ਹੈ।

ਸਾਧਾਰਨ ਜ਼ਿੰਦਗੀ ਆਪਦੀ ਨੀਝ ਦਾ ਕੇਂਦਰ ਹੈ।

**ਢਿਰਕ, ਕੁਲਵੰਤ ਸਿੰਘ** (੧੯੨੧—ਜੀਵਤ)

ਜਨਮ ਫੁੱਲਰਵਨ ਜ਼ਿਲਾ ਸ਼ੇਖੂਪੁਰਾ ਵਿਚ ਸ: ਆਸਾ ਸਿੰਘ ਦੇ ਘਰ ਹੋਇਆ। ਐਫ. ਸੀ. ਕਾਲਜ ਲਾਹੌਰੋਂ ਬੀ. ਏ. ਤੇ ਖਾਲਸਾ ਕਾਲਜ ਅੰਮ੍ਰਿਤਸਰੋਂ ਅੰਗਰੇਜ਼ੀ ਦੀ ਐਮ. ਏ. ਕਰਨ ਪਿਛੋਂ ੧੯੪੨ ਵਿਚ ਆਪ ਫੌਜੀ ਲੈਫਟੀਨੈਂਟ ਬਣ ਗਏ ਪਰ ਦੂਜੀ ਜੰਗ ਤੋਂ ਪਹਿਲਾਂ ਹੀ ਫ਼ੌਜ ਛਡ ਕੇ ਵਕਾਲਤ ਸਿਖਣ ਲਗ ਪਏ। ਵੰਡ ਸਮੇਂ ਆਪ ਲਿਏਜ਼ਾਂ ਅਫਸਰ ਰਹੇ। ਪੰਜਾਬ ਸਰਕਾਰ ਦੇ ਲੋਕ-ਸੰਪਰਕ ਵਿਭਾਗ ਵਿਚ ਆਪ ਕੁਝ ਚਿਰ 'ਐਡਵਾਂਸ' (ਅੰਗਰੇਜ਼ੀ) ਤੇ 'ਜਾਗ੍ਰਤੀ (ਪੰਜਾਬੀ) ਦੇ ਵੀ ਸੰਪਾਦਕ ਰਹੇ। ਅਜ ਕਲ ਆਪ ਦਿਲੀ ਵਿਚ ਕੇਂਦਰੀ ਸਰਕਾਰ ਦੇ ਅਧੀਨ ਮੀਤ ਸੂਚਨਾ ਅਫਸਰ ਹਨ।

ਆਪ ਕੇਵਲ ਕਹਾਣੀਆਂ ਹੀ ਲਿਖਦੇ ਹਨ। ਪੇਂਡੂ ਜ਼ਿੰਦਗੀ ਦੀਆਂ ਤਲਖ ਸੱਚਾਈਆਂ ਨੂੰ ਆਪ ਬੜੀ ਦਲੇਰੀ ਤੇ ਸਿਆਣਪ ਨਾਲ ਪੇਸ਼ ਕਰਦੇ ਹਨ। ਬੌਧਿਕਤਾ ਆਪਦੀ ਸ਼ਖਸੀਅਤ ਵਿਚ ਵਿਆਪਕ ਹੈ।

'ਛਾਹ ਵੇਲਾ', 'ਧਰਤੀ ਤੇ ਅਕਾਸ਼', 'ਤੂੜੀ ਦੀ ਪੰਡ' 'ਏਕਸ ਕੇ ਹਮ ਬਾਰਕ', 'ਦੁੱਧ ਦਾ ਛੱਪੜ' ਆਦਿਕ ਆਪਦੇ ਕਹਾਣੀ ਸੰਗ੍ਰਹਿ ਹਨ।

ਆਪਦਾ ਸਥਾਨ ਉੱਚਤਮ ਪੰਜਾਬੀ ਕਹਾਣੀਕਾਰਾਂ ਵਿਚ ਹੈ।

**ਵਿਰਦੀ, ਜਸਵੰਤ ਸਿੰਘ** (੭ ਮਈ ੧੯੩੪—ਜੀਵਤ)

ਜਨਮ ਜੋਹਲ ਬੋਲੀਨਾ (ਜਾਲੰਧਰ) ਵਿਚ ਸ: ਮੀਹਾਂ ਸਿੰਘ ਮਿਸਤਰੀ ਦੇ ਘਰ ਹੋਇਆ । ਆਰਥਕ ਔਕੜਾਂ ਵਿਚਾਲੇ ਆਪਨੇ ਵਾਇਆ ਬਠਿੰਡਾ ਬੀ. ਏ. ਕੀਤੀ ਤੇ ਸਰਕਾਰੀ ਟਰੇਨਿੰਗ ਕਾਲਜ ਜਲੰਧਰ ਤੋਂ ਬੀ. ਟੀ. ਕੀਤੀ । ਪ੍ਰਭਾਕਰ ਵੀ ਆਪਦੀ ਵਿਦਿਅਕ ਯੋਗਤਾ ਦਾ ਹਿੱਸਾ ਹੈ। ਕੁਝ ਚਿਰ ਆਪ ਦੁਆਬਾ ਖਾਲਸਾ ਹਾਇਰ ਸੈਕੰਡਰੀ ਸਕੂਲ ਜਾਲੰਧਰ ਵਿਚ ਵੀ ਅਧਿਆਪਕ ਰਹੇ । ਅਜ ਕਲ ਸ੍ਰੀ ਗੁਰੁ ਤੇਗ ਬਹਾਦਰ ਖਾਲਸਾ ਹਾਇਰ ਸੈਕੰਡਰੀ ਸਕੂਲ ਨਵੀਂ ਦਿੱਲੀ ਵਿਚ ਹਿੰਦੀ ਦੇ ਅਧਿਆਪਕ ਹਨ ।

ਕਹਾਣੀ ਸੰਗ੍ਰਹਿ 'ਪੀੜ ਪਰਾਈ' (੧੯੬੦) ਪ੍ਰਕਾਸ਼ਿਤ ਹੋਇਆ । ਆਪਦੀਆਂ ਕਹਾਣੀਆਂ ਪੰਜਾਬੀ, ਤਾਮਿਲ, ਹਿੰਦੀ ਤੇ ਮਲਿਆਲਮ ਦੇ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ ।

ਮੱਧ-ਸ਼੍ਰੇਣੀ ਦੇ ਪਾਤਰ ਆਪਦੇ ਅਧਿਕਾਰ ਵਿਚ ਹਨ । ਆਪ ਉਤੇ ਰਾਜਿੰਦਰ ਸਿੰਘ ਬੇਦੀ ਤੇ ਅਨਤੋਨ ਚੈਖਵ ਦਾ ਪ੍ਰਭਾਵ ਹੈ । ਆਪਦੀ ਮੌਲਿਕਤਾ ਜ਼ਿੰਦਗੀ ਦੇ ਉਸਾਰੂ ਪੱਖਾਂ ਨੂੰ ਉਜਾਗਰ ਕਰਨ ਵਿਚ ਤੇਜ਼ ਹੈ ।

**ਵਰਮਨ, ਸ਼ਿਵ ਬ੍ਰਤ ਲਾਲ** (-੧੯੦੮-)

ਆਪਦੀ ਵਾਰਤਾ-ਪੁਸਤਕ ਪੰਜਾਬੀ ਸੂਰਮਾ ਬਹਾਦਰ ਸਿੰਘ ਭਾਰਤ ਲਿਟਰੇਚਰ ਕੰਪਨੀ ਲਾਹੌਰ ਨੇ ੧੯੦੮ ਵਿਚ ਪ੍ਰਕਾਸ਼ਿਤ ਕੀਤੀ ।

**ਵਲੀ ਅਲਾ, ਸਜਣ** (੧੮੧੯—੧੮੯੭)

ਆਪਦੇ ਪਿਤਾ ਹਾਫਿਜ਼ ਅਲਾ ਬਖਸ਼ (ਪਿਆਰੇ ਸਾਹਿਬ) ਲਾਹੌਰ ਦੀ ਜ਼ੇਬਾਂ ਗਲੀ ਵਿਚ ਰਿਹਾ ਕਰਦੇ ਸਨ । ਸਜਣ ਜੀ ਨੇ ਮੁਢਲੀ ਵਿਦਿਆ ਆਪਣੇ ਪਿਤਾ ਜੀ ਤੋਂ ਹੀ ਪ੍ਰਾਪਤ ਕੀਤੀ । ਆਪਨੇ ਜਲਦੀ ਹੀ ਅਰਬੀ ਫਾਰਸੀ ਦੀ ਵਿਦਵਤਾ ਕਮਾ ਲਈ ਤੇ ਕੁਰਾਨ ਮਜੀਦ ਦੇ ਹਾਫਿਜ਼ ਬਣ ਗਏ । ਪਿਤਾ ਦੀ ਮੌਤ ਪਿਛੋਂ ਆਪ ਉਹਨਾਂ ਦੀ ਗੱਦੀ ਉਤੇ ਬੈਠ ਗਏ ਅਤੇ ਕਾਵਿ-ਸੰਸਥਾ ਨੂੰ ਭਲੀ ਪ੍ਰਕਾਰ ਚਲਾਉਂਦੇ ਰਹੇ । ਆਪ ਫਾਰਸੀ ਵਿਚ ਵੀ ਕਵਿਤਾ ਲਿਖਿਆ ਕਰਦੇ ਸਨ । ਪੰਜਾਬੀ ਸਾਹਿੱਤ ਨਾਲ ਫਾਰਸੀ ਦਾ ਟਾਕਰਾ ਕਰਨ ਵਿਚ ਵੀ ਆਪ ਕਾਫੀ ਮਾਹਿਰ ਸਨ । ਮੀਆਂ ਹਦਾਇਤ-ਉੱਲਾ ਜਿਨ੍ਹਾਂ ਹੀਰ ਵਾਰਸ ਵਿਚ ਸਪਸ਼ਟ ਤੌਰ ਉਤੇ ਆਪਣੇ ਸੈਂਕੜੇ ਬੈਂਤ ਰਲਾਏ ਹਨ, ਆਪਦੇ ਹੀ ਸ਼ਾਗਿਰਦ ਸਨ ।

ਸਜਣ ਜੀ ਦੀ ਕਾਵਿ-ਸ਼ੈਲੀ ਦਾ ਮੁਖ-ਲਛਣ ਪੰਜਾਬੀਅਤ ਹੈ । ਵਿਸ਼ੇ ਵਧੇਰੇ ਕਰਕੇ ਇਸ਼ਕ ਹੀ ਹੈ। ਅਤੇ ਅਧਿਆਤਮਕਤਾ ਦੀਆਂ ਛੁਹਾਂ ਬਹੁਤ ਘੱਟ ਹਨ । ਕਵਿਤਾ ਦਾ ਨਮੂਨਾ ਇਸ ਪਰਕਾਰ ਹੈ :

ਦਾਲ-ਦੇਖ ਕੇ ਨਬਜ਼ ਕੀ ਦਸਿਆ ਈ,
ਕਿਧਰ ਅਕਲ ਦੁੜਾਈ ਊ ਸਿਆਣਿਆ ਵੇ ।
ਦੁਖ ਹੋਰ ਤੇ ਦਾਰੂੜਾ ਹੋਰ ਦਸੇਂ,
ਨਬਜ਼ ਬੁਝ ਨਾ ਜਾਣੇ ਇਆਣਿਆਂ ਵੇ ।
ਅੱਠੇ ਪਹਿਰ ਫਿਰਾਕ ਹਮੇਸ਼ ਤੇਰਾ,
ਤਨ ਇਸ਼ਕ ਨੇ ਕੀਤਾ ਰਜਾਣਿਆ ਵੇ ।
ਵਸਲ ਸਜਣ ਦਾ ਹੈ ਦਵਾ ਤੇਰੀ,
ਕਰਕੇ ਖੂਬ ਇਹ ਸਹੀ ਪਛਾਣਿਆ ਵੇ ।

**ਵਲੀ ਰਾਮ**

ਆਪਦੀ ਪੁਸਤਕ 'ਰੇਖਤੇ ਵਲੀ ਰਾਮ' ਰਾਮਚੰਦ ਮਾਨਕ ਟਾਹਲਾ ਲਾਹੌਰ ਨੇ ਪ੍ਰਕਾਸ਼ਿਤ ਕੀਤੀ ਸੀ ।

**ਵਿਸ਼ਵਾ ਨਾਥ ਤੀਵਾੜੀ**

ਵੇਖੋ
ਤਿਵਾੜੀ, ਵਿਸ਼ਵਾ ਨਾਥ

**ਵਸ਼ਿਸ਼ਟ, ਗੁਰਬਚਨ ਸਿੰਘ** (੧੯੨੪—ਜੀਵਤ)

ਜਨਮ ਜਮਸ਼ੇਦਪੁਰ ਵਿਚ ਸ: ਈਸ਼ਰ ਸਿੰਘ ਵਸ਼ਿਸ਼ਟ ਦੇ ਘਰ ਹੋਇਆ। ਹਿੰਦੀ, ਉਰਦੂ ਵਿਚ ਲਿਖਣਾ ਆਪਨੇ ਨਿਕੀ ਉਮਰ ਵਿਚ ਹੀ ਸ਼ੁਰੂ ਕਰ ਦਿਤਾ। ੧੯੪੮ ਵਿਚ ਪੰਜਾਬੀ ਵਲ ਆਏ। ਆਪਦਾ ਜੱਦੀ ਪਿੰਡ ਢਡਿਆਲਾ ਨੱਤਾਂ ਤਹਿਸੀਲ ਬਟਾਲਾ ਹੈ।

ਰਸਾਲਿਆਂ ਵਿਚ ਆਪਦੀਆਂ ਰਚਨਾਵਾਂ ਛਪੀਆਂ ਮਿਲਦੀਆਂ ਹਨ।

**ਵਿਸ਼ੇਸ਼ਰ ਨਾਥ** (-੧੯੪੩-੪੪)

ਵੰਡ-ਪੂਰਵ ਨਾਵਲਕਾਰਾਂ ਵਿਚ ਆਪਦਾ ਸਥਾਨ ਬੜਾ ਵਿਸ਼ੇਸ਼ ਹੈ। ਮਾਡਰਨ ਪਬਲੀਕੇਸ਼ਨਜ਼ ਲਾਹੌਰ ਨਾਲ ਆਪਦਾ ਖਾਸ ਸਬੰਧ ਸੀ, ਇਸੇ ਪ੍ਰਕਾਸ਼ਕ ਨੇ ਆਪਦੇ ਤਿੰਨ ਨਾਵਲ—'ਔਰਤ ਦੀ ਦੁਨੀਆਂ' 'ਮਰਦ ਦੀ ਦੁਨੀਆਂ', 'ਮੁੰਡੂ' ਪ੍ਰਕਾਸ਼ਿਤ ਕੀਤੇ।

## ਸ਼

**ਸ਼ਾਹ ਹੁਸੈਨ** (੧੫੩੯—੧੫੯੯)

ਜਨਮ ਲਾਹੌਰ (ਟਕਸਾਲੀ ਦਰਵਾਜ਼ਾ) ਵਿਚ ਢੁਡੀ ਰਾਜਪੂਤ ਸ਼ੇਖ ਉਸਮਾਨ ਦੇ ਘਰ ਹੋਇਆ । ਆਪਦੇ ਦਾਦਾ ਕੁਲਜੱਸ ਰਾਏ ਜੀ, ਫਿਰੋਜ਼ ਸ਼ਾਹ ਸਮੇਂ ਮੁਸਲਮਾਨ ਬਣੇ ਸਨ । ਹੁਸੈਨ ਜੀ ਨੇ ਟਕਸਾਲੀ ਦਰਵਾਜ਼ੇ ਵਾਲੀ ਵਡੀ ਮਸੀਤ ਦੇ ਮੌਲਵੀ ਅਬੂ ਬੱਕਰ ਤੋਂ ਕੁਰਾਨ ਮਜੀਦ ਦੀ ਮੁਢਲੀ ਵਿਦਿਆ ਪ੍ਰਾਪਤ ਕੀਤੀ । ਦਸਾਂ ਵਰ੍ਹਿਆਂ ਦੀ ਉਮਰ ਵਿਚ ਆਪਨੇ ਅੱਠ ਦਸ ਪਾਰੇ ਵੀ ਕੰਠ ਕਰ ਲਏ । ਇਕ ਵਾਰੀ ਆਪਦੇ ਅਧਿਆਪਕ ਕੋਲ ਚਨਿਓਟ (ਝੰਗ) ਦੇ ਪ੍ਰਸਿਧ ਸੂਫੀ ਦਰਵੇਸ਼ ਸ਼ੇਖ ਬਹਿਲੋਲ ਦਰਿਆਈ ਆਏ । ਉਹਨਾਂ ਆਪਨੂੰ ਲਾਹੌਰੋਂ ਦਰੇਡੇ (ਉਹਨੀਂ ਦਿਨੀਂ ਸ਼ਾਹਦਰੇ ਕੋਲ) ਵਗਦੇ ਦਰਿਆ ਰਾਵੀਉਂ ਪਾਣੀ ਲਿਆਉਣ ਲਈ ਕਿਹਾ । ਆਪ ਲੈ ਆਏ । ਆਪਦੀ ਮਾਸੂਮ ਲਿਆਕਤ ਤੋਂ ਪ੍ਰਭਾਵਿਤ ਹੋ ਕੇ ਦਰਿਆਈ ਜੀ ਨੇ ਆਪਨੂੰ ਅਧਿਆਤਮਵਾਦ ਵਿਚ ਸਫਲ ਹੋਣ ਦੀ ਵਿਦਿਆ ਦਸੀ । ਇਸ ਗਲ ਦਾ ਆਪ ਉਤੇ ਇਤਨਾ ਪ੍ਰਭਾਵ ਪਿਆ ਕਿ ਬੜੀ ਜਲਦੀ ਸਾਰਾ ਕੁਰਾਨ ਮਜੀਦ ਜ਼ਬਾਨੀ ਯਾਦ ਕਰ ਲਿਆ । ਫਿਰ ਆਪ ਦਰਿਆਈ ਜੀ ਦੀ ਪ੍ਰੇਰਨਾ ਮਿਲਣ ਉਤੇ ਹਜ਼ਰਤ ਦਾਤਾ ਗੰਜ ਬਖਸ਼ ਦੇ ਮਜ਼ਾਰ ਤੇ ਜਾ ਕੇ ਰਿਆਜ਼ਤ-ਅਬਾਦਤ ਵਿਚ੍ ਮਗਨ ਹੋ ਗਏ ।

ਤਕਰੀਬਨ ੧੫੭੫ ਵਿਚ ਜਦ ਕਿ ਆਪ ਛੱਤੀ ਸਾਲ ਦੇ ਸਨ ਪ੍ਰਸਿੱਧ ਬਜ਼ੁਰਗ ਵਿਦਵਾਨ ਸ਼ੇਖ ਸਯਦ ਅੱਲਾ ਆਪਨੂੰ ਮਿਲੇ । ਉਹਨਾਂ ਕੁਰਾਨ ਦੀ ਇਕ ਆਇਤ ਦੀ ਅਜਿਹੀ ਵਿਆਖਿਆ ਕੀਤੀ ਕਿ ਆਪਨੇ ਰੂਪਵਾਦੀ ਤਪੱਸਿਆ ਛਡ ਦਿਤੀ ਤੇ ਆਪਣਾ ਆਪ ਮਸਤੀ ਦੇ ਹਵਾਲੇ ਕਰ ਦਿਤਾ । ਇਕ ਦਿਨ ਆਪਦੇ ਮੁਰਸ਼ਦ ਸ਼ੇਖ ਬਹਿਲੋਲ ਨੂੰ ਆਪਦੀ ਇਸ ਹਰਕਤ ਦਾ ਪਤਾ ਲਗਾ ਤਾਂ ਉਹਨਾਂ ਲਾਹੌਰ ਆ ਕੇ ਆਪਨੂੰ ਕੁਰਾਨ ਮਦੀਦ ਜ਼ਬਾਨੀ ਸੁਣਾਉਣ ਦਾ ਹੁਕਮ ਦਿਤਾ ਪਰ ਆਪਨੇ ਸੁਣਾਉਣ ਦੇ ਦੌਰਾਨ ਹੀ ਇਕ ਆਇਤ ਤੇ ਆ ਕੇ ਹਸਣਾ ਸ਼ੁਰੂ ਕਰ ਦਿਤਾ । ਇਕ ਪਰਕਾਰ ਨਾਲ ਆਪਨੇ ਸਿਧਾਂਤਵਾਦੀਆਂ ਵਿਰੁਧ ਬਗਾਵਤ ਦਾ ਪ੍ਰਗਟਾਵਾ ਕੀਤਾ । ਕਈਆਂ ਦਾ ਵਿਚਾਰ ਹੈ ਕਿ ਆਪ ਨੱਚਣ ਗਾਉਣ ਦੇ ਇਲਾਵਾ ਸ਼ਰਾਬ ਵੀ ਪੀਣ ਲਗ ਪਏ । ਫਿਰ ਸ਼ਾਹਦਰੇ ਦੇ ਮਾਧੋ ਲਾਲ ਨਾਂ ਦੇ ਮੁੰਡੇ ਨਾਲ ਆਪਨੂੰ ਪਿਆਰ ਹੋ ਗਿਆ ਤੇ ਦੋਵੇਂ ਜਣੇ ਬਾਅਦ ਵਿਚ ਅਧਿਆਤਮਵਾਦ ਵਲ ਲਗ ਪਏ ।

ਬਹੁਤ ਸਾਰੀਆਂ ਕਰਾਮਾਤਾਂ ਸ਼ਾਹ ਹੁਸੈਨ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਹਨ ਜਿਨ੍ਹਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਪ ਲੋਕ-ਚਰਚਾ ਦਾ ਆਮ ਮਜ਼ਮੂਨ ਬਣ ਚੁਕੇ ਸਨ ।

ਹੁਸੈਨ ਜੀ ਦੀਆਂ ੧੬੩ ਕਾਫੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਘਰ ਦੀ ਕਾਵਿ-ਸ਼ੈਲੀ ਦਾ ਗੂੜ੍ਹਾ ਪ੍ਰਭਾਵ ਹੈ । ਬੋਲੀ ਸ਼ੁਧ ਤੇ ਸੁਹਜਮਈ ਪੰਜਾਬੀ ਹੈ ।

ਪਰਧਾਨ ਵਿਸ਼ਾ ਇਸ਼ਕ ਹਕੀਕੀ ਜਿਸਨੂੰ ਲਿੰਗਾਤਮਕ ਪਿਆਰ ਦੇ ਮਾਧਿਅਮ ਰਾਹੀਂ ਪ੍ਰਗਟ ਕੀਤਾ ਗਿਆ ਹੈ। ਰਾਗ ਆਪਦੀ ਕਾਵਿ ਸ਼ੈਲੀ ਦਾ ਵਿਸ਼ੇਸ਼ ਪੱਖ ਹੈ ਜੋ ਕਿ ਅਕਬਰ-ਕਾਲ ਵਿਚ ਆਮ ਸੀ। ਗੁਰੂ ਘਰ ਕਾਵਿ-ਸ਼ੈਲੀ ਦਾ ਆਪ ਉਪਰ ਤੀਬਰ ਪ੍ਰਭਾਵ ਹੈ।

ਵੀਹਵੀਂ ਸਦੀ ਵਿਚ ਸ਼ਾਹ ਹੁਸੈਨ ਦੀ ਕਦਰ ਵਧਦੀ ਜਾ ਰਹੀ ਹੈ ਕਿਉਂਕਿ ਆਪਦੀ ਕਵਿਤਾ ਵਿਚ ਆਧੁਨਿਕਤਾ ਦੀ ਪਰਧਾਨਤਾ ਹੈ।

ਪਿਆਰੇ ਲਾਲ ਕਿਆ ਭਰਵਾਸਾ ਦਮ ਦਾ,
ਕੂੜੀ ਦੁਨੀਆਂ ਕੂੜ ਪਸਾਰਾ,
ਜਿਉਂ ਮੋਤੀ ਸ਼ਬਨਮ ਦਾ ।

———

ਛੋੜ ਤਕੱਬਰ ਪਕੜ ਹਲੀਮੀ,
ਕੋ ਕਹੀਂ ਦਾ ਨਾਹੀਂ।
ਕਹੇ ਹੁਸੈਨ ਫਕੀਰ ਨਿਮਾਣਾ,
ਹਰ ਦਮ ਸਾਈਂ ਸਾਈਂ ।

ਆਪਦੀਆਂ ਕਾਫੀਆਂ ਪੰਜਾਬੀ ਸਾਹਿਤ ਵਿਚ ਉਚੇਰਾ ਤੇ ਨਿਵੇਕਲਾ ਸਥਾਨ ਰਖਦੀਆਂ ਹਨ।

**ਸ਼ਹੀਦ ਚਰਨ ਸਿੰਘ**

ਵੇਖੋ
ਚਰਨ ਸਿੰਘ ਸ਼ਹੀਦ

**ਸ਼ਾਹ ਦੀਨ** (੧੮੭੦—?)

ਆਪਦਾ ਜਨਮ ਰੰਗਪੁਰਾ ਸਿਆਲਕੋਟ ਵਿਚ ਮੌਲਵੀ ਕੁਤਬਦੀਨ ਕੁਰੈਸ਼ੀ ਦੇ ਘਰ ਹੋਇਆ। ਆਪਦੇ ਦਾਦਾ 'ਮੌਲਵੀ ਗੁਲਾਮ ਮੁਸਤਫਾ' ਵੀ ਪ੍ਰਸਿੱਧ ਸ਼ਾਇਰ ਸਨ। ਸ਼ਾਹਦੀਨ ਹੁਰਾਂ ਉਹਨਾਂ ਤੋਂ ਹੀ ਪ੍ਰੇਰਨਾ ਕੀਤੀ। ਵੀਹ ਵਰ੍ਹੇ ਦੀ ਉਮਰ ਵਿਚ ਸ਼ਾਹਦੀਨ ਹੁਰਾ ਇਸਲਾਮੀ ਸਾਹਿਤ ਦੀ ਵਿਦਵਤਾ ਕਮਾਈ ਤੇ ਆਪਣੇ ਪਿਤਾ ਜੀ ਤੋਂ ਅਧਿਆਤਮਵਾਦ ਦੀ ਸਿਖਿਆ, ਪ੍ਰਾਪਤ ਕੀਤੀ। ਪਿਤਾ ਦੀ ਮੌਤ ਪਿਛੋਂ ਸਿਆਲਕੋਟ ਵਿਚ ਸਕੂਲ ਮਾਸਟਰ ਲਗ ਗਏ ਤੇ ਦਿਲ ਨਾ ਲਗਣ ਉਤੇ ਨੌਕਰੀ ਛਡ ਕੇ ਪੀਰ ਅਲੀ ਅਸਗਰ ਸ਼ਾਹ ਖਵਾਰਜ਼ੀ ਦੇ ਚੇਲੇ ਬਣਕੇ ਦਰਵੇਸ਼ਾਂ ਦੀ ਸੰਗਤ ਵਿਚ ਆ ਗਏ ।

ਆਪ ਨੇ ਅਰਬੀ ਫਾਰਸੀ ਦੇ ਬਦੇਸ਼ੀ ਤੇ ਪੰਜਾਬੀ ਵਿਦਵਾਨਾਂ ਦੀ ਰਚਨਾ ਨੂੰ ਪੰਜਾਬੀ ਕਵਿਤਾ ਵਿਚ ਰੂਪਾਂਤਰਿਤ ਕੀਤਾ। ਦੀਵਾਨ ਗੌਸ ਅਲਾਜ਼ਮ, ਦੀਵਾਨ ਮਹਿਮੂਦ ਸ਼ਬਸਤਰੀ, ਦੀਵਾਨ ਹਜ਼ਰਤ ਸੁਲਤਾਨ ਬਾਹੂ, ਦੀਵਾਨ ਹਾਫਿਜ਼, ਦੀਵਾਨ ਖਵਾਜਾ ਮਈਉਲਦੀਨ ਅਜਮੇਰੀ, ਦੀਵਾਨ ਤੇ ਮਸਨਵੀ ਹਜ਼ਰਤ ਬੂ ਅਲੀ ਕਲੰਦਰ, ਮਸਨਵੀ ਸ਼ਮਸ ਤਬਰੇਜ਼, ਮਸਨਵੀ ਬੀਰ ਨਾਮਾ, ਫਰੀਦ ਅਲਦੀਨ ਅਤਾਰ, ਮਸਨਵੀ ਮੌਲਾਨਾ ਰੂਮ (ਛੇ ਭਾਗ), ਮਸਨਵੀ ਗੁਲਸ਼ਨ ਰਾਜ਼, ਰਾਸਨਫਾ ਮਹਿਮੂਦ ਸ਼ਬਸਤਰੀ ਆਦਿਕ ਅਨੁਵਾਦ ਬੜੇ ਪ੍ਰਸਿਧ ਹੋਏ। ਇਹ ਸਾਰੀਆਂ ਰਚਨਾਵਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ।

ਆਪਦੀ ਅਨੁਵਾਦ ਕਲਾ ਉਚੇਰੀਆਂ ਸਿਖਰਾਂ ਨੂੰ ਛੁੰਹਦੀ ਹੈ। ਇਹਨਾਂ ਵਿਚ ਪੰਜਾਬੀ ਦੀ ਠੇਠਤਾ ਤੇ ਬਿੰਬਾਂ ਦੀ ਅਮੀਰੀ ਪਰਧਾਨ ਹੈ :—

ਸੁਣ ਵੰਝਲੀ ਥੀਂ ਜਿਹੜੇ ਵੇਲੇ
ਸੋਜ਼ ਤੇ ਸਾਜ਼ ਅਲਾਵੇ,
ਹਿਜਰ ਫਿਰਾਕ ਗਮਾਂ ਦੇ ਜਿਹੜੇ,
ਕਰ ਕਰਕੇ ਕੁਰਲਾਵੇ ।
ਜੰਗਲ ਵਿਚੋਂ ਵਢ ਕੇ ਮੈਨੂੰ,

ਜਿਸ ਦਿਨ ਲੈ ਆਏ ।
ਸੁਣ ਸੁਣ ਹਾਲ ਮੇਰੇ ਨੂੰ ਰਿੰਦਾਂ
ਜ਼ਾਹਦਾਂ ਨਾਲ ਵੰਞਾਏ ।

—ਮਸਨਵੀ ਮੌਲਾਨਾ ਰੂਮ

**ਸ਼ਹਾਬ-ਉ-ਦੀਨ, ਸਰ** (੧੮੬੫-੧੯੪੯)

ਆਪਦਾ ਜਨਮ ਪਿੰਡ ਨੰਗਲ ਜ਼ਿਲਾ ਸਿਆਲਕੋਟ ਵਿਚ ਇਕ ਗਰੀਬ ਜੱਟ ਪਟਵਾਰੀ ਚੌਧਰੀ ਕਾਲੂ ਦੇ ਘਰ ਹੋਇਆ। ਬਚਪਨ ਤੋਂ ਹੀ ਆਪ ਵਾਤਾਵਰਣ ਵਿਚ ਨਾ ਰਚ ਸਕਣ ਵਾਲੀ ਤਬੀਅਤ ਦੇ ਮਾਲਕ ਬਣ ਗਏ। ਸਕੂਲ ਵਿਚ ਆਪਦੀ ਮਾਸਟਰਾਂ ਨਾਲ ਨਾ ਬਣੀ ਤਾਂ ੬੫ ਮੀਲ ਦਾ ਫਾਸਲਾ ਪੈਦਲ ਕਛ ਕੇ ਲਾਹੌਰ ਆ ਗਏ । ਫਿਰ ਗੁਜਰਵਾਲੇ ਪੈਦਲ ਗਏ ਤੇ ਇਥੇ ਵਾਣ ਵਟਣ ਦਾ ਕੰਮ ਕਰਦੇ ਰਹੇ । ਫਿਰ ਪਿੰਡ ਆ ਗਏ ਤੇ ਜ਼ਫਰਵਾਲ ਦੇ ਸਕੂਲ ਦਾਖਲ ਹੋ ਗਏ ਤੇ ੧੮੮੬ ਵਿਚ ਤੇਈ ਸਾਲਾਂ ਦੀ ਉਮਰ ਵਿਚ ਆਪਨੇ ਮਿਡਲ ਪਾਸ ਕਰ ਲਿਆ । ਫਿਰ ਕਿਤਾਬਾਂ ਵੇਚ ਕੇ ਨਸ ਗਏ ਤੇ ਰਾਵਲ ਪਿੰਡੀ ਵਲ ਟੁਰ ਪਏ । ਗੱਡੀ ਵਿਚ ਟੀਟੀ ਨੇ ਬੇਟਿਕਟ ਸਫਰ ਦੇ ਦੋਸ਼ ਵਿਚ ਪਕੜਨਾ ਚਾਹਿਆ ਤਾਂ ਆਪ ਉਸ ਕੋਲ ਨੌਕਰ ਬਣਨ ਲਈ ਤਿਆਰ ਹੋ ਗਏ । ਕੁਝ ਚਿਰ ਨੌਕਰੀ ਕਰਨ ਪਿਛੋਂ ਆਪ ਰਾਵਲਪਿੰਡੀ ਟੁਰ ਪਏ । ਕੁਲੀ ਦਾ ਕੰਮ ਕਰਕੇ ਦੋ ਪੈਸੇ ਕਮਾਏ ਤੇ ਪੇਟ ਦੀ ਭੁੱਖ ਬੁਝਾਈ । ਫਿਰ ਦੌੜਦੇ ਦੌੜਦੇ ਮਰੀ ਆ ਗਏ ਤੇ ਇਕ ਕਸਾਈ ਦੇ ਸਹਾਇਕ ਬਣ ਗਏ। ਅਫਗਾਨਿਸਤਾਨ ਦੀ ਜੰਗ ਛਿੜਨ ਕਰਕੇ ਲੋਕਾਂ ਨੂੰ ਚਿੱਠੀ ਪਤਰ ਕਰਨ ਦੀ ਬੜੀ ਲੋੜ ਪਈ ਤਾਂ ਆਪ ਰਾਵਲਪਿੰਡੀ ਆ ਕੇ ਇਹੋ ਕੰਮ ਕਰਨ ਲਗ ਪਏ । ੧੮੯੨ ਵਿਚ ਆਪਨੇ ਬੀ. ਏ. ਕਰ ਲਈ ਤੇ ਇਸ-ਲਾਮੀਆ ਹਾਈ ਸਕੂਲ ਲਾਹੌਰ ਵਿਚ ਅਧਿਆਪਕ ਲਗ ਪਏ । ਫਿਰ ਆਪ ਪੁਲੀਸ ਟਰੇਨਿੰਗ ਲੈਣ ਲਈ ਫਿਲੌਰ ਆਏ ਪਰ ਦਿਲ ਨਾ ਲਗਾ ਤੇ ੧੮੯੯ ਵਿਚ ਐਲ. ਐਲ. ਬੀ. ਕਰਨ ਪਿਛੋਂ ਵਕਾਲਤ ਕਰਨ ਲਗ ਪਏ । ੧੯੦੪ ਅਤੇ ੧੯੦੯ ਵਿਚ ਆਪਨੇ ਕਰਮ-ਵਾਰ ਦੋ ਅੰਗਰੇਜ਼ੀ ਰਸਾਲੇ 'ਕਰਿਮਨਲ ਲਾਅ' ਤੇ 'ਇੰਡੀਅਨ ਕੇਸਿਜ਼' ਸ਼ੁਰੂ ਕੀਤੇ। ੧੯੨੪ ਵਿਚ ਆਪ ਲਾਹੌਰ ਮਿਉਂਸਪੈਲਟੀ ਦੇ ਮੈਂਬਰ ਤੇ ਫਿਰ ਪਰਧਾਨ ਚੁਣੇ ਗਏ। ੧੯੨੫ ਵਿਚ ਪੰਜਾਬ ਕੌਂਸਲ ਦੇ ਮੈਂਬਰ ਤੇ ਪਰਧਾਨ ਬਣੇ। ੧੯੨੪ ਵਿਚ ਅੰਗ੍ਰੇਜ਼ ਸਰਕਾਰ ਵਲੋਂ ਆਪਨੂੰ ਖਾਨ ਬਹਾਦਰ ਤੇ ੧੯੩੦ ਵਿਚ 'ਸਰ' ਦਾ ਖਿਤਾਬ ਮਿਲਿਆ । ੧੯੨੭ ਵਿਚ ਆਪਨੇ ਪਹਿਲੀ ਸੈਂਟਰਲ ਪੰਜਾਬੀ ਕਾਨਫਰੰਸ ਅੰਮ੍ਰਿਤਸਰ ਦੀ ਪਰਧਾਨਗੀ ਕੀਤੀ। ਆਪ ਆਖਰੀ ਉਮਰ ਵਿਚ ਕਾਫੀ ਅਮੀਰ ਹੋ ਗਏ। ਆਪਣਾ ਕੋਈ ਧੀ ਪੁਤਰ ਨਾ ਹੋਣ ਕਰ ਕੇ ਆਪਨੇ ਨਵਾਬ ਅਹਿਮਦ ਯਾਰ ਦੌਲਤਾਨਾ ਦੇ ਪੁਤਰ ਮੀਆਂ ਮੁਮਤਾਜ਼ ਨੂੰ ਮੁਤਬੰਨਾ ਬਣਾ ਲਿਆ।

ਕਵਿਤਾ ਲਿਖਣ ਦੀ ਕਲਾ ਆਪਨੇ ਬਚਪਨ ਵਿਚ ਹੀ ਕਮਾ ਲਈ ਸੀ। ੧੯੦੭ ਵਿਚ ਲਿਖੀ ਕਵਿਤਾ 'ਅਬਾਦਕਾਰਾਂ ਦੇ ਹਾੜੇ' ਬੜੀ ਪਰਵਾਨ ਹੋਈ । ੧੯੧੮ ਵਿਚ ਆਪਨੇ ਪਹਿਲੇ ਸੰਸਾਰ-ਯੁਧ ਉਤੇ 'ਫ਼ਤਹਨਾਮਾ' ਨਾਂ ਦੀ ਲੰਮੀ ਕਵਿਤਾ ਲਿਖੀ। ਆਪਦੀ ਪ੍ਰਸਿਧ ਪੁਸਤਕ 'ਮਸੱਦਸ ਹਾਲੀ' (ਅਨੁਵਾਦ) ਹੈ। ਪੰਜਾਬੀ ਬੋਲੀ ਦੇ ਪਰਬੀਨ ਵਿਦਵਾਨਾਂ ਦਾ ਖਿਆਲ ਹੈ ਕਿ ਪੰਜਾਬੀ ਲਿਖਣ ਵਿਚ ਸ਼ਹਾਬੁਦੀਨ ਹੁਰਾਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ :—

ਪੱਖਦੀਨ ਦਾ ਵਰਜਿਆ ਉਹ ਕਹਿਕੇ,
ਪੱਖੀ ਜੀਉਂਦਾ ਰਹੇ ਜਾਂ ਮਰੇ ਲੋਕ ।

ਸਾਡਾ ਉਹ ਨਹੀਂ, ਉਸ ਦੇ ਅਸੀਂ ਨਾਹੀਂ,
ਸਾਡਾ ਟੋਲੀਓਂ ਰਹੇ ਉਹ ਪਰੇ ਲੋਕੋ ।
ਨਹੀਂ ਰੱਬ ਮਨਜ਼ੂਰ ਉਹ ਪਿਆਰ ਕਰਦਾ,
ਜਿਹੜਾ ਅੰਨ੍ਹੀਆਂ ਬੋਲੀਆਂ ਕਰੇ ਲੋਕੋ ।

**ਸ਼ਾਹ ਮੁਹੰਮਦ ਅਸ਼ਰਫ ਕਾਦਰੀ**

ਵੇਖੋ

ਕਾਦਰੀ, ਸ਼ਾਹ ਮੁਹੰਮਦ ਅਸ਼ਰਫ

**ਸ਼ਾਹ ਸ਼ਰੀਫ਼** (੧੦੪੪—੧੧੨੦ ਹਿਜਰੀ)

ਆਪ ਲਾਹੌਰ ਦੇ ਨਿਵਾਸੀ ਸਨ। ਆਪਣੇ ਸੰਤ-ਸੁਭਾਅ ਕਾਰਨ ਲੋਕਾਂ ਵਿਚ ਪ੍ਰਵਾਨ ਹੋਏ। ਮੀਆਂ ਰੁਕਨਦੀਨ ਆਪਦੇ ਸ਼ਾਗਿਰਦ ਸਨ। 'ਹਜ਼ਰਤ ਅਲੀ ਦੀ ਮਦਹ' ਆਪਦੀ ਪ੍ਰਸਿਧ ਪ੍ਰਕਾਸ਼ਿਤ ਰਚਨਾ ਹੈ। ਆਪਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਕੋਹੜੀਆਂ ਦੇ ਦੁਖ ਦੂਰ ਰਹਿੰਦੇ,
ਜਦੋਂ ਅਲੀ ਦਾ ਨਾਮ ਧਿਆਂਵਦੇ ਜੀ।
ਰੌਸ਼ਨ ਹੁੰਦੀਆਂ ਅੱਖਾਂ ਉਹਨਾਂ ਦੀਆਂ
ਜੋ ਸੁਰਮਾ ਅਲੀ ਦੀ ਧੂੜ ਦਾ ਪਾਂਵਦੇ ਜੀ।

**ਸ਼ਕਤੀ ਪ੍ਰਕਾਸ਼**

ਸ਼ਕਤੀ ਪ੍ਰਕਾਸ਼ ''ਸ਼ਕਤੀ'' ਪੰਜਾਬੀ, ਹਿੰਦੀ ਤੇ ਉਰਦੂ ਤਿੰਨਾਂ ਬੋਲੀਆਂ ਦੇ ਹੀ ਮਾਹਰ ਹਨ। ਬੜੇ ਚੰਗੇ ਅਨੁਵਾਦਕ ਹਨ। ਭਾਸ਼ਾ ਵਿਭਾਗ ਪਟਿਆਲਾ ਵਿਚ ਬਹੁਤ ਅਰਸਾ ਅਨੁਵਾਦਕ ਰਹੇ। ਅਜ ਕਲ੍ਹ ਡੀ. ਏ. ਵੀ. ਹਾਇਰ ਸੈਕੰਡਰੀ ਸਕੂਲ ਚੰਡੀਗੜ੍ਹ ਵਿਚ ਅਧਿਆਪਕ ਲੱਗੇ ਹੋਏ ਹਨ।

ਬਹੁਤ ਸਾਰੀਆਂ ਕਹਾਣੀਆਂ ਪੰਜਾਬੀ ਚੋਂ ਹਿੰਦੀ 'ਚ ਅਨੁਵਾਦ ਕੀਤੀਆਂ ਹਨ। ਸਾਹਿਤ ਦੀ ਪਰਖ ਦੀ ਗਹਿਰੀ ਸੂਝ ਦੇ ਮਾਲਕ ਹਨ।

**ਸ਼ੰਕਰ ਦਾਸ ਸਾਧੂ** (-੧੯੧੧-)

ਆਪਦੀ ਦਾਰਸ਼ਨਿਕ ਪੁਸਤਕ 'ਆਤਮ ਬੋਧਨੀ' ਸਵਾਮੀ ਬਿਸ਼ਨ ਦਾਸ ਰੋਪੜ ਨੇ ੧੯੧੧ ਵਿਚ ਪ੍ਰਕਾਸ਼ਿਤ ਕੀਤੀ।

**ਸ਼ੰਕਰ ਦਾਸ ਸਵਾਮੀ** (-੧੯੨੨-)

ਆਪਦੀ ਕਾਵਿ-ਪੁਸਤਕ 'ਪੰਜ ਧਾਮ' ਸਨਾਤਨ ਧਰਮ ਪ੍ਰੈਸ ਅੰਮ੍ਰਿਤਸਰ ਨੇ ੧੯੨੨ ਵਿਚ ਪ੍ਰਕਾਸ਼ਿਤ ਕੀਤੀ।

**ਸ਼ੰਕਰ ਦਾਸ ਕਵੀ** (-੧੯੧੨-)

ਆਪਦੀ ਕਾਵਿ-ਪੁਸਤਕ 'ਰਾਜਾ ਹਰੀ ਚੰਦ' ੧੯੧੨ ਵਿਚ ਆਰੀਆ ਸਟੀਮ ਪਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਸ਼ੰਕਰ ਦਾਸ ਸ਼ੰਕਰ** (੧੮੬੪—੧੯੧੭)

ਆਪ ਦਾ ਜਨਮ ਗੁਰੂ ਬਾਜ਼ਾਰ ਅੰਮ੍ਰਿਤਸਰ ਦੇ ਇਕ ਭਾਬੜਾ ਪਰਵਾਰ ਵਿਚ ਹੋਇਆ। ਲਾਲਾ ਮਲਾਵਾ ਰਾਮ ਨਫਰ ਆਪ ਦੇ ਉਸਤਾਦ ਸਨ। ਚਿੰਤਪੁਰਨੀ, ਜਿਥੇ ਕਿ ਉਨ੍ਹੀਵੀ ਸਦੀ ਵਿਚ ਹਰ ਸਾਲ ਵਡੇ ਵਡੇ ਕਵੀ-ਦਰਬਾਰ ਹੋਇਆ ਕਰਦੇ ਸਨ, ਆਪਣੀ ਕਲਾ ਤੋਂ ਭਲੀ ਪਰਕਾਰ ਵਾਕਫ਼ ਸੀ। ਇਨ੍ਹਾਂ ਮੇਲਿਆਂ ਵਿਚ ਦੇਵੀ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸਾਰੇ ਧਰਮਾਂ ਦੇ ਲੋਕ ਜਾਇਆ ਕਰਦੇ ਸਨ ਅਤੇ ਇੰਝ ਸਾਂਝੀ ਪੰਜਾਬੀ ਕਲਚਰ ਨੂੰ ਪੂਰੀ ਤਰ੍ਹਾਂ ਜੀਉਂਦੇ ਰਖਦੇ ਸਨ।

ਸ਼ੰਕਰ ਜੀ ਦੀ ਪਰਬੀਨਤਾ ਬੈਂਤਬਾਜ਼ੀ ਵਿਚ ਹੈ। ਆਪ ਵਧੇਰੇ ਕਰਕੇ ਸ਼ੰਗਾਰ ਰਸ ਨੂੰ ਹੀ ਸਰੋਤਿਆਂ ਤਕ ਪਹੁੰਚਾਂਦੇ ਸਨ। ਆਪ ਦੀ ਬੋਲੀ ਉਤੇ ਸਮੇਂ ਦਾ ਉਰਦੂ ਅਸਰ ਪਰਤੱਖ ਹੈ। ਪਰ ਇਹ ਬੋਲੀ ਖਾਲਸ ਪੰਜਾਬੀ ਹੈ। ਆਪਦੀ ਬਿੰਬਾਵਲੀ ਵਿਚ ਬਹੁਤ ਸਾਰੇ ਇੰਦਰਿਆਵੀ ਚਿਤਰ ਮਿਲਦੇ ਹਨ। ਇਸ ਪੱਖ ਬਾਰੇ ਆਪਦਾ ਆਪਣਾ ਖਿਆਲ ਹੈ :—

ਸ਼ੰਕਰ ਦਾਸ ਮਿਜਾਜ਼ੀ ਵਿਚ ਪੈਰ ਤੇਰਾ,
ਅਜ ਮੰਜ਼ਲ ਹਕੀਕੀ ਦੀ ਦੂਰ ਦਿਸੇ।

**ਸ਼ਕੁੰਤਲਾ ਗੜਗੱਜ** (—੧੯੪੪)

ਆਪ ਦੀ ਰਾਜਨੀਤਕ ਪੁਸਤਕ 'ਲਾਲ ਧਰਤੀ' ਸੋਵੀਅਤ ਮਿੱਤਰ ਮੰਡਲ ਪ੍ਰੀਤ ਨਗਰ ਨੇ ਜੂਨ ੧੯੪੪ ਵਿਚ ਪ੍ਰਕਾਸ਼ਿਤ ਕੀਤੀ।

**ਸ਼ਾਂਤੀ ਨਰੈਣ ਸ਼ਾਦ ਕੁੰਜਾਹੀ** (-੧੯੪੪-)

ਕਹਾਣੀ-ਸੰਗ੍ਰਹਿ 'ਟੈਗੋਰ ਉਡਾਰੀਆਂ ਅਤੇ 'ਟੈਗੋਰ ਕਹਾਣੀਆਂ'' ਨਾਵਲ 'ਬਾਗੀ ਢੋਲਾ' ਆਦਿਕ ਪੁਸਤਕਾਂ ਆਪ ਦੀ ਰਚਨਾ ਵਿਚ ਸ਼ਾਮਲ ਹਨ।

**ਸ਼ਾਦੀ ਸਿੰਘ, ਗਿਆਨੀ** (੧੯੧੫-ਜੀਵਤ)

ਆਪ ਦਾ ਜਨਮ ਪਿੰਡ ਬੁੜਾਇਲ ਜ਼ਿਲਾ ਅੰਬਾਲਾ ਵਿਚ ਲਾਲਾ ਸੁਲੇਖ ਚੰਦ ਦੇ ਘਰ ਹੋਇਆ। ੧੯੩੦ ਵਿਚ ਗਿਆਨੀ ਕਰਨ ਪਿਛੋਂ ਆਪਣੀ ਹਿੰਮਤ ਨਾਲ ੧੯੫੯ ਵਿਚ ਐਮ. ਏ. (ਪੰਜਾਬੀ) ਕਰ ਲਈ। ਸ਼ੁਰੂ ਸ਼ੁਰੂ ਵਿਚ ਭਾਈ ਵੀਰ ਸਿੰਘ ਦੀ ਪਰੈਸ ਵਿਚ ਕੰਪਾਜ਼ਿਟਰ ਰਹੇ ਤੇ ਇਥੋਂ ਹੀ ਪਤਰਕਾਰੀ ਵਲ ਪਰੇਰਿਤ ਹੋ ਕੇ ਬਾਅਦ ਵਿਚ 'ਕੌਮੀ ਦਰਦ' (ਰੋਜ਼ਾਨਾ) ਤੇ ਸਿੱਖ ਸੇਵਕ ਦੇ ਮੀਤ ਸੰਪਾਦਕ ਲਗੇ ਰਹੇ। ੧੯੩੦-੩੧ ਵਿਚ ਸਪਤਾਹਿਕ 'ਮਜ਼ਦੂਰ' ਕਢਿਆ ਪਰ ਟਿਹ ਆਰਥਿਕਤਾ ਦਾ ਸਾਥ ਨਾ ਪ੍ਰਾਪਤ ਕਰ ਸਕਣ ਕਾਰਨ ਫੇਲ੍ਹ ਹੋ ਗਿਆ। ੧੯੩੬ ਤੋਂ ਅਕਾਲੀ ਪੱਤਰਕਾ ਦੇ ਸੰਪਾਦਕ ਚਲੇ ਆ ਰਹੇ ਹਨ। ੧੯੪੩ ਤੋਂ ੧੯੪੬ ਤਕ ਸ਼ਰੋਮਣੀ ਗੁਰਦੁਆਰਾਪ੍ਰਬੰਧਕ ਕਮੇਟੀ ਦੇ ਪਰਚਾਰ-ਮਹਿਕਮੇ ਦੇ ਮੁਖੀ ਤੇ 'ਗੁਰਦੁਆਰਾ ਗਜ਼ਟ' ਦੇ ਸੰਪਾਦਕ ਵੀ ਰਹੇ।

ਆਪ ਦੇ ਕਾਫੀ ਸਾਰੇ ਮੁਖ ਲੇਖਾਂ ਨੂੰ ਸਾਹਿਤਕ ਨਿਬੰਧਾਂ ਵਜੋਂ ਮਾਣਿਆ ਜਾ ਸਕਦਾ ਹੈ। ਦਲੀਲ ਅਤੇ ਸੱਚ ਦੀ ਸਾਰਥਕਤਾ ਨੂੰ ਮੁਖ ਰਖਦਿਆਂ ਅਗਰਗਾਮੀ ਵਿਚਾਰਾਂ ਦੇ ਵੀ ਧਾਰਨੀ ਹਨ। ਸ਼ੈਲੀ ਅਤੀਅੰਤ ਲੌਕਿਕ ਤੇ ਸਰਲ ਹੈ। ਕੌਮਾਂਤਰੀ ਤੇ ਦੇਸੀ ਰਾਜਨੀਤੀ ਦੇ ਅਧਿਅਨ ਵਿਚ ਆਪ ਪ੍ਰਬੀਨ ਹਨ।

**ਸ਼ੈਦਾ ਗੁਰਬਖਸ਼ ਸਿੰਘ**

ਵੇਖੋ
ਗੁਰਬਖਸ਼ ਸਿੰਘ ਸ਼ੈਦ

**ਸ਼ੈਦਾ, ਭਾਈ ਖਾਂ**

ਵੇਖੋ
ਭਾਈ ਖਾਂ ਸ਼ੈਦਾ

**ਸ਼ਿਵ ਦਿਆਲ ਸੂਦ**

ਵੇਖੋ
ਸੂਦ, ਸ਼ਿਵ ਦਿਆਲ

**ਸ਼ਮਸ-ਉਲ-ਦੀਨ, ਸ਼ਮਸ, ਹਾਫਿਜ਼** (੧੮੩੮-੧੯੦੨)

ਆਪਦਾ ਸਬੰਧ ਜ਼ਿਲਾ ਗੁਜਰਾਤ, ਤਹਿਸੀਲ ਖਾਰੀਆਂ ਦੇ ਪਿੰਡ ਗਲਿਆਨਾ ਦੇ ਬਰੀ ਗੁਜਰਾਂ ਨਾਲ ਜੋੜਿਆ ਜਾਂਦਾ ਹੈ। ਨਿਕੀ ਉਮਰ ਵਿਚ ਹੀ ਆਪ ਨੂੰ ਫਿਲਾਸਫੀ ਨਾਲ ਪਿਆਰ ਹੋ ਗਿਆ। ਆਪਨੇ ਕੁਰਾਨ ਮਜੀਦ ਨੂੰ ਜ਼ਬਾਨੀ ਯਾਦ ਕੀਤਾ, ਅਰਬੀ ਫਾਰਸੀ ਦੀ ਵਿਦਵਤਾ ਕਮਾਈ ਅਤੇ ਰੀਤੀਵਾਦੀ ਮੌਲਵੀ ਬਣ ਗਏ। ਕੁਝ ਚਿਰ ਪਿਛੋਂ ਆਪ ਨੂੰ ਇਸ ਇਲਮ ਨਾਲ ਨਫਰਤ ਹੋ ਗਈ ਤੇ ਆਪ ਅਮਲੀ ਜ਼ਿੰਦਗੀ ਧਾਰਨ ਕਰਨ ਲਈ ਸੂਫੀ ਬਣ ਗਏ। ਸੈਂਕੜੇ ਲੋਕਾਂ ਨੇ ਆਪ ਨੂੰ ਆਤਮਕ ਆਗੂ ਮੰਨ ਲਿਆ ਤੇ ਆਪਦੀ ਸ਼ਖਸੀਅਤ ਇਕ ਸੰਸਥਾ ਬਣ ਗਈ। ਆਪਦੀ ਗੱਦੀ ਆਪ ਪਿਛੋਂ ਵੀ ਚਲਦੀ ਰਹੀ।

ਆਪਣੇ ਸਿਦਕ ਨੂੰ ਸਾਹਿਤਕ ਜਾਮਾ ਪੁਆਉਣ ਲਈ ਆਪ ਨੇ ਸੀਹਰਫੀ, ਕਸੀਦਾ, ਨਾਅਤ, ਚੌਪਈ, ਮਸਨਵੀ ਆਦਿਕ ਕਾਵਿ-ਰੂਪ ਵਰਤੇ। ਇਸ ਤੋਂ ਬਿਨਾਂ ਆਪਨੇ ਬਹੁਤ ਸਾਰੀਆਂ ਵਿਕੋਲਤਰੀਆਂ ਕਵਿਤਾਵਾਂ ਲਿਖੀਆਂ ਤੇ ਗੀਤ ਰਚੇ। ਹਜੋਨਾਮਾ ਕਸ਼ਮੀਰੀਆਂ, ਮਸੱਦਸ, ਮਖੱਮਸ ਆਦਿਕ ਆਪਦੀਆਂ ਦਾਰਸ਼ਨਿਕ ਰਚਨਾਵਾਂ ਹਨ। ਆਪਦੀਆਂ ਅਠ ਸੀਹਰਫੀਆਂ ਦਾ ਸੰਗ੍ਰਿਹ ਸਢੌਰਾ ਪ੍ਰੈਸ ਅੰਬਾਲਾ ਨੇ ਛਾਪਿਆ ਸੀ। ਬੈਂਤ ਬਾਜ਼ੀ ਆਪਦਾ ਸ਼ੁਗਲ ਸੀ। ਚੌਕਲੀਏ ਬੈਂਤਾਂ ਨੂੰ ਰਚਣ ਬਿਨਾਂ ਆਪਨੇ ਕਈ ਪ੍ਰਸੰਗਾਂ ਲਈ ਬੈਂਤਾਂ ਦੀ ਅਨਿਯਮਿਤ ਗਿਣਤੀ ਵੀ ਵਰਤੀ।

ਕਾਜ਼ੀ ਫਜ਼ਲ ਹੱਕ ਦਾ ਕਹਿਣਾ ਹੈ ਕਿ ਜੇ ਆਪਦਾ ਨਾਂ ਲੁਕਾ ਲਿਆ ਜਾਵੇ ਤਾਂ ਲੋਕ ਆਪਦੀ ਰਚਨਾ ਨੂੰ ਅਲੀ ਹੈਦਰ ਹੁਰਾਂ ਦੀ ਦਸਣ।

ਆਪਦੀ ਮੂਲ ਵਿਚਾਰਧਾਰਾ ਵਿਚ ਰੀਤੀਵਾਦ ਦਾ ਖੰਡਨ ਹੈ। ਮਨੁਖਵਾਦ ਆਪਦਾ ਖਾਸ ਵਿਸ਼ੈ ਹੈ। ਸ਼ੈਲੀ ਵਿਚ ਬਿੰਬਾਵਲੀ ਬਲਵਾਨ ਹੈ। ਸਾਧਾਰਨ ਜੀਵਨ ਦੀਆਂ ਮਿਸਾਲਾਂ ਵਿਚ ਅਧਿਆਤਮਕਤਾ ਦੇ ਸੰਕੇਤ ਦਿਤੇ ਹਨ। ਬੋਲੀ ਠੇਠ ਪੰਜਾਬੀ ਹੈ।

ਜ਼ੇ-ਜ਼ੋਫ ਕੀਤੀ ਗਮ ਐਸੇ ਤੂੰ,
ਆਇਉਂ ਨਾ ਮੈਂਡੜੇ ਕੋਲ ਰਦੀ।
ਵਸਲ ਪਿਆਸੇ ਨੂੰ ਹਿੱਕ ਪਿਆਲਾ,
ਨਾ ਦਿਤੋ ਹੀ ਸੁਨੇਹਾ ਝੋਲ ਕਦੀ।

**ਸ਼ਾਮ ਸਿੰਘ**

ਆਪਦੀ ਧਰਮ ਪੁਸਤਕ 'ਈਸ਼ਵਰ ਨਾਮ ਮਾਲਾ' ਰਾਮ ਸਿੰਘ ਰਘਬੀਰ ਸਿੰਘ ਕੋਇਟਾ ਨੇ ਪ੍ਰਕਾਸ਼ਿਤ ਕੀਤੀ।

**ਸ਼ਾਮ ਸਿੰਘ ਭਾਈ** (-੧੯੩੬-)

ਆਪਦੀ ਧਰਮ ਪੁਸਤਕ 'ਪ੍ਰਿਯਾਇ ਸ੍ਰੀ ਗੁਰੂ ਗਰੰਥ ਸਾਹਿਬ ਜੀ' ਨਰੈਣ ਸਿੰਘ ਅੰਮ੍ਰਿਤਸਰ ਨੇ ੧੯੩੬ ਵਿਚ ਪ੍ਰਕਾਸ਼ਿਤ ਕੀਤੀ।

**ਸ਼ਾਮ ਦਾਸ, ਸੰਤ** (-੧੮੬੮-)

ਆਪਦੀ ਕਾਵਿ-ਪੁਸਤਕ 'ਗੰਥ ਸਾਰ ਸੁਖ' ੧੯੫੫ ਬਿਕਰਮੀ ਵਿਚ ਪ੍ਰਕਾਸ਼ਿਤ ਹੋਈ। ਆਪ ਦੁੱਲਦੀ, ਜ਼ਿਲਾ ਪਟਿਆਲਾ ਦੇ ਹਨ।

**ਸ਼ਾਮ ਲਾਲ ਕੋਮਲ** (ਅਗਸਤ ੧੯੩੪—ਜੀਵਤ)

ਆਪ ਸ੍ਰੀ ਬਸਾਵਾ ਰਾਮ ਦੇ ਸਪੁਤਰ ਅਤੇ ਚੰਡੀਗੜ੍ਹ ਦੇ ਸਰਕਾਰੀ ਮੁਲਾਜ਼ਮ ਹਨ।

ਪੰਜਾਬੀ ਵਿਚ ਬੜੀਆਂ ਭਾਸ਼ਣ-ਗੁਣੀ ਕਵਿਤਾਵਾਂ

ਲਿਖਦੇ ਹਨ।

ਸਰਗਰਮ ਜਥੇਬੰਦਕ ਹਨ।

**ਸ਼ਮਸ਼ੇਰ ਸਿੰਘ, ਅਸ਼ੋਕ** (੨੦ ਫਰਵਰੀ ੧੯੦੪—ਜੀਵਤ)

ਜਨਮ ਪਿੰਡ ਗੁਆਰਾ, ਤਹਿਸੀਲ ਬਰਨਾਲਾ, ਜ਼ਿਲਾ ਸੰਗਰੂਰ ਵਿਖੇ ਸ੍ਰੀ ਲਾਭਾ ਸਿਘ ਦੇ ਘਰ ਹੋਇਆ। ਬਚਪਨ ਤੋਂ ਹੀ ਪੰਜਾਬੀ ਤੇ ਸੰਸਕ੍ਰਿਤ ਨਾਲ ਗੂੜ੍ਹਾ ਨਿਹੁੰ ਸੀ। ਭਾਈ ਕਾਹਨ ਸਿਘ ਨੇ ਵੀ ਆਪ ਨੂੰ ਖੋਜ ਵਲ ਪਰੇਰਿਤ ਕੀਤਾ। ਸਿਖ ਨੈਸ਼ਨਲ ਕਾਲਜ, ਲਾਹੌਰ ਵਿਚ ੧੯੪੩-੪੫ ਵਿਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ੧੯੪੫-੪੭ ਵਿਚ ਤੇ ਫਿਰ ੧੯੫੮ ਤਕ ਭਾਸ਼ਾ ਵਿਭਾਗ ਵਿਚ ਆਪ ਖੋਜਕਾਰੀ ਨਿਭਾਉਂਦੇ ਰਹੇ।

ਪੰਜਾਬ ਦੀਆਂ ਲਹਿਰਾਂ, ਪੰਜਾਬੀ ਪਤਰਕਲਾ, ਧਰਮ ਸਾਹਿਤ ਤੇ ਇਤਿਹਾਸ, ਪ੍ਰਾਚੀਨ ਜੰਗ ਨਾਮੇ, ਸਿਘ ਸਭਾ ਲਹਿਰ ਦਾ ਇਤਿਹਾਸ ਆਦਿਕ ਆਪਦੀਆਂ ਪੁਸਤਕਾਂ ਹਨ।ਆਪਦਾ ਵਧੇਰੇ ਕੰਮ ਪੁਸਤਕ-ਸੰਪਾਦਨਾ ਦੇ ਖੇਤਰ ਵਿਚ ਹੈ ਤੇ ਪੰਜਾਬੀ ਵਿਚ ਆਪਦਾ ਸਥਾਨ ਇਕ ਖੋਜੀ ਵਜੋਂ ਹੈ।

**ਸ਼ਮਸ਼ੇਰ ਸਿੰਘ ਤਾਂਘ** (੧੯੩੨—ਜੀਵਤ)

ਜਨਮ ਅਟਾਰੀ, ਤਹਿਸੀਲ ਦੀਪਾਲਪੁਰ, ਜ਼ਿਲਾ ਮਿੰਟਗੁਮਰੀ ਵਿਚ ਮਾਸਟਰ ਨਾਨਕ ਸਿੰਘ ਦੇ ਘਰ ਹੋਇਆ। ਬੀ. ਏ., ਬੀ. ਐਂਡ, ਗਿਆਨੀ ਆਦਿਕ ਯੋਗਤਾਵਾਂ ਆਪਦੀ ਵਿਦਿਆ ਵਿਚ ਸ਼ਾਮਲ ਹਨ। ਅਜ ਕਲ ਲੁਧਿਆਣੇ ਰਹਿੰਦੇ ਹਨ।

'ਸਾਹਿਤ ਦੀ ਪਛਾਣ', 'ਗਪਸਤਾਨ ਰੇਡੀਓ', 'ਅਮਰ ਲੇਖ ਮਾਲਾ', 'ਗੁਟਕਦੇ ਬੱਚੇ' ਆਦਿਕ ਪੁਸਤਕਾਂ ਅਤੇ ਰਸਾਲਿਆਂ ਵਿਚ ਛਪੀਆਂ ਰਚਨਾਵਾਂ ਆਪਦੀ ਘਾਲਣਾ ਦਾ ਹਿੱਸਾ ਹਨ।

ਆਪ ਬੜੇ ਸਰਗਰਮ ਸਾਹਿਤਕਾਰ ਹਨ।

**ਸ਼ਮਸ਼ੇਰ ਸਿੰਘ ਦਿਲਬਰ** (੬ ਜੂਨ ੧੯੪੧—ਜੀਵਤ)

ਆਪ ਮਾਡਲ ਟਾਊਨ ਲੁਧਿਆਣਾ ਦੇ ਨਿਵਾਸੀ ਕੈਪਟਨ ਜਾਗੀਰ ਸਿੰਘ ਦੇ ਸਪੁਤਰ ਹਨ।

ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ।

**ਸ਼ਮਸ਼ੇਰ ਸਿਘ ਬਾਬਾ ਪਟਨੇ ਵਾਲੇ** (-੧੮੮੨,—੧੯੩੫)

ਆਪਦੀ ਇਤਿਹਾਸ-ਪੁਸਤਕ 'ਸ੍ਰੀ ਗੁਰਪੱਦ ਪ੍ਰੇਮ ਪ੍ਰਕਾਸ਼' ੧੮੮੨ ਵਿਚ ੭੨੯ ਸਫਿਆਂ ਦੇ ਵਿਸਤਾਰ ਸਹਿਤ ਛਪੀ। 'ਗੁਰ ਕਵਿਤਾਵਲੀ' ਨਾਂ ਦੀ ਪੁਸਤਕ ਵੀ ਰਚਨਾ ਵਿਚ ਸ਼ਾਮਲ ਹੈ। ਤੀਜੀ ਪੁਸਤਕ 'ਰਹਿਤ ਨਾਮਾ' ੧੯੩੫ ਵਿਚ ਗੁਰੂ ਅਰਜਨ ਦੇਵ ਪ੍ਰੈਸ ਲਾਹੌਰ ਨੇ ਛਾਪੀ।

ਆਪ ਮੂਲ ਰੂਪ ਵਿਚ ਇਕ ਧਾਰਮਕ ਕਰਤਾਰੀ ਸਾਹਿਤਕਾਰ ਹਨ।

**ਸ਼ੇਰ ਸਿਘ ਸੰਤ** (-੧੯੩੫-)

ਆਪਦੀ ਇਤਿਹਾਸ-ਪੁਸਤਕ 'ਬੀਰ ਮ੍ਰਿਗੇਂਦ੍ਰ ਗੁਰ ਬਿਲਾਸ' (ਦੋ ਭਾਗ) ਡੇਰਾ ਬਾਬਾ ਖੁਦਾ ਸਿੰਘ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਸ਼ੇਰ ਸਿਘ ਗਿਆਨੀ**

ਆਪ ਸਮੇਂ ਦੇ ਮੰਨੇ ਪ੍ਰਮੰਨੇ ਰਾਜਸੀ-ਆਗੂ, ਸਾਹਿਤਕਾਰ ਅਤੇ ਪਤਰਕਾਰ ਸਨ। 'ਅਸਲੀ ਕੌਮੀ

ਦਰਦ', 'ਪੰਜਾਬ' ਆਦਿਕ ਪਤਰ ਆਪਦੀਆਂ ਕੋਸ਼ਿਸ਼ਾਂ ਨਾਲ ਜਾਰੀ ਹੋਏ।

ਆਪਦਾ ਸਥਾਨ ਚਿੰਤਕ ਪਤਰਕਾਰਾਂ ਵਿਚ ਹੈ।

**ਸ਼ੇਰ ਸਿੰਘ, ਡਾਕਟਰ** (੧੯੦੩—ਜੀਵਤ)

ਆਪ ਦਾ ਜਨਮ ਪਿੰਡ ਅਕਲੀਆਂ ਕਲਾਂ, ਰਿਆਸਤ ਨਾਭਾ ਵਿਖੇ ਭਾਈ ਵਰਿਆਮ ਸਿੰਘ ਦੇ ਘਰ ਹੋਇਆ। ਆਪਨੇ ਆਪਣੇ ਵਿਦਵਾਨ ਚਾਚਾ ਭਾਈ ਹਰਦਿਤ ਸਿੰਘ ਤੋਂ ਬਹੁਤ ਸਾਰੇ ਪ੍ਰਭਾਵ ਗ੍ਰਹਿਣ ਕੀਤੇ। ਬਚਪਨ ਤੋਂ ਹੀ ਆਪ ਬੜੇ ਮਿਹਨਤੀ ਸਨ। ਤਕਰੀਬਨ ਸਾਰੇ ਇਮਤਿਹਾਨ ਆਪਨੇ ਵਜ਼ੀਫ਼ਿਆਂ ਸਹਿਤ ਪਾਸ ਕੀਤੇ। ਆਪਦੀ ਵਿਦਵਤਾ ਵਿਚ ਫਾਰਸੀ ਤੇ ਫਿਲਾਸਫੀ ਦੀ ਐਮ. ਏ., ਗਿਆਨੀ, ਮੁਨਸ਼ੀ ਫਾਜ਼ਲ, ਐਮ. ਓ. ਐਲ. ਆਦਿਕ ਯੋਗਤਾਵਾਂ ਸ਼ਾਮਲ ਹਨ। ਕੁਝ ਚਿਰ ਆਪ ਖਾਲਸਾ ਕਾਲਜ, ਲਾਇਲਪੁਰ ਤੇ ਗੌਰਮਿੰਟ ਕਾਲਜ ਪਸਰੂਰ ਵਿਚ ਵੀ ਪੜ੍ਹਾਉਂਦੇ ਰਹੇ। ੧੯੩੬ ਵਿਚ ਆਪ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਆਰਥਕ ਸਹਾਇਤਾ ਨਾਲ ਇੰਗਲੈਂਡ ਗਏ। ਇਥੇ ਆਪਨੇ ਗੁਰਮਤ ਫਿਲਾਸਫੀ ਦੀ ਪੀ. ਐਚ. ਡੀ. ਪ੍ਰਾਪਤ ਕੀਤੀ ਤੇ ਮਨੋਵਿਗਿਆਨ ਦੀ ਬੀ. ਏ. ਆਨਰਜ਼ ਵੀ ਪਾਸ ਕੀਤੀ। ੧੯੩੮ ਵਿਚ ਆਪ ਗੌਰਮਿੰਟ ਕਾਲਜ ਸ਼ਾਹਪੁਰ ਵਿਚ ਅਧਿਆਪਕ ਲਗ ਗਏ। ੧੯੪੦ ਤੋਂ ੧੯੫੬ ਤਕ ਆਪ ਗੌਰਮਿੰਟ ਕਾਲਜ ਲੁਧਿਆਣਾ ਵਿਚ ਫਿਲਾਸਫੀ ਤੇ ਪੰਜਾਬੀ ਦੇ ਮੁਖ ਅਧਿਆਪਕ ਰਹੇ। ਫਿਰ ੧੯੫੮ ਤਕ ਗੌਰਮਿੰਟ ਕਾਲਜ ਮੁਕਤਸਰ ਦੇ ਪ੍ਰਿੰਸੀਪਲ ਰਹੇ। ਅਜ ਕਲ ਆਪ ਲੁਧਿਆਣੇ ਵਿਚ ਮਾਲਵਾ ਟਰੇਨਿੰਗ ਕਾਲਜ ਦੇ ਪ੍ਰਿੰਸੀਪਲ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕਤ੍ਰ ਹਨ। ਆਪ ਪੰਜਾਬ ਯੂਨੀਵਰਸਿਟੀ ਦੇ ਫੈਲੋ ਤੇ ਸੈਨੇਟਰ ਵੀ ਹਨ।

'ਕੰਜੂਸ ਠੇਕੇਦਾਰ' ਤੇ 'ਘੁਮੰਡਾ ਵੈਲੀ' ਆਪਦੇ ਦੋ ਨਾਟਕ ਹਨ ਜਿਨ੍ਹਾਂ ਵਿਚ ਵਿਅੰਗ ਤੇ ਹਾਸ-ਰਸ ਤੀਬਰ ਹੈ। ਮਨੋਵਿਗਿਆਨਕ ਦ੍ਰਿਸ਼ਟੀਕੋਨ ਤੋਂ ਆਪਨੇ ਤਿੰਨ ਵਾਰਤਕ ਪੁਸਤਕਾਂ ਲਿਖੀਆਂ ਹਨ—'ਵਿਚਾਰਧਾਰਾ', 'ਵਿਚਾਰਮਾਲਾ', ਅਤੇ 'ਬੁਧ ਕਸੌਟੀ'। 'ਅੰਮ੍ਰਿਤ ਜੀਵਨ' ਨਾਂ ਦੀ ਪੁਸਤਕ ਵਿਚ ਆਪਨੇ 'ਜੀਵਨੀਆਂ' ਸੰਕਲਿਤ ਕੀਤੀਆਂ ਹਨ। 'ਮਰਨ ਤੋਂ ਪਿਛੋਂ' ਨਾਂ ਦੀ ਪੁਸਤਕ ਵਿਚ ਆਪਨੇ ਮਨੁਖੀ ਜ਼ਿੰਦਗੀ ਨੂੰ ਧਰਮ ਦੇ ਪਰਸੰਗ ਵਿਚ ਤੋਲਿਆ ਹੈ। 'ਹੋਲਾ ਮਹਲਾ', 'ਸਿਖ ਧਰਮ ਤੇ ਪਛੜੀਆਂ ਸ਼੍ਰੇਣੀਆਂ', 'ਗੁਰਮਤਿ ਦਰਸ਼ਨ', ਆਦਿਕ ਪੁਸਤਕਾਂ ਦਾ ਵਿਸ਼ਾ ਵੀ ਧਰਮ ਹੈ। 'ਪਰਦੇਸ ਯਾਤਰਾ' ਨਾਂ ਦੀ ਪੁਸਤਕ ਸਫਰਨਾਮਾ ਹੈ। ਆਪਦੀ ਕਿਰਤ 'ਸਾਹਿਤ ਸਮਾਲੋਚਨਾ' ਦਾ ਵਿਸ਼ਾ ਆਲੋਚਨਾ ਤੇ 'ਪਾਠਾਵਲੀ' (ਸਤ ਭਾਗ) ਤੇ ਪੰਜਾਬੀ ਬਾਲਬੋਧ ਦਾ ਵਿਸ਼ਾ ਬਾਲ-ਸਿਖਿਆ ਹੈ। 'ਮਹੀਂਵਾਲ' ਨਾਂ ਦੀ ਪੁਸਤਕ ਵਿਚ ਆਪ ਨੇ ਕਵਿਤਾਵਾਂ ਸੰਪਾਦਿਤ ਕੀਤੀਆਂ ਹਨ।

ਸਾਹਿਤਕ ਗੋਸ਼ਟੀਆਂ ਵਿਚ ਵੀ ਆਪ ਪੜ੍ਹਦੇ ਰਹਿੰਦੇ ਹਨ। ਪੰਜਾਬੀ ਵਿਚ ਆਪ ਦਾ ਸਥਾਨ ਇਕ ਦਾਰਸ਼ਨਿਕ ਅਤੇ ਧਾਰਮਕ ਵਿਦਵਾਨ ਵਜੋਂ ਹੈ।

ਆਪਦੀ ਸ਼ੈਲੀ ਉਤੇ ਪੁਰਾਤਨ ਧਾਰਮਕ ਵਾਰਤਕ ਦਾ ਪ੍ਰਭਾਵ ਜ਼ਰੂਰ ਹੈ ਪਰ ਮੂਲ ਰੂਪ ਵਿਚ ਆਪ ਆਧੁਨਿਕ ਹਨ।

**ਸ਼ੇਰ ਸਿੰਘ ਭਾਈ**

ਆਪਦੀ ਕਾਵਿ-ਪੁਸਤਕ 'ਨਵੀਂ ਸ਼ੁਕੀਨ ਪੱਤਲ' ਹਰਨਾਮ ਸਿੰਘ ਕਰਮ ਸਿੰਘ ਮੋਗਾ ਨੇ ਪ੍ਰਕਾਸ਼ਿਤ ਕੀਤੀ।

**ਸ਼ੇਰ ਸਿੰਘ 'ਸ਼ੇਰ'** (੧੧ ਸਤੰਬਰ ੧੯੨੬—ਜੀਵਤ)

ਜਨਮ ਚੰਨਿਆਂਵਾਲੀ ਜ਼ਿਲਾ ਸ਼ੇਖੂਪੁਰੇ ਵਿਖੇ ਸ: ਆਸਾ ਸਿਘ ਦੇ ਘਰ ਮਾਤਾ ਸਰਦਾਰ ਕੌਰ ਦੀ ਕੁਖੋਂ ਹੋਇਆ। ਆਪਦਾ ਬਚਪਨ ਸਰਗਰਮ ਇਲਾਕਾਈ ਕਲਚਰ ਦੇ ਪ੍ਰਸੰਗ ਵਿਚ ਗੁਜ਼ਰਿਆ। ਨਨਕਾਣਾ ਸਾਹਿਬ ਦੇ ਖਾਲਸਾ ਸਕੂਲੋਂ ਦਸਵੀਂ ਕਰਨ ਪਿਛੋਂ ਲਾਇਲਪੁਰ ਦੇ ਖੇਤੀ-ਬਾੜੀ ਕਾਲਜ ਵਿਚ ਦਾਖਲ ਹੋ ਗਏ। ਵੰਡ ਪਿਛੋਂ ਪੂਰਬੀ ਪਾਸੇ ਆ ਕੇ ਆਪਨੇ ਐਮ. ਏ., ਐਮ. ਐਸ. ਸੀ. ਅਤੇ ਪੀ. ਐਚ. ਡੀ. ਦੀਆਂ ਯੋਗਤਾਵਾਂ ਕਮਾਈਆਂ। ਲੁਧਿਆਣੇ ਦੇ ਸਰਕਾਰੀ ਖੇਤੀ ਕਾਲਜ ਅਤੇ ਫਰੀਦਕੋਟ ਦੇ ਸਰਕਾਰੀ ਕਾਲਜ ਵਿਚ ਅਧਿਆਪਕ ਰਹਿਣ ਪਿਛੋਂ ਆਪ ਗੁਰਦਾਸਪੁਰ ਹਿਸਾਰ ਅਤੇ ਰੋਹਤਕ ਵਲ ਪੰਜਾਬ ਸਰਕਾਰ ਦੇ ਅਧੀਨ ਡਿਵੈਲਪਮੈਂਟ ਅਫਸਰ ਵੀ ਰਹੇ। ੧੯੫੬ ਤੋਂ ਆਪ ਆਲ ਇੰਡੀਆ ਰੇਡੀਓ ਵਿਚ ਮੀਤ ਸਟੇਸ਼ਨ ਡਾਇਰੈਕਟਰ ਹਨ ਅਤੇ ਇਸ ਸਬੰਧ ਵਿਚ ਜੈਪੁਰ, ਬੰਬਈ ਤੇ ਦਿਲੀ ਰਹਿ ਚੁਕੇ ਹਨ। ਮਨੁਖੀ ਵਿਕਾਸ ਤੇ ਸਮਾਜ-ਵਿਗਿਆਨ ਨਾਲ ਆਪਨੂੰ ਨਿਹੁੰ ਹੈ।

'ਸੁਚੇ ਮੋਤੀ' (ਕਵਿਤਾ), 'ਬਾਰ ਦੇ ਢੋਲੇ' (ਲੋਕ ਗੀਤ), 'ਸੋਚ ਉਡਾਰੀਆਂ' (ਕਵਿਤਾ), 'ਹੰਝੂ ਡੁਲ੍ਹ ਪੈ' (ਕਹਾਣੀਆਂ), 'ਪੰਜਾਬ ਦੇ ਵਾਸੀ' (ਕਵਿਤਾ), 'ਪੀੜਾਂ ਪਿਆਰ ਦੀਆਂ' (ਗਜ਼ਲਾਂ) ਆਦਿਕ ਪੁਸਤਕਾਂ ਤੋਂ ਛੁਟ ਤਕਰੀਬਨ ਸਾਰੇ ਪੰਜਾਬੀ ਪਤਰਾਂ ਵਿਚ ਛਪੀਆਂ ਰਚਨਾਵਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ। ਅੰਗਰੇਜ਼ੀ ਦੇ ਪ੍ਰਸਿਧ ਪਤਰਾਂ ਵਿਚ ਵੀ ਆਪਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।

ਆਪ ਸਾਂਝੀ ਪੰਜਾਬੀ ਕਲਚਰ ਅਤੇ ਮਨੁਖਵਾਦ ਦੇ ਵਿਚਾਰਸ਼ੀਲ ਚਿੰਤਕ ਹਨ।

**ਸ਼ਰਫਦੀਨ**

ਆਪ ਨੇ ਕਪੂਰ ਸਿਘ ਨਾਲ ਰਲ ਕੇ ਦੋ ਕਾਵਿ-ਪੁਸਤਕਾਂ 'ਟੁਟੀ ਯਾਰੀ ਦੇ ਦੁਖ' ਅਤੇ 'ਤਿੰਨ ਪਤ ਮਛਲੀ ਦੇ' ਪ੍ਰਕਾਸ਼ਿਤ ਕੀਤੀਆਂ। ਦੋਹਾਂ ਪੁਸਤਕਾਂ ਭਾਟੀਆ ਐਂਡ ਕੰਪਨੀ ਅੰਬਾਲਾ ਸ਼ਹਿਰ ਨੇ ਪ੍ਰਕਾਸ਼ਿਤ ਕੀਤੀਆਂ।

**ਸ਼ਰਮਾ, ਸੀ. ਆਰ** (੧੯੩੯)

ਆਪ ਦੀ ਪੁਸਤਕ 'ਜਪੁਜੀ ਸਾਹਿਬ ਸਟੀਕ' ਬੀਬੀ ਮਾਇਆ ਵੰਤੀ ਅੰਮ੍ਰਿਤਸਰ ਨੇ ੧੯੯੬ ਬਿ: ਵਿਚ ਪ੍ਰਕਾਸ਼ਿਤ ਕੀਤੀ।

**ਸ਼ਰਮ ਸਿੰਘ ਮਨਧੀਰ** (—ਜੀਵਤ)

ਆਪ ਦਾ ਜਨਮ ਸ. ਮੰਗਲ ਸਿੰਘ ਲਾਇਲ ਪੁਰ ਦੇ ਘਰ ਹੋਇਆ।

ਕਾਫੀ ਚਿਰ ਰੋਜ਼ਾਨਾ 'ਨਵਾਂ ਹਿੰਦੁਸਤਾਨ' ਅਤੇ ਤ੍ਰੈਮਾਸਕ 'ਨਾਮਧਾਰੀ ਸਮਾਚਾਰ' ਹਿੰਦੀ ਦੇ ਉਪ ਸੰਪਾਦਕ ਰਹੇ।

ਆਪ ਕੁਝ ਸੰਸਾਰ ਪ੍ਰਸਿਧ ਅੰਗਰੇਜ਼ੀ ਨਾਵਲਾਂ ਦੇ ਪੰਜਾਬੀ ਅਨੁਵਾਦਕ ਵੀ ਹਨ।

**ਸ਼ਰਮਾ, ਸਤਪਾਲ** (੭ ਮਈ ੧੯੪੬—ਜੀਵਤ)

ਆਪ ਗਰਾਂਗਣ ਜ਼ਿਲਾ ਪਟਿਆਲਾ ਦੇ ਨਿਵਾਸੀ ਸ੍ਰੀ ਰਾਮ ਜੀ ਦਾਸ ਦੇ ਸਪੁਤਰ ਹਨ।

ਪਜਾਬੀ ਦੇ ਸਰਗਰਮ ਤੇ ਪੰ_ਗਰਦੇ ਕਹਾਣੀਕਾਰ ਹਨ।

ਆਪ ਨੂੰ ਸਾਂਝੀ ਪੰਜਾਬੀਅਤ ਨਾਲ ਬੜਾ ਪਿਆਰ ਹੈ।

**ਬ਼ੇਰ ਮੁਹੰਮਦ, ਨਾਸਰ** (੧੯੦੮—)

ਆਪ ਦਾ ਜਨਮ ਲਾਹੌਰ ਵਿਚ ਹਕੀਮ ਅਲਾਦੀਨ ਸੰਧੂ ਦੇ ਘਰ ਹੋਇਆ। ੧੯੧੮ ਵਿਚ ਆਪਨੇ ਕਵਿਤਾ ਲਿਖਣੀ ਸ਼ੁਰੂ ਕੀਤੀ। ਬਾਰ੍ਹਾਂ ਸਾਲਾਂ ਦੀ ਉਮਰ ਵਿਚ ਕੁਰਾਨ ਕੰਠ ਕੀਤਾ। ਪਿਤਾ ਤੋਂ ਹਿਕਮਤ ਸਿਖਣ ਪਿਛੋਂ ਹਕੀਮੀ ਦਾ ਕੰਮ ਕਰਨ ਲਗ ਪਏ।

ਆਪ ਦੀਆਂ ਕੁਝ ਕਿਤਾਬੜੀਆਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਆਪ ਦੀਆਂ 'ਹਿਜ਼ਾਮਿਨ ਫਜ਼ਲ ਰਬੀ' ਲਾਹੌਰ ਦੀ ਸੈਲ,' 'ਸਾਥੀ' ਆਦਿਕ ਕਵਿਤਾਵਾਂ ਬੜੀਆਂ ਪ੍ਰਸਿਧ ਹਨ। ਆਪ ਦੀ ਕਵਿਤਾ ਵਿਚ ਸਮਾਜਕ ਤੇ ਪ੍ਰਕਿਤਕ ਪਖ, ਸ਼ਿੰਗਾਰ ਦੀ ਅਪੇਖਿਆ ਵਧੇਰੇ ਬਲਵਾਨ ਹੈ। ਬੋਲੀ ਲੋਕਿਕ ਹੈ। ਬਿਬਾਵਲੀ ਭਰਪੂਰ ਤੇ ਮੌਲਿਕ ਹੈ।

ਇਸ ਮੰਡੀ ਦਾ ਕੀ ਪੁਛਣਾ ਏਂ,
ਇਹ ਹੀ ਜਗੋਂ ਬਾਹਰੀ ਮੰਡੀ।
ਨਾ ਜਿਨਸਾਂ ਨਾ ਤਕੜੀ ਵਟੇ,
ਤੇ ਨਾ ਝੋਕਾਂ ਖਾਵੇ ਡੰਡੀ।
ਇਥੇ ਵਿਕਣ ਧੀਆਂ, ਭੈਣਾਂ,
ਮਾਵਾਂ ਦੀ ਵੀ ਪੈ ਜਾਏ ਵੰਡੀ।
ਇਸ ਮੰਡੀ ਦੀ ਹਰ ਇਕ ਤੀਵੀਂ,
ਰਾਤ ਸੁਹਾਗਣ, ਦਿਨ ਨੂੰ ਰੰਡੀ।

—ਲਾਹੌਰ ਦੀ ਸੈਰ ਹੀਰਾ ਮੰਡੀ

**ਸ਼ਰਮਾ, ਜਗਤਜੀਤ** (੨੦ ਸਤੰਬਰ ੧੯੪੧—ਜੀਵਤ)

ਆਪ ਦੇ ਪਿਤਾ ਸ੍ਰੀ 'ਦੌਲਤ ਰਾਮ ਬਨਬਾਸੀ' ਲਖਨਊ ਵਿਚ ਭਾਰਤ ਸਰਕਾਰ ਦੇ ਫਿਲਮ ਵਿਭਾਗ ਵਿਚ ਕੰਮ ਕਰਦੇ ਹਨ। ਵਿਦਿਆ ਐਫ. ਏ. ਤਕ ਹੈ।

ਆਪ ਪੰਜਾਬੀ ਵਿਚ ਕਹਾਣੀਆਂ, ਕਵਿਤਾਵਾਂ ਲਿਖਦੇ ਹਨ।

**ਸ਼ਰਮਾ, ਧਰਮ ਦਤ** (੧੫ ਮਾਰਚ ੧੯੪੪—ਜੀਵਤ)

ਆਪ ਨਾਭੇ ਦੇ ਨਿਵਾਸੀ ਅਤੇ ਸ੍ਰੀ ਦੇਸ਼ ਰਾਜ ਸ਼ਰਮਾ ਦੇ ਸਪੁਤਰ ਹਨ।

ਪਜਾਬੀ ਵਿਚ ਨਿਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖਦੇ ਹਨ।

**ਸ਼ਰਮਾ, ਨਿਰੰਜਣ, ਸੇਖਾ** (ਜਨਵਰੀ ੧੯੩੧—ਜੀਵਤ)

ਜਨਮ ਪਿੰਡ ਸੇਖਾ ਜ਼ਿਲਾ ਸੰਗਰੂਰ ਵਿਚ ਪੰਡਿਤ ਪਰਸ ਰਾਮ ਦੇ ਘਰ ਹੋਇਆ। ਪਿਤਾ ਦਾ ਸਾਇਆ ਸਿਰ ਤੇ ਨਾ ਹੋਣ ਕਰਕੇ ਆਪਦੀ ਕੁਮਾਰ-ਅਵਸਥਾ ਚਿੰਤਾਵਾਂ ਵਿਚ ਗੁਜ਼ਰੀ। ਅਜ ਕਲ ਆਪਣੇ ਨਾਨਕੇ ਪਿੰਡ ਰਾਮਪੁਰੇ ਵੈਦ ਦੀ ਹਟੀ ਕਰਦੇ ਹਨ।

'ਕੰਵਲ-ਪਤੀਆਂ' ਤੇ 'ਪੰਜਾਬੀ ਜੀਵਨ' ਨਾਂ ਦੀਆਂ ਪੁਸਤਕਾਂ ਵਿਚ ਆਪ ਦੀਆਂ ਰਚਨਾਵਾਂ ਮਿਲਦੀਆਂ ਹਨ।

ਹਾਸ ਰਸ ਦੇ ਵਿਸ਼ੇਸ਼ਗ ਹਨ ਤੇ ਬਹੁਤ ਸਾਰੇ ਰਸਾਲਿਆਂ ਵਿਚ ਆਪ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।

**ਸ਼ਰਮਾ, ਪਰੇਮ ਦਾਸ** (੧੮ ਜੂਨ, ੧੯੩੩—ਜੀਵਤ)

ਆਪ ਪੰਡਿਤ ਫਿਬੂ ਰਾਮ ਦੇ ਸਪੁਤਰ ਅਤੇ ਪੰਜਾਬ ਲੋਕ ਸੰਪਰਕ ਵਿਭਾਗ ਦੇ ਕਲਾਕਾਰ ਹਨ। ਐਫ. ਏ ਅਤੇ ਪ੍ਰਭਾਕਰ ਆਦਿਕ ਯੋਗਤਾਵਾਂ ਆਪਦੀ ਵਿਦਿਆ ਵਿਚ ਸ਼ਾਮਲ ਹਨ।

ਪੰਜਾਬੀ ਅਤੇ ਹਿੰਦੀ ਵਿਚ ਆਪ ਨਿਕੀਆਂ ਕਹਾਣੀਆਂ ਦੀ ਰਚਨਾ ਕਰਦੇ ਹਨ।

**ਸ਼ਰਮਾ, ਰਾਜਿੰਦਰ ਨਾਥ** (੨੨ ਮਾਰਚ ੧੯੨੬—ਜੀਵਤ)

ਆਪ ਸ੍ਰੀ ਕੁੰਜ ਲਾਲ ਸ਼ਰਮਾ ਦੇ ਸਪੁਤਰ ਅਤੇ ਨਗਰੋਟਾ ਬਾਗਵਾਨ ਦੇ ਨਿਵਾਸੀ ਹਨ। ਵਿਦਿਆ ਦਸਵੀਂ ਤਕ ਹੈ।

ਪੰਜਾਬੀ ਅਤੇ ਹਿੰਦੀ ਵਿਚ ਕਵਿਤਾਵਾਂ ਅਤੇ ਨਿਕੀਆਂ ਕਹਾਣੀਆਂ ਲਿਖਦੇ ਹਨ।

**ਸ਼ਰਮਾ, ਰਾਜੇਸ਼ ਵਰ ਕੁਮਾਰ** (—ਜੀਵਤ)

ਜਨਮ ਐਮਨਾਬਾਦ, ਜ਼ਿਲਾ ਗੁਜਰਾਂ ਵਾਲਾ ਵਿਖੇ ਨੇਮ ਨਾਥ ਸ਼ਰਮਾ ਦੇ ਘਰ ਹੋਇਆ। ਦਿਆਲ ਸਿੰਘ ਕਾਲਜ ਲਾਹੌਰ ਤੋਂ ਬੀ. ਏ. ਕਰਨ ਪਿਛੋਂ ਐਮ. ਏ. (ਇਤਿਹਾਸ) ਪ੍ਰਾਈਵੇਟ ਕੀਤੀ। ਅਜ ਕਲ ਮਹਿਕਮਾ ਖੇਤੀ ਬਾੜੀ ਪੰਜਾਬ ਚੰਡੀਗੜ੍ਹ ਵਿਚ ਹਨ।

'ਆਂਦਰਾਂ ਦਾ ਸਾਕ' 'ਤਰੇੜਾਂ' 'ਇਕ ਨੁਕਤਾ ਇਕ ਦੁਨੀਆਂ' ਤਿੰਨ ਕਹਾਣੀ—ਸੰਗ੍ਰਹਿ ਹਨ। 'ਜੀਣ ਦਾ ਰਸ' ਨਾਂ ਦੀ ਚੌਥੀ ਪੁਸਤਕ ਬਚਿਆਂ ਲਈ ਹੈ। ਉਰਦੂ ਵਿਚ ਵੀ ਆਪ ਦੀ ਕਲਮ ਬੜੀ ਸ਼ਾਂਵੀ ਚਲਦੀ ਹੈ।

ਆਪ ਸਮਾਜ ਦਾ ਸਮਾਜਕ-ਆਰਥਕ ਅਧਿਅਨ ਕਰਦੇ ਹਨ। ਕਲਰਕਾਂ ਦੀਆਂ ਤਲਖੀਆਂ ਆਪਦੇ ਅਨੁਭਵ ਦਾ ਵਿਸ਼ੇਸ਼ ਹਿਸਾ ਹਨ। ਸਾਂਝੀ ਪੰਜਾਬੀ ਕਲਚਰ ਦੇ ਹਾਮੀ ਹਨ। ਆਪ ਨੂੰ ਵਿਚਾਰਸ਼ੀਲ ਸਾਹਿਤਕਾਰਾਂ ਵਿਚ ਗਿਣਿਆ ਜਾਂਦਾ ਹੈ।

**ਸ਼ਿਵ ਸਿੰਘ ਪਰਵਾਨਾ** (੧ ਫਰਵਰੀ ੧੯੩੬—ਜੀਵਤ)

ਆਪ ਸ. ਲਛਮਣ ਸਿੰਘ ਦੇ ਸਪੁਤਰ ਅਤੇ ਰਜਿਸਟਰਾਰ ਕੰਪਨੀਜ਼ ਜਾਲੰਧਰ ਦੇ ਮੁਲਾਜ਼ਮ ਹਨ।

ਪੰਜਾਬੀ ਕਵਿਤਾ ਦੀ ਰਚਨਾ ਆਪਦਾ ਖਾਸ ਸਿਦਕ ਤੇ ਸ਼ੁਗਲ ਹੈ।

**ਸ਼ਿਵ ਦਿਆਲ**

ਆਪ ਦਾ ਕਿਸਾ 'ਰੂਪ ਬਸੰਤ' ਸੰਪੂਰਨ ਸਿੰਘ ਹਰਬੰਸ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ।

**ਸ਼ਿਵ ਦਿਆਲ** (੧੯੨੧—)

ਵਿਦਿਆ : ਐਮ. ਏ. ਤਕ ਹੈ। ਆਪਦੀ ਪੁਸਤਕ 'ਪੰਜਾਬੀ ਬੁਝਾਰਤਾਂ' ਮੁਫ਼ੀਦ ਆਲਮ ਪਰੈਸ ਲਾਹੌਰ ਨੇ ੧੯੨੧ ਈਸਵੀ ਵਿਚ ਪ੍ਰਕਾਸ਼ਿਤ ਕੀਤੀ।

**ਸ਼ਿਵ ਦਿਆਲ ਉਰਫ ਪੰਨਾ ਲਾਲ**

ਆਪ ਨੇ ਉਰਦੂ ਪੰਜਾਬੀ ਵਿਚ ਜਪੁਜੀ ਸਾਹਿਬ ਸਟੀਕ ਰਚੀ ਜਿਸਨੂੰ ਮੁਫੀਦ ਆਲਮ ਪਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤਾ।

**ਸ਼ਿਵਦੇਵ ਸਿੰਘ ਗਿਆਨੀ**

ਆਪ ਦੀ ਇਤਿਹਾਸ-ਪੁਸਤਕ 'ਦਿਲੀ ਦਰਬਾਰ' ਗੁਰਬਖਸ਼ ਪਰੈਸ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਸ਼ਿਵ ਨਾਥ 'ਜੰਮੂਵਾਲੇ'** (—੧੮੯੨—)

ਆਪ ਦੀ ਕਾਵਿ-ਪੁਸਤਕ 'ਬਿਸ਼ਨਪਦ ਦੋਹਾਵਲੀ' ਰਣਬੀਰ ਪ੍ਰਕਾਸ਼ ਪਰੈਸ ਜੰਮੂ ਨੇ ੧੯੪੯ ਬਿ: ਵਿਚ ਪ੍ਰਕਾਸ਼ਿਤ ਕੀਤੀ।

**ਸ਼ਿਵਨਾਥ ਪੰਡਿਤ ਯੋਗੀ** (—੧੮੮੩—)

ਆਪ ਪੰਜਾਬ ਦੇ ਪ੍ਰਸਿਧ ਵਿਦਵਾਨ ਅਤੇ ਪਿੰਗਲਕਾਰ ਸਨ। ਬਾਬੂ ਤੇਜਾ ਸਿੰਘ ਪੰਚ ਖੰਡ ਭਸੌੜ ਨੇ

ਆਪਦੀ ਰਾਜਨੀਤਕ ਪੁਸਤਕ 'ਖਾਲਸਾ ਪੰਚਤੰਤਰ ਨੂੰ ੧੯੨੦ ਵਿਚ ਸੋਧ ਕੇ ਪ੍ਰਕਾਸ਼ਿਤ ਕਰਵਾਇਆ।

ਆਪ ਦੀਆਂ ਹੇਠ ਲਿਖੀਆ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ :

(੧) ਪੰਜਾਬੀ ਛੰਦ ਰਤਨਾਵਲੀ, ੧੯੧੩, (੨) ਬੁਧੀ ਸੁਧਾਰ ਰਾਜਨੀਤੀ, ੧੯੫੯ ਬਿ. (੩) ਪੰਚਤੰਤ੍ਰ ਜੂਨ ੧੯੨੫, (੪) ਖਾਲਸਾ ਪੰਚਤੰਤਰ, ੧੯੨੦, (੫) ਹਿੰਦ ਦਾ ਇਤਿਹਾਸ ੧੮੮੩, ਅਤੇ ਹਨੂਮਾਨ ਨਾਟਕ ਸਟੀਕ, ੧੯੧੬।

**ਬ੍ਰਿਜ ਬ੍ਰਤ ਲਾਲ ਵਰਮਨ** (-੧੯੦੮-)

ਆਪਦੀ ਵਾਰਤਾ ਪੁਸਤਕ 'ਪੰਜਾਬੀ ਸੂਰਮਾ ਬਹਾਦਰ ਸਿੰਘ' ੧੯੦੮ ਈ: ਵਿਚ ਭਾਰਤ ਲਿਟਰੇਚਰ ਕੰਪਨੀ ਲਾਹੌਰ ਨੇ ਪ੍ਰਕਾਸ਼ਿਤ ਕੀਤੀ।

**ਸ਼ਿਵਰਾਮ ਉਦਾਸੀਨ**

ਆਪ ਆਪਣੇ ਸਮੇਂ ਦੇ ਪ੍ਰਸਿਧ ਗੁਰਮਤ ਵਿਦਵਾਨ ਸਨ। ਆਪਦੀ ਧਰਮ ਪੁਸਤਕ 'ਗੁਰਮਤ ਵਿਚਾਰ ਸੂਰਜ' (ਪਹਿਲਾ ਭਾਗ), ਨਰਿੰਦਰ ਪ੍ਰੈਸ ਅੰਮ੍ਰਿਤਸਰ ਨੇ ੩੨੪ ਸਫਿਆਂ ਦੇ ਵਿਸਤਾਰ ਵਿਚ ਪ੍ਰਕਾਸ਼ਿਤ ਕੀਤੀ।

# ਅੰਤਿਕਾ

## ਅ

**ਅਜੀਤ ਸਿੰਘ** (੧੯੩੬—ਜੀਵਤ)

ਆਪਦਾ ਜਨਮ ਜਲੰਧਰ ਵਿਚ ਸ: ਸ਼ੇਰ ਸਿੰਘ ਦੇ ਘਰ ਹੋਇਆ। ੧੯੫੨ ਦੇ ਸਾਲ ਪੰਜਾਬੀ ਪਤਰਕਾਰੀ ਵਿਚ ਆਏ। ਅਜਕਲ ਰੋਜ਼ਾਨਾ 'ਅਜੀਤ' ਵਿਚ ਉਪ ਸੰਪਾਦਕ ਹਨ। 'ਅਕਾਲੀ ਪਤਰਕਾ' ਵਿਚ ਛੱਪੇ "ਕਾਤਲ" "ਸੈਲਾਬ" ਆਦਿਕ ਲੜੀਵਾਰ ਪਤਰ-ਨਾਵਲ ਆਪਦੀ ਘਾਲਣਾ ਵਿਚ ਸ਼ਾਮਲ ਹਨ।

**ਅਜੀਤ ਸਿੰਘ ਬਾਸੀ** (੧੯੩੬—ਜੀਵਤ)

ਆਪਦਾ ਜਨਮ ਬੁੰਡਾਲਾ ਜ਼ਿਲਾ ਜਲੰਧਰ ਵਿਚ ਸ: ਹਰਬੰਸ ਸਿੰਘ ਦੇ ਘਰ ਹੋਇਆ। ਸ਼ੁਰੂ ਤੋਂ ਹੀ "ਪ੍ਰਗਤੀਵਾਦੀ ਲੋਕ-ਲਹਿਰਾਂ" ਵਿਚ ਸਰਗਰਮ ਹਿੱਸਾ ਲੈਂਦੇ ਰਹੇ। ਵਿਦਿਆ ਬੀ. ਏ., ਜੇ. ਡੀ. ਤਕ ਹੈ। ਪੰਜਾਬੀ ਦੀਆਂ ਸਾਰੀਆਂ ਰੋਜ਼ਾਨਾ ਅਖਬਾਰਾਂ ਵਿਚ ਕੰਮ ਕਰ ਚੁਕੇ ਹਨ। ਕਾਫੀ ਸਾਰੀਆਂ ਕਵਿਤਾਵਾਂ ਦੇ ਰਚਤਾ ਹਨ। ਅਜਕਲ ਚੰਡੀਗੜ੍ਹ ਹੁੰਦੇ ਹਨ।

**ਅਜੀਤ ਸਿੰਘ ਮੁਸਾਫਰ** (—ਜੀਵਤ)

ਗੁਰੂ ਨਾਨਕ ਬਗੀਚੀ ਮਥੁਰਾ ਦੇ ਸੰਚਾਲਕ ਹਨ। ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹਨ। ਅਖਬਾਰਾਂ ਦੇ ਨਿਕਟਵਰਤੀ ਰਹਿੰਦੇ ਹਨ।

**ਆਤਮਾ ਰਾਮ ਗਿਆਨੀ** (—ਜੀਵਤ)

ਆਪ ਚਲਣ ਵਾਲਾ ਜ਼ਿਲਾ ਸੰਗਰੂਰ ਦੇ ਨਿਵਾਸੀ ਹਨ। ਪੰਜਾਬੀ ਵਿਚ ਕਵਿਤਾਵਾਂ ਕਹਾਣੀਆਂ ਲਿਖਦੇ ਹਨ।

**ਅਨੰਤ ਸਿੰਘ ਕਾਬਲੀ** (੧੬ ਅਪ੍ਰੈਲ ੧੯੧੨—ਜੀਵਤ)

ਆਪਦਾ ਜਨਮ ਪਿੰਡ ਹਰਨਪੁਰ ਤਹਿਸੀਲ ਦਾਦਨ ਖਾਨ ਵਿਚ ਸ: ਲਖਮੀਰ ਸਿੰਘ ਦੇ ਘਰ ਹੋਇਆ। ਚਰਨ ਸਿੰਘ ਸ਼ਹੀਦ ਦੀ ਪਰੇਰਨਾ ਅਤੇ ਆਪਣੇ ਮੌਲਿਕ ਆਵੇਸ਼ ਨੇ ਆਪਨੂੰ ਜਵਾਨੀ ਵਿਚ ਹੀ ਵਧੀਆ ਹਾਸਰਸਕਾਰ ਬਣਾ ਦਿਤਾ। ੧੯੩੯—੪੨ ਵਿਚ ਵਖੋ ਵਖ ਪੰਜਾਬੀ ਪਤਰਾਂ ਵਿਚ ਸੰਪਾਦਕ ਰਹੇ। ਫਤਹ ਪ੍ਰੀਤਮ ਵਿਚ ਇਸ਼ਤਿਹਾਰ ਮੈਨੇਜਰੀ ਤੇ ਮੌਜੀ ਸੰਪਾਦਨਾ ਕੀਤੀ। ਅਜਕਲ ਆਪ ਚੰਡੀਗੜ੍ਹ ਵਿਚ ਆਰਥਕ ਅੰਕੜਿਕ ਵਿਭਾਗ ਵਿਚ ਹਨ।

ਪੰਜਾਬੀ ਪਤਰਾਂ ਅਤੇ ਆਕਾਸ਼ਵਾਣੀ ਰਾਹੀਂ ਆਪ ਦੀਆਂ ਦੋ ਕੁ ਸੌ ਰਚਨਾਵਾਂ ਲੋਕਾਂ ਤਕ ਪਹੁੰਚ ਚੁਕੀਆਂ ਹਨ। 'ਕੰਵਲ' ਮਾਸਕ ਪਤਰ ਵਿਚ ਆਪ ਪੱਕੇ ਸਤੰਭਕਾਰ ਹਨ

ਆਪਦੀ ਵਿਦਿਆ ਬੀ. ਏ.,ਗਿਆਨੀ ਤਕ ਹੈ । ਆਪਦੀ ਸ਼ੈਲੀ ਚੁਸਤ, ਸਰਲ ਅਤੇ ਲੋਕਿਕ ਹੈ।

**ਅੰਮ੍ਰਿਤ ਦਸੂਹੀ**

ਵੇਖੋ

ਅੰਮ੍ਰਿਤ ਲਾਲ ਰਿਸ਼ੀ ਦਸੂਹੀ

**ਅੰਮ੍ਰਿਤ ਲਾਲ ਰਿਸ਼ੀ, ਦਸੂਹੀ** (੧ ਸਤੰਬਰ ੧੯੨੫)

ਆਪਦਾ ਜਨਮ ਦਸੂਹਾ, ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ । ਡੀ. ਏ. ਵੀ. ਸਕੂਲ ਦਸੂਹਾ ਤੋਂ ਦਸਵੀਂ ਕਰਨ ਪਿਛੋਂ ਆਪ ਉਤਰੀ ਰੇਲਵੇ ਵਿਚ ਕਲਰਕ ਰਹੇ।

ਆਪਦੇ ਬਾਬਾ ਮੁਲਖ ਰਾਜ ਆਜ਼ਾਦ (—੧੯੪੩) ਵੀ ਦੁਆਬੇ ਦੇ ਪਰਸਿੱਧ ਸ਼ਾਇਰ ਹੋਏ ਹਨ ।

ਪਿੰਗਲ—ਅਰੂਜ਼ ਬਾਰੇ ਆਪਣੇ ਇਕ ਸ਼ਾਸਤਰਾਰਥ ਲਿਖਿਆ ਹੈ । ਦੁਆਬੇ ਦੇ ਬਹੁਤ ਸਾਰੇ ਕਵੀਆਂ ਬਾਰੇ ਆਪ ਨੇ ਤੱਥ ਇਕੱਠੇ ਕੀਤੇ ਹਨ ।

ਆਪ ਰੋਜ਼ਾਨਾ 'ਅਜੀਤ' ਦੇ ਪੱਕੇ ਸਤੰਭਕਾਰ (''ਅਜ ਦੀ ਗਲ'') ਸਨ । ਭੂਮੀਦਾਨ ਤੇ ਧਰਤੀ ਦੇ ਫੁੱਲ ਆਪਦੀਆਂ ਪ੍ਰਸਿਧ ਰਚਨਾਵਾਂ ਹਨ ।

**ਅਮਰ ਸਿੰਘ ਦੁਸਾਂਝ** (੧੯੧੫—ਜੀਵਤ)

ਆਪਦਾ ਜਨਮ ਦੁਸਾਂਝ ਕਲਾਂ ਵਿਚ ਸ: ਕਰਤਾਰ ਸਿੰਘ ਦੇ ਘਰ ਹੋਇਆ । ਅਰੰਭਕ ਵਿਦਿਆ ਉਰਦੂ-ਫਾਰਸੀ ਬੜੀ ਤੇਜ਼ੀ ਨਾਲ ਲਈ । ਸਾਲ ਵਿਚ ਚਾਰ ਜਮਾਤਾਂ ਵੀ ਕੀਤੀਆਂ । ਖੇਡਾਂ ਵਿਚ ਖ਼ੂਬ ਸਰਗਰਮ ਹਿਸਾ ਲਿਆ । ੧੯੩੬ ਵਿਚ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਸਿਖ ਸਿਧਾਂਤ ਦੇ ਪਰਚਾਰ ਦੀ ਵਿਦਿਆ ਹਾਸਲ ਕੀਤੀ। ੧੯੩੬ ਵਿਚ ਸਪਤਾਹਿਕ ਅਜੀਤ ਦੀ ਨੀਂਹ ਰਖੀ । ੧੯੪੩ ਵਿਚ ਸਿਖ ਨੀਊਜ਼ ਪੇਪਰਜ਼ ਲਿਮਟਿਡ ਦੀ ਨੀਂਹ ਰਖੀ ਤੇ ਅਕਾਲੀ ਪਤਰਕਾ ਅਤੇ ਅਜੀਤ ਨੂੰ ਸਰਗਰਮ ਹੋਂਦ ਵਿਚ ਲਿਆਂਦਾ ।

ਪਤਰਕਾਰ ਅਤੇ ਸਾਹਿਤਕ ਨਿਬੰਧਕਾਰ ਵਜੋਂ ਆਪ ਦਾ ਸਥਾਨ ਉੱਚਾ ਹੈ ਕਿਉਂਕਿ ਆਪ ਨੇ ਸ਼ਬਦ ਦੀ ਸੁੰਦਰਤਾ ਕਮਾਈ ਹੈ ਅਤੇ ਸਰਵੋਦੈ ਵਿਚਾਰਧਾਰਾ ਨੂੰ ਮੁਖ ਰਖਦਿਆਂ ਉਦਾਰਚਿਤ ਸਿਖ ਰਾਜਨੀਤੀ ਦਾ ਵਿਚਾਰ ਪਰਚਲਨ ਵਿਚ ਲਿਆਂਦਾ ਹੈ ।

ਆਪ ਫਿਰਕਾਪ੍ਰਸਤੀ ਦੇ ਵਿਰੁਧ ਹਨ ।

ਆਪਦੀ ਕਲਮ ਅਤੇ ਜ਼ਬਾਨ ਦੋਵੇਂ' ਸ਼ਬਦ-ਸੁੰਦਰਤਾ ਦੀਆਂ ਮਾਧਿਅਮ ਹਨ । ਅਜਕਲ ਅਕਾਲੀ ਪਤਰਕਾ ਦੇ ਮੈਨੇਜਿੰਗ ਐਡੀਟਰ ਹਨ।

## ਸ

**ਸੋਹਣ ਸਿੰਘ** (੪ ਨਵੰਬਰ, ੧੯੦੭—ਜੀਵਤ)

ਆਪਦੇ ਪਿਤਾ ਸ: ਸ਼ਾਮ ਸਿੰਘ ਪਿੰਡ ਭਕਨਾ, ਜ਼ਿਲਾ ਅੰਮ੍ਰਿਤਸਰ ਦੇ ਨਿਵਾਸੀ ਸਨ । ਉਹ ਇੰਜੀਨੀਅਰ ਅਤੇ ਵਿਦਵਾਨ ਸਨ ।

ਆਪਨੇ ਖਾਲਸਾ ਕਾਲਜ ਅੰਮ੍ਰਿਤਸਰੋਂ ਅਠਵੀਂ ਕਰਨ ਪਿਛੋਂ ਜੋਧਪੁਰ ਜਾ ਕੇ ਦਸਵੀਂ ਤੋਂ ਬੀ. ਏ. ਤਕ ਦੀ ਪੜ੍ਹਾਈ ਕੀਤੀ । ਫਿਰ ਗੌਰਮਿੰਟ ਕਾਲਜ ਲਾਹੌਰੋਂ ਫਿਲਾਸਫੀ ਦੀ ਐਮ. ਏ, ਫ਼ਸ੍ਟ ਕਲਾਸ ਫ਼ਸਟ ਰਹਿੰਦਿਆਂ ਕੀਤੀ । ਇਸ ਪਿਛੋਂ ਲੰਡਨ ਗਏ ਜਿਥੇ ਆਪਨੇ ਫਿਲਾਸਫੀ ਦੀ ਐਮ. ਏ. ਚੰਗੀ ਪਦਵੀ ਸਹਿਤ ਕੀਤੀ । 12-13 ਸਾਲ ਦਿਆਲ ਸਿੰਘ ਕਾਲਜ

ਲਾਹੌਰ ਵਿਚ ਲਾਇਬਰੇਰੀਅਨ ਰਹਿਣ ਪਿਛੋਂ ਇਸੇ ਸੰਸਥਾ ਵਿਚ ਹੀ ਫਿਲਾਸਫੀ ਦੇ ਪਰੋਫੈਸਰ ਲਗ ਗਏ। ੧੯੪੭-੬੨ ਦਾ ਸਮਾਂ ਆਪਨੇ ਭਾਰਤ ਸਰਕਾਰ ਦੇ ਸਿਖਿਆ ਮੰਤਰਾਲੇ ਅਧੀਨ ਬਿਤਾਇਆ। ਇਸ ਦੌਰਾਨ ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਉਚਤਮ ਵਿਦਿਅਕ ਮਾਮਲਿਆਂ ਵਿਚ ਸਰਕਾਰ ਦਾ ਹੱਥ ਵਟਾਂਦੇ ਰਹੇ। ਫਿਰ ਕੁਝ ਚਿਰ ਰਾਜਸਥਾਨ ਯੂਨੀਵਰਸਿਟੀ ਵਿਚ ਬਾਲਗ ਵਿਦਿਆ ਵਿਭਾਗ ਦੇ ਮੁਖੀ ਰਹੇ ਤੇ ਹੁਣ ੧੯੬੩ ਤੋਂ ਏਸ਼ੀਅਨ ਫਾਊਂਡੇਸ਼ਨ ਦੇ ਪਰੋਗਰਾਮ ਐਡਵਾਈਜ਼ਰ ਅਤੇ ਡਾਇਰੈਕਟਰ ਹਨ।

ਪੰਜਾਬੀ ਨੂੰ ਆਪਦੀ ਦੇਣ ਸੁਮਣਵਾਣੀ, ਹਰੀ ਗੀਤਾ, ਸਾਡਾ ਵਿਧਾਨ, ਗੁਰੂ ਨਾਨਕ, ਹਰਣੀ ਰਾਣੀ, ਰਾਜ ਕੁਮਾਰ, ਸੁਮੇਰ ਆਦਿਕ ਪੁਸਤਕਾਂ ਦੁਆਰਾ ਹੈ। ਆਪ ਦੀਆਂ ਅੰਗਰੇਜ਼ੀ ਪੁਸਤਕਾਂ ਨੂੰ ਵੀ ਵਿਸ਼ਾਲ ਮਾਨਤਾ ਪ੍ਰਾਪਤ ਹੈ, ਇਨ੍ਹਾਂ ਦਾ ਪ੍ਰਧਾਨ ਵਿਸ਼ੈ ਸਿਖਿਆ ਹੈ।

ਸ: ਸੋਹਣ ਸਿੰਘ ਇਕ ਕਮਾਈ ਵਾਲੇ ਵਿਦਵਾਨ ਅਤੇ ਬੁਧੀਮਾਨ ਹਨ। ਆਪ ਨੇ ਪੰਜਾਬ ਦੀ ਆਤਮਾ ਨੂੰ ਹੋਰ ਕੌਮਾਂ ਤਕ ਪਹੁੰਚਾਉਣ ਲਈ ਜੀਵਨ ਦਾ ਵਡਾ ਭਾਗ ਦਾਨ ਕੀਤਾ ਹੈ।

ਆਪਦੀ ਸ਼ੈਲੀ ਸਾਦਗੀ, ਸੁੰਦਰਤਾ ਅਤੇ ਸੁਆਦ ਨਾਲ ਸੁਜਿੰਦ ਹੈ।

**ਸਤਿਨਾਮ ਸਿੰਘ** (੧ ਮਾਰਚ ੧੯੩੮—ਜੀਵਤ)

ਆਪਦਾ ਜਨਮ ਪਿੰਡ ਧਰਮਪੁਰਾ (ਚੱਕ ੧੧) ਜ਼ਿਲਾ ਸ਼ੇਖੂਪੁਰਾ ਵਿਚ ਸ੍ਰੀ ਪੂਰਨ ਸਿੰਘ ਦੇ ਘਰ ਹੋਇਆ। ਵੰਡ ਪਿਛੋਂ ਪਿੰਡ ਬਾਬੈਨ ਜ਼ਿਲਾ ਕਰਨਾਲ ਵਿਚ ਆ ਟਿਕੇ। ੧੯੫੪ ਵਿਚ ਦਸਵੀਂ ਕੀਤੀ ਅਤੇ ਹਿਸਾਰ, ਗੁੜਗਾਉਂ, ਸ਼ਿਮਲਾ, ਅੰਬਾਲਾ ਆਦਿ ਥਾਵਾਂ ਉਤੇ ਪੀ. ਡਬਲਯੂ. ਡੀ. ਦੇ ਕਲਰਕ ਰਹੇ। ੧੯੫੯ ਤੋਂ ਚੰਡੀਗੜ੍ਹ ਹੁੰਦੇ ਹਨ। ਬਚਪਨ ਤੋਂ ਗੁਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਨਾਲ ਅਸੀਮਤ ਪਿਆਰ ਸੀ, ੧੯੫੩ ਵਿਚ ਆਪਨੇ ਬਾਬਾ ਅਵਤਾਰ ਸਿੰਘ ਜੀ ਨਿਰੰਕਾਰੀ ਤੋਂ ਪਰਮਾਤਮਾ ਦਾ ਗਿਆਨ ਪ੍ਰਾਪਤ ਕੀਤਾ। ਉਦੋਂ ਤੋਂ ਹੀ ਅਧਿਆਤਮਕ ਕਵਿਤਾਵਾਂ ਲਿਖਦੇ ਆ ਰਹੇ ਹਨ।

ਬੁਕਲ ਚੋਂ ਜਾਂ ਚੋਰ ਨਿਕਲਿਆ,
ਮੈਂ ਕੁਝ ਹੋਰ ਦਾ ਹੋਰ ਨਿਕਲਿਆ,
ਜਿਸਦੀ ਪੈਲ ਤੇ ਰੀਝ ਗਿਆ ਸਾਂ,
ਉਹ ਬਸ ਮਨ ਦਾ ਮੋਰ ਨਿਕਲਿਆ।

**ਸਾਧੂ ਸਿੰਘ ਹਮਦਰਦ** (੧੯੧੮—ਜੀਵਤ)

ਆਪਦਾ ਜਨਮ ਪਿੰਡ ਪੱਦੀ ਮੱਟ ਵਾਲੀ, ਤਹਿਸੀਲ ਨਵਾਂ ਸ਼ਹਿਰ, ਜ਼ਿਲਾ ਜਲੰਧਰ ਵਿਚ ਚੌਧਰੀ ਲਭੂ ਰਾਮ ਦੇ ਘਰ ਹੋਇਆ। ਦਸਵੀਂ ਨਾਨਕੇ ਪਿੰਡ ਉੱਚਾ ਲਧਾਣਾ ਤੋਂ ਕੀਤੀ ਤੇ ਫਿਰ ਮੀਆਂ ਚੰਨੂ (ਮਿੰਟਗੁਮਰੀ) ਵਲ ਗਏ ਤੇ ਜਿਥੇ ਸ: ਮੁਨਸ਼ਾ ਸਿੰਘ ਦੁਖੀ ਦੇ ਸ਼ਾਗਿਰਦ ਬਣੇ। ਫਿਰ 'ਵਿਹਾਰ ਸੁਧਾਰ' ਦੇ ਮੈਨੇਜਰ ਰਹੇ। ੧੯੪੧ ਵਿਚ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਦੇ ਪਬਲੀਸਿਟੀ ਇੰਚਾਰਜ ਬਣੇ। ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਗ੍ਰੈਜੂਏਟ ਵੀ ਹੋਏ। ੧੯੪੨ ਵਿਚ ਰੋਜ਼ਾਨਾ ਅਜੀਤ ਉਰਦੂ ਵਿਚ ਉਪ ਸੰਪਾਦਕ ਵਜੋਂ ਗਏ ਤੇ ਛੇਤੀ ਹੀ ਇਸ ਦੇ ਮਖ ਸੰਪਾਦਕ ਬਣ ਗਏ।

ਉਦੋਂ ਤੋਂ ਆਪ ਪਤਰਕਾਰੀ ਦਾ ਕੰਮ ਕਰ ਰਹੇ ਹਨ। ੧੯੫੫ ਵਿਚ ਆਪਨੇ "ਅਜੀਤ" (ਪੰਜਾਬੀ) ਖਰੀਦ ਲਈ ਤੇ ਇਸੇ ਨੂੰ ਹੀ ਅਜ ਕਲ ਪ੍ਰਕਾਸ਼ਿਤ ਤੇ ਸੰਪਾਦਿਤ ਕਰ ਰਹੇ ਹਨ। ੧੯੫੩ ਵਿਚ ਐਲ ਐਲ. ਬੀ. ਅਤੇ ੧੯੫੭ ਵਿਚ ਰਾਜਸੀ ਵਿਗਿਆਨ ਦੀ ਐਮ. ਏ. ਕੀਤੀ।

ਆਪਦੀ ਸਾਹਿਤਕ ਘਾਲਣਾ ਵਿਚ ੨੫ ਕੁ ਨਾਵਲ ਅਤੇ ੨੦੦ ਕੁ ਗ਼ਜ਼ਲਾਂ ਸ਼ਾਮਲ ਹਨ ਜੋ ਕਿ ਆਪਦੀ ਅਖ਼ਬਾਰ 'ਅਜੀਤ' ਵਿਚ ਆ ਚੁਕੀਆਂ ਹਨ। ਪੁਸਤਕ ਰੂਪ, ਨਾਵਲ 'ਜ਼ੀਨਤ ਬਘੇਲ ਸਿੰਘ' ਅਤੇ ਕਾਵਿ-ਸੰਗ੍ਰਹਿ 'ਗ਼ਜ਼ਲ' ਨੂੰ ਪ੍ਰਾਪਤ ਹੋ ਸਕਿਆ ਹੈ। ਮਾਸਕ ਪਤਰ 'ਤਸਵੀਰ' ਦੇ ਵੀ ਸੰਪਾਦਕ-ਪ੍ਰਕਾਸ਼ਕ ਹਨ।

ਪਤਰਕਾਰੀ ਦੇ ਖੇਤਰ ਵਿਚ ਆਪ ਬੜੇ ਉਦਮੀ ਹਨ ਅਤੇ ਪੰਜਾਬੀ ਪਤਰਕਾਰੀ ਦਾ ਤਕਨੀਕੀ ਪੱਖ ਸੁਧਾਰਨ ਵਿਚ ਵਰਣਨ ਯੋਗ ਕੰਮ ਕਰ ਚੁਕੇ ਹਨ।

ਆਪਦੀ ਕਵਿਤਾ ਨੂੰ ਉਚਤਮ ਕਵੀਆਂ ਨੇ ਮਾਨਤਾ ਦਿਤੀ ਹੈ।

**ਸੰਧੂ, ਸੁਰਜੀਤ ਸਿੰਘ** (—ਜੀਵਤ)

ਵਿਦਿਆ ਬੀ. ਐਸ-ਸੀ ਐਗਰੀਕਲਚਰ ਤਕ ਹੈ।

ਪੰਜਾਬੀ ਵਿਚ ਟੈਕਨੀਕਲ ਲੇਖ ਲਿਖਦੇ ਹਨ।

**ਸੂਫੀ, ਹਰਬੰਸ ਸਿੰਘ**

ਵੇਖੋ
ਹਰਬੰਸ ਸਿੰਘ ਸੂਫੀ

**ਸੂਰਜ ਕੰਵਲ ਸਰੂਰ** (੭ ਅਕਤੂਬਰ ੧੯੨੦—ਜੀਵਤ)

ਆਪਦਾ ਜਨਮ ਰਾਵਲਪਿੰਡੀ ਵਿਚ ਮਹਿਤਾ ਨੰਦ ਲਾਲ ਵੈਦ ਦੇ ਘਰ ਹੋਇਆ। ਬਚਪਨ ਤੋਂ ਹੀ ਪਤਰਕਾਰੀ ਅਤੇ ਉਰਦੂ-ਪੰਜਾਬੀ ਸ਼ਾਇਰੀ ਨਾਲ ਸਬੰਧਤ ਰਹੇ ਹਨ। ਮਿਲਾਪ, ਪਰਤਾਪ, ਅਜੀਤ, ਪਰਭਾਤ ਆਦਿਕ ਰੋਜ਼ਾਨਾ ਉਰਦੂ ਅਖ਼ਬਾਰਾਂ ਦੇ ਸੰਪਾਦਕ, ਉਪ-ਸੰਪਾਦਕ ਰਹਿ ਚੁਕੇ ਹਨ। ਅਜ ਕਲ ਲੋਕ-ਸੰਪਰਕ ਵਿਭਾਗ ਅਧੀਨ ਜਲੰਧਰ ਵਿਚ ਸੁਪਰ-ਵਾਈਜ਼ਰ ਹਨ।

**ਸੁਰਜੀਤ ਸਿੰਘ ਸੰਧੂ**

ਵੇਖੋ
ਸੰਧੂ, ਸੁਰਜੀਤ ਸਿੰਘ

**ਸੁਰਜੀਤ ਸਿੰਘ ਕੰਗ**

ਵੇਖੋ
ਕੰਗ, ਸੁਰਜੀਤ ਸਿੰਘ

**ਸੂਰਜ ਮੈਨਨ**

ਵੇਖੋ
ਮੈਨਨ ਸੂਰਜ

**ਸਵਰਨ ਸਿੰਘ ਪਰਵਾਨਾ** (—ਜੀਵਤ)

ਆਪ ਲੁਧਿਆਣੇ ਵਿਚ ਬਨ-ਜੀਵਨ ਵਿਭਾਗ ਦੇ ਕਰਮਚਾਰੀ ਹਨ। 'ਸੋਨ-ਸਵੇਰਾ' ਦੇ ਸੰਪਾਦਕ ਅਤੇ ਪੰਜਾਬੀ ਦੇ ਸਰਗਰਮ ਸਾਹਿਤ ਸਭੀਏ ਅਤੇ ਕਵੀ ਹਨ। ਆਪਦੀ ਵਧੇਰੇ ਕਾਵਿ-ਰਚਨਾ ਅਧਿਆਤਮਕ ਰੰਗ ਦੀ ਹੈ, ਜੋ ਕਿ ਨਿਰੰਕਾਰੀ ਗਿਆਨ ਉਤੇ ਆਧਾਰਿਤ ਹੈ।

ਤੇਰੇ ਬਿਨ ਆਪਣਾ ਸਜਣਾ,
ਗੁਜ਼ਾਰਾ ਹੋ ਨਹੀਂ ਸਕਦਾ।
ਤੇਰੇ ਜਿੰਨਾ ਮੇਰੇ ਦਿਲ ਨੂੰ,
ਪਿਆਰਾ ਹੋ ਨਹੀਂ ਸਕਦਾ।

## ਹ

**ਹਰਸਰਨ ਸਿੰਘ** (੧੯੨੯—ਜੀਵਤ)

ਆਪਦਾ ਜਨਮ ਗੁਜਰਖਾਨ ਜ਼ਿਲਾ ਰਾਵਲਪਿੰਡੀ

ਵਿਚ ਸੂਬੇਦਾਰ ਤੀਰਥ ਸਿੰਘ ਦੇ ਘਰ ਹੋਇਆ। ਵੰਡ ਪਿਛੋਂ ਜਲੰਧਰ ਛਾਉਣੀ ਆ ਟਿਕੇ। ਕਾਫੀ ਚਿਰ ਵਿਦਿਆ ਵਿਭਾਗ ਵਿਚ ਕਲਰਕੀ ਦਾ ਕੰਮ ਕਰਨ ਪਿਛੋਂ ਆਪ ਚੰਡੀਗੜ੍ਹ ਇਸੇ ਵਿਭਾਗ ਵਿਚ ਅਜਕਲ ਪੰਜਾਬੀ ਦੇ ਸੰਪਾਦਕ ਹਨ। ਆਪ ਦੀ ਵਿਦਿਆ ਐਮ. ਏ. (ਪੰਜਾਬੀ) ਤਕ ਹੈ।

ਆਪ ਸਾਦਾ, ਗੰਭੀਰ ਤਬੀਅਤ ਦੇ ਮਾਲਕ ਹਨ ਅਤੇ ਸਾਹਿਤਕਾਰਕ ਰਾਜਨੀਤੀ ਤੋਂ ਦੂਰ ਰਹਿੰਦੇ ਹਨ।

ਫੁਲ ਕੁਮਲਾ ਗਿਆ, ਅਪਰਾਧੀ, ਜਿਗਰਾ, ਜੋਤਿ ਤੋਂ ਜੋਤਿ ਜਗੇ, ਤ੍ਰੇੜ ਆਦਿਕ ਨਾਟਕ ਆਪਦੀ ਘਾਲਣਾ ਉਸਾਰਦੇ ਹਨ। ਆਪਦੀ ਕਲਾ ਨੂੰ ਲੌਕਿਕ ਅਤੇ ਸਰਕਾਰੀ ਮਾਨਤਾ ਦੀ ਪ੍ਰਾਪਤੀ ਹੈ। ਆਪ ਦੀ ਸ਼ੈਲੀ ਸਾਦੀ ਅਤੇ ਸੁਭਾਵਕ ਹੈ।

**ਹਰਦੇਵ ਸਿੰਘ ਪ੍ਰੀਤ** (—ਜੀਵਤ)

ਆਪ ਪਿੰਡ ਸਲਾਰ, ਡਾਕਖਾਨਾ ਅਮਰਗੜ੍ਹ ਤਹਿਸੀਲ ਮਲੇਰਕੋਟਲਾ ਜ਼ਿਲਾ ਸੰਗਰੂਰ ਦੇ ਨਿਵਾਸੀ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਹਰਪਾਲ ਸਿੰਘ ਬਿਰਦੀ**

ਵੇਖੋ

ਬਿਰਦੀ, ਹਰਪਾਲ ਸਿੰਘ

**ਹਰਬੰਸ ਸਿੰਘ ਔਜਲਾ** (—ਜੀਵਤ)

ਆਪ ਮਾਸਕ ''ਪਰਦੇਸੀ ਪ੍ਰੀਤਮ'' ਦਿਲੀ ਦੇ ਸੰਪਾਦਕਾਂ ਵਿਚ ਹਨ। ਨਾਮਧਾਰੀ ਪਰੰਪਰਾ ਨਾਲ ਸਬੰਧਤ ਹਨ।

**ਹਰਬੰਸ ਸਿੰਘ ਸੂਡੀ** (੭ ਅਪਰੈਲ ੧੯੧੯—ਜੀਵਤ)

ਆਪਦਾ ਜਨਮ ਚੱਕ ੭੭ ਜੀ. ਬੀ. ਤਹਿਸੀਲ ਜੜ੍ਹਾਂਵਾਲਾ, ਜ਼ਿਲਾ ਲਾਇਲਪੁਰ ਵਿਚ ਸ: ਗੁਰਬਚਨ ਸਿੰਘ ਨੰਬਰਦਾਰ ਦੇ ਘਰ ਹੋਇਆ। ਖਾਲਸਾ ਕਾਲਜ ਲਾਇਲਪੁਰੋਂ ਬੀ. ਏ. ਕੀਤੀ। ਵੰਡ ਪਿਛੋਂ ਜਲੰਧਰ ਆ ਕੇ ਲਾਇਲਪੁਰ ਖਾਲਸਾ ਕਾਲਜੋਂ ਪੰਜਾਬੀ ਦੀ ਐਮ. ਏ. ਕੀਤੀ। ਸਿਖ ਸੁਧਾਰਕ ਸਰਗਰਮੀਆਂ ਵਿਚ ਕਾਫੀ ਰੁਝੇ ਰਹਿੰਦੇ ਹਨ।

''ਚਨਾਰਾਂ ਦੇ ਸਾਏ'' ਆਪਦਾ ਇਕੋ ਇਕ ਸੰਗ੍ਰਹਿ ਹੈ ਜਿਸ ਵਿਚ ਅਧਿਆਤਮ, ਕੁਦਰਤ-ਵਰਨਣ ਦੀ ਪਰਧਾਨਤਾ ਹੈ।

ਆਪਦੀ ਸ਼ੈਲੀ ਸੁੰਦਰਤਾ-ਭਰੀ ਹੈ।

**ਹਰਭਜਨ ਸਿੰਘ ਨਿਰੰਕਾਰੀ** (੧੯ ਸਤੰਬਰ ੧੯੩੯—ਜੀਵਤ)

ਆਪਦਾ ਜਨਮ ਪਿੰਡ ਗੰਡਾਕਸ, ਜ਼ਿਲਾ ਕੈਮਲਪੁਰ ਵਿਚ ਸ: ਸੋਤੋਖ ਸਿੰਘ ਦੇ ਘਰ ਹੋਇਆ। ਦਸਵੀਂ ੧੯੫੭ ਵਿਚ, ਐਫ. ਐਸ ਸੀ. ੧੯੫੯ ਵਿਚ ਅਤੇ ਪ੍ਰਭਾਕਰ ੧੯੬੨ ਵਿਚ ਕੀਤੀ। ਕਾਫੀ ਚਿਰ ਪੀਲੀਭੀਤ (ਉਤਰ ਪਰਦੇਸ਼) ਵਿਚ ਰਹੇ। ਅਜ ਕਲ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਦੀ ਪਾਰਟੀਸ਼ਨ ਬ੍ਰਾਂਚ ਵਿਚ ਕੰਮ ਕਰਦੇ ਹਨ।

ਆਪ ਕਵੀ ਅਤੇ ਵਕਤਾ ਹਨ। ਵਧੇਰੇ ਰਚਨਾ ਆਪਣੇ ਅਧਿਆਤਮਕ ਗਿਆਨ ਦੇ ਅਨੁਭਵ ਬਾਰੇ ਕਰਦੇ ਹਨ।

**ਹਾਸ਼ਮ ਸ਼ਾਹ** (੨੭ ਨਵੰਬਰ ੧੭੩੫—੨੧ ਅਕਤੂਬਰ ੧੮੪੩)

ਆਪਦਾ ਜਨਮ ਮਦੀਨਾ (ਅਰਬ) ਵਿਚ ਹਾਜੀ ਮੁਹੰਮਦ ਸ਼ਰੀਫ਼ ਦੇ ਘਰ ਹੋਇਆ। ਸ਼ਰੀਫ਼ ਹੁਰੀਂ ੪੦ ਹੱਜ ਕਰਨ ਪਿਛੋਂ ਇਸਲਾਮ ਦਾ ਪਰਚਾਰ ਕਰਨ ਲਈ ੧੭੩੯ ਈਸਵੀ ਵਿਚ ਭਾਰਤ ਆ ਗਏ। ਇਥੇ ਉਹ ਜਗਦੇਉ ਕਲਾਂ (ਜ਼ਿਲਾ ਅੰਮ੍ਰਿਤਸਰ) ਵਿਚ ਹਿਕਮਤ ਦਾ ਕੰਮ ਕਰਦੇ ਸਨ। ਤਕਰੀਬਨ ੧੭੫੦ ਵਿਚ ਹਾਸ਼ਮ ਜੀ ਦੇ ਮਾਤਾ ਪਿਤਾ ਉਪਰੋਥਲੀ ਚਲਾਣਾ ਕਰ ਗਏ। ਪਿਤਾ ਦੇ ਵਿਸ਼ਾਲ ਧਾਰਮਕ ਸੁਭਾਅ ਕਾਰਨ ਆਪਨੂੰ ਬਹੁਤ ਸਾਰੀ ਮਾਨਤਾ ਵਿਰਸੇ ਵਿਚ ਵੀ ਮਿਲ ਗਈ। ਪ੍ਰਤਿਭਾਸ਼ਾਲੀ ਕਵੀ ਤੇ ਧਾਰਮਕ ਆਗੂ ਹੋਣ ਦੇ ਨਾਤੇ ਵੀ ਆਪਦੀ ਲੋਕ-ਪਰਵਾਨਗੀ ਜ਼ਿਲਿਆਂ ਤੇ ਸੂਬਿਆਂ ਦੀਆਂ ਹੱਦਾਂ ਟੱਪ ਗਈ। ਵਿਦਿਆ ਦੀ ਪ੍ਰਾਪਤੀ ਆਪਨੇ ਵਿਦਵਾਨ ਪਿਤਾ ਤੋਂ ਹੀ ਕੀਤੀ। ਮਹਾਨ ਇਸਲਾਮੀ ਪ੍ਰਤਿਭਾ ਅਬਦੁਲ ਕਾਦਰ ਜੀਲਾਨੀ ਜੀ ਆਪ ਲਈ ਪਰੇਰਨਾ ਦਾ ਸੋਮਾ ਸਨ। ਉਨ੍ਹਾਂ ਦੀ ਵਿਚਾਰਧਾਰਾ ਤੋਂ ਆਪ ਨੇ ਸਿਦਕ ਦੀ ਉਸਾਰੀ ਕੀਤੀ।

ਫ਼ਾਰਸੀ, ਅਰਬੀ, ਹਿੰਦੀ, ਪੰਜਾਬੀ, ਜੋਤਸ਼ ਅਤੇ ਹਿਕਮਤ ਦਾ ਗਿਆਨ ਹਾਸ਼ਮ ਜੀ ਦੀ ਸ਼ਖ਼ਸੀਅਤ ਦਾ ਵਿਸ਼ੇਸ਼ ਭਾਗ ਸੀ।

ਮੌਲਾ ਬਖਸ਼ ਕੁਸ਼ਤਾ ਅਨੁਸਾਰ ਆਪ ਉਰਦੂ, ਸੰਸਕ੍ਰਿਤ ਦੇ ਵੀ ਵਿਦਵਾਨ ਸਨ ਅਤੇ ਸੰਸਕ੍ਰਿਤ ਦਾ ਗਿਆਨ ਆਪ ਨੇ ਬਨਾਰਸ ਤੋਂ ਪ੍ਰਾਪਤ ਕੀਤਾ ਸੀ। ਮਿਸਟਰ ਅਬਦੁਲ ਗ਼ਫ਼ੂਰ ਕੁਰੈਸ਼ੀ ਅਨੁਸਾਰ ਆਪ ਨੇ ਫ਼ਾਰਸੀ-ਅਰਬੀ ਦੀ ਵਿਦਿਆ ਕਸੂਰ ਦੇ ਮਕਤਬ ਤੋਂ ਪ੍ਰਾਪਤ ਕੀਤੀ।

ਸਾਮਿਅਕ ਸਿਖ ਸਰਕਾਰ ਦੀ ਸਾਧਾਰਨ ਨੀਤੀ ਦੇ ਅਧੀਨ ਆਪਦੀ ਖਾਨਦਾਨੀ ਫਕੀਰੀ ਨੂੰ ਥਰਪਾਲ ਵਿਖੇ ਜਾਇਦਾਦ ਦੇ ਕੇ ਸਨਮਾਨਿਆ ਗਿਆ।

ਹਾਸ਼ਮ ਜੀ ਸੁਭਾਅ ਦੇ ਬੜੇ ਨਿਰਮਾਣ ਅਤੇ ਸਾਊ ਸਨ। ਦਸਿਆ ਜਾਂਦਾ ਹੈ ਕਿ ਉਹ ਰੱਬੀ ਰੰਗ ਵਿਚ ਰੱਤੇ ਹੋਏ ਫ਼ਕੀਰ ਅਤੇ ਸਮਾਜਕ ਆਗੂ ਸਨ।

ਆਪਦਾ ਦੇਹਾਂਤ ਜਗਦੇਉ ਕਲਾਂ ਵਿਚ ੧੧੧ ਵਰ੍ਹਿਆਂ ਦੀ ਦੀਰਘ-ਆਯੂ ਵਿਚ ਹੋਇਆ।

ਆਪਦੇ ਵਾਰਸ ਅਜਕਲ ਥਰਪਾਲ (ਸਿਆਲਕੋਟ) ਅਤੇ ਲਾਇਲਪੁਰ ਵਲ ਹਨ। ਖਾਨਦਾਨੀ ਫਕੀਰੀ ਅਤੇ ਸਾਹਿਤਕ ਮਾਨਤਾ ਕਾਰਨ ਹਾਸ਼ਮ ਜੀ ਦਾ ਨਾਂ ਅਜੇ ਤਕ ਭਾਰਤ ਤੇ ਪਾਕਿਸਤਾਨ ਦੇ ਲੇਖਕਾਂ, ਪਾਠਕਾਂ ਵਿਚ ਨਵਾਂ ਨਰੋਆ ਹੈ।

ਆਪਦੀ ਰਚਨਾ ਦਾ ਵਿਸਤਾਰ ਹੇਠ ਲਿਖੇ ਅਨੁਸਾਰ ਹੈ :

(੧) ਦੋਹੜੇ ਤੇ ਡਿਉਢਾਂ (੨) ਸੀਹਰਫੀ ਵਾ ਮਦਹ ਪੀਰਾਨੇ ਪੀਰ ਸੱਯਦ ਅਬਦੁਲ ਕਾਦਰ ਜੀਲਾਨੀ (੩) ਸੋਹਣੀ ਮਹੀਂਵਾਲ (੪) ਸੱਸੀ ਪੁੰਨੂੰ (੫) ਹੀਰ ਰਾਂਝਾ (੬) ਸ਼ੀਰੀਂ ਫਰਹਾਦ (੭) ਮਹਿਮੂਦ ਸ਼ਾਹ ਗ਼ਜ਼ਨਵੀ (੮) ਮਾਦਨੇ ਫੈਜ਼ ਮਜਮੂਹਾ ਮਦਹਯਾਤ ਵਾ ਮੁਨਾਜਾਤ ਦਰ ਮਦਹ ਸ਼ੇਖ ਅਬਦੁਲ ਕਾਦਰ ਜੀਲਾਨੀ (੯) ਗੰਜੇ ਇਸਰਾਰ—ਮਜਮੂਆ ਸੀਹਰਫ਼ੀਆਂ ਵਾ ਗ਼ਜ਼ਲਿਆਤ (੧੦) ਮਸਨਵੀ ਹਾਸ਼ਮ (ਫ਼ਾਰਸੀ) (੧੧) ਦੀਵਾਨ ਹਾਸ਼ਮ (ਫ਼ਾਰਸੀ); (੧੨) ਗਿਆਨ ਪ੍ਰਕਾਸ਼ (੧੩) ਪੋਥੀ ਹਿਕਮਤ ਵਾ ਰਮਲ (੧੪) ਗੁਰਬਾਣੀ (ਪੰਜ ਗ੍ਰੰਥੀ; (੧੫) ਰਾਜਨੀਤੀ (੧੬) ਸਲੋਕ (੧੭) ਚਿੰਤਾ ਹਰ ਆਦਿਕ।

ਆਪਦੀ ਰਚਨਾ ਹਿਕਮਤ ਸਦਾਚਾਰ, ਰਾਜਨੀਤੀ, ਇਸ਼ਕ ਹਕੀਕੀ, ਇਸ਼ਕ ਮਿਜਾਜ਼ੀ, ਜੋਤਿਸ਼ ਆਦਿਕ ਕਈ ਵਿਸ਼ੈ ਵਲੱਗਦੀ ਹੈ।

ਬੋਲੀ ਦੇ ਪਖੋਂ ਵੀ ਹਾਸ਼ਮ ਜੀ ਬਹੁ-ਪੱਖੀ ਪ੍ਰਤਿਭਾ ਸਨ। ਕਿਤੇ ਤਾਂ ਆਪ ਬਿਲਕੁਲ ਲੋਕ ਪੰਜਾਬੀ ਵਿਚ ਲਿਖਦੇ ਹਨ ਤੇ ਆਪਦੀ ਸ਼ੈਲੀ-ਬੋਲੀ ਸਾਧੂ ਰਚਨਾਵਾਂ ਨਾਲ ਜਾ ਮਿਲਦੀ ਹੈ :—

ਰੇ ਮਨ ਹਰ ਕੇ ਨਾਮ ਕੋ,
ਸਵਾਸ ਸਵਾਸ ਚਿਤ ਰਾਖ।
ਹਾਸ਼ਮ ਨਹੀਂ ਅਫੀਮ ਜਿਉਂ,
ਏਕ ਬਾਰ ਨਿਤ ਚਾਖ।

(ਗਿਆਨ ਪਰਕਾਸ਼)

ਆਪਦੀ ਪੰਜਾਬੀ ਰਚਨਾ ਵਿਚ ਫਾਰਸੀ ਅਤੇ ਅਰਬੀ ਦਾ ਵੀ ਪ੍ਰਭਾਵ ਵਿਆਪਕ ਹੈ।

ਹਾਸ਼ਮ ਜੀ ਦਾ ਸਥਾਨ ਪੰਜਾਬ ਦੇ ਉਚਤਮ ਕਵੀਆਂ ਅਤੇ ਫਕੀਰਾਂ ਵਿਚ ਹੈ। ਆਧੁਨਿਕ ਖੋਜੀਆਂ ਨੇ ਆਪ ਨੂੰ ਬੜੀ ਵਿਸ਼ਾਲ ਮਹਾਨਤਾ ਦਿਤੀ ਹੈ।

**ਹਜ਼ਾਰਾ ਸਿੰਘ ਮਾਛੀ** (—ਜੀਵਤ)

ਆਪ ਅਟਲ ਪ੍ਰਤਾਪੀ ਪ੍ਰੈਸ ਦਿਲੀ ਦੇ ਜਨਰਲ ਮੈਨੇਜਰ ਅਤੇ ਮਾਸਕ 'ਪਰਦੇਸੀ ਪ੍ਰੀਤਮ' ਦਿਲੀ ਦੇ ਸੰਪਾਦਕੀ ਮੈਂਬਰ ਹਨ।

## ਕ

**ਕਿਹਰ ਸਿੰਘ** (—ਜੀਵਤ)

ਭਾਰਤੀ ਸੈਨਾ ਵਿਚ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਤੇ ਛਪਵਾਂਦੇ ਰਹਿੰਦੇ ਹਨ।

**ਕੰਗ, ਸੁਰਜੀਤ ਸਿੰਘ** (—ਜੀਵਤ)

ਆਪ ਮੰਡੀ ਗੋਬਿੰਦਗੜ੍ਹ ਜ਼ਿਲਾ ਪਟਿਆਲਾ ਦੇ ਨਿਵਾਸੀ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਕਾਬਲੀ, ਅਨੰਤ ਸਿੰਘ**

ਵੇਖੋ
ਅਨੰਤ ਸਿੰਘ ਕਾਬਲੀ

**ਕਰਤਾਰ ਸਿੰਘ ਸਰਹੱਦੀ, ਗਿਆਨੀ**

ਆਪ ਯਮਨਾ ਨਗਰ ਦੇ ਮਾਸਕ ਪਤਰ 'ਗੁਰ-ਸੰਦੇਸ਼' ਦੇ ਸੰਪਾਦਕ ਹਨ। ਸੰਤ ਨਿਸਚਲ ਸਿੰਘ ਜੀ ਆਪਦੀ ਸ਼ਰਧਾ ਦਾ ਕੇਂਦਰ ਹਨ।

**ਕਰਤਾਰ ਸਿੰਘ ਲੂਥਰਾ**

ਵੇਖੋ
ਲੂਥਰਾ, ਕਰਤਾਰ ਸਿਘ

**ਕਿਰਪਾਲ ਸਿੰਘ ਅਮਰਜੋਤ** (੨੯ ਮਈ ੧੯੨੨—ਜੀਵਤ)

ਆਪਦਾ ਜਨਮ ਚੀਚਾ ਵਤਨੀ ਜ਼ਿਲਾ ਮਿੰਟਗੁਮਰੀ ਵਿਚ ਸ: ਦਿਆਲ ਸਿੰਘ ਦੇ ਘਰ ਹੋਇਆ। ੧੯੫੬ ਦੇ ਸਾਲ ਆਪ ਪੰਜਾਬੀ ਪਤਰਕਾਰੀ ਵਿਚ ਆਏ ਅਤੇ ਅਜਕਲ ਰੋਜ਼ਾਨਾ ਅਜੀਤ ਅਤੇ ਮਾਸਕ ਤਸਵੀਰ ਦੇ ਐਡੀਟਰ ਇੰਚਾਰਜ ਹਨ।

ਫਿਲਮ-ਸਾਹਿਤਕਾਰੀ ਵਿਚ ਆਪਦੀ ਮੁਹਾਰਤ ਹੈ।

**ਕੌਸ਼ਲ, ਚਰਨ**

ਆਪ ਬਰਨਾਲੇ ਵਿਚ ਰਹਿੰਦੇ ਹਨ।

ਕਹਾਣੀਆਂ, ਕਵਿਤਾਵਾਂ ਦੀ ਰਚਨਾ ਆਪਦਾ ਸ਼ੁਗਲ ਹੈ।

## ਗ

**ਗੋਬਿੰਦ ਸਿੰਘ ਗੁਰੂ** (ਮੁਖ ਭਾਗ ਦੀ ਬਾਕੀ)

ਆਪਦੀਆਂ ਰਚਨਾਵਾਂ ਦੀ ਸੂਚੀ ਇਸ ਪਰਕਾਰ ਹੈ : (੧) ਜਾਪ, (੨) ਅਕਾਲ ਉਸਤਤ, (੩) ਬਚਿਤਰ ਨਾਟਕ, (੪) ਚੰਡੀ ਚਰਿਤਰ, (੫) ਚੰਡੀ ਦੀ ਵਾਰ, (੬) ਗਿਆਨ ਪਰਬੋਧ, (੭) ਚੌਬੀਸ ਅਵਤਾਰ, (੮) ਮਹਿਦੀ ਮੀਰ ਬੱਧ, (੯) ਬ੍ਰਹਮਾ ਅਵਤਾਰ, (੧੦) ਬ੍ਰਹਮਾ ਅਵਤਾਰ, (੧੧) ਰੁਦਰ ਅਵਤਾਰ, (੧੨) ਰਾਮਕਲੀ, (੧੩) ਮੁਖਵਾਕ ਸਵੈਯੇ, (੧੪) ਜੋ ਕਿਛੁ ਲੇਖਾ ਲਿਖਿਉ ਬਿਧਾਨਾ, (੧੫) ਸ੍ਰੀ ਸ਼ਸਤਰ ਨਾਮੀ ਮਾਲਾ ਪੁਰਾਨ, (੧੬) ਪਾਖਿਆਨ ਚਰਿਤਰ, (੧੭) ਜ਼ਫ਼ਰਨਾਮਾ, (੧੮) ਹਕਾਇਤਾਂ, ਆਦਿ।

**ਗੁਰਦੇਵ ਸਿੰਘ ਨਿਰਮਲ** (—ਜੀਵਤ)

ਆਪ ਬਰਨ ਪੁਰ, ਪਛਮੀ ਬੰਗਾਲ ਦੀ ਇਕ ਵਡੀ ਫਰਮ ਵਿਚ ਕੰਮ ਕਰਦੇ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਗੁਰਬਖਸ਼ ਸਿੰਘ ਬਖਸ਼ੀ**

ਵੇਖੋ

ਬਖਸ਼ੀ, ਗੁਰਬਖਸ਼ ਸਿੰਘ

**ਗੁਰਬਖਸ਼ ਸਿੰਘ ਰਣਧੀਰ** (੨੦ ਅਕਤੂਬਰ, ੧੯੨੧ ਜੀਵਤ)

ਆਪ ਦਾ ਜਨਮ ਪਿੰਡ, ਵਰਾਨਾ, ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਸ: ਹਰਨਾਮ ਸਿੰਘ ਸੁਪਰਡੰਟ ਏ. ਜੀ. ਦਫਤਰ ਦੇ ਘਰ ਹੋਇਆ। ੧੯੪੫ ਵਿਚ ਗੌਰਮਿੰਟਕਾਲਜ ਲਾਹੌਰ ਤੋਂ ਕੈਮਿਸਟਰੀ ਦੀ ਐਮ. ਐਸ ਸੀ. ਕੀਤੀ। ੧੯੪੭ ਤਕ ਇਥੇ ਹੀ ਡਿਮਾਂਸਟ੍ਰੇਟਰ ਰਹੇ। ਇਸ ਕਾਲਜ ਦਾ ਰਸਾਲਾ ''ਰਾਵੀ'' (ਪੰਜਾਬੀ ਵਿਭਾਗ) ਕੁਝ ਚਿਰ ਆਪਦੀ ਸੰਪਾਦਨਾ ਹੇਠ ਰਿਹਾ। ੧੯੪੭-੫੨ ਵਿਚ ਆਪ ਦੁਆਬਾ ਕਾਲਜ ਜਲੰਧਰ ਵਿਚ ਲੈਕਚਰਰ ਰਹੇ। ੧੯੫੨ ਤੋਂ ਜ਼ਿਲਾ ਲੋਕ ਸੰਪਰਕ ਅਫ਼ਸਰ ਚਲੇ ਆ ਰਹੇ ਹਨ। ਸਟੇਜ ਤੇ ਰੇਡੀਓ ਦੇ ਨਾਟਕ ਕਾਰ ਵਜੋਂ ਆਪ ਦਾ ਸਥਾਨ ਵਰਨਣ ਯੋਗ ਹੈ।

''ਤੁੱਛ ਭੇਟਾ'' ਅਤੇ ''ਊਟ ਪਟਾਂਗ'' ਆਪਦੇ ਦੋ ਇਕਾਂਗੀ ਸੰਗਰਹਿ ਹਨ।

**ਗੁਲਵੰਤ ਸਿੰਘ** (—ਜੀਵਤ)

ਆਪ ਪ੍ਰਸਿਧ ਕਹਾਣੀ ਕਾਰ ਸ: ਸੁਜਾਨ ਸਿੰਘ ਦੇ ਸਪੁਤਰ ਹਨ। ਅਜਕਲ ਆਸਨਸੋਲ, ਪਛਮੀ ਬੰਗਾਲ ਵਿਚ ਟੈਕਨੀਕਲ ਕੰਮ ਕਰਦੇ ਹਨ।

## ਚ

**ਚਾਨਣ ਲਾਲ ਮਾਣਕ** (੧੯੧੯—ਜੀਵਤ)

ਆਪ ਦਾ ਜਨਮ ਕਾਮਾ ਵਾਲੀ ਸਿੱਖਾਂ ਜ਼ਿਲਾ ਸ਼ੇਖੂਪੁਰਾ ਵਿਚ ਹੋਇਆ। ਵੰਡ ਪਿਛੋਂ ਆਬਾਦ ਪੁਰਾ, ਜਲੰਧਰ ਸ਼ਹਿਰ ਵਿਚ ਆ ਗਏ। ਦੁਆਬਾ ਪ੍ਰਿੰਟਿੰਗ

ਪ੍ਰੈਸ ਦੇ ਮਾਲਕ ਹਨ। ''ਅਣਮੋਲ ਮਾਣਕ'' ਆਪ ਦਾ ਕਾਵਿ-ਸੰਗਰਹਿ ਹੈ।

''ਆਦੀ ਵੀਰ'' ਸਪਤਾਹਿਕ ਦੇ ਪ੍ਰਕਾਸ਼ਕ-ਸੰਪਾਦਕ ਹਨ।

**ਚਰਨ ਕੌਸ਼ਲ**

ਵੇਖੋ

ਕੌਸ਼ਲ ਚਰਨ

## ਛ

**ਛਿਲਨਾ, ਤਲਵੰਤ ਕੌਰ**

ਆਪ ਪਿੰਡ ਚੜ੍ਹ ਹੇੜੀ, ਡਾਕਖਾਨਾ ਕੁਰਾਲੀ, ਜ਼ਿਲਾ ਅੰਬਾਲਾ ਵਿਚ ਰਹਿੰਦੇ ਹਨ। ਪੰਜਾਬੀ ਵਿਚ ਕਵਿਤਾਵਾਂ ਕਹਾਣੀਆਂ ਲਿਖਦੇ ਰਹਿੰਦੇ ਹਨ।

## ਜ

**ਜਸਪਾਲ, ਮਦਨ ਲਾਲ** (ਪ ਅਕਤੂਬਰ ੧੯੩੧—ਜੀਵਤ)

ਆਪ ਦਾ ਜਨਮ ਰਾਣੀਪੁਰ ਜ਼ਿਲਾ ਕਪੂਰਥਲਾ ਵਿਚ ਹੋਇਆ। ਆਪ ਦੇ ਪਿਤਾ ਲਾਲਾ ਜਗਨ ਨਾਥ ਜਸਪਾਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਦਸਵੀਂ ਤਰਨ ਤਾਰਨੋਂ, ਬੀ. ਏ. ਹਿੰਦੂ ਕਾਲਜ ਅੰਮ੍ਰਿਤਸਰੋਂ ਅਤੇ ਐਮ. ਏ. (ਹਿੰਦੀ) ਡੀ. ਏ. ਵੀ ਕਾਲਜ ਜਲੰਧਰੋਂ ਕਰਨ ਪਿਛੋਂ ਆਪ ਛੇ ਸਾਲ ਵਖ ਵਖ ਕਾਲਜਾਂ ਵਿਚ ਹਿੰਦੀ ਦੇ ਲੈਕਚਰਾਰ ਰਹੇ। ਅਜ ਕਲ ਸਿਖਿਆ ਵਿਭਾਗ, ਪੰਜਾਬ ਵਿਚ ਹਿੰਦੀ ਦੇ ਸੰਪਾਦਕ ਹਨ। ਪੰਜਾਬੀ ਵਿਚ ਆਪਦੀ ਰਵਾਨੀ ਧਿਆਨ ਖਿਚਣ ਵਾਲੀ ਹੈ। ਤਕਰੀਬਨ ਸਾਰੇ ਪਰਚਲਤ ਸਾਹਿਤ-ਰੂਪ ਆਪ ਦੀ ਕਲਮ ਹੇਠੋਂ ਲੰਘ ਚੁਕੇ ਹਨ। ''ਚੇਤਨਾ ਕੀ ਪਰਤੇਂ'' ਹਿੰਦੀ ਪੁਸਤਕ ਵਿਚ ਆਪਨੇ ਪ੍ਰਤੀਨਿਧ ਪੰਜਾਬੀ ਕਹਾਣੀਆਂ ਅਨੁਵਾਦ ਕੀਤੀਆਂ ਹਨ।

## ਟ

**ਟੋਕੀ, ਇਕਬਾਲ ਸਿੰਘ** (—ਜੀਵਤ)

ਆਪ ਐਚ. ਐਮ. ਟੀ. ਬੰਗਲੌਰ ਵਿਚ ਕੰਮ ਕਰਦੇ ਹਨ।

ਪੰਜਾਬੀ ਸਾਹਿਤ ਅਤੇ ਪਤਰਕਾਰੀ ਨਾਲ ਕਰਤਾਰੀ ਸਾਂਝ ਰਖਦੇ ਹਨ।

## ਤ

**ਤਲਵੰਤ ਕੌਰ ਛਿਲਨਾ**

ਵੇਖੋ

ਛਿਲਨਾ, ਤਲਵੰਤ ਕੌਰ

## ਦ

**ਦੁੱਗਲ, ਕਰਤਾਰ ਸਿੰਘ** (—-ਜੀਵਤ)

ਦੁਗਲ ਸਾਹਿਬ ਪੋਠੋਹਾਰ (ਜ਼ਿਲਾ ਰਾਵਲ ਪਿੰਡੀ) ਵਿਚ ਪੈਦਾ ਹੋਏ। ਅੰਗਰੇਜ਼ੀ ਦੀ ਐਮ. ਏ. ਲਾਹੌਰ ਤੋਂ ਕਰਕੇ ਲਾਹੌਰ ਰੇਡੀਓ ਵਿਚ ਨੌਕਰ ਹੋ ਗਏ। ੧੯੪੭

ਤੋਂ ਬਾਅਦ ਆਲ ਇੰਡੀਆ ਰੇਡੀਓ ਜਲੰਧਰ ਵਿਚ ਆ ਗਏ। ਅਜਕਲ ਦਿਲੀ ਅਸਿਸਟੈਂਟ ਡਾਇਰੈਕਟਰ ਹਨ।

੧੯੪੦ ਤੋਂ ਕਹਾਣੀਆਂ ਲਿਖ ਰਹੇ ਹਨ। ਇਸ ਦੇ ਇਲਾਵਾ ਨਾਵਲ ਤੇ ਨਾਟਕ ਵੀ ਲਿਖੇ ਹਨ। ਪ੍ਰਸਿੱਧ ਪੁਸਤਕਾਂ ਇਹ ਹਨ :—

**ਕਹਾਣੀਆਂ :**

ਸਵੇਰ ਸਾਰ, ਪਿੱਪਲ ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਟੋਏ ਟਿਬੇ, ਕੱਚਾ ਦੁੱਧ, ਡੰਗਰ, ਅੱਗ ਪਾਣ ਵਾਲੇ, ਨਵਾਂ ਆਦਮੀ, ਨਵਾਂ ਘਰ, ਫੁਲ ਤੋੜਨਾ ਮਨ੍ਹਾ ਹੈ, ਲੜਾਈ ਨਹੀਂ, ਗੋਰਜ, ਕਰਾਮਾਤ, ਪਾਰੇ ਮੈਰੇ।

**ਨਾਵਲ :**

ਆਂਦਰਾਂ, ਇਕ ਦਿਲ ਵਿਕਾਊ ਹੈ।

**ਨਾਟਕ :**

ਤਿਨ ਨਾਟਕ, ਸੱਤ ਨਾਟਕ, ਕੋਹ ਕੁਨ।

**ਦਰਸ਼ਨ ਦਾਸ ਆਰਸੀ** (—ਜੀਵਤ)

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਦੀਵਾਨ ਚੰਦ** (—ਜੀਵਤ)

ਆਪ ਬਰਨਾਲਾ ਜ਼ਿਲਾ ਸੰਗਰੂਰ ਦੇ ਨਿਵਾਸੀ ਹਨ।

ਅਖਬਾਰਾਂ ਨੂੰ ਕਹਾਣੀਆਂ ਕਵਿਤਾਵਾਂ ਭੇਜਦੇ ਰਹਿੰਦੇ ਹਨ। ਉਮਰ ੧੬-੧੭ ਸਾਲ ਹੈ।

**ਦਵਾਰਕਾ ਦਾਸ** (—ਜੀਵਤ)

ਆਪ ਦਾ ਨਿਵਾਸ ਸੁਰ ਸਿੰਘ ਜ਼ਿਲਾ ਅੰਮ੍ਰਿਤਸਰ ਵਿਚ ਹੈ।

ਪੰਜਾਬੀ ਵਿਚ ਕਹਾਣੀਆਂ, ਕਵਿਤਾਵਾਂ ਲਿਖਦੇ ਹਨ।

## ਧ

**ਧੀਂਗਸਾ, ਮਲੂਕ ਸਿੰਘ** (—ਜੀਵਤ)

ਆਪ ਮਲੇਰ ਕੋਟਲਾ ਦੇ ਨਿਵਾਸੀ ਹਨ। ਸਥਾਨਕ ਸਾਹਿਤ ਸਭਾ ਵਿਚ ਸਰਗਰਮ ਹਿੱਸਾ ਲੈਂਦੇ ਹਨ। ਕਵਿਤਾਵਾਂ ਕਹਾਣੀਆਂ ਦੀ ਰਚਨਾ ਕਰਦੇ ਹਨ।

**ਧਰਮ ਸਿੰਘ ਸ਼ੌਕ** (੨੨ ਨਵੰਬਰ ੧੯੧੮—ਜੀਵਤ)

ਆਪਦਾ ਜਨਮ ਗੁਗੇਰਾ ਫਤਹਪੁਰ, ਤਹਿਸੀਲ ਉਕਾੜਾ ਜ਼ਿਲਾ ਮਿੰਟਗੁਮਰੀ ਵਿਚ ਸ: ਸੌਦਾਗਰ ਸਿੰਘ ਦੇ ਘਰ ਹੋਇਆ। ੧੯੩੪ ਵਿਚ ਇਕ ਸਥਾਨਕ ਸਕੂਲੋਂ ਦਸਵੀਂ ਕੀਤੀ ਅਤੇ ੧੯੫੩ ਵਿਚ ਐਮ. ਏ. (ਫ਼ਾਰਸੀ), ਮੁਨਸ਼ੀ ਫਾਜ਼ਲ, ਅਦੀਬ ਫਾਜ਼ਲ ਤਕ ਯੋਗਤਾਵਾਂ ਕਮਾ ਲਈਆਂ। ੧੯੪੨-੪੭ ਵਿਚ ਆਰੀਆ ਹਾਈ ਸਕੂਲ ਉਕਾੜਾ ਵਿਚ ਅਤੇ ੧੯੪੭-੫੦ ਵਿਚ ਸਨਾਤਨ ਧਰਮ ਹਾਈ ਸਕੂਲ ਸ਼ਿਮਲਾ ਵਿਚ ਅਧਿਆਪਕ ਰਹੇ। ੧੯੫੧ ਦੇ ਵਰ੍ਹੇ ਲੋਕ ਸੰਪਰਕ ਵਿਭਾਗ, ਪੰਜਾਬ ਵਿਚ ਆ ਗਏ। ੧੯੫੦ ਵਿਚ ਆਪ ਨੇ ਬਾਬਾ ਅਵਤਾਰ ਸਿੰਘ ਜੀ ਨਿਰੰਕਾਰੀ ਪਾਸੋਂ 'ਰਬ ਦਾ ਗਿਆਨ' ਪ੍ਰਾਪਤ ਕੀਤਾ ਅਤੇ ਉਦੋਂ ਤੋਂ ਹੀ ਨਿਰੰਕਾਰੀ ਸੰਸਥਾ ਨਾਲ ਜੀਵਨ ਦਾ ਸਮੁਚਾ ਸਬੰਧ ਕਾਇਮ ਰਖਿਆ।

ਕਾਫੀ ਚਿਰ ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਵਿਚ ਰਹਿਣ ਪਿਛੋਂ ਆਪ ੧੯੬੪ ਤੋਂ ਗੁੜਗਾਉਂ ਦੇ ਜ਼ਿਲਾ

ਲੋਕ-ਸੰਪਰਕ ਅਫਸਰ ਹਨ।

ਆਪ ਉਰਦੂ ਅਤੇ ਪੰਜਾਬੀ ਦੇ ਵਿਦਵਾਨ ਅਤੇ ਅਧਿਆਤਮਕ ਕਵੀ ਹਨ। ਸਾਦਗੀ ਅਤੇ ਸੁੰਦਰਤਾ ਦੇ ਗੁਣ ਆਪਦੀ ਸ਼ੈਲੀ ਵਿਚ ਸਰਥ-ਵਿਆਪਕ ਹਨ :

ਫੁਲਾਂ ਵਿਚ ਖ਼ਸ਼ਬੂ ਕਿਵੇਂ ਆਈ,
ਕਿਸੇ ਨੂੰ ਕੀ ਪੜਾ।
ਜੋਤ ਕਿਥੋਂ ਤਾਰਿਆਂ ਪਾਈ,
ਕਿਸੇ ਨੂੰ ਕੀ ਪਤਾ।

... ... ... ...

ਸਾਕੀ ਬਾਝੋਂ ਕੱਚੀ ਕੌਡੀ
ਮੁਲ ਨਹੀਂ ਮੈਖਾਨੇ ਦਾ,
ਖੋਲ੍ਹ ਕੇ ਬੋਤਲ ਮਿਲ ਬੈਠੇ ਦੋ ਚਾਰ,
ਤਾਂ ਇਹ ਵੀ ਕੀ ਹੋਇਆ।

## ਨ

**ਨਿਤਾ ਨੰਦ ਸੁਆਮੀ** (੧੭੨੭-੧੭੯੯)

ਆਪਦਾ ਜਨਮ ਨਾਰਨੌਲ (?) ਵਿਚ ਹੋਇਆ। ਆਪਦਾ ਸਾਧੂ ਬਣਨ ਤੋਂ ਪਹਿਲਾਂ ਦਾ ਨਾਂ ਨੰਦ ਲਾਲ ਸੀ। ਆਪਦੇ ਬਜ਼ੁਰਗਾਂ ਦੀ ਕੜੀ ਮਹਾਨ ਅਕਬਰ ਦੇ ਰਤਨ ਬੀਰਬਲ ਨਾਲ ਜੁੜਦੀ ਦਸੀਦੀ ਹੈ। ਆਪ ਦੇ ਪਿਤਾ ਭਰਤਪੁਰ ਦਰਬਾਰ ਵਿਚ ਇਕ ਚੰਗੇ ਅਹੁਦੇ ਉਤੇ ਸਨ। ਆਪ ਵੀ ਕੁਝ ਜ਼ਿਰ ਤਹਿਸੀਲਦਾਰ ਰਹੇ। ਇਕ ਸੁੰਦਰ ਕੁੜੀ ਨਾਲ ਵਿਆਹ ਹੋਇਆ ਪਰ ਆਪ ਘਰ ਬਾਰ ਛਡਕੇ ਬ੍ਰਿੰਦਾਬਨ ਚਲੇ ਗਏ। ਇਥੇ ਆਪਨੇ ਗੁਮਾਨੀ ਦਾਸ ਜੀ ਤੋਂ ਪ੍ਰੇਰਨਾ ਲਈ। ਬਾਅਦ ਵਿਚ ਆਪਦੀ ਪਤਨੀ ਨੇ ਜਦੋਂ ਆਪ ਨੂੰ ਘਰ ਵਲ ਖਿਚਣ ਦੀ ਕੋਸ਼ਿਸ਼ ਕੀਤੀ ਤਾਂ ਉਹ ਇਨ੍ਹਾਂ ਦੀ ਇਕ ਅਰਦਾਸ ਦੇ ਫਲ ਸਰੂਪ ਆਪ ਹੀ ਮਰ ਗਈ। ਆਪ ਨਾਰੀ ਸਬੰਧੀ ਬੜੇ ਕਠੋਰ ਸਨ :

ਨਾਰੀ ਛੁਰੀ,
ਬਹੁਤੀ ਬੁਰੀ,
ਰਾਖੀ ਖਾਂਡ ਲਗਾਇ,
ਖਾਤੇ ਵਰ ਮੀਠੀ ਲਗੀ,
ਬਹੁਰਿ ਪੇਟ ਫਟ ਜਾਏ।

ਕਾਮ ਸਬੰਧੀ ਆਪਦਾ ਵਿਚਾਰ ਇਸ ਪਰਕਾਰ ਹੈ :

ਨਾਰੀ ਪੀਵੇ ਪੁਰਸ਼ ਕੋ,
ਪੁਰਸ਼ ਨਾਰ ਭੁਖ ਜਾਇ।
ਨਿਤਾ ਨੰਦ ਹਰ ਭਗਤਿ ਬਿਨ,
ਦੋਇ ਚਲੇ ਪਛਤਾਇ।

ਤਕਰੀਬਨ ੧੭੫੮ ਵਿਚ ਆਪ ਦੀ ਨਾਰਨੌਲ ਵਾਲੀ ਲਾਲ ਹਵੇਲੀ ਚੋਰਾਂ ਨੇ ਲੁੱਟ ਲਈ। ਆਪ ਦੇ ਪਿਤਾ ਦਾ ਇਹ ਖਬਰ ਸੁਣਦਿਆਂ ਹੀ ਦੇਹਾਂਤ ਹੋ ਗਿਆ। ਆਪ ਵੈਰਾਗੀ ਹੋ ਗਏ ਤੇ ਫਿਰ ਮਹਾਤਮਾ ਗੁਮਾਨੀ ਦਾਸ ਕੋਲ ਚਲੇ ਗਏ।

ਆਪ ਦਾ ਦੇਹਾਂਤ ਇਕ ਬਨ ਵਿਚ ਤਪਸਿਆ ਸਮੇਂ ਹੋਇਆ। ਇਥੇ ਅਜਕਲ ਜ਼ਿਲਾ ਰੁਹਤਕ ਦਾ ਪਿੰਡ ਮਾਜਰਾ ਹੈ।

ਆਪ ਨੇ ਹਿੰਦੀ, ਫਾਰਸੀ, ਰੇਖਤਾ, ਮਾਰਵਾੜੀ, ਹਰਿਆਨਵੀ ਅਤੇ ਪੰਜਾਬੀ ਵਿਚ ਬਹੁਤ ਸਾਰੇ ਸ਼ਬਦ (ਗੀਤ) ਅਤੇ ਹੋਰ ਵਿਕੋਲਿਤਰੇ ਕਾਵਿ-ਰੂਪ ਰਚੇ ਹਨ।

ਪੰਜਾਬੀ ਕਵਿਤਾ ਦਾ ਨਮੂਨਾ ਇਸ ਪਰਕਾਰ ਹੈ :

ਜਗਤ ਦੀਵਾਨਾ;
ਸਾਡੇ ਦਿਲ ਨਹੀਂ ਭਾਂਵਦਾ,

ਤੁਝ ਦੇਖਣ ਦਾ ਚਾਵ.
ਵੇ ਮੇਰੇ ਰਬ ਜੀ ।
ਅੰਦਰ ਮੇਰੇ ਆਓ ਮਿਹਰ ਕਰ,
ਪਲਕੋਂ ਪਰ ਧਰ ਪਾਵ,
ਵੇ ਮੇਰੇ ਰਬ ਜੀ ।

**ਨੱਥਾ ਸਿੰਘ** (—ਜੀਵਤ)

ਆਪ ਫਰੀਦਕੋਟ ਵਿਚ ਰੂਰਲ ਪਬਲਿਸਟੀ ਆਰ-ਗਨਾਈਜ਼ਰ ਹਨ ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ ।

**ਨੰਦਾ, ਬਲਬੀਰ** (੧੬ ਜੂਨ ੧੯੪੩—ਜੀਵਤ)

ਜਨਮ ਧਮਿਆਲ, ਜ਼ਿਲਾ ਰਾਵਲਪਿੰਡੀ ਵਿਚ ਸ: ਸੰਤ ਸਿੰਘ ਦੇ ਘਰ ਹੋਇਆ । ਪਿਆਰ ਨੇ ਸਾਹਿਤ ਵਲ ਲਾਇਆ । ਅਜ ਕਲ ਨਾਭੇ ਰਹਿੰਦੇ ਹਨ ।

ਕਾਲਜ ਦੇ ਰਸਾਲੇ ਤੇ ਹੋਰ ਅਖਬਾਰਾਂ ਵਿਚ ਛਪੀਆਂ ਕਵਿਤਾਵਾਂ ਕਹਾਣੀਆਂ ਆਪਦੀਆਂ ਰਚਨਾਵਾਂ ਹਨ ।

**ਨੰਦ ਲਾਲ ਨੂਰਪੁਰੀ** (੧੯੦੬—ਜੀਵਤ)

ਆਪਦਾ ਜਨਮ ਨੂਰਪੁਰ ਜ਼ਿਲਾ ਲਾਇਲਪੁਰ ਵਿਖੇ ਸ: ਬਿਸ਼ਨ ਸਿੰਘ ਦੇ ਘਰ ਹੋਇਆ । ਖਾਲਸਾ ਹਾਈ ਸਕੂਲ, ਲਾਇਲਪੁਰੋਂ ਦਸਵੀਂ ਕਰਨ ਪਿਛੋਂ ਆਪਨੇ ਅਗਲੇਰੀ ਪੜ੍ਹਾਈ ਵਿਚੇ ਛਡ ਕੇ ਆਪਣਾ ਆਪ ਸਾਹਿਤਕ ਸਰਗਰਮੀਆਂ ਦੇ ਹਵਾਲੇ ਕਰ ਦਿਤਾ । ਕੁਝ ਸਮਾਂ ਸਕੂਲ ਮਾਸਟਰ ਰਹਿਣ ਪਿਛੋਂ ਬੀਕਾਨੇਰ ਵਿਚ ਰਹਿ ਕੇ ਥਾਣੇਦਾਰ ਲਗ ਗਏ । ਫਿਰ ਆਪ ਪੰਜਾਬ ਆ ਗਏ ਤੇ ਸ਼ੋਰੀ ਫਿਲਮਜ਼ ਦੀ ਸਹਾਇਤਾ ਨਾਲ ਆਪਨੇ ਪ੍ਰਸਿਧ ਪੰਜਾਬੀ ਫਿਲਮ 'ਮੰਗਤੀ' ਤਿਆਰ ਕੀਤੀ । ਆਪਦੇ ਗੀਤਾਂ ਨੇ ਪੰਜਾਬੀਆਂ ਨੂੰ ਪ੍ਰਭਾਵਿਤ ਕੀਤਾ, ਫਲਸਰੂਪ ਆਪਨੂੰ ਕੋਲੰਬੀਆ ਰੀਕਾਰਡਿੰਗ ਕੰਪਨੀ ਨੇ ਆਪਣੇ ਕੋਲ ਰਖ ਲਿਆ । ਪਰ ਆਪ ਇਥੇ ਵੀ ਵਧੇਰੇ ਚਿਰ ਨਾ ਠਹਿਰੇ ।

ਪਾਕਿਸਤਾਨ ਬਣਨ ਪਿਛੋਂ ਕੁਝ ਚਿਰ ਆਪ ਫਰੀਦਕੋਟ ਰਹੇ ਤੇ ਪਿਛੋਂ ਮਹਿਕਮਾ ਪੰਜਾਬੀ ਵਿਚ ਨੌਕਰੀ ਮਿਲ ਗਈ । ਅਜ ਕਲ ਆਪ ਜਲੰਧਰ ਰਹਿ ਕੇ ਸਾਹਿਤ ਦੀ ਸੇਵਾ ਕਰ ਰਹੇ ਹਨ ।

'ਨੂਰਪੁਰੀਆਂ' (ਫਾਰਸੀ ਲਿਪੀ), 'ਚੰਗਿਆੜੇ', 'ਵੰਗਾਂ', ਆਦਿਕ ਪੁਸਤਕਾਂ ਵੀ ਆਪਦੀ ਘਾਲਣਾ ਵਿਚ ਸ਼ਾਮਲ ਹਨ । ਆਪਦੀ ਕਵਿਤਾ ਹਲਕੇ ਫੁਲਕੇ ਰੁਮਾਂਸਕ ਗੀਤਾਂ ਤੋਂ ਲੈ ਕੇ ਅਤੀ ਵਿਖਮ ਰਾਜਸੀ ਪੇਚੀਦਗੀਆਂ ਤਕ ਸਾਰੇ ਵਿਸ਼ੇ ਛੂੰਹਦੀ ਹੈ ।

ਠੋਕ ਕੇ ਮਜ਼ਦੂਰ ਦੀ ਛਾਤੀ ਧੜਕਾਵਾਂਗਾ ਮੈਂ ।
ਤਾਰਿਆਂ ਦੇ ਹਾਸੇ ਚੋਂ ਅੰਗਿਆਰ ਪੈਦਾ ਕਰਾਂਗਾ ।
ਕਲੀ ਦੇ ਨਾਜ਼ਕ ਬਦਨ ਤੇ ਖਾਰ ਪੈਦਾ ਕਰਾਂਗਾ ।
ਮੈਂ ਚਿੜੀ ਦੇ ਪਰਾਂ ਚੋਂ ਤਲਵਾਰ ਪੈਦਾ ਕਰਾਂਗਾ ।

ਪੰਜਾਬੀ ਜ਼ਿੰਦਗੀ ਦੇ ਗੀਤ-ਚਿਤਰਨ ਵਿਚ ਨੂਰਪੁਰੀ ਜੀ ਆਪਣੀ ਮਿਸਾਲ ਆਪ ਹਨ ।

**ਨਿਰਬਾਧ** (—ਜੀਵਤ)

ਆਪ ਮੂਲ ਰੂਪ ਵਿਚ ਹਿੰਦੀ ਪਤਰਕਾਰਕ ਲੇਖਕ ਤੇ ਕਵੀ ਹਨ ਪਰ ਜਲੰਧਰ ਵਿਚ ਰਹਿਣ ਕਰਕੇ ਪੰਜਾਬੀ ਸਹਿਤਕਾਰਾਂ ਦੇ ਸੰਪਰਕ ਨੇ ਆਪ ਨੂੰ ਪੰਜਾਬੀ ਵਲ ਲੈ ਆਂਦਾ ਹੈ ।

ਆਪ ਦਾ ਹਾਸਰਸ ਬੜੇ ਉੱਚੇ ਦਰਜੇ ਦਾ ਹੈ ।

**ਨਿਰਵੈਰ, ਗੁਰਚਰਨ ਸਿੰਘ** (ਅਪ੍ਰੈਲ ੧੯੨੪—ਜੀਵਤ)

ਆਪ ਦਾ ਜਨਮ ਪਿੰਡ ਸਮਾਨਾ ਖੁਰਦ ਜ਼ਿਲਾ ਪਟਿਆਲਾ ਵਿ ਸ: ਤਾਰਾ ਸਿੰਘ ਦੇ ਘਰ ਹੋਇਆ। ਵਿਦਿਅਕ ਘਾਲਣਾ ਵਿਚ ਪੰਜਾਬੀ ਰਾਜਸੀ ਵਿਗਿਆਨ ਦੀ ਐਮ. ਏ. ਅਤੇ ਅਨੁਵਾਦ ਦਾ ਡਿਪਲੋਮਾ ਸ਼ਾਮਲ ਹੈ।

ਪੰਜਾਬੀ ਸਾਹਿਤ ਨੂੰ ਆਪ ਦੇ ਬਹੁਤ ਸਾਰੇ ਨਿਬੰਧ ਪਰਾਪਤ ਹਨ। "ਨਾਵਲ ਐਂਡ ਦੀ ਪੀਪਲ"(ਫਾਕਸ) ਅਤੇ "ਐੱਸੇ ਆਨ ਪੋਇਟ" (ਐਮਰਸਨ) ਦੇ ਪੰਜਾਬੀ ਅਨੁਵਾਦਕ ਹਨ।

ਪਹੁੰਚ ਵਿਦਵਾਨਾਂ ਵਾਲੀ ਹੈ।

## ਪ

**ਪਰਕਾਸ਼ ਹਮਰਾਹੀ** (—ਜੀਵਤ)

ਆਪ ਲੁਧਿਆਣੇ ਵਿਚ ਫੀਲਡ ਗੰਜ ਵਲ ਰਹਿੰਦੇ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਪਰਕਾਸ਼ ਕੌਰ** (—ਜੀਵਤ)

ਆਪ ਮਟਨ (ਮਾਰਤੰਡ) ਜ਼ਿਲਾ ਅਨੰਤਨਾਗ, ਕਸ਼ਮੀਰ ਦੇ ਨਿਵਾਸੀ ਹਨ। ਪੰਜਾਬੀ ਪਤਰਕਾਰੀ ਆਪਦਾ ਸ਼ੌਕ ਹੈ। ਕਹਾਣੀਆਂ ਵੀ ਲਿਖਦੇ ਹਨ।

**ਪਰਗਟ ਸਿੰਘ** (—ਜੀਵਤ)

ਆਪ ਪਿੰਡ ਸ਼ਾਮ (ਪਿਪਲੀਵਾਲਾ) ਚੁਰਾਸੀ ਜ਼ਿਲਾ ਹੁਸ਼ਿਆਰਪੁਰ ਦੇ ਨਿਵਾਸੀ ਹਨ। ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਪ੍ਰੀਤਮ ਸਿੰਘ ਨਿਰੋਗੀ** (੨੦ ਜਨਵਰੀ ੧੯੩੦—ਜੀਵਤ)

ਆਪਦਾ ਜਨਮ ਸ਼ਮਸਪੁਰ, ਤਹਿਸੀਲ ਅਮਲੋਹ, ਜ਼ਿਲਾ ਪਟਿਆਲਾ ਵਿਚ ਸ: ਨੱਥਾ ਸਿੰਘ ਦੇ ਘਰ ਹੋਇਆ। ਅਜਕਲ ਚੰਡੀਗੜ੍ਹ ਵਿਚ ਐਨ. ਸੀ. ਸੀ. ਕਰਮਚਾਰੀ ਹਨ। ਨਿਰੰਕਾਰੀ ਗਿਆਨ ਲੈਣ ਪਿਛੋਂ ਕਵੀ ਬਣੇ ਹਨ :

ਇਕ ਜੋਗੀ ਨਿਰਾਲਾ ਆਇਆ ਏ,
ਤੂੰਹੀਂ ਤੂੰਹੀਂ ਦੀ ਬੰਸਰੀ ਵਜਾਈ ਜਾਂਦਾ।
ਜਿਹਦੀ ਬਾਤ ਨਾ ਕੋਈ ਪੁਛਦਾ ਏ,
ਉਹਨੂੰ ਗਲ ਦੇ ਨਾਲ ਲਗਾਈ ਜਾਂਦਾ।

**ਪੂਰਨ ਸਿੰਘ ਨਿਮਾਨਾ, ਸੰਤ** (—ਜੀਵਤ)

ਆਪ ਮਾਸਕ ਪਰਦੇਸੀ ਪ੍ਰੀਤਮ, ਚਾਰ ਅੰਦਾਰਾ, ਦਿਲੀ ਦੇ ਸੰਪਾਦਕਾਂ ਵਿਚ ਹਨ। ਨਾਮਧਾਰੀ ਪਰੰਪਰਾ ਨਾਲ ਸਬੰਧਤ ਹਨ।

**ਪ੍ਰੀਤਮ ਸਿੰਘ ਪੰਛੀ** (੧ ਜਨਵਰੀ ੧੯੨੨—ਜੀਵਤ)

ਆਪਦਾ ਜਨਮ ਫਲਪੋਟਾ, ਤਹਿਸੀਲ ਫਿਲੌਰ, ਜ਼ਿਲਾ ਜਲੰਧਰ ਵਿਚ ਸ: ਹਰਨਾਮ ਸਿੰਘ ਦੇ ਘਰ ਹੋਇਆ। ਨਾਮਧਾਰੀ ਮਹਾਂ ਵਿਦਿਆਲਾ ਤੋਂ ਵਿਦਿਆ ਲਈ। ਕਾਫੀ ਚਿਰ ਨਾਮਧਾਰੀ ਅਖਬਾਰ "ਸਤਿਯੁਗ" ਦੇ ਸੰਪਾਦਕ ਰਹੇ। ਗ਼ਦਰ ਪਾਰਟੀ ਨਾਲ ਸਬੰਧ ਰਖਿਆ ਤੇ ੧੯੩੭-੩੮ ਵਿਚ ਕਿਸਾਨ ਸਤਿਆਗ੍ਰਹਿ ਦੇ ਹਿਸੇਦਾਰ ਬਣੇ। ੧੯੪੪ ਵਿਚ ਲਾਹੌਰ ਦੇ ਪਤਰ "ਪ੍ਰੇਮ ਸੰਦੇਸ਼" ਦੇ ਸੰਪਾਦਕ ਬਣੇ। ਵੰਡ ਸਮੇਂ ਦਿਲੀ ਆ ਕੇ ਹਿੰਦੀ-ਪੰਜਾਬੀ ਸਾਹਿਤਕਾਰੀ ਵਿਚ ਸਰਗਰਮ

ਹੋ ਗਏ। ਕੁਝ ਚਿਰ ਸੰਗਰੀਆ (ਰਾਜਸਥਾਨ) ਵਿਚਲੇ ਅਜਾਇਬ-ਘਰ ਦੇ ਕਿਊਰੇਟਰ ਰਹਿਣ ਪਿਛੋਂ ਜੂਨ ੧੯੬੪ ਵਿਚ ਜਲੰਧਰ ਆ ਕੇ ''ਅਜੀਤ'' ਵਿਚ ਉਪ ਸੰਪਾਦਕ ਲਗ ਗਏ। ਨਵਾਂ ਜ਼ਮਾਨਾ ਅਤੇ ਨਵਾਂ ਸਾਹਿਤ ਦੀ ਸੰਪਾਦਕੀ ਵੀ ਇਸ ਤੋਂ ਪਹਿਲਾਂ ਆਪ ਨਿਭਾ ਚੁਕੇ ਹਨ।

''ਨੰਗੀਆਂ ਕਬਰਾਂ'' ਅਤੇ ''ਡਾਕ-ਪੱਥਰ'' ਆਪ ਦੇ ਮੌਲਿਕ ਕਹਾਣੀ-ਸੰਗ੍ਰਹਿ ਹਨ। ਹਿੰਦੀ ਵਿਚ ਆਪਦੀ ਰਚਨਾ ਕਾਫੀ ਵਿਸ਼ਾਲ ਹੈ। ''ਜ਼ਮੀਨ ਕਾ ਟੁਕੜਾ'', ''ਗ਼ਦਰ ਪਾਰਟੀ ਕਾ ਇਤਿਹਾਸ'', ''ਭਾਈ ਵੀਰ ਸਿੰਘ'' ਅਤੇ ਕੁਝ ਅਨੁਵਾਦ (ਪੰਜਾਬੀ ਤੋਂ) ਆਪਦੀ ਘਾਲਣਾ ਉਸਾਰਦੇ ਹਨ। ਆਪਦੀਆਂ ਕਹਾਣੀਆਂ ਸਪਤਾਹਿਕ ਹਿੰਦੁਸਤਾਨ, ਸਾਰਿਕਾ, ਯੁਗ-ਪ੍ਰਭਾਤ, ਧਰਮਯੁਗ ਆਦਿਕ ਹਿੰਦੀ ਪਤਰਾਂ ਵਿਚ ਛਪਦੀਆਂ ਰਹਿਦੀਆਂ ਹਨ।

ਪੰਜਾਬੀ ਰਚਨਾਵਾਂ ਵਧੇਰੇ ਕਰਕੇ ਪ੍ਰੀਤਲੜੀ, ਆਰਸੀ ਵਿਚ ਪਰਗਟ ਹੁੰਦੀਆਂ ਹਨ।

ਆਪਦੀਆਂ ਕਹਾਣੀਆਂ ਰੂਸੀ, ਅੰਗਰੇਜ਼ੀ ਤੇ ਮਰਾਠੀ ਵਿਚ ਵੀ ਆ ਚੁਕੀਆਂ ਹਨ।

ਆਪ ਬੜੇ ਚਿੰਤਨਸ਼ੀਲ ਤੇ ਪ੍ਰਗਤੀਸ਼ੀਲ ਲੇਖਕ ਹਨ।

**ਪ੍ਰਿਥੀਪਾਲ ਸਿੰਘ** (—ਜੀਵਤ)

ਆਪ ਮਾਸਕ ''ਕੌਮੀ ਸਵਤੰਤਰ'' ਬਾਬਾ ਬਕਾਲਾ ਦੇ ਸੰਪਾਦਕ ਹਨ। ਇਹ ਅਖਬਾਰ ਸ੍ਰੀ ਨਾਮਦੇਵ ਸ਼੍ਰੋਮਣੀ ਦੀਵਾਨ ਨਾਲ ਸਬੰਧਤ ਹੈ।

## ਬ

**ਬੇਅੰਤ ਸਿੰਘ ਸਰਹੱਦੀ** (੧੯੩੬—ਜੀਵਤ)

ਆਪਦਾ ਜਨਮ ਕੋਟ ਨਜੀਬ ਉੱਲਾ, ਤਹਿਸੀਲ ਹਰੀਪੁਰ, ਜ਼ਿਲਾ ਹਜ਼ਾਰਾ (ਸਰਹੱਦੀ ਸੂਬਾ) ਵਿਚ ਸ: ਸ਼ਾਮ ਸਿੰਘ ਸਹਿਗਲ ਦੇ ਘਰ ਹੋਇਆ। ਬਚਪਨ ਤੋਂ ਹੀ ਆਪ ਧਾਰਮਕ, ਸਾਹਿਤਕ ਅਤੇ ਰਾਜਸੀ ਸਰਗਰਮੀਆਂ ਵਿਚ ਹਿੱਸਾ ਲੈਣ ਲਗ ਪਏ। ੧੯੫੫ ਵਿਚ ਸਪਤਾਹਿਕ ''ਚੜ੍ਹਦੀ ਕਲਾ'' ਸ਼ੁਰੂ ਕੀਤਾ ਪਰ ਆਪਦੀ ਰਾਜਸੀ ਗ੍ਰਿਫਤਾਰੀ ਕਾਰਨ ਬੰਦ ਹੋ ਗਿਆ। ਫਿਰ ੧੯੫੯ ਵਿਚ ਸਪਤਾਹਿਕ ''ਜੈ ਜਗਤ'' ਕਢਿਆ ਜੋ ੧੯੬੦ ਵਿਚ ਆਪਦੀ ਅਕਾਲੀ ਸਤਿਆਗ੍ਰਹਿ ਦੇ ਸਬੰਧ ਵਿਚ ਹੋਈ ਗ੍ਰਿਫਤਾਰੀ ਕਾਰਨ ਬੰਦ ਹੋ ਗਿਆ। ਅਜ ਕਲ ਰੋਜ਼ਾਨਾ ਅਜੀਤ ਦੇ ਉਪ ਸੰਪਾਦਕ ਹਨ।

**ਬਸੰਤ ਸਿੰਘ ਨੂਰ** (—ਜੀਵਤ)

ਆਪ ਪੰਜਾਬੀ ਦੇ ਪਰੰਪਾਧਾਰੀ ਕਵੀ ਹਨ :

ਧਰਮ ਬੀਰ ਸੁਮਤਿ ਗੰਭੀਰ,
ਉੱਚ ਬ੍ਰਹਮ ਗਿਆਨੀ।
ਰਾਜ ਭੋਗ ਵਿਰਕਤ ਭੋਗ,
ਨਿਤ ਆਤਮ ਧਿਆਨੀ।

(ਭਾਈ ਸੰਤੋਖ ਸਿੰਘ ਬਾਰੇ)

ਆਪਦੀਆਂ ਰਚਨਾਵਾਂ ਸ਼੍ਰੀ ਨਾਮਦੇਵ ਸ਼੍ਰੋਮਣੀ ਦੀਵਾਨ ਬਾਬਾ ਬਕਾਲਾ ਦੇ ਪਤਰ ''ਕੌਮੀ ਸਵਤੰਤਰ'' ਵਿਚ ਛਪੀਆਂ ਮਿਲਦੀਆਂ ਹਨ।

**ਬਹਾਦਰ ਸ਼ਾਹ ਜ਼ਫਰ** (?—੭ ਨਵੰਬਰ ੧੮੬੨)

ਆਪ ਭਾਰਤ ਦੇ ਆਖਰੀ ਮੁਗਲ ਸ਼ਹਿਨਸ਼ਾਹ ਸਨ।

੧੮੩੭ ਤੋਂ ੧੮੫੭ ਤਕ ਰਾਜ ਕੀਤਾ। ਗ਼ਦਰ ਵਿਚ ਆਪਨੇ ਸਰਗਰਮ ਹਿੱਸਾ ਲਿਆ। ੧੮੫੮ ਵਿਚ ਆਪ ਉਤੇ ਅੰਗਰੇਜ਼ ਸਰਕਾਰ ਨੇ ਮੁਕਦਮਾ ਚਲਾਇਆ ਤੇ ਰੰਗੂਨ ਵਿਚ ਉਮਰ ਭਰ ਲਈ ਕੈਦ ਕਰ ਦਿਤਾ। ਆਪ ਸਾਹਿਤ, ਕਲਾ ਅਤੇ ਸਭਿਆਚਾਰ ਵਿਚ ਡੂੰਘੀ ਦਿਲਚਸਪੀ ਰਖਦੇ ਸਨ।

ਸ੍ਰੀ ਬਲਬੀਰ ਸਿੰਘ ਦਿਲ ਨੇ ਆਪਣੀ ਪੁਸਤਕ "ਅਣਪਰਖੇ ਹੀਰੇ" ਵਿਚ ਬਹਾਦਰ ਸ਼ਾਹ ਜ਼ਫ਼ਰ ਹੁਰਾਂ ਨੂੰ ਇਕ ਪੰਜਾਬੀ ਕਵੀ ਸਿਧ ਕੀਤਾ ਹੈ। ਜ਼ਫ਼ਰ ਜੀ ਦੀ ਪੰਜਾਬੀ ਕਵਿਤਾ ਦਾ ਨਮੂਨਾ ਹੇਠ ਲਿਖੇ ਅਨੁਸਾਰ ਹੈ :

ਕਫਨ ਸਮਝ ਲਉ ਗੋਦੜੀ ਆਪਣੀ,
ਗੋਰ ਸਮਝ ਲਉ ਗਾਉਂ।
ਲਹਿਦ ਸਮਝ ਲਉ ਬਿਸਤਰ ਆਪਣਾ,
ਖਾਕ ਸਮਝ ਲਉ ਨਾਉਂ।
ਜੀਆ ਨਾ ਦੁਖਾਓ ਦੇਖੋ ਕਿਸੇ ਦਾ,
ਤੂੰ ਯੇ ਜਾਣ ਮਸੋਸ।
ਕਰਦੇ ਭਰੋਸਾ ਕੀ ਦੁਨੀਆਂ ਦਾ,
ਯੇ ਕਾਂਟੇ ਕੀ ਓਸ।
ਦੇਖ ਕੇ ਸੁੰਨੀ ਸੇਜ ਪੀਆ ਬਿਨ,
ਭਰ ਭਰ ਆਉਂਦੇ ਨੈਣ।
ਕੁਛ ਮਤ ਪੂਛੋ ਲੋਗਾ ਮੈਂ ਨੇ,
ਕਿਉਂਕਰ ਕਟਦੀ ਰੈਣ।

ਉਰਦੂ ਵਿਚ ਜ਼ਫ਼ਰ ਦੀ ਰਚਨਾ ਨੂੰ ਉਚਤਮ ਮਾਣ ਪ੍ਰਾਪਤ ਹੈ।

ਪੰਜਾਬੀ ਵਿਚ ਆਪ ਨੇ ਕਈ ਦਰਜਨ ਦੋਹੇ ਲਿਖੇ ਹਨ ਜਿਨ੍ਹਾਂ ਦੀ ਤੁਲਨਾ ਸਾਧ-ਰਚਨਾ ਦੀ ਅਤੇ ਪਛਮੀ ਪੰਜਾਬ ਦੀ ਸਾਧਾਰਨ ਸ਼ੈਲੀ ਨਾਲ ਕੀਤੀ ਜਾ ਸਕਦੀ ਹੈ।

**ਬਖਸ਼ੀ, ਗੁਰਬਖਸ਼ ਸਿੰਘ** (੨੦ ਅਗਸਤ, ੧੯੩੯—ਜੀਵਤ)

ਆਪਦਾ ਜਨਮ ਕਪੂਰਥਲੇ ਦੇ ਨਿਵਾਸੀ, ਸੂਬੇਦਾਰ ਮੇਜਰ ਹਰਨਾਮ ਸਿੰਘ ਦੇ ਘਰ ਹੋਇਆ। ਵਿਦਿਆ ਐਫ. ਏ. ਤਕ ਹੈ।

ਪੰਜਾਬੀ ਵਿਚ ਕਵਿਤਾਵਾਂ, ਕਹਾਣੀਆਂ ਲਿਖਦੇ ਹਨ।

**ਬਿਰਦੀ, ਹਰਪਾਲ ਸਿੰਘ** (—ਜੀਵਤ)

ਆਪ ਸੈਂਟਰਲ ਟਾਊਨ, ਜ਼ਿਲਾ ਜਲੰਧਰ ਦੇ ਨਿਵਾਸੀ ਹਨ।

ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਬਲਵੰਤ ਸਿੰਘ ਮਾਨ**

ਵੇਖ
ਮਾਨ, ਬਲਵੰਤ ਸਿੰਘ

## ਮ

**ਮਹਿਤਾਬ ਸਿੰਘ** (—ਜੀਵਤ)

ਆਪ ਗੌਰਮਿੰਟ ਹਾਈ ਸਕੂਲ ਠੀਕਰੀਵਾਲਾ, ਜ਼ਿਲ' ਸੰਗਰੂਰ ਦੇ ਮੁਖ ਅਧਿਆਪਕ ਹਨ।

ਪੰਜਾਬੀ ਵਿਚ ਕਵਿਤਾਵਾਂ, ਕਹਾਣੀਆਂ ਲਿਖਦੇ ਹਨ।

**ਮੁਹਿੰਦਰਾ** (੧੩ ਅਗਸਤ ੧੯੨੯—ਜੀਵਤ)

ਆਪਦਾ ਜਨਮ ਰਾਵਲਪਿੰਡੀ ਵਿਚ ਸ: ਅਵਤਾਰ ਸਿੰਘ ਦੇ ਘਰ ਹੋਇਆ। ਆਪ ਪੰਜਾਬੀ ਦੀ ਐਮ. ਏ. ਹਨ ਅਤੇ ਕਾਫੀ ਚਿਰ ਪੰਜਾਬ ਦੇ ਵਖੋ ਵਖ ਗੌਰਮਿੰਟ ਕਾਲਜਾਂ ਵਿਚ ਪੰਜਾਬੀ ਦੇ ਲੈਕਚਰਾਰ ਰਹਿ ਚੁਕੇ ਹਨ। ਆਪਦੇ ਪਤੀ ਸ: ਕੁਲਦੀਪ ਸਿੰਘ ਪ੍ਰੇਮ ਇੰਜੀਨੀਅਰ ਹਨ।

ਆਪਨੂੰ ਸਾਹਿਤਕ ਆਧੁਨਿਕਤਾ ਦੀ ਆਤਮਾ ਉਤੇ ਕਾਫੀ ਵਸੀਕਰਨ ਪ੍ਰਾਪਤ ਹੈ। ਆਪਦੀਆਂ ਨਿਕੀਆਂ ਕਹਾਣੀਆਂ ਵਿਚ ਉਪਰਲੀ ਮਧ-ਸ਼੍ਰੇਣੀ ਦੀ ਚੀਰਫਾੜ ਬੜੀ ਯਥਾਰਥਕ ਅਤੇ ਰੋਚਿਕ ਹੈ।

**ਮਦਨ ਜਸਪਾਲ**

ਵੇਖੋ
ਜਸਪਾਲ, ਮਦਨ ਲਾਲ

**ਮਨਜੀਤ ਸਿੰਘ ਰਾਣਾ** (੨੬ ਫਰਵਰੀ ੧੯੩੬—ਜੀਵਤ)

ਆਪਦਾ ਜਨਮ ਚੱਕ ੧੨੭, ਜ਼ਿਲਾ ਸਰਗੋਧਾ ਵਿਚ ਭਾਈ ਹੀਰਾ ਸਿੰਘ ਦੇ ਘਰ ਹੋਇਆ। ਆਪ ਪੰਜਾਬ ਯੂਨੀਵਰਸਟੀ ਵਿਚੋਂ ਦਸਵੀਂ ਵਿਚ ਪਹਿਲੇ ਨੰਬਰ ਤੇ ਆਏ ਤੇ ਫਿਰ ਐਫ. ਐਸ. ਸੀ. ਮੈਡੀਕਲ ਵਿਚ ਵੀ ਪਹਿਲਾ ਦਰਜਾ ਪ੍ਰਾਪਤ ਕੀਤਾ। ਆਪ ਨੇ ੧੯੫੩ ਵਿਚ ਬੀ. ਐਸ. ਸੀ., ਅਤੇ ੧੯੫੬ ਵਿਚ ਐਮ. ਏ. (ਅੰਗਰੇਜ਼ੀ) ਕੀਤੀ। ਆਪ ਐਮ. ਏ. ਕਰਨ ਤੋਂ ਬਾਅਦ ਕੁਝ ਚਿਰ ਰੀਪਬਲਿਕ ਕਾਲਜ ਨਵੀਂ ਦਿਲੀ ਵਿਚ ਲੈਕਚਰਾਰ ਵੀ ਰਹੇ। ੧੯੬੨ ਵਿਚ ਆਪ ਪੀ. ਐਚ. ਡੀ. ਕਰਨ ਲਈ ਵਲਾਇਤ ਚਲੇ ਗਏ।

ਆਪ ਦਾ ਸਥਾਨ ਨਵੇਂ ਪੋਚ ਦੇ ਵਿਚਾਰਸ਼ੀਲ ਲਿਖਾਰੀਆਂ ਵਿਚੋਂ ਹੈ।

ਆਪ ਦੇ ਨਾਵਲ 'ਧਰਤੀ ਦੇ ਵਾਰਸ', 'ਅੰਗ੍ਰੇਜ਼ ਕੁੜੀਆਂ', 'ਦਿਲ ਤੇ ਦੁਨੀਆਂ', 'ਮੇਰਾ ਰੂਪ ਮੇਰਾ ਨੂਰ' ਦੀਆਂ ਕੁਝ ਸਤਰਾਂ ਆਪ ਦੀ ਸ਼ੈਲੀ ਦਾ ਨਮੂਨਾ ਪਰਗਟ ਕਰਦੀਆਂ ਹਨ।

ਆਪ ਅਜ ਕਲ ਇੰਗਲੈਂਡ ਵਿਚ ਰਹਿ ਰਹੇ ਹਨ।

ਆਪਦੇ ਅਨੁਭਵ ਵਿਚ ਤਕਰੀਬਨ ਸਾਰੇ ਯੂਰਪ ਦਾ ਦੇਸ਼ਾਟਨ ਸ਼ਾਮਲ ਹੈ। ਜਿਸ ਕਾਰਨ ਆਪ ਨੂੰ ਬਦੇਸ਼ੀ ਸਭਿਆਚਾਰਾਂ ਬਾਰੇ ਨਿਜੀ ਗਿਆਨ ਹੋ ਗਿਆ ਹੈ। ਇਹ ਅਨੁਭਵ ਆਪਦੀਆਂ ਪੁਸਤਕਾਂ ਵਿਚ ਚਿੰਤਨ ਦਾ ਆਧਾਰ ਵੀ ਬਣਦਾ ਹੈ।

**ਮੈਨਨ ਸੁਰਜ** (—ਜੀਵਤ)

ਆਪ ਠੀਕਰੀ ਵਾਲਾ ਜ਼ਿਲਾ ਸੰਗਰੂਰ ਦੇ ਨਿਵਾਸੀ ਹਨ। ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਮਾਨ, ਬਲਵੰਤ ਸਿੰਘ** (—ਜੀਵਤ)

ਆਪ ਘੁੰਮਣ-ਕਲਾਂ ਜ਼ਿਲਾ ਬਠਿੰਡਾ ਦੇ ਨਿਵਾਸੀ

ਹਨ। ਪੰਜਾਬੀ ਵਿਚ ਕਵਿਤਾਵਾਂ ਕਹਾਣੀਆਂ ਲਿਖਦੇ ਰਹਿੰਦੇ ਹਨ ।

## ਵ

**ਵਿਦਿਆ ਸਾਗਰ** (੨੭ ਜਨਵਰੀ ੧੯੦੦—੨੩ ਦਸੰਬਰ ੧੯੪੭)

ਆਪ ਦਾ ਜਨਮ ਲਾਹੌਰ ਵਿਚ ਪੰਜਾਬੀ ਕਵੀ ਕਿਰਪਾ ਸਾਗਰ ਦੇ ਘਰ ਹੋਇਆ। ਆਪ ੧੯੨੫ ਤੋਂ ਦੇਹਾਂਤ ਤਕ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਜੀਵ-ਵਿਗਿਆਨ ਅਤੇ ਬਨਸਪਤੀ ਵਿਗਿਆਨ ਦੇ ਲੈਕਚਰਾਰ ਰਹੇ। ਆਪਦੀ ਰਚਨਾ ਵਿਚ ਹੇਠ ਲਿਖੀਆਂ ਅਣ-ਪ੍ਰਕਾਸ਼ਿਤ ਪੁਸਤਕਾਂ ਸ਼ਾਮਲ ਹਨ :

(੧) ਸਬਲਾ (ਟੈਨੀਸਨ ਦੀ ''ਪ੍ਰਿੰਸੇਸ'' ਦਾ ਕਾਵਿ-ਅਨੁਵਾਦ (੨) ਰਾਮਾਇਣ, (੩) ਕਮਲਾ ਦਾ ਸੁਪਨਾ, (੪) ਕਾਵਿ-ਸੰਗਰਹਿ।

ਆਪਦੀ ਤਕਨੀਕੀ ਪੁਸਤਕ ''ਕਿਸਾਨ-ਗਾਈਡ'' ਛਪ ਚੁਕੀ ਹੈ। ਹਿੰਦੀ ਵਿਚ ਆਪਦੀ ਤਕਨੀਕੀ ਪੁਸਤਕ ਜੀਵਤ-ਵਿਗਿਆਨ ਪਰਿਭਾਸ਼ਾ ਪ੍ਰਕਾਸ਼ਿਤ ਹੋ ਚੁਕੀ ਹੈ।

''ਸਬਲਾ'' ਇਕ ਮਹਾਂ-ਕਾਵਿ ਵਰਗੀ ਰਚਨਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਵਿਦਿਆ ਸਾਗਰ ਜੀ ਵਿਚਲਾ ਪੰਜਾਬੀ ਕਵੀ ਇਕ ਬਹੁ-ਪੱਖੀ ਪ੍ਰਤਿਭਾ ਸੀ।

ਕਵਿਤਾ ਦਾ ਨਮੂਨਾ ਇਸ ਪਰਕਾਰ ਹੈ :—

ਭੋਲਾ ਭਾਲਾ ਮੂੰਹ ਟੂਣੇਦਾਰ ਦਾ,
ਮਿੱਠਾ ਮਿੱਠਾ ਬੋਲ, ਜੀਭਾ ਓਸਦੀ
ਹਿਰਦੇ ਉਹਦੇ ਵਿਚ ,ਚੀਸਾਂ ਘੱਤੀਆਂ
ਕੱਕੇ ਉਹਦੇ ਕੇਸ, ਰਤੇ ਲਹੂ ਦੇ,
ਦੋਧਕ ਚਿੱਟੀ ਧੌਣ, ਉਪਰ ਵੱਲੇ ਸੀ
ਸ਼ਹਿਤ-ਰੰਗੇ ਵਾਲ, ਘੱਤਣ ਲਹਿਰੀਏ

**ਵੀਰਾ ਪ੍ਰੇਮ**

ਵੇਖੋ

ਮੁਹਿੰਦਰਾ

**ਲੂਥਰਾ, ਕਰਤਾਰ ਸਿੰਘ** (੧ ਦਸੰਬਰ ੧੯੧੭—ਜੀਵਤ)

ਆਪਦਾ ਜਨਮ ਲਾਹੌਰ ਵਿਚ ਸ: ਗਿਆਨ ਸਿੰਘ ਦੇ ਘਰ ਹੋਇਆ। ਵਿਦਿਆ ਬੀ. ਏ. ਗਿਆਨੀ ਤਕ ਹੈ। ੧੯੩੯ ਵਿਚ ਪੰਜਾਬ ਸਰਕਾਰ ਦੇ ਲੋਕ-ਸੰਪਰਕ ਵਿਭਾਗ, ਲਾਹੌਰ ਵਿਚ ''ਜੰਗ'' ਨਾਂ ਦੇ ਪਤਰ ਦੇ ਸੰਪਾਦਕ ਲਗੇ। ਵੰਡ ਪਿਛੋਂ ਸ਼ਿਮਲੇ ਆ ਗਏ ਤੇ ੧੯੫੦ ਵਿਚ ''ਵੀਰ ਭੂਮੀ'' ਦੇ ਸੰਪਾਦਕ ਬਣੇ। ੧੯੫੬ ਤੋਂ ਸਭਿਆਚਾਰਕ ਪਤਰ ''ਜਾਗ੍ਰਤੀ'' ਚੰਡੀਗੜ੍ਹ ਦੇ ਸੰਪਾਦਕ ਹਨ।

''ਤੁਸੀਂ ਕਿੰਨੇ ਮਹਾਨ ਹੋ'' ਆਪਦਾ ਇਕੋ ਇਕ ਕਹਾਣੀ ਸੰਗਰਹਿ ਹੈ ਪਰ ਆਪਦੀ ਰਚਨਾ ਦਾ ਵਿਸਤਾਰ ਰਸਾਲਿਆਂ ਵਿਚ ਛਪੀਆਂ ਕਹਾਣੀਆਂ, ਅਤੇ ਪਤਰਕਾਰਕ ਲਿਖਤਾਂ ਅਤੇ ਬਹੁਤ ਸਾਰੀ ਅਣਪ੍ਰਕਾਸ਼ਿਤ ਘਾਲਣਾ ਤਕ ਪਹੁੰਚਦਾ ਹੈ।

ਆਪਦੀ ਸ਼ੈਲੀ ਆਪਦੇ ਸੁਭਾਅ ਵਾਂਗ ਸਰਲ, ਸੁੰਦਰ ਅਤੇ ਸਿਆਣਪ-ਭਰੀ ਹੈ।

**ਸ਼ ਸਿੰਘ ਗਿਆਨੀ** (—ਜੀਵਤ)

ਆਪ ਗੌਰਮਿੰਟ ਮਿਡਲ ਸਕੂਲ ਰਾਜਿੰਦਰ ਗੜ੍ਹ ਜ਼ਿਲਾ ਪਟਿਆਲਾ ਵਿਚ ਅਧਿਆਪਕ ਹਨ। ਪੰਜਾਬੀ ਵਿਚ ਕਹਾਣੀਆਂ ਕਵਿਤਾਵਾਂ ਲਿਖਦੇ ਹਨ।

**ਸ਼ਕ, ਧਰਮ ਸਿੰਘ**

ਵੇਖੋ

ਧਰਮ ਸਿੰਘ ਸ਼ੌਕ

**ਸ਼ਿਵ ਨਾਥ** (—ਜੀਵਤ)

ਆਪ ਬਸਤੀ ਪਠਾਨਾਂ, ਜ਼ਿਲਾ ਪਟਿਆਲਾ ਦੇ ਨਿਵਾਸੀ ਹਨ।

ਪੰਜਾਬੀ ਵਿਚ ਕਵਿਤਾਵਾਂ ਕਹਾਣੀਆਂ ਲਿਖਦੇ ਹਨ।